# ਸਮਾਜਿਕ ਸਿੱਖਿਆ

## ਭਾਗ-2

(ਇਤਿਹਾਸ ਅਤੇ ਨਾਗਰਿਕ ਸ਼ਾਸਤਰ)

(ਦਸਵੀਂ ਸ਼੍ਰੇਣੀ ਲਈ)

Y5X2L2

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ
ਦਿੱਤੀ ਜਾਣੀ ਹੈ ਅਤੇ ਵਿਕਾਊ ਨਹੀਂ ਹੈ।


**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

**ਪੰਜਾਬ ਸਰਕਾਰ**

**ਐਡੀਸ਼ਨ : 2022-23 ........... 2,37,800 ਕਾਪੀਆਂ**

All rights, including those of traslation, reproduction
and annotation etc., are reserved by the
Punjab Government.

**ਇਤਿਹਾਸ**

| | | |
|---|---|---|
| ਸੰਪਾਦਕ | : | ਦਲਜੀਤ ਕੌਰ, ਵਿਸ਼ਾ ਮਾਹਿਰ (ਇਤਿਹਾਸ) |
| ਲੇਖਕ | : | ਸੁਲੱਖਣ ਸਿੰਘ 'ਮੀਤ' |
| ਸੋਧਕ | : | ਹਰੀ ਸਿੰਘ ਬੇਪਾਰਾਏ |
| | | ਬਲਕਾਰ ਸਿੰਘ |
| | | ਡਾ. ਜਾਗੀਰ ਸਿੰਘ, ਵਿਸ਼ਾ ਮਾਹਿਰ (ਪੰਜਾਬੀ) |
| ਕੋਆਰਡੀਨੇਟਰ | : | ਸੀਮਾ ਚਾਵਲਾ, ਵਿਸ਼ਾ ਮਾਹਿਰ (ਇਤਿਹਾਸ) |

**ਨਾਗਰਿਕ ਸ਼ਾਸਤਰ**

| | | |
|---|---|---|
| ਲੇਖਕ | : | ਇੰਦਰਜੀਤ ਸਿੰਘ ਸੁਖੀ |
| ਸੋਧਕ | : | ਅਮਰ ਸਿੰਘ ਭਾਟੀਆ |
| ਕੋਆਰਡੀਨੇਟਰ | : | ਰਾਮਿੰਦਰ ਜੀਤ ਸਿੰਘ, ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ |

**ਚੇਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ-ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਂ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਰੀ ਲਈ ਨਹੀਂ ਹੈ**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਨੋਵਾ ਪਬਲੀਕੇਸ਼ਨਜ਼, ਸੀ- 51, ਫੋਕਲ ਪੁਆਇੰਟ ਐਕਸਟੈਨਸ਼ਨ, ਜਲੰਧਰ ਦੁਆਰਾ ਛਾਪੀ ਗਈ।

# ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਨਿਰੰਤਰ ਨਵੀਂ ਸਿੱਖਿਆ ਨੀਤੀ ਅਧੀਨ ਨਵੇਂ ਪਾਠ-ਕ੍ਰਮ ਅਤੇ ਉਸ ਤੇ ਆਧਾਰਿਤ ਨਵੀਆਂ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। 1986 ਦੀ ਰਾਸ਼ਟਰੀ ਸਿੱਖਿਆ ਨੀਤੀ ਅਨੁਸਾਰ 10+2+3 ਦੀ ਸਿੱਖਿਆ ਨੀਤੀ ਅਧੀਨ ਬੋਰਡ ਦੇ ਦਸਵੀਂ ਸ਼੍ਰੇਣੀਆਂ ਦੇ ਪਾਠ-ਕ੍ਰਮਾਂ ਵਿੱਚ ਕਈ ਪਰਿਵਰਤਨ ਕੀਤੇ ਗਏ। ਸਮਾਜਿਕ ਸਿੱਖਿਆ ਵਿਸ਼ੇ ਦੇ ਪਾਠ-ਕ੍ਰਮਾਂ ਨੂੰ ਵੀ ਰਾਸ਼ਟਰੀ ਪੱਧਰ ਦੇ ਸਮਾਨਾਂਤਰ ਲਿਆਉਣ ਦਾ ਯਤਨ ਕੀਤਾ ਗਿਆ ਸੀ, ਤਾਂ ਜੋ ਪੰਜਾਬ ਦੇ ਵਿਦਿਆਰਥੀ ਵੀ ਰਾਸ਼ਟਰੀ ਪੱਧਰ ਦੇ ਪਾਠਕ੍ਰਮ ਨਾਲ ਜੁੜੇ ਰਹਿਣ।

1997 ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨਵੀਂ ਨੀਤੀ ਅਧੀਨ ਸਮਾਜਿਕ ਸਿੱਖਿਆ ਵਿਸ਼ੇ ਦੇ ਪਾਠ-ਕ੍ਰਮਾਂ ਨੂੰ ਆਧੁਨਿਕ ਆਰਥਿਕ ਸਮਾਜਿਕ, ਪਰਿਵਰਤਨਾਂ ਅਨੁਸਾਰ ਨਵੀਨ ਰੂਪ ਦਿੱਤਾ ਗਿਆ। ਇਸ ਅਨੁਸਾਰ ਸਮਾਜਿਕ ਸਿੱਖਿਆ ਦੇ ਇਤਿਹਾਸ, ਭੂਗੋਲ ਅਤੇ ਨਾਗਰਿਕ ਸ਼ਾਸਤਰ ਆਦਿ ਦੇ ਨਾਲ-ਨਾਲ ਅਰਥ ਸ਼ਾਸਤਰ ਦੇ ਉੱਪ ਵਿਸ਼ੇ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਪੁਸਤਕ ਦੇ ਆਕਾਰ ਨੂੰ ਸਾਮ੍ਹਣੇ ਰਖਦੇ ਹੋਏ ਇਸ ਨੂੰ ਦੋ ਭਾਗਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਪਹਿਲੇ ਭਾਗ ਵਿੱਚ ਭੂਗੋਲ ਅਤੇ ਅਰਥ ਸ਼ਾਸਤਰ ਅਤੇ ਦੂਸਰੇ ਭਾਗ ਵਿੱਚ ਇਤਿਹਾਸ (ਪੰਜਾਬ ਦਾ ਇਤਿਹਾਸ) ਅਤੇ ਨਾਗਰਿਕ ਸ਼ਾਸਤਰ ਦੇ ਉੱਪ ਵਿਸ਼ੇ ਸ਼ਾਮਲ ਕੀਤੇ ਗਏ ਹਨ।

ਇਸ ਪੁਸਤਕ ਦੇ ਟਿਤਿਹਾਸ ਭਾਗ ਨੂੰ ਨੇਪਰੇ ਚਾੜ੍ਹਣ ਦਾ ਕੰਮ ਸ਼੍ਰੀਮਤੀ ਦਲਜੀਤ ਕੌਰ ਪ੍ਰੋਜੈਕਟ ਅਫ਼ਸਰ ਅਤੇ ਨਾਗਰਿਕ ਸ਼ਾਸਤਰ ਭਾਗ ਦਾ ਕੰਮ ਵਿਸ਼ਾ-ਮਾਹਰ ਸ਼੍ਰੀਮਤੀ ਕੰਵਲਜੀਤ ਕੌਰ ਨੇ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਜਗਬੀਰ ਕੌਰ ਬਰਾੜ ਦੀ ਅਗਵਾਈ ਹੇਠ ਕੀਤਾ ਹੈ। ਪੁਸਤਕ ਵਿੱਚ ਲੋੜੀਂਦੇ ਚਿੱਤਰ/ ਨਕਸ਼ੇ ਆਰਟਿਸਟ ਸ਼੍ਰੀ ਕਸ਼ਮੀਰ ਸਿੰਘ ਅਤੇ ਸ਼੍ਰੀ ਅਮਰਜੀਤ ਸਿੰਘ ਵਾਲੀਆਂ ਵਲੋਂ ਤਿਆਰ ਕੀਤੇ ਗਏ ਹਨ।

ਆਸ ਹੈ ਕਿ ਇਹਨਾਂ ਪੁਸਤਕਾਂ ਦੇ ਅਧਿਐਨ ਨਾਲ ਵਿਦਿਆਰਥੀਆਂ ਵਿੱਚ ਨਵੀਂ ਸੋਚ ਅਤੇ ਵਿਚਾਰਧਾਰਾ ਜਨਮ ਲਵੇਗੀ ਅਤੇ ਉਹਨਾਂ ਦੇ ਮਾਨਸਿਕ ਖੇਤਰ ਦਾ ਵੀ ਵਿਕਾਸ ਹੋਵੇਗਾ। ਇਸ ਪੁਸਤਕ ਨੂੰ ਹੋਰ ਚੰਗੇਰੀ ਬਣਾਉਣ ਲਈ ਆਏ ਸੁਝਾਅ ਬੋਰਡ ਦੁਆਰਾ ਧੰਨਵਾਦ ਸਹਿਤ ਸਵੀਕਾਰ ਕੀਤੇ ਜਾਣਗੇ।

ਚੇਅਰਮੈਨ
ਪੰਜਾਬ ਸਕੂਲ ਸਿੱਖਿਆ ਬੋਰਡ

# ਪਾਠ-ਕ੍ਰਮ (ਦਸਵੀਂ ਸ਼੍ਰੇਣੀ)

# ਸਮਾਜਿਕ ਸਿੱਖਿਆ— ਭਾਗ-2

## ਇਤਿਹਾਸ

**ਭਾਗ—ੲ** **ਕੁਲ ਅੰਕ : 25**

ਇਕਾਈ 1 ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਸ ਦੇ ਇਤਿਹਾਸ ਉੱਤੇ ਪ੍ਰਭਾਵ।

ਇਕਾਈ 2 ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ।

ਇਕਾਈ 3 ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਸਿੱਖਿਆਵਾਂ।

ਇਕਾਈ 4 ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ਤੱਕ ਸਿੱਖ ਗੁਰੂਆਂ ਦਾ ਯੋਗਦਾਨ।

ਇਕਾਈ 5 ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਖ਼ਾਲਸੇ ਦੀ ਸਿਰਜਣਾ ਅਤੇ ਸ਼ਖ਼ਸੀਅਤ।

ਇਕਾਈ 6 ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ।

ਇਕਾਈ 7 ਰਣਜੀਤ ਸਿੰਘ : ਮੁਢਲਾ ਜੀਵਨ, ਪ੍ਰਾਪਤੀਆਂ ਅਤੇ ਅੰਗਰੇਜ਼ਾਂ ਨਾਲ਼ ਸੰਬੰਧ।

ਇਕਾਈ 8 ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ।

ਇਕਾਈ 9 ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ।

ਨਕਸ਼ੇ ਸੰਬੰਧੀ ਇੱਕ ਲਾਜ਼ਮੀ ਪ੍ਰਸ਼ਨ ਹੇਠ ਲਿਖੇ ਨਕਸ਼ਿਆਂ ਵਿੱਚੋਂ:

1. ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ।
2. ਬੰਦਾ ਸਿੰਘ ਬਹਾਦਰ ਦੀਆਂ ਮਹੱਤਵਪੂਰਨ ਲੜਾਈਆਂ।
3. ਪੰਜਾਬ (1947 ਈ. ਤੋਂ ਪਹਿਲਾਂ) ਦੇ ਮਹੱਤਵਪੂਰਨ ਇਤਿਹਾਸਿਕ ਸਥਾਨ :-

   ਸ੍ਰੀ ਅੰਮ੍ਰਿਤਸਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ, ਕਰਤਾਰਪੁਰ, ਤਰਨਤਾਰਨ, ਚਮਕੌਰ ਸਾਹਿਬ, ਮਾਛੀਵਾੜਾ, ਸ੍ਰੀ ਮੁਕਤਸਰ ਸਾਹਿਬ, ਪਾਉਂਟਾ ਸਾਹਿਬ, ਸਰਹਿੰਦ, ਤਲਵੰਡੀ ਸਾਬੋ, ਤਖਤੂਪੁਰਾ, ਲਾਹੌਰ ਅਤੇ ਕਪੂਰਥਲਾ।
4. ਅੰਗਰੇਜ਼ਾਂ ਅਤੇ ਸਿੱਖਾਂ ਦਾ ਪਹਿਲਾ ਯੁੱਧ।
5. ਅੰਗਰੇਜ਼ਾਂ ਅਤੇ ਸਿੱਖਾਂ ਦਾ ਦੂਜਾ ਯੁੱਧ।

## ਨਾਗਰਿਕ ਸ਼ਾਸਤਰ

**ਭਾਗ-ਸ** **ਕੁਲ ਅੰਕ :20**

ਇਕਾਈ : I ਕੇਂਦਰੀ ਸਰਕਾਰ

ਇਕਾਈ : II ਰਾਜ ਸਰਕਾਰ

ਇਕਾਈ : III ਭਾਰਤੀ ਲੋਕ-ਤੰਤਰ ਦਾ ਰੂਪ

ਇਕਾਈ : IV ਭਾਰਤ ਅਤੇ ਵਿਸ਼ਵ-ਸ਼ਾਂਤੀ

**ਇਕਾਈ : I ਕੇਂਦਰੀ ਸਰਕਾਰ**

(ੳ) ਭਾਰਤੀ ਸੰਵਿਧਾਨ ਦੀਆਂ ਮੁੱਖ ਵਿਸ਼ੇਸਤਾਵਾਂ।

(ਅ) ਸੰਸਦ-ਬਣਤਰ, ਕੰਮ ਅਤੇ ਕਨੂੰਨ ਬਣਾਉਣ ਦੀ ਵਿਧੀ।

(ੲ) ਕਾਰਜਪਾਲਿਕਾ-ਰਾਸ਼ਟਰਪਤੀ, ਚੋਣ, ਸ਼ਕਤੀਆਂ ਅਤੇ ਸਥਿਤੀ, ਉਪਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੰਤਰੀ, ਪ੍ਰੀਸ਼ਦ, ਸੰਸਦ ਅਤੇ ਮੰਤਰੀ ਪਰਿਸ਼ਦ ਦੇ ਆਪਸੀ ਸੰਬੰਧ।

(ਸ) ਸਰਬ-ਉੱਚ ਨਿਆਂਪਾਲਿਕਾ-ਬਣਤਰ, ਸ਼ਕਤੀਆਂ ਅਤੇ ਕੰਮ।

(ਹ) ਸੰਵਿਧਾਨ ਵਿੱਚ ਦਿੱਤੇ ਗਏ ਮੁਢਲੇ ਅਧਿਕਾਰ (ਮਨੁੱਖੀ ਅਧਿਕਾਰਾਂ ਦੇ ਸੰਬੰਧ ਵਿੱਚ), ਫਰਜ਼ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ।

**ਇਕਾਈ : II ਰਾਜ ਸਰਕਾਰ**

(ੳ) ਵਿਧਾਨਪਾਲਿਕਾ-ਬਣਤਰ, ਸ਼ਕਤੀਆਂ ਅਤੇ ਕੰਮ।

(ਅ) ਕਾਰਜਪਾਲਿਕਾ-ਰਾਜਪਾਲ, ਨਿਯੁਕਤੀ, ਸ਼ਕਤੀਆਂ ਅਤੇ ਸਥਿਤੀ
ਮੁੱਖ ਮੰਤਰੀ-ਮੰਤਰੀ ਪਰਿਸ਼ਦ ਅਤੇ ਇਸ ਦੇ ਵਿਧਾਨਪਾਲਿਕਾ ਨਾਲ ਸੰਬੰਧ

(ੲ) ਉੱਚ-ਅਦਾਲਤ-ਬਣਤਰ, ਸ਼ਕਤੀਆਂ ਅਤੇ ਕੰਮ।

(ਸ) ਕੇਂਦਰ ਰਾਜ ਆਪਸੀ ਸੰਬੰਧ।

**ਇਕਾਈ : III ਭਾਰਤੀ ਲੋਕ-ਤੰਤਰ ਦਾ ਸਰੂਪ**

(ੳ) ਲੋਕ-ਤੰਤਰ ਦਾ ਅਰਥ ਅਤੇ ਇਸ ਦੀ ਸਫਲਤਾ ਲਈ ਲੁੜੀਂਦੀਆਂ ਸ਼ਰਤਾਂ।

(ਅ) ਚੋਣਾਂ ਅਤੇ ਚੋਣ-ਵਿਧੀ।

(ੲ) ਲੋਕ-ਮੱਤ

(ਸ) ਕੌਮੀ ਅਤੇ ਰਾਜ ਪੱਧਰ ਦੇ ਮੁੱਖ ਦਲ : ਕਾਂਗਰਸ, ਬੀ.ਜੇ.ਪੀ, ਜਨਤਾ ਦਲ, ਸੀ.ਪੀ. ਆਈ/ ਸੀ.ਪੀ. ਐੱਮ. ਸ਼੍ਰੋਮਣੀ ਅਕਾਲੀ ਦਲ।

(ਹ) ਵਿਰੋਧੀ ਦਲ ਦੀ ਭੂਮਿਕਾ।

**ਇਕਾਈ : IV ਭਾਰਤ ਅਤੇ ਵਿਸ਼ਵ ਸ਼ਾਂਤੀ**

(ੳ) ਭਾਰਤੀ ਵਿਦੇਸ਼ੀ ਨੀਤੀ ਦੇ ਸਿਧਾਂਤ-ਗੁੱਟਨਿਰਲੇਪਤਾ

(ਅ) ਭਾਰਤ ਦੇ ਸੰਬੰਧ ਅਮਰੀਕਾ ਅਤੇ ਗੁਆਂਢੀ ਦੇਸ਼ ਚੀਨ ਅਤੇ ਪਾਕਿਸਤਾਨ ਨਾਲ਼।

(ੲ) ਸੰਯੁਕਤ ਰਾਸ਼ਟਰ ਅਤੇ ਭਾਰਤ।

# ਵਿਸ਼ਾ-ਸੂਚੀ


| ਪਾਠ ਨੰ | ਵਿਸ਼ਾ | ਪੰਨਾ |
|---|---|---|
| | **ਇਤਿਹਾਸ** | |
| 1. | ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਸ ਦੇ ਇਤਿਹਾਸ ਉੱਤੇ ਪ੍ਰਭਾਵ | 1 |
| 2. | ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ | 8 |
| 3. | ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਸਿੱਖਿਆਵਾਂ | 18 |
| 4. | ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ਤੱਕ ਸਿੱਖ ਗੁਰੂਆਂ ਦਾ ਯੋਗਦਾਨ | 29 |
| 5. | ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਖਾਲਸੇ ਦੀ ਸਿਰਜਣਾ ਅਤੇ ਸ਼ਖਸ਼ੀਅਤ | 50 |
| 6. | ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ | 69 |
| 7. | ਰਣਜੀਤ ਸਿੰਘ: ਮੁੱਢਲਾ ਜੀਵਨ, ਪ੍ਰਾਪਤੀਆਂ ਅਤੇ ਅੰਗਰੇਜ਼ਾਂ ਨਾਲ਼ ਸੰਬੰਧ | 81 |
| 8. | ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ | 98 |
| 9. | ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ | 112 |
| | **ਨਾਗਰਿਕ ਸ਼ਾਸਤਰ** | |
| 10. | ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ | 129 |
| 11. | ਕੇਂਦਰੀ ਸਰਕਾਰ | 140 |
| 12. | ਰਾਜ ਸਰਕਾਰ | 157 |
| 13. | ਭਾਰਤੀ ਲੋਕਤੰਤਰ ਦਾ ਸਰੂਪ | 171 |
| 14. | ਭਾਰਤ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ | 195 |

# ਇਤਿਹਾਸ ਭਾਗ

## ਪਾਠ-1

# ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਸ ਦੇ ਇਤਿਹਾਸ ਉੱਤੇ ਪ੍ਰਭਾਵ

# (PHYSICAL FEATURES OF THE PUNJAB AND THEIR INFLUENCE ON ITS HISTORY)

'ਪੰਜਾਬ' ਫ਼ਾਰਸੀ ਦੇ ਦੋ ਸ਼ਬਦਾਂ-ਪੰਜ ਅਤੇ ਆਬ ਦੇ ਸੁਮੇਲ ਨਾਲ਼ ਬਣਿਆ ਹੈ। ਇਸ ਦਾ ਅਰਥ ਹੈ- ਪੰਜ ਪਾਣੀ ਜਾਂ ਪੰਜ ਦਰਿਆਵਾਂ ਦੀ ਧਰਤੀ। ਇਹ ਪੰਜ ਦਰਿਆ ਹਨ -ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ। ਪੰਜਾਬ ਭਾਰਤ ਦੀ ਉੱਤਰ ਪੱਛਮੀ ਸੀਮਾ ਉੱਤੇ ਸਥਿਤ ਹੈ। 1947 ਈ: ਵਿੱਚ ਭਾਰਤ ਦੀ ਵੰਡ ਹੋਣ 'ਤੇ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ। ਇਸ ਦਾ ਪੱਛਮੀ ਭਾਗ ਪਾਕਿਸਤਾਨ ਬਣਾ ਦਿੱਤਾ ਗਿਆ। ਪੰਜਾਬ ਦਾ ਪੂਰਬੀ ਭਾਗ ਵਰਤਮਾਨ ਭਾਰਤੀ ਗਣਰਾਜ ਦਾ ਉੱਤਰੀ-ਪੱਛਮੀ ਸੀਮਾ ਪ੍ਰਾਂਤ ਬਣ ਗਿਆ ਹੈ। ਅੱਜ-ਕੱਲ੍ਹ ਪਾਕਿਸਤਾਨੀ ਪੰਜਾਬ ਜਿਸ ਨੂੰ 'ਪੱਛਮੀ ਪੰਜਾਬ' ਕਿਹਾ ਜਾਂਦਾ ਹੈ, ਵਿੱਚ ਤਿੰਨ ਦਰਿਆ ਰਾਵੀ, ਚਨਾਬ ਅਤੇ ਜਿਹਲਮ ਵਗਦੇ ਹਨ। ਭਾਰਤੀ ਪੰਜਾਬ, ਜਿਸ ਨੂੰ 'ਪੂਰਬੀ ਪੰਜਾਬ' ਕਿਹਾ ਜਾਂਦਾ ਹੈ, ਵਿੱਚ ਦੋ ਦਰਿਆ ਬਿਆਸ ਅਤੇ ਸਤਲੁਜ ਰਹਿ ਗਏ। ਉਂਞ ਇਹ ਨਾਂ ਇਤਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਦੋਹਾਂ ਪੰਜਾਬਾਂ ਦੇ ਲੋਕ ਅੱਜ ਵੀ ਆਪਣੀ-ਆਪਣੀ ਵੰਡ ਵਿੱਚ ਆਏ ਪੰਜਾਬ ਨੂੰ 'ਪੱਛਮੀ' ਜਾਂ 'ਪੂਰਬੀ' ਪੰਜਾਬ ਕਹਿਣ ਦੀ ਥਾਂ 'ਪੰਜਾਬ' ਹੀ ਆਖਦੇ ਹਨ। ਅਸੀਂ ਇਸ ਪੁਸਤਕ ਵਿੱਚ ਜਮਨਾ ਤੇ ਸਿੰਧ ਵਿਚਕਾਰਲੇ ਪੁਰਾਤਨ ਪੰਜਾਬ ਬਾਰੇ ਪੜ੍ਹਾਂਗੇ।

### 1. ਪੰਜਾਬ ਦੇ ਨਾਂ ਵਿੱਚ ਤਬਦੀਲੀਆਂ
### (Changes in the Name of the Punjab)

ਪੰਜਾਬ ਦੇ ਨਾਂ ਵੱਖ-ਵੱਖ ਕਾਲਾਂ ਵਿੱਚ ਵੱਖ-ਵੱਖ ਰਹੇ ਹਨ। ਵੈਦਿਕ ਕਾਲ ਵਿੱਚ ਪੰਜਾਬ ਦੀ ਧਰਤੀ ਨੂੰ ਪੰਜ ਦਰਿਆਵਾਂ ਦੀ ਧਰਤੀ ਦੀ ਥਾਂ ਸੱਤ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਸੀ। ਉਸ ਸਮੇਂ ਪੰਜ ਦਰਿਆਵਾਂ ਦੇ ਨਾਲ-ਨਾਲ਼ ਧੁਰ ਪੱਛਮ ਵਿੱਚ ਦਰਿਆ ਸਿੰਧ ਅਤੇ ਧੁਰ ਪੂਰਬ ਵਿੱਚ ਦਰਿਆ ਸਰਸਵਤੀ (ਜੋ ਅੱਜ-ਕੱਲ੍ਹ ਸੁੱਕ ਚੁੱਕਾ ਹੈ) ਦਾ ਵਰਨਣ ਵੀ ਵੈਦਿਕ ਸਾਹਿਤ ਵਿੱਚ ਮਿਲਦਾ ਹੈ। ਇਸ ਲਈ ਇਹਨਾਂ ਸੱਤ ਦਰਿਆਵਾਂ ਦੇ ਘੇਰੇ ਦਾ ਸਾਰਾ ਮੈਦਾਨ 'ਸਪਤ ਸਿੰਧੂ' ਅਖਵਾਉਂਦਾ ਸੀ। ਰਾਮਾਇਣ ਅਤੇ ਮਹਾਂਭਾਰਤ ਵੇਲ਼ੇ ਪੰਜਾਬ ਨੂੰ 'ਪੰਚ ਨਦ' ਕਿਹਾ ਜਾਂਦਾ ਸੀ। ਕਈ ਵਾਰ ਇਸ ਨੂੰ 'ਬ੍ਰਹਮ ਵਰਤ' ਵੀ ਕਿਹਾ ਜਾਂਦਾ ਰਿਹਾ ਹੈ। ਯੂਨਾਨੀ ਇਤਿਹਾਸਕਾਰਾਂ ਨੇ ਪੰਜਾਬ ਦਾ ਨਾਂ ਯੂਨਾਨੀ ਭਾਸ਼ਾ ਵਿੱਚ ਪੈਂਟਾਪੋਟਾਮਿਆ (Pentapatamia), ਭਾਵ ਪੰਜ ਦਰਿਆਵਾਂ ਦੀ ਧਰਤੀ ਦਿੱਤਾ ਹੈ। ਕੁਝ ਸਮੇਂ ਲਈ ਇੱਕ ਬਹਾਦਰ ਕਬੀਲੇ 'ਟੱਕੀ' ਦੇ ਨਾਂ ਤੇ ਪੰਜਾਬ ਦਾ ਨਾਂ 'ਟੱਕੀ' ਵੀ ਪ੍ਰਚਲਿਤ ਰਿਹਾ ਹੈ। ਸਿੰਧ ਅਤੇ ਬਿਆਸ ਵਿਚਲੀ ਧਰਤੀ ਅਤੇ ਪਹਾੜਾਂ ਦੀਆਂ ਜੜ੍ਹਾਂ ਤੋਂ ਪੰਜ ਨਦ ਤੱਕ ਦੇ ਇਲਾਕੇ ਨੂੰ ਚੀਨੀ ਸੈਲਾਨੀ ਹਿਊਨਸਾਂਗ ਨੇ 'ਸੇਕੀਆ' ਦਾ ਨਾਂ ਦਿੱਤਾ ਹੈ। ਤੁਰਕਾਂ ਦੇ ਆਗਮਨ 'ਤੇ ਫ਼ਾਰਸੀ ਭਾਸ਼ਾ ਦੇ ਪ੍ਰਭਾਵ ਨਾਲ ਇਸ ਪ੍ਰਦੇਸ਼ ਦਾ ਨਾਂ 'ਪੰਜਾਬ' ਪਿਆ।

## 2. ਭਿੰਨ-ਭਿੰਨ ਕਾਲਾਂ ਵਿੱਚ ਪੰਜਾਬ ਦੀਆਂ ਹੱਦਾਂ

## (Boundaries of the Punjab in Different Times)

ਪੰਜਾਬ ਦੀਆਂ ਹੱਦਾਂ ਵੀ ਅਕਸਰ ਬਦਲਦੀਆਂ ਰਹੀਆਂ ਹਨ। ਰਿਗਵੇਦ ਦੇ ਪੰਜਾਬ ਵਿੱਚ ਉਹ ਸਾਰਾ ਇਲਾਕਾ ਸ਼ਾਮਲ ਸੀ, ਜਿਸ ਨੂੰ ਸਿੰਧ, ਜਿਹਲਮ, ਚਨਾਬ, ਰਾਵੀ, ਬਿਆਸ, ਸਤਲੁਜ ਅਤੇ ਸਰਸਵਤੀ ਨਦੀਆਂ ਸਿੰਜਦੀਆਂ ਸਨ। ਮੌਰੀਆ ਅਤੇ ਕੁਸ਼ਾਨ ਕਾਲ ਵਿੱਚ ਪੰਜਾਬ ਦੀ ਪੱਛਮੀ ਹੱਦ ਹਿੰਦੂਕੁਸ਼ ਦੇ ਪਹਾੜਾਂ ਤੀਕ ਚਲੀ ਗਈ ਸੀ ਅਤੇ ਤਕਸ਼ਿਲਾ ਉਸ ਦਾ ਹਿੱਸਾ ਬਣ ਗਿਆ ਸੀ। ਹਿੰਦੀ-ਬਾਖਤਰੀ ਅਤੇ ਹਿੰਦੀ-ਪਾਰਥੀ ਰਾਜਿਆਂ ਦੇ ਅਧੀਨ ਪੰਜਾਬ ਇੱਕ ਵੱਖਰਾ ਰਾਜ ਰਿਹਾ ਅਤੇ ਇਸ ਦੀ ਰਾਜਧਾਨੀ ਸਾਕਲਾ (ਸਿਆਲਕੋਟ) ਸੀ। ਇਸ ਕਾਲ ਵਿੱਚ ਵੀ ਪੰਜਾਬ ਦੀ ਸੀਮਾ ਵਰਤਮਾਨ ਅਫਗਾਨਿਸਤਾਨ ਨਾਲ਼ ਲੱਗਦੀ ਸੀ। ਦਿੱਲੀ ਸਲਤਨਤ ਦੇ ਰਾਜ ਵਿੱਚ ਪੰਜਾਬ ਦੇ ਲਾਹੌਰ ਪ੍ਰਾਂਤ ਦੀ ਸੀਮਾ ਪਿਸ਼ਾਵਰ ਤੱਕ ਸੀ। ਮੁਗ਼ਲ ਕਾਲ ਸਮੇਂ ਪੰਜਾਬ ਦੋ ਪ੍ਰਾਤਾਂ- ਲਾਹੌਰ ਅਤੇ ਮੁਲਤਾਨ ਵਿੱਚ ਵੰਡਿਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਪੰਜਾਬ ਦੀ ਪੂਰਬੀ ਹੱਦ ਦਰਿਆ ਸਤਲੁਜ ਸੀ ਅਤੇ ਪੱਛਮੀ ਹੱਦ ਦੱਰਾ ਖੈਬਰ ਸੀ, ਜਿਸ ਦੀ ਰਾਜਧਾਨੀ ਲਾਹੌਰ ਸੀ। ਇਸ ਪ੍ਰਕਾਰ ਸਤਲੁਜ ਅਤੇ ਜਮਨਾ ਤੇ ਵਿਚਕਾਰਲਾ ਮੈਦਾਨ ਪੰਜਾਬ ਤੋਂ ਵੱਖ ਹੋ ਕੇ ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਚਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪਿੱਛੋ ਪੰਜਾਬ ਦੀਆਂ ਹੱਦਾਂ ਵਿੱਚ ਇੱਕ ਵਾਰੀ ਫਿਰ ਭਾਰੀ ਤਬਦੀਲੀ ਆਈ। ਅੰਗਰੇਜ਼ਾਂ ਨੇ 1857 ਈ. ਦੇ ਭਾਰਤੀ ਵਿਦਰੋਹ ਤੋਂ ਬਾਅਦ ਦਿੱਲੀ ਤਕ ਦੇ ਇਲਾਕੇ ਵੀ ਇਸ ਨਾਲ਼ ਮਿਲਾ ਦਿੱਤੇ। 1901 ਈ. ਵਿੱਚ ਲਾਰਡ ਕਰਜ਼ਨ (Lord Curzon) ਨੇ ਪੰਜਾਬ ਦੇ ਦਰਿਆ ਸਿੰਧ ਤੋਂ ਪਰ੍ਹੇ ਦੇ ਇਲਾਕੇ ਨੂੰ ਵੱਖਰਾ ਕਰਕੇ ਇੱਕ ਨਵਾਂ ਸੂਬਾ, 'ਉੱਤਰ-ਪੱਛਮੀ ਸਰਹੱਦੀ ਸੂਬਾ' (North West Frontier Province) ਬਣਾ ਦਿੱਤਾ। 1911 ਈ. ਵਿੱਚ ਵਾਇਸਰਾਏ ਲਾਰਡ ਹਾਰਡਿੰਗ (Lord Hardinge) ਨੇ ਦਿੱਲੀ ਨੂੰ ਹਿੰਦੁਸਤਾਨ ਦੀ ਰਾਜਧਾਨੀ ਬਣਾ ਕੇ ਪੰਜਾਬ ਨਾਲੋਂ ਵੱਖਰਾ ਕਰ ਦਿੱਤਾ। ਪਰ ਸਭ ਤੋਂ ਮਹੱਤਵਪੂਰਨ ਵੰਡ 1947 ਈ. ਵਿੱਚ, ਭਾਰਤ ਵਿੱਚੋਂ ਅੰਗਰੇਜ਼ੀ ਰਾਜ ਦੇ ਖਾਤਮੇ ਨਾਲ਼ ਹੋਈ। ਜਦੋਂ ਪੰਜਾਬ ਦੋ ਭਾਗਾਂ-ਪੂਰਬੀ ਅਤੇ ਪੱਛਮੀ- ਪੰਜਾਬਾਂ ਵਿੱਚ ਵੰਡਿਆ ਗਿਆ। ਸਿੱਟੇ ਵਜੋਂ ਪੰਜਾਬ ਦੇ ਮੁਸਲਮਾਨ ਬਹੁਗਿਣਤੀ ਵਾਲ਼ੇ ਜ਼ਿਲ੍ਹੇ ਪਾਕਿਸਤਾਨ ਨੂੰ ਮਿਲ਼ ਗਏ। ਪੰਜਾਬ ਦੇ ਕੁੱਲ 29 ਜ਼ਿਲ੍ਹਿਆਂ ਵਿੱਚੋਂ 13 ਜ਼ਿਲ੍ਹੇ ਭਾਰਤੀ ਪੰਜਾਬ ਦੇ ਹਿੱਸੇ ਆਏ। 1956 ਈ. ਵਿੱਚ ਰਾਜ ਦੇ ਪੁਨਰਗਠਨ ਦੇ ਸਿੱਟੇ ਵਜੋਂ ਮਾਲਵੇ ਦੀਆਂ ਰਿਆਸਤਾਂ ਭੰਗ ਕਰਕੇ ਪੰਜਾਬ ਨਾਲ਼ ਮਿਲ਼ਾ ਦਿੱਤੀਆਂ ਗਈਆਂ। ਪਹਿਲੀ ਨਵੰਬਰ, 1966 ਈ. ਵਿੱਚ ਭਾਸ਼ਾ ਦੇ ਆਧਾਰ 'ਤੇ ਪੁਨਰਗਠਨ ਕਾਰਨ ਪੰਜਾਬ ਦਾ ਖੇਤਰ ਫਿਰ ਸੀਮਿਤ ਹੋ ਗਿਆ। ਪੰਜਾਬ ਦੀ ਫਿਰ ਵੰਡ ਕਰ ਕੇ ਪੰਜਾਬ ਅਤੇ ਹਰਿਆਣਾ ਪ੍ਰਾਂਤ ਬਣਾ ਦਿੱਤੇ ਗਏ। ਪੰਜਾਬ ਦਾ ਕੁਝ ਹਿੱਸਾ ਹਿਮਾਚਲ ਪ੍ਰਦੇਸ਼ ਵਿੱਚ ਮਿਲਾ ਦਿੱਤਾ ਗਿਆ। ਪੰਜਾਬ ਵਿੱਚ ਉਸ ਵੇਲ਼ੇ ਦੇ ਜ਼ਿਲ੍ਹੇ ਅੰਮ੍ਰਿਤਸਰ, ਜਲੰਧਰ, ਰੋਪੜ, ਕਪੂਰਥਲਾ, ਗੁਰਦਾਸਪੁਰ, ਹੁਸ਼ਿਆਰਪੁਰ, ਫਿਰੋਜ਼ਪੁਰ, ਲੁਧਿਆਣਾ, ਪਟਿਆਲ਼ਾ, ਸੰਗਰੂਰ (ਜੀਂਦ ਨੂੰ ਛੱਡ ਦੇ) ਅਤੇ ਬਠਿੰਡਾ ਰਹਿ ਗਏ। ਜ਼ਿਲ੍ਹਾ ਰੋਹਤਕ, ਹਿਸਾਰ, ਗੁੜਗਾਉਂ, ਕਰਨਾਲ, ਤਹਿਸੀਲ ਰੋਪੜ ਤੋਂ ਬਿਨਾਂ ਜ਼ਿਲ੍ਹਾ ਅੰਬਾਲ਼ਾ ਅਤੇ ਤਹਿਸੀਲ ਜੀਂਦ ਹਰਿਆਣਾ ਵਿੱਚ ਚਲਿਆ ਗਿਆ। ਸ਼ਿਮਲਾ ਅਤੇ ਤਹਿਸੀਲ ਊਨਾ, ਜ਼ਿਲ੍ਹਾ ਕਾਂਗੜਾ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਲ ਕਰ ਦਿੱਤੇ ਗਏ। ਪੰਜਾਬ ਦੀ ਰਾਜਧਾਨੀ ਉਪ ਪਹਾੜੀ ਇਲਾਕੇ ਚੰਡੀਗੜ੍ਹ ਵਿਖੇ ਬਣਾਈ ਗਈ। ਇਸ ਤਰ੍ਹਾਂ ਅੱਜ-ਕੱਲ੍ਹ ਦੇ ਪੰਜਾਬ ਦਾ ਖੇਤਰਫਲ ਬਹੁਤ ਘੱਟ ਗਿਆ।

## ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ

## (Physical Features of the Punjab)

ਪੰਜਾਬ, ਜਿਸ ਦੇ ਇਤਿਹਾਸ ਦਾ ਅਸੀਂ ਅਧਿਐਨ ਕਰ ਰਹੇ ਹਾਂ, ਦਰਿਆ ਸਿੰਧ ਅਤੇ ਦਰਿਆ ਜਮਨਾ ਦੇ ਵਿਚਕਾਰ ਧਰਤੀ ਦਾ ਇੱਕ ਤਿਕੋਣਾ ਟੁਕੜਾ ਸੀ। ਉਸ ਦੇ ਉੱਤਰ ਵਿੱਚ ਹਿਮਾਲਿਆ ਪਰਬਤ ਦੀਆਂ

ਉੱਚੀਆਂ ਪਹਾੜੀਆਂ ਅਤੇ ਦੱਖਣ ਵਿੱਚ ਰਾਜਸਥਾਨ ਅਤੇ ਸਿੰਧ ਦੇ ਵਿਸ਼ਾਲ ਮਾਰੂਥਲ ਸਨ। ਪੂਰਬ ਵਿੱਚ ਜਮਨਾ ਨਦੀ ਅਤੇ ਪੱਛਮ ਵਿੱਚ ਸੁਲੇਮਾਨ ਅਤੇ ਕਿਰਥਾਰ ਦੀਆਂ ਪਹਾੜੀਆਂ ਹਨ। ਭੂਗੋਲਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ—

(ੳ) ਹਿਮਾਲਿਆ ਅਤੇ ਉਸ ਦੀਆਂ ਉੱਤਰੀ ਪੱਛਮੀ ਸ਼ਾਖਾਵਾਂ

(ਅ) ਉਪ ਪਰਬਤੀ ਖੇਤਰ

(ੲ) ਮੈਦਾਨੀ ਖੇਤਰ

## (ੳ) ਹਿਮਾਲਿਆ ਪਰਬਤ ਅਤੇ ਉਸ ਦੀਆਂ ਉੱਤਰੀ ਪੱਛਮੀ ਪਹਾੜੀਆਂ
## (Himalayas and its North-Western Mountains Ranges)

ਹਿਮਾਲਿਆ ਦੀਆਂ ਪਹਾੜੀਆਂ ਪੰਜਾਬ ਵਿੱਚ ਲੜੀਵਾਰ ਹਨ। ਇਹਨਾਂ ਵਿੱਚ ਕਈ ਘਾਟੀਆਂ ਵੀ ਹਨ। ਇਹਨਾਂ ਦੀ ਚੌੜਾਈ ਲਗ-ਪਗ 250 ਕਿਲੋਮੀਟਰ ਹੈ। ਇਹ ਦੇਸ ਦੀ ਰੱਖਿਆ ਪੱਖੋਂ ਇੱਕ ਮਜ਼ਬੂਤ ਕੰਧ ਦਾ ਕੰਮ ਕਰਦੀਆਂ ਹਨ। ਇਹਨਾਂ ਪਹਾੜੀਆਂ ਦੀ ਉਚਾਈ ਇੱਕਸਾਰ ਨਹੀਂ ਹੈ। ਇਸ ਲਈ ਇਹਨਾਂ ਨੂੰ ਉਚਾਈ ਦੇ ਲਿਹਾਜ ਨਾਲ਼ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ— ਮਹਾਨ ਹਿਮਾਲਾ-ਮੱਧ ਹਿਮਾਲਿਆ ਅਤੇ ਬਾਹਰੀ ਹਿਮਾਲਿਆ।

ਮਹਾਨ ਹਿਮਾਲਿਆ ਦੀਆਂ ਪਹਾੜੀਆਂ ਦੀ ਲੜੀ ਪੂਰਬ ਵੱਲ ਨੇਪਾਲ ਅਤੇ ਤਿੱਬਤ ਵਿੱਚ ਚਲੀ ਜਾਂਦੀ ਹੈ। ਪੱਛਮ ਵੱਲ ਵੀ ਇਸ ਨੂੰ ਮਹਾਨ ਹਿਮਾਲਿਆ ਪਹਾੜੀ ਵੀ ਕਿਹਾ ਜਾਂਦਾ ਹੈ। ਇਹ ਪਹਾੜੀ ਪੰਜਾਬ ਦੇ ਲਾਹੌਲ, ਸਪਿਤੀ ਅਤੇ ਕਾਂਗੜਾ ਜ਼ਿਲ੍ਹੇ ਦੇ ਇਲਾਕਿਆਂ ਨੂੰ ਕਸ਼ਮੀਰ ਤੋਂ ਵੱਖ ਕਰਦੀ ਹੈ। ਇਹਨਾਂ ਪਹਾੜੀਆਂ ਵਿੱਚ ਕੁੱਲੂ ਦੀ ਸੁੰਦਰ ਵਾਦੀ ਅਤੇ ਰੋਹਤਾਂਗ ਦੱਰਾ ਹੈ। ਇਹਨਾਂ ਦੀ ਉਚਾਈ ਲਗ-ਪਗ 5851 ਮੀਟਰ ਤੋਂ 6718 ਮੀਟਰ ਦੇ ਵਿਚਕਾਰ ਹੈ। ਇਹ ਪਹਾੜੀਆਂ ਸਦਾ ਬਰਫ਼ ਨਾਲ ਢਕੀਆਂ ਰਹਿੰਦੀਆਂ ਹਨ।

ਮੱਧ ਹਿਮਾਲਿਆ ਨੂੰ ਆਮ ਕਰਕੇ ਪਾਂਗੀ ਪਹਾੜੀਆਂ ਦੀ ਲੜੀ ਕਿਹਾ ਜਾਂਦਾ ਹੈ। ਇਹ ਪਹਾੜੀਆਂ ਰੋਹਤਾਂਗ ਦੱਰੇ ਤੋਂ ਚੱਲ ਕੇ, ਚੰਬੇ ਵਿੱਚੋਂ ਹੋ ਕੇ, ਚਨਾਬ ਅਤੇ ਰਾਵੀ ਦਰਿਆਵਾਂ ਦੀਆਂ ਘਾਟੀਆਂ ਨੂੰ ਨਿਖੇੜਦੀਆਂ ਹਨ। ਇਹਨਾਂ ਪਹਾੜੀਆਂ ਦੀ ਉਚਾਈ ਲਗ-ਪਗ 2155 ਮੀਟਰ ਹੈ।

ਬਾਹਰਲੇ ਹਿਮਾਲਿਆ ਦੀਆਂ ਪਹਾੜੀਆਂ ਮੱਧ ਹਿਮਾਲਿਆ ਦੀਆਂ ਪਹਾੜੀਆਂ ਦੇ ਬਰਾਬਰ ਹੀ ਚਲਦੀਆਂ ਹਨ। ਇਹ ਪਹਾੜੀਆਂ ਚੰਬਾ ਅਤੇ ਧਰਮਸ਼ਾਲਾ ਤੋਂ ਹੋ ਕੇ ਕਸ਼ਮੀਰ ਵਿੱਚ ਦੀ ਰਾਵਲਪਿੰਡੀ, ਜਿਹਲਮ ਅਤੇ ਗੁਜਰਾਤ ਜ਼ਿਲ੍ਹਿਆਂ ਦੇ ਇਲਾਕਿਆਂ ਵਿੱਚ ਜਾ ਨਿਕਲ਼ਦੀਆਂ ਹਨ। ਇਹਨਾਂ ਪਹਾੜੀਆਂ ਦੀ ਉਚਾਈ ਲਗ-ਪਗ 923 ਮੀਟਰ ਹੈ। ਇਹ ਇਲਾਕਾ 'ਉਪ-ਪਹਾੜੀ ਇਲਾਕਾ' ਅਖਵਾਉਂਦਾ ਹੈ। ਇਹਨਾਂ ਪਹਾੜੀਆਂ ਨੂੰ 'ਧੌਲਾਧਾਰ ਦੀਆਂ ਪਹਾੜੀਆਂ' ਵੀ ਕਿਹਾ ਜਾਂਦਾ ਹੈ।

ਹਿਮਾਲਿਆ ਦੀਆਂ ਪੱਛਮੀ ਪਹਾੜੀ ਲੜੀਆਂ ਦਾ ਨਾਂ ਸੁਲੇਮਾਲ ਅਤੇ ਕਿਰਥਾਰ ਦੀਆਂ ਪਹਾੜੀਆਂ ਹੈ। ਇਹਨਾਂ ਪਹਾੜੀਆਂ ਵਿੱਚ ਕਈ ਦੱਰੇ (passes) ਬਣੇ ਜਿਨ੍ਹਾਂ ਵਿੱਚੋਂ ਖ਼ੈਬਰ, ਕੁੱਰਮ, ਟੋਚੀ, ਬੋਲਾਨ ਅਤੇ ਗੋਮਲ ਪ੍ਰਸਿੱਧ ਹਨ। ਇਹਨਾਂ ਦਰਿਆਂ ਰਾਹੀਂ ਪੰਜਾਬ (ਭਾਰਤ) ਦੇ ਸੰਬੰਧ ਮੱਧ ਏਸ਼ੀਆਂ ਨਾਲ਼ ਬਣੇ। ਦੱਰਾ ਖ਼ੈਬਰ ਰਾਹੀਂ ਹੀ ਸਾਰੇ ਪੱਛਮੀ ਹਮਲਾਵਰ, ਪੰਜਾਬ ਵਿੱਚ ਆਏ।

## ਹਿਮਾਲਿਆ ਦੀਆਂ ਪਹਾੜੀਆਂ ਦੇ ਲਾਭ
## (Advantages of the Himalayas)

ਹਿਮਾਲਿਆ ਬਹੁਤ ਉੱਚਾ ਪਰਬਤ ਹੈ। ਇਸ ਦੀਆਂ ਚੋਟੀਆਂ ਸਦਾ ਹੀ ਬਰਫ਼ ਨਾਲ ਢਕੀਆਂ ਰਹਿੰਦੀਆਂ ਹਨ। ਇਸੇ ਕਰਕੇ ਪੰਜਾਬ ਦੇ ਦਰਿਆਵਾਂ ਵਿੱਚ ਸਾਰਾ ਸਾਲ ਪਾਣੀ ਵਗਦਾ ਰਹਿੰਦਾ ਹੈ। ਸਿੱਟੇ

ਵਜੋਂ ਪੰਜਾਬ ਦੀ ਧਰਤੀ ਉਪਜਾਊ ਹੈ। ਪੰਜਾਬ ਦੀ ਧਰਤੀ ਉਪਜਾਊ ਹੋਣ ਕਰਕੇ ਇੱਥੋਂ ਦੇ ਵਾਸੀ ਆਰਥਿਕ ਤੌਰ 'ਤੇ ਖ਼ੁਸ਼ਹਾਲ ਹਨ।

ਹਿਮਾਲਿਆ ਪਰਬਤ ਉੱਤੇ ਸੰਘਣੇ ਜੰਗਲ ਮਿਲਦੇ ਹਨ। ਇਹਨਾ ਜੰਗਲਾਂ ਤੋਂ ਲੋੜੀਂਦੀਆਂ ਜੜ੍ਹੀ ਬੂਟੀਆਂ ਅਤੇ ਲੱਕੜ ਪ੍ਰਾਪਤ ਕੀਤੀ ਜਾਂਦੀ ਹੈ, ਜਿਹੜੀ ਕਿ ਪੰਜਾਬ ਦੀ ਆਰਥਿਕ ਅਵਸਥਾ ਨੂੰ ਚੰਗੇਰਾ ਬਣਾਉਂਦੀ ਹੈ। ਇਸ ਪਰਬਤ ਉਤਲੀ ਬਰਫ਼ ਅਤੇ ਸੰਘਣੇ ਜੰਗਲ਼ ਹਮਲਾਵਰਾਂ ਨੂੰ ਰੋਕਦੇ ਰਹੇ ਹਨ। ਇਹ ਪੰਜਾਬ ਦੀ ਉੱਤਰੀ ਸਰਹੱਦ ਉੱਤੇ ਪਹਿਰੇਦਾਰ ਦਾ ਕੰਮ ਕਰਦਾ ਹੈ।

ਮੌਨਸੂਨ ਪੌਣਾਂ ਹਿਮਾਲਾ ਪਰਬਤ ਨਾਲ਼ ਟਕਰਾ ਕੇ ਮੀਂਹ ਬਰਸਾਉਂਦੀਆਂ ਹਨ। ਜੇਕਰ ਪੰਜਾਬ ਦੇ ਉੱਤਰ ਵਿੱਚ ਇਹ ਪਰਬਤ ਨਾ ਹੁੰਦਾ ਤਾਂ ਪੰਜਾਬ ਇੱਕ ਖੁਸ਼ਕ ਅਤੇ ਠੰਢਾ ਇਲਾਕਾ ਬਣ ਕੇ ਰਹਿ ਜਾਂਦਾ। ਇਥੋਂ ਦੀ ਖੇਤੀ ਨਾ ਹੋਣ ਦੇ ਬਰਾਬਰ ਹੀ ਹੁੰਦੀ।

ਹਿਮਾਲਿਆ ਪਰਬਤ ਦੇ ਸਦਕਾ ਪੰਜਾਬ ਕੋਲ ਸੁੰਦਰ, ਸੈਲਾਨੀ ਸਥਾਨ-ਸ਼ਿਮਲਾ, ਮਨਾਲੀ, ਚਾਇਲ, ਸੋਲਨ ਆਦਿ (ਵਰਤਮਾਨ ਹਿਮਾਚਲ ਪ੍ਰਦੇਸ਼ ਦੇ ਸ਼ਹਿਰ) ਹਨ। ਇਥੇ ਦੇਸ ਵਿਦੇਸ਼ ਤੋਂ ਯਾਤਰੀ ਆਉਂਦੇ ਰਹੇ ਹਨ, ਜਿਸ ਨਾਲ ਪੰਜਾਬ ਦੀ ਆਰਥਿਕ ਹਾਲਤ ਸੁਧਰਦੀ ਰਹੀ ਹੈ।

ਹਿਮਾਲਿਆ ਦੀਆਂ ਪੱਛਮੀ ਪਹਾੜੀਆਂ-ਸੁਲੇਮਾਨ ਅਤੇ ਕਿਰਥਾਰ-ਦੇ ਦੱਰੇ ਵੀ ਪੰਜਾਬ ਲਈ ਲਾਭਦਾਇਕ ਸਿੱਧ ਹੋਏ ਹਨ। ਇਹਨਾਂ ਪਹਾੜੀਆਂ ਦੇ ਦੱਰਿਆ ਰਾਹੀਂ ਸਾਡੀ ਮੱਧ-ਏਸ਼ੀਆ ਨਾਲ਼ ਆਵਾਜਾਈ ਹੁੰਦੀ ਰਹੀ। ਇਹਨਾਂ ਦਰਿਆਂ ਰਾਹੀਂ ਹੀ ਸਾਡੇ ਵਪਾਰ, ਕਲਾ ਅਤੇ ਸੱਭਿਆਚਾਰ ਪ੍ਰਫੁੱਲਿਤ ਹੋਏ। ਇਸ ਲਈ ਹਿਮਾਲਾ ਦੀਆਂ ਪਹਾੜੀਆਂ ਪੰਜਾਬ ਦੀ ਜਿੰਦ-ਜਾਨ ਹਨ।

## (ਅ) ਉਪ-ਪਹਾੜੀ ਇਲਾਕਾ
## (The Sub-Mountain Area)

ਹਿਮਾਲਿਆ ਪਰਬਤ ਦੇ ਨਾਲ਼-ਨਾਲ਼ ਦੱਖਣ ਵਿੱਚ ਲੱਗਦੇ ਸ਼ਿਵਾਲਕ ਅਤੇ ਕਸੌਲੀ ਦੀਆਂ ਪਹਾੜੀਆਂ ਦੇ ਭੀੜੇ ਇਲਾਕੇ ਨੂੰ ਪੰਜਾਬ ਦਾ 'ਉਪ-ਪਹਾੜੀ' ਇਲਾਕਾ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਉਚਾਈ 308 ਮੀਟਰ ਤੋਂ ਲੈ ਕੇ 923 ਮੀਟਰ ਤੀਕ ਹੈ। ਇਸ ਵਿੱਚ ਜਿਹਮਲ ਦਾ ਪੂਰਬੀ ਇਲਾਕਾ, ਰੋਪੜ ਤੇ ਅੰਬਾਲ਼ੇ ਦਾ ਉੱਤਰੀ ਇਲਾਕਾ, ਕਾਂਗੜੇ ਦੀਆਂ ਨੀਵੀਆਂ ਪਹਾੜੀਆਂ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦਾ ਉੱਤਰੀ ਭਾਗ, ਗੁਜਰਾਤ ਜ਼ਿਲ੍ਹੇ ਦੇ ਪੱਬੀ ਦਾ ਇਲਾਕਾ ਅਤੇ ਸਿਆਲਕੋਟ ਜ਼ਿਲ੍ਹੇ ਦੇ ਕੁਝ ਇਲਾਕੇ ਸ਼ਾਮਲ ਹਨ। ਇਥੇ ਮੀਂਹ ਕਾਫ਼ੀ ਪੈਂਦਾ ਹੈ। ਇਹ ਮਿੱਟੀ ਰੇਤਲੀ ਅਤੇ ਪਥਰੀਲੀ ਹੈ। ਇਸੇ ਲਈ ਇਹ ਇਲਾਕਾ ਨਾ ਤਾਂ ਉਪਜਾਊ ਹੈ ਅਤੇ ਨਾ ਹੀ ਇੱਥੋਂ ਦੀ ਵਸੋਂ ਸੰਘਣੀ ਹੈ। ਇਸ ਇਲਾਕੇ ਦੀਆਂ ਮੁੱਖ ਫ਼ਸਲਾਂ ਮੱਕੀ, ਚੌਲ, ਕਣਕ ਆਦਿ ਹਨ।

## (ੲ) ਮੈਦਾਨੀ ਖੇਤਰ
## (The Plains)

ਸਮੁੱਚੇ ਤੌਰ 'ਤੇ ਜੇਕਰ ਪੰਜਾਬ ਦੀ ਧਰਤੀ ਨੂੰ ਵੇਖਿਆ ਜਾਵੇ ਤਾਂ ਇਹ ਲਗਾਤਾਰ ਨਿਵਾਣ ਨੂੰ ਜਾ ਰਿਹਾ ਮੈਦਾਨ ਦਿਸੇਗਾ। ਪੰਜਾਬ ਦੀ ਧਰਤੀ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ-'ਪੂਰਬੀ ਮੈਦਾਨ' ਅਤੇ 'ਪੱਛਮੀ ਮੈਦਾਨ'। ਜਮਨਾ ਅਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ 'ਪੂਰਬੀ ਮੈਦਾਨ' ਕਹਿੰਦੇ ਹਨ। ਇਹ ਇਲਾਕਾ ਵਧੇਰੇ ਉਪਜਾਊ ਹੈ। ਇੱਥੋਂ ਦੀ ਵਸੋਂ ਵੀ ਸੰਘਣੀ ਹੈ। ਰਾਵੀ ਅਤੇ ਸਿੰਧ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ 'ਪੱਛਮੀ ਮੈਦਾਨ' ਕਹਿੰਦੇ ਹਨ। ਇਹ ਇਲਾਕਾ ਓਨਾ ਖ਼ੁਸ਼ਹਾਲ ਨਹੀਂ ਜਿੰਨ੍ਹਾਂ ਕਿ ਪੂਰਬੀ ਮੈਦਾਨ ਦਾ ਇਲਾਕਾ।

ਅਕਬਰ ਦੇ ਸਮੇਂ ਤੋਂ ਹਰ ਦੋ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਨੂੰ 'ਦੁਆਬ' ਕਿਹਾ ਜਾਣ ਲੱਗਾ। ਇਸ ਤਰ੍ਹਾਂ ਪੰਜਾਬ ਪੰਜ ਦੁਆਬਿਆਂ ਵਿੱਚ ਵੰਡਿਆ ਗਿਆ। ਇਹਨਾਂ ਦੁਆਬਿਆਂ ਦੀ ਵਿਸ਼ੇਸ਼ਤਾ ਇਹ ਹੈ ਕਿ ਹਰ ਦੁਆਬੇ ਦਾ ਨਾਂ ਉਸ ਦੇ ਦੋਹਾਂ ਦਰਿਆਵਾਂ ਦੇ ਨਾਂਵਾਂ ਦੇ ਪਹਿਲੇ ਅੱਖਰ ਦੇ ਮੇਲ਼ ਨਾਲ਼ ਬਣਦਾ ਹੈ। ਪੰਜਾਬ ਦੇ ਹੇਠ ਲਿਖੇ ਪੰਜ ਦੁਆਬੇ ਅੱਜ ਵੀ ਪ੍ਰਚੱਲਿਤ ਹਨ—

(i) **ਦੁਆਬ ਸਿੰਧ ਸਾਗਰ** (Doab Sindh Sagar) : ਇਸ ਦੁਆਬੇ ਵਿੱਚ ਦਰਿਆ ਸਿੰਧ ਅਤੇ ਦਰਿਆ ਜਿਹਲਮ ਦੇ ਵਿਚਕਾਰਲਾ ਇਲਾਕਾ ਆਉਂਦਾ ਹੈ। ਇਹ ਇਲਾਕਾ ਬਹੁਤਾ ਉਪਜਾਊ ਨਹੀਂ ਹੈ।

(ii) **ਦੁਆਬ ਚੱਜ** (Doab Chaj): ਦਰਿਆ ਚਨਾਬ ਅਤੇ ਦਰਿਆ ਜਿਹਲਮ ਦੇ ਵਿਚਕਾਰਲੇ ਇਲਾਕੇ ਦਾ ਨਾਂ ਦੁਆਬ ਚੱਜ ਹੈ। ਇਹ ਦੁਆਬਾ, ਦੁਆਬਾ ਸਿੰਧ ਸਾਗਰ ਤੋਂ ਵਧੇਰੇ ਉਪਜਾਊ ਹੈ। ਗੁਜਰਾਤ, ਭੇਰਾ, ਸ਼ਾਹਪੁਰ ਇਸ ਦੁਆਬੇ ਦੇ ਪ੍ਰਸਿੱਧ ਨਗਰ ਹਨ।

(iii) **ਦੁਆਬ ਰਚਨਾ** (Doab Rachna): ਇਹ ਦੁਆਬਾ ਦਰਿਆ ਰਾਵੀ ਅਤੇ ਦਰਿਆ ਚਨਾਬ ਦੇ ਵਿਚਕਾਰ ਹੈ। ਇਹ ਦੁਆਬਾ ਕਾਫ਼ੀ ਉਪਜਾਊ ਹੈ। ਸਿਆਲਕੋਟ, ਗੁਜਰਾਂਵਾਲਾ, ਸ਼ੇਖ਼ੂਪੁਰਾ ਆਦਿ ਇਸ ਦੁਆਬੇ ਦੇ ਪ੍ਰਸਿੱਧ ਸ਼ਹਿਰ ਹਨ।

(iv) **ਦੁਆਬ ਬਾਰੀ** (Doab Bari): ਇਹ ਦੁਆਬਾ ਦਰਿਆ ਬਿਆਸ ਅਤੇ ਦਰਿਆ ਰਾਵੀ ਵਿਚਕਾਰ ਸਥਿਤ ਹੈ। ਇਸ ਦੁਆਬੇ ਦੀ ਜ਼ਮੀਨ ਪੰਜਾਬ ਦੀ ਬਾਕੀ ਜ਼ਮੀਨ ਨਾਲੋਂ ਵੱਧ ਉਪਜਾਊ ਹੈ। ਪੰਜਾਬ ਦੇ ਮੱਧ ਵਿੱਚ ਹੋਣ ਕਰਕੇ ਇਸ ਨੂੰ 'ਮਾਝਾ' ਵੀ ਆਖਦੇ ਹਨ। ਇਥੋਂ ਦੇ ਵਸਨੀਕਾਂ ਨੂੰ 'ਮਝੈਲ' ਕਿਹਾ ਜਾਂਦਾ ਹੈ। ਪੰਜਾਬ ਦੇ ਵੱਡੇ ਅਤੇ ਪ੍ਰਸਿੱਧ ਸ਼ਹਿਰ–ਲਾਹੌਰ ਅਤੇ ਅੰਮ੍ਰਿਤਸਰ ਇਸੇ ਦੁਆਬੇ ਵਿੱਚ ਪੈਂਦੇ ਹਨ।

(v) **ਦੁਆਬ ਬਿਸਤ ਜਲੰਧਰ** (Doab Bist Jalandhar): ਦਰਿਆ ਸਤਲੁਜ ਅਤੇ ਬਿਆਸ ਦੇ ਵਿਚਕਾਰਲੇ ਇਲਾਕੇ ਨੂੰ 'ਦੁਆਬਾ ਬਿਸਤ ਜਲੰਧਰ' ਕਹਿੰਦੇ ਹਨ। ਇਹ ਇਲਾਕਾ ਉਂਝ ਵੀ 'ਦੁਆਬਾ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦੁਆਬੇ ਦੀ ਜ਼ਮੀਨ ਬਹੁਤ ਉਪਜਾਊ ਹੈ। ਜਲੰਧਰ, ਹੁਸ਼ਿਆਰਪੁਰ, ਕਪੂਰਥਲਾ ਇਸ ਦੁਆਬੇ ਦੇ ਪ੍ਰਸਿੱਧ ਨਗਰ ਹਨ।

ਉਪਰੋਕਤ ਪੰਜਾਂ ਦੁਆਬਿਆਂ ਤੋਂ ਬਿਨਾਂ ਦਰਿਆ ਸਤਲੁਜ ਅਤੇ ਦਰਿਆ ਜਮਨਾ ਦੇ ਵਿਚਕਾਰ ਫੈਲਿਆ ਇੱਕ ਹੋਰ ਮੈਦਾਨੀ ਹਿੱਸਾ ਹੈ। ਇਹ ਮੈਦਾਨ ਲੰਮਾ, ਚੌੜਾ ਅਤੇ ਉਪਜਾਊ ਹੈ। ਦਰਿਆ ਸਤਲੁਜ ਅਤੇ ਦਰਿਆ ਘੱਗਰ ਦੇ ਵਿਚਕਾਰ ਦੇ ਇਲਾਕੇ ਨੂੰ 'ਮਾਲਵਾ' ਆਖਦੇ ਹਨ। ਇਸ ਵਿੱਚ ਪਟਿਆਲਾ, ਰੋਪੜ, ਸਰਹਿੰਦ, ਲੁਧਿਆਣਾ, ਫ਼ਿਰੋਜ਼ਪੁਰ, ਅੰਬਾਲ਼ਾ, ਬਠਿੰਡਾ ਆਦਿ ਪ੍ਰਸਿੱਧ ਨਗਰ ਹਨ। ਇਸ ਇਲਾਕੇ ਦੇ ਵਸਨੀਕਾਂ ਨੂੰ 'ਮਲਵਈ' ਕਿਹਾ ਜਾਂਦਾ ਹੈ।

ਇਸ ਮੈਦਾਨ ਦਾ ਉਹ ਭਾਗ ਜਿਹੜਾ ਦਰਿਆ ਘੱਗਰ ਅਤੇ ਦਰਿਆ ਜਮਨਾ ਵਿਚਕਾਰ ਹੈ, ਨੂੰ 'ਬਾਂਗਰ' ਕਿਹਾ ਜਾਂਦਾ ਹੈ। ਇਸ ਖੇਤਰ ਦੇ ਕੁਰੂਕਸ਼ੇਤਰ, ਪਾਣੀਪਤ, ਕਰਨਾਲ, ਥਾਨੇਸਰ, ਰੋਹਤਕ ਆਦਿ ਪ੍ਰਸਿੱਧ ਨਗਰ ਹਨ।

## ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਉਸ ਦੇ ਇਤਿਹਾਸ ਉੱਤੇ ਪ੍ਰਭਾਵ
## (Influence of the Physical Features of the Punjab on Its History)

(i) **ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ** (Punjab as a Gateway of India): ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਇਸ ਦੀ ਧਰਤੀ ਦੇ ਇਤਿਹਾਸ ਉੱਤੇ ਡੂੰਘਾ ਪ੍ਰਭਾਵ ਰਿਹਾ ਹੈ। ਇਸ ਦੀ ਭੂਗੋਲਿਕ ਸਥਿਤੀ ਨੇ ਇਸ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਬਣਾ ਦਿੱਤਾ ਹੈ। ਪੰਜਾਬ ਦੇ ਉੱਤਰ-ਪੱਛਮ ਵਿੱਚ ਹਿਮਾਲਿਆ ਪਰਬਤ ਇੱਕ ਮਜ਼ਬੂਤ ਕੰਧ ਦਾ ਕੰਮ ਕਰਦਾ ਹੈ। ਇਸ ਲਈ ਪੱਛਮ ਵੱਲੋਂ ਸਾਰੇ ਹਮਲਾਵਰ (ਯੂਰਪੀਨਾਂ ਤੋਂ ਬਿਨਾਂ) ਇਸੇ ਰਾਹ ਆਪਣੀ ਕਿਸਮਤ ਅਜਮਾਉਣ ਲਈ ਭਾਰਤ ਵਿੱਚ ਆਏ। ਦੱਰਾ ਖ਼ੈਬਰ ਪੰਜਾਬ ਵਿੱਚ ਆਉਣ ਲਈ ਸਿੱਧਾ ਰਾਹ ਸੀ ਅਤੇ ਇਸ ਨੂੰ ਸਹਿਜੇ ਹੀ ਪਾਰ ਕੀਤਾ ਜਾ ਸਕਦਾ ਸੀ। ਸੁਲੇਮਾਨ ਅਤੇ ਕਿਰਥਾਰ

ਦੀਆਂ ਪਹਾੜੀਆਂ ਦੇ ਦੱਰਿਆ ਰਾਹੀਂ ਮੱਧ ਏਸ਼ੀਆਂ ਤੋਂ ਸਿਕੰਦਰ (326 ਪੂ. ਈ.) ਤੋਂ ਲੈ ਕੇ ਸ਼ਾਹ ਜ਼ਮਾਨ (1798 ਈ:) ਤਕ ਸਾਰੇ ਵਿਦੇਸ਼ੀ ਹਮਲਾਵਰ ਪੰਜਾਬ ਉੱਤੇ ਹਮਲੇ ਕਰਦੇ ਰਹੇ। ਸਿੱਟੇ ਵਜੋਂ ਪੰਜਾਬੀਆਂ ਨੂੰ ਸਭ ਤੋਂ ਵੱਧ ਹਮਲਾਵਰਾਂ ਦਾ ਟਾਕਰਾ ਕਰਨਾ ਪਿਆ। ਇਹੀ ਕਾਰਨ ਹੈ ਕਿ ਭਾਰਤ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਲੜਾਈਆਂ ਜਿਵੇਂ ਤਰਾਇਨ (ਤਰਾਵੜੀ) ਦੀਆਂ ਦੋਵੇਂ ਲੜਾਈਆਂ ਅਤੇ ਪਾਣੀਪਤ ਦੀਆਂ ਤਿੰਨੇ ਲੜਾਈਆਂ ਇੱਥੇ ਹੀ ਲੜੀਆਂ ਗਈਆਂ। ਇਸ ਤਰ੍ਹਾਂ ਆਪਣੀ ਭੂਗੋਲਿਕ ਸਥਿਤੀ ਦੇ ਕਾਰਨ ਪੰਜਾਬ ਨੂੰ ਆਮ ਤੌਰ 'ਤੇ ਵਿਦੇਸ਼ੀ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ।

(ii) **ਪੰਜਾਬ ਦੇ ਦਰਿਆਵਾਂ ਦਾ ਪ੍ਰਭਾਵ** (Effects of the Rivers of the Punjab) : ਪੰਜਾਬ ਦੇ ਦਰਿਆਵਾਂ ਨੇ ਇਸ ਦੇ ਇਤਿਹਾਸ ਉੱਤੇ ਡੂੰਘਾ ਪ੍ਰਭਾਵ ਪਾਇਆ ਹੈ। ਇਹ ਦਰਿਆ ਲੱਗ-ਪਗ ਸਾਰਾ ਸਾਲ ਵਗਦੇ ਰਹਿਣ ਕਰਕੇ ਸੂਬਿਆਂ ਵਿਚਕਾਰ ਸੀਮਾ ਦਾ ਕੰਮ ਦਿੰਦੇ ਰਹੇ ਹਨ। ਸਤਲੁਜ ਦਰਿਆ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜਾ ਵਿਚਕਾਰ ਸੀਮਾ ਦਾ ਕੰਮ ਦਿੰਦਾ ਰਿਹਾ ਹੈ। ਅੱਜ ਵੀ ਰਾਵੀ ਦਰਿਆ ਦਾ ਕੁੱਝ ਭਾਗ ਹਿੰਦ-ਪਾਕ ਸੀਮਾ ਦਾ ਕੰਮ ਦਿੰਦਾ ਹੈ। ਕਈ ਵਾਰ ਦਰਿਆਵਾਂ ਨੇ ਵਿਦੇਸ਼ੀ ਹਮਲਾਵਰਾਂ ਨੂੰ ਰੋਕਣ ਦਾ ਕੰਮ ਵੀ ਕੀਤਾ ਹੈ। ਦਰਿਆਵਾਂ ਰਾਹੀਂ ਵਪਾਰ ਹੁੰਦਾ ਸੀ। ਉਹਨਾਂ ਨੇ ਪੰਜਾਬ ਦੇ ਵਪਾਰ ਵਿੱਚ ਵਾਧਾ ਕਰਕੇ ਉਸ ਦੀ ਆਰਥਿਕ ਦਸ਼ਾ ਵੀ ਸੁਧਾਰੀ।

(iii) **ਪੰਜਾਬੀਆਂ ਦੇ ਸੁਭਾਅ ਉੱਤੇ ਪ੍ਰਭਾਵ** (Effects on the temperament of the Punjabis): ਪੰਜਾਬ ਦੇ ਭੂਗੋਲਿਕ ਲੱਛਣਾਂ ਨੇ ਇੱਥੋਂ ਦੀ ਸਿਰਫ਼ ਰਾਜਨੀਤਿਕ ਹਾਲਤ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਉਹਨਾਂ ਦੇ ਸੱਭਿਆਚਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪੰਜਾਬੀਆਂ ਨੂੰ ਸਦਾ ਹੀ ਉੱਤਰ ਪੱਛਮੀ ਸੀਮਾ ਤੋਂ ਹਮਲਿਆਂ ਦਾ ਡਰ ਰਹਿੰਦਾ ਸੀ, ਇਸ ਲਈ ਉਹ ਸਦਾ ਹੀ ਹਥਿਆਰਬੰਦ ਰਹਿੰਦੇ। ਸਿੱਟੇ ਵਜੋਂ ਉਹ ਜੰਗਜੂ ਅਤੇ ਬਹਾਦਰ ਬਣ ਗਏ। ਇਸੇ ਲਈ ਭਾਰਤ ਦੀ ਏਕਤਾ, ਸੁਤੰਤਰਤਾ ਅਤੇ ਉੱਨਤੀ ਪੰਜਾਬੀਆਂ ਦੇ ਬਲ ਤੇ ਹੀ ਨਿਰਭਰ ਰਹੀ ਹੈ। ਵਿਦੇਸ਼ੀਆਂ ਨਾਲ ਵਾਹ ਪੈਣ ਦੇ ਕਾਰਨ ਹੀ ਪੰਜਾਬੀ ਵਿਦੇਸ਼ੀਆਂ ਦੀਆਂ ਚੰਗੀਆਂ ਰੁਚੀਆਂ ਗ੍ਰਹਿਣ ਕਰ ਗਏ, ਜਿਸ ਕਾਰਨ ਦੂਸਰੇ ਲੋਕਾਂ ਨਾਲੋਂ ਸਦਾ ਹੀ ਅੱਗੇ ਰਹੇ।

(iv) **ਪੰਜਾਬ ਵਧੇਰੇ ਕਰਕੇ ਵਿਦੇਸ਼ੀ ਹਾਕਮਾਂ ਦੇ ਅਧੀਨ ਰਿਹਾ** (Mostly the Punjab remained under the Foreign Rulers): ਜਦੋਂ ਵੀ ਕਿਸੇ ਵਿਦੇਸ਼ੀ ਹਮਲਾਵਰ ਨੇ ਭਾਰਤ ਨੂੰ ਜਿੱਤਣ ਦੀ ਵਿਉਂਤ ਬਣਾਈ ਉਸ ਨੇ ਪਹਿਲਾਂ ਪੰਜਾਬ ਨੂੰ ਹੀ ਆਪਣਾ ਨਿਸ਼ਾਨਾ ਬਣਾਇਆ। ਇਸ ਲਈ ਜਿੰਨੇ ਵੀ ਹਮਲਾਵਰ ਉੱਤਰੀ-ਪੱਛਮੀ ਸੀਮਾ ਤੋਂ ਭਾਰਤ ਵੱਲ ਆਏ ਉਹਨਾਂ ਨੇ ਸਭ ਤੋਂ ਪਹਿਲਾਂ ਪੰਜਾਬ ਉੱਤੇ ਹੀ ਅਧਿਕਾਰ ਜਮਾਇਆ। ਸਿਕੰਦਰ, ਕੁਸ਼ਾਨ ਅਤੇ ਹੂਣ ਰਾਜਾਂ ਦੀ ਸਥਾਪਤੀ ਇੱਥੇ ਹੀ ਹੋਈ। ਭੂਗੋਲਿਕ ਸਥਿਤੀ ਦੇ ਕਾਰਨ ਹੀ ਪੰਜਾਬ ਲਗ-ਪਗ 150 ਵਰ੍ਹੇ ਗ਼ਜ਼ਨੀ ਰਾਜ ਦਾ ਭਾਗ ਰਿਹਾ। ਅਹਿਮਦ ਸ਼ਾਹ ਅਬਦਾਲੀ ਅਤੇ ਸ਼ਾਹ ਜਮਾਨ ਪੰਜਾਬ ਉੱਤੇ ਆਪਣਾ ਹੱਕ ਜਮਾ ਕੇ ਇਸ ਨੂੰ ਅਫ਼ਗਾਨ ਦੇਸ਼ ਨਾਲ਼ ਮਿਲਾਉਣ ਦਾ ਯਤਨ ਕਰਦੇ ਰਹੇ। ਪੰਜਾਬ ਦੀ ਭੂਗੋਲਿਕ ਸਥਿਤੀ ਕਰਕੇ ਹੀ ਅੰਗਰੇਜ਼ ਪੰਜਾਬ ਵਿੱਚ ਸਭ ਤੋਂ ਮਗਰੋਂ ਪਹੁੰਚੇ, ਕਿਉਂਕਿ ਅੰਗਰੇਜ਼ ਭਾਰਤ ਵਿੱਚ ਦੱਖਣ-ਪੂਰਬ ਵੱਲੋਂ ਦਾਖ਼ਲ ਹੋਏ ਸਨ।

# ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗ-ਪਗ 1-15 ਸ਼ਬਦਾਂ ਵਿੱਚ ਲਿਖੋ—**

1. ਪੰਜਾਬ ਕਿਸ ਭਾਸ਼ਾ ਦੇ ਸ਼ਬਦ-ਜੋੜਾਂ ਨਾਲ ਬਣਿਆ ਹੈ? ਇਸ ਦੇ ਅਰਥ ਵੀ ਲਿਖੋ।
2. ਭਾਰਤ ਦੀ ਵੰਡ ਦਾ ਪੰਜਾਬ 'ਤੇ ਕੀ ਅਸਰ ਹੋਇਆ?
3. ਪੰਜਾਬ ਨੂੰ ਸਪਤ-ਸਿੰਧੂ ਕਿਸ ਕਾਲ ਵਿੱਚ ਕਿਹਾ ਜਾਂਦਾ ਸੀ ਕਿਉਂ?
4. ਹਿਮਾਲਿਆ ਦੀਆਂ ਪੱਛਮੀ ਪਹਾੜੀ ਲੜੀਆਂ ਵਿੱਚ ਸਥਿਤ ਚਾਰ ਦੱਰੇ ਕਿਹੜੇ-ਕਿਹੜੇ ਹਨ ? ਦੇ ਨਾਂ ਲਿਖੋ।
5. ਜੇਕਰ ਪੰਜਾਬ ਦੇ ਉੱਤਰ ਵਿੱਚ ਹਿਮਾਲਾ ਨਾ ਹੁੰਦਾ, ਤਾਂ ਇਹ ਕਿਸ ਤਰ੍ਹਾਂ ਦਾ ਇਲਾਕਾ ਹੁੰਦਾ?
6. 'ਦੁਆਬ' ਸ਼ਬਦ ਤੋਂ ਕੀ ਭਾਵ ਹੈ?
7. ਦਰਿਆ ਸਤਲੁਜ ਅਤੇ ਦਰਿਆ ਘੱਗਰ ਵਿਚਕਾਰਲੇ ਇਲਾਕੇ ਨੂੰ ਕੀ ਕਿਹਾ ਜਾਂਦਾ ਹੈ ਤੇ ਇਥੋਂ ਦੇ ਵਸਨੀਕਾਂ ਨੂੰ ਕੀ ਕਹਿੰਦੇ ਹਨ?
8. 'ਦੁਆਬ' ਬਿਸਤ ਦਾ ਇਹ ਨਾਂ ਕਿਉਂ ਪਿਆ? ਇਸ ਦੇ ਕੋਈ ਦੋ ਪ੍ਰਸਿੱਧ ਸ਼ਹਿਰਾਂ ਦੇ ਨਾਂ ਲਿਖੋ।
9. ਦੁਆਬ ਬਾਰੀ ਨੂੰ ਮਾਝਾ ਕਿਉਂ ਕਿਹਾ ਜਾਂਦਾ ਹੈ ਤੇ ਇੱਥੋਂ ਦੇ ਵਸਨੀਕਾਂ ਨੂੰ ਕੀ ਕਹਿੰਦੇ ਹਨ?

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗ-ਪਗ 30-50 ਸ਼ਬਦਾਂ ਵਿੱਚ ਲਿਖੋ—**

1. ਹਿਮਾਲਿਆ ਦੀਆਂ ਪਹਾੜੀਆਂ ਦੇ ਕੋਈ ਤਿੰਨ ਜਾਂ ਪੰਜ ਲਾਭ ਲਿਖੋ।
2. ਕੋਈ ਤਿੰਨ ਦੁਆਬਿਆਂ ਦਾ ਸੰਖੇਪ ਵਰਨਣ ਕਰੋ।
3. ਪੰਜਾਬ ਦੇ ਦਰਿਆਵਾਂ ਨੇ ਇਸ ਦੇ ਇਤਿਹਾਸ 'ਤੇ ਕੀ ਪ੍ਰਭਾਵ ਪਾਇਆ ਹੈ?
4. ਭਿੰਨ-ਭਿੰਨ ਕਾਲਾਂ ਵਿੱਚ ਪੰਜਾਬ ਦੀਆਂ ਹੱਦਾਂ ਬਾਰੇ ਜਾਣਕਾਰੀ ਦਿਓ।
5. ਪੰਜਾਬ ਦੇ ਇਤਿਹਾਸ ਨੂੰ ਹਿਮਾਲਿਆ ਪਰਬਤ ਨੇ ਕਿਸ ਤਰਾਂ ਪ੍ਰਭਾਵਿਤ ਕੀਤਾ?

**(ੲ) ਹੇਠ ਲਿਖੇ ਹਰ ਪ੍ਰਸ਼ਨ ਦਾ ਉੱਤਰ ਲਗ-ਪਗ 100-120 ਸ਼ਬਦਾਂ ਵਿੱਚ ਲਿਖੋ—**

1. ਹਿਮਾਲਿਆ ਅਤੇ ਉੱਤਰੀ ਪੱਛਮੀ ਪਹਾੜੀਆਂ ਦਾ ਵਰਨਣ ਕਰੋ।
2. ਪੰਜਾਬ ਦੇ ਮੈਦਾਨੀ ਖੇਤਰ ਦਾ ਵਰਨਣ ਕਰੋ।

*****

# ਪਾਠ-2

# ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ

# (POLITICAL AND SOCIAL CONDITIONS OF PUNJAB BEFORE GURU NANAK DEV JI)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿੱਚ ਹੋਇਆ। ਉਹਨਾਂ ਦੇ ਜੀਵਨ-ਕਾਲ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਤੇ ਸਮਾਜਿਕ ਅਵਸਥਾ ਬਹੁਤੀ ਚੰਗੀ ਨਹੀਂ ਸੀ। ਇੱਥੋਂ ਦੇ ਹਾਕਮ ਕਮਜ਼ੋਰ ਅਤੇ ਆਪਸੀ ਫੁੱਟ ਦਾ ਸ਼ਿਕਾਰ ਸਨ। ਪੰਜਾਬ ਉੱਤੇ ਬਾਹਰੀ ਹਮਲੇ ਹੋ ਰਹੇ ਸਨ। ਉਸ ਸਮੇਂ ਦੇ ਹਾਕਮਾਂ ਵਿੱਚ ਧਾਰਮਿਕ ਕੱਟੜਤਾ ਸੀ। ਹਿੰਦੂ ਸਮਾਜ ਜਾਤਾਂ ਅਤੇ ਉਪਜਾਤਾਂ ਵਿੱਚ ਵੰਡਿਆ ਹੋਇਆ ਸੀ। ਇਸਤਰੀ ਦੀ ਹਾਲਤ ਬੜੀ ਮਾੜੀ ਸੀ। ਲੋਕਾਂ ਦਾ ਸਦਾਚਾਰ ਡਿਗ ਚੁੱਕਾ ਸੀ ਅਤੇ ਉਹ ਫ਼ਜ਼ੂਲ ਦੇ ਵਹਿਮਾ-ਭਰਮਾਂ ਵਿੱਚ ਫਸੇ ਹੋਏ ਸਨ।

## ਰਾਜਨੀਤਿਕ ਅਵਸਥਾ
## (Political Condition)

**ਲੋਧੀ ਸੁਲਤਾਨਾਂ ਅਧੀਨ ਪੰਜਾਬ** (Punjab under the Lodhi Sultans):-

(i) **ਬਹਿਲੋਲ ਖਾਂ ਲੋਧੀ** (Behlol Khan Lodhi 1450 A.D-1489 A.D.):- ਦਿੱਲੀ ਦਾ ਸਮਰਾਟ ਬਣਨ ਉਪਰੰਤ ਬਹਿਲੋਲ ਖਾਂ ਲੋਧੀ ਨੇ ਤਾਤਾਰ ਖਾਂ (Tatar Khan) ਨੂੰ ਪੰਜਾਬ ਦਾ ਅਤੇ ਸ਼ਹਿਜਾਦਾ ਨਿਜ਼ਾਮ ਖਾਨ (ਸਿਕੰਦਰ ਲੋਧੀ) ਨੂੰ ਸਰਹਿੰਦ ਦਾ ਨਾਜ਼ਿਮ ਬਣਾਇਆ। ਬਹਿਲੋਲ ਲੋਧੀ ਨੇ ਸ਼ੇਖ ਯੂਸਫ ਨੂੰ ਮੁਲਤਾਨ ਦਾ ਨਾਜ਼ਿਮ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਅਤੇ ਤਾਤਾਰ ਖਾਂ ਅਤੇ ਆਪਣੇ ਪੁੱਤਰ ਬਾਰਬਕ ਸ਼ਾਹ ਨੂੰ ਉਸ ਦੀ ਸਹਾਇਤਾ ਲਈ ਮੁਲਤਾਨ ਜਾਣ ਦਾ ਹੁਕਮ ਦਿੱਤਾ, ਪਰ ਹੁਸੈਨ ਨੇ ਸ਼ਾਹੀ ਫੌਜਾਂ ਨੂੰ ਹਰਾ ਦਿੱਤਾ। ਇਸ ਪ੍ਰਕਾਰ ਦੱਖਣੀ ਪੰਜਾਬ ਦਾ ਉਪ-ਪ੍ਰਾਂਤ ਬਹਿਲੋਲ ਲੋਧੀ ਦੇ ਹੱਥੋਂ ਜਾਂਦਾ ਰਿਹਾ। ਮੁਲਤਾਨ ਦੀ ਸੁਤੰਤਰਤਾ ਤੋਂ ਪ੍ਰੇਰਤ ਹੋ ਕੇ ਪੰਜਾਬ ਦੇ ਨਾਜ਼ਿਮ, ਤਾਤਾਰ ਖਾਂ ਨੇ ਵੀ ਸੁਤੰਤਰਤਾ ਦਾ ਐਲਾਨ ਕਰ ਦਿੱਤਾ। ਬਹਿਲੋਲ ਲੋਧੀ ਨੇ ਤਾਤਾਰ ਖਾਂ ਨੂੰ ਸੋਧਣ ਲਈ ਆਪਣੇ ਪੁੱਤਰ ਨਿਜ਼ਾਮ ਖ਼ਾਨ (ਸਿਕੰਦਰ ਲੋਧੀ) ਨੂੰ ਭੇਜਿਆ। ਨਿਜ਼ਾਮ ਖਾਨ ਨੇ ਤਾਤਾਰ ਖਾਂ ਨੂੰ ਕਰਾਰੀ ਹਾਰ ਦਿੱਤੀ। ਪੰਜਾਬ ਵਿੱਚ ਮੁੜ ਲੋਧੀ ਰਾਜ ਸਥਾਪਿਤ ਹੋ ਗਿਆ।

(ii) **ਸਿਕੰਦਰ ਲੋਧੀ** (Sikander Lodhi 1489 A.D. -1517 A.D):- ਬਹਿਲੋਲ ਲੋਧੀ ਦੀ ਮੌਤ ਤੋਂ ਮਗਰੋਂ ਸਿਕੰਦਰ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ। ਉਹ 'ਲੋਧੀ ਵੰਸ਼' ਦਾ ਸਭ ਤੋਂ ਪ੍ਰਸਿੱਧ ਬਾਦਸ਼ਾਹ ਮੰਨਿਆ ਜਾਂਦਾ ਹੈ। ਉਸ ਨੇ ਆਪਣੇ ਰਾਜ ਪ੍ਰਬੰਧ ਨੂੰ ਕੇਂਦਰਿਤ ਕੀਤਾ ਅਤੇ ਆਪਣੇ ਸਰਦਾਰਾਂ ਅਤੇ ਜ਼ਗੀਰਦਾਰਾਂ ਉੱਤੇ ਪੂਰਾ ਕਾਬੂ ਰੱਖਿਆ। ਉਸ ਨੇ ਕੇਂਦਰੀ ਪੰਜਾਬ ਦਾ ਨਾਜ਼ਿਮ ਦੌਲਤ ਖਾਂ ਲੋਧੀ ਨੂੰ ਨਿਯੁਕਤ ਕੀਤਾ। ਉਸ ਦੇ ਪ੍ਰਾਂਤ ਦੀਆਂ ਹੱਦਾਂ ਭੇਰਾ (ਸਰਗੋਧਾ) ਤੋਂ ਸਰਹਿੰਦ ਤੀਕ ਸਨ। ਦੀਪਾਲਪੁਰ ਵੀ ਪੰਜਾਬ ਦਾ ਟਿੱਕ ਤੱਕੜਾ ਉਪ-ਪ੍ਰਾਂਤ ਸੀ। ਪਰ ਦੁਆਬਾ ਚੱਜ ਵਿੱਚ ਗੱਖੜਾਂ ਦਾ ਬੋਲਬਾਲਾ ਸੀ। ਇਹਨਾਂ ਸਭਨਾਂ ਹਾਕਮਾਂ ਵਿੱਚੋਂ ਦੌਲਤ ਖਾਂ ਲੋਧੀ ਦਾ ਪਦ ਉੱਚਾ ਸੀ, ਕਿਉਂਕਿ ਸਿਕੰਦਰ ਲੋਧੀ ਉਸ ਨੂੰ ਲੋਧੀਆਂ ਦੇ ਕਬੀਲੇ ਦੇ ਚਾਰ ਮੁਖੀ ਸਰਦਾਰਾਂ ਵਿੱਚੋਂ ਇੱਕ ਮੰਨਦਾ ਸੀ। ਦਿੱਲੀ ਦਾ ਲੋਧੀ ਸਮਰਾਟ ਉਹਨਾਂ ਤੋਂ ਕਰ ਵਸੂਲ ਕਰਦਾ ਸੀ ਅਤੇ ਉਹ ਉਹਨਾਂ ਦੇ ਸਥਾਨਿਕ ਪ੍ਰਬੰਧ ਵਿੱਚ ਦਖ਼ਲ ਨਹੀਂ ਸੀ ਦਿੰਦਾ ਤਾਂਜੋ ਉੱਤਰ-ਪੱਛਮੀ ਸੀਮਾ ਪ੍ਰਾਂਤ ਵਿੱਚ ਹੋਣ

ਕਰਕੇ ਉਹ ਕਿਸੇ ਵਿਦੇਸ਼ੀ ਹਾਕਮ ਨਾਲ ਗੱਠਜੋੜ ਨਾ ਕਰ ਲੈਣ। ਇਸ ਤਰ੍ਹਾਂ ਸਿਕੰਦਰ ਲੋਧੀ ਸਮੇਂ ਪੰਜਾਬ ਲੋਧੀ ਸਾਮਰਾਜ ਦਾ ਨਾ ਮਾਤਰ ਭਾਗ ਹੀ ਸੀ। ਸਿਕੰਦਰ ਲੋਧੀ ਪਰਜਾ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨਾ ਆਪਣਾ ਫ਼ਰਜ਼ ਸਮਝਦਾ ਸੀ। ਉਸ ਦਾ ਫ਼ਰਜ਼ ਅਤੇ ਇਨਸਾਫ਼ ਕੇਵਲ ਮੁਸਲਮਾਨਾਂ ਤੱਕ ਸੀਮਿਤ ਸੀ। ਉਹ ਹਿੰਦੂਆਂ ਨੂੰ ਘਿਰਣਾ ਕਰਦਾ ਸੀ। ਹਿੰਦੂ ਦੇਵੀ-ਦੇਵਤਿਆਂ ਦੇ ਬੁੱਤਾਂ ਅਤੇ ਮੰਦਰਾਂ ਨੂੰ ਤੋੜਨਾ ਉਹ ਆਪਣਾ ਸ਼ੁਗਲ ਸਮਝਦਾ ਸੀ।

**(iii) ਇਬਰਾਹੀਮ ਲੋਧੀ** (Ibrahim Lodhi 1517A.D.-1526 A.D):- ਸਿਕੰਦਰ ਲੋਧੀ ਤੋਂ ਪਿੱਛੋਂ ਇਬਰਾਹੀਮ ਲੋਧੀ ਦਿੱਲੀ ਦੇ ਤਖ਼ਤ ਉੱਤੇ ਬੈਠਾ। ਉਸ ਵਿੱਚ ਸੂਝ ਅਤੇ ਸਿਆਣਪ ਸੀ। ਉਹ ਇੱਕ ਬਹਾਦਰ ਸਿਪਾਹੀ ਅਤੇ ਕਾਫ਼ੀ ਹੱਦ ਤੱਕ ਕਾਮਯਾਬ ਜਰਨੈਲ ਸੀ। ਉਹ ਮਿਹਨਤੀ ਅਤੇ ਇਮਾਨਦਾਰ ਸੀ ਪਰ ਉਹ ਆਪਣੇ ਸ਼ਾਸਨ-ਕਾਲ ਵਿੱਚ ਬੁਰੀ ਤਰ੍ਹਾਂ ਅਸਫਲ ਰਿਹਾ।

ਭਾਵੇਂ ਉਹ ਆਪ ਪਠਾਣ ਸੀ, ਪਰ ਉਹ ਪਠਾਣਾਂ ਦੇ ਸੁਭਾਅ ਅਤੇ ਆਚਰਨ ਨੂੰ ਚੰਗੀ ਤਰ੍ਹਾਂ ਨਹੀ ਸੀ ਸਮਝ ਸਕਿਆ। ਉਸ ਨੇ ਆਪਣੇ ਪਿਤਾ ਅਤੇ ਦਾਦੇ ਦੀ ਨੀਤੀ ਨੂੰ ਛੱਡ ਕੇ ਪਠਾਣਾਂ ਵਿੱਚ ਤਕੜਾ ਅਨੁਸ਼ਾਸਨ ਕਾਇਮ ਕਰਨਾ ਚਾਹਿਆ। ਪਠਾਣ, ਸੁਭਾਅ ਤੋਂ ਪਰਜਾਤੰਤਰੀ (Democratic) ਸਨ, ਇਸ ਲਈ ਉਹ ਬਾਦਸ਼ਾਹ ਨੂੰ ਇੱਕ ਸਰਦਾਰ ਤੋਂ ਵੱਧ ਕੁਝ ਵੀ ਨਹੀਂ ਸਨ ਸਮਝਦੇ। ਉਹਨਾਂ ਨੇ ਬਗਾਵਤਾਂ ਦਾ ਝੰਡਾ ਖੜ੍ਹਾ ਕਰ ਦਿੱਤਾ। ਬਗਾਵਤਾਂ ਨੂੰ ਦਬਾਉਣ ਵਿੱਚ ਉਹ ਅਸਫਲ ਰਿਹਾ। ਸਿੱਟੇ ਵਜੋਂ ਭੇਰਾ ਤੋਂ ਲੈ ਕੇ ਬਿਹਾਰ ਤੱਕ ਇਬਰਾਹੀਮ ਦਾ ਰਾਜ ਕੇਵਲ ਨਾ ਮਾਤਰ ਹੀ ਰਹਿ ਗਿਆ।

ਇਸ ਲੋਧੀ ਰਾਜ ਵਿਚ ਪੰਜਾਬ ਇੱਕ ਸੂਬਾ ਸੀ। ਪਰ ਉਸ ਸਮੇਂ ਦਾ ਪੰਜਾਬ ਇੱਕ ਸਮੁੱਚਾ ਸੂਬਾ ਨਹੀਂ ਸੀ। ਉਹ ਲਾਹੌਰ ਅਤੇ ਮੁਲਤਾਨ ਦੇ ਦੋ ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਪੰਜਾਬ ਦਾ ਸੂਬਾ ਅੱਗੇ ਛੋਟੇ-ਛੋਟੇ ਪਰਗਨਿਆਂ ਵਿੱਚ ਵੰਡਿਆ ਹੋਇਆ ਸੀ, ਜਿਵੇਂ : ਸਰਹਿੰਦ, ਸੁਲਤਾਨਪੁਰ ਅਤੇ ਦੀਪਾਲਪੁਰ। ਇਹ ਪਰਗਨੇ ਸਿੱਧੇ ਦਿੱਲੀ ਦੇ ਬਾਦਸ਼ਾਹ ਦੇ ਅਧੀਨ ਹੁੰਦੇ ਸਨ।

## ਦੌਲਤ ਖਾਂ ਲੋਧੀ ਅਤੇ ਪੰਜਾਬ (1500-1562)
## (Daulat Khan Lodhi and Punjab [1500-1562])

ਸਿਕੰਦਰ ਲੋਧੀ ਨੇ ਤਾਤਾਰ ਖਾਂ ਨੂੰ ਪੰਜਾਬ ਦਾ ਸੂਬੇਦਾਰ ਬਣਾਇਆ ਸੀ। ਉਸ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਦੌਲਤ ਖਾਂ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਇਆ। ਜਿੰਨਾਂ ਚਿਰ ਸਿਕੰਦਰ ਲੋਧੀ ਜਿਉਂਦਾ ਰਿਹਾ, ਦੌਲਤ ਖਾਂ ਉਸ ਦਾ ਪੂਰਾ ਵਫ਼ਾਦਾਰ ਰਿਹਾ ਪਰ ਸਿਕੰਦਰ ਲੋਧੀ ਦੇ ਉੱਤਰਾਧਿਕਾਰੀ ਇਬਰਾਹਮੀ ਲੋਧੀ ਦੇ ਕਠੋਰ, ਸ਼ੱਕੀ ਅਤੇ ਘਮੰਡੀ ਸੁਭਾਅ ਨੇ ਦੌਲਤ ਖਾਂ ਲੋਧੀ ਨੂੰ ਉਸ ਨਾਲ ਘਿਰਣਾ ਕਰਨ ਲਾ ਦਿੱਤਾ। ਉਸ ਨੇ ਸੁਲਤਾਨ ਦੇ ਵਤੀਰੇ ਨੂੰ ਦੇਖ ਕੇ ਆਪਣਾ ਸੁਤੰਤਰ ਰਾਜ ਸਥਾਪਿਤ ਕਰਨ ਦਾ ਮਨ ਬਣਾ ਲਿਆ। ਉਸ ਨੇ ਇਬਰਾਹੀਮ ਲੋਧੀ ਦੇ ਖਿਲਾਫ਼ ਗੋਦਾਂ ਵੀ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਦਿਨਾਂ ਵਿੱਚ ਆਲਮ ਖਾਂ (ਇਬਰਾਹੀਮ ਲੋਧੀ ਦਾ ਚਾਚਾ) ਵੀ ਦਿੱਲੀ ਦਾ ਤਖ਼ਤ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਸੀ। ਸਿੱਟੇ ਵਜੋਂ ਉਹ ਦੌਲਤ ਖਾਂ ਲੋਧੀ ਨਾਲ ਗੰਢ-ਤੁੱਪ ਕਰਨ ਲੱਗ ਪਿਆ।

ਜਦੋਂ ਇਬਰਾਹੀਮ ਲੋਧੀ ਨੂੰ ਦੌਲਤ ਖਾਂ ਲੋਧੀ ਅਤੇ ਆਲਮ ਖਾਂ ਦੀਆਂ ਸਰਗਰਮੀਆਂ ਦਾ ਪਤਾ ਲੱਗਾ ਤਾਂ ਉਸ ਨੇ ਦੌਲਤ ਖਾਂ ਲੋਧੀ ਨੂੰ ਦਿੱਲੀ ਵਿਖੇ ਬੁਲਾਇਆ। ਉਹ ਆਪ ਤਾਂ ਦਿੱਲੀ ਨਾ ਗਿਆ ਪਰ ਉਸ ਨੇ ਉੱਥੇ ਆਪਣੇ ਛੋਟੇ ਪੁੱਤਰ ਦਿਲਾਵਰ ਖਾਂ ਨੂੰ ਭੇਜ ਦਿੱਤਾ।

ਦਿਲਾਵਰ ਖਾਂ ਦੇ ਦਿੱਲੀ ਪੁੱਜਣ 'ਤੇ ਇਬਰਾਹੀਮ ਲੋਧੀ ਨੇ ਉਸ ਨੂੰ ਬੰਦੀ ਬਣਾ ਲਿਆ। ਪਰ ਉਹ ਛੇਤੀ ਹੀ ਬਚ ਕੇ ਲਾਹੌਰ ਪੁੱਜ ਗਿਆ। ਇਸ ਤੇ ਦੌਲਤ ਖਾਂ ਲੋਧੀ ਨੂੰ ਯਕੀਨ ਹੋ ਗਿਆ ਕਿ ਇਬਰਾਹੀਮ ਲੋਧੀ ਉਸ ਨੂੰ ਜ਼ਰੂਰ ਸਜ਼ਾ ਦੇਵੇਗਾ। ਸਿੱਟੇ ਵਜੋਂ ਉਸ ਨੇ ਇਬਰਾਹੀਮ ਲੋਧੀ ਨੂੰ ਨੀਵਾਂ ਦਿਖਾਉਣ ਲਈ ਦਿੱਲੀ ਨਾਲੋਂ ਸੰਬੰਧ ਤੋੜ ਲਏ।

## ਦੌਲਤ ਖਾਂ ਲੋਧੀ ਦਾ ਬਾਬਰ ਨਾਲ਼ ਗੱਠਜੋੜ

## (Alliance between Daulat Khan Lodhi and Babur)

1519 ਈ. ਵਿੱਚ ਕਾਬਲ ਦੇ ਹਾਕਮ ਜ਼ਹੀਰ-ਉਦ-ਦੀਨ ਬਾਬਰ ਨੇ ਪੰਜਾਬ ਉੱਤੇ ਹਮਲਾ ਕੀਤਾ। ਬਾਬਰ ਨੇ ਪਹਿਲਾਂ ਬਜੌਰ ਉੱਤੇ ਜਿੱਤ ਪ੍ਰਾਪਤ ਕੀਤੀ। ਨਾਲ਼ ਦੀ ਨਾਲ਼ ਹੀ ਉਸ ਨੇ ਭੇਰਾ ਉੱਤੇ ਵੀ ਕਬਜ਼ਾ ਕਰ ਲਿਆ। ਇਹਨਾਂ ਜਿੱਤਾਂ ਤੋਂ ਉਤਸ਼ਾਹਿਤ ਹੋ ਕੇ ਬਾਬਰ ਨੇ ਆਪਣੇ ਇੱਕ ਦੂਤ, ਮੁੱਲਾ ਮੁਰਸ਼ਿਦ ਨੂੰ ਇਬਰਾਹੀਮ ਲੋਧੀ ਕੋਲ਼ ਭੇਜਿਆ। ਦੌਲਤ ਖਾਂ ਲੋਧੀ ਨੇ ਬਾਬਰ ਦੇ ਦੂਤ ਨੂੰ ਲਾਹੌਰ ਵਿਖੇ ਹੀ ਰੋਕ ਲਿਆ। ਬਾਬਰ ਹਿੰਦੂ ਬੇਗ ਨੂੰ ਆਪਣੇ ਜਿੱਤੇ ਹੋਏ ਇਲਾਕਿਆਂ ਦਾ ਪ੍ਰਬੰਧ ਸੰਭਾਲ਼ ਕੇ ਆਪ ਵਾਪਸ ਕਾਬਲ ਚਲਾ ਗਿਆ। ਕੁਝ ਸਮੇਂ ਬਾਅਦ ਹੀ ਭੇਰਾ ਦੇ ਲੋਕਾਂ ਨੇ ਬਗਾਵਤ ਕਰਕੇ ਹਿੰਦੂ ਬੇਗ ਨੂੰ ਉੱਥੋਂ ਭਜਾ ਦਿੱਤਾ। ਇਸ ਕਾਰਵਾਈ ਤੋਂ ਚਿੜ੍ਹ ਕੇ ਬਾਬਰ ਨੇ ਸਤੰਬਰ 1519 ਈ: ਵਿੱਚ ਫਿਰ ਪੰਜਾਬ ਉੱਤੇ ਹਮਲਾ ਕੀਤਾ। ਭੇਰਾ ਆਦਿ ਦੇ ਇਲਾਕੇ ਮੁੜ ਜਿੱਤਣ ਉਪਰੰਤ ਬਾਬਰ ਨੇ ਸਿਆਲਕੋਟ ਵੀ ਜਿੱਤ ਲਿਆ। ਇੱਥੋਂ ਬਾਬਰ ਸੈਦਪੁਰ (ਐਮਨਾਬਾਦ) ਵੱਲ ਵਧਿਆ। ਉੱਥੋਂ ਦੀ ਰੱਖਿਅਕ ਸੈਨਾ ਨੇ ਬਾਬਰ ਦੀ ਧਾੜਵੀ ਫ਼ੌਜ ਦਾ ਡੱਟ ਕੇ ਮੁਕਾਬਲਾ ਕੀਤਾ। ਅੰਤ ਬਾਬਰ ਦੀ ਜਿੱਤ ਹੋਈ। ਰੱਖਿਅਕ ਸੈਨਾ ਕਤਲ ਕਰ ਦਿੱਤੀ ਗਈ। ਸੈਦਪੁਰ ਦੀ ਜਨਤਾ ਨਾਲ ਵੀ ਨਿਰਦਈ ਸਲੂਕ ਕੀਤਾ ਗਿਆ। ਕਈ ਲੋਕਾਂ ਨੂੰ ਦਾਸ ਬਣਾ ਲਿਆ ਗਿਆ। ਗੁਰੂ ਨਾਨਕ ਦੇਵ ਜੀ ਨੇ ਇਹਨਾਂ ਅੱਤਿਆਚਾਰਾਂ ਦਾ ਵਰਣਨ 'ਬਾਬਰਬਾਣੀ' ਵਿੱਚ ਕੀਤਾ ਹੈ।

1520-24 ਈ: ਵਿਚਕਾਰ ਦੌਲਤ ਖਾਂ ਲੋਧੀ ਨੇ ਕੇਂਦਰੀ ਪੰਜਾਬ ਵਿੱਚ ਆਪਣੀ ਸਥਿਤੀ ਮਜ਼ਬੂਤ ਕਰਨ ਦਾ ਯਤਨ ਕੀਤਾ। ਸਿੱਟੇ ਵਜੋਂ ਇਬਰਾਹੀਮ ਲੋਧੀ ਉਸ ਦੇ ਹੋਰ ਵੀ ਵਿੱਰੁਧ ਹੋ ਗਿਆ। ਇਬਰਾਹੀਮ ਲੋਧੀ ਨੇ ਮੌਕਾ ਮਿਲ਼ਦੇ ਹੀ ਦੌਲਤ ਖਾਂ ਲੋਧੀ ਨੂੰ ਸੋਧ ਕੇ ਪੰਜਾਬ ਨੂੰ ਮੁੜ ਆਪਣੇ ਸਾਮਰਾਜ ਨਾਲ਼ ਮਿਲਾਉਣ ਦਾ ਫ਼ੈਸਲਾ ਕਰ ਲਿਆ। ਸਿੱਟੇ ਵਜੋਂ ਦੌਲਤ ਖਾਂ ਲੋਧੀ ਨੇ ਆਪਣੇ ਪੁੱਤਰ ਦਿਲਾਵਰ ਖਾਂ ਨੂੰ ਬਾਬਰ ਕੋਲ਼ ਕਾਬਲ ਵਿਖੇ ਭੇਜਿਆ ਅਤੇ ਉਸ ਨੂੰ ਪੰਜਾਬ ਉੱਤੇ ਹਮਲਾ ਕਰਨ ਦਾ ਸੱਦਾ ਦਿੱਤਾ। ਦੂਜੇ ਪਾਸੇ ਇਬਰਾਹੀਮ ਲੋਧੀ ਨੇ ਦੌਲਤ ਖਾਂ ਲੋਧੀ ਦੇ ਵਿਰੁੱਧ ਹਮਲਾ ਕਰ ਦਿੱਤਾ। ਦੌਲਤ ਖਾਂ ਲੋਧੀ ਦੀ ਹਾਰ ਹੋਈ। ਬਾਬਰ ਬਿਨਾਂ ਕਿਸੇ ਰੋਕ-ਟੋਕ ਦੇ 1524 ਈ. ਵਿੱਚ ਲਾਹੌਰ ਦੇ ਨੇੜੇ ਜਾ ਪੁੱਜਾ। ਇੱਥੇ ਇਬਰਾਹੀਮ ਲੋਧੀ ਦੀਆਂ ਫ਼ੌਜਾਂ ਨੇ ਬਿਹਾਰ ਖਾਂ ਦੇ ਅਧੀਨ ਬਾਬਰ ਨੂੰ ਰੋਕਣ ਦਾ ਯਤਨ ਕੀਤਾ ਪਰ ਬਾਬਰ ਨੇ ਉਸ ਨੂੰ ਹਰਾ ਦਿੱਤਾ। ਬਾਬਰ ਦਾ ਲਾਹੌਰ ਉੱਤੇ ਵੀ ਅਸਾਨੀ ਨਾਲ਼ ਕਬਜ਼ਾ ਹੋ ਗਿਆ। ਫਿਰ ਉਸ ਨੇ ਜਲੰਧਰ ਅਤੇ ਦੀਪਾਲਪੁਰ ਉੱਤੇ ਵੀ ਅਸਾਨੀ ਨਾਲ਼ ਕਬਜ਼ਾ ਕਰ ਲਿਆ। ਦੌਲਤ ਖਾਂ ਲੋਧੀ ਨੂੰ ਆਸ ਸੀ ਕਿ ਬਾਬਰ ਉਹਨਾਂ ਇਲਾਕਿਆਂ ਉੱਤੇ ਕਬਜਾ ਕਰਕੇ ਉਹਨਾਂ ਦਾ ਅਧਿਕਾਰ ਉਸ ਨੂੰ ਸੌਂਪ ਦੇਵੇਗਾ ਅਤੇ ਆਪ ਵਾਪਸ ਕਾਬਲ ਚਲਾ ਜਾਵੇਗਾ। ਪਰ ਬਾਬਰ ਨੇ ਉਸ ਨੂੰ ਜਲੰਧਰ ਅਤੇ ਸੁਲਤਾਨਪੁਰ ਦੇ ਇਲਾਕੇ ਹੀ ਦਿੱਤੇ। ਇਸ 'ਤੇ ਦੌਲਤ ਖਾਂ ਲੋਧੀ ਨੇ ਬਗਾਵਤ ਕਰ ਦਿੱਤੀ ਪਰ ਹਾਰ ਗਿਆ ਅਤੇ ਪਹਾੜਾਂ ਵਿੱਚ ਜਾ ਛੁੱਪਿਆ। ਬਾਬਰ ਨੇ ਸੁਲਤਾਨਪੁਰ ਦਾ ਇਲਾਕਾ ਦਿਲਾਵਰ ਖਾਂ (ਦੌਲਤ ਖਾਂ ਲੋਧੀ ਦਾ ਪੁੱਤਰ) ਨੂੰ ਦੇ ਦਿੱਤਾ। ਦੀਪਾਲਪੁਰ ਉਸ ਨੇ ਆਲਮ ਖਾਂ (ਇਬਰਾਹੀਮ ਲੋਧੀ ਦਾ ਚਾਚਾ) ਨੂੰ ਦੇ ਦਿੱਤਾ। ਲਾਹੌਰ ਨੂੰ ਉਸ ਨੇ ਆਪਣੇ ਪ੍ਰੀਤਨਿੱਧ ਅਬਦੁੱਲ ਅਜੀਜ਼ ਦੇ ਹਵਾਲੇ ਕਰ ਦਿੱਤਾ। ਬਾਬਰ ਵਾਪਸ ਕਾਬਲ ਚਲਿਆ ਗਿਆ। ਉਸ ਨੂੰ ਇਹ ਵੀ ਅਨੁਭਵ ਹੋ ਗਿਆ ਸੀ ਕਿ ਦਿੱਲੀ ਹਮਲਾ ਕਰਨ ਲਈ ਹੋਰ ਜ਼ਿਆਦਾ ਤਿਆਰੀ ਦੀ ਲੋੜ ਹੈ।

## ਆਲਮ ਖ਼ਾਂ ਤੇ ਪੰਜਾਬ

## (Alam Khan and Punjab)

ਇਬਰਾਹੀਮ ਲੋਧੀ ਦੇ ਭੈੜੇ ਵਰਤਾਅ ਕਾਰਨ ਅਫ਼ਗਾਨ ਸਰਦਾਰ ਉਸ ਨਾਲ਼ ਨਰਾਜ਼ ਸਨ। ਆਪਣੀ ਨਰਾਜ਼ਗੀ ਦਿਖਾਉਣ ਲਈ ਉਹਨਾਂ ਨੇ ਆਲਮ ਖਾਂ ਨੂੰ ਦਿੱਲੀ ਦਾ ਹਾਕਮ ਬਨਾਉਣ ਦੀ ਵਿਉਂਤ

ਬਣਾਈ। ਉਹਨਾਂ ਨੇ ਇਸ ਮੰਤਵ ਲਈ ਬਾਬਰ ਦੀ ਸਹਾਇਤਾ ਲੈਣ ਦਾ ਫ਼ੈਸਲਾ ਕਰ ਲਿਆ। ਪਰੰਤੂ 1524 ਈ: ਵਿੱਚ ਆਪਣੇ ਜਿੱਤੇ ਹੋਏ ਇਲਾਕਿਆਂ ਦਾ ਪ੍ਰਬੰਧ ਕਰਕੇ ਬਾਬਰ ਕਾਬਲ ਗਿਆ ਹੀ ਸੀ ਕਿ ਦੌਲਤ ਖਾਂ ਲੋਧੀ ਨੇ ਆਪਣੀਆਂ ਫੌਜਾਂ ਇੱਕਠੀਆਂ ਕਰਕੇ ਅਬਦੁਲ ਅਜੀਜ਼ ਤੋਂ ਲਾਹੌਰ ਖੋਹ ਲਿਆ। ਉਸ ਤੋਂ ਉਪਰੰਤ ਉਸ ਨੇ ਸੁਲਤਾਨਪੁਰ, ਵਿੱਚੋਂ ਦਿਲਾਵਰ ਖਾਂ ਨੂੰ ਕੱਢ ਕੇ ਦੀਪਾਲਪੁਰ ਵਿਖੇ ਆਲਮ ਖਾਂ ਨੂੰ ਵੀ ਹਰਾ ਦਿੱਤਾ। ਆਲਮ ਖਾਂ ਕਾਬਲ ਵਿਖੇ ਬਾਬਰ ਦੀ ਸ਼ਰਨ ਵਿੱਚ ਚਲਾ ਗਿਆ। ਫਿਰ ਦੌਲਤ ਖਾਂ ਲੋਧੀ ਨੇ ਸਿਆਲਕੋਟ ਉੱਤੇ ਹਮਲਾ ਕੀਤਾ, ਪਰ ਉਹ ਅਸਫਲ ਰਿਹਾ। ਦੌਲਤ ਖਾਂ ਦੀ ਵੱਧ ਰਹੀ ਸ਼ਕਤੀ ਨੂੰ ਖਤਮ ਕਰਨ ਲਈ ਅਤੇ ਬਾਬਰ ਦੀ ਸੈਨਾ ਨੂੰ ਪੰਜਾਬ ਵਿੱਚੋਂ ਕੱਢਣ ਲਈ ਇਬਰਾਹੀਮ ਲੋਧੀ ਨੇ ਫਿਰ ਆਪਣੀ ਸੈਨਾ ਭੇਜੀ। ਦੌਲਤ ਖਾਂ ਲੋਧੀ ਨੇ ਉਸ ਫੌਜ ਨੂੰ ਕਰਾਰੀ ਹਾਰ ਦਿੱਤੀ। ਸਿੱਟੇ ਵਜੋਂ ਕੇਂਦਰੀ ਪੰਜਾਬ ਵਿੱਚ ਦੌਲਤ ਖਾਂ ਲੋਧੀ ਦਾ ਸੁਤੰਤਰ ਰਾਜ ਸਥਾਪਿਤ ਹੋ ਗਿਆ।

ਆਲਮ ਖਾਂ ਨੇ ਕਾਬਲ ਪਹੁੰਚ ਕੇ ਬਾਬਰ ਨਾਲ਼ ਸੰਧੀ ਕੀਤੀ। ਉਸ ਸੰਧੀ ਦੀਆਂ ਸ਼ਰਤਾਂ ਇਹ ਸਨ—

(i) ਬਾਬਰ ਆਲਮ ਖਾਂ ਨੂੰ ਦਿੱਲੀ ਦਾ ਰਾਜ ਪ੍ਰਾਪਤ ਕਰਨ ਲਈ ਫ਼ੌਜੀ ਸਹਾਇਤਾ ਦੇਵੇਗਾ।

(ii) ਆਲਮ ਖਾਂ ਪੰਜਾਬ ਦੇ ਸਾਰੇ ਇਲਾਕਿਆਂ ਉੱਪਰ ਕਨੂੰਨੀ ਤੌਰ 'ਤੇ ਬਾਬਰ ਦਾ ਅਧਿਕਾਰ ਪ੍ਰਵਾਨ ਕਰੇਗਾ।

ਇਸ ਤੋਂ ਉਪਰੰਤ ਆਲਮ ਖਾਂ ਨੂੰ ਸਹਾਇਤਾ ਦੇਣ ਲਈ ਬਾਬਰ ਨੇ ਪੰਜਾਬ ਦੇ ਮੁਗ਼ਲ ਹਾਕਮਾਂ ਦੇ ਨਾਂ ਫ਼ਰਮਾਨ ਵੀ ਭੇਜੇ।

ਪਰ ਜਦੋਂ ਆਲਮ ਖਾਂ ਲਾਹੌਰ ਪੁੱਜਿਆ ਤਾਂ ਇੱਥੇ ਮੁਗਲ ਹਾਕਮਾਂ ਦੀ ਥਾਂ ਦੌਲਤ ਖਾਂ ਲੋਧੀ ਦਾ ਰਾਜ ਸਥਾਪਿਤ ਸੀ। ਆਲਮ ਖਾਂ ਬੜਾ ਦੁੱਖੀ ਹੋਇਆ। ਉਸ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਦੌਲਤ ਖਾਂ ਲੋਧੀ ਨੇ ਆਲਮ ਖਾਂ ਨੂੰ ਇਬਰਾਹੀਮ ਲੋਧੀ ਦੇ ਵਿਰੁੱਧ ਸਹਾਇਤ ਦੇਣ ਦੀ ਤਜਵੀਜ਼ ਪੇਸ਼ ਕਰ ਦਿੱਤੀ। ਆਲਮ ਖਾਂ ਨੂੰ ਉਸ ਦੀ ਤਜਵੀਜ਼ ਜੱਚ ਗਈ। ਇਸ ਤਰ੍ਹਾਂ ਉਹ ਦੌਲਤ ਖਾਂ ਲੋਧੀ ਨਾਲ਼ ਰਲ ਗਿਆ। ਉਸ ਦੀ ਸਹਾਇਤਾ ਨਾਲ਼ ਆਲਮ ਖਾਂ ਨੇ ਦਿੱਲੀ ਉਪਰ ਚੜ੍ਹਾਈ ਕਰ ਦਿੱਤੀ। ਇਬਰਾਹੀਮ ਲੋਧੀ ਦੀਆਂ ਫ਼ੌਜਾਂ ਨੇ ਉਸ ਨੂੰ ਕਰਾਰੀ ਹਾਰ ਦਿੱਤੀ। ਸਿੱਟੇ ਵਜੋਂ ਆਲਮ ਖਾਂ ਦੇ ਪੰਜਾਬ ਜਾਂ ਦਿੱਲੀ ਦਾ ਰਾਜ ਪ੍ਰਾਪਤ ਕਰਨ ਦੇ ਸੁਪਨੇ ਸਦਾ ਲਈ ਮਿੱਟੀ ਵਿੱਚ ਮਿਲ਼ ਗਏ।

## ਬਾਬਰ ਦੀ ਪੰਜਾਬ ਉੱਤੇ ਜਿੱਤ
## (Babur's Conquest of the Punjab)

ਬਾਬਰ ਨਵੰਬਰ, 1525 ਈ: ਵਿੱਚ 12,000 ਸੈਨਿਕਾਂ ਨਾਲ਼ ਕਾਬਲ ਤੋਂ ਪੰਜਾਬ ਵੱਲ ਵਧਿਆ। ਬਾਬਰ ਨੇ ਸਭ ਤੋਂ ਪਹਿਲਾਂ ਦੌਲਤ ਖਾਂ ਲੋਧੀ ਨੂੰ ਦੰਡ ਦੇਣ ਦਾ ਫੈਸਲਾ ਕੀਤਾ। ਜਦੋਂ ਉਸ ਨੂੰ ਬਾਬਰ ਦੀ ਭੈੜੀ ਨੀਅਤ ਦਾ ਪਤਾ ਲੱਗਾ ਤਾਂ ਦੌਲਤ ਖਾਂ ਲੋਧੀ, ਆਪਣੇ ਪੁੱਤਰ ਗਾਜ਼ੀ ਖਾਂ ਸਮੇਤ, ਲਾਹੌਰ ਤੋਂ ਦੌੜ ਗਿਆ। ਅੰਤ ਨੂੰ ਦੌਲਤ ਖਾਂ ਲੋਧੀ ਨੇ ਬਾਬਰ ਅੱਗੇ ਹਥਿਆਰ ਸੁੱਟ ਦਿੱਤੇ।

ਇੱਥੋਂ ਬਾਬਰ ਪੰਜਾਬ ਦੇ ਉਪ-ਪ੍ਰਾਂਤ ਸਰਹਿੰਦ ਵੱਲ ਵਧਿਆ। ਉਸ ਨੇ ਸਭ ਤੋਂ ਪਹਿਲਾਂ ਅੰਬਾਲ਼ਾ ਜਿੱਤਿਆ। ਹਾਂਸੀ, ਹਿਸਾਰ-ਫਿਰੋਜ਼ਾ ਜਿੱਤਣ ਲਈ ਉਸ ਨੇ ਆਪਣੇ ਪੁੱਤਰ ਹੁਮਾਯੂੰ ਨੂੰ ਭੇਜਿਆ। ਬਾਬਰ ਆਪ ਪਾਣੀਪਤ ਜਿੱਤਣ ਲਈ ਦਿੱਲੀ ਵੱਲ ਵਧਿਆ। ਉਸ ਨੇ ਪਾਣੀਪਤ ਪੁੱਜ ਕੇ ਆਪਣਾ ਪੜਾਅ ਕੀਤਾ ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਵੀ ਉਸ ਦਾ ਮੁਕਾਬਲਾ ਕਰਨ ਲਈ 1,00,000 ਸੈਨਾ ਲੈ ਕੇ ਅੱਗੇ ਵਧਿਆ। ਉਸ ਦੀ ਸੈਨਾ ਚਾਰ ਭਾਗਾਂ ਵਿੱਚ ਵੰਡੀ ਹੋਈ ਸੀ-ਅੱਗੇ ਰਹਿਣ ਵਾਲੀ ਸੈਨਿਕ ਟੁਕੜੀ, ਕੇਂਦਰੀ ਸੈਨਾ ਅਤੇ ਖੱਬੇ ਅਤੇ ਸੱਜੇ ਹੱਥ ਦੀਆਂ ਸੈਨਾਵਾਂ। ਸੈਨਾ ਦੇ ਅੱਗੇ ਲਗ-ਪਗ 5000 ਹਾਥੀ ਸਨ।

ਉਧਰ ਬਾਬਰ ਨੇ ਆਪਣੀ ਸੈਨਾ ਦੇ ਅੱਗੇ 700 ਬੈਲਗੱਡੀਆਂ ਖੜ੍ਹੀਆਂ ਕੀਤੀਆਂ। ਉਸ ਨੇ

ਉਹਨਾਂ ਬੈਲ-ਗੱਡੀਆਂ ਨੂੰ ਚਮੜੇ ਦੇ ਰੱਸਿਆਂ ਨਾਲ਼ ਬੰਨ੍ਹ ਦਿੱਤਾ। ਬੈਲ-ਗੱਡੀਆਂ ਦੇ ਪਿੱਛੇ ਤੋਪਖਾਨਾ ਸੀ। ਤੋਪਾਂ ਦੇ ਪਿੱਛੇ ਆਗੂ ਸੈਨਿਕ ਟੁਕੜੀ ਅਤੇ ਕੇਂਦਰੀ ਸੈਨਾ ਸੀ। ਸੱਜੇ ਅਤੇ ਖੱਬੇ ਤੁਲੁਗਮਾ ਦਸਤੇ (ਇੱਕ ਸੈਨਿਕ ਬਣਤਰ) ਸਨ। ਸਭ ਤੋਂ ਪਿੱਛੇ ਬਹੁਤ ਸਾਰੀ ਘੋੜ ਸਵਾਰ ਸੈਨਾ ਛੁਪਾ ਕੇ ਰੱਖੀ ਹੋਈ ਸੀ।

ਬਾਬਰ ਇੱਕ ਹਫ਼ਤਾ ਚੁੱਪ-ਚਾਪ ਬੈਠਾ ਰਿਹਾ। 21 ਅਪ੍ਰੈਲ, 1526 ਈ: ਨੂੰ ਪਹਿਲਾਂ ਇਬਰਾਹੀਮ ਲੋਧੀ ਦੀ ਫੌਜ ਨੇ ਹਮਲਾ ਕੀਤਾ। ਉਹ ਫੌਜ ਬਾਬਰ ਦੀਆਂ ਬੈਲ ਗੱਡੀਆਂ ਕੋਲ ਪੁੱਜ ਕੇ ਰੁਕ ਗਈ। ਬਾਬਰ ਦੇ ਤੋਪਖਾਨੇ ਨੇ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਬਰਾਹੀਮ ਲੋਧੀ ਦੇ ਹਾਥੀਆਂ ਨੇ ਜ਼ਖ਼ਮੀ ਹੋ ਕੇ ਪਿੱਛੇ ਮੁੜ ਕੇ ਆਪਣੀ ਹੀ ਫ਼ੌਜ ਨੂੰ ਕੁਚਲ ਦਿੱਤਾ। ਬਾਬਰ ਦੀਆਂ ਤੁਲੁਗਮਾਂ ਦਸਤਿਆਂ ਨੇ ਸੱਜੇ ਅਤੇ ਖੱਬੇ ਪਾਸਿਆਂ ਤੋਂ ਅੱਗੇ ਵੱਧ ਕੇ ਪਿੱਛਿਓਂ ਵੈਰੀ ਨੂੰ ਘੇਰ ਲਿਆ। ਇਬਰਾਹੀਮ ਲੋਧੀ ਅਤੇ ਉਸ ਦੇ 15,000 ਸੈਨਿਕ ਮਾਰੇ ਗਏ। ਬਾਬਰ ਨੂੰ ਪੰਜਾਬ ਉੱਤੇ ਪੂਰਨ ਜਿੱਤ ਪ੍ਰਾਪਤ ਹੋਈ।

## ਸਮਾਜਿਕ ਅਵਸਥਾ
## (Social Condition)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦਾ ਸਮਾਜ ਮੁੱਖ ਰੂਪ ਵਿੱਚ ਦੋ ਭਾਗਾਂ ਵਿੱਚ ਵੰਡਿਆ ਹੋਇਆ ਸੀ-ਮੁਸਲਿਮ ਸਮਾਜ ਅਤੇ ਹਿੰਦੂ ਸਮਾਜ।

### 1. ਮੁਸਲਿਮ ਸਮਾਜ

(ੳ) **ਮੁਸਲਮਾਨਾਂ ਦੀ ਸਮਾਜਿਕ ਦਸ਼ਾ** (Social Condition of the Muslims): ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਪੰਜਾਬ ਵਿੱਚ ਮੁਸਲਮਾਨ ਹਾਕਮਾਂ ਦੀ ਸਰਕਾਰ ਸੀ। ਇਸ ਲਈ ਮੁਸਲਮਾਨ ਸਰਕਾਰ ਵਿੱਚ ਉੱਚੇ ਤੋਂ ਉੱਚਾ ਅਹੁਦਾ ਪ੍ਰਾਪਤ ਕਰ ਸਕਦੇ ਸਨ। ਉਹਨਾਂ ਨਾਲ਼ ਆਦਰ ਭਰਪੂਰ ਸਲੂਕ ਹੁੰਦਾ ਸੀ। ਸਰਕਾਰੀ ਇਨਸਾਫ਼ ਉਹਨਾਂ ਦੇ ਹੱਕ ਵਿੱਚ ਹੁੰਦਾ ਸੀ।

ਉਸ ਸਮੇਂ ਦਾ ਮੁਸਲਮਾਨ ਸਮਾਜ ਚਾਰ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ। ਅਮੀਰ ਅਤੇ ਸਰਦਾਰ ਉਲਮਾ ਅਤੇ ਸਯੱਦ, ਮੱਧ-ਸ਼੍ਰੇਣੀ ਅਤੇ ਗੁਲਾਮ।

(i) **ਅਮੀਰ ਅਤੇ ਸਰਦਾਰ** (Amirs and Sardars): ਇਹ ਉੱਚੀ ਸ਼੍ਰੇਣੀ ਦੇ ਲੋਕ ਸਨ। ਇਹਨਾਂ ਨੂੰ ਉੱਚੀਆਂ ਪਦਵੀਆਂ ਮਿਲ਼ੀਆਂ ਹੋਈਆਂ ਸਨ। ਸਰਦਾਰਾਂ ਨੂੰ ਇਲਾਕਾ ਦਿੱਤਾ ਜਾਂਦਾ ਸੀ। ਉਸ ਇਲਾਕੇ ਦੇ ਭੂਮੀ ਕਰ ਨੂੰ ਉਹ ਖ਼ੁਦ ਉਗਰਾ ਹੁੰਦੇ ਸਨ। ਉਹ ਪੈਸਾ ਉਹ ਆਪਣੀਆਂ ਲੋੜਾਂ ਉੱਪਰ ਹੀ ਖ਼ਰਚ ਕਰਦੇ ਸਨ।

ਸਰਦਾਰਾਂ ਦਾ ਕੰਮ ਮੁਹਿੰਮਾ ਵਿੱਚ ਹਿੱਸਾ ਲੈਣਾ ਸੀ। ਇਹ ਲੋਕ ਆਪਸ ਵਿੱਚ ਵੀ ਲੜਾਈਆਂ ਵਿੱਚ ਰੁੱਝੇ ਰਹਿੰਦੇ ਸਨ। ਇਹਨਾਂ ਦੀ ਰੁਚੀ ਦਿੱਲੀ ਸਰਕਾਰ ਤੋਂ ਅਜ਼ਾਦ ਹੋਣ ਦੀ ਹੀ ਹੁੰਦੀ ਸੀ। ਸਥਾਨਿਕ ਪ੍ਰਬੰਧ ਵਿੱਚ ਇਹ ਲੋਕ ਦਿਲਚਸਪੀ ਨਹੀਂ ਲੈਂਦੇ ਸਨ।

ਇਹ ਵੱਡੀਆਂ-ਵੱਡੀਆਂ ਹਵੇਲੀਆਂ ਵਿੱਚ ਰਹਿੰਦੇ ਸਨ। ਇਹ ਕਈ-ਕਈ ਵਿਆਹ ਕਰਵਾਉਂਦੇ ਸਨ ਇਹ ਮਰਦ ਅਤੇ ਤੀਵੀਆਂ ਨੂੰ ਨੌਕਰ ਰੱਖਦੇ ਸਨ, ਜਿਨ੍ਹਾਂ ਨੂੰ 'ਗ਼ੁਲਾਮ' ਕਿਹਾ ਜਾਂਦਾ ਸੀ। ਅਮੀਰ ਹੋਣ ਕਰਕੇ ਇਹ ਲੋਕ ਐਸ਼ ਪ੍ਰਸਤ ਅਤੇ ਦੁਰਾਚਾਰੀ ਸਨ।

(ii) **ਉਲਮਾ ਅਤੇ ਸਯੱਦ** (Ulema and Sayyids) : ਮੁਸਲਮਾਨਾਂ ਦੀ ਧਾਰਮਿਕ ਜਮਾਤ ਵੀ ਅੱਗੇ ਸ਼੍ਰੇਣੀਆਂ ਵਿੱਚ ਵੰਡੀ ਹੋਈ ਸੀ। ਉਲਮਾ ਮੁਸਲਿਮ ਧਾਰਮਿਕ ਵਰਗ ਦੇ ਨੇਤਾ ਸਨ। ਉਹ ਲੋਕ ਅਰਬੀ ਅਤੇ ਧਾਰਮਿਕ ਸਾਹਿਤ ਦੇ ਉੱਘੇ ਵਿਦਵਾਨ ਹੁੰਦੇ ਸਨ।

ਉਲਮਾ ਤੋਂ ਇਲਾਵਾ ਇੱਕ ਸ਼੍ਰੇਣੀ ਸੱਯਦਾਂ ਦੀ ਹੁੰਦੀ ਸੀ। ਉਹ ਆਪਣੇ-ਆਪ ਨੂੰ ਹਜ਼ਰਤ ਮੁਹੰਮਦ ਦੀ ਸੁਪੱਤਰੀ ਬੀਬੀ ਫ਼ਾਤਮਾ ਦੀ ਸੰਤਾਨ ਮੰਨਦੇ ਸਨ। ਇਹਨਾਂ ਦਾ ਵੀ ਸਮਾਜ ਵਿੱਚ ਕਾਫ਼ੀ ਸਤਿਕਾਰ ਸੀ। ਉਪਰੋਕਤ ਦੋਹਾਂ ਵਰਗਾਂ ਦੇ ਲੋਕਾਂ ਨੂੰ ਮੁਸਲਮਾਨੀ ਕਨੂੰਨ ਦੇ ਵਿਦਵਾਨ ਅਤੇ ਧਾਰਮਿਕ ਆਗੂ ਮੰਨਿਆ ਜਾਂਦਾ ਸੀ।

ਸ਼ੇਖ, ਮੁੱਲਾ ਅਤੇ ਕਾਜ਼ੀ ਵੀ ਧਾਰਮਿਕ ਸ਼੍ਰੇਣੀ ਵਿੱਚ ਆਉਂਦੇ ਸਨ। ਇਹ ਲੋਕ ਵੀ ਇਸਲਾਮੀ ਕਨੂੰਨ ਦੇ ਵਿਦਵਾਨ ਸਨ। ਇਹਨਾਂ ਨੂੰ ਵੀ ਇਸਲਾਮ ਦੇ ਧਾਰਮਿਕ ਆਗੂ ਮੰਨਿਆ ਜਾਂਦਾ ਸੀ। ਇਹ ਲੋਕਾਂ ਦੀ ਅਗਿਆਨਤਾ ਦਾ ਪੂਰਾ ਲਾਭ ਉਠਾਉਂਦੇ ਸਨ। ਕਾਜ਼ੀਆਂ ਨੂੰ ਨਿਆਂ ਕਰਨ ਦਾ ਕੰਮ ਦਿੱਤਾ ਹੋਇਆ ਸੀ। ਇਹਨਾਂ ਵਿੱਚੋਂ ਕਈ ਕਾਜ਼ੀ ਲਾਲਚੀ ਸਨ।

(iii) **ਮੱਧ-ਸ਼੍ਰੇਣੀ** (Middle Class) :- ਇਸ ਸ਼੍ਰੇਣੀ ਵਿੱਚ ਸਰਕਾਰੀ ਕਰਮਚਾਰੀ, ਸਿਪਾਹੀ, ਵਪਾਰੀ ਅਤੇ ਕਿਸਾਨ ਆਉਂਦੇ ਸਨ। ਇਹਨਾਂ ਦੀ ਆਰਥਿਕ ਹਾਲਤ ਚੰਗੀ ਸੀ। ਸਰਕਾਰੀ ਪਦਵੀਆਂ ਉੱਤੇ ਸਥਾਪਿਤ ਲੋਕਾਂ ਦਾ ਸਮਾਜਿਕ ਪੱਧਰ ਉੱਚਾ ਗਿਣਿਆ ਜਾਂਦਾ ਸੀ।

(iv) **ਗ਼ੁਲਾਮ** (Slaves) :- ਮੁਸਲਮਾਨੀ ਸਮਾਜ ਵਿੱਚ ਸਭਨਾਂ ਤੋਂ ਨੀਵਾਂ ਦਰਜਾ ਕਾਮਿਆਂ (ਜੁਲਾਹੇ, ਘੁੰਮਿਆਰ, ਮਜਦੂਰ) ਗ਼ੁਲਾਮਾਂ ਅਤੇ ਖੁਸਰਿਆਂ (ਹਿਜੜੇ) ਆਦਿ ਦਾ ਸੀ। ਗ਼ੁਲਾਮ ਲੜਾਈ ਦੇ ਮੈਦਾਨ ਵਿੱਚ ਹਾਰੇ ਵੈਰੀ ਦੇ ਬੰਦੇ ਵੀ ਹੁੰਦੇ ਸਨ। ਇਹਨਾਂ ਨੂੰ ਬਾਹਰਲੇ ਦੇਸਾਂ ਵਿੱਚੋਂ ਵੀ ਲਿਆਂਦਾ ਜਾਂਦਾ ਸੀ। ਹਿਜੜੇ ਗ਼ੁਲਾਮਾਂ ਨੂੰ ਬੇਗਮਾਂ ਦੀ ਖ਼ਿਦਮਤ ਕਰਨ ਲਈ ਰਾਣੀਵਾਸਾਂ (ਰਾਣੀਆਂ ਦੇ ਹਰਮਾਂ) ਵਿੱਚ ਰੱਖਿਆ ਜਾਂਦਾ ਸੀ। ਕਈ ਗੁਲਾਮ ਔਰਤਾਂ ਅਮੀਰਾਂ ਅਤੇ ਸਰਦਾਰਾਂ ਦੇ ਮਨ-ਪਰਚਾਵੇ ਦਾ ਸਾਧਨ ਹੁੰਦੀਆਂ ਸਨ। ਇਹਨਾਂ ਲੋਕਾਂ ਨੂੰ ਢਿੱਡ ਭਰ ਕੇ ਰੋਟੀ ਮਿਲ ਜਾਂਦੀ ਸੀ। ਉਹਨਾਂ ਦੀ ਸਮਾਜਿਕ ਅਵਸਥਾ ਉਹਨਾਂ ਦੇ ਮਾਲਕ ਦੇ ਸੁਭਾਅ ਉੱਤੇ ਨਿਰਭਰ ਕਰਦੀ ਸੀ। ਗ਼ੁਲਾਮ ਆਪਣੀ ਬਹਾਦਰੀ ਅਤੇ ਚਤੁਰਾਈ ਦਿਖਾ ਕੇ ਉੱਚ ਪਦਵੀ ਲੈ ਸਕਦੇ ਜਾਂ ਛੁਟਕਾਰਾ ਪਾ ਸਕਦੇ ਸਨ।

**(ਅ) ਭੋਜਨ** (Food):- ਮੁਸਲਿਮ ਸਮਾਜ ਵਿੱਚ ਅਮੀਰ ਸਰਦਾਰ, ਸਯੱਦਾਂ, ਸ਼ੇਖਾਂ, ਮੁੱਲਾਂ, ਕਾਜੀਆਂ ਦੇ ਭੋਜਨ ਵਿੱਚ ਮੱਖਣ, ਮਿਰਚ, ਮਸਾਲੇ ਦੀ ਵਰਤੋਂ ਬਹੁਤ ਹੁੰਦੀ ਸੀ। ਪਲਾਓ ਅਤੇ ਕੋਰਮਾ ਉਹਨਾ ਦਾ ਮਨ-ਭਾਉਂਦਾ ਖਾਣਾ ਸੀ। ਮਿੱਠੇ ਪਕਵਾਨਾਂ ਵਿੱਚ ਹਲਵਾ, ਅਤੇ ਸ਼ਰਬਤ ਬਹੁਤ ਪ੍ਰਚਲਿਤ ਸਨ।

ਉਸ ਵੇਲੇ ਦੇ ਮੁਸਲਿਮ ਸਮਾਜ ਵਿੱਚ ਨਸ਼ੀਲੀਆਂ ਵਸਤਾਂ ਦਾ ਪ੍ਰਯੋਗ ਆਮ ਹੁੰਦਾ ਸੀ। ਸਧਾਰਨ ਮੁਸਲਮਾਨ ਮਾਸਾਹਾਰੀ ਸਨ। ਕਣਕ ਦੀ ਰੋਟੀ ਅਤੇ ਭੁੰਨਿਆ ਹੋਇਆ ਮਾਸ ਉਹਨਾਂ ਦਾ ਨਿੱਤ ਦਾ ਭੋਜਨ ਸੀ। ਇਹ ਭੋਜਨ ਬਜ਼ਾਰਾਂ ਵਿੱਚੋਂ ਮਿਲ ਜਾਂਦਾ ਸੀ। ਮੁਸਲਮਾਨ ਕਾਮਿਆਂ ਵਿੱਚ ਭੋਜਨ ਨਾਲ ਲੱਸੀ ਪੀਣ ਦਾ ਵੀ ਆਮ ਰਿਵਾਜ ਸੀ।

**(ੲ) ਮੁਸਲਮਾਨਾ ਦਾ ਪਹਿਰਾਵਾ** (Dress of the Muslims):- ਉੱਚ ਸ਼੍ਰੇਣੀ ਦੇ ਮੁਸਲਮਾਨਾਂ ਦਾ ਪਹਿਰਾਵਾ ਭੜਕੀਲਾ ਅਤੇ ਕੀਮਤੀ ਹੁੰਦਾ ਸੀ। ਉਹਨਾਂ ਦੇ ਕੱਪੜੇ ਰੇਸ਼ਮੀ ਅਤੇ ਵਧੀਆ ਸੂਤ ਦੇ ਹੁੰਦੇ ਸਨ। ਅਮੀਰ ਲੋਕ ਤੁੱਰੇ (ਤੁਰਲੇ) ਵਾਲ਼ੀਆਂ ਪਗੜੀਆਂ ਬੰਨ੍ਹਦੇ ਸਨ। ਪੱਗ ਨੂੰ 'ਚੀਰਾ' ਵੀ ਕਿਹਾ ਜਾਂਦਾ ਸੀ।

ਸ਼ਾਹੀ ਗ਼ੁਲਾਮ ਕਮਰਕਸਾ ਬੰਨਦੇ ਸਨ। ਆਪਣੀ ਜੇਬ ਵਿੱਚ ਉਹ ਰੁਮਾਲ ਰੱਖਦੇ ਸਨ। ਉਹ ਲਾਲ ਜੁੱਤਾ ਪਹਿਨਦੇ ਸਨ। ਉਹਨਾਂ ਦੇ ਸਿਰ ਉੱਤੇ ਆਮ ਜਿਹਾ ਕੁੱਲਾ ਹੁੰਦਾ ਸੀ।

ਧਾਰਮਿਕ ਵਰਗ ਦੇ ਲੋਕ ਸੂਤੀ ਕੱਪੜੇ, ਪਹਿਨਦੇ ਸਨ। ਉਹ ਸੱਤ ਗਜ਼ ਦੀ ਪੱਗ ਬੰਨ੍ਹਦੇ ਸਨ। ਉਹ ਪਿੱਠ ਉੱਤੇ ਪੱਗ ਦਾ ਲੜ ਵੀ ਛੱਡਦੇ ਸਨ। ਉਹ ਆਮ ਕਮੀਜ਼ ਅਤੇ ਪਜਾਮਾ ਪਹਿਨਦੇ ਸਨ। ਉਹ ਜੁਰਾਬ ਅਤੇ ਜੁੱਤਾ ਵੀ ਪਹਿਨਦੇ ਸਨ। ਸੂਫ਼ੀ ਲੋਕ ਖੁੱਲ੍ਹਾ ਚੋਲ਼ਾ ਪਹਿਨਦੇ ਸਨ।

ਮੁਸਲਮਾਨ ਇਸਤਰੀਆਂ ਜੰਪਰ, ਘੱਗਰਾ ਅਤੇ ਉਸ ਦੇ ਹੇਠ ਤੰਗ ਪਜਾਮਾ ਪਹਿਨਦੀਆਂ ਸਨ। ਪਰਦੇ ਲਈ ਬੁਰਕੇ ਦਾ ਪ੍ਰਯੋਗ ਕੀਤਾ ਜਾਂਦਾ ਸੀ। ਉੱਚ ਸ਼੍ਰੇਣੀ ਦੀਆਂ ਤੀਵੀਆਂ ਆਮ ਤੌਰ 'ਤੇ ਦਾਸ-ਦਾਸੀਆਂ ਦੇ ਝੁਰਮਟਾਂ ਵਿਚਕਾਰ ਬੰਦ ਡੋਲੀਆਂ ਵਿੱਚ ਆਉਂਦੀਆਂ ਜਾਂਦੀਆਂ ਸਨ।

**(ਸ) ਗਹਿਣੇ** (Ornaments):- ਉੱਚ ਸ਼੍ਰੇਣੀ ਦੇ ਲੋਕ ਆਪਣੀਆਂ ਉਂਗਲ਼ਾਂ ਵਿੱਚ ਚਾਂਦੀ ਜਾਂ ਸੋਨੇ ਦੀਆਂ ਛਾਪਾਂ ਪਾਉਂਦੇ ਸਨ। ਉਹ ਮੋਤੀ, ਮਣ੍ਹਕੇ ਅਤੇ ਪੱਥਰ ਵੀ ਪਹਿਨਦੇ ਸਨ। ਉਹ ਸੋਨੇ-ਚਾਂਦੀ ਦੇ ਗਹਿਣੇ ਪਹਿਨਦੇ ਸਨ।

(ਜ) **ਮਨ ਪਰਚਾਵਾ** (Amusments):- ਸਰਦਾਰਾਂ ਅਤੇ ਅਮੀਰਾਂ ਦੀਆਂ ਚੌਗਾਨ, (ਚੋਪੜ) ਘੋੜ ਸਵਾਰੀ, ਘੋੜ ਦੌੜ ਆਦਿ ਮਨ-ਭਾਉਂਦੀਆਂ ਖੇਡਾਂ ਸਨ। ਨਾਚ ਦੇਖਣੇ ਅਤੇ ਗੀਤ ਸੁਣਨਾ ਅਮੀਰ ਲੋਕਾਂ ਦਾ ਸ਼ੌਕ ਸੀ। ਚੌਪੜ ਦੀ ਖੇਡ ਅਮੀਰਾਂ ਅਤੇ ਗ਼ਰੀਬਾਂ ਦੋਹਾਂ ਵਿੱਚ ਪ੍ਰਚਲਿਤ ਸੀ। ਸਧਾਰਨ ਲੋਕ ਤਿਉਹਾਰਾਂ ਅਤੇ ਧਾਰਮਿਕ ਯਾਤਰਾ ਕਰਕੇ ਮਨ ਪਰਚਾਅ ਲੈਂਦੇ ਸਨ।

(ਕ) **ਵਹਿਮ ਅਤੇ ਅਗਿਆਨਤਾ** (Superstition and Ignorance):- ਮਾਲ ਅਤੇ ਧਨ ਦੇ ਵਧਣ ਨਾਲ਼ ਮੁਸਲਮਾਨਾਂ ਵਿੱਚ ਵਹਿਮਾਂ-ਭਰਮਾਂ ਦਾ ਵੀ ਵਾਧਾ ਹੋਇਆ। ਲੋਕ ਜਾਦੂ, ਟੂਣਿਆਂ, ਤਵੀਤਾਂ, ਕਰਾਮਾਤਾਂ ਵਿੱਚ ਵਿਸ਼ਵਾਸ ਰਖਦੇ ਸਨ। ਪੈਰ-ਪੈਰ ਤੇ ਸ਼ੁਭ-ਅਸ਼ੁਭ ਵਿਚਾਰੇ ਜਾਣ ਲੱਗ ਪਏ ਸਨ। ਲੋਕਾਂ ਵਿੱਚ ਅਗਿਆਨਤਾ ਦਾ ਜ਼ੋਰ ਸੀ।

(ਖ) **ਇਸਤਰੀਆਂ ਦੀ ਹਾਲਤ** (Condition of Woman):- ਮੁਸਲਮਾਨੀ ਸਮਾਜ ਵਿੱਚ ਇਸਤਰੀ ਨੂੰ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਸੀ। ਅਮੀਰਾਂ ਅਤੇ ਸਰਦਾਰਾਂ ਦੀਆਂ ਹਵੇਲੀਆਂ ਵਿੱਚ ਇਸਤਰੀਆਂ ਦੇ ਹਰਣ ਹੁੰਦੇ ਸਨ। ਉਹਨਾਂ ਇਸਤਰੀਆਂ ਦੀ ਸੇਵਾ ਲਈ ਦਾਸੀਆਂ ਲਈ ਰਖੇਲਾਂ ਰੱਖੀਆਂ ਜਾਂਦੀਆਂ ਸਨ। ਉਸ ਸਮੇਂ ਪਰਦੇ ਦਾ ਰਿਵਾਜ ਆਮ ਸੀ। ਸਧਾਰਨ ਮੁਸਲਮ-ਘਰਾਂ ਵਿੱਚ ਇਸਤਰੀਆਂ ਦੇ ਰਹਿਣ ਲਈ ਪਰਦੇਦਾਰ ਵੱਖਰੀ ਥਾਂ ਬਣੀ ਹੁੰਦੀ ਸੀ। ਉਸ ਥਾਂ ਨੂੰ 'ਜ਼ਨਾਨ ਖ਼ਾਨਾ' ਕਿਹਾ ਜਾਂਦਾ ਸੀ। ਉਹਨਾਂ ਘਰਾਂ ਦੀਆਂ ਇਸਤਰੀਆਂ ਬੁਰਕਾ ਪਾ ਕੇ ਬਾਹਰ ਨਿਕਲਦੀਆ ਸਨ। ਪੇਂਡੂ ਮੁਸਲਮਾਨ ਇਸਤਰੀਆਂ ਵਿੱਚ ਕਰੜੇ ਪਰਦੇ ਦਾ ਰਿਵਾਜ ਨਹੀਂ ਸੀ।

## 2. ਹਿੰਦੂ ਸਮਾਜ

(ੳ) **ਹਿੰਦੂਆਂ ਦੀ ਸਮਾਜਿਕ ਦਸ਼ਾ**—ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹਿੰਦੂਆਂ ਦੀ ਸਮਾਜਿਕ ਦਸ਼ਾ ਬੜੀ ਭੈੜੀ ਸੀ। ਉਹਨਾਂ ਨੂੰ 'ਜਿਮੀ' ਜਾਂ ਦਾਸ ਸਮਝਿਆ ਜਾਂਦਾ ਸੀ। ਉਹਨਾਂ ਨੂੰ ਜਜ਼ੀਆ ਤੇ ਧਾਰਮਿਕ (ਤੀਰਥ ਯਾਤਰਾ ਕਰ) ਦੇਣੇ ਪੈਂਦੇ ਸਨ। ਕਰ ਉਗਰਾਹੁਣ ਲੱਗਿਆਂ ਹਿੰਦੂਆਂ ਉੱਤੇ ਸਖ਼ਤੀ ਕੀਤੀ ਜਾਂਦੀ ਸੀ। ਉਸ ਸਖ਼ਤੀ ਤੋਂ ਬਚਣ ਲਈ ਹਿੰਦੂ ਲੋਕ ਇਸਲਾਮ ਮੱਤ ਵੀ ਧਾਰਨ ਕਰ ਲੈਂਦੇ ਸਨ। ਹਿੰਦੂ ਫਕੀਰ ਅਧਿਆਤਮਿਕ ਸਿੱਖਿਆ ਦਾ ਪਰਚਾਰ ਵੀ ਨਹੀਂ ਕਰ ਸਕਦੇ ਸਨ। ਹੁਕਮ ਅਦੂਲੀ ਕਰਨ ਵਾਲ਼ੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ ਜਾਂ ਉਹਨਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਹਿੰਦੂਆਂ ਨੂੰ ਧਾਰਮਿਕ ਸੁਤੰਤਰਤਾ ਪ੍ਰਾਪਤ ਨਹੀਂ ਸੀ। ਉਹਨਾਂ ਨੂੰ ਸੁਰੱਖਿਆ ਵੀ ਨਹੀਂ ਸੀ ਮਿਲ਼ਦੀ। ਸਿੱਟੇ ਵਜੋਂ ਉਸ ਸਮੇਂ ਦੇ ਹਿੰਦੂਆਂ ਦੀ ਸਮਾਜਿਕ ਦਸ਼ਾ ਬਹੁਤ ਭੈੜੀ ਸੀ।

(i) **ਜਾਤ-ਪਾਤ** (Class System):- ਉਸ ਸਮੇਂ ਦਾ ਹਿੰਦੂ ਸਮਾਜ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਇਹਨਾਂ ਜਾਤਾਂ ਤੋਂ ਬਿਨਾਂ ਹੋਰ ਵੀ ਉਪ ਜਾਤਾਂ ਪੈਦਾ ਹੋ ਚੁਕੀਆਂ ਸਨ। ਬ੍ਰਾਹਮਣ ਸਮਾਜ ਪ੍ਰਤੀ ਆਪਣੇ ਫ਼ਰਜ਼ ਭੁੱਲ ਕੇ ਸੁਆਰਥੀ ਬਣ ਗਏ ਸਨ। ਕੁਲੀਨ ਹੋਣ ਕਰਕੇ ਉਹਨਾਂ ਨੂੰ ਜਜ਼ੀਆ ਨਹੀਂ ਸੀ ਦੇਣਾ ਪੈਂਦਾ। ਇਸ ਲਈ ਉਹ ਮੁਸਲਮਾਨ ਹਾਕਮ ਦੀ ਖ਼ੁਸ਼ਾਮਦ ਕਰਕੇ ਆਪਣੀ ਸ਼੍ਰੇਣੀ ਨੂੰ ਸੁਰੱਖਿਅਤ ਰੱਖਦੇ ਸਨ। ਬ੍ਰਾਹਮਣ ਨੇ ਹਿੰਦੂ ਲੋਕਾਂ ਨੂੰ ਵਹਿਮਾਂ, ਭਰਮਾਂ ਅਤੇ ਬੇਲੋੜੇ ਸੰਸਕਾਰਾਂ ਵਿੱਚ ਫਸਾ ਦਿੱਤਾ ਸੀ। ਧਰਮ ਦੇ ਨਾਂ ਤੇ ਬ੍ਰਾਹਮਣ ਪੈਸਾ ਕਮਾਉਣ ਲੱਗੇ ਹੋਏ ਸਨ। ਉਹ ਛੂਤ-ਛਾਤ ਦਾ ਪ੍ਰਚਾਰ ਵੀ ਕਰਦੇ ਸਨ।

ਹਿੰਦੂਆਂ ਦੀਆਂ ਜਾਤਾਂ ਅਤੇ ਉਪ-ਜਾਤਾਂ ਦਾ ਆਪਸੀ ਮੇਲ-ਜੋਲ ਘੱਟ ਸੀ। ਉਹਨਾਂ ਦੇ ਰਸਮ-ਰਿਵਾਜ ਵੱਖਰੇ-ਵੱਖਰੇ ਸਨ।

ਵੈਸ਼ ਅਤੇ ਖੱਤਰੀਆਂ ਦੀ ਹਾਲਤ ਠੀਕ ਸੀ। ਸ਼ੂਦਰਾਂ ਦੀ ਹਾਲਤ ਬੜੀ ਭੈੜੀ ਸੀ। ਉਹਨਾਂ ਦੀਆਂ

ਬਸਤੀਆਂ ਪਿੰਡਾਂ ਤੋਂ ਬਾਹਰ ਸਨ। ਉਹਨਾਂ ਲਈ ਮੰਦਰਾਂ ਅਤੇ ਤੀਰਥਾਂ ਦੇ ਦਰਵਾਜੇ ਬੰਦ ਸਨ। ਕਿਸੇ ਸ਼ੂਦਰ ਦਾ ਕਿਸੇ ਬ੍ਰਾਹਮਣ ਜਾਂ ਉੱਚ ਜਾਤੀ ਦੇ ਨਾਲ਼ ਲੱਗ ਜਾਣ ਨੂੰ ਗੁਨਾਹ ਸਮਝਿਆ ਜਾਂਦਾ ਸੀ। ਉਸ ਕਾਲ ਦੇ ਹਿੰਦੂ ਸਮਾਜ ਵਿੱਚ ਸ਼ੂਦਰਾਂ ਦੀ ਹਾਲਤ ਬਹੁਤ ਮਾੜੀ ਸੀ।

**(ਅ) ਭੋਜਨ** (Food):- ਹਿੰਦੂਆਂ ਦਾ ਭੋਜਨ ਸਾਦਾ ਅਤੇ ਸ਼ਾਕਾਹਾਰੀ ਹੁੰਦਾ ਸੀ। ਸਧਾਰਨ ਹਿੰਦੂ ਦੇ ਭੋਜਨ ਵਿੱਚ ਦਾਲ਼ਾਂ, ਸਬਜ਼ੀਆਂ, ਕਣਕ, ਚੌਲ, ਦੁੱਧ, ਦਹੀਂ, ਘਿਉ ਪ੍ਰਚਲਿਤ ਸੀ। ਉਹ ਲੋਕ ਰੋਟੀ ਤੋਂ ਬਿਨਾਂ ਖਿਚੜੀ ਖਾਣ ਦੇ ਵੀ ਸ਼ੁਕੀਨ ਸਨ। ਉਹ ਲੱਸੀ ਦੀ ਵਰਤੋਂ ਵੀ ਕਰਦੇ ਸਨ। ਚੌਂਕੇ ਦੀ ਸੁੱਚ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ।

ਹਿੰਦੂ ਲੋਕ ਮਾਸ ਖਾਣਾ ਧਾਰਮਿਕ ਨਿਯਮਾਂ ਦੀ ਉਲੰਘਣਾ ਸਮਝਦੇ ਸਨ। ਨਿਮਨ ਜਾਤਾਂ ਦੇ ਲੋਕ ਮਾਸ ਖਾਂਦੇ ਸਨ ਪਰ ਮਾਸ ਉਹਨਾਂ ਦੇ ਨਿੱਤ ਦੇ ਜੀਵਨ ਦਾ ਭਾਗ ਨਹੀਂ ਸੀ। ਉਹ ਲੋਕ ਸ਼ਰਾਬ, ਅਫ਼ੀਮ, ਭੰਗ, ਚਰਸ ਆਦਿ ਦੀ ਵੀ ਵਰਤੋਂ ਕਰਦੇ ਸਨ।

**(ੲ) ਪਹਿਰਾਵਾ** (Dress):- ਹਿੰਦੂਆਂ ਦਾ ਪਹਿਰਾਵਾ ਮੁਸਲਮਾਨਾਂ ਨਾਲ਼ੋਂ ਵਧੀਆ ਨਹੀਂ ਸੀ। ਉਹ ਧੋਤੀ ਅਤੇ ਕੁਰਤਾ ਪਹਿਨਦੇ ਸਨ। ਸਿਰ ਉੱਤੇ ਪਗੜੀ ਬੰਨ੍ਹਦੇ ਸਨ। ਪੇਂਡੂ ਜਾਂ ਗਰੀਬ ਲੋਕ ਲੰਗੋਟੀ ਬੰਨ੍ਹ ਕੇ ਗੁਜ਼ਾਰਾ ਕਰ ਲੈਂਦੇ ਸਨ। ਉੱਚ ਘਰਾਣਿਆਂ ਦੇ ਲੋਕ ਰੇਸ਼ਮੀ ਅਤੇ ਰੰਗਦਾਰ ਕੱਪੜੇ ਪਹਿਨਦੇ ਸਨ। ਜ਼ਿਆਦਾਤਰ ਲੋਕ ਖਾਦੀ ਕੱਪੜੇ ਹੀ ਪਹਿਨਦੇ ਸਨ।

ਹਿੰਦੂ ਇਸਤਰੀਆਂ ਆਮ ਤੌਰ ਤੇ ਸਲਵਾਰ, ਕਮੀਜ਼, ਦੁਪੱਟਾ ਆਦਿ ਦਾ ਪ੍ਰਯੋਗ ਕਰਦੀਆਂ ਸਨ। ਉਹ ਸਾੜੀ ਵੀ ਪਹਿਨਦੀਆਂ ਸਨ। ਪੇਂਡੂ ਇਸਤਰੀਆਂ ਕੇਵਲ ਇੱਕ ਲਾਂਗੜ ਦੀ ਧੋਤੀ ਹੀ ਪਹਿਨਦੀਆਂ ਸਨ। ਆਮ ਲੋਕ ਨੰਗੇ ਪੈਰ ਹੀ ਰਹਿੰਦੇ ਸਨ।

ਬ੍ਰਾਹਮਣ ਮੱਥੇ ਉੱਤੇ ਤਿਲਕ ਲਾਉਂਦਾ ਸੀ। ਉਹ ਸੁਨਹਿਰੇ ਬਾਡਰ ਵਾਲੀ ਧੋਤੀ ਪਹਿਨਦਾ ਸੀ। ਸਾਧੂ ਅਤੇ ਯੋਗੀ ਆਪਣੇ ਹੇਠ ਵਿਛਾਉਣ ਲਈ ਹਿਰਨ ਦੀ ਖੱਲ ਰੱਖਦੇ ਸਨ। ਉਹ ਲੰਗੋਟ ਪਹਿਨਦੇ ਸਨ। ਉਹ ਸਿਰ ਮੁਨਾ ਕੇ ਕੰਨਾਂ ਵਿੱਚ ਮੁੰਦਰਾਂ ਪਹਿਨ ਕੇ ਘੁੰਮਦੇ ਫਿਰਦੇ ਸਨ। ਉਹਨਾਂ ਦੇ ਹੱਥ ਵਿੱਚ ਇੱਕ ਕਾਸਾ ਹੁੰਦਾ ਸੀ।

**(ਸ) ਮਨ-ਪਰਚਾਵਾ** (Amusement):- ਉਸ ਕਾਲ ਦੇ ਹਿੰਦੂਆਂ ਦੇ ਆਰਥਿਕ ਵਸੀਲੇ ਘੱਟ ਸਨ। ਕਿਰਤੀ ਹੋਣ ਕਾਰਨ ਉਹਨਾਂ ਨੂੰ ਵਿਹਲ ਵੀ ਘੱਟ ਹੀ ਮਿਲ਼ਦੀ ਸੀ। ਇਸ ਲਈ ਉਹਨਾਂ ਦੇ ਮਨ-ਪਰਚਾਵੇ ਦੇ ਸਾਧਨ ਵੀ ਘੱਟ ਹੀ ਸਨ। ਉਹ ਜੂਆ ਖੇਡ ਕੇ ਮਨ ਪਰਚਾਵਾ ਕਰਦੇ ਸਨ। ਉਹ ਮੌਸਮੀ ਤਿਉਹਾਰਾਂ 'ਤੇ ਜਾ ਕੇ ਵੀ ਮਨ-ਪਰਚਾਵਾ ਕਰਦੇ ਸਨ।

**(ਹ) ਵਹਿਮ ਅਤੇ ਅਗਿਆਨਤਾ** (Superstitions and Ignorance):- ਉਸ ਕਾਲ ਦੇ ਹਿੰਦੂਆਂ ਵਿੱਚ ਅਨਪੜ੍ਹਤਾ ਅਤੇ ਅਗਿਆਨਤਾ ਸੀ। ਇਸ ਲਈ ਉਹ ਲੋਕ ਝੂਠੇ ਰਿਵਾਜਾਂ ਅਤੇ ਭਰਮਾਂ ਵਿੱਚ ਫਸੇ ਹੋਏ ਸਨ। ਉਹ ਦੇਵੀ-ਦੇਵਤਿਆਂ ਨੂੰ ਖੁਸ਼ ਕਰਨ ਲਈ ਬਹੁਮੁੱਲੀਆਂ ਕੁਰਬਾਨੀਆਂ ਦਿੰਦੇ ਸਨ। ਉਹ ਲੋਕ ਜਾਦੂ, ਟੂਣਿਆਂ, ਤਵੀਤਾਂ, ਕਰਾਮਾਤਾਂ ਆਦਿ ਵਿੱਚ ਵਿਸ਼ਵਾਸ ਕਰਦੇ ਸਨ।

**(ਕ) ਇਸਤਰੀ ਦੀ ਦਸ਼ਾ** (Position of Women):- ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਸਮਾਜ ਵਿੱਚ ਇਸਤਰੀ ਦੀ ਦਸ਼ਾ ਬੜੀ ਤਰਸਯੋਗ ਸੀ। ਲੜਕੀ ਦੇ ਜਨਮ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਕਈ ਲੋਕ ਜੰਮਦੀ ਬੱਚੀ ਨੂੰ ਮਾਰ ਦਿੰਦੇ ਸਨ। ਲੜਕੀ ਨੂੰ ਛੋਟੀ ਉਮਰ ਵਿੱਚ ਵਿਆਹ ਦਿੱਤਾ ਜਾਂਦਾ ਸੀ। ਇੱਕ ਪਤੀ ਦੀਆਂ ਇੱਕ ਤੋਂ ਵੱਧ ਪਤਨੀਆਂ ਵੀ ਹੁੰਦੀਆਂ ਸਨ। ਉਸ ਵੇਲ਼ੇ ਸਤੀ ਵਰਗੀ ਭੈੜੀ ਰਸਮ ਵੀ ਪ੍ਰਚਲਿਤ ਸੀ। ਪਤੀ ਦੀ ਚਿਤਾ ਉੱਤੇ ਪਤਨੀ ਨੂੰ ਜਿਉਂਦਾ ਸੜਨਾ ਪੈਂਦਾ ਸੀ।

ਇਸਤਰੀ ਲਈ ਯੋਗ ਥਾਂ ਸੁਹਰਾ-ਘਰ ਹੀ ਸਮਝਿਆ ਜਾਂਦਾ ਸੀ। ਚਾਰ ਦਿਵਾਰੀ ਦੇ ਅੰਦਰ ਰਹਿਣਾ ਹੀ ਇਸਤਰੀ ਲਈ ਉੱਚਿਤ ਸਮਝਿਆ ਜਾਂਦਾ ਸੀ। ਉਸ ਨੂੰ ਬਾਹਰ ਜਾਂਦਿਆਂ ਪਰਦਾ ਕਰਨਾ ਪੈਂਦਾ ਸੀ। ਉਸ ਕਾਲ ਵਿੱਚ ਇਸਤਰੀ-ਵਿੱਦਿਆ ਦਾ ਰਿਵਾਜ ਬਹੁਤ ਘੱਟ ਸੀ।

## ਅਭਿਆਸ

**(ੳ) ਹੇਠ ਦਿੱਤੇ ਹਰ ਪ੍ਰਸ਼ਨ ਦੇ ਉੱਤਰ ਲਗ-ਪਗ 1-15 ਸ਼ਬਦਾਂ ਵਿੱਚ ਲਿਖੋ—**

1. ਬਹਿਲੋਲ ਖਾਂ ਲੋਧੀ ਕੌਣ ਸੀ?
2. ਇਬਰਾਹੀਮ ਲੋਧੀ ਦਾ ਕੋਈ ਇੱਕ ਗੁਣ ਦੱਸੋ।
3. ਇਬਰਾਹੀਮ ਲੋਧੀ ਦੇ ਦੋ ਔਗੁਣਾਂ ਦਾ ਵਰਨਣ ਕਰੋ।
4. ਬਾਬਰ ਨੂੰ ਪੰਜਾਬ ਉੱਤੇ ਜਿੱਤ ਕਦੋਂ ਪ੍ਰਾਪਤ ਹੋਈ ਅਤੇ ਇਸ ਲੜਾਈ ਵਿੱਚ ਉਸ ਨੇ ਕਿਸ ਨੂੰ ਹਰਾਇਆ?
5. ਮੁਸਲਿਮ ਸਮਾਜ ਕਿਹੜੀਆਂ-ਕਿਹੜੀਆਂ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ?
6. ਉਲਮਾ ਬਾਰੇ ਤੁਸੀਂ ਕੀ ਜਾਣਦੇ ਹੋ?
7. ਮੁਸਲਿਮ ਅਤੇ ਹਿੰਦੂ ਸਮਾਜ ਦੇ ਭੋਜਨ ਵਿੱਚ ਕੀ ਫ਼ਰਕ ਸੀ?
8. ਸੱਯਦ ਕੌਣ ਸਨ?
9. ਮੁਸਲਿਮ ਮੱਧ ਸ਼੍ਰੇਣੀ ਦਾ ਵਰਣਨ ਕਰੋ।
10. ਮੁਸਲਮਾਨ ਇਸਤਰੀਆਂ ਦੇ ਪਹਿਰਾਵੇ ਦਾ ਵਰਨਣ ਕਰੋ।
11. ਮੁਸਲਮਾਨਾਂ ਦੇ ਮਨ ਪਰਚਾਵੇ ਦੇ ਸਾਧਨਾਂ ਦਾ ਵਰਨਣ ਕਰੋ।

**(ਅ) ਹੇਠ ਲਿਖੇ ਹਰ ਪ੍ਰਸ਼ਨਾਂ ਦਾ ਉੱਤਰ ਲਗ-ਪਗ 30-50 ਸ਼ਬਦਾਂ ਵਿੱਚ ਲਿਖੋ—**

1. ਸਿਕੰਦਰ ਲੋਧੀ ਦੀ ਧਾਰਮਿਕ ਨੀਤੀ ਦਾ ਵਰਨਣ ਕਰੋ।
2. ਸਿਕੰਦਰ ਲੋਧੀ ਦੇ ਰਾਜ ਪ੍ਰਬੰਧ ਦਾ ਵਰਨਣ ਕਰੋ।
3. ਇਬਰਾਹੀਮ ਲੋਧੀ ਦੇ ਸਮੇਂ ਹੋਈਆਂ ਬਗਾਵਤਾਂ ਦਾ ਵਰਨਣ ਕਰੋ।
4. ਦਿਲਾਵਰ ਖਾਂ ਲੋਧੀ ਦਿੱਲੀ ਕਿਉਂ ਗਿਆ? ਇਬਰਾਹੀਮ ਲੋਧੀ ਨੇ ਉਸ ਨਾਲ ਕੀ ਵਰਤਾਉ ਕੀਤਾ?
5. ਬਾਬਰ ਦੇ ਸਯੱਦਪੁਰ ਦੇ ਹਮਲੇ ਦਾ ਵਰਨਣ ਕਰੋ।
6. ਬਾਬਰ ਨੇ 1524 ਈ. ਦੇ ਹਮਲੇ ਦਾ ਹਾਲ ਲਿਖੋ।
7. ਆਲਮ ਖਾਂ ਨੇ ਪੰਜਾਬ ਨੂੰ ਹਥਿਆਉਣ ਲਈ ਕੀ-ਕੀ ਯਤਨ ਕੀਤੇ।
8. ਪਾਣੀਪਤ ਦੇ ਮੈਦਾਨ ਵਿੱਚ ਇਬਰਾਹੀਮ ਲੋਧੀ ਅਤੇ ਬਾਬਰ ਦੀ ਫੌਜ ਦੀ ਵਿਉਂਤਬੰਦੀ ਦੱਸੋ?
9. ਅਮੀਰਾਂ ਅਤੇ ਸਰਦਾਰਾਂ ਬਾਰੇ ਨੋਟ ਲਿਖੋ।
10. ਮੁਸਲਮਾਨਾਂ ਦੇ ਧਾਰਮਿਕ ਆਗੂਆਂ ਬਾਰੇ ਲਿਖੋ।
11. ਗੁਲਾਮ ਸ਼੍ਰੇਣੀ ਦਾ ਵਰਨਣ ਕਰੋ।

12. ਮੁਸਲਮਾਨ ਲੋਕ ਕੀ ਖਾਂਦੇ-ਪੀਦੇ ਸਨ?

13. ਮੁਸਲਮਾਨਾਂ ਦੇ ਪਹਿਰਾਵੇ ਬਾਰੇ ਲਿਖੋ।

14. ਮੁਸਲਿਮ ਸਮਾਜ ਦੀ ਇਸਤਰੀ ਦੀ ਹਾਲਤ ਦਾ ਵਰਨਣ ਕਰੋ।

15. ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਪਹਿਲਾਂ ਦੇ ਸਮੇਂ ਦੀ ਜਾਤ-ਪਾਤ ਬਾਰੇ ਲਿਖੋ।

16. ਬਾਬਰ ਅਤੇ ਇਬਰਾਹੀਮ ਲੋਧੀ ਦੇ ਸੈਨਾ ਦੇ ਪ੍ਰਬੰਧ ਬਾਰੇ ਲਿਖੋ।

**(ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗ-ਪਗ 100-120 ਸ਼ਬਦਾਂ ਵਿੱਚ ਲਿਖੋ—**

1. ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪੰਜਾਬ ਦੀ ਰਾਜਨੀਤਿਕ ਅਵਸਥਾ ਦਾ ਵਰਨਣ ਕਰੋ?

2. ਬਾਬਰ ਦੀ ਪੰਜਾਬ ਉੱਤੇ ਜਿੱਤ ਦਾ ਵਰਨਣ ਕਰੋ।

******

## ਪਾਠ-3

# ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੀਆਂ ਸਿੱਖਿਆਵਾਂ

## (GURU NANAK DEV JI AND HIS TEACHINGS)

(ੳ) **ਜਨਮ ਅਤੇ ਮਾਤਾ-ਪਿਤਾ** (Birth and Parentage):- ਗੁਰੂ ਨਾਨਕ ਦੇਵ ਜੀ ਦੀ ਜਨਮ ਮਿਤੀ ਬਾਰੇ ਮੱਤ-ਭੇਦ ਪਾਏ ਜਾਂਦੇ ਹਨ। ਭਾਈ ਬਾਲਾ ਜੀ ਦੀ ਜਨਮਸਾਖੀ ਅਨੁਸਾਰ ਗੁਰੂ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ 1469 ਈ. ਨੂੰ ਹੋਇਆ। ਪਰ ਪੁਰਾਤਨ ਸਾਖੀ-ਮਿਹਰਬਾਨ ਅਤੇ ਭਾਈ ਮਨੀ ਸਿੰਘ ਦੀ ਜਨਮ ਸਾਖੀ ਅਨੁਸਾਰ ਗੁਰੂ ਜੀ ਵਿਸਾਖ, ਸੰਮਤ 1526 ਬਿਕਰਮੀ ਜਾਂ 15 ਅਪ੍ਰੈਲ, 1469 ਈ. ਨੂੰ ਪੈਦਾ ਹੋਏ। ਆਧੁਨਿਕ ਇਤਿਹਾਸਕਾਰਾਂ ਵਿੱਚੋਂ ਬਹੁਤੇ ਵਿਦਵਾਨ ਵਿਸਾਖ ਦੀ ਜਨਮ-ਮਿਤੀ ਨੂੰ ਹੀ ਸਹੀ ਮੰਨਦੇ ਹਨ, ਭਾਵੇ ਅੱਜ ਵੀ ਗੁਰੂ ਜੀ ਦਾ ਜਨਮ ਦਿਹਾੜਾ ਕੱਤਕ ਦੀ ਪੂਰਨਮਾਸ਼ੀ ਨੂੰ ਹੀ ਮਨਾਇਆ ਜਾਂਦਾ ਹੈ। ਉਹਨਾਂ ਦਾ ਜਨਮ ਸਥਾਨ ਲਾਹੌਰ 'ਤੇ ਲਗ-ਪਗ 64 ਕਿਲੋਮੀਟਰ ਦੱਖਣ-ਪੱਛਮ ਵੱਲ ਪਿੰਡ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖੂਪੁਰਾ ਸੀ। ਗੁਰੂ ਜੀ ਦੇ ਮਾਤਾ ਦਾ ਨਾਂ ਤ੍ਰਿਪਤਾ ਸੀ। ਉਹਨਾਂ ਦੇ ਪਿਤਾ ਮਹਿਤਾ ਕਾਲੂ ਤਲਵੰਡੀ ਦੇ ਭੱਟੀ ਜਾਗੀਰਦਾਰ ਰਾਇ ਬੁਲਾਰ ਪਾਸ ਪਟਵਾਰੀ ਸਨ। ਉਹ ਖੱਤਰੀ ਵੰਸ਼ ਦੇ ਬੇਦੀ ਖਾਨਦਾਨ ਨਾਲ ਸੰਬੰਧ ਰੱਖਦੇ ਸਨ। ਗੁਰੂ ਜੀ ਦੀ ਭੈਣ ਦਾ ਨਾਂ ਨਾਨਕੀ ਸੀ।

(ਅ) **ਬਾਲ ਰੂਪ ਅਵਸਥਾ ਤੇ ਸਿੱਖਿਆ** (Childhood and Education):- ਬਚਪਨ ਵਿਚ ਨਾਨਕ ਦੇਵ ਜੀ ਇੱਕ ਅਸਾਧਾਰਣ ਅਤੇ ਗੰਭੀਰ ਕਿਸਮ ਦੇ ਬਾਲਕ ਸਨ। ਉਹ ਆਪਣੀ ਉਮਰ ਦੇ ਬੱਚਿਆਂ ਵਾਂਗ ਖੇਡਣ-ਕੁੱਦਣ ਵਿੱਚ ਬਹੁਤ ਘੱਟ ਰੁਚੀ ਰੱਖਦੇ ਸਨ। ਉਹ ਆਪਣੇ ਸਾਥੀਆਂ ਨਾਲ਼ ਈਸ਼ਵਰ ਦੀ ਮਹਿਮਾ ਦੀ ਹੀ ਗੱਲ ਕਰਿਆ ਕਰਦੇ ਸਨ। ਉਹ ਆਪਣੇ ਘਰ ਤੋਂ ਰੋਟੀ, ਕੱਪੜਾ ਆਦਿ ਲਿਆ ਕੇ ਗ਼ਰੀਬ ਬੱਚਿਆਂ ਵਿੱਚ ਵੰਡ ਦਿੰਦੇ ਸਨ।

ਗੁਰੂ ਨਾਨਕ ਦੇਵ ਜੀ ਨੂੰ ਸੱਤ ਸਾਲਾਂ ਦੀ ਉਮਰ ਵਿੱਚ ਪੰਡਿਤ ਗੋਪਾਲ ਦੀ ਪਾਠਸ਼ਾਲਾ ਵਿੱਚ ਭੇਜਿਆ ਗਿਆ। ਪਾਠਸ਼ਾਲਾ ਵਿੱਚ ਉਹਨਾਂ ਨੇ ਦੇਵਨਾਗਰੀ ਅਤੇ ਗਣਿਤ ਦੀ ਵਿੱਦਿਆ ਪ੍ਰਾਪਤ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਦੱਸਦੀਆਂ ਹਨ ਕਿ ਉਹਨਾਂ ਨੇ ਪੰਡਤ ਨੂੰ ਈਸ਼ਵਰ ਸੰਬੰਧੀ ਸਵਾਲ ਪੁੱਛ ਕੇ ਸੋਚਾਂ ਵਿੱਚ ਪਾ ਦਿੱਤਾ ਸੀ। ਇਸ ਤੋਂ ਉਪਰੰਤ ਗੁਰੂ ਜੀ ਨੂੰ ਸੰਸਕ੍ਰਿਤ ਪੜ੍ਹਨ ਲਈ ਪੰਡਿਤ ਬ੍ਰਿਜ ਲਾਲ ਕੋਲ ਭੇਜਿਆ ਗਿਆ। ਬਾਲ ਗੁਰੂ ਨਾਨਕ ਦੇਵ ਜੀ ਨੂੰ ਫ਼ਾਰਸੀ ਪੜ੍ਹਨ ਲਈ ਮੌਲਵੀ ਕੁਤੁਬ-ਉਦ-ਦੀਨ ਕੋਲ ਭੇਜਿਆ ਗਿਆ।

(ੲ) **ਜਨੇਊ ਦੀ ਰਸਮ** (Ceremony of the Sacred Thread):- ਅਜੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਚੱਲ ਹੀ ਰਹੀ ਸੀ ਕਿ ਉਹਨਾਂ ਦੇ ਮਾਪਿਆਂ ਨੇ ਪੁਰਾਤਨ ਸਨਾਤਨੀ ਰੀਤੀ-ਰਿਵਾਜਾਂ ਅਨੁਸਾਰ ਉਹਨਾਂ ਨੂੰ ਜਨੇਊ ਪਵਾਉਣਾ ਚਾਹਿਆ। ਉਸ ਰਸਮ ਲਈ ਐਤਵਾਰ ਦਾ ਦਿਨ ਨਿਸਚਿਤ ਹੋਇਆ। ਇਸ ਵਿਸ਼ੇਸ਼ ਰਸਮ ਉੱਤੇ ਸਾਕ-ਸੰਬੰਧੀਆਂ ਨੂੰ ਵੀ ਬੁਲਾਇਆ ਗਿਆ। ਮੁੱਢਲੇ ਮੰਤਰ ਪੜ੍ਹਨ ਤੋਂ ਪਹਿਲਾਂ ਪੰਡਿਤ ਹਰਦਿਆਲ ਨੇ ਗੁਰੂ ਜੀ ਨੂੰ ਆਪਣੇ ਸਾਮ੍ਹਣੇ ਬਿਠਾਇਆ ਤੇ ਜਨੇਊ ਪਾਉਣ ਲਈ ਕਿਹਾ। ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਉਹਨਾਂ ਸੂਤ ਦੇ ਧਾਗਿਆਂ ਨਾਲ਼ ਨਹੀਂ ਸਗੋਂ ਸਦਗੁਣਾਂ ਦੇ ਧਾਗਿਆਂ ਨਾਲ਼ ਬਣੇ ਜਨੇਊ ਦੀ ਮੰਗ ਕੀਤੀ। ਇਸ ਭਾਵਨਾ ਨੂੰ ਗੁਰੂ ਜੀ ਨੇ ਬਾਣੀ ਵਿੱਚ ਪ੍ਰਗਟ ਕੀਤਾ ਹੋਇਆ ਹੈ—

ਦਇਆ ਕਪਾਹ ਸੰਤੋਖ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥ (ਆਸਾ ਦੀ ਵਾਰ (ਪੰਨਾ 471)

**(ਸ) ਗੁਰੂ ਨਾਨਕ ਦੇਵ ਜੀ ਦੇ ਭਿੰਨ-ਭਿੰਨ ਕਿੱਤੇ** (Various Occupations of Guru Nanak Dev Ji): ਗੁਰੂ ਨਾਨਕ ਦੇਵ ਜੀ ਅਧਿਆਤਮਕ ਵਿੱਦਿਆ ਵਿੱਚ ਵੀ ਬੜੀ ਦਿਲਚਸਪੀ ਰੱਖਦੇ ਸਨ। ਤਲਵੰਡੀ ਦੇ ਨੇੜੇ ਜੰਗਲਾਂ ਵਿੱਚ ਆਮ ਕਰਕੇ ਪੀਰ ਫਕੀਰ ਆਉਂਦੇ ਰਹਿੰਦੇ ਸਨ। ਇਸ ਲਈ ਉਹਨਾਂ ਸੰਤਾਂ, ਪੀਰਾਂ, ਫਕੀਰਾਂ ਦੀ ਆਮਦ ਨੇ ਗੁਰੂ ਨਾਨਕ ਦੇਵ ਜੀ ਨੂੰ ਅਧਿਆਤਮਿਕ ਵਿੱਦਿਆ ਲੈਣ ਦਾ ਚੰਗਾ ਮੌਕਾ ਦਿੱਤਾ। ਗੁਰੂ ਜੀ ਉਹਨਾਂ ਸੰਤਾਂ, ਪੀਰਾਂ, ਫਕੀਰਾਂ ਦੀ ਸੰਗਤ ਕਰਦੇ। ਉਹ ਉਹਨਾਂ ਨਾਲ਼ ਵਿਚਾਰ ਵਟਾਂਦਰਾ ਵੀ ਕਰਦੇ। ਪਿੰਡ ਪੁੱਜ ਕੇ ਉਹ ਪਿੰਡ ਦੇ ਲੋਕਾਂ ਨੂੰ ਵੀ ਗਿਆਨ ਦਾ ਪ੍ਰਸ਼ਾਦ ਵੰਡਦੇ। ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਨੂੰ ਇਹ ਸਭ ਓਪਰਾ ਓਪਰਾ ਲਗਦਾ। ਇਸ ਲਈ ਗੁਰੂ ਨਾਨਕ ਦੇਵ ਜੀ ਦੇ ਸੰਸਾਰਿਕ ਕਾਰ-ਵਿਹਾਰ ਵਿੱਚ ਅਣਗਹਿਲੀ ਦੇਖ ਕੇ ਕਾਲੂ ਜੀ ਨਿਰਾਸ਼ ਰਹਿਣ ਲੱਗੇ। ਆਖ਼ਰ ਨੂੰ ਗੁਰੂ ਜੀ ਦੀਆਂ ਰੁਚੀਆਂ ਵਿੱਚ ਤਬਦੀਲੀ ਲਿਆਉਣ ਲਈ ਮਹਿਤਾ ਕਾਲੂ ਜੀ ਨੇ ਉਹਨਾਂ ਨੂੰ ਘਰ ਦੀਆਂ ਮੱਝਾਂ ਚਰਾਉਣ ਦਾ ਕੰਮ ਸੰਭਾਲ ਦਿੱਤਾ। ਗੁਰੂ ਜੀ ਮੱਝਾਂ ਤਾਂ ਖੇਤਾਂ ਵੱਲ ਲੈ ਜਾਂਦੇ ਪਰ ਉਹ ਉਹਨਾਂ ਦਾ ਧਿਆਨ ਨਾ ਰੱਖਦੇ। ਉਹ ਆਪਣਾ ਧਿਆਨ ਪ੍ਰਭੂ ਨਾਲ ਲਾ ਲੈਂਦੇ। ਮੱਝਾਂ ਖੇਤਾਂ ਦਾ ਉਜਾੜਾ ਕਰ ਦਿੰਦੀਆਂ। ਮਹਿਤਾ ਕਾਲੂ ਜੀ ਨੂੰ ਉਲਾਂਭੇ ਆਉਂਦੇ ਰਹਿੰਦੇ। ਉਹਨਾਂ ਉਲਾਂਭਿਆਂ ਤੋਂ ਤੰਗ ਆ ਕੇ ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਖੇਤੀ ਦਾ ਕੰਮ ਸੰਭਾਲ ਦਿੱਤਾ। ਗੁਰੂ ਜੀ ਨੇ ਉਸ ਕੰਮ ਵਿੱਚ ਵੀ ਦਿਲਚਸਪੀ ਨਾ ਦਿਖਾਈ। ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਵਪਾਰ ਵਿੱਚ ਪਾਉਣਾ ਚਾਹਿਆ। ਮਹਿਤਾ ਜੀ ਨੇ ਉਹਨਾਂ ਨੂੰ ਵੀਹ ਰੁਪਏ ਦਿੱਤੇ ਅਤੇ ਕਿਸੇ ਮੰਡੀ ਵਿੱਚ ਖਰਾ ਅਤੇ ਮੁਨਾਫ਼ੇ ਵਾਲ਼ਾ ਸੌਦਾ ਕਰਨ ਲਈ ਭੇਜਿਆ। ਉਹਨਾਂ ਦੀ ਛੋਟੀ ਉਮਰ ਹੋਣ ਕਰਕੇ ਉਨ੍ਹਾਂ ਦੇ ਨਾਲ ਭਾਈ ਬਾਲਾ ਨੂੰ ਭੇਜਿਆ ਗਿਆ। ਉਹਨਾਂ ਨੂੰ ਰਸਤੇ ਵਿੱਚ ਫਕੀਰਾਂ ਦਾ ਇੱਕ ਟੋਲਾ ਮਿਲ਼ਿਆ, ਜੋ ਭੁੱਖਾ ਸੀ। ਗੁਰੂ ਨਾਨਕ ਦੇਵ ਜੀ ਨੇ ਸਾਰੀ ਰਕਮ ਦੀ ਰਸਦ ਲਿਆ ਕੇ ਉਹਨਾਂ ਫਕੀਰਾਂ ਨੂੰ ਰੋਟੀ ਖੁਆ ਦਿੱਤੀ। ਜਦੋਂ ਉਹ ਖ਼ਾਲੀ ਹੱਥ ਘਰ ਪੁੱਜੇ ਤਾਂ ਮਹਿਤਾ ਜੀ ਬੜੇ ਦੁੱਖੀ ਹੋਏ। ਜਦੋਂ ਉਹਨਾਂ ਨੇ ਵੀਹ ਰੁਪਏ ਦਾ ਹਿਸਾਬ ਮੰਗਿਆ ਤਾਂ ਗੁਰੂ ਜੀ ਸੱਚੋ-ਸੱਚ ਦੱਸ ਦਿੱਤਾ। ਇਸ ਘਟਨਾ ਨੂੰ 'ਸੱਚਾ ਸੌਦਾ' ਕਿਹਾ ਜਾਂਦਾ ਹੈ।

**(ਹ) ਗੁਰੂ ਨਾਨਕ ਦੇਵ ਜੀ ਦਾ ਵਿਆਹ** (Marriage of Guru Nanak Dev Ji):- ਗੁਰੂ ਨਾਨਕ ਦੇਵ ਜੀ ਹਰ ਵੇਲ਼ੇ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ। ਉਹਨਾਂ ਦਾ ਮਨ ਬਦਲਣ ਲਈ ਮਹਿਤਾ ਕਾਲੂ ਜੀ ਨੇ ਉਨ੍ਹਾਂ ਦਾ ਵਿਆਹ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਨਿਵਾਸੀ ਮੂਲ ਚੰਦ ਦੀ ਬੇਟੀ ਬੀਬੀ ਸੁਲੱਖਣੀ ਨਾਲ ਕਰ ਦਿੱਤਾ। ਬੀਬੀ ਸੁੱਲਖਣੀ ਨੇ ਦੋ ਪੁੱਤਰਾਂ-ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਜਨਮ ਦਿੱਤਾ। ਪਰ ਗੁਰੂ ਸਾਹਿਬ ਗ੍ਰਹਿਸਤੀ ਜੀਵਨ ਵਿੱਚ ਪੈ ਕੇ ਵੀ ਆਪਣੇ ਰਸਤੇ ਤੋਂ ਪਿਛਾਂਹ ਨਾ ਹਟੇ। ਉਹ ਸਵੇਰੇ ਉੱਠਦੇ, ਪ੍ਰਮਾਤਮਾ ਦਾ ਨਾਮ ਜਪਦੇ ਅਤੇ ਸਾਧੂ ਸੰਤਾਂ ਦੀ ਸੰਗਤ ਕਰਦੇ।

**(ਕ) ਸੁਲਤਾਨਪੁਰ ਲੋਧੀ ਵਿੱਚ ਨੌਕਰੀ** (Service at Sultanpur Lodhi):- ਮਹਿਤਾ ਕਾਲੂ ਜੀ ਨੇ ਸਥਾਨ ਬਦਲਣ ਲਈ ਗੁਰੂ ਨਾਨਕ ਦੇਵ ਜੀ ਨੂੰ 1486-87 ਵਿੱਚ ਸੁਲਤਾਨਪੁਰ ਲੋਧੀ ਵਿਖੇ ਭੇਜ ਦਿੱਤਾ। ਗੁਰੂ ਜੀ ਉੱਥੇ ਆਪਣੇ ਭਣਵਈਏ (ਬੀਬੀ ਨਾਨਕੀ ਦੇ ਪਤੀ) ਜੈ ਰਾਮ ਕੋਲ਼ ਰਹਿਣ ਲੱਗੇ। ਗੁਰੂ ਜੀ ਨੂੰ ਫ਼ਾਰਸੀ ਅਤੇ ਗਣਿਤ ਦਾ ਗਿਆਨ ਤਾਂ ਹੈ ਹੀ ਸੀ, ਇਸ ਲਈ ਜੈ ਰਾਮ ਦੀ ਸ਼ਿਫਾਰਸ਼ 'ਤੇ ਸੁਲਤਾਨਪੁਰ ਲੋਧੀ ਦੇ ਫੌਜਦਾਰ ਦੌਲਤ ਖਾਂ ਨੇ ਗੁਰੂ ਜੀ ਨੂੰ ਸਰਕਾਰੀ ਮੋਦੀਖਾਨੇ (ਅਨਾਜ ਦੇ ਭੰਡਾਰ) ਵਿੱਚ ਭੰਡਾਰੀ ਦੀ ਨੌਕਰੀ ਦੇ ਦਿੱਤੀ। ਉਹ ਆਪਣਾ ਕੰਮ ਬੜੀ ਹੀ ਈਮਾਨਦਾਰੀ ਨਾਲ਼ ਕਰਦੇ। ਫਿਰ ਵੀ ਉਹਨਾਂ ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਗਈ। ਜਦ ਮੋਦੀਖਾਨੇ ਦੀ ਜਾਂਚ ਕੀਤੀ ਤਾਂ ਹਿਸਾਬ-ਕਿਤਾਬ ਠੀਕ ਨਿਕਲ਼ਿਆ।

ਗੁਰੂ ਨਾਨਕ ਦੇਵ ਜੀ ਨੇ ਉਥੇ ਆਪਣੀ ਪਤਨੀ ਬੀਬੀ ਸੁਲੱਖਣੀ ਨੂੰ ਵੀ ਬੁਲਾ ਲਿਆ। ਉਹ ਉੱਥੇ ਸਾਦਾ ਅਤੇ ਪਵਿੱਤਰ ਗ੍ਰਹਿਸਤੀ ਜੀਵਨ ਗੁਜ਼ਾਰਨ ਲੱਗੇ। ਉਹ ਸਵੇਰੇ ਸ਼ਹਿਰ ਦੇ ਨਾਲ਼ ਵਗਦੀ ਵੇਈਂ ਨਦੀ

ਵਿੱਚ ਇਸ਼ਨਾਨ ਕਰਦੇ, ਪਰਮਾਤਮਾ ਦਾ ਨਾਮ ਸਿਮਰਦੇ ਅਤੇ ਆਪਣੀ ਆਮਦਨ ਦਾ ਕੁਝ ਹਿੱਸਾ ਲੋੜਵੰਦਾਂ ਨੂੰ ਦਾਨ ਕਰਦੇ।

**(ਖ) ਗਿਆਨ ਪ੍ਰਾਪਤੀ** (Enlightenment):- ਜਨਮ ਸਾਖੀਆਂ ਦੇ ਅਨੁਸਾਰ ਗੁਰੂ ਨਾਨਕ ਸਾਹਿਬ ਹਰ ਰੋਜ਼ ਵਾਂਗ ਇੱਕ ਦਿਨ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ। ਉਹ ਤਿੰਨ ਦਿਨ ਘਰ ਵਾਪਸ ਨਾ ਮੁੜੇ ਇਸ ਕਰਕੇ ਸੁਲਤਾਨਪੁਰ ਲੋਧੀ ਵਿਖੇ ਨਾਨਕ ਜੀ ਦੇ ਵੇਈਂ ਨਦੀ ਵਿੱਚ ਡੁੱਬ ਜਾਣ ਦੀ ਖ਼ਬਰ ਉੱਡ ਗਈ। ਨਾਨਕ ਜੀ ਦੇ ਸਾਕ ਸਬੰਧੀ ਅਤੇ ਹੋਰ ਸੱਜਣ ਫਿਕਰ ਵਿੱਚ ਡੁੱਬ ਗਏ। ਲੋਕ ਭਾਂਤ-ਭਾਂਤ ਦੀਆਂ ਗੱਲਾਂ ਵੀ ਬਣਾਉਣ ਲੱਗੇ। ਨਾਨਕ ਜੀ ਨੂੰ ਤਿੰਨ ਦਿਨ ਵਿਸਮਾਦ ਅਵਸਥਾ ਵਿੱਚ ਰਹਿ ਕੇ ਗਿਆਨ ਦੀ ਪ੍ਰਾਪਤੀ ਹੋਈ। ਮੰਨਿਆ ਜਾਂਦਾ ਹੈ ਕਿ ਉਹਨਾਂ ਨੂੰ ਗਿਆਨ ਪ੍ਰਾਪਤੀ 1499 ਈ. ਵਿੱਚ ਹੋਈ।

ਗਿਆਨ-ਪ੍ਰਾਪਤੀ ਪਿੱਛੋਂ ਜਦ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਵਾਪਸ ਪੁੱਜੇ ਤਾਂ ਉਹ ਚੁੱਪ ਸਨ। ਜਦ ਉਹਨਾਂ ਨੂੰ ਬੋਲਣ ਲਈ ਮਜਬੂਰ ਕੀਤਾ ਗਿਆ ਤਾਂ ਉਹਨਾਂ ਨੇ ਕੇਵਲ ਕਿਹਾ— 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ'। ਜਦ ਦੌਲਤ ਖਾਂ, ਬ੍ਰਾਹਮਣਾਂ ਅਤੇ ਕਾਜ਼ੀ ਨੇ ਇਸ ਵਾਕ ਦਾ ਅਰਥ ਪੁੱਛਿਆਂ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਹਿੰਦੂ ਅਤੇ ਮੁਸਲਮਾਨ ਆਪੋ ਆਪਣੇ ਧਰਮ ਦੇ ਅਸਲੀ ਸਿਧਾਂਤਾਂ ਨੂੰ ਭੁੱਲ ਬੈਠੇ ਹਨ। ਇਹਨਾਂ ਸ਼ਬਦਾਂ ਦਾ ਅਰਥ ਇਹ ਵੀ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਕੋਈ ਫ਼ਰਕ ਨਹੀ ਅਤੇ ਉਹ ਇੱਕ ਸਮਾਨ ਹਨ। ਉਹਨਾਂ ਨੇ ਇਹਨਾਂ ਮਹੱਤਵਪੂਰਨ ਸ਼ਬਦਾਂ ਨਾਲ ਆਪਣੇ ਉਪਦੇਸ਼ਾਂ ਦਾ ਆਰੰਭ ਕੀਤਾ। ਉਹਨਾਂ ਨੇ ਆਪਣਾ ਅਗਲਾ ਜੀਵਨ ਗਿਆਨ-ਪਰਚਾਰ ਵਿੱਚ ਹੀ ਬਤੀਤ ਕੀਤਾ। ਆਪਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਲੰਮੀਆਂ ਉਦਾਸੀਆਂ (ਯਾਤਰਾਵਾਂ) ਸ਼ੁਰੂ ਕਰ ਦਿੱਤੀਆਂ।

## ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਯਾਤਰਾਵਾਂ)
## (Udasis or Travels of Guru Nanak Dev Ji)

ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ (ਯਾਤਰਾਵਾਂ) ਆਰੰਭ ਕੀਤੀਆਂ। ਇਹਨਾਂ ਪਿੱਛੇ ਉਹਨਾਂ ਦਾ ਇਕ ਮੁੱਖ ਉਦੇਸ਼ ਰਾਹੋਂ ਭਟਕੀ ਮਨੁੱਖਤਾ ਨੂੰ ਜੀਵਨ ਦਾ ਅਸਲੀ ਮਾਰਗ ਦਿਖਾਉਣਾ ਸੀ। ਫਜ਼ੂਲ ਦੇ ਰੀਤੀ-ਰਿਵਾਜਾਂ ਅਤੇ ਕਰਮ ਕਾਂਡਾਂ ਦਾ ਖੰਡਨ ਕਰਨਾ ਵੀ ਉਹਨਾਂ ਦਾ ਉਦੇਸ਼ ਸੀ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਦੈਵੀ ਗਿਆਨ ਦੀ ਜੋਤੀ ਨਾਲ਼ ਅਗਿਆਨਤਾ ਦਾ ਅੰਧਕਾਰ ਮਿਟਾਉਣ ਲਈ ਦੇਸ-ਵਿਦੇਸ਼ ਦੀਆਂ ਯਾਤਰਾਵਾਂ ਕੀਤੀਆਂ।

ਉਦਾਸੀਆਂ ਦਾ ਨਿਸ਼ਚਿਤ ਅਤੇ ਸਿਲਸਲੇਵਾਰ ਵੇਰਵਾ ਤਿਆਰ ਕਰਨਾ ਇਤਿਹਾਸਕਾਰਾਂ ਲਈ ਇੱਕ ਗੁੰਝਲ਼ਦਾਰ ਸਮੱਸਿਆ ਬਣੀ ਰਹੀ ਹੈ। ਇਹਨਾਂ ਦੇ ਵਰਨਨ ਦਾ ਮੁੱਖ ਸੋਮਾ ਗੁਰੂ ਜੀ ਦੀਆਂ ਜਨਮ ਸਾਖੀਆਂ ਹਨ, ਜਿਨ੍ਹਾਂ ਵਿਚਲਾ ਵਰਨਣ ਇੱਕ ਦੂਜੀ ਨਾਲ਼ ਮੇਲ਼ ਨਹੀਂ ਖਾਂਦਾ।

ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਗਿਣਤੀ ਬਾਰੇ ਵੀ ਇਤਿਹਾਸਕਾਰਾਂ ਵਿੱਚ ਕਾਫੀ ਮੱਤ-ਭੇਦ ਪਾਇਆ ਜਾਂਦਾ ਹੈ। ਪੁਰਾਤਨ ਜਨਮ ਸਾਖੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਆਧਾਰ 'ਤੇ ਕਈ ਇਤਿਹਾਸਕਾਰ ਨੇ ਉਦਾਸੀਆਂ ਦੀ ਗਿਣਤੀ ਪੰਜ ਅਤੇ ਕਈਆਂ ਨੇ ਚਾਰ ਦੱਸੀ ਹੈ। ਪਰੰਤੂ ਡਾਕਟਰ ਫ਼ੌਜਾ ਸਿੰਘ ਅਤੇ ਡਾਕਟਰ ਕਿਰਪਾਲ ਸਿੰਘ ਨੇ ਇਹਨਾਂ ਦੀ ਗਿਣਤੀ ਤਿੰਨ ਸਿੱਧ ਕੀਤੀ ਹੈ, ਜੋ ਸਹੀ ਮੰਨੀ ਜਾਂਦੀ ਹੈ। ਇਹਨਾਂ ਉਦਾਸੀਆਂ ਦਾ ਵਰਨਣ ਇਸ ਪ੍ਰਕਾਰ ਹੈ—

**1. ਪਹਿਲੀ ਉਦਾਸੀ** (First Udasi):- (1499-1510):-ਗੁਰੂ ਨਾਨਕ ਦੇਵ ਦੀ ਪਹਿਲੀ ਉਦਾਸੀ ਲਗ-ਪਗ 1499 ਈ. ਵਿੱਚ ਅਰੰਭ ਹੋਈ, ਜਿਸ ਵਿੱਚ ਉਹ ਭਾਰਤ ਦੇ ਪੂਰਬੀ ਅਤੇ ਦੱਖਣੀ ਇਲਾਕੇ ਵਿੱਚ ਗਏ। ਇਸ ਉਦਾਸੀ ਸਮੇਂ ਭਾਈ ਮਰਦਾਨਾ ਉਹਨਾਂ ਦਾ ਸਾਥੀ ਸੀ। ਉਹ ਗੁਰੂ ਜੀ ਦਾ ਰਬਾਬੀ ਵੀ ਸੀ। ਇਸ ਉਦਾਸੀ ਦੌਰਾਨ ਉਹ ਹੇਠ ਲਿਖੇ ਸਥਾਨਾਂ 'ਤੇ ਗਏ—

ਸੁਲਤਾਨਪੁਰ ਲੋਧੀ ਤੋਂ ਚੱਲ ਕੇ ਸਭ ਤੋਂ ਪਹਿਲਾਂ ਉਹ ਸੈਦਪੁਰ (ਏਮਨਾਬਾਦ) ਗਏ। ਉੱਥੇ ਗੁਰੂ ਜੀ ਨੇ ਲਾਲੋ ਨਾਮਕ ਤਰਖਾਣ ਨੂੰ ਆਪਣਾ ਸ਼ਰਧਾਲੂ ਬਣਾਇਆ। ਉੱਥੇ ਉਹਨਾਂ ਨੇ ਮਲਕ ਭਾਗੋ ਦਾ ਭੋਜਨ ਵੀ ਅਸ੍ਵੀਕਾਰ ਕੀਤਾ, ਕਿਉਂਕਿ ਉਸ ਦਾ ਅੰਨ ਅਤੇ ਧਨ ਰਿਸ਼ਵਤ ਅਤੇ ਧੱਕੇਸ਼ਾਹੀ ਨਾਲ਼ ਜੋੜਿਆ ਹੋਇਆ ਸੀ।

ਸੈਦਪੁਰ ਤੋਂ ਗੁਰੂ ਜੀ ਤੁਲੰਬਾ ਵਿਖੇ ਪੁੱਜੇ। ਉੱਥੇ ਉਹਨਾਂ ਦੀ ਮੁਲਾਕਾਤ ਸੱਜਣ ਠੱਗ ਨਾਲ ਹੋਈ। ਉਹ ਪਰਮਾਤਮਾ ਅਖਵਾਉਂਦਾ ਸੀ, ਪਰ ਕੰਮ ਠੱਗਾਂ ਵਾਲੇ ਕਰਦਾ ਸੀ। ਉਹ ਗੁਰੂ ਜੀ ਦੀ ਬਾਣੀ ਅਤੇ ਸ਼ਖਸੀਅਤ ਤੋਂ ਇਤਨਾ ਪ੍ਰਭਾਵਤ ਹੋਇਆ ਕਿ ਉਸ ਨੇ ਸਦਾ ਸਦਾ ਲਈ ਠੱਗੀ ਛੱਡ ਦਿੱਤੀ। ਉਹ ਗੁਰੂ ਜੀ ਦਾ ਸੇਵਕ ਵੀ ਬਣ ਗਿਆ। ਇਸ ਤਰ੍ਹਾਂ ਉਸ ਦੀ ਸਰਾਂ ਪਰਮਾਤਮਾ ਦੀ ਉਪਾਸਨਾ ਦਾ ਘਰ ਬਣ ਗਈ।

ਤੁਲੰਬਾ ਤੋਂ ਗੁਰੂ ਨਾਨਕ ਦੇਵ ਜੀ ਕੁਰੂਕਸ਼ੇਤਰ ਪੁੱਜੇ। ਉਸ ਸਮੇਂ ਉੱਥੇ ਸੂਰਜ ਗ੍ਰਹਿਣ ਲੱਗਾ ਹੋਣ ਕਾਰਨ ਬਹੁਤ ਲੋਕ ਇਕੱਠੇ ਹੋਏ ਸਨ। ਗੁਰੂ ਜੀ ਨੇ ਉੱਥੇ ਇਕੱਠੇ ਹੋਏ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਸੂਰਜ ਗ੍ਰਹਿਣ ਅਤੇ ਚੰਨ ਗ੍ਰਹਿਣ ਸੰਬੰਧੀ ਝੂਠੇ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਉਹਨਾਂ ਕਿਹਾ ਕਿ ਪਰਮਾਤਮਾ ਦੀ ਭਗਤੀ ਤੇ ਸ਼ੁਭ ਕੰਮ ਕਰਨੇ ਚਾਹੀਦੇ ਹਨ।

ਕੁਰੂਕਸ਼ੇਤਰ ਤੋਂ ਗੁਰੂ ਜੀ ਪਾਨੀਪਤ ਪੁੱਜੇ। ਪਾਨੀਪਤ ਤੋਂ ਗੁਰੂ ਜੀ ਦਿੱਲੀ ਗਏ। ਦਿੱਲੀ ਤੋਂ ਗੁਰੂ ਨਾਨਕ ਦੇਵ ਜੀ ਹਰਿਦੁਆਰ ਪੁੱਜੇ। ਇੱਥੇ ਗੁਰੂ ਜੀ ਨੇ ਲੋਕਾਂ ਨੂੰ ਸਵੇਰੇ-ਸਵੇਰੇ ਸੂਰਜ ਵੱਲ ਮੂੰਹ ਕਰਕੇ ਆਪੋ ਆਪਣੇ ਪਿਤਰਾਂ ਨੂੰ ਪਾਣੀ ਦਿੰਦੇ ਹੋਏ ਦੇਖਿਆ। ਗੁਰੂ ਜੀ ਨੇ ਲੋਕਾਂ ਦਾ ਭੁਲੇਖਾ ਅਤੇ ਭਰਮ ਦੂਰ ਕਰਨ ਲਈ ਉਲਟੇ ਪਾਸੇ ਪਾਣੀ ਦੇਣਾ ਆਰੰਭ ਕਰ ਦਿੱਤਾ। ਲੋਕਾਂ ਦੇ ਪੁੱਛਣ ਤੇ ਗੁਰੂ ਜੀ ਨੇ ਕਿਹਾ ਕਿ ਉਹ ਪੰਜਾਬ ਵਿੱਚ ਆਪਣੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਜਦੋਂ ਲੋਕਾਂ ਨੇ ਉਹਨਾਂ ਦਾ ਮਜ਼ਾਕ ਉਡਾਇਆ ਤਾਂ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਜੇਕਰ ਮੇਰਾ ਪਾਣੀ ਕੁੱਝ ਮੀਲਾਂ ਦੀ ਵਿੱਥ ਤੇ ਨਹੀਂ ਜਾ ਸਕਦਾ ਤਾਂ ਤੁਹਾਡਾ ਪਾਣੀ ਕਰੋੜਾਂ ਮੀਲ ਦੂਰ ਪਿਤਰਾਂ ਤੱਕ ਕਿਵੇਂ ਪੁੱਜ ਸਕਦਾ ਹੈ। ਸਿੱਟੇ ਵਜੋਂ ਉੱਥੇ ਇੱਕਠੇ ਹੋਏ ਬਹੁਤ ਸਾਰੇ ਲੋਕ ਗੁਰੂ ਜੀ ਤੋਂ ਪ੍ਰਭਾਵਿਤ ਹੋਏ।

ਹਰਿਦੁਆਰ ਪਿੱਛੋਂ ਗੁਰੂ ਜੀ ਕੇਦਾਰਨਾਥ, ਬਦਰੀਨਾਥ, ਜੋਸ਼ੀਮੱਠ ਆਦਿ ਥਾਵਾਂ 'ਤੇ ਹੁੰਦੇ ਹੋਏ ਗੋਰਖਮਤਾ ਪੁੱਜੇ। ਉੱਥੇ ਉਹਨਾਂ ਦੀ ਮੁਲਾਕਾਤ ਗੋਰਖਨਾਥ ਦੇ ਅਨੁਯਾਈਆਂ ਨਾਲ਼ ਹੋਈ। ਗੁਰੂ ਜੀ ਨੇ ਉਹਨਾਂ ਨੂੰ ਉਪਦੇਸ਼ ਦਿੱਤਾ ਕਿ ਕੰਨਾਂ ਵਿੱਚ ਮੁੰਦਰਾ ਪਾਉਣ, ਪਿੰਡੇ ਉੱਤੇ ਭਸਮ ਮਲਣ, ਹੱਥ ਵਿਚ ਡੰਡਾ ਫੜਨ, ਸਿਰ ਮੁੰਨਾਉਣ ਅਤੇ ਸੰਸਾਰ ਤਿਆਗਣ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ। ਯੋਗੀ ਲੋਕ ਗੁਰੂ ਜੀ ਤੋਂ ਬੜੇ ਹੀ ਪ੍ਰਭਾਵਿਤ ਹੋਏ ਅਤੇ ਗੋਰਖਮਤਾ ਦਾ ਨਾਂ 'ਨਾਨਕਮਤਾ' ਪੈ ਗਿਆ।

ਗੋਰਖਮਤਾ ਤੋਂ ਗੁਰੂ ਜੀ ਬਨਾਰਸ ਪੁੱਜੇ। ਇੱਥੇ ਉਹਨਾਂ ਦੀ ਮੁਲਾਕਾਤ ਪੰਡਤ ਚਤੁਰਦਾਸ ਨਾਲ ਹੋਈ। ਉਹ ਵੀ ਗੁਰੂ ਜੀ ਦੇ ਉਪਦੇਸ਼ਾਂ ਤੋਂ ਬੜਾ ਪ੍ਰਭਾਵਿਤ ਹੋਇਆ। ਸਿੱਟੇ ਵਜੋਂ ਚਤੁਰਦਾਸ ਅਤੇ ਉਸ ਦੇ ਚੇਲੇ ਗੁਰੂ ਜੀ ਦੇ ਅਨੁਯਾਈ ਬਣ ਗਏ।

ਬਨਾਰਸ ਤੋਂ ਚੱਲ ਕੇ ਗੁਰੂ ਜੀ ਬੁੱਧ ਧਰਮ ਦੇ ਪ੍ਰਸਿੱਧ ਤੀਰਥ ਸਥਾਨ ਗਯਾ ਪੁੱਜੇ। ਇੱਥੇ ਉਹਨਾਂ ਨੇ ਆਪਣੇ ਵਿਚਾਰਾਂ ਨਾਲ਼ ਪ੍ਰਭਾਵਿਤ ਕਰ ਕੇ ਬਹੁਤ ਸਾਰੇ ਲੋਕਾਂ ਨੂੰ ਸ਼ਰਧਾਲੂ ਬਣਾਇਆ।

ਇੱਥੋਂ ਉਹ ਪਟਨਾ ਅਤੇ ਹਾਜੀਪੁਰ ਵੀ ਗਏ ਅਤੇ ਲੋਕਾਂ ਨੂੰ ਆਪਣੇ ਵਿਚਾਰਾਂ ਨਾਲ ਪ੍ਰਭਾਵਿਤ ਕੀਤਾ।

ਗੁਰੂ ਨਾਨਕ ਦੇਵ ਜੀ ਬਿਹਾਰ ਅਤੇ ਬੰਗਾਲ ਹੁੰਦੇ ਹੋਏ ਆਸਾਮ ਪੁੱਜੇ। ਧੁਬਰੀ ਦੇ ਸਥਾਨ ਉੱਤੇ ਗੁਰੂ ਜੀ ਦੀ ਮੁਲਾਕਾਤ ਸੰਤ ਸ਼ੰਕਰਦੇਵ ਨਾਲ ਹੋਈ।

ਕਾਮਰੂਪ (ਆਸਾਮ) ਵਿੱਚ ਇੱਥੇ ਗੁਰੂ ਜੀ ਨੇ ਨੂਰ ਸ਼ਾਹ ਨਾਂ ਦੀ ਇਕ ਜਾਦੂਗਰਨੀ ਨੂੰ ਉਪਦੇਸ਼ ਦਿੱਤਾ ਕਿ ਸੱਚੀ ਸੁੰਦਰਤਾ ਉੱਚੇ ਚਰਿਤਰ ਵਿੱਚ ਹੀ ਹੈ।

ਗੁਰੂ ਨਾਨਕ ਦੇਵ ਦੀ ਗੁਹਾਟੀ ਅਤੇ ਸ਼ਿਲਾਂਗ ਹੁੰਦੇ ਹੋਏ ਸਿਲਹੱਟ ਪੁੱਜੇ। ਉੱਥੇ ਉਹਨਾਂ ਦਾ ਮੇਲ ਸੰਤ ਸ਼ੇਖ਼ ਜਲਾਲ ਨਾਲ ਹੋਇਆ, ਉਹ ਵੀ ਗੁਰੂ ਜੀ ਦੇ ਪ੍ਰਵਚਨਾਂ ਤੋਂ ਬੜਾ ਪ੍ਰਭਾਵਿਤ ਹੋਇਆ।

ਇੱਥੋਂ ਗੁਰੂ ਜੀ ਢਾਕਾ ਪੁੱਜੇ। ਉਥੇ ਉਹਨਾਂ ਨੇ ਵੱਖ-ਵੱਖ ਧਰਮਾਂ ਦੇ ਨੇਤਾਵਾਂ ਨਾਲ ਮੁਲਾਕਾਤਾਂ ਕੀਤੀਆਂ।

ਢਾਕਾ ਤੋਂ ਕਟਕ ਹੁੰਦੇ ਹੋਏ ਗੁਰੂ ਜੀ ਉੜੀਸਾ ਵਿੱਚ ਜਗਨਨਾਥ ਪੁਰੀ ਪੁੱਜੇ। ਪੁਰੀ ਦੇ ਮੰਦਰ ਵਿਚ ਉਹਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਵਿਸ਼ਨੂੰ ਦੀ ਮੂਰਤੀ ਪੂਜਾ ਅਤੇ ਆਰਤੀ ਕਰਦੇ ਹੋਏ ਦੇਖਿਆ। ਉੱਥੇ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਮੂਰਤੀ ਪੂਜਾ ਵਿਅਰਥ ਹੈ। ਈਸ਼ਵਰ ਸਰਬ ਵਿਆਪਕ ਹੈ। ਕੁਦਰਤ ਵੱਲੋਂ ਉਸ ਦੀ ਹਰ ਸਮੇ ਆਰਤੀ ਹੁੰਦੀ ਰਹਿੰਦੀ ਹੈ।

**ਦੂਜੀ ਉਦਾਸੀ** (Second Udasi) (1510-1515)- ਗੁਰੂ ਨਾਨਕ ਦੇਵ ਜੀ ਨੇ ਦੱਖਣ ਵੱਲ ਚਾਲੇ ਪਾਏ। ਉਹ ਗੰਟੂਰ, ਕਾਂਚੀਪੁਰਮ, ਤ੍ਰਿਚਨਾਪੱਲੀ, ਨਾਗਾਪਟਮ, ਰਾਮੇਸ਼ਵਰਮ, ਤ੍ਰਿਵੇਂਦਰਮ ਹੁੰਦੇ ਹੋਏ ਸ੍ਰੀ ਲੰਕਾ ਪੁੱਜੇ। ਸ੍ਰੀ ਲੰਕਾ ਦੇ ਜਾਫਨਾ ਇਲਾਕੇ ਵਿੱਚ ਗੁਰੂ ਜੀ ਦੀ ਫੇਰੀ ਦੇ ਪਰਮਾਣ ਮਿਲਦੇ ਹਨ। ਸ੍ਰੀ ਲੰਕਾ ਦਾ ਰਾਜਾ ਸ਼ਿਵਨਾਭ ਜਾਂ ਸ਼ਿਵਨਾਥ ਗੁਰੂ ਜੀ ਦੀ ਸ਼ਖਸ਼ੀਅਤ ਅਤੇ ਬਾਣੀ ਤੋਂ ਬਹੁਤ ਪ੍ਰਭਾਵਿਤ ਹੋਇਆ। ਉਹ ਗੁਰੂ ਜੀ ਦਾ ਚੇਲਾ ਬਣ ਗਿਆ। ਸ੍ਰੀ ਲੰਕਾ ਦੀ ਰਾਣੀ ਅਤੇ ਬਹੁਤ ਸਾਰੇ ਹੋਰ ਲੋਕ ਵੀ ਗੁਰੂ ਜੀ ਦੇ ਅਨੁਯਾਈ ਬਣੇ। ਉਹਨਾਂ ਨੇ ਝੰਡਾ ਬੇਦੀ ਨਾਂ ਦੇ ਇੱਕ ਸ਼ਰਧਾਲੂ ਨੂੰ ਪਰਮਾਤਮਾ ਦਾ ਪ੍ਰਚਾਰ ਕਰਨ ਲਈ ਉੱਥੇ ਨਿਯੁਕਤ ਕੀਤਾ।

ਸ੍ਰੀ ਲੰਕਾ ਤੋਂ ਵਾਪਸ ਮੁੜਦੇ ਹੋਏ ਗੁਰੂ ਨਾਨਕ ਦੇਵ ਜੀ ਕੁੱਝ ਦਿਨ ਪਨਾਰ, ਬਿਦਰ, ਉਜੈਨ, ਅਜਮੇਰ, ਮਥਰਾ, ਰਿਵਾੜੀ, ਹਿਸਾਰ, ਤਖਤੂਪੁਰਾ (ਮੋਗਾ) ਹੁੰਦੇ ਹੋਏ ਪਾਕਪਟਨ ਪੁੱਜੇ। ਉੱਥੇ ਉਹਨਾਂ ਦੀ ਮੁਲਾਕਾਤ ਸ਼ੇਖ ਫਰੀਦ ਦੇ ਦਸਵੇਂ ਉੱਤਰਾਧਿਕਾਰੀ ਸ਼ੇਖ ਬ੍ਰਹਮ ਜਾਂ ਸ਼ੇਖ ਇਬਰਾਹੀਮ ਨਾਲ਼ ਹੋਈ। ਉਹ ਸੂਫੀ ਸੰਤ ਗੁਰੂ ਜੀ ਦੇ ਵਿਚਾਰ ਸੁਣ ਕੇ ਬਹੁਤ ਹੀ ਪ੍ਰਸੰਨ ਹੋਇਆ। ਪਾਕਪਟਨ ਤੋਂ ਦੀਪਾਲਪੁਰ ਹੁੰਦੇ ਹੋਏ ਗੁਰੂ ਜੀ ਸੁਲਤਾਨਪੁਰ ਲੋਧੀ ਪੁੱਜੇ।

**ਤੀਜੀ ਉਦਾਸੀ** (Third Udasi) (1515-1517)- ਕੁਝ ਸਮਾਂ ਆਪਣੇ ਪਰਿਵਾਰ ਵਿੱਚ ਠਹਿਰਨ ਤੋਂ ਬਾਅਦ 1515 ਈ. ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਤੀਜੀ ਉਦਾਸੀ ਅਰੰਭ ਕੀਤੀ। ਇਸ ਵਾਰ ਉਹ ਉੱਤਰ ਵੱਲ ਗਏ। ਇਸ ਯਾਤਰਾ ਵਿੱਚ ਉਹਨਾਂ ਦਾ ਸਾਥ ਹਸੂ ਨਾਂ ਦੇ ਇੱਕ ਲੁਹਾਰ ਅਤੇ ਸੀਹਾ ਨਾਂ ਦੇ ਇੱਕ ਛੀਬੇ ਨੇ ਦਿੱਤਾ। ਇਸ ਯਾਤਰਾ ਦੌਰਾਨ ਗੁਰੂ ਜੀ ਹੇਠ ਲਿਖੇ ਗਏ ਸਥਾਨਾਂ ਤੇ ਗਏ—

ਜਲੰਧਰ ਅਤੇ ਹੁਸ਼ਿਆਰਪੁਰ ਦੇ ਇਲਾਕਿਆਂ ਵਿੱਚੋਂ ਹੁੰਦੇ ਹੋਏ ਗੁਰੂ ਜੀ ਨੇ ਆਧੁਨਿਕ ਹਿਮਾਚਲ ਪ੍ਰਦੇਸ਼ ਵਿਚ ਪ੍ਰਵੇਸ਼ ਕੀਤਾ। ਉੱਥੇ ਸਭ ਤੋਂ ਪਹਿਲਾਂ ਉਹਨਾਂ ਦੀ ਮੁਲਾਕਾਤ ਪੀਰ ਬੁੱਢਣ ਸ਼ਾਹ ਨਾਲ਼ ਹੋਈ। ਉਹ ਪੀਰ ਗੁਰੂ ਜੀ ਦਾ ਅਨੁਯਾਈ ਬਣ ਗਿਆ। ਉਥੇ ਗੁਰੂ ਜੀ ਬਿਲਾਸਪੁਰ, ਮੰਡੀ, ਸੁਕੇਤ, ਰਵਾਲਸਰ, ਜਵਾਲਾ ਜੀ, ਕਾਂਗੜਾ, ਕੁੱਲੂ ਅਤੇ ਸਪਿਤੀ ਦੇ ਸਥਾਨਾਂ ਉੱਤੇ ਗਏ ਅਤੇ ਉਥੇ ਵੱਖ-ਵੱਖ ਫਿਰਕੇ ਦੇ ਲੋਕਾਂ ਨੂੰ ਆਪਣੇ ਸ਼ਰਧਾਲੂ ਬਣਾਇਆ।

ਸਪਿਤੀ ਘਾਟੀ ਪਾਰ ਕਰਕੇ ਗੁਰੂ ਨਾਨਕ ਦੇਵ ਜੀ ਨੇ ਤਿਬੱਤ ਵਿੱਚ ਪ੍ਰਵੇਸ਼ ਕੀਤਾ। ਇਥੋਂ ਉਹ ਮਾਨਸਰੋਵਰ ਝੀਲ ਅਤੇ ਕੈਲਾਸ਼ ਪਰਬਤ ਉੱਤੇ ਪੁੱਜੇ। ਉੱਥੇ ਉਹਨਾਂ ਨੇ ਬਹੁਤ ਸਾਰੇ ਸਿੱਧਾਂ ਨਾਲ ਮੁਲਾਕਾਤ ਕੀਤੀ। ਗੁਰੂ ਜੀ ਨੇ ਉਹਨਾਂ ਸਿੱਧਾਂ ਨੂੰ ਉਪਦੇਸ਼ ਦਿੱਤਾ ਕਿ ਉਹ ਪਹਾੜਾਂ ਵਿੱਚ ਬੈਠਣ ਦੀ ਥਾਂ ਮੈਦਾਨਾਂ ਵਿੱਚ ਜਾ ਕੇ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੇ ਲੋਕਾਂ ਨੂੰ ਗਿਆਨ ਦੇਣ।

ਕੈਲਾਸ਼ ਪਰਬਤ ਤੋਂ ਬਾਅਦ ਗੁਰੂ ਦੀ ਲੱਦਾਖ ਵਿਖੇ ਗਏ। ਉੱਥੇ ਹੁਣ ਵੀ ਉਹਨਾਂ ਦੇ ਬਹੁਤ ਸਾਰੇ ਸ਼ਰਧਾਲੂ ਹਨ, ਜਿਨ੍ਹਾਂ ਨੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦਵਾਰੇ ਦਾ ਨਿਰਮਾਣ ਕੀਤਾ ਹੈ।

ਸਕਾਰਦੂ ਅਤੇ ਕਾਰਗਿਲ ਹੁੰਦੇ ਹੋਏ ਗੁਰੂ ਜੀ ਕਸ਼ਮੀਰ ਵਿੱਚ ਅਮਰਨਾਥ ਦੀ ਗੁਫਾ ਵਿਖੇ ਗਏ। ਇਸ ਤੋਂ ਬਾਅਦ ਉਹ ਪਹਿਲਗਾਮ ਅਤੇ ਮਟਨ ਦੇ ਸਥਾਨਾਂ 'ਤੇ ਗਏ। ਮਟਨ ਵਿਖੇ ਉਹਨਾਂ ਦੀ ਮੁਲਾਕਾਤ ਪੰਡਤ ਬ੍ਰਹਮਦਾਸ ਨਾਲ ਹੋਈ ਜੋ ਵੇਦਾਂ ਅਤੇ ਸ਼ਾਸਤਰਾਂ ਦੇ ਗਿਆਨ ਲਈ ਪ੍ਰਸਿੱਧ ਸੀ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਕੇਵਲ ਸ਼ਾਸਤਰਾਂ ਦੀ ਪੜ੍ਹਾਈ ਨਾਲ਼ ਮੁਕਤੀ ਪ੍ਰਾਪਤ ਨਹੀਂ ਹੁੰਦੀ। ਇੱਥੋਂ ਗੁਰੂ ਜੀ ਬਾਰਾਮੂਲਾ, ਅਨੰਤਨਾਗ ਅਤੇ ਸ਼੍ਰੀਨਗਰ ਵੀ ਗਏ।

ਜਿਹਲਮ ਅਤੇ ਚਨਾਬ ਨਦੀਆਂ ਨੂੰ ਪਾਰ ਕਰਨ ਮਗਰੋਂ ਗੁਰੂ ਨਾਨਕ ਦੇਵ ਜੀ ਸਿਆਲਕੋਟ ਪੁੱਜੇ। ਉੱਥੇ ਵੀ ਉਹਨਾਂ ਨੇ ਆਪਣੀਆਂ ਸਿੱਖਿਆਵਾਂ ਨਾਲ਼ ਆਪਣੇ ਸ਼ਰਧਾਲੂਆਂ ਨੂੰ ਪ੍ਰਭਾਵਿਤ ਕੀਤਾ। ਉੱਥੋਂ ਉਹ ਆਪਣੇ ਨਿਵਾਸ-ਸਥਾਨ ਕਰਤਾਰ ਪੁਰ ਚਲੇ ਗਏ।

**ਚੌਥੀ ਉਦਾਸੀ** (Fourth Udasi) (1517-1521):- 1517 ਈ. ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਚੌਥੀ ਉਦਾਸੀ ਆਰੰਭ ਕੀਤੀ। ਇਸ ਵਾਰ ਉਹਨਾਂ ਨੇ ਇੱਕ ਮੁਸਲਮਾਨ ਹਾਜੀ ਵਾਲ਼ਾ ਨੀਲਾ ਪਹਿਰਾਵਾ ਧਾਰਨ ਕੀਤਾ ਸੀ। ਇਸ ਉਦਾਸੀ ਦੌਰਾਨ ਉਹ ਪੱਛਮੀ ਏਸ਼ੀਆ ਵੱਲ ਗਏ। ਮਰਦਾਨਾ ਉਹਨਾਂ ਦੇ ਨਾਲ ਸੀ।

ਇਸ ਉਦਾਸੀ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਪਾਕਪਟਨ ਤੋਂ ਕੀਤਾ। ਸ਼ੇਖ ਬ੍ਰਹਮ ਨੂੰ ਮਿਲਣ ਉਪਰੰਤ ਉਹ ਮੁਲਤਾਨ ਪੁੱਜੇ। ਇਥੇ ਉਹਨਾਂ ਦੀ ਮੁਲਾਕਾਤ ਪ੍ਰਸਿੱਧ ਸੂਫੀ ਸੰਤ ਸ਼ੇਖ ਬਹਾਉਦਦੀਨ ਨਾਲ਼ ਹੋਈ, ਜੋ ਗੁਰੂ ਜੀ ਦੇ ਵਿਚਾਰਾਂ ਤੋ ਬੜਾ ਹੀ ਪ੍ਰਭਾਵਿਤ ਹੋਇਆ।

ਗੁਰੂ ਜੀ ਉੱਚ, ਸ਼ੁਕੱਰ, ਮਿਆਨੀ ਅਤੇ ਹਿੰਗਲਾਜ ਦੇ ਸਥਾਨਾਂ 'ਤੇ ਪਰਚਾਰ ਕਰਦੇ ਹੋਏ ਸਮੁੰਦਰੀ ਰਸਤੇ ਮੱਕਾ (ਹਜ਼ਰਤ ਮੁਹੰਮਦ ਦਾ ਜਨਮ ਸਥਾਨ) ਪੁੱਜੇ। ਉੱਥੇ ਗੁਰੂ ਜੀ ਕਾਅਬੇ ਵੱਲ ਪੈਰ ਕਰਕੇ ਸੌਂ ਗਏ। ਉਥੋਂ ਦੇ ਕਾਜ਼ੀ ਰੁਕਨੱਦੀਨ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਗੁਰੂ ਜੀ ਨੇ ਕਾਜ਼ੀ ਨੂੰ ਬੜੇ ਪਿਆਰ ਨਾਲ਼ ਕਿਹਾ- ਤੁਸੀਂ ਮੇਰੇ ਪੈਰ ਉਧਰ ਕਰ ਦਿਉ ਜਿਸ ਤਰਫ਼ ਅੱਲਾ ਨਹੀ ਹੈ।

ਮੱਕਾ ਤੋਂ ਪਿੱਛੋਂ ਗੁਰੂ ਜੀ ਮਦੀਨਾ ਪੁੱਜੇ। ਇੱਥੇ ਹਜਰਤ ਮੁਹੰਮਦ ਜੀ ਦੀ ਕਬਰ ਬਣੀ ਹੋਈ ਹੈ। ਗੁਰੂ ਜੀ ਨੇ ਇਥੇ ਇਮਾਮ ਆਜ਼ਿਮ ਖਾਂ ਨਾਲ਼ ਧਾਰਮਿਕ ਵਿਸ਼ੇ ਉੱਤੇ ਗੱਲ-ਬਾਤ ਕੀਤੀ। ਇੱਥੇ ਹੋਰ ਵੀ ਬਹੁਤ ਸਾਰੇ ਲੋਕ ਗੁਰੂ ਜੀ ਤੋਂ ਪ੍ਰਭਾਵਿਤ ਹੋਏ।

ਮਦੀਨਾ ਦੀ ਯਾਤਰਾ ਤੋਂ ਬਾਅਦ ਗੁਰੂ ਜੀ ਬਗਦਾਦ ਪੁੱਜੇ। ਉੱਥੇ ਉਹਨਾਂ ਦੀ ਮੁਲਾਕਾਤ ਸ਼ੇਖ ਬਹਿਲੋਲ ਨਾਲ਼ ਹੋਈ। ਉਹ ਗੁਰੂ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦਾ ਚੇਲਾ ਬਣ ਗਿਆ। ਸ਼ਹਿਰ ਤੋਂ ਦੋ ਕਿਲੋਮੀਟਰ ਦੀ ਦੂਰੀ ਤੇ ਸਥਿਤ ਸ਼ੇਖ ਬਹਿਲੋਲ ਦੇ ਮਕਬਰੇ ਉੱਤੇ ਅਰਬੀ ਭਾਸ਼ਾ ਵਿੱਚ ਅੰਕਿਤ ਸ਼ਬਦਾਂ ਤੋਂ ਗੁਰੂ ਜੀ ਦੀ ਬਗਦਾਦ ਫੇਰੀ ਦੀ ਪੁਸ਼ਟੀ ਹੁੰਦੀ ਹੈ।

ਬਗਦਾਦ ਤੋਂ ਗੁਰੂ ਨਾਨਕ ਦੇਵ ਜੀ ਇਰਾਨ ਅਤੇ ਕੰਧਾਰ ਹੁੰਦੇ ਹੋਏ ਕਾਬਲ ਪੁੱਜੇ। ਕਾਬਲ ਵਿੱਚ ਉਸ ਸਮੇਂ ਬਾਬਰ (ਮੁਗਲ ਬਾਦਸ਼ਾਹ) ਦਾ ਰਾਜ ਸੀ। ਇੱਥੇ ਗੁਰੂ ਜੀ ਨੇ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਕੀਤਾ। ਗੁਰੂ ਜੀ ਨੇ ਉੱਥੇ ਵੀ ਬਹੁਤ ਸਾਰੇ ਲੋਕਾਂ ਨੂੰ ਪ੍ਰਭਾਵਿਤ ਕੀਤਾ।

ਕਾਬਲ ਤੋਂ ਦੱਰਾ ਖੈਬਰ ਪਾਰ ਕਰ ਕੇ ਗੁਰੂ ਨਾਨਕ ਦੇਵ ਜੀ ਪਿਸ਼ਾਵਰ, ਹਸਨ ਅਬਦਾਲ ਅਤੇ ਗੁਜਰਾਤ ਆਦਿ ਸਥਾਨਾਂ ਤੋਂ ਹੁੰਦੇ ਹੋਏ ਸੈਦਪੁਰ ਪੁੱਜੇ। ਉਸ ਸਮੇਂ ਸੈਦਪੁਰ ਉੱਤੇ ਬਾਬਰ ਨੇ ਹਮਲਾ ਕੀਤਾ ਹੋਇਆ ਸੀ। ਇਸ ਹਮਲੇ ਸਮੇਂ ਬਾਬਰ ਨੇ ਉਥੋਂ ਦੇ ਲੋਕਾਂ ਉੱਤੇ ਬੜੇ ਅੱਤਿਆਚਾਰ ਕੀਤੇ ਅਤੇ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾ ਲਿਆ। ਗੁਰੂ ਨਾਨਕ ਦੇਵ ਜੀ ਵੀ ਉਹਨਾਂ ਬੰਦੀਆਂ ਵਿਚੋਂ ਇੱਕ ਸਨ। ਜਦੋਂ ਇਸ ਗੱਲ ਦਾ ਪਤਾ ਬਾਬਰ ਨੂੰ ਲੱਗਾ ਤਾਂ ਉਹ ਖੁਦ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਗਿਆ। ਉਹ ਗੁਰੂ ਜੀ

ਦੀ ਸ਼ਖ਼ਸ਼ੀਅਤ ਤੋਂ ਬੜਾ ਹੀ ਪ੍ਰਭਾਵਿਤ ਹੋਇਆ। ਉਸ ਨੇ ਗੁਰੂ ਜੀ ਨੂੰ ਤਾਂ ਰਿਹਾਅ ਕੀਤਾ ਹੀ ਨਾਲ਼ ਹੀ ਉਸ ਨੇ ਹੋਰ ਲੋਕਾਂ ਨੂੰ ਵੀ ਆਜ਼ਾਦ ਕਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ 'ਬਾਬਰ ਬਾਣੀ' ਵਿੱਚ ਬਾਬਰ ਦੇ ਇਸ ਹਮਲੇ ਦੀ ਘੋਰ ਨਿੰਦਿਆ ਕੀਤੀ ਹੈ।

1521 ਈ. ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪਣੀ ਅੰਤਲੀ ਉਦਾਸੀ ਸੰਪੂਰਨ ਕੀਤੀ। ਇਸ ਪਿੱਛੋਂ ਉਹ ਪੰਜਾਬ ਵਿੱਚ ਹੀ ਕਰਤਾਰ ਪੁਰ ਦੇ ਨੇੜੇ-ਤੇੜੇ ਯਾਤਰਾਵਾਂ ਕਰਦੇ ਰਹੇ। ਉਹਨਾਂ ਨੇ ਆਪਣੇ ਜੀਵਨ ਦੇ ਅੰਤਲੇ 18 ਸਾਲ ਕਰਤਾਰਪੁਰ ਵਿੱਚ ਆਪਣੇ ਪਰਿਵਾਰ ਨਾਲ਼ ਟਿੱਕ ਆਦਰਸ਼ ਗ੍ਰਹਿਸਥੀ ਦੇ ਰੂਪ ਵਿੱਚ ਗੁਜ਼ਾਰੇ।

**ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿੱਚ 1522-39 ਈ.** (Guru Nanak Dev ji at Kartarpur 1522-39 A.D.):- 1522 ਈ. ਵਿੱਚ ਗੁਰੂ ਨਾਨਕ ਦੇਵ ਜੀ ਆਪਣੇ ਪਰਿਵਾਰ ਸਮੇਤ ਕਰਤਾਰਪੁਰ ਜਾ ਵੱਸੇ। ਉਹ ਆਪਣੇ ਅੰਤਲੇ ਸਮੇਂ ਵਿੱਚ ਹੀ ਉੱਥੇ ਰਹੇ। ਇਸ ਕਾਲ ਵਿੱਚ ਗੁਰੂ ਜੀ ਨੇ ਆਪਣੇ ਉਪਦੇਸ਼ਾਂ ਨੂੰ ਨਿਸ਼ਚਿਤ ਰੂਪ ਦਿੱਤਾ। ਉਹਨਾਂ ਨੇ ਉਥੇ ਹੀ 'ਵਾਰ ਮਲ੍ਹਾਰ', 'ਵਾਰ ਮਾਝ', 'ਵਾਰ ਆਸਾ', 'ਜਪੁਜੀ', ਓਅੰਕਾਰ', 'ਪੱਟੀ', 'ਥਿਤ', 'ਬਾਰਾ ਮਾਹਾ' ਆਦਿ ਬਾਣੀਆਂ ਦੀ ਰਚਨਾ ਕੀਤੀ। ਗੁਰੂ ਸਾਹਿਬ ਨੇ ਉਥੇ 'ਸੰਗਤ' ਅਤੇ 'ਪੰਗਤ' ਦੀ ਨੀਂਹ ਰੱਖੀ, ਜਿਸ ਨਾਲ਼ ਮਨੁੱਖ ਜਾਤੀ ਵਿੱਚੋਂ ਊਚ ਨੀਚ ਦਾ ਫਰਕ ਮਿਟ ਗਿਆ। ਗੁਰੂ ਸਾਹਿਬ ਨੇ ਇਹਨਾਂ ਵਰ੍ਹਿਆਂ ਵਿੱਚ ਆਦਰਸ਼ ਗ੍ਰਹਿਸਤੀ ਦਾ ਜੀਵਨ ਬਤੀਤ ਕੀਤਾ। ਜਦੋਂ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਉਹਨਾਂ ਦਾ ਅੰਤਲਾ ਸਮਾਂ ਨੇੜੇ ਆ ਰਿਹਾ ਹੈ ਤਾਂ ਉਹਨਾਂ ਨੇ ਭਾਈ ਲਹਿਣਾ ਨੂੰ ਸਭ ਤੋਂ ਯੋਗ ਸਮਝਦਿਆਂ ਉਹਨਾਂ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ 22 ਸਤੰਬਰ, 1539 ਈ. ਵਿੱਚ ਜੋਤੀ-ਜੋਤਿ ਸਮਾ ਗਏ। ਉਸ ਵੇਲ਼ੇ ਉਹ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਇੱਕੋ-ਜਿਹੇ ਹਰਮਨ-ਪਿਆਰੇ ਸਨ। ਉਹਨਾਂ ਨੂੰ ਹੁਣ ਤੱਕ ਗੁਰੂ ਨਾਨਕ ਸ਼ਾਹ ਫ਼ਕੀਰ, 'ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ'-ਦੇ ਨਾਂ ਨਾਲ਼ ਯਾਦ ਕੀਤਾ ਜਾਂਦਾ ਹੈ।

## ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ

## (Teachings of Guru Nanak)

ਗੁਰੂ ਨਾਨਕ ਦੇਵ ਜੀ ਨੇ ਕਿਸੇ ਗੂੜ੍ਹ ਫਿਲਾਸਫੀ ਦਾ ਪ੍ਰਚਾਰ ਨਹੀਂ ਕੀਤਾ। ਸਗੋਂ ਉਹਨਾਂ ਨੇ ਆਪਣੀਆਂ ਸਿੱਖਿਆਵਾਂ ਦੇ ਪਰਚਾਰ ਲਈ ਲੋਕ ਭਾਸ਼ਾ ਦੀ ਵਰਤੋਂ ਕੀਤੀ। ਉਹਨਾਂ ਦੀਆਂ ਸਿੱਖਿਆਵਾਂ ਜੀਵਨ ਦੀ ਸਚਾਈ ਨਾਲ਼ ਸੰਬੰਧ ਰੱਖਦੀਆਂ ਹਨ। ਉਹਨਾਂ ਦੀਆਂ ਸਿੱਖਿਆਵਾਂ ਦਾ ਸਾਰ ਇਹ ਹੈ ਕਿ ਮਨੁੱਖ ਨੂੰ ਸੰਸਾਰ ਵਿੱਚ ਵਿਚਰਦੇ ਹੋਏ ਸੱਚੇ ਦਿਲ ਨਾਲ਼ ਪਰਮਾਤਮਾ ਦਾ ਨਾਂ ਲੈਣਾ ਚਾਹੀਦਾ ਹੈ ਅਤੇ ਚੰਗੇ ਕੰਮ ਕਰਨੇ ਚਾਹੀਦੇ ਹਨ। ਉਹਨਾਂ ਦੀਆਂ ਸਿੱਖਿਆਵਾਂ ਦਾ ਵਰਨਣ ਇਸ ਪ੍ਰਕਾਰ ਹੈ—

**1. ਪਰਮਾਤਮਾ ਬਾਰੇ ਵਿਚਾਰ** (Concept of God):- ਗੁਰੂ ਨਾਨਕ ਦੇਵ ਜੀ ਨੂੰ ਪਰਮਾਤਮਾ ਵਿੱਚ ਅਟੱਲ ਵਿਸ਼ਵਾਸ ਸੀ। ਜਪੁਜੀ ਸਾਹਿਬ ਦੇ ਆਰੰਭ ਵਿੱਚ ਦਿੱਤੇ ਗਏ ਮੂਲ ਮੰਤਰ— ੧ਓ ਸਤਿਨਾਮ, ਕਰਤਾਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਗੁਰ ਪ੍ਰਸਾਦਿ ਵਿੱਚ ਪਰਮਾਤਮਾ ਸੰਬੰਧੀ ਉਹਨਾਂ ਦੇ ਵਿਚਾਰਾਂ ਦਾ ਸਾਰ ਮਿਲ਼ਦਾ ਹੈ ਜੋ ਇਸ ਪ੍ਰਕਾਰ ਹੈ—

**(ੳ) ਪਰਮਾਤਮਾ ਇੱਕ ਹੈ** (God is One):- ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਏਕਤਾ ਦਾ ਪ੍ਰਚਾਰ ਕੀਤਾ। ਉਹਨਾਂ ਦੇ ਵਿਚਾਰ ਅਨੁਸਾਰ ਪਰਮਾਤਮਾ ਸਾਰੇ ਦੇਵੀ-ਦੇਵਤਿਆਂ ਤੋਂ ਉਚੇਰਾ ਹੈ। ਉਹਨਾਂ ਅਨੁਸਾਰ ਪਰਮਾਤਮਾ ਇੱਕ ਹੈ।

**(ਅ) ਪਰਮਾਤਮਾ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹੈ** (God is Omnipotent and Omni-present):- ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਪਰਮਾਤਮਾ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹੈ। ਉਹ ਸੰਸਾਰ ਦੇ ਹਰ ਜੀਵ ਵਿੱਚ ਰਹਿੰਦਾ ਹੈ। ਗੁਰੂ ਜੀ ਦੇ ਮੱਤ ਅਨੁਸਾਰ ਪਰਮਾਤਮਾ ਨਿਰਗੁਣ ਅਤੇ ਸਰਗੁਣ ਦੋਨੋਂ ਹੀ ਹੈ।

**(ੲ) ਪਰਮਾਤਮਾ ਮਹਾਨ ਅਤੇ ਸਰਬਉੱਚ ਹੈ** (God is Great and Supreme):- ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਮਹਾਨ ਅਤੇ ਸਰਵਉੱਚ ਹੈ। ਉਸ ਦੀ ਮਹਾਨਤਾ ਅਤੇ ਸਰਬਉੱਚਤਾ ਨੂੰ ਬਿਆਨ ਕਰਨਾ ਮਨੁੱਖ ਲਈ ਸੰਭਵ ਨਹੀਂ। ਬੇਅੰਤ ਲੋਕਾਂ ਨੇ ਪਰਮਾਤਮਾ ਦੀ ਮਹਾਨਤਾ ਅਤੇ ਸਰਬਉੱਚਤਾ ਦੇ ਗੀਤ ਗਾਏ; ਹਜਾਰਾਂ ਪੁਸਤਕਾਂ ਵਿੱਚ ਪਰਮਾਤਮਾ ਦੀ ਮਹਾਨਤਾ ਅਤੇ ਸਰਬਉੱਚਤਾ ਦੀ ਚਰਚਾ ਕੀਤੀ ਗਈ, ਪਰ ਫਿਰ ਵੀ ਉਸ ਦੀ ਮਹਾਨਤਾ ਅਤੇ ਸਰਬਉੱਚਤਾ ਦਾ ਪੂਰਾ ਵਰਨਣ ਨਹੀਂ ਕੀਤਾ ਦਾ ਸਕਿਆ। ਉਹ ਕੇਵਲ ਆਪਣੀ ਵਾਸਤਵਿਕ ਮਹਾਨਤਾ ਆਪ ਹੀ ਜਾਣਦਾ ਹੈ।

**(ਸ) ਪਰਮਾਤਮਾ ਨਿਰਾਕਾਰ ਹੈ** (God is Formless):- ਗੁਰੂ ਨਾਨਕ ਦੇਵ ਜੀ ਦੇ ਮੱਤ ਅਨੁਸਾਰ ਪਰਮਾਤਮਾ ਨਿਰਾਕਾਰ ਹੈ। ਪਰਮਾਤਮਾ ਦਾ ਕੋਈ ਰੰਗ, ਰੂਪ ਜਾਂ ਆਕਾਰ ਨਹੀਂ ਹੈ। ਇਸ ਲਈ ਉਸ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਨਹੀਂ ਕੀਤੀ ਜਾ ਸਕਦੀ।

**(ਹ) ਪਰਮਾਤਮਾ ਦਿਆਲੂ ਹੈ** (God is Merciful):- ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਬਹੁਤ ਦਿਆਲੂ ਹੈ। ਉਹ ਆਪਣੇ ਲੋਕਾਂ ਦੀ ਦੇਖ-ਭਾਲ਼ ਹੀ ਨਹੀਂ ਕਰਦਾ ਸਗੋਂ ਉਹ ਉਹਨਾਂ ਨੂੰ ਜੀਵਨ ਦੀਆਂ ਜ਼ਰੂਰੀ ਵਸਤਾਂ ਵੀ ਪ੍ਰਦਾਨ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮੱਤ ਹੈ ਕਿ ਸਾਨੂੰ ਜੋ ਕੁਝ ਵੀ ਮਿਲਦਾ ਹੈ, ਉਹ ਉਸੇ ਦੀ ਦੇਣ ਹੈ।

## ਪਰਮਾਤਮਾ ਦੇ ਹੁਕਮ ਦਾ ਮਹੱਤਵ
## (Importance of the Hukam of God)

ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੇ ਹੁਕਮ ਨੂੰ ਬੜਾ ਮਹੱਤਵ ਦਿੱਤਾ ਹੈ। ਉਹਨਾਂ ਅਨੁਸਾਰ ਸ੍ਰਿਸ਼ਟੀ ਦਾ ਹਰ ਕੰਮ ਉਸੇ (ਪਰਮਾਤਮਾ) ਦੇ ਹੁਕਮ ਨਾਲ ਹੁੰਦਾ ਹੈ। ਸਾਨੂੰ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਚਾਹੀਦਾ ਹੈ। ਉਹ ਜਪੁਜੀ ਸਾਹਿਬ ਵਿੱਚ ਲਿਖਦੇ ਹਨ ਕਿ ਜਿਹੜਾ ਮਨੁੱਖ ਪਰਮਾਤਮਾ ਦੇ ਹੁਕਮ ਨੂੰ ਮੰਨਦਾ ਹੈ, ਉਹ ਪੂਰੀ ਤਰ੍ਹਾਂ ਉਸ ਵਿੱਚ ਲੀਨ ਹੋ ਜਾਂਦਾ ਹੈ।

(i) **'ਨਾਮ' ਦਾ ਜਪਣਾ** (Recitation of the Name):- ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ ਉੱਤੇ ਬਹੁਤ ਜ਼ੋਰ ਦਿੱਤਾ ਹੈ। ਉਹਨਾਂ ਅਨੁਸਾਰ ਨਾਮ ਜਪਣ ਨਾਲ਼, ਮਨੁੱਖ ਦਾ ਮਨ ਪਵਿੱਤਰ ਹੋ ਜਾਂਦਾ ਹੈ ਅਤੇ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ। ਉਹਨਾਂ ਅਨੁਸਾਰ ਜਿਵੇਂ ਸਰੀਰ ਅਤੇ ਕੱਪੜੇ ਦੀ ਮੈਲ਼ ਉਤਾਰਨ ਲਈ ਪਾਣੀ ਅਤੇ ਸਾਬਣ ਦੀ ਲੋੜ ਹੁੰਦੀ ਹੈ ਤਿਵੇਂ ਮਨ ਦੀ ਮੈਲ਼ ਉਤਾਰਨ ਲਈ ਨਾਮ ਦੀ ਲੋੜ ਹੁੰਦੀ ਹੈ। ਨਾਮ ਹੀ ਸੰਸਾਰ ਦੇ ਦੁੱਖਾਂ ਦਾ ਇਲਾਜ ਹੈ।

(i) **ਆਤਮ-ਸਮਰਪਣ ਜਾਂ ਹਉਮੈ-ਤਿਆਗ** (Self Surrender or Surrender of Ego):- ਗੁਰੂ ਨਾਨਕ ਦੇਵ ਜੀ ਨੇ ਆਤਮ ਤਿਆਗ ਜਾਂ ਹਉਮੈ ਤਿਆਗ ਨੂੰ ਬਹੁਤ ਮਹੱਤਵ ਦਿੱਤਾ ਹੈ। ਉਹਨਾਂ ਅਨੁਸਾਰ ਪਰਮਾਤਮਾ ਦੀ ਮਿਹਰ ਅਤੇ ਦਇਆ ਪ੍ਰਾਪਤ ਕਰਨ ਲਈ ਆਤਮ-ਤਿਆਗ ਜਾਂ ਆਤਮ-ਸਮਰਪਣ ਬਹੁਤ ਜ਼ਰੂਰੀ ਹੈ। ਉਹ ਕਹਿੰਦੇ ਹਨ-ਆਪ ਗਵਾਈਏ, ਤਾਂ ਸਹੁੰ ਪਾਈਏ। ਜਿਹੜੇ ਲੋਕ ਆਤਮ ਸਮਰਪਣ ਜਾਂ ਹਉਮੈ ਨਹੀਂ ਤਿਆਗਦੇ, ਉਨ੍ਹਾਂ ਨੂੰ ਪਰਮਾਤਮਾ ਦੀ ਦਇਆ-ਦ੍ਰਿਸ਼ਟੀ ਪ੍ਰਾਪਤ ਨਹੀਂ ਹੁੰਦੀ।

**(iii) ਗੁਰੂ ਦੀ ਲੋੜ** (Need of the Guru):- ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਗੁਰੂ ਦੀ ਸਹਾਇਤਾ ਬਿਨਾਂ ਅਸੰਭਵ ਹੈ। ਗੁਰੂ ਤੋਂ ਬਿਨਾਂ ਘੁੱਪ ਹਨੇਰਾ ਹੈ (ਗੁਰੂ ਬਿਨੁ ਘੋਰ ਅੰਧਾਰ) ਗੁਰੂ ਇੱਕ ਬੇੜੀ ਦੇ ਸਮਾਨ ਹੈਂ ਜਿਸ ਰਾਹੀਂ ਬੰਦਾ ਆਪਣੀ ਮੰਜ਼ਲ 'ਤੇ ਪੁੱਜਦਾ ਹੈ।

**(iv) ਕਰਮ ਸਿਧਾਂਤ ਵਿੱਚ ਵਿਸ਼ਵਾਸ** (Faith in the theory of Karma)- ਗੁਰੂ ਨਾਨਕ ਦੇਵ ਜੀ ਕਰਮ ਅਤੇ ਸਿਧਾਂਤ ਵਿੱਚ ਵਿਸ਼ਵਾਸ ਰੱਖਦੇ ਸਨ। ਉਹਨਾਂ ਦਾ ਦ੍ਰਿੜ ਵਿਸ਼ਵਾਸ ਸੀ ਕਿ ਮਨੁੱਖ ਆਪਣੇ ਕਰਮਾਂ ਅਨੁਸਾਰ ਹੀ ਵਾਰ-ਵਾਰ ਜੰਮਦਾ ਅਤੇ ਮਰਦਾ ਹੈ। ਗੁਰੂ ਜੀ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਉਹ ਸੱਚੇ ਮਨ ਨਾਲ਼ ਨਾਮ ਜਪਣ, ਚੰਗੇ ਕਰਮ ਕਰਨ ਤਾਂ ਕਿ ਮਰਨ ਉਪਰੰਤ ਉਹਨਾਂ ਦੀ ਆਤਮਾ ਨੂੰ ਮੁਕਤੀ ਪ੍ਰਾਪਤ ਹੋ ਸਕੇ।

**(v) ਭਰਾਤਰੀਭਾਵ ਵਿੱਚ ਵਿਸ਼ਵਾਸ** (Belief in Brotherhood):- ਗੁਰੂ ਨਾਨਕ ਦੇਵ ਜੀ ਨੇ ਭਰਾਤਰੀ ਭਾਵ ਅਤੇ ਵਿਸ਼ਵ ਭਾਈਚਾਰੇ ਦਾ ਪ੍ਰਚਾਰ ਕੀਤਾ। ਉਹਨਾਂ ਦਾ ਕਹਿਣਾ ਸੀ ਕਿ ਸੰਸਾਰ ਦੇ ਸਾਰੇ ਮਨੁੱਖ ਭਰਾ-ਭਰਾ ਹਨ। ਉਹ ਇਹ ਵੀ ਕਹਿੰਦੇ ਸਨ ਕਿ ਮਨੁੱਖਾਂ ਨੂੰ ਇੱਕ ਦੂਜੇ ਨਾਲ਼ ਪ੍ਰੇਮ ਸਹਿਤ ਰਹਿਣਾ ਚਾਹੀਦਾ ਹੈ। ਉਹਨਾਂ ਨੇ ਆਪਣੇ ਉਪਦੇਸ਼ -'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ'-ਅਰਥਾਤ 'ਹਿੰਦੂ ਮੁਸਲਮਾਨ ਇੱਕ ਸਮਾਨ' ਨਾਲ਼ ਸ਼ੁਰੂ ਕੀਤੇ ਸਨ।

**(vi) ਸਦਾਚਾਰ ਉੱਤੇ ਜ਼ੋਰ** (Emphasis on Morality):- ਗੁਰੂ ਨਾਨਕ ਦੇਵ ਜੀ ਪ੍ਰਭੂ ਭਗਤੀ ਦੇ ਨਾਲ਼ ਨਾਲ਼ ਸਦਾਚਾਰ ਦੇ ਨਿਯਮਾਂ ਉੱਤੇ ਵੀ ਜ਼ੋਰ ਦਿੰਦੇ ਸਨ। ਉਹ ਆਪਣੇ ਸ਼ਰਧਾਲੂਆਂ ਨੂੰ ਪਵਿੱਤਰ ਜੀਵਨ ਬਤੀਤ ਕਰਨ, ਸੱਚ ਬੋਲਣ, ਚੋਰੀ ਨਾ ਕਰਨ, ਈਮਾਨਦਾਰੀ ਨਾਲ਼ ਰੋਜ਼ੀ ਕਮਾਉਣ, ਕਿਸੇ ਦਾ ਦਿਲ ਨਾ ਦੁਖਾਉਣ ਅਤੇ ਲੋੜਵੰਦ ਦੀ ਸਹਾਇਤਾ ਕਰਨ ਲਈ ਕਹਿੰਦੇ ਸਨ। ਉਹਨਾਂ ਦੇ ਵਿਚਾਰ ਅਨੁਸਾਰ ਜੋ ਮਨੁੱਖ ਸਦਾਚਾਰੀ ਨਹੀਂ ਹੈ, ਉਹ ਪਰਮਾਤਮਾ ਦਾ ਸੱਚਾ ਭਗਤ ਨਹੀਂ ਬਣ ਸਕਦਾ।

**(vii) ਸੱਚ ਖੰਡ** (Sach Khand):- ਗੁਰੂ ਨਾਨਕ ਦੇਵ ਜੀ ਸੱਚ ਖੰਡ ਦੀ ਪ੍ਰਾਪਤੀ ਵਿੱਚ ਵੀ ਵਿਸ਼ਵਾਸ ਕਰਦੇ ਸਨ। ਉਹਨਾਂ ਅਨੁਸਾਰ ਸੱਚਖੰਡ ਉਸ ਮਾਨਸਿਕ ਅਵਸਥਾ ਨੂੰ ਆਖਦੇ ਹਨ, ਜਿਸ ਵਿੱਚ ਸੁੱਖ ਅਤੇ ਦੁੱਖ ਦਾ, ਪੁਰਸ਼ ਅਤੇ ਇਸਤਰੀ ਦਾ, ਆਸ਼ਾ ਅਤੇ ਨਿਰਾਸ਼ਾ ਦਾ, ਹੱਸਣ ਅਤੇ ਰੋਣ ਦਾ, ਉੱਚੇ ਅਤੇ ਨੀਵੇਂ ਦਾ ਸਭ ਭੇਦ ਮਿੱਟ ਜਾਂਦਾ ਹੈ। ਇਸ ਤਰ੍ਹਾਂ ਆਤਮਾ ਪੂਰਨ ਰੂਪ ਵਿੱਚ ਪਰਮਾਤਮਾ ਨਾਲ ਘੁਲ਼-ਮਿਲ਼ ਜਾਂਦੀ ਹੈ।

**(viii) ਤਪੱਸਿਆ ਵਿੱਚ ਅਵਿਸ਼ਵਾਸ** (Disbelief in Penance):- ਗੁਰੂ ਨਾਨਕ ਦੇਵ ਦੀ ਸੰਸਾਰ ਨੂੰ ਛੱਡ ਕੇ ਜੰਗਲ਼ਾਂ ਅਤੇ ਪਹਾੜੀ ਗੁਫਾਵਾਂ ਵਿੱਚ ਜਾ ਕੇ ਤਪੱਸਿਆ ਕਰਨ ਦੇ ਪੱਖ ਵਿੱਚ ਨਹੀਂ ਸਨ। ਉਹ ਕਹਿੰਦੇ ਸਨ ਕਿ ਮਨੁੱਖ ਨੂੰ ਲੋਕਾਂ ਵਿੱਚ ਰਹਿ ਕੇ ਮੋਹ ਮਾਇਆ ਨੂੰ ਤਿਆਗ ਕੇ ਹਉਮੈ ਦਾ ਤਿਆਗ ਕਰਨਾ ਚਾਹੀਦਾ ਹੈ। ਮਨੁੱਖ ਨੂੰ ਲੋਕਾਂ ਵਿੱਚ ਇਸ ਤਰ੍ਹਾਂ ਰਹਿਣਾ ਚਾਹੀਦਾ ਹੈ ਜਿਵੇਂ ਪਾਣੀ ਵਿੱਚ ਕੰਵਲ ਦਾ ਫੁੱਲ ਰਹਿੰਦਾ ਹੈ। ਗੁਰੂ ਜੀ ਨੇ ਆਪਣੇ ਅੰਤਲੇ ਸਮੇਂ ਵਿੱਚ ਕਰਤਾਰਪੁਰ ਵਿੱਚ ਰਹਿ ਕੇ, ਇੱਕ ਆਦਰਸ਼ਕ ਗ੍ਰਸਤੀ ਦਾ ਜੀਵਨ ਬਤੀਤ ਕਰਕੇ ਆਪਣੇ ਅਨੁਯਾਈਆਂ ਲਈ ਅਮਲੀ ਰੂਪ ਵਿੱਚ ਉਦਾਹਰਨ ਪੇਸ਼ ਕੀਤੀ।

**(ix) ਜਾਤ-ਪਾਤ ਦਾ ਖੰਡਨ** (Condemnation of the Caste System):- ਹਿੰਦੂ ਸਮਾਜ ਚਾਰ ਮੁੱਖ ਜਾਤਾਂ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ-ਅਤੇ ਅਨੇਕਾਂ ਉਪ ਜਾਤੀਆਂ ਵਿੱਚ ਵੰਡਿਆ ਹੋਇਆ ਸੀ। ਉੱਚੀਆਂ ਜਾਤਾਂ ਦੇ ਲੋਕ ਨੀਵੀਆਂ ਜਾਤਾਂ ਦਾ ਲੋਕਾਂ ਨੂੰ ਨਫ਼ਰਤ ਕਰਦੇ ਸਨ। ਉਹ ਉਹਨਾਂ ਨਾਲ਼ ਮੇਲ ਮਿਲਾਪ ਵੀ ਨਹੀਂ ਰੱਖਦੇ ਸਨ ਪਰ ਗੁਰੂ ਜੀ ਸਭਨਾਂ ਲੋਕਾਂ ਨੂੰ ਇੱਕ ਸਾਰ ਸਮਝਦੇ ਸਨ। ਉਹਨਾਂ ਲਈ ਹਿੰਦੂ ਮੁਸਲਮਾਨ ਅਤੇ ਛੋਟੇ -ਵੱਡੇ ਸਭ ਬਰਾਬਰ ਸਨ। ਇਸ ਲਈ ਉਹਨਾਂ ਨੇ ਜਾਤੀ ਪ੍ਰਥਾ ਅਤੇ ਛੂਤ-ਛਾਤ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਉਹਨਾਂ ਨੇ ਲੰਗਰ ਪ੍ਰਥਾ ਅਤੇ ਪੰਗਤ ਪ੍ਰਥਾ ਸਥਾਪਿਤ ਕਰਕੇ ਛੂਤਛਾਤ ਦੀ ਬੁਰਾਈ ਨੂੰ ਖ਼ਤਮ ਕੀਤਾ ਹੈ।

(x) **ਖੋਖਲੇ ਰੀਤੀ-ਰਿਵਾਜ਼ਾਂ ਦਾ ਖੰਡਨ** (Condemnation of Rituals):- ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਪ੍ਰਚਲਿਤ ਖੋਖਲੇ ਰੀਤੀ-ਰਿਵਾਜਾਂ ਅਤੇ ਪਾਖੰਡਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿੰਦਿਆ ਕੀਤੀ। ਉਹਨਾਂ ਨੇ ਮੂਰਤੀ ਪੂਜਾ ਦਾ ਕਰੜੇ ਸ਼ਬਦਾਂ ਵਿੱਚ ਵਿਰੋਧ ਕੀਤਾ। ਉਹਨਾਂ ਅਨੁਸਾਰ ਪਰਮਾਤਮਾ ਦੀਆਂ ਮੂਰਤੀਆਂ ਬਣਾ ਕੇ ਉਸ ਦੀ ਪੂਜਾ ਕਰਨੀ ਵਿਅਰਥ ਹੈ। ਉਹਨਾ ਨੇ ਯੱਗ ਅਤੇ ਬਲੀ ਦੇਣ ਨੂੰ ਵੀ ਵਿਅਰਥ ਦੱਸਿਆ। ਉਹਨਾਂ ਨੇ ਤੀਰਥ ਯਾਤਰਾ. ਵਰਤ, ਜੰਗਲ਼ ਵਿੱਚ ਜਾ ਕੇ ਤਪ ਕਰਨ, ਸੂਰਜ ਨੂੰ ਪਾਣੀ ਦੇਣਾ ਆਦਿ ਦਾ ਵੀ ਖੰਡਨ ਕੀਤਾ। ਉਹਨਾਂ ਦੇ ਮੱਤ ਅਨੁਸਾਰ ਸਭਨਾਂ ਪਖੰਡਾਂ ਨੂੰ ਛੱਡ ਕੇ ਸਤ, ਸੰਤੋਖ ਅਤੇ ਖਿਮਾ ਆਦਿ ਸਦਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ।

## ਅਭਿਆਸ

**(ੳ) ਹੇਠ ਲਿਖੇ ਹਰ ਪ੍ਰਸ਼ਨ ਦਾ ਉੱਤਰ ਲਗ-ਪਗ 1-15 ਸ਼ਬਦਾਂ ਵਿੱਚ ਲਿਖੋ।**

1. ਕਿਸ ਘਟਨਾ ਨੂੰ ਸੱਚਾ-ਸੌਦਾ ਦਾ ਨਾਂ ਦਿੱਤਾ ਗਿਆ ਹੈ?
2. ਗੁਰੂ ਨਾਨਕ ਦੇਵ ਜੀ ਦੀ ਸੁਪਤਨੀ ਕਿਥੋਂ ਦੀ ਰਹਿਣ ਵਾਲ਼ੀ ਸੀ? ਉਹਨਾਂ ਦੇ ਪੁੱਤਰਾਂ ਦੇ ਨਾਂ ਲਿਖੋ।
3. ਗੁਰੂ ਨਾਨਕ ਦੇਵ ਜੀ ਨੇ ਗਿਆਨ ਪ੍ਰਾਪਤੀ ਤੋਂ ਬਾਅਦ ਕੀ ਸ਼ਬਦ ਕਹੇ ਅਤੇ ਇਸ ਦਾ ਕੀ ਭਾਵ ਸੀ?
4. ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਨੇ ਕਿਸ ਕੋਲ਼, ਕੀ ਕੰਮ ਕੀਤਾ?
5. ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਚਾਰ ਬਾਣੀਆਂ ਦੇ ਨਾਂ ਲਿਖੋ।
6. ਗੁਰੂ ਨਾਨਕ ਦੇਵ ਜੀ ਨੇ ਕੁਰੂਕਸ਼ੇਤਰ ਵਿਖੇ ਕੀ ਵਿਚਾਰ ਦਿੱਤੇ?
7. ਗੋਰਖਮਤਾ ਵਿਖੇ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਅਤੇ ਜੋਗੀਆਂ ਨੂੰ ਕੀ ਉਪਦੇਸ਼ ਦਿੱਤਾ?
8. ਗੁਰੂ ਨਾਨਕ ਦੇਵ ਜੀ ਅਨੁਸਾਰ ਪਰਮਾਤਮਾ ਕਿਹੋ ਜਿਹਾ ਸੀ?
9. ਗੁਰੂ ਨਾਨਕ ਦੇਵ ਜੀ ਕਿਹੋ-ਜਿਹਾ ਜਨੇਊ ਚਾਹੁੰਦੇ ਸਨ?
10. ਸੱਚੇ-ਸੌਦੇ ਤੋਂ ਕੀ ਭਾਵ ਹੈ?

**(ਅ) ਹੇਠ ਲਿਖੇ ਹਰ ਪ੍ਰਸ਼ਨ ਦਾ ਉੱਤਰ ਲਗ-ਪਗ 30-50 ਸ਼ਬਦਾਂ ਵਿੱਚ ਲਿਖੋ।**

1. ਗੁਰੂ ਨਾਨਕ ਦੇਵ ਜੀ ਦੇ ਪ੍ਰਮਾਤਮਾ ਸੰਬੰਧੀ ਵਿਚਾਰਾਂ ਦਾ ਸੰਖੇਪ ਵਰਨਣ ਕਰੋ।
2. ਗੁਰੂ ਨਾਨਕ ਦੇਵ ਜੀ ਦੂਜੀ ਉਦਾਸੀ ਵੇਲੇ ਕਿੱਥੇ-ਕਿੱਥੇ ਗਏ?
3. ਗੁਰੂ ਨਾਨਕ ਦੇਵ ਜੀ ਦੀ ਜਨੇਊ ਦੀ ਰਸਮ ਦਾ ਵਰਨਣ ਕਰੋ।
4. ਗੁਰੂ ਨਾਨਕ ਦੇਵ ਜੀ ਨੇ ਮੁਢਲੇ ਜੀਵਨ ਵਿੱਚ ਕੀ-ਕੀ ਕਿੱਤੇ ਅਪਣਾਏ?
5. ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਸਮੇਂ ਕਿਹੜੇ-ਕਿਹੜੇ ਸਥਾਨਾਂ 'ਤੇ ਗਏ?
6. ਗੁਰੂ ਨਾਨਕ ਦੇਵ ਜੀ ਦੀ ਤੀਜੀ ਉਦਾਸੀ ਦੇ ਮਹੱਤਵਪੂਰਨ ਸਥਾਨਾਂ ਬਾਰੇ ਦੱਸੋ।
7. ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਵਿਖੇ ਬਿਤਾਏ ਜੀਵਨ ਦਾ ਵੇਰਵਾ ਦਿਉ।

**(ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗ-ਪਗ 100-120 ਸ਼ਬਦਾਂ ਵਿੱਚ ਲਿਖੋ—**

1. ਗੁਰੂ ਨਾਨਕ ਦੇਵ ਜੀ ਦੀਆਂ ਕੋਈ ਛੇ ਸਿੱਖਿਆਵਾਂ ਬਾਰੇ ਲਿਖੋ।
2. ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਵਿਸਤਾਰ ਸਹਿਤ ਲਿਖੋ।
3. ਗੁਰੂ ਨਾਨਕ ਦੇਵ ਜੀ ਦੇ ਬਚਪਨ ਉੱਤੇ ਚਾਨਣਾ ਪਾਓ।
4. ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਲੋਧੀ ਦੇ ਸਮੇਂ ਦਾ ਵਰਨਣ ਕਰੋ।
5. ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਜੀਵਨ ਦਾ ਵਰਨਣ ਕਰੋ।
6. 'ਪਰਮਾਤਮਾ' ਬਾਰੇ ਗੁਰੂ ਨਾਨਕ ਦੇਵ ਜੀ ਦੇ ਕੀ ਵਿਚਾਰ ਹਨ। ਵਿਸਤਾਰ ਸਹਿਤ ਲਿਖੋ।

******

# ਪਾਠ-4

# ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ਤੱਕ ਸਿੱਖ ਗੁਰੂਆਂ ਦਾ ਯੋਗਦਾਨ

# (CONTRIBUTION OF SIKH GURUS FROM GURU ANGAD DEV JI TO GURU TEG BAHADUR JI)

ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਜੀ ਤੱਕ ਸਿੱਖ ਧਰਮ ਦਾ ਬਹੁਤ ਫੈਲਾਅ ਹੋਇਆ। ਇਸ ਕਾਲ ਦੇ ਗੁਰੂ ਸਾਹਿਬਾਨ ਸਮੇਂ ਗੁਰਮੁਖੀ ਲਿਪੀ ਪ੍ਰਚਲਿਤ ਹੋਈ। ਗੁਰੂ ਸਾਹਿਬਾਨ ਨੇ ਲੰਗਰ ਅਤੇ ਪੰਗਤ ਪ੍ਰਥਾ ਨੂੰ ਮਜ਼ਬੂਤ ਕੀਤਾ। ਇਸੇ ਕਾਲ ਵਿੱਚ ਮੰਜੀ ਪ੍ਰਥਾ ਦੀ ਸਥਾਪਨਾ ਹੋਈ, ਨਵੇਂ ਰਸਮ ਰਿਵਾਜ ਸਥਾਪਤ ਹੋਏ, ਨਵੇਂ ਸ਼ਹਿਰਾਂ ਅਤੇ ਤੀਰਥ-ਸਥਾਨਾਂ ਦੀ ਸਥਾਪਨਾ ਹੋਈ। ਇਸੇ ਕਾਲ ਵਿੱਚ ਮਸੰਦ ਪ੍ਰਥਾ ਹੋਂਦ ਵਿੱਚ ਆਈ ਅਤੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਹੋਈ। ਇਸ ਦੇ ਨਾਲ਼-ਨਾਲ਼ ਸਿੱਖ ਗੁਰੂਆਂ ਨੇ ਸਿੱਖ ਧਰਮ ਵਿੱਚ ਆਈਆਂ ਕਮਜ਼ੋਰੀਆਂ ਨੂੰ ਵੀ ਦੂਰ ਕੀਤਾ। ਗੁਰੂ ਸਾਹਿਬਾਨ ਦੇ ਯੋਗਦਾਨ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

## ਗੁਰੂ ਅੰਗਦ ਦੇਵ ਜੀ ਦਾ ਯੋਗਦਾਨ (1539-1552 ਈ:)
## (Contribution of Guru Angad Dev Ji)

1539 ਈ: ਵਿੱਚ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਦੀ ਸੇਵਾ ਵੇਖ ਕੇ ਉਹਨਾਂ ਨੂੰ ਆਪਣੀ ਗੱਦੀ ਸੌਂਪ ਦਿੱਤੀ। ਉਹਨਾਂ ਨੇ ਭਾਈ ਲਹਿਣਾ ਦਾ ਨਾਂ ਬਦਲ ਕੇ 'ਅੰਗਦ' ਰੱਖ ਦਿੱਤਾ। ਗੁਰੂ ਅੰਗਦ ਨੇ ਸਿੱਖ ਧਰਮ ਦੇ ਵਿਕਾਸ ਲਈ ਜੋ ਮਹਾਨ ਕੰਮ ਕੀਤੇ, ਉਹਨਾਂ ਨਾਲ ਸਿੱਖ ਇੱਕ ਵੱਖਰੀ ਸੰਸਥਾ ਵਿੱਚ ਪਰੋਏ ਗਏ। ਉਹਨਾਂ ਮਹਾਨ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ—

**(ੳ) ਗੁਰਮੁਖੀ ਲਿਪੀ ਵਿੱਚ ਸੁਧਾਰ** (Improvement in Gurmukhi Alphabet):- ਉਸ ਸਮੇਂ ਪੰਜਾਬ ਵਿੱਚ ਬਹੁਤ ਸਾਰੀਆਂ ਉਪ ਭਾਸ਼ਾਵਾਂ ਪ੍ਰਚਲਿਤ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੀਆਂ ਰਚਨਾਵਾਂ ਨੂੰ ਅੱਖਰੀ ਰੂਪ ਦੇਣ ਲਈ ਪੰਜਾਬੀ ਲਿਪੀ ਨੂੰ ਸੁਧਾਰਿਆ ਅਤੇ ਉਸ ਨੂੰ 'ਗੁਰਮੁਖੀ' ਨਾਂ ਦਿੱਤਾ। ਗੁਰੂ ਅੰਗਦ ਸਾਹਿਬ ਨੇ ਪੰਜਾਬੀ ਲਿਪੀ ਨੂੰ ਪ੍ਰਚਾਰਨ ਲਈ 'ਬਾਲ ਬੋਧ' ਵੀ ਤਿਆਰ ਕੀਤਾ। ਇਸ ਤਰ੍ਹਾਂ ਗੁਰਮੁੱਖੀ ਲਿਪੀ ਦਾ ਸੁਧਾਰ ਅਤੇ ਪਰਚਾਰ ਕਰਨਾ ਸੱਚ-ਮੁੱਚ ਹੀ ਗੁਰੂ ਅੰਗਦ ਦੇਵ ਜੀ ਦਾ ਇੱਕ ਮਹਾਨ ਕੰਮ ਸੀ।

**(ਅ) ਗੁਰੂ ਨਾਨਕ ਦੇਵ ਜੀ ਦੀ ਬਾਣੀ ਇੱਕਠੀ ਕਰਨਾ** (Compilation of the Hymns of Guru Nanak Dev Ji):- ਗੁਰੂ ਅੰਗਦ ਦੇਵ ਜੀ ਦਾ ਦੂਸਰਾ ਵੱਡਾ ਕੰਮ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਇੱਕਠਾ ਕਰਨਾ ਸੀ। ਆਪਣੀ ਬਹੁਤ ਸਾਰੀ ਬਾਣੀ ਤਾਂ ਗੁਰੂ ਨਾਨਕ ਦੇਵ ਜੀ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਉਹਨਾਂ ਨੂੰ ਸੰਭਾਲ ਗਏ ਸਨ। ਜਿਹੜੀ ਬਾਣੀ ਹੋਰ ਵਿਅਕਤੀਆਂ ਕੋਲ਼ ਸੀ, ਗੁਰੂ ਅੰਗਦ ਦੇਵ ਜੀ ਨੇ ਉਸ ਨੂੰ ਇਕੱਠਾ ਕੀਤਾ ਅਤੇ ਇਸ ਦੀ ਸੰਭਾਲ ਕੀਤੀ।

**(ੲ) ਲੰਗਰ ਪ੍ਰਥਾ** (Langer System):- ਗੁਰੂ ਨਾਨਕ ਸਾਹਿਬ ਵੱਲੋਂ ਚਲਾਈ ਲੰਗਰ ਪ੍ਰਥਾ ਨੂੰ ਗੁਰੂ ਅੰਗਦ ਸਾਹਿਬ ਨੇ ਅੱਗੇ ਵਧਾਇਆ। ਲੰਗਰ ਸਮੂਹ ਸੰਗਤਾਂ ਨੂੰ ਮਿਲ਼ਦਾ ਸੀ। ਗੁਰੂ ਅੰਗਦ ਦੇਵ ਜੀ ਦੀ

ਧਰਮ-ਪਤਨੀ 'ਮਾਤਾ-ਖੀਵੀ' ਜੀ ਲੰਗਰ ਦੀ ਸੇਵਾ ਆਪ ਕਰਦੇ ਸਨ। ਇਸ ਪ੍ਰਥਾ ਨਾਲ ਗੁਰੂ ਘਰ ਦੀ ਪ੍ਰਸਿੱਧੀ ਦੂਰ-ਦੂਰ ਤੱਕ ਫੈਲ ਗਈ।

**(ਸ) ਉਦਾਸੀ ਸੰਪਰਦਾਇ ਦਾ ਖੰਡਨ** (Condemnation of the Udasi Sect):- ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਉਹਨਾਂ ਦੇ ਵੱਡੇ ਸਪੁੱਤਰ ਸ੍ਰੀ ਚੰਦ ਨੇ ਉਦਾਸੀ ਸੰਪਰਦਾਇ ਚਲਾਈ। ਇਸ ਮੱਤ ਅਨੁਸਾਰ ਬ੍ਰਹਮਚਾਰੀਆ ਜੀਵਨ ਅਤੇ ਤਿਆਗ ਦੀ ਪਾਲਣਾ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਸੀ। ਪਰ ਤਿਆਗ ਦੀ ਸਿੱਖ ਧਰਮ ਵਿਚ ਕੋਈ ਥਾਂ ਨਹੀਂ ਹੈ। ਇਸ 'ਤੇ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਜੋ ਸਿੱਖ ਤਿਆਗ ਵਿੱਚ ਵਿਸ਼ਵਾਸ ਕਰਦਾ ਹੈ ਉਹ ਸਿੱਖ ਨਹੀਂ ਹੈ। ਗੁਰੂ ਅੰਗਦ ਦੇਵ ਜੀ ਵੱਲੋਂ ਅਜਿਹਾ ਕਰਨਾ ਅਤੇ ਕਹਿਣਾ ਉਸ ਸਮੇਂ ਬਹੁਤ ਜ਼ਰੂਰੀ ਸੀ। ਜੇ ਕਰ ਗੁਰੂ ਜੀ ਉਸ ਵੇਲੇ ਅਣਗਹਿਲੀ ਕਰ ਜਾਂਦੇ ਤਾਂ ਸਿੱਖ ਹੌਲ਼ੀ-ਹੌਲ਼ੀ ਮੁੜ ਹਿੰਦੂ ਧਰਮ ਵਿੱਚ ਹੀ ਮਿਲ਼ ਜਾਂਦੇ।

**(ਹ) ਸੰਗਤ ਪ੍ਰਥਾ** (Sangat System):- ਗੁਰੂ ਅੰਗਦ ਦੇਵ ਜੀ ਹਰ ਰੋਜ਼ ਪ੍ਰਭਾਤ ਵੇਲ਼ੇ ਖਡੂਰ ਸਾਹਿਬ ਵਿਖੇ ਧਾਰਮਿਕ ਸਭਾ ਕਰਦੇ ਸਨ। ਇਸ ਵਿੱਚ ਉਹ ਸਿੱਖਾਂ ਨੂੰ ਨਿਸ਼ਚਿਤ ਨਿਯਮਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨ ਲਈ ਹੁਕਮ ਕਰਦੇ। ਉਹ ਹਰ ਸਿੱਖ ਨੂੰ ਨਾਮ ਜਪਣ ਤੇ ਨੈਤਿਕ ਸਿਧਾਂਤਾਂ ਦੀ ਪਾਲਣਾ ਕਰਨ ਦੀ ਸਿੱਖਿਆ ਦਿੰਦੇ। ਉਹ ਹਰ ਸਿੱਖ ਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ ਅਤੇ ਪਰਿਵਾਰਕ ਜ਼ੁੰਮੇਵਾਰੀਆਂ ਨਿਭਾਉਂਦਿਆਂ ਸਮਾਜ ਦੀ ਸੇਵਾ 'ਤੇ ਜ਼ੋਰ ਦਿੰਦੇ। ਫਲਸਰੂਪ ਆਮ ਲੋਕ ਸਿੱਖ ਧਰਮ ਵੱਲ ਆਉਣ ਲੱਗੇ।

**(ਕ) ਸਰੀਰਿਕ ਕਸਰਤ ਕਰਨ ਦੀ ਸਿੱਖਿਆ** (Physical Training to the Sikhs):- ਗੁਰੂ ਅੰਗਦ ਦੇਵ ਜੀ ਸਿੱਖਾਂ ਨੂੰ ਕੇਵਲ ਮਨ ਅਤੇ ਆਤਮਾ ਤੋਂ ਬਲਵਾਨ ਨਹੀਂ ਸਨ ਕਰਦੇ ਸਗੋਂ ਉਹ ਸਿੱਖਾਂ ਨੂੰ ਸਰੀਰਿਕ ਤੌਰ ਤੇ ਵੀ ਬਲਵਾਨ ਬਨਾਉਣਾ ਚਾਹੁੰਦੇ ਸਨ। ਇਸ ਮੰਤਵ ਲਈ ਉਹਨਾਂ ਨੇ ਖਡੂਰ ਸਾਹਿਬ ਵਿਖੇ ਇੱਕ ਅਖਾੜਾ ਬਣਵਾਇਆ। ਉੱਥੇ ਉਹ ਆਪਣੇ ਸਿੱਖਾਂ ਨੂੰ ਕਸਰਤ ਕਰਵਾਉਂਦੇ। ਇਸ ਕਾਰਜ ਨਾਲ਼ ਉਹਨਾਂ ਦੇ ਉੱਤਰਾਧਿਕਾਰੀਆਂ (ਗੁਰੂ ਹਰਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ) ਲਈ ਸਿੱਖਾਂ ਵਿੱਚੋਂ ਬਲਵਾਨ ਪੁਰਸ਼ਾਂ ਦੀ ਸੈਨਾ ਦਾ ਨਿਰਮਾਣ ਕਰਨਾ ਸੌਖਾ ਹੋ ਗਿਆ।

**(ਖ) ਗੁਰੂ ਅੰਗਦ ਦੇਵ ਜੀ ਦੀ ਬਾਣੀ** (Hymns of Guru Angad Dev Ji) :- ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੀ ਇਕੱਠੀ ਨਹੀਂ ਕੀਤੀ ਸਗੋਂ ਉਹਨਾਂ ਨੇ ਆਪ ਵੀ 62 ਸਲੋਕਾਂ ਦੀ ਰਚਨਾ ਕੀਤੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਨਾਲ਼-ਨਾਲ਼ ਗੁਰੂ ਅੰਗਦ ਦੇਵ ਜੀ ਦੀ ਬਾਣੀ ਨੂੰ ਵੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿੱਚ ਦਰਜ ਕੀਤਾ।

**(ਗ) ਜਨਮ ਸਾਖੀ ਦਾ ਸੰਕਲਨ** (Compilation of Janam Sakhi):- ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਦਾ ਸੰਕਲਨ ਕੀਤਾ। ਜਿਸ ਨੂੰ 'ਭਾਈ ਬਾਲੇ ਦੀ ਜਨਮ ਸਾਖੀ' ਕਿਹਾ ਜਾਂਦਾ ਹੈ। ਪਰ ਬਹੁਤੇ ਇਤਿਹਾਸਕਾਰ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਉਹਨਾਂ ਦੇ ਵਿਚਾਰ ਅਨੁਸਾਰ ਜਨਮ ਸਾਖੀ ਦੀ ਬੋਲੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਨਹੀਂ ਹੈ।

**(ਘ) ਗੋਇੰਦਵਾਲ ਦੀ ਸਥਾਪਨਾ** (Foundation of Goindwal):- ਗੁਰੂ ਅੰਗਦ ਦੇਵ ਜੀ ਨੇ 1546 ਈ. ਵਿੱਚ ਗੋਇੰਦਵਾਲ ਦੀ ਨੀਂਹ ਰੱਖੀ। ਗੁਰੂ ਸਾਹਿਬ ਨੇ ਇਸ ਕਾਰਜ ਦੀ ਦੇਖ-ਭਾਲ਼ ਲਈ ਆਪਣੇ ਵਿਸ਼ਵਾਸਪਾਤਰ ਸ੍ਰੀ ਗੁਰੂ ਅਮਰਦਾਸ ਜੀ ਨੂੰ ਭੇਜਿਆ। ਫਲਸਰੂਪ ਗੋਇੰਦਵਾਲ ਦੇ ਨਿਰਮਾਣ ਨਾਲ਼ ਉਹ ਨਗਰ ਸਿੱਖਾਂ ਦਾ ਇੱਕ ਪ੍ਰਸਿੱਧ ਤੀਰਥ-ਸਥਾਨ ਬਣ ਗਿਆ। ਇੱਥੇ ਦੂਰ-ਦੂਰ ਤੋਂ ਸਿੱਖ ਆਉਣ ਲੱਗੇ।

29 ਮਾਰਚ 1552 ਈ: ਨੂੰ ਗੁਰੂ ਅੰਗਦ ਦੇਵ ਜੀ ਜੋਤੀ-ਜੋਤ ਸਮਾ ਗਏ। ਇਸ ਤੋਂ ਪਹਿਲਾਂ ਹੀ ਉਹਨਾਂ ਨੇ ਗੁਰੂ ਅਮਰਦਾਸ ਜੀ ਨੂੰ ਗੁਰ-ਗੱਦੀ ਸੌਂਪ ਦਿੱਤੀ।

## ਗੁਰੂ ਅਮਰਦਾਸ ਜੀ ਦਾ ਯੋਗਦਾਨ (1552-1574 ਈ:)
## (Contribution of Guru Amardas Ji)

1552 ਈ: ਵਿੱਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਗੁਰੂ-ਗੱਦੀ ਉੱਤੇ ਬੈਠੇ। ਇਸ ਵੇਲੇ ਉਹਨਾਂ ਦੀ ਉਮਰ 73 ਸਾਲਾਂ ਦੀ ਸੀ। ਭਾਵੇਂ ਉਹਨਾਂ ਨੂੰ ਕਈ ਔਕੜਾ ਦਾ ਸਾਹਮਣਾ ਕਰਨਾ ਪਿਆ ਸੀ ਫਿਰ ਵੀ ਉਹਨਾਂ ਨੇ ਆਪਣੇ ਪੂਰਵ-ਅਧਿਕਾਰੀਆਂ ਦੁਆਰਾ ਸਥਾਪਿਤ ਕੀਤੀਆਂ ਗਈਆਂ ਸੰਸਥਾਵਾਂ ਨੂੰ ਸਥਿਰ ਅਤੇ ਸ਼ਕਤੀਸ਼ਾਲੀ ਬਣਾਇਆ। ਉਹਨਾਂ ਨੇ ਕਈ ਸ਼ਲਾਘਾਯੋਗ ਕਾਰਜ ਕੀਤੇ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

**(ੳ) ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ** (Construction of Baoli at Goindwal):- ਗੁਰੂ ਅੰਗਦ ਦੇਵ ਜੀ ਨੇ ਗੋਇੰਦਵਾਲ ਵਿਖੇ ਬਾਉਲੀ (ਜਲ ਸ੍ਰੋਤ) ਦੀ ਨੀਂਹ ਰੱਖੀ ਸੀ। ਗੁਰੂ ਅਮਰਦਾਸ ਜੀ ਨੇ ਉਸ ਬਾਉਲੀ ਦੇ ਨਿਰਮਾਣ ਦਾ ਕੰਮ 1559 ਈ: ਵਿੱਚ ਪੂਰਾ ਕੀਤਾ। ਇਸ ਬਾਉਲੀ ਦੀਆਂ 84 ਪੌੜੀਆਂ ਬਣਾਈਆਂ ਗਈਆਂ। ਗੁਰੂ ਅਮਰਦਾਸ ਜੀ ਨੇ ਵਚਨ ਕੀਤਾ ਕਿ ਜੇਕਰ ਕੋਈ ਸਿੱਖ ਹਰ ਪੌੜੀ 'ਤੇ ਸੱਚੇ ਮਨ ਨਾਲ਼ ਜਪੁਜੀ ਸਾਹਿਬ ਦਾ ਪਾਠ ਕਰਕੇ 84ਵੀਂ ਪੌੜੀ ਤੇ ਇਸ਼ਨਾਨ ਕਰੇਗਾ, ਉਸ ਦੀ ਚੌਰਾਸੀ ਕੱਟੀ ਜਾਵੇਗੀ। ਸਿੱਟੇ ਵਜੋਂ ਇਸ ਨਾਲ ਸਿੱਖਾਂ ਨੂੰ ਇੱਕ ਸੁਤੰਤਰ ਤੀਰਥ-ਸਥਾਨ ਪ੍ਰਾਪਤ ਹੋ ਗਿਆ। ਉਹਨਾਂ ਨੂੰ ਪੀਣ ਲਈ ਸਾਫ਼-ਸੁਥਰਾ ਪਾਣੀ ਵੀ ਮਿਲਣ ਲੱਗ ਪਿਆ।

**(ਅ) ਲੰਗਰ ਪ੍ਰਥਾ ਦਾ ਵਿਸਤਾਰ** (Expansion of the Langar System):- ਲੰਗਰ ਪ੍ਰਥਾ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ, ਗੁਰੂ ਅੰਗਦ ਦੇਵ ਜੀ ਨੇ ਜਾਰੀ ਰੱਖਿਆ ਸੀ, ਗੁਰੂ ਅਮਰਦਾਸ ਜੀ ਦੇ ਸਮੇਂ ਵਿੱਚ ਇਹ ਪ੍ਰਥਾ ਵਿਸਤ੍ਰਿਤ ਰੂਪ ਵਿਚ ਜਾਰੀ ਰਹੀ। ਉਹਨਾਂ ਦੇ ਲੰਗਰ ਵਿੱਚ ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਇੱਕੋ ਹੀ ਪੰਗਤ ਵਿੱਚ ਇਕੱਠਿਆਂ ਲੰਗਰ ਛਕਣਾ ਪੈਂਦਾ ਸੀ। ਗੁਰੂ ਜੀ ਦੇ ਹੁਕਮ ਅਨੁਸਾਰ ਲੰਗਰ ਵਿਚੋਂ ਭੋਜਨ ਛਕਣ ਤੋਂ ਬਿਨ੍ਹਾਂ ਕੋਈ ਵੀ ਉਹਨਾਂ ਨੂੰ ਨਹੀਂ ਮਿਲ਼ ਸਕਦਾ ਸੀ। ਮੁਗਲ ਸਮਰਾਟ ਅਕਬਰ ਅਤੇ ਹਰੀਪੁਰ ਦੇ ਰਾਜੇ ਨੂੰ ਵੀ ਗੁਰੂ ਸਾਹਿਬ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿਚੋਂ ਭੋਜਨ ਛਕਣਾ ਪਿਆ ਸੀ। ਇਸ ਤਰ੍ਹਾਂ ਇਹ ਪ੍ਰਥਾ ਸਿੱਖ ਧਰਮ ਦੇ ਪ੍ਰਚਾਰ ਦਾ ਇੱਕ ਸ਼ਕਤੀਸ਼ਾਲੀ ਸਾਧਨ ਸਿੱਧ ਹੋਈ।

**(ੲ) ਗੁਰਬਾਣੀ ਦਾ ਸੰਕਲਨ ਅਤੇ ਰਚਨਾ** (Compilation and Composition of Hymns):- ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਗੁਰੂ ਅੰਗਦ ਦੇਵ ਜੀ ਨੇ ਇੱਕਠਿਆਂ ਕੀਤਾ ਸੀ ਪਰ ਕੰਮ ਪੂਰਾ ਨਹੀਂ ਸੀ ਹੋਇਆ। ਗੁਰੂ ਅਮਰਦਾਸ ਜੀ ਨੇ ਉਸ ਕੰਮ ਨੂੰ ਅੱਗੇ ਜਾਰੀ ਰੱਖਿਆ। ਉਹਨਾਂ ਨੇ ਆਪ ਵੀ 907 ਸ਼ਬਦਾਂ ਦੀ ਰਚਨਾ ਕੀਤੀ। ਉਹਨਾਂ ਨੇ ਅਨੇਕ ਭਗਤਾਂ ਦੇ ਸ਼ਲੋਕ ਅਤੇ ਭਜਨ ਵੀ ਇਕੱਠੇ ਕੀਤੇ। ਇਸ ਤਰ੍ਹਾਂ ਗੁਰੂ ਅਮਰਦਾਸ ਜੀ ਦੇ ਸਮੇਂ ਸਿੱਖਾਂ ਦੇ ਮਹਾਨ ਗ੍ਰੰਥ, 'ਆਦਿ ਗ੍ਰੰਥ ਸਾਹਿਬ' ਲਈ ਕਾਫੀ ਸਮਗਰੀ ਇੱਕਠੀ ਹੋ ਗਈ।

**(ਸ) ਮੰਜੀ ਪ੍ਰਥਾ** (Manji System):- ਗੁਰੂ ਅਮਰ ਦਾਸ ਜੀ ਦੇ ਸਮੇਂ ਤੱਕ ਸਿੱਖਾਂ ਦੀ ਸੰਖਿਆ ਬਹੁਤ ਵੱਧ ਗਈ ਸੀ। ਸਿੱਟੇ ਵਜੋਂ ਪੰਜਾਬ ਦੇ ਬਾਕੀ ਥਾਂਵਾਂ 'ਤੇ ਫੈਲੇ ਹੋਏ ਸਾਰੇ ਸਿੱਖਾਂ ਨੂੰ ਗੁਰੂ ਜੀ ਵੱਲੋਂ ਵਿਅਕਤੀਗਤ ਰੂਪ ਵਿੱਚ ਉਪਦੇਸ਼ ਦੇਣਾ ਬੜਾ ਔਖਾ ਹੋ ਗਿਆ ਸੀ। ਇਸ ਲਈ ਸਿੱਖਾਂ ਦੀ ਲੋੜ ਨੂੰ ਪੂਰਾ ਕਰਨ ਲਈ ਗੁਰੂ ਅਮਰਦਾਸ ਜੀ ਨੇ ਮੰਜੀ ਪ੍ਰਥਾ ਦੀ ਸਥਾਪਨਾ ਕੀਤੀ। ਉਹਨਾਂ ਨੇ ਆਪਣੇ ਅਧਿਆਤਮਕ ਸਾਮਰਾਜ ਨੂੰ 22 ਹਿੱਸਿਆ ਵਿੱਚ ਵੰਡਿਆ। ਹਰ ਇੱਕ ਭਾਗ ਨੂੰ 'ਮੰਜੀ' ਕਿਹਾ ਜਾਣ ਲੱਗਾ। ਗੁਰੂ ਜੀ ਨੇ ਹਰ ਇੱਕ ਮੰਜੀ ਲਈ ਇੱਕ ਪ੍ਰਭਾਵਸ਼ਾਲੀ ਸਿੱਖ ਨਿਯੁਕਤ ਕੀਤਾ। ਉਸ ਸਿੱਖ ਦਾ ਕੰਮ ਆਪਣੇ ਇਲਾਕੇ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨਾ ਸੀ। ਉਹ ਸਿੱਖਾਂ ਕੋਲੋਂ ਭੇਟਾ ਲੈ ਕੇ ਗੁਰੂ ਸਹਿਬ ਕੋਲ਼ ਵੀ ਪਹੁੰਚਾਉਂਦਾ ਸੀ। ਕਿਉਂਕਿ ਉਹ ਸਿੱਖ ਮੰਜੀ ਉੱਤੇ ਬੈਠ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਇਸ ਲਈ ਧਰਮ ਪ੍ਰਚਾਰ ਦੀ ਇਸ ਪ੍ਰਥਾ ਨੂੰ 'ਮੰਜੀ ਪ੍ਰਥਾ' ਕਿਹਾ ਜਾਣ ਲੱਗਾ। ਇਸ ਪ੍ਰਥਾ ਨਾਲ਼ ਗੁਰੂ ਅਮਰਦਾਸ ਜੀ ਦੇ

ਸਮੇਂ ਵਿੱਚ ਸਿੱਖ ਧਰਮ ਦਾ ਬਹੁਤ ਵਿਸਥਾਰ ਹੋਇਆ।

(ਹ) **ਉਦਾਸੀਆਂ ਨਾਲੋਂ ਸਿੱਖਾਂ ਨੂੰ ਵੱਖ ਕਰਨਾ** (Separation of Sikhs from the Udasis):- ਗੁਰੂ ਅੰਗਦ ਦੇਵ ਜੀ ਨੇ ਬਾਬਾ ਸ਼੍ਰੀ ਚੰਦ ਜੀ ਦੇ ਉਦਾਸੀ ਮੱਤ ਦਾ ਖੰਡਨ ਕੀਤਾ। ਪਰ ਫਿਰ ਵੀ ਉਦਾਸੀਆਂ ਦਾ ਜ਼ੋਰ ਨਹੀਂ ਸੀ ਘਟਿਆ। ਇਸ ਤੇ ਗੁਰੂ ਅਮਰਦਾਸ ਜੀ ਨੇ ਹਿੰਮਤ, ਦਲੇਰੀ ਅਤੇ ਸੁੱਘੜਤਾ ਤੋਂ ਕੰਮ ਲੈਂਦਿਆਂ ਸਿੱਖਾਂ ਨੂੰ ਸਪਸ਼ਟ ਰੂਪ ਵਿੱਚ ਸਮਝਾਇਆ ਕਿ ਉਦਾਸੀ ਮੱਤ ਦਾ ਤਿਆਗ ਦਾ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਦੇ ਉਲਟ ਹੈ। ਉਹਨਾਂ ਨੇ ਸਿੱਖਾਂ ਨੂੰ ਪੱਤਰਾਂ ਜਾਂ ਹੁਕਮਨਾਮਿਆਂ ਰਾਹੀਂ ਵੀ ਸਮਝਾਇਆ ਕਿ ਉਦਾਸੀ ਮੱਤ ਦੇ ਤਿਆਗ ਦੇ ਸਿਧਾਂਤ ਨੂੰ ਮੰਨਣ ਵਾਲੇ ਗੁਰੂ ਦੇ ਸਿੱਖ ਨਹੀਂ ਹੋ ਸਕਦੇ। ਸਿੱਟੇ ਵਜੋਂ ਸਿੱਖਾਂ ਨੇ ਉਦਾਸੀਆਂ ਅਤੇ ਉਹਨਾਂ ਤੇ ਤਿਆਗ-ਸਿਧਾਂਤ ਨਾਲੋਂ ਆਪਣੇ ਸੰਬੰਧ ਤੋੜ ਲਏ। ਉਹ ਲੋਕ ਗੁਰੂ ਜੀ ਦੇ ਹੁਕਮ ਅਨੁਸਾਰ ਗ੍ਰਹਿਸਥੀ ਜੀਵਨ ਬਤੀਤ ਕਰਨ ਲੱਗੇ ਅਤੇ ਨਾਮ ਦਾ ਜਾਪ ਕਰਨ ਲੱਗੇ। ਇਸ ਪ੍ਰਕਾਰ ਗੁਰੂ ਅਮਰਦਾਸ ਜੀ ਨੇ ਸਿੱਖ ਸੰਪਰਦਾ ਦਾ ਵਿਲੱਖਣਾ ਸਰੂਪ ਕਾਇਮ ਰੱਖਿਆ।

(ਕ) **ਸਮਾਜਿਕ ਸੁਧਾਰ** (Social Reforms)- ਗੁਰੂ ਅਮਰਦਾਸ ਜੀ ਉੱਚ ਕੋਟੀ ਦੇ ਸਮਾਜ ਸੁਧਾਰਕ ਸਨ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਪ੍ਰਚੱਲਿਤ ਕੁਰੀਤੀਆਂ ਦਾ ਖੰਡਨ ਕੀਤਾ ਸੀ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਸਮਾਜ-ਸੁਧਾਰ ਦੇ ਕੰਮ ਨੂੰ ਜਾਰੀ ਰੱਖਿਆ। ਪਰ ਸਦੀਆਂ ਤੋਂ ਚਲੇ ਆ ਰਹੇ ਸਮਾਜਿਕ ਨਿਯਮਾਂ, ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਵਿੱਚ ਤਬਦੀਲੀ ਲਿਆਉਣਾ ਬੜਾ ਹੀ ਔਖਾ ਕੰਮ ਸੀ। ਇਸ ਔਖੇ ਕੰਮ ਨੂੰ ਗੁਰੂ ਅਮਰਦਾਸ ਜੀ ਨੇ ਹੱਥ ਪਾਇਆ। ਉਹਨਾਂ ਦਾ ਵਿਸ਼ੇਸ਼ ਉਦੇਸ਼ ਸਿੱਖਾਂ ਦਾ ਵਿਅਰਥ ਅਤੇ ਗੁੰਝਲਦਾਰ ਰੀਤੀ-ਰਿਵਾਜਾਂ ਤੋਂ ਛੁਟਕਾਰਾ ਕਰਵਾਉਣਾ ਸੀ। ਉਹ ਹਿੰਦੂ ਸਿੱਖਾਂ ਵਿੱਚ ਪਿਆਰ ਦੀ ਭਾਵਨਾ ਵੀ ਜਗਾਉਣਾ ਚਾਹੁੰਦੇ ਸਨ। ਇਸ ਪ੍ਰਤਿ ਜਿਹੜੇ ਸੁਧਾਰ ਉਹਨਾਂ ਨੇ ਲਿਆਂਦੇ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ—

(i) **ਜਾਤੀ ਭੇਦ-ਭਾਵ ਅਤੇ ਛੂਤ-ਛਾਤ ਦਾ ਵਿਰੋਧ** (Condemnation of Caste System and Untouchability):- ਗੁਰੂ ਅਮਰਦਾਸ ਜੀ ਨੇ ਆਪਣੇ ਸ਼ਬਦਾਂ ਵਿੱਚ ਜਾਤੀ ਭੇਦ-ਭਾਵ ਅਤੇ ਛੂਤ-ਛਾਤ ਦਾ ਵਿਰੋਧ ਕੀਤਾ। ਉਹ ਕਹਿੰਦੇ ਸਨ ਕਿ ਜਾਤ ਦਾ ਅਭਿਮਾਨ ਕਰਨ ਵਾਲੇ ਲੋਕ ਮੂਰਖ ਅਤੇ ਗੰਵਾਰ ਹਨ। ਉਹਨਾਂ ਦੇ ਜਾਤ-ਪਾਤ ਅਤੇ ਛੂਤ-ਛਾਤ ਨੂੰ ਦੂਰ ਕਰਨ ਲਈ ਇਹ ਹੁਕਮ ਦੇ ਰੱਖਿਆ ਸੀ ਕਿ ਜੋ ਵੀ ਕੋਈ ਵਿਅਕਤੀ ਉਹਨਾਂ ਦੇ ਦਰਸ਼ਨਾਂ ਨੂੰ ਆਉਂਦਾ ਹੈ ਉਸ ਨੂੰ ਪਹਿਲਾਂ ਜਾਤ ਦਾ ਅਭਿਮਾਨ ਛੱਡ ਕੇ ਸਭਨਾ ਲੋਕਾਂ ਨਾਲ ਇੱਕੋ ਪੰਗਤ ਵਿੱਚ ਬੈਠ ਕੇ ਲੰਗਰ ਛੱਕਣਾ ਹੋਵੇਗਾ। ਉਹ ਇਹ ਵੀ ਨਹੀਂ ਪੁੱਛੇਗਾ ਕਿ ਲੰਗਰ ਕਿਸ ਦੇ ਹੱਥਾਂ ਦਾ ਤਿਆਰ ਕੀਤਾ ਹੋਇਆ ਹੈ।

(ii) **ਸਤੀ ਪ੍ਰਥਾ ਦੀ ਨਿਖੇਧੀ** (Prohibition of Sati):- ਹਿੰਦੂ ਸਮਾਜ ਵਿੱਚ ਸਦੀਆਂ ਤੋਂ ਇਹ ਰਿਵਾਜ ਪ੍ਰਚਲਿਤ ਸੀ ਕਿ ਪਤੀ ਦੀ ਚਿਤਾ ਉੱਤੇ ਉਸ ਦੀ ਵਿਧਵਾ ਪਤਨੀ ਨੂੰ ਜਿਉਂਦਿਆਂ ਸੜਨਾ ਪਵੇਗਾ। ਗੁਰੂ ਅਮਰਦਾਸ ਜੀ ਨੇ ਇਸ ਪ੍ਰਥਾ ਦਾ ਖੰਡਨ ਕੀਤਾ। ਉਹਨਾਂ ਨੇ ਇੱਕ ਸ਼ਬਦ ਵਿੱਚ ਕਿਹਾ ਕਿ ਉਸ ਨਾਰੀ ਨੂੰ ਸਤੀ ਨਹੀਂ ਕਿਹਾ ਜਾ ਸਕਦਾ ਜੋ ਆਪਣੇ ਪਤੀ ਦੀ ਚਿਤਾ ਵਿੱਚ ਸੜ ਜਾਂਦੀ ਹੈ। ਪਰੰਤੂ ਅਸਲ ਵਿੱਚ ਸਤੀ ਉਹ ਨਾਰੀ ਹੈ ਜੋ ਆਪਣੇ ਪਤੀ ਦੇ ਵਿਯੋਗ ਦੇ ਦੁੱਖ ਅਤੇ ਪੀੜ ਨੂੰ ਸਹਿਣ ਕਰਦੀ ਹੈ।

(iii) **ਪਰਦੇ ਦੀ ਪ੍ਰਥਾ ਦੀ ਮਨਾਹੀ** (Prohibition of Parda System):- ਮੱਧ ਕਾਲ ਵਿੱਚ ਇਸਤਰੀਆਂ ਆਮ ਤੌਰ 'ਤੇ ਘਰ ਦੀ ਚਾਰ ਦੀਵਾਰੀ ਅੰਦਰ ਹੀ ਬੰਦ ਰਹਿੰਦੀਆਂ ਸਨ। ਉਹ ਪੁਰਸ਼ਾਂ ਸਾਹਮਣੇ ਘੁੰਡ ਕੱਢ ਕੇ ਜਾਂ ਬੁਰਕਾ ਪਾ ਕੇ ਜਾਂਦੀਆਂ ਸਨ। ਗੁਰੂ ਅਮਰਦਾਸ ਦੀ ਨੇ ਇਸ ਪ੍ਰਥਾ ਦੀ ਮਨਾਹੀ ਕਰਦਿਆਂ ਦੱਸਿਆ ਸੀ ਕਿ ਪਰਦੇ ਦੀ ਵਿਵਸਥਾ ਇਸਤ੍ਰੀ ਦੇ ਸਰੀਰਿਕ, ਮਾਨਸਿਕ ਅਤੇ ਅਧਿਆਤਮਕ ਵਿਕਾਸ ਵਿੱਚ ਇੱਕ ਵੱਡੀ ਰੋਕ ਸੀ। ਗੁਰੂ ਅਮਰਦਾਸ ਜੀ ਨੇ ਇਸ ਪ੍ਰਥਾ ਦੀ ਮਨਾਹੀ ਕਰ ਦਿੱਤੀ। ਉਹਨਾਂ ਨੇ ਇਸਤਰੀਆਂ

ਨੂੰ ਬਿਨਾਂ ਪਰਦਾ ਕੀਤੇ ਲੰਗਰ ਦੀ ਸੇਵਾ ਕਰਨ ਅਤੇ ਸੰਗਤ ਵਿੱਚ ਬੈਠਣ ਦਾ ਹੁਕਮ ਦਿੱਤਾ।

**(iv) ਨਸ਼ਿਆ ਦੀ ਨਿਖੇਧੀ** (Prohibition of Intoxicants):- ਸ਼ਰਾਬ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਮੱਧ ਕਾਲੀਨ ਸਮਾਜ ਦੀ ਇੱਕ ਬਹੁਤ ਵੱਡੀ ਬੁਰਾਈ ਸੀ। ਗੁਰੂ ਅਮਰਦਾਸ ਜੀ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਨਸ਼ਿਆਂ ਦੀ ਵਰਤੋਂ ਦਾ ਖੰਡਨ ਕੀਤਾ। ਉਹਨਾਂ ਨੇ ਸਿੱਖਾਂ ਨੂੰ ਵੀ ਇਸ ਬੁਰਾਈ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ।

**(v) ਨਵੇਂ ਤੀਰਥ-ਸਥਾਨ ਦੀ ਸਥਾਪਨਾ** (New Place of Pilgrimage):- ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਸਿੱਖਾਂ ਨੂੰ ਇੱਕ ਨਵਾਂ ਤੀਰਥ-ਸਥਾਨ ਦਿੱਤਾ। ਇਹ ਤੀਰਥ-ਸਥਾਨ ਹਿੰਦੂ ਤੀਰਥ-ਸਥਾਨਾਂ ਨਾਲੋਂ ਵੱਖਰੀ ਕਿਸਮ ਦਾ ਸੀ—

(ੳ) ਇਹ ਸਿੱਖਾਂ ਦੀ ਸਮੂਹਿਕ ਮਿਹਨਤ ਨਾਲ਼ ਬਣਾਇਆ ਗਿਆ ਸੀ।

(ਅ) ਇਸ ਵਿੱਚ ਪੁਜਾਰੀ ਦੀ ਲੋੜ ਨਹੀਂ ਸੀ।

(ੲ) ਇੱਥੇ ਕਿਸੇ ਦੇਵੀ ਦੇਵਤੇ ਦੀ ਮੂਰਤੀ ਪੂਜਾ ਨਹੀਂ ਕੀਤੀ ਜਾਂਦੀ ਸੀ।

(ਸ) ਇਥੇ ਬਾਉਲੀ ਦੀਆਂ 84 ਪੌੜੀਆਂ ਹਨ। ਉਹ ਇਸ ਗੱਲ ਦਾ ਪ੍ਰਤੀਕ ਹਨ ਕਿ ਇੱਥੇ 84 ਵਾਰ ਜਪੁਜੀ ਸਾਹਿਬ ਦਾ ਪਾਠ ਕਰਕੇ ਮਨੁੱਖ ਨੂੰ ਆਪਣੀਆਂ 84 ਲੱਖ ਜੂਨਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ।

(ਹ) ਗੁਰੂ ਸਾਹਿਬ ਅਤੇ ਤੀਰਥ-ਸਥਾਨ ਇੱਕੋ ਹੀ ਸ਼ਹਿਰ ਵਿੱਚ ਹੋਣ ਨਾਲ ਸਿੱਖਾਂ ਲਈ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ।

**(vi) ਤਿਉਹਾਰ ਮਨਾਉਣ ਦਾ ਨਵਾਂ ਢੰਗ** (New Mode of Celebrating Festivals):- ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਵਿਸਾਖੀ, ਮਾਘੀ ਅਤੇ ਦਿਵਾਲ਼ੀ ਦੇ ਤਿਉਹਾਰ ਨਵੇਂ ਢੰਗ ਨਾਲ਼ ਮੰਨਾਉਣ ਲਈ ਕਿਹਾ। ਇਹਨਾਂ ਤਿੰਨਾਂ ਤਿਉਹਾਰਾਂ ਦੇ ਮੌਕਿਆਂ 'ਤੇ ਸਿੱਖ ਗੁਰੂ -ਸਥਾਨ ਦੇ ਪਹੁੰਚਦੇ ਸਨ। ਗੁਰੂ ਅਮਰਦਾਸ ਜੀ ਦੇ ਗੁਰੂ-ਕਾਲ ਵਿੱਚ ਇਹ ਤਿਉਹਾਰ ਗੋਇੰਦਵਾਲ ਵਿਖੇ ਮਨਾਏ ਜਾਂਦੇ ਹਨ। ਤਿਉਹਾਰਾਂ ਨੂੰ ਇਸ ਢੰਗ ਨਾਲ ਮੰਨਾਉਣ ਵਿੱਚ ਗੁਰੂ ਸਾਹਿਬ ਦਾ ਉਦੇਸ਼ ਆਪਣੇ ਸਿੱਖਾਂ ਵਿੱਚ ਭਾਈਚਾਰੇ ਅਤੇ ਏਕਤਾ ਵਿੱਚ ਵਾਧਾ ਕਰਨਾ ਸੀ। ਇਸ ਨਾਲ਼ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਹੋਇਆ।

**(vii) ਜਨਮ ਵਿਆਹ ਅਤੇ ਮੌਤ ਸੰਬੰਧੀ ਰੀਤਾਂ ਵਿੱਚ ਸੁਧਾਰ** (Simplification of Birth, Marriage and Death Ceremonies):- ਗੁਰੂ ਅਮਰਦਾਸ ਜੀ ਨੇ ਹਿੰਦੂਆਂ ਵਿੱਚ ਪ੍ਰਚੱਲਿਤ ਜਨਮ, ਵਿਆਹ ਅਤੇ ਜਨਮ ਸੰਬੰਧੀ ਗੁੰਝਲ਼ਦਾਰ ਰਸਮਾਂ ਅਤੇ ਰੀਤਾਂ ਦਾ ਵੀ ਸੁਧਾਰ ਕੀਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਮੌਤ ਦੇ ਮੌਕੇ ਈਸ਼ਵਰ ਦੀ ਉਸਤਤ ਅਤੇ ਭਗਤੀ ਦੇ ਸ਼ਬਦ ਗਾਉਣੇ ਚਾਹੀਦੇ ਹਨ।

ਗੁਰੂ ਜੀ ਨੇ ਵਿਆਹ ਦੀਆਂ ਰੀਤਾਂ ਵਿੱਚ ਵੀ ਸੁਧਾਰ ਕੀਤਾ। ਉਹਨਾਂ ਨੇ 'ਅਨੰਦ' ਨਾਮੀ ਬਾਣੀ ਦੀ ਰਚਨਾ ਕੀਤੀ। ਗੁਰੂ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਜਨਮ, ਵਿਆਹ ਅਤੇ ਹੋਰ ਖੁਸ਼ੀ ਦੇ ਮੌਕਿਆਂ ਉੱਤੇ 'ਅਨੰਦ ਸਾਹਿਬ' ਦਾ ਪਾਠ ਕਰਨ।

ਇਸ ਤਰ੍ਹਾਂ ਗੁਰੂ ਜੀ ਦੇ ਸੁਧਾਰਾਂ ਦੇ ਫਲਸਰੂਪ ਸਿੱਖਾਂ ਨੇ ਵਿਅਰਥ ਅਤੇ ਗੁੰਝਲ਼ਦਾਰ ਰੀਤੀ-ਰਿਵਾਜਾਂ ਨੂੰ ਤਿਆਗ ਦਿੱਤਾ। ਸਿੱਟੇ ਵਜੋਂ ਸਿੱਖ ਹਿੰਦੂਆਂ ਨਾਲੋਂ ਵੱਖ ਹੋਣ ਲੱਗ ਪਏ।

**(viii) ਸਮਰਾਟ ਅਕਬਰ ਦਾ ਗੋਇੰਦਵਾਲ ਵਿੱਚ ਆਉਣਾ** (Akbar's visit to Goindwal):- ਗੁਰੂ ਅਮਰਦਾਸ ਜੀ ਦੇ ਗੁਰੂ-ਕਾਲ ਦੀ ਇੱਕ ਮਹੱਤਵਪੂਰਨ ਘਟਨਾ ਮੁਗਲ ਸਮਰਾਟ ਅਕਬਰ ਦਾ ਗੋਇੰਦਵਾਲ ਆਉਣਾ ਸੀ। ਗੁਰੂ ਅਮਰਦਾਸ ਜੀ ਦੀ ਅਧਿਆਤਮਿਕ ਮਹਾਨਤਾ ਨੂੰ ਮੁੱਖ ਰੱਖ ਕੇ ਹੀ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ। ਚਿਤੌੜਗੜ੍ਹ ਦੀ ਜਿੱਤ (1567ਈ:) ਤੋਂ ਬਾਅਦ ਉਹ ਗੋਇੰਦਵਾਲ ਪੁੱਜਾ। ਲੰਗਰ

ਸੰਸਥਾ ਦੇ ਨਿਯਮਾਂ ਅਨੁਸਾਰ ਉਸ ਨੇ ਪਹਿਲਾਂ ਪੰਗਤ ਵਿੱਚ ਬਹਿ ਕੇ ਲੰਗਰ ਛਕਿਆ। ਉਹ ਗੁਰੂ ਜੀ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਗੁਰੂ ਜੀ ਦੇ ਕਹਿਣ 'ਤੇ ਅਕਬਰ ਨੇ ਯਾਤਰੀਆਂ ਦਾ ਯਾਤਰਾ ਕਰ ਮਾਫ਼ ਕਰ ਦਿੱਤਾ ਸੀ। ਉਹਨਾਂ ਦੇ ਕਹਿਣ 'ਤੇ ਹੀ ਅਕਬਰ ਨੇ ਇੱਕ ਸਾਲ ਲਈ ਕਿਸਾਨਾਂ ਦਾ ਭੂਮੀ-ਕਰ ਵੀ ਮਾਫ਼ ਕਰ ਦਿੱਤਾ। ਸਿੱਟੇ ਵਜੋਂ ਉਹ ਲੋਕ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਅਕਬਰ ਨੇ ਗੁਰੂ ਜੀ ਦੀ ਬੇਟੀ ਬੀਬੀ ਭਾਨੀ ਨੂੰ ਜ਼ਮੀਨ ਵੀ ਦਿੱਤੀ ਸੀ।

**(ix) ਉੱਤਰਾਧਿਕਾਰੀ ਦੀ ਨਿਯੁਕਤੀ** (Appointment of Successor):- ਗੁਰੂ ਅਮਰਦਾਸ ਜੀ 95 ਸਾਲ ਦੀ ਉਮਰ ਤੱਕ ਸਿੱਖਾਂ ਦੀ ਰਾਹਨੁਮਾਈ ਕਰਦੇ ਰਹੇ। 1574 ਈ: ਵਿੱਚ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਉਹਨਾਂ ਨੇ ਆਪਣਾ ਉੱਤਰਾਧਿਕਾਰੀ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ। ਉਹਨਾਂ ਨੇ ਆਪਣੇ ਦੋਹਾਂ ਪੁੱਤਰਾਂ-ਮੋਹਨ ਅਤੇ ਮੋਹਰੀ ਨੂੰ ਛੱਡ ਕੇ ਆਪਣੇ ਜਵਾਈ ਭਾਈ ਜੇਠਾ ਜੀ ਨੂੰ ਗੁਰ-ਗੱਦੀ ਦੇ ਅਧਿਕ ਯੋਗ ਸਮਝਦਿਆਂ ਹੋਇਆ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਉਹ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਮ ਨਾਲ਼ ਸਿੱਖਾਂ ਦੇ ਚੌਥੇ ਗੁਰੂ ਬਣੇ।

## ਗੁਰੂ ਰਾਮਦਾਸ ਜੀ ਦਾ ਯੋਗਦਾਨ (1574-1581ਈ:)
## (Contribution of Guru Ram Das Ji)

ਚੌਥੇ ਗੁਰੂ ਰਾਮ ਦਾਸ ਜੀ 1574 ਈ: ਤੋਂ 1581ਈ: ਤੱਕ ਗੁਰੂ ਰਹੇ। ਇਹਨਾਂ ਸਾਲਾਂ ਵਿੱਚ ਉਹਨਾਂ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਜਿਹੜਾ ਮਹੱਤਵਪੂਰਨ ਹਿੱਸਾ ਪਾਇਆ, ਉਸ ਦਾ ਵਰਣਨ ਇਸ ਪ੍ਰਕਾਰ ਹੈ—

**(ੳ) ਰਾਮਦਾਸਪੁਰ-ਅੰਮ੍ਰਿਤਸਰ ਦੀ ਨੀਂਹ** (Foundation of Ramdaspur-Amritsar):- ਗੁਰੂ ਰਾਮਦਾਸ ਜੀ ਦੀ ਸਿੱਖ ਧਰਮ ਨੂੰ ਸਭ ਤੋਂ ਮਹਾਨ ਦੇਣ ਰਾਮਦਾਸਪੁਰ (ਅੰਮ੍ਰਿਤਸਰ) ਸ਼ਹਿਰ ਦੀ ਨੀਂਹ ਰੱਖਣਾ ਸੀ। ਪਰ ਇਸ ਤੀਰਥ ਸਥਾਨ ਨੂੰ ਸਥਾਪਿਤ ਕਰਨ ਦਾ ਵਿਚਾਰ ਪਹਿਲਾਂ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਆਇਆ ਸੀ। ਮੁਗਲ ਸਮਰਾਟ ਅਕਬਰ ਨੇ ਗੁਰੂ ਜੀ ਦੀ ਬੇਟੀ ਬੀਬੀ ਭਾਨੀ ਨੂੰ ਕੁਝ ਪਿੰਡਾਂ ਦੀ ਭੂਮੀ ਦਿੱਤੀ ਸੀ। ਗੁਰੂ ਜੀ ਨੇ ਸਿੱਖਾਂ ਦੀ ਸਭਾ ਵਿੱਚ ਭਾਈ ਜੇਠਾ ਜੀ ਨੂੰ ਇਹ ਧਰਤੀ ਸੌਂਪ ਦਿੱਤੀ ਅਤੇ ਉੱਥੇ ਸੰਤੋਖਸਰ ਅਤੇ ਅੰਮ੍ਰਿਤਸਰ ਨਾਮੀ ਦੋ ਸਰੋਵਰਾਂ ਦੀ ਖੁਦਾਈ ਦਾ ਕੰਮ ਅਰੰਭ ਕਰਵਾ ਦਿੱਤਾ।

ਗੁਰ-ਗੱਦੀ ਉੱਤੇ ਬੈਠਣ ਮਗਰੋਂ ਗੁਰੂ ਰਾਮਦਾਸ ਆਪ ਉਸ ਥਾਂ 'ਤੇ ਰਹਿਣ ਲੱਗੇ। ਉਹਨਾਂ ਨੇ ਸ਼ਰਧਾਲੂ ਸਿੱਖਾਂ ਅਤੇ ਵਪਾਰੀਆਂ ਨੂੰ ਵੀ ਹੁਕਮ ਦਿੱਤਾ ਕਿ ਉਹ ਵੀ ਉੱਥੇ ਜਾ ਕੇ ਰਹਿਣ ਅਤੇ ਵਪਾਰ ਕਰਨ। ਹੌਲ਼ੀ-ਹੌਲ਼ੀ ਅੰਮ੍ਰਿਤਸਰ ਸਰੋਵਰ ਦੇ ਚਾਰ-ਚੁਫ਼ੇਰੇ ਬਹੁਤ ਸਾਰੇ ਲੋਕ ਵਸ ਗਏ। ਕਈ ਪ੍ਰਕਾਰ ਦੀਆਂ ਵਸਤੂਆਂ ਦੀਆਂ ਦੁਕਾਨਾਂ ਵੀ ਖੁੱਲ੍ਹ ਗਈਆਂ। ਸਿੱਟੇ ਵਜੋਂ 'ਗੁਰੂ ਕਾ ਬਾਜ਼ਾਰ' ਨਾਂ ਦਾ ਬਜ਼ਾਰ ਹੋਂਦ ਵਿੱਚ ਆ ਗਿਆ। ਇਸ ਦੇ ਨਾਲ਼ ਹੀ ਇੱਕ ਸ਼ਹਿਰ ਵੀ ਹੋਂਦ ਵਿੱਚ ਆ ਗਿਆ ਜਿਸ ਨੂੰ 'ਗੁਰੂ ਚੱਕ', 'ਚੱਕ ਗੁਰੂ ਰਾਮਦਾਸ', 'ਰਾਮਦਾਸਪੁਰ' ਆਦਿ ਨਾਂਵਾਂ ਨਾਲ਼ ਬੁਲਾਇਆ ਜਾਣ ਲੱਗਾ। ਬਾਅਦ ਵਿੱਚ 'ਅੰਮ੍ਰਿਤਸਰ' ਸਰੋਵਰ ਦੇ ਨਾਂ 'ਤੇ ਹੀ ਇਸ ਦਾ ਨਾਂ ਅੰਮ੍ਰਿਤਸਰ ਪੈ ਗਿਆ।

ਇਸ ਨਗਰ ਦੀ ਸਥਾਪਨਾ ਨਾਲ ਸਿੱਖ ਸੰਪਰਦਾ ਦੇ ਵਿਕਾਸ ਵਿੱਚ ਨਿਰਸੰਦੇਹ ਬੜੀ ਸਹਾਇਤਾ ਮਿਲੀ। ਸਿੱਖਾਂ ਨੂੰ ਇੱਕ ਹੋਰ ਤੀਰਥ-ਸਥਾਨ ਮਿਲ਼ ਗਿਆ। ਇਸ ਸ਼ਹਿਰ ਦੇ ਰੂਪ ਵਿੱਚ ਸਿੱਖਾਂ ਨੂੰ ਵਪਾਰਿਕ ਕੇਂਦਰ ਮਿਲ ਗਿਆ।

**(ਅ) ਮਸੰਦ ਪ੍ਰਥਾ ਦਾ ਆਰੰਭ** (Beginning of Masand System):- ਅੰਮ੍ਰਿਤਸਰ ਅਤੇ ਸੰਤੋਖਸਰ ਸਰੋਵਰਾਂ ਦੀ ਖੁਦਾਈ ਅਤੇ ਰਾਮਦਾਸਪੁਰ ਜਾਂ ਅੰਮ੍ਰਿਤਸਰ ਸ਼ਹਿਰ ਦੇ ਨਿਰਮਾਣ ਦੇ ਕੰਮ ਲਈ ਬਹੁਤ ਸਾਰੇ ਧਨ ਦੀ ਲੋੜ ਸੀ। ਇਸ ਲਈ ਗੁਰੂ ਰਾਮਦਾਸ ਨੇ ਆਪਣੇ ਕੁੱਝ ਸ਼ਰਧਾਲੂ ਸਿੱਖਾਂ ਨੂੰ ਧਨ ਇਕੱਠਾ ਕਰਨ ਲਈ ਕਈ ਥਾਵਾਂ ਉੱਤੇ ਭੇਜਿਆ। ਉਹਨਾਂ ਸਿੱਖਾਂ ਨੂੰ 'ਮਸੰਦ' ਕਿਹਾ ਜਾਣ ਲੱਗਾ।

ਸਿੱਖਾਂ ਕੋਲੋਂ ਧਨ ਇਕੱਠਾ ਕਰਨ ਦੇ ਨਾਲ਼-ਨਾਲ਼ ਉਹ ਲੋਕ ਸਿੱਖ ਧਰਮ ਦਾ ਪ੍ਰਚਾਰ ਵੀ ਕਰਦੇ ਸਨ। ਇਸ ਤਰ੍ਹਾਂ ਮਸੰਦ ਪ੍ਰਥਾ ਦੇ ਫਲਸਰੂਪ ਸਿੱਖ ਧਰਮ ਦਾ ਬਹੁਤ ਪ੍ਰਚਾਰ ਹੋਇਆ ਅਤੇ ਕਈ ਗੈਰ-ਸਿੱਖਾਂ ਨੇ ਵੀ ਸਿੱਖ ਮੱਤ ਨੂੰ ਅਪਣਾ ਲਿਆ।

**(ੲ) ਸਿੱਖਾਂ ਤੇ ਉਦਾਸੀਆਂ ਵਿੱਚ ਸਮਝੌਤਾ** (Reconciliation between the Sikhs and Udasis):- ਗੁਰੂ ਰਾਮਦਾਸ ਜੀ ਦੀ ਵਧਦੀ ਉਪਮਾ ਸੁਣ ਕੇ ਉਦਾਸੀ ਮੱਤ ਦੇ ਬਾਨੀ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਨੂੰ ਮਿਲਣ ਗਏ। ਉਹਨਾਂ ਵਿਚਕਾਰ ਮਹੱਤਵਪੂਰਨ ਵਾਰਤਾਲਾਪ ਵੀ ਹੋਈ। ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਦੀ ਨਿਮਰਤਾ ਅਤੇ ਉੱਤਮ ਗੁਣਾਂ ਤੋਂ ਬੇਹੱਦ ਪ੍ਰਭਾਵਿਤ ਹੋਏ। ਅੰਤ ਵਿੱਚ ਉਨ੍ਹਾਂ ਨੇ ਮੰਨ ਲਿਆ ਕਿ ਗੁਰੂ ਸਾਹਿਬਾਨ ਆਪਣੇ ਉੱਤਮ ਗੁਣਾਂ ਦੇ ਕਾਰਨ ਹੀ ਗੁਰਗੱਦੀ ਦੇ ਵਾਸਤਵਿਕ ਅਧਿਕਾਰੀ ਸਨ। ਸਿੱਟੇ ਵਜੋਂ ਉਦਾਸੀਆਂ ਨੇ ਸਿੱਖਾਂ ਦਾ ਵਿਰੋਧ ਕਰਨਾ ਛੱਡ ਦਿੱਤਾ।

**(ਸ) ਸਿੱਖ ਧਰਮ ਦੇ ਵਿਕਾਸ ਲਈ ਹੋਰ ਕਾਰਜ** (Other Measures for the Development of Sikhism):- ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕਈ ਹੋਰ ਮਹਾਨ ਕਾਰਜ ਵੀ ਕੀਤੇ। ਉਹਨਾਂ ਦੇ ਸਮੇਂ ਵਿੱਚ ਵੀ 'ਸੰਗਤ', 'ਪੰਗਤ', 'ਮੰਜੀ ਪ੍ਰਥਾ' ਆਦਿ ਪ੍ਰਥਾਵਾਂ ਪਹਿਲਾਂ ਵਾਂਗ ਹੀ ਸੁਚੱਜੇ ਢੰਗ ਨਾਲ਼ ਕੰਮ ਕਰਦੀਆਂ ਰਹੀਆਂ। ਸਮਾਜ ਵਿੱਚ ਸੁਧਾਰ ਕਰਨ ਲਈ ਗੁਰੂ ਰਾਮਦਾਸ ਜੀ ਨੇ ਵਿਆਹ ਦੀਆਂ ਰੀਤਾਂ ਦੇ ਸੰਬੰਧ ਵਿੱਚ 'ਲਾਵਾਂ' ਦੀ ਰਚਨਾ ਕੀਤੀ। ਉਹਨਾਂ ਨੇ ਵਿਆਹ ਸਮੇਂ ਇਸਤਰੀਆਂ ਰਾਹੀਂ ਗਾਉਣ ਵਾਲ਼ੇ ਸ਼ਬਦਾਂ-ਘੋੜੀਆਂ ਦੀ ਰਚਨਾ ਵੀ ਕੀਤੀ। ਉਹਨਾਂ ਨੇ ਇਹ ਵੀ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਇਹਨਾਂ ਰਚਨਾਵਾਂ ਨੂੰ ਵਿਆਹ ਸਮੇਂ ਅਮਲ ਵਿੱਚ ਵੀ ਲਿਆਉਣ। ਗੁਰੂ ਜੀ ਨੇ 679 ਸ਼ਬਦ ਵੀ ਰਚੇ।

**(ਹ) ਗੁਰੂ ਰਾਮਦਾਸ ਜੀ ਦੇ ਮੁਗਲ ਸਮਰਾਟ, ਅਕਬਰ ਨਾਲ਼ ਮਿੱਤਰਤਾਪੂਰਨ ਸਬੰਧ** (Friendly relations of Guru Ram Das with the Mughal Emperor Akbar):- ਜਿਨਾਂ ਚਿਰ ਗੁਰੂ ਰਾਮਦਾਸ ਜੀ ਗੁਰੂ-ਗੱਦੀ ਉੱਤੇ ਸਸ਼ੋਭਿਤ ਰਹੇ, ਉਹਨਾਂ ਦੇ ਮੁਗਲ ਸਮਰਾਟ ਅਕਬਰ ਨਾਲ਼ ਮਿੱਤਰਤਾਪੂਰਨ ਸਬੰਧ ਬਣੇ ਰਹੇ। ਇੱਕ ਵਾਰੀ ਪੰਜਾਬ ਵਿੱਚ ਚੀਜ਼ਾਂ ਦੇ ਮੁੱਲ ਡਿੱਗ ਪਏ। ਸਿੱਟੇ ਵਜੋਂ ਵਾਹੀਕਾਰਾਂ ਦੀ ਆਰਥਿਕ ਹਾਲਤ ਬਹੁਤ ਖਰਾਬ ਹੋ ਗਈ। ਜਦੋਂ ਗੁਰੂ ਜੀ ਨੇ ਇਸ ਗੱਲ ਬਾਰੇ ਅਕਬਰ ਨੂੰ ਦੱਸਿਆ ਤਾਂ ਉਸ ਨੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਭੂਮੀ ਕਰ ਮਾਫ਼ ਕਰ ਦਿੱਤਾ। ਇਸ ਤੇ ਗੁਰੂ ਸਾਹਿਬ ਦੀ ਪ੍ਰਤਿਸ਼ਠਾ ਅਤੇ ਮਾਣ ਮਰਯਾਦਾ ਵਿੱਚ ਬਹੁਤ ਵਾਧਾ ਹੋਇਆ ਅਤੇ ਬਹੁਤ ਸਾਰੇ ਹਿੰਦੂ ਅਤੇ ਮੁਸਲਮਾਨਾਂ ਨੇ ਸਿੱਖ ਧਰਮ ਅਪਣਾ ਲਿਆ।

**(ਕ) ਗੁਰਗੱਦੀ ਦਾ ਸਿਧਾਂਤ** (Rule for Succession to Guru-Gaddi):- ਪਹਿਲੇ ਤਿੰਨ ਗੁਰੂ ਸਾਹਿਬਾਨ ਵਿੱਚੋਂ ਕਿਸੇ ਗੁਰੂ ਨੇ ਵੀ ਆਪਣਾ ਉੱਤਰਾਧਿਕਾਰੀ ਆਪਣੀ ਸੰਤਾਨ ਵਿੱਚੋਂ ਨਿਯੁਕਤ ਨਹੀਂ ਸੀ ਕੀਤਾ। ਗੁਰੂ ਰਾਮਦਾਸ ਜੀ ਨੇ ਆਪਣੇ ਪੁੱਤਰਾਂ ਵਿੱਚੋਂ ਸਭਨਾਂ ਤੋਂ ਛੋਟੇ ਅਤੇ ਯੋਗ ਪੁੱਤਰ ਅਰਜਨ ਦੇਵ ਜੀ ਨੂੰ ਗੁਰ-ਗੱਦੀ ਸੌਂਪ ਦਿੱਤੀ।

ਕਿਉਂਕਿ ਗੁਰੂ ਪਦ ਦਾ ਆਧਾਰ-ਗੁਣ ਅਤੇ ਯੋਗਤਾ ਹੀ ਰਿਹਾ।

## ਗੁਰੂ ਅਰਜਨ ਦੇਵ ਜੀ ਦਾ ਯੋਗਦਾਨ (1581-1606 ਈ:)

## (Contribution of Guru Arjun Dev Ji)

ਪੰਜਵੇ ਗੁਰੂ ਅਰਜਨ ਦੇਵ ਜੀ 1581ਈ: ਤੋਂ 1606ਈ: ਤੱਕ ਗੁਰ ਗੱਦੀ ਉੱਤੇ ਬਿਰਾਜਮਾਨ ਰਹੇ। ਭਾਵੇਂ ਉਹਨਾਂ ਨੂੰ ਆਪਣੇ ਵੱਡੇ ਭਰਾ ਪ੍ਰਿਥੀ ਚੰਦ ਅਤੇ ਹਿੰਦੂ ਅਤੇ ਮੁਸਲਮਾਨ ਕੱਟੜ ਪੰਥੀਆਂ ਦਾ ਜ਼ੋਰਦਾਰ ਵਿਰੋਧ ਸਹਿਣਾ ਪਿਆ, ਫਿਰ ਵੀ ਉਹਨਾਂ ਦੇ ਕਾਲ ਵਿੱਚ ਸਿੱਖ ਧਰਮ ਦੇ ਵਿਕਾਸ ਲਈ ਕਈ ਮਹੱਤਵਪੂਰਨ

ਕਾਰਜ ਹੋਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

**(ੳ) ਗੁਰੂ ਰਾਮਦਾਸ ਦੇ ਕੰਮਾਂ ਨੂੰ ਸੰਪੂਰਨਤਾ ਦਿੱਤੀ** (Completion of the works of Guru Ram Das):- ਗੁਰੂ ਰਾਮਦਾਸ ਜੀ ਨੇ ਰਾਮਦਾਸਪੁਰ (ਅੰਮ੍ਰਿਤਸਰ) ਦੀ ਨੀਂਹ ਰੱਖੀ ਸੀ। ਉਹਨਾਂ ਨੇ ਉਥੇ ਅੰਮ੍ਰਿਤਸਰ ਅਤੇ ਸੰਤੋਖਸਰ ਨਾਮੀ ਦੋ ਸਰੋਵਰਾਂ ਦੀ ਖੁਦਾਈ ਦਾ ਕੰਮ ਵੀ ਸ਼ੁਰੂ ਕੀਤਾ ਸੀ ਪਰ ਉਹ ਉਹਨਾਂ ਕਾਰਜਾਂ ਨੂੰ ਮੁਕੰਮਲ ਨਹੀਂ ਸਨ ਕਰ ਸਕੇ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਅਤੇ ਸੰਤੋਖਸਰ ਸਰੋਵਰ ਦੇ ਨਿਰਮਾਣ ਦਾ ਕਾਰਜ ਮੁਕੰਮਲ ਕੀਤਾ। ਉਹਨਾਂ ਨੇ ਭਾਈ ਬੁੱਢਾ ਜੀ ਦੀ ਸਹਾਇਤਾ ਨਾਲ ਅੰਮ੍ਰਿਤਸਰ ਸ਼ਹਿਰ ਦੇ ਨਿਰਮਾਣ ਦਾ ਕੰਮ ਵੀ ਪੂਰਾ ਕੀਤਾ।

**(ਅ) ਹਰਿਮੰਦਰ ਸਾਹਿਬ ਦੀ ਉਸਾਰੀ** (Construction of Harimandir Sahib):- ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ 1588ਈ: ਵਿੱਚ 'ਹਰਿਮੰਦਰ ਸਾਹਿਬ' ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਮੰਨਿਆ ਜਾਂਦਾ ਹੈ ਕਿ ਹਰਿਮੰਦਿਰ ਸਾਹਿਬ ਦਾ ਨੀਂਹ ਪੱਥਰ 1589 ਈ: ਵਿੱਚ ਸੂਫੀ ਫਕੀਰ, ਮੀਆਂ ਮੀਰ ਨੇ ਰੱਖਿਆ। ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰੱਖੇ ਗਏ, ਭਾਵ ਇਹ ਮੰਦਰ ਚਾਰੇ ਜਾਤਾਂ ਅਤੇ ਚਾਰੇ ਪਾਸਿਉਂ ਆਉਣ ਵਾਲੇ ਲੋਕਾਂ ਲਈ ਖੁੱਲ੍ਹੇ ਹਨ। ਹਰਿਮੰਦਰ ਸਾਹਿਬ ਦੀ ਉਸਾਰੀ ਭਾਈ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਹੇਠ 1601ਈ: ਵਿੱਚ ਸੰਪੂਰਨ ਹੋਈ। ਸਤੰਬਰ 1604ਈ: ਵਿੱਚ ਹਰਿਮੰਦਰ ਸਾਹਿਬ ਵਿੱਚ ਆਦਿ ਗ੍ਰੰਥ ਸਾਹਿਬ ਦੀ ਸਥਾਪਨਾ ਕਰ ਦਿੱਤੀ ਗਈ। ਭਾਈ ਬੁੱਢਾ ਜੀ ਨੂੰ ਉੱਥੋਂ ਦਾ ਪਹਿਲਾ ਗ੍ਰੰਥੀ ਥਾਪਿਆ ਗਿਆ।

ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦਾ ਨਿਰਮਾਣ ਸਿੱਖ ਧਰਮ ਦੀ ਦ੍ਰਿੜਤਾ-ਪੂਰਵਕ ਸਥਾਪਨਾ ਲਈ ਸਭ ਤੋਂ ਵੱਧ ਮਹੱਤਵਪੂਰਨ ਕਾਰਜ ਸੀ। ਇਸ ਨਾਲ ਸਿੱਖਾਂ ਨੂੰ ਹਿੰਦੂ-ਤੀਰਥ ਸਥਾਨਾਂ ਦੀ ਯਾਤਰਾ ਕਰਨ ਦੀ ਲੋੜ ਨਾ ਰਹੀ। ਅੰਮ੍ਰਿਤਸਰ ਸਿੱਖਾਂ ਦਾ 'ਮੱਕਾ ਅਤੇ ਗੰਗਾ-ਬਨਾਰਸ' ਬਣ ਗਿਆ।

**(ੲ) ਸ਼ਹਿਰਾਂ ਦੀ ਸਥਾਪਨਾ** (Foundation of Some Cities):- ਅੰਮ੍ਰਿਤਸਰ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨੇ 1590ਈ: ਵਿੱਚ ਰਾਵੀ ਅਤੇ ਬਿਆਸ ਦੀਆਂ ਨਦੀਆਂ ਵਿਚਕਾਰ ਤਰਨਤਾਰਨ ਨਾਮੀ ਸ਼ਹਿਰ ਦੀ ਨੀਂਹ ਰੱਖੀ। ਇਸ ਸ਼ਹਿਰ ਵਾਲੀ ਜ਼ਮੀਨ ਗੁਰੂ ਜੀ ਨੇ ਖਾਰਾ ਪਿੰਡ ਦੇ ਲੋਕਾਂ ਤੋਂ ਖਰੀਦ ਕੇ ਇੱਕ ਸਰੋਵਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਵਾ ਦਿੱਤਾ। ਇਸ ਸਰੋਵਰ ਦਾ ਨਾਂ 'ਤਰਨਤਾਰਨ' ਰੱਖਿਆ ਗਿਆ, ਜਿਸ ਦਾ ਭਾਵ ਸੀ ਕਿ ਇਸ ਵਿੱਚ ਇਸ਼ਨਾਨ ਕਰਨ ਵਾਲਾ ਵਿਅਕਤੀ ਇਸ ਸੰਸਾਰ ਦੇ ਭਵ-ਸਾਗਰ ਤੋਂ ਤਰ ਜਾਂਦਾ ਹੈ। ਹੌਲ਼ੀ-ਹੌਲ਼ੀ ਉਸ ਸਰੋਵਰ ਦੇ ਦੁਆਲੇ ਇੱਕ ਸ਼ਹਿਰ ਵਸ ਗਿਆ ਜੋ ਸਿੱਖਾਂ ਦਾ ਇੱਕ ਹੋਰ ਤੀਰਥ-ਸਥਾਨ ਬਣ ਗਿਆ।

ਤਰਨਤਾਰਨ ਦੀ ਸਥਾਪਨਾ ਦੇ ਫਲਸਰੂਪ ਮਾਝੇ ਦੇ ਬਹੁਤ ਸਾਰੇ ਜੱਟਾਂ ਨੇ ਸਿੱਖ ਧਰਮ ਨੂੰ ਅਪਣਾ ਲਿਆ, ਜੋ ਬਾਅਦ ਵਿੱਚ ਵਧੀਆ ਸੈਨਿਕ ਸਿੱਧ ਹੋਏ।

ਤਰਨਤਾਰਨ ਦੇ ਨਿਰਮਾਣ ਮਗਰੋਂ ਗੁਰੂ ਅਰਜਨ ਦੇਵ ਜੀ ਨੇ ਜਲੰਧਰ ਨੇੜੇ 1593ਈ: ਵਿੱਚ ਇੱਕ ਸ਼ਹਿਰ ਦੀ ਨੀਂਹ ਰੱਖੀ ਜਿਸ ਦਾ ਨਾਂ 'ਕਰਤਾਰਪੁਰ' ਜਾਂ 'ਈਸ਼ਵਰ ਦਾ ਸ਼ਹਿਰ' ਰੱਖਿਆ। ਗੁਰੂ ਸਾਹਿਬ ਨੇ ਇੱਥੇ ਖੂਹ ਵੀ ਖੁਦਵਾਇਆ ਜਿਸ ਦਾ ਨਾਂ 'ਗੰਗ ਸਰ' ਰੱਖਿਆ। ਸਿੱਟੇ ਵਜੋਂ ਇਹ ਸ਼ਹਿਰ ਜਲੰਧਰ ਦੁਆਬੇ ਵਿੱਚ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਬਣ ਗਿਆ।

ਗੁਰੂ ਅਰਜਨ ਦੇਵ ਜੀ ਦੇ ਘਰ ਬੜੀ ਲੰਬੀ ਉਡੀਕ ਬਾਅਦ ਹਰਗੋਬਿੰਦ ਜੀ ਨੇ 1595ਈ: ਵਿੱਚ ਜਨਮ ਲਿਆ ਸੀ। ਇਸ ਲਈ ਗੁਰੂ ਜੀ ਨੇ ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਨਦੀ ਦੇ ਕੱਢੇ ਆਪਣੇ ਬੇਟੇ ਦੇ ਨਾਂ 'ਤੇ ਹਰਗੋਬਿੰਦਪੁਰ ਨਾਮੀ ਸ਼ਹਿਰ ਦੀ ਨੀਂਹ ਰੱਖੀ।

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੇ ਨਜ਼ਦੀਕ ਪੱਛਮ ਵੱਲ ਕੁਝ ਕੁ ਮੀਲਾਂ ਦੀ ਵਿੱਥ 'ਤੇ ਪਾਣੀ ਦੀ ਥੁੜ ਨੂੰ ਪੂਰਾ ਕਰਨ ਲਈ ਇੱਕ ਛੇ ਹਰਟਾਂ ਵਾਲਾ ਖੂਹ ਖੁਦਵਾਇਆ। ਹੌਲ਼ੀ-ਹੌਲ਼ੀ ਉਸ ਦੁਆਲੇ ਇੱਕ

ਸ਼ਹਿਰ ਵੀ ਵੱਸ ਗਿਆ, ਜਿਸ ਨੂੰ ਅੱਜ ਕੱਲ੍ਹ 'ਛੇਹਰਟਾ' ਕਹਿੰਦੇ ਹਨ।

**(ਸ) ਲਾਹੌਰ ਵਿਖੇ ਬਾਉਲੀ ਦਾ ਨਿਰਮਾਣ** (Construction of Baoli at Lahore):- ਗੁਰੂ ਅਰਜਨ ਦੇਵ ਜੀ ਨੇ ਲਾਹੌਰ ਦੇ ਸ਼ਰਧਾਲੂਆਂ ਦੀ ਬੇਨਤੀ 'ਤੇ ਲਾਹੌਰ ਦੀ ਯਾਤਰਾ ਕੀਤੀ। ਉੱਥੇ ਉਹ ਡੱਬੀ ਬਜ਼ਾਰ ਵਿੱਚ ਠਹਿਰੇ ਅਤੇ ਉਹਨਾਂ ਨੇ ਇੱਕ ਬਾਉਲੀ ਦੇ ਨਿਰਮਾਣ ਦੀ ਯੋਜਨਾ ਬਣਾਈ। ਉਸ ਬਾਉਲੀ ਦੇ ਨਿਰਮਾਣ ਬਾਅਦ ਉਹ ਬਾਉਲੀ ਵੀ ਸਿੱਖਾਂ ਦਾ ਇੱਕ ਹੋਰ ਤੀਰਥ ਸਥਾਨ ਬਣ ਗਿਆ।

**(ਹ) ਮਸੰਦ ਪ੍ਰਥਾ ਦਾ ਸੰਗਠਨ ਅਤੇ ਵਿਕਾਸ** (Organisation and Development of Masand System):- ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਨੂੰ ਠੀਕ ਢੰਗ ਨਾਲ਼ ਸੰਗਠਿਤ ਅਤੇ ਵਿਕਸਿਤ ਕੀਤਾ। ਉਹਨਾਂ ਦੇ ਕਾਲ ਵਿੱਚ ਸਿੱਖਾਂ ਦੀ ਸੰਖਿਆ ਬਹੁਤ ਵੱਧ ਗਈ ਸੀ। ਉਹਨਾਂ ਨੇ ਸਿੱਧ ਧਰਮ ਦੇ ਵਿਕਾਸ ਲਈ ਹਰਿਮੰਦਰ ਸਾਹਿਬ, ਸੰਤੋਖਸਰ, ਤਰਨਤਾਰਨ, ਕਰਤਾਰਪੁਰ, ਹਰਗੋਬਿੰਦਪੁਰ ਆਦਿ ਦੀ ਸਥਾਪਨਾ ਕੀਤੀ ਸੀ। ਉਪਰੋਕਤ ਕਾਰਜਾਂ ਨੂੰ ਸਿਰੇ ਚਾੜ੍ਹਨ ਲਈ ਪੈਸੇ ਦੀ ਲੋੜ ਸੀ। ਲੰਗਰ ਪ੍ਰਥਾ ਨੂੰ ਚਲਾਉਣ ਲਈ ਵੀ ਧਨ ਚਾਹੀਦਾ ਸੀ। ਸਿੱਖ ਸੰਗਤਾਂ ਤੋਂ ਚੜ੍ਹਾਵੇ ਦੇ ਰੂਪ ਵਿੱਚ ਕਾਫ਼ੀ ਅਤੇ ਨਿਸ਼ਚਿਤ ਰੂਪ ਵਿੱਚ ਧਨ ਪ੍ਰਾਪਤ ਨਹੀਂ ਹੁੰਦਾ ਸੀ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਦਾ ਪੁਨਰ ਸੰਗਠਨ ਕੀਤਾ। ਇਸ ਸੰਸਥਾ ਲਈ ਜੋ ਨਿਯਮ ਬਣਾਏ ਗਏ, ਉਹ ਇਸ ਪ੍ਰਕਾਰ ਸਨ—

(i) ਹਰ ਸਿੱਖ 'ਦਸਵੰਧ' ਅਰਥਾਤ ਆਪਣੀ ਆਮਦਨ ਦਾ ਦਸਵਾਂ ਭਾਗ ਗੁਰੂ ਦੇ ਨਾਂ ਭੇਟਾ ਕਰੇਗਾ।

(ii) ਦਸਵੰਧ ਇਕੱਠਾ ਕਰਨ ਲਈ ਵਿਸ਼ੇਸ਼ ਪ੍ਰਤਿਨਿਧ ਥਾਪੇ ਗਏ। ਉਹ ਇਕੱਠਾ ਕੀਤਾ ਗਿਆ ਧਨ ਵੈਸਾਖੀ ਦੇ ਦਿਨ ਅੰਮ੍ਰਿਤਸਰ ਵਿੱਚ 'ਗੁਰੂ ਕੀ ਗੋਲਕ' ਵਿੱਚ ਜਮ੍ਹਾਂ ਕਰਵਾਣਗੇ।

(iii) ਜਿਸ ਇਲਾਕੇ ਵਿੱਚ ਧਨ ਇਕੱਠਾ ਕਰਨ ਲਈ ਮਸੰਦ ਆਪ ਨਹੀਂ ਜਾ ਸਕਣਗੇ, ਉੱਥੇ ਉਹ ਆਪਣੇ ਪ੍ਰਤਿਨਿਧ ਭੇਜਣਗੇ, ਜਿਨ੍ਹਾਂ ਨੂੰ 'ਮਸੰਦੀਆਂ' ਜਾਂ ਸੰਗਤੀਆਂ' ਕਿਹਾ ਜਾਂਦਾ ਸੀ।

(iv) ਧਨ ਇਕੱਠਾ ਕਰਨ ਦੇ ਨਾਲ਼-ਨਾਲ਼ ਮਸੰਦ ਸਿੱਖ ਧਰਮ ਦਾ ਪ੍ਰਚਾਰ ਵੀ ਕਰਨਗੇ।

ਮਸੰਦ ਪ੍ਰਥਾ ਸਿੱਖ ਧਰਮ ਦੇ ਵਿਕਾਸ ਲਈ ਅਤਿ ਮਹੱਤਵਪੂਰਨ ਪ੍ਰਥਾ ਸਿੱਧ ਹੋਈ। ਇਸ ਦੇ ਫਲਸਰੂਪ ਗੁਰੂ ਸਾਹਿਬ ਨੂੰ ਨਿਸ਼ਚਿਤ ਰੂਪ ਵਿੱਚ ਧਨ ਪ੍ਰਾਪਤ ਹੋਣ ਲੱਗਾ, ਜਿਸ ਨਾਲ਼ ਗੁਰੂ ਸਾਹਿਬ ਸਿੱਖ ਧਰਮ ਦੇ ਸੰਗਠਨ ਅਤੇ ਵਿਕਾਸ ਸਬੰਧੀ ਆਪਣੀ ਯੋਜਨਾਵਾਂ ਨੂੰ ਅਮਲੀ ਰੂਪ ਦੇ ਸਕੇ। ਮਸੰਦਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿੱਚ ਵੀ ਪ੍ਰਸ਼ੰਸਾ ਯੋਗ ਹਿੱਸਾ ਪਾਇਆ। ਮਸੰਦ ਪ੍ਰਥਾ ਸਿੱਖਾਂ ਨੂੰ ਸੰਗਠਿਤ ਕਰਨ ਵਿੱਚ ਬੜੀ ਸਹਾਇਕ ਸਿੱਧ ਹੋਈ।

**(ਕ) ਆਦਿ ਗ੍ਰੰਥ ਦਾ ਸੰਕਲਨ** (Compilation of Adi Granth):- ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸਿੱਖਾਂ ਦੀ ਸੰਖਿਆ ਬਹੁਤ ਵਧ ਗਈ। ਦੂਰ-ਦੂਰ ਦੇ ਸਿੱਖਾਂ ਨੂੰ ਗੁਰੂ ਜੀ ਕੋਲ਼ ਪੁੱਜਣਾ ਸੰਭਵ ਨਹੀਂ ਸੀ। ਇਸ ਤੋਂ ਬਿਨ੍ਹਾਂ ਕਈ ਲੋਕਾਂ ਨੇ ਸਿੱਖ ਗੁਰੂਆਂ ਦੇ ਨਾਂ ਹੇਠ ਆਪਣੀ ਬਾਣੀ ਰਚਣੀ ਸ਼ੁਰੂ ਕਰ ਦਿੱਤੀ ਸੀ। ਇਸ ਲਈ ਸਿੱਖਾਂ ਨੂੰ ਗੁਰੂਆਂ ਦੀ ਸੰਪੂਰਨ, ਸ਼ੁੱਧ ਅਤੇ ਪ੍ਰਮਾਣਿਕ ਬਾਣੀ ਦਾ ਗਿਆਨ ਕਰਵਾਉਣ ਲਈ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੇ ਸੰਕਲਨ ਦੀ ਲੋੜ ਨੂੰ ਅਨੁਭਵ ਕੀਤਾ। ਗੁਰੂ ਜੀ ਨੇ ਆਪ ਗੋਇੰਦਵਾਲ ਜਾ ਕੇ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਤੋਂ ਪਹਿਲੇ ਗੁਰੂਆਂ ਦੀ ਬਾਣੀ ਪ੍ਰਾਪਤ ਕੀਤੀ। ਉਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਦੇ 976, ਗੁਰੂ ਅੰਗਦ ਦੇਵ ਜੀ ਦੇ 62, ਗੁਰੂ ਅਮਰਦਾਸ ਜੀ ਦੇ 907 ਅਤੇ ਗੁਰੂ ਰਾਮਦਾਸ ਜੀ ਦੇ 679 ਸ਼ਬਦ ਸਨ। ਗੁਰੂ ਅਰਜਨ ਦੇਵ ਜੀ ਨੇ ਕਈ ਸੰਤਾਂ ਅਤੇ ਭਗਤਾਂ ਜਿਵੇਂ ਕਬੀਰ, ਨਾਮਦੇਵ, ਫ਼ਰੀਦ ਆਦਿ ਵੀ ਬਾਣੀ ਵੀ ਇਕੱਠੀ ਕੀਤੀ। ਸਾਰੀ ਸਮਗਰੀ ਇੱਕਠੀ ਕਰਨ ਉਪਰੰਤ ਗੁਰੂ ਅਰਜਨ ਸਾਹਿਬ ਨੇ ਰਾਮਸਰ ਸਰੋਵਰ ਦੇ ਕੰਢੇ, ਇਕਾਂਤ ਅਤੇ ਰਮਣੀਕ ਥਾਂ 'ਤੇ ਆਦਿ ਗ੍ਰੰਥ ਦੇ ਸੰਕਲਨ ਦਾ ਮਹਾਨ ਕਾਰਜ ਆਰੰਭ ਕੀਤਾ। ਗੁਰੂ ਅਰਜਨ ਦੇਵ ਜੀ ਲਿਖਵਾਉਂਦੇ ਗਏ ਅਤੇ ਭਾਈ

ਗੁਰਦਾਸ ਜੀ ਲਿਖਦੇ ਗਏ। ਕਈ ਵਰ੍ਹਿਆਂ ਦੀ ਸਖ਼ਤ ਮਿਹਨਤ ਪਿੱਛੋਂ 1604 ਈ: ਵਿੱਚ ਆਦਿ ਗ੍ਰੰਥ ਦੇ ਸੰਕਲਨ ਦਾ ਕੰਮ ਸੰਪੂਰਨ ਹੋ ਗਿਆ। ਇਸ ਗ੍ਰੰਥ ਵਿੱਚ ਗੁਰੂ ਅਰਜਨ ਸਾਹਿਬ ਨੇ ਆਪਣੇ 2216 ਸ਼ਬਦਾਂ ਨੂੰ ਸ਼ਾਮਲ ਕੀਤਾ।

ਆਦਿ ਗ੍ਰੰਥ ਦਾ ਸੰਕਲਨ ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਲਈ ਸਭ ਤੋਂ ਮਹੱਤਵਪੂਰਨ ਅਤੇ ਮਹਾਨ ਕਾਰਜ ਸੀ। ਇਸ ਨਾਲ਼ ਸਿੱਖਾਂ ਨੂੰ ਆਪਣਾ ਪਵਿੱਤਰ ਧਾਰਮਿਕ ਗ੍ਰੰਥ ਪ੍ਰਾਪਤ ਹੋ ਗਿਆ।

**(ਖ) ਘੋੜਿਆਂ ਦੇ ਵਪਾਰ ਨੂੰ ਉਤਸ਼ਾਹ** (Encouragement to Horse Trade):- ਗੁਰੂ ਅਰਜਨ ਦੇਵ ਜੀ ਚਾਹੁੰਦੇ ਸਨ ਕਿ ਉਹਨਾਂ ਦੇ ਸਿੱਖ ਖ਼ੁਸ਼ਹਾਲੀ ਦਾ ਜੀਵਨ ਬਤੀਤ ਕਰਨ। ਇਸ ਲਈ ਉਹਨਾਂ ਨੇ ਆਪਣੇ ਸਿੱਖਾਂ ਨੂੰ ਵਪਾਰ ਕਰਨ ਲਈ ਪ੍ਰੇਰਿਆ। ਉਹਨਾਂ ਨੇ ਆਪਣੇ ਸਿੱਖਾਂ ਨੂੰ ਵਿਸ਼ੇਸ਼ ਰੂਪ ਵਿੱਚ ਕਿਹਾ ਕਿ ਉਹ ਦਰਿਆ ਸਿੰਧ ਪਾਰ ਕਰਕੇ ਘੋੜਿਆਂ ਦਾ ਵਪਾਰ ਕਰਨ। ਘੋੜਿਆਂ ਦੇ ਵਪਾਰ ਨਾਲ਼ ਸਿੱਖ ਧਨੀ ਵੀ ਹੋ ਗਏ ਅਤੇ ਗੁਰੂ ਜੀ ਦੇ ਖਜ਼ਾਨੇ ਵਿੱਚ ਧਨ ਦਾ ਵਾਧਾ ਹੋਇਆ। ਇਸ ਨਾਲ਼ ਗੁਰੂ ਹਰਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੇਲ਼ੇ ਖ਼ਾਲਸਾ ਦੀ ਕੁਸ਼ਲ ਸੈਨਾ ਤਿਆਰ ਹੋ ਗਈ।

**(ਗ) ਸਮਾਜਿਕ ਸੁਧਾਰ** (Social Reforms):- ਗੁਰੂ ਅਮਰਦਾਸ ਜੀ ਦੀ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਵੀ ਵਿਧਵਾ ਵਿਆਹ ਦੇ ਹੱਕ ਵਿੱਚ ਪ੍ਰਚਾਰ ਕੀਤਾ। ਆਪਣੇ ਪੂਰਵ ਅਧਿਕਾਰੀਆ ਵਾਂਗ ਉਹਨਾਂ ਨੇ ਵੀ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਨੂੰ ਜਾਰੀ ਰੱਖਿਆ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰਨ ਤੋਂ ਰੋਕਿਆਂ। ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਵਿਖੇ ਕੋਹੜੀਆਂ (Lepers) ਲਈ ਇੱਕ ਵੱਖਰੀ ਬਸਤੀ ਦੀ ਸਥਾਪਨਾ ਕੀਤੀ। ਇੱਥੇ ਹੀ ਬੱਸ ਨਹੀਂ, ਕੋਹੜੀਆਂ ਲਈ ਮੁਫ਼ਤ ਭੋਜਨ, ਬਸਤਰ ਅਤੇ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਗਿਆ।

**(ਘ) ਸਿੱਖ ਧਰਮ ਦਾ ਪ੍ਰਚਾਰ** (Preaching of Sikhism):- ਸਿੱਖ ਧਰਮ ਦੇ ਪ੍ਰਚਾਰ ਲਈ ਗੁਰੂ ਅਰਜਨ ਦੇਵ ਜੀ ਨੇ ਮਾਝੇ ਦੇ ਇਲਾਕੇ ਦੀ ਯਾਤਰਾ ਕੀਤੀ। ਸਭ ਤੋਂ ਪਹਿਲਾਂ ਉਹਨਾਂ ਨੇ ਖਡੂਰ ਸਾਹਿਬ, ਗੋਇੰਦਵਾਲ ਅਤੇ ਸਰਹਾਲੀ ਦੀ ਯਾਤਰਾ ਕੀਤੀ। ਆਪਣੇ ਇੱਕ ਸਿੱਖ ਦੇ ਬੁਲਾਵੇ 'ਤੇ ਉਹ ਭੈਣੀ ਸਾਹਿਬ ਵਿਖੇ ਗਏ। ਉਸ ਸਿੱਖ ਦੀ ਪਤਨੀ ਵੱਲੋਂ ਤਿਆਰ ਕੀਤਾ ਸਵਾਦੀ ਭੋਜਨ ਛੱਕ ਕੇ ਗੁਰੂ ਜੀ ਨੇ ਭੈਣੀ ਪਿੰਡ ਦਾ ਨਾਂ ਚੋਲ੍ਹਾ (Cholha) ਰੱਖ ਦਿੱਤਾ। ਇੱਥੋਂ ਗੁਰੂ ਜੀ ਖ਼ਾਨਪੁਰ ਗਏ। ਇਥੋਂ ਉਹ ਖਾਰਾ ਨਾਮੀ ਪਿੰਡ ਵਿੱਚ ਗਏ। ਇਸੇ ਪਿੰਡ ਦੀ ਧਰਤੀ ਉੱਤੇ ਗੁਰੂ ਜੀ ਨੇ ਤਰਨਤਾਰਨ ਨਾਂ ਦਾ ਪਿੰਡ ਵਸਾਇਆ। ਇੱਥੋਂ ਉਹ ਜਲੰਧਰ ਵੱਲ ਗਏ ਅਤੇ ਉਹਨਾਂ ਨੇ ਕਰਤਾਰਪੁਰ ਦੀ ਸਥਾਪਨਾ ਕੀਤੀ। ਗੁਰੂ ਜੀ ਨੇ ਗੋਇੰਦਵਾਲ, ਖੇਮਕਰਨ, ਚੂਨੀਆਂ, ਲਾਹੌਰ, ਡੇਰਾ ਬਾਬਾ ਨਾਨਕ ਆਦਿ ਸਥਾਨਾਂ ਦੀ ਵੀ ਯਾਤਰਾ ਕੀਤੀ। ਹਰ ਇੱਕ ਸਥਾਨ ਤੇ ਗੁਰੂ ਸਾਹਿਬ ਨੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਬਹੁਤ ਸਾਰੇ ਲੋਕਾਂ ਨੂੰ ਸਿੱਖ ਬਣਾਇਆ।

**(ਙ) ਗੁਰੂ ਅਰਜਨ ਦੇਵ ਜੀ ਦੇ ਸਮਰਾਟ ਅਕਬਰ ਨਾਲ਼ ਮਿੱਤਰਤਾ ਪੂਰਣ ਸਬੰਧ** (Guru Arjun Dev's Friendly Relations with Akbar):- ਗੁਰੂ ਅਮਰਦਾਸ ਜੀ ਅਤੇ ਗੁਰੂ ਰਾਮਦਾਸ ਜੀ ਵਾਂਗ ਗੁਰੂ ਅਰਜਨ ਦੇਵ ਜੀ ਦੇ ਅਕਬਰ ਨਾਲ ਸਬੰਧ ਮਿੱਤਰਤਾਪੂਰਨ ਰਹੇ। ਪ੍ਰਿਥੀ ਚੰਦ, ਬ੍ਰਾਹਮਣਾਂ ਅਤੇ ਕੱਟੜ ਪੰਥੀ ਮੁਸਲਮਾਨਾਂ ਨੇ ਵਾਰ-ਵਾਰ ਮੁਗਲ ਸਮਰਾਟ ਅਕਬਰ ਨੂੰ ਗੁਰੂ ਸਾਹਿਬ ਦੇ ਵਿਰੁੱਧ ਭੜਕਾਉਣ ਦੇ ਯਤਨ ਕੀਤੇ ਪਰ ਉਦਾਰ ਸਮਰਾਟ ਨੇ ਉਹਨਾਂ ਦੀ ਇੱਕ ਵੀ ਨਾ ਸੁਣੀ। ਸਗੋਂ ਅਕਬਰ ਨੇ ਗੁਰੂ ਜੀ ਦੀ ਸਿਫਾਰਿਸ਼ 'ਤੇ ਪੰਜਾਬ ਦੇ ਕਿਸਾਨਾਂ ਦਾ ਇੱਕ ਸਾਲ ਦਾ ਭੂਮੀ ਕਰ ਮਾਫ਼ ਕਰ ਦਿੱਤਾ। ਇਸ ਨਾਲ਼ ਗੁਰੂ ਜੀ ਪੰਜਾਬ ਦੇ ਕਿਸਾਨਾਂ ਵਿੱਚ ਹੋਰ ਵੀ ਹਰਮਨ ਪਿਆਰੇ ਹੋ ਗਏ ਤੇ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋਇਆ।

**(ਚ) ਸਿੱਖ ਧਰਮ ਲਈ ਆਤਮ ਬਲੀਦਾਨ** (Self-sacrifice for Sikhism):- ਦੋ ਮੁਗਲ ਬਾਦਸ਼ਾਹ-ਅਕਬਰ ਅਤੇ ਜਹਾਂਗੀਰ ਗੁਰੂ ਅਰਜਨ ਦੇਵ ਜੀ ਦੇ ਸਮਕਾਲੀਨ ਸਨ, ਕਿਉਂ ਜੋ ਗੁਰੂਆਂ ਦੇ

ਉਪਦੇਸ਼ਾਂ ਦਾ ਮੰਤਵ ਜਾਤ ਰਹਿਤ, ਵਹਿਮ ਰਹਿਤ, ਊਚ-ਨੀਚ ਅਤੇ ਧਰਮ ਦੇ ਵਿਤਕਰਿਆਂ ਸਹਿਤ ਸਮਾਜ ਸਥਾਪਿਤ ਕਰਨਾ ਸੀ, ਇਸ ਲਈ ਅਕਬਰ ਗੁਰੂਆਂ ਨੂੰ ਪਸੰਦ ਕਰਦਾ ਸੀ। ਪਰ ਜਹਾਂਗੀਰ ਗੁਰੂ ਅਰਜਨ ਦੇਵ ਜੀ ਦੀ ਵਧਦੀ ਹੋਈ ਪ੍ਰਸਿੱਧਤਾ ਨੂੰ ਪਸੰਦ ਨਹੀਂ ਕਰਦਾ ਸੀ। ਉਸ ਨੂੰ ਇਹ ਵੀ ਗੁੱਸਾ ਸੀ ਕਿ ਜਿੱਥੇ ਗੁਰੂ ਸਾਹਿਬ ਦੇ ਹਿੰਦੂ ਲੋਕ ਅਨੁਆਈ ਬਣ ਰਹੇ ਸਨ ਉਥੇ ਕੁਝ ਮੁਸਲਮਾਨ ਵੀ ਉਹਨਾਂ ਦੇ ਪ੍ਰਭਾਵ ਵਿੱਚ ਆ ਰਹੇ ਸਨ। ਸ਼ਹਿਜਾਦਾ ਖੁਸਰੋ ਨੇ ਆਪਣੇ ਪਿਤਾ ਜਹਾਂਗੀਰ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਜਦੋਂ ਸ਼ਾਹੀ ਸੈਨਾਵਾਂ ਨੇ ਖੁਸਰੋ ਦਾ ਪਿੱਛਾ ਕੀਤਾ ਤਾਂ ਉਹ ਦੌੜ ਕੇ ਪੰਜਾਬ ਆਇਆ ਤੇ ਗੁਰੂ ਸਾਹਿਬ ਨੂੰ ਮਿਲਿਆ। ਇਸ 'ਤੇ ਜਹਾਂਗੀਰ ਨੇ ਜੋ ਪਹਿਲਾਂ ਹੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਕਾਰਵਾਈ ਕਰਨ ਦਾ ਬਹਾਨਾ ਲੱਭ ਰਿਹਾ ਸੀ, ਰਾਜ ਦੇ ਬਾਗੀ ਖੁਸਰੋ ਦੀ ਸਹਾਇਤਾ ਕਰਨ ਦੇ ਅਪਰਾਧ ਵਿੱਚ ਗੁਰੂ ਸਾਹਿਬ ਉੱਤੇ ਦੋ ਲੱਖ ਰੁਪਏ ਜੁਰਮਾਨਾ ਕਰ ਦਿੱਤਾ। ਗੁਰੂ ਜੀ ਨੇ ਇਸ ਜੁਰਮਾਨੇ ਨੂੰ ਅਣਉਚਿਤ ਸਮਝਦਿਆਂ ਹੋਇਆਂ ਦੇਣ ਤੋਂ ਨਾਂਹ ਕਰ ਦਿੱਤੀ। ਇਸ 'ਤੇ ਉਹਨਾਂ ਨੂੰ ਸਰੀਰਿਕ ਤਸੀਹੇ ਦੇ ਕੇ 1606 ਈ: ਵਿੱਚ ਸ਼ਹੀਦ ਕਰ ਦਿੱਤਾ ਗਿਆ।

## ਗੁਰੂ ਹਰਗੋਬਿੰਦ ਜੀ ਦਾ ਯੋਗਦਾਨ (1606-1645 ਈ:)
## (Contribution of Guru Hargobind Ji)

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ 1606 ਈ: ਵਿੱਚ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਗੁਰ-ਗੱਦੀ ਸੰਭਾਲੀ। ਆਪ 1645 ਈ: ਤੱਕ ਉਸ ਗੱਦੀ ਉੱਤੇ ਰਹਿ ਕੇ ਸਿੱਖ ਧਰਮ ਦੇ ਵਿਕਾਸ ਲਈ ਭਰਪੂਰ ਯਤਨ ਕਰਦੇ ਰਹੇ। ਆਪ ਨੇ 'ਮੀਰੀ ਪੀਰੀ' ਦੀ ਨੀਤੀ ਨੂੰ ਅਪਣਾਅ ਕੇ ਦਹਿਲੀ ਹੋਈ ਸਿੱਖ ਕੌਮ ਵਿੱਚ ਮੁੜ ਨਿਡਰਤਾ ਅਤੇ ਆਤਮ ਵਿਸ਼ਵਾਸ ਪੈਦਾ ਕੀਤਾ। ਆਪ ਜੀ ਨੇ ਅਕਾਲ ਤਖ਼ਤ ਦੀ ਉਸਾਰੀ ਕਰਵਾ ਕੇ ਸਿੱਖਾਂ ਨੂੰ ਧਾਰਮਿਕ ਸਿੱਖਿਆ ਦੇ ਨਾਲ-ਨਾਲ ਦੁਨਿਆਵੀ ਸਿੱਖਿਆ ਵੀ ਸ਼੍ਰੇਣੀ ਸ਼ੁਰੂ ਕੀਤੀ। ਆਪ ਜੀ ਨੇ ਥਾਂ-ਥਾਂ ਜਾ ਕੇ ਸਿੱਖ ਧਰਮ ਦੇ ਵਿਕਾਸ ਲਈ ਵੀ ਪ੍ਰਚਾਰ ਕੀਤਾ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ—

## (ੳ) ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ
## (New Policy of Guru Hargobind Ji)

1. **ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ** (Adoption of two Swords-Miri and Piri):- ਗੁਰੂ ਹਰਗੋਬਿੰਦ ਸਾਹਿਬ ਤੋਂ ਪਹਿਲੇ ਸਾਰੇ ਗੁਰੂਆਂ ਨੇ ਸਿੱਖਾਂ ਦੀ ਕੇਵਲ ਅਧਿਆਤਮਿਕ ਰਾਹੁਨਮਾਈ ਕੀਤੀ ਸੀ ਪਰ ਗੁਰੂ ਹਰਗੋਬਿੰਦ ਜੀ ਨੇ ਸਿੱਖਾਂ ਵਿੱਚ, ਮੌਕੇ ਨੂੰ ਸਮਝਦਿਆਂ, ਨਿਡਰਤਾ ਅਤੇ ਆਤਮ-ਵਿਸ਼ਵਾਸ ਦੀ ਭਾਵਨਾ ਜਗਾਉਣ ਲਈ ਮੀਰੀ ਅਤੇ ਪੀਰੀ ਦੋਵਾਂ ਸ਼ਕਤੀਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। 'ਮੀਰੀ' ਦੀ ਤਲਵਾਰ ਤਾਂ ਉਹਨਾਂ ਦੇ ਸੰਸਾਰਕ ਵਿਸ਼ਿਆਂ ਦੇ ਮਾਮਲਿਆਂ ਵਿੱਚ ਅਗਵਾਈ ਕਰਦੀ ਸੀ ਅਤੇ 'ਪੀਰੀ' ਦੀ ਤਲਵਾਰ ਧਾਰਮਿਕ ਰਾਹੁਨਮਾਈ ਦਾ ਚਿੰਨ੍ਹ ਹੈ। ਇਸ ਘਟਨਾ ਨੇ ਸਿੱਖ ਇਤਿਹਾਸ ਉੱਤੇ ਡੂੰਘਾ ਪ੍ਰਭਾਵ ਪਾਇਆ।

2. **ਰਾਜਸੀ ਚਿੰਨ੍ਹਾਂ ਨੂੰ ਅਪਣਾਉਣਾ** (Adoption of Royal Symbols):- ਗੁਰੂ ਹਰਗੋਬਿੰਦ ਜੀ ਨੇ ਸੇਲ੍ਹੀ (ਉੱਨ ਦੀ ਮਾਲਾ) ਛੱਡ ਕੇ ਦੋ ਤਲਵਾਰਾਂ ਪਹਿਨ ਲਈਆਂ। ਉਹਨਾਂ ਨੇ ਆਪਣੇ ਸੀਸ ਉੱਤੇ ਸ਼ਾਹੀ ਢੰਗ ਨਾਲ ਕਲਗੀ ਸਜਾਈ। ਉਹਨਾਂ ਨੇ 52 ਅੰਗ ਰੱਖਿਅਕ ਵੀ ਰੱਖੇ, ਜਿਸ ਨਾਲ ਉਹਨਾਂ ਦੀ ਰਾਜਸੀ ਠਾਠ ਵਿੱਚ ਵਾਧਾ ਹੋਇਆ। ਉਹਨਾਂ ਨੂੰ ਲੋਕ 'ਸੱਚਾ ਪਾਤਸ਼ਾਹ' ਵੀ ਕਹਿਣ ਲੱਗ ਪਏ।

3. **ਗੁਰੂ ਸਾਹਿਬ ਨੂੰ ਘੋੜਿਆਂ ਅਤੇ ਸ਼ਸਤਰਾਂ ਦੀ ਭੇਟਾ** (Offerings of Horses and Arms to the Guru):- ਗੁਰੂ ਹਰਗੋਬਿੰਦ ਜੀ ਨੇ ਆਪਣੇ ਸਿੱਖਾਂ ਅਤੇ ਮਸੰਦਾਂ ਨੂੰ ਸੁਨੇਹੇ ਭੇਜ ਦਿੱਤੇ ਕਿ ਉਹ ਸਿੱਖਾਂ ਤੋਂ ਧਨ ਦੀ ਥਾਂ ਘੋੜਿਆਂ ਅਤੇ ਸ਼ਸਤਰਾਂ ਦੇ ਰੂਪ ਵਿੱਚ ਭੇਟਾਵਾਂ ਪ੍ਰਾਪਤ ਕਰਨ। ਗੁਰੂ ਸਾਹਿਬ ਦੇ ਹੁਕਮ ਦੀ ਇੰਨ-ਬਿੰਨ ਪਾਲਣਾ ਕੀਤੀ ਗਈ। ਸਿੱਟੇ ਵਜੋਂ ਗੁਰੂ ਜੀ ਕੋਲ ਵੱਡੀ ਗਿਣਤੀ ਵਿੱਚ ਘੋੜੇ ਅਤੇ ਸ਼ਸਤਰ

ਇੱਕਠੇ ਹੋਣ ਲੱਗੇ। ਫਲਸਰੂਪ ਸਿੱਖ ਸੈਨਾ ਦਾ ਨਿਰਮਾਣ ਸੌਖਾ ਹੋ ਗਿਆ।

**4. ਸਿੱਖ ਸੈਨਾ ਦਾ ਸੰਗਠਨ** (Organisation of the Sikh Army):- ਗੁਰੂ ਹਰਗੋਬਿੰਦ ਜੀ ਕੋਲ 52 ਅੰਗ ਰੱਖਿਅਕ ਹਨ। ਉੱਥੇ ਮਾਝਾ, ਦੁਆਬਾ, ਅਤੇ ਮਾਲਵਾ ਦੇ ਨੌਜੁਆਨਾਂ ਨੇ ਵੀ ਗੁਰੂ ਜੀ ਦੀ ਸੇਵਾ ਪਰਵਾਨ ਕਰ ਲਈ। ਗੁਰੂ ਜੀ ਨੇ ਉਹਨਾਂ ਨੂੰ ਇੱਕ-ਇੱਕ ਘੋੜਾ ਅਤੇ ਇੱਕ-ਇੱਕ ਸ਼ਸ਼ਤਰ ਦਿੱਤਾ। ਉਹਨਾਂ ਨੇ ਪੰਜ ਸੌ ਸਿੱਖਾਂ ਨੂੰ ਅੱਗੇ ਪੰਜ ਜਥਿਆਂ ਵਿੱਚ ਵੰਡ ਦਿੱਤਾ। ਜਿਨ੍ਹਾਂ ਦੇ ਜਥੇਦਾਰ ਸਨ-ਬਿਧੀ ਚੰਦ, ਪੀਰਾਨਾ, ਜੇਠਾ, ਪੈਰਾ ਅਤੇ ਲੰਗਾਹ। ਉਹਨਾਂ ਨੇ ਬਿਨਾਂ ਕਿਸੇ ਜਾਤੀ ਭੇਦ ਭਾਵ ਦੇ ਆਪਣੀ ਸੈਨਾ ਵਿੱਚ ਪਠਾਣਾਂ ਨੂੰ ਵੀ ਭਰਤੀ ਕੀਤਾ, ਜਿਨ੍ਹਾਂ ਦਾ ਸੈਨਾ ਨਾਇਕ ਪੈਂਦਾ ਖਾਂ ਸੀ।

**5. ਗੁਰੂ ਸਾਹਿਬ ਦੇ ਰੋਜ਼ਾਨਾ ਜੀਵਨ ਵਿੱਚ ਪਰਿਵਰਤਨ** (Change in the Daily Life of the Guru):- ਗੁਰੂ ਹਰਗੋਬਿੰਦ ਜੀ ਪ੍ਰਭਾਤ ਵੇਲੇ ਉਠੱਦੇ। ਉਹ ਇਸ਼ਨਾਨ ਕਰਦੇ ਅਤੇ ਸ਼ਾਹੀ ਢੰਗ ਨਾਲ਼ ਸੱਜ ਕੇ ਲੰਗਰ ਵਿੱਚ ਜਾਂਦੇ, ਜਿੱਥੇ ਉਹਨਾਂ ਦੀ ਦੇਖ-ਰੇਖ ਵਿੱਚ ਸਾਰੇ ਸੈਨਿਕਾਂ ਅਤੇ ਸਿੱਖਾਂ ਨੂੰ ਲੰਗਰ ਛਕਾਇਆ ਜਾਂਦਾ। ਭੋਜਨ ਤੋਂ ਬਾਅਦ ਗੁਰੂ ਜੀ ਥੋੜ੍ਹੇ ਸਮੇਂ ਲਈ ਆਰਾਮ ਕਰਦੇ। ਉਸ ਪਿਛੋਂ ਉਹ ਆਪਣੇ ਸੇਵਕਾਂ, ਸ਼ਿਕਾਰੀ ਕੁੱਤਿਆਂ ਅਤੇ ਬਾਜ਼ ਨਾਲ਼ ਸ਼ਿਕਾਰ ਨੂੰ ਜਾਂਦੇ।

ਉਹਨਾਂ ਨੇ ਸਿੱਖਾਂ ਵਿੱਚ ਨਵਾਂ ਉਤਸ਼ਾਹ ਭਰਨ ਲਈ ਆਪਣੇ ਦਰਬਾਰ ਦੇ ਅਬਦੁਲ ਅਤੇ ਨੱਥਾ ਮੱਲ ਢਾਡੀਆਂ ਨੂੰ ਵੀਰ ਰਸ ਦੀਆਂ ਵਾਰਾਂ ਗਾਉਣ ਲਈ ਲਾਇਆ। ਗੁਰੂ ਸਾਹਿਬ ਨੇ ਇੱਕ ਵਿਸ਼ੇਸ਼ ਸੰਗੀਤ ਮੰਡਲੀ ਵੀ ਸਥਾਪਤ ਕੀਤੀ ਜੋ ਰਾਤ ਨੂੰ ਢੋਲਕ ਦੀ ਧੁਨੀ ਅਤੇ ਮਸ਼ਾਲਾਂ ਦੀ ਰੋਸ਼ਨੀ ਨਾਲ਼ ਹਰਿਮੰਦਰ ਸਾਹਿਬ ਦੀ ਪਰਕਰਮਾ ਕਰਦਿਆਂ ਉੱਚੇ ਸੁਰ ਵਿੱਚ ਜੋਸ਼ੀਲੇ ਸ਼ਬਦ ਗਾਉਂਦੀ।

**6. ਅਕਾਲ ਤਖ਼ਤ ਦੀ ਉਸਾਰੀ** (Construction of Akal Takht):- ਗੁਰੂ ਹਰਗੋਬਿੰਦ ਜੀ ਨੇ ਹਰਿਮੰਦਰ ਸਾਹਿਬ ਦੇ ਸਾਮ੍ਹਣੇ ਪੱਛਮ ਵੱਲ ਅਕਾਲ ਤਖਤ ਦੀ ਉਸਾਰੀ ਕਰਵਾਈ। ਉਸ ਦੇ ਅੰਦਰ 12 ਫੁੱਟ ਉੱਚੇ ਥੜ੍ਹੇ ਦਾ ਨਿਰਮਾਣ ਕਰਵਾਇਆ, ਜੋ ਰਾਜਿਆਂ ਮਹਾਰਾਜਿਆਂ ਦੇ ਤਖ਼ਤ ਵਰਗਾ ਸੀ। ਹਰਿਮੰਦਰ ਸਾਹਿਬ ਵਿੱਚ ਗੁਰੂ ਜੀ ਧਾਰਮਿਕ ਸਿੱਖਿਆ ਦਿੰਦੇ ਸਨ ਅਤੇ ਉਸ ਥੜ੍ਹੇ ਉੱਤੇ ਬੈਠ ਕੇ ਉਹ ਆਪਣੇ ਸਿੱਖਾਂ ਨੂੰ ਰਾਜਨੀਤਿਕ ਸਿੱਖਿਆ ਦਿੰਦੇ ਸਨ। ਉੱਥੇ ਉਹ ਆਪਣੇ ਸੈਨਿਕਾਂ ਨੂੰ ਸ਼ਸ਼ਤਰ ਵੰਡਦੇ ਅਤੇ ਢਾਡੀਆਂ ਤੋਂ ਵੀਰ ਰਸ ਦੀਆਂ ਜੋਸ਼ੀਲੀਆਂ ਵਾਰਾਂ ਅਤੇ ਗੀਤ ਸੁਣਵਾਉਂਦੇ। ਇੱਥੇ ਹੀ ਉਹ ਸਿੱਖਾਂ ਨੂੰ ਇਨਾਮ ਅਤੇ ਸਜਾਵਾਂ ਵੀ ਦਿੰਦੇ। ਅਕਾਲ-ਤਖ਼ਤ ਦੇ ਨੇੜੇ ਹੀ ਉਹ ਅਖਾੜੇ ਵਿੱਚ ਸਿੱਖਾਂ ਨੂੰ ਕਸਰਤ ਲਈ ਪ੍ਰੇਰਦੇ। ਇਸ ਲਈ ਅਕਾਲ-ਤਖਤ ਦਾ ਨਿਰਮਾਣ ਮੁਗਲ ਬਾਦਸ਼ਾਹਾਂ ਦੀ ਸ਼ਕਤੀ ਨੂੰ ਇੱਕ ਵੰਗਾਰ ਸੀ।

**7. ਅੰਮ੍ਰਿਤਸਰ ਦੀ ਕਿਲ੍ਹਾਬੰਦੀ** (Fortification of Amritsar):- ਗੁਰੂ ਹਰਗੋਬਿੰਦ ਜੀ ਨੇ ਅੰਮ੍ਰਿਤਸਰ ਦੀ ਰੱਖਿਆ ਲਈ ਉਸ ਦੇ ਚਾਰੇ ਪਾਸੇ ਕੰਧ ਦੀ ਉਸਾਰੀ ਕਰਵਾਈ। ਉਹਨਾਂ ਨੇ ਸ਼ਹਿਰ ਵਿੱਚ 'ਲੋਹਗੜ੍ਹ' ਨਾਮੀ ਕਿਲ੍ਹੇ ਦਾ ਨਿਰਮਾਣ ਵੀ ਕਰਵਾਇਆ। ਉਸ ਕਿਲ੍ਹੇ ਵਿੱਚ ਲੋੜ ਅਨੁਸਾਰ ਸੈਨਿਕ ਸਮੱਗਰੀ ਰੱਖੀ ਗਈ।

ਇਸ ਤਰ੍ਹਾਂ ਗੁਰੂ ਸਾਹਿਬ ਦੇ ਉਪਰੋਕਤ ਕਾਰਜ ਕਰਕੇ ਗੁਰੂ ਅਰਜਨ ਜੀ ਦੀ ਸ਼ਹੀਦੀ ਤੋਂ ਹੋਏ ਨਿਰਾਸ਼ ਸਿੱਖਾਂ ਨੂੰ ਪੁਨਰ ਜੀਵਨ ਪ੍ਰਾਪਤ ਹੋਇਆ।

## (ਅ) ਗੁਰੂ ਹਰਗੋਬਿੰਦ ਜੀ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਸੰਗਠਨ ਲਈ ਕੀਤੇ ਹੋਰ ਕਾਰਜ

## (Other Measures of Guru Hargobind for Preaching and Consolidation of Sikhism)

ਅਕਤੂਬਰ, 1627 ਈ: ਵਿੱਚ ਜਹਾਂਗੀਰ ਦੀ ਮੌਤ ਤੋਂ ਬਾਅਦ ਸ਼ਾਹ ਜਹਾਂ (ਫਰਵਰੀ 1628 ਈ:) ਵਿੱਚ ਮੁਗਲ ਬਾਦਸ਼ਾਹ ਬਣਿਆ। ਸ਼ਾਹ ਜਹਾਂ ਨਾਲ਼ ਗੁਰੂ ਹਰਗੋਬਿੰਦ ਜੀ ਦੇ ਸੰਬੰਧ ਵਿਗੜ ਗਏ ਤੇ ਉਹਨਾਂ

ਨੂੰ ਉਸ ਨਾਲ ਅੰਮ੍ਰਿਤਸਰ, ਲਹਿਰਾ ਤੇ ਕਰਤਾਰਪੁਰ ਦੀਆਂ ਲੜਾਈਆਂ ਲੜਨੀਆਂ ਪਈਆਂ। ਗੁਰੂ ਹਰਗੋਬਿੰਦ ਸਾਹਿਬ ਨੇ ਲੜਾਈਆਂ ਤੋਂ ਬਿਨਾਂ ਸਿੱਖ ਧਰਮ ਦੇ ਪ੍ਰਚਾਰ ਅਤੇ ਸੰਗਠਨ ਲਈ ਹੋਰ ਕਈ ਮਹਾਨ ਕਾਰਜ ਵੀ ਕੀਤੇ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ—

(1) **ਗੁਰੂ ਹਰਗੋਬਿੰਦ ਜੀ ਦਾ ਕੀਰਤਪੁਰ ਵਿੱਚ ਨਿਵਾਸ** (Guru Hargobind Settlement at Kiratpur):- ਕਲਹੂਰ ਦੇ ਰਾਜਾ ਕਲਿਆਨਚੰਦ, ਜੋ ਗੁਰੂ ਹਰਗੋਬਿੰਦ ਸਾਹਿਬ ਦਾ ਭਗਤ ਸੀ, ਨੇ ਉਹਨਾਂ ਨੂੰ ਕੁਝ ਜ਼ਮੀਨ ਭੇਟ ਕੀਤੀ। ਉਸੇ ਧਰਤੀ ਤੇ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਸ਼ਹਿਰ ਦੀ ਉਸਾਰੀ ਕਰਵਾਈ। 1635 ਈ: ਵਿੱਚ ਗੁਰੂ ਜੀ ਨੇ ਇਸ ਸ਼ਹਿਰ ਵਿੱਚ ਨਿਵਾਸ ਕਰ ਲਿਆ। ਉਹਨਾਂ ਨੇ ਆਪਣੇ ਜੀਵਨ ਦੇ ਅੰਤਿਮ ਦਸ ਸਾਲ ਧਰਮ ਦਾ ਪ੍ਰਚਾਰ ਕਰਦਿਆਂ ਇੱਥੇ ਹੀ ਬਤੀਤ ਕੀਤੇ।

(2) **ਗੁਰੂ ਹਰਗੋਬਿੰਦ ਜੀ ਦੀਆਂ ਧਾਰਮਿਕ ਯਾਤਰਾਵਾਂ** (Religious travels of Guru Hargobind):- ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋਣ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਦੇ ਮੁਗਲ ਸਮਰਾਟ ਜਹਾਂਗੀਰ ਨਾਲ ਸੰਬੰਧ ਮਿੱਤਰਤਾਪੂਰਨ ਹੋ ਗਏ ਸਨ। ਇਸ ਸਮੇਂ ਗੁਰੂ ਜੀ ਨੇ ਧਰਮ ਪ੍ਰਚਾਰ ਲਈ ਯਾਤਰਾਵਾਂ ਕੀਤੀਆਂ। ਸਭ ਤੋਂ ਪਹਿਲਾਂ ਉਹ ਅੰਮ੍ਰਿਤਸਰ ਤੋਂ ਚੱਲ ਕੇ ਲਾਹੌਰ ਗਏ। ਉੱਥੇ ਆਪ ਦੀ ਨੇ ਗੁਰੂ ਅਰਜਨ ਦੇਵ ਜੀ ਦੀ ਯਾਦ ਵਿੱਚ ਗੁਰਦਵਾਰਾ ਡੇਰਾ ਸਾਹਿਬ ਬਣਵਾਇਆ। ਲਾਹੌਰ ਤੋਂ ਗੁਰੂ ਜੀ ਗੁੱਜਰਾਂਵਾਲਾ, ਭਿੰਬਰ (ਗੁਜਰਾਤ) ਤੋਂ ਹੁੰਦੇ ਹੋਏ ਕਸ਼ਮੀਰ ਪੁੱਜੇ। ਇਥੇ ਆਪ ਨੇ ਸੰਗਤ ਦੀ ਸਥਾਪਨਾ ਵੀ ਕੀਤੀ ਅਤੇ ਭਾਈ ਸੇਵਾ ਦਾਸ ਨੂੰ ਉਸ ਸੰਗਤ ਦਾ ਮੁਖੀ ਨਿਯਤ ਕੀਤਾ।

ਗੁਰੂ ਹਰਗੋਬਿੰਦ ਜੀ ਨਨਕਾਣਾ ਸਾਹਿਬ ਵੀ ਗਏ। ਉੱਥੋਂ ਪਰਤ ਕੇ, ਕੁਝ ਸਮਾਂ ਅੰਮ੍ਰਿਤਸਰ ਬਿਤਾ ਕੇ ਆਪ ਉੱਤਰ ਪ੍ਰਦੇਸ਼ ਵਿੱਚ ਨਾਨਕਮਤੇ (ਗੋਰਖਮਤਾ) ਗਏ। ਗੁਰੂ ਜੀ ਨੇ ਕੁੱਝ ਸਮਾਂ ਉਥੇ ਠਹਿਰ ਕੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਅਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਥਾਪਤ ਹੋਈ ਸੰਗਤ ਨੂੰ ਮੁੜ ਸੁਰਜੀਤ ਕੀਤਾ। ਉਥੋਂ ਮੁੜਦੀ ਵਾਰੀ ਗੁਰੂ ਜੀ ਪੰਜਾਬ ਦੇ ਮਾਲਵਾ ਖੇਤਰ ਵਿੱਚ ਵੀ ਗਏ। ਤਖਤਪੁਰਾ, ਡਰੌਲੀ ਭਾਈ (ਫ਼ਿਰੋਜ਼ਪੁਰ) ਵਿਖੇ ਕੁਝ ਸਮਾਂ ਠਹਿਰ ਕੇ ਗੁਰੂ ਜੀ ਮੁੜ ਅੰਮ੍ਰਿਤਸਰ ਚਲੇ ਗਏ।

(3) **ਵੱਖ-ਵੱਖ ਥਾਂਵਾਂ 'ਤੇ ਧਰਮ ਪ੍ਰਚਾਰਕ ਭੇਜਣੇ** (Guru sent Sikh Missionaries to various Places):- ਗੁਰੂ ਹਰਗੋਬਿੰਦ ਜੀ 1635 ਈ: ਤੱਕ ਯੁੱਧਾਂ ਵਿੱਚ ਰੁੱਝੇ ਰਹੇ। ਇਸ ਲਈ ਉਹਨਾਂ ਨੇ ਆਪਣੇ ਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਸਿੱਖ ਧਰਮ ਦੇ ਪ੍ਰਚਾਰ ਦੀ ਦੇਖ ਭਾਲ ਲਈ ਨਿਯੁਕਤ ਕਰ ਦਿੱਤਾ ਸੀ। ਬਾਬਾ ਗੁਰਦਿੱਤਾ ਜੀ ਨੇ ਅੱਗੇ ਸਿੱਖ ਧਰਮ ਦੇ ਪ੍ਰਚਾਰ ਲਈ ਚਾਰ ਮੁੱਖ ਪ੍ਰਚਾਰਕ – ਅਲਸਮਤ, ਫੂਲ, ਗੌਂਡਾ ਅਤੇ ਬਲੂ ਹਸਨਾ– ਨਿਯੁਕਤ ਕੀਤੇ। ਫਲਸਰੂਪ ਅਲਮਸਤ ਨੇ ਨਾਨਕਮਤਾ ਅਤੇ ਢਾਕਾ ਵਿੱਚ, ਗੌਂਡਾ ਅਤੇ ਫੂਲ ਨੇ ਦੁਆਬਾ ਅਤੇ ਮਾਲਵਾ ਦੇ ਇਲਾਕੇ ਵਿੱਚ ਬਲੂ ਹਸਨਾ ਨੇ ਕਸ਼ਮੀਰ, ਹਜਾਰਾ ਅਤੇ ਪੋਠਹਾਰ ਵਿਖੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਇਹਨਾਂ ਪ੍ਰਚਾਰਕਾਂ ਤੋਂ ਇਲਾਵਾ ਗੁਰੂ ਹਰਗੋਬਿੰਦ ਜੀ ਨੇ ਭਾਈ ਬਿਧੀ ਚੰਦ ਨੂੰ ਬੰਗਾਲ ਵਿੱਚ ਅਤੇ ਭਾਈ ਗੁਰਦਾਸ ਨੂੰ ਕਾਬਲ ਅਤੇ ਉਸ ਤੋਂ ਪਿਛੋਂ ਬਨਾਰਸ ਵਿੱਚ ਧਰਮ-ਪ੍ਰਚਾਰ ਲਈ ਭੇਜਿਆ।

(4) **ਹਰਿਰਾਇ ਨੂੰ ਉੱਤਰਾਧਿਕਾਰੀ ਬਣਾਉਣਾ** (Guru Har Rai appointed as Successor):- ਜਦੋਂ ਹਰਗੋਬਿੰਦ ਜੀ ਨੇ ਦੇਖਿਆ ਕਿ ਉਹਨਾਂ ਦਾ ਅੰਤ ਸਮਾਂ ਨੇੜੇ ਆ ਰਿਹਾ ਹੈ ਤਾਂ ਉਹਨਾਂ ਨੇ ਆਪਣੇ ਪੋਤਰੇ ਹਰਿਰਾਇ (ਬਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ) ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ।

## ਗੁਰੂ ਹਰਿਰਾਇ ਜੀ ਦਾ ਯੋਗਦਾਨ (1645-1661ਈ:)
## (Contribution of Guru Har Rai)

ਗੁਰੂ ਹਰਗੋਬਿੰਦ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਉਪਰੰਤ ਸੱਤਵੇਂ ਗੁਰੂ ਹਰਿਰਾਇ ਜੀ ਨੇ ਗੁਰ ਗੱਦੀ ਸੰਭਾਲੀ। ਉਹ ਸੁਭਾਅ ਤੋਂ ਹੀ ਸ਼ਾਂਤੀ ਪਸੰਦ ਅਤੇ ਨਰਮ ਦਿਲ ਵਿਅਕਤੀ ਸਨ। ਉਹਨਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਰਸਾਰ ਲਈ ਹੇਠ ਲਿਖੇ ਅਨੁਸਾਰ ਕੰਮ ਕੀਤੇ:

1. **ਸਿੱਖ ਧਰਮ ਦਾ ਪ੍ਰਚਾਰ** (Preaching of Sikh Religion):- ਗੁਰੂ ਹਰਿਰਾਇ ਜੀ ਨੇ ਆਪਣੀ ਗੁਰਿਆਈ ਦਾ ਵਧੇਰੇ ਸਮਾਂ ਕੀਰਤਪੁਰ ਵਿੱਚ ਹੀ ਬਤੀਤ ਕੀਤਾ। ਉਹਨਾਂ ਦੇ ਸਮੇਂ ਵਿੱਚ ਬਹੁਤ ਸਾਰੇ ਲੋਕਾਂ ਨੇ ਸਿੱਖ ਧਰਮ ਵਿੱਚ ਪ੍ਰਵੇਸ਼ ਕੀਤਾ। ਉਹਨਾਂ ਵਿਚੋਂ ਭਗਤ ਗਿਰ, ਭਾਈ ਸੰਗਤੀਆ ਅਤੇ ਭਾਈ ਗੋਦਾਂ ਦੇ ਨਾਂ ਪ੍ਰਸਿੱਧ ਹਨ। ਗੁਰੂ ਜੀ ਨੇ ਸੰਗਤੀਆ ਦਾ ਨਾਂ ਭਾਈ ਫੇਰੂ ਰੱਖ ਦਿੱਤਾ। ਉਸ ਨੂੰ ਕੇਂਦਰੀ ਪੰਜਾਬ ਦੇ ਲਾਹੌਰ, ਕਸੂਰ, ਚੂਨੀਆਂ ਆਦਿ ਇਲਾਕਿਆਂ ਦਾ ਪ੍ਰਚਾਰਕ ਥਾਪਿਆ। ਇਸੇ ਤਰ੍ਹਾਂ ਲਈ ਪੰਜਾਬ, ਭਾਈ ਭਗਤ, ਭਾਈ ਭੰਦੂੜ ਨੂੰ ਮਾਲਵੇ ਵਿੱਚ ਪ੍ਰਚਾਰ ਕਰਨ ਅਤੇ ਸੰਗਤਾਂ ਸਥਾਪਿਤ ਕਰਨ ਲਈ ਨਿਯੁਕਤ ਕੀਤਾ।

ਗੁਰੂ ਹਰਿਰਾਇ ਜੀ ਆਪ ਵੀ ਧਾਰਮਿਕ ਯਾਤਰਾਵਾਂ 'ਤੇ ਗਏ। ਉਹ ਪਹਿਲਾਂ ਕਰਤਾਰਪੁਰ ਜਾ ਠਹਿਰੇ। ਉੱਥੇ ਉਹ ਮੁਕੰਦਪੁਰ (ਜਲੰਧਰ) ਗਏ। ਮੁਕੰਦਪੁਰ ਤੋਂ ਉਹ ਦੁਸਾਂਝ ਗਏ। ਇੱਥੇ ਕੁਝ ਸਮਾਂ ਠਹਿਰ ਕੇ ਉਹ ਮਾਲਵਾ ਵਿੱਚ ਪੁੱਜੇ।

2. **ਗੁਰੂ ਹਰਿਰਾਇ ਜੀ ਦਾ ਫੂਲ ਨੂੰ ਵਰਦਾਨ** (Guru Har Rai blesses Phul):- ਆਪਣੇ ਪ੍ਰਚਾਰ ਦੌਰਿਆਂ ਸਮੇਂ ਮਾਲਵਾ ਦੇ ਇੱਕ ਪਿੰਡ ਨਥਾਣਾ (ਬਠਿੰਡਾ) ਵਿਖੇ ਕਾਲਾ ਅਤੇ ਕਰਮ ਚੰਦ (ਦੋ ਭਰਾ) ਵੀ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਕਰਦੇ ਸਨ। ਇੱਕ ਦਿਨ ਕਾਲਾ ਆਪਣੇ ਦੋ ਭਤੀਜਿਆਂ ਸੰਦਲੀ ਅਤੇ ਫੂਲ ਨੂੰ ਵੀ ਨਾਲ ਲੈ ਆਇਆ। ਫੂਲ ਗੁਰੂ ਸਾਹਿਬ ਦੇ ਸਾਹਮਣੇ ਖਲੋ ਕੇ ਆਪਣੇ ਢਿੱਡ ਉੱਤੇ ਹੱਥ ਫੇਰਨ ਲੱਗਾ। ਜਦੋਂ ਗੁਰੂ ਜੀ ਨੇ ਕਾਲੇ ਤੋਂ ਉਸ ਗੱਲ ਦਾ ਅਰਥ ਜਾਨਣਾ ਚਾਹਿਆ ਤਾਂ ਉਸ ਨੇ ਦੱਸਿਆ ਕਿ ਫੂਲ ਗੂੰਗਾ ਹੈ ਅਤੇ ਉਹ ਢਿੱਡ ਉੱਤੇ ਹੱਥ ਫੇਰ ਕੇ ਦੱਸਣਾ ਚਾਹੁੰਦਾ ਹੈ ਕਿ ਉਹ ਭੁੱਖਾ ਹੈ। ਇਸ ਤੇ ਗੁਰੂ ਜੀ ਨੇ ਫੂਲ ਨੂੰ ਵਰਦਾਨ ਦਿੱਤਾ ਕਿ ਉਹ ਬਹੁਤ ਮਹਾਨ, ਪ੍ਰਸਿੱਧ ਅਤੇ ਧਨਵਾਨ ਵਿਅਕਤੀ ਬਣੇਗਾ। ਜਿੰਨੀ ਉਹ ਗੁਰੂ ਦੀ ਸੇਵਾ ਕਰਨਗੇ ਉਨਾ ਹੀ ਉਹਨਾਂ ਦਾ ਮਾਣ ਵਧੇਗਾ। ਗੁਰੂ ਜੀ ਦਾ ਵਰ ਠੀਕ ਨਿਕਲਿਆ। ਪਟਿਆਲਾ, ਨਾਭਾ ਅਤੇ ਜੀਂਦ ਦੀਆਂ ਰਿਆਸਤਾਂ ਦੇ ਰਾਜੇ ਫੂਲ ਦੀ ਸੰਤਾਨ ਵਿੱਚੋਂ ਹੀ ਸਨ।

3. **ਦਾਰਾ ਸ਼ਿਕੋਹ ਦੀ ਸਹਾਇਤਾ** (Help to Dara Shikoh):- 1658 ਈ: ਵਿੱਚ ਮੁਗਲ ਸਮਰਾਟ ਸ਼ਾਹ ਜਹਾਂ ਦੇ ਪੁੱਤਰਾਂ ਵਿਚਕਾਰ ਰਾਜ ਗੱਦੀ ਵਾਸਤੇ ਯੁੱਧ ਛਿੜ ਗਿਆ। ਇਸ ਯੁੱਧ ਵਿੱਚ ਔਰੰਗਜੇਬ ਜੇਤੂ ਹੋਇਆ। ਸਾਮੂਗੜ੍ਹ ਦੇ ਯੁੱਧ (1658ਈ:) ਵਿੱਚ ਹਾਰ ਖਾਣ ਪਿੱਛੋਂ ਦਾਰਾ ਸ਼ਿਕੋਹ ਪੰਜਾਬ ਵੱਲ ਦੌੜ ਗਿਆ। ਉਸ ਦੇ ਗੁਰੂ ਹਰਿਰਾਇ ਨਾਲ ਮਿੱਤਰਤਾਪੂਰਨ ਸੰਬੰਧ ਸਨ ਕਿਉਂਕਿ ਉਹ ਆਪ ਉਦਾਰ ਅਤੇ ਧਾਰਮਿਕ ਵਿਚਾਰਾਂ ਨਾਲ ਮੁਸਲਮਾਨ ਸੀ। ਇਸੇ ਲਈ ਉਹ ਪਹਿਲਾਂ ਵੀ ਕਈ ਵਾਰ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਸੀ। ਹਾਰ ਜਾਣ ਮਗਰੋਂ ਵੀ ਉਹ ਗੁਰੂ ਹਰਿਰਾਇ ਜੀ ਨੂੰ ਸਹਾਇਤਾ ਲਈ ਮਿਲਿਆ। ਗੁਰੂ ਜੀ ਨੇ ਉਸ ਨੂੰ ਸ਼ੁਭ ਇੱਛਾਵਾਂ ਦਿੱਤੀਆਂ।

4. **ਔਰੰਗਜ਼ੇਬ ਦਾ ਗੁਰੂ ਹਰਿਰਾਇ ਜੀ ਨੂੰ ਦਿੱਲੀ ਬੁਲਾਉਣਾ** (Guru Har Rai Ji called to Delhi by Aurangzeb):- ਰਾਜ ਗੱਦੀ ਸੰਭਾਲਣ ਮਗਰੋਂ ਦਿੱਲੀ ਦੇ ਬਾਦਸ਼ਾਹ ਔਰੰਗਜੇਬ ਨੇ ਗੁਰੂ ਹਰਿਰਾਇ ਜੀ ਨੂੰ ਦਿੱਲੀ ਬੁਲਾਇਆ। ਇੱਕ ਤਾਂ ਉਹ ਗੁਰੂ ਜੀ ਨੂੰ ਉਹਨਾਂ ਵੱਲੋਂ ਦਾਰਾ ਸ਼ਿਕੋਹ ਨੂੰ ਦਿੱਤੀ ਸਹਾਇਤਾ ਬਾਰੇ ਪੁੱਛਣਾ ਚਾਹੀਦਾ ਸੀ। ਦੂਸਰਾ, ਉਹ ਗੁਰੂ ਜੀ ਤੋਂ ਇਹ ਵੀ ਪੁੱਛਣਾ ਚਾਹੁੰਦਾ ਸੀ ਕਿ ਕਿਧਰੇ ਸਿੱਖ ਧਰਮ ਮੁਸਲਿਮ ਧਰਮ ਦੇ ਖਿਲਾਫ਼ ਤਾਂ ਨਹੀਂ ਹੈ। ਗੁਰੂ ਜੀ ਨੇ ਦਿੱਲੀ ਵਿਖੇ ਆਪ ਜਾਣ ਦੀ ਥਾਂ ਆਪਣੇ

ਸਿੱਖ ਧਰਮ ਮੁਸਲਿਮ ਧਰਮ ਦੇ ਖਿਲਾਫ਼ ਤਾਂ ਨਹੀਂ ਹੈ। ਗੁਰੂ ਜੀ ਨੇ ਦਿੱਲੀ ਵਿਖੇ ਆਪ ਜਾਣ ਦੀ ਥਾਂ ਆਪਣੇ 14-15 ਸਾਲਾਂ ਦੇ ਵੱਡੇ ਪੁੱਤਰ ਰਾਮ ਰਾਇ ਨੂੰ ਭੇਜ ਦਿੱਤਾ। ਔਰੰਗਜ਼ੇਬ ਨੇ ਉਸ ਤੋਂ 'ਆਸਾ ਦੀ ਵਾਰ' ਵਿੱਚ ਦਿੱਤੇ ਗਏ ਸ਼ਲੋਕ—

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਬਾਰੇ 'ਮੁਸਲਮਾਨ' ਸ਼ਬਦ ਦਾ ਸਪਸ਼ਟੀਕਰਨ ਮੰਗਿਆ। ਰਾਮ ਰਾਇ ਨੇ ਬੜੀ ਚਤੁਰਾਈ ਨਾਲ਼ ਜਵਾਬ ਦਿੱਤਾ ਕਿ ਇਸ ਸਲੋਕ ਵਿੱਚ 'ਮੁਸਲਮਾਨ' ਸ਼ਬਦ ਗਲਤੀ ਨਾਲ਼ ਲਿਖਿਆ ਗਿਆ ਹੈ, ਇਸ ਦੀ ਥਾਂ ਤੇ ਅਸਲੀ ਸ਼ਬਦ 'ਬੇਈਮਾਨ' ਹੈ ਇਸ ਉੱਤਰ ਨਾਲ ਮੁਗਲ ਸਮਰਾਟ ਔਰੰਗਜ਼ੇਬ ਦੀ ਤਾਂ ਤਸੱਲੀ ਹੋ ਗਈ ਪਰ ਗੁਰ ਹਰਿਰਾਇ ਜੀ ਬਹੁਤ ਦੁੱਖੀ ਹੋਏ।

5. **ਉੱਤਰਾਧਿਕਾਰੀ ਦੀ ਨਿਯੁਕਤੀ** (Appointment of Successor):- ਕਿਉਂਕਿ ਰਾਮ ਰਾਇ ਨੇ ਔਰੰਗਜ਼ੇਬ ਅੱਗੇ ਗੁਰੂ ਨਾਨਕ ਦੇਵ ਜੀ ਦੀ ਬਾਣੀ, ਬਦਲ ਕੇ ਕਾਇਰਤਾ ਦਿਖਾਈ ਸੀ, ਇਸ ਲਈ ਗੁਰੂ ਹਰਿਰਾਇ ਜੀ ਉਸ ਨਾਲ਼ ਨਰਾਜ਼ ਹੋ ਗਏ। ਰਾਮ ਰਾਇ ਨੇ ਭਾਵੇਂ ਕੀਰਤਪੁਰ ਪਰਤ ਕੇ ਗੁਰੂ ਜੀ ਤੋਂ ਖਿਮਾ ਮੰਗੀ ਪਰ ਗੁਰੂ ਹਰਿਰਾਇ ਜੀ ਖੁਸ਼ ਨਾ ਹੋਏ। ਗੁਰੂ ਜੀ ਇਸ ਘਟਨਾ ਤੋਂ ਬਾਅਦ ਆਪਣੇ ਛੋਟੇ ਅਤੇ ਪੰਜਾਂ ਕੁ ਸਾਲਾਂ ਦੇ ਪੁੱਤਰ ਹਰਿਕ੍ਰਿਸ਼ਨ ਨੂੰ ਆਪਣਾ ਉੱਤਰਾਧਿਕਾਰੀ ਥਾਪ ਦਿੱਤਾ।

## ਗੁਰੂ ਹਰਿਕ੍ਰਿਸ਼ਨ ਜੀ ਦਾ ਯੋਗਦਾਨ (1661-1664 ਈ: )
## (Contribution of Guru Harkrishan Ji)

ਅਕਤੂਬਰ, 1661ਈ: ਵਿੱਚ ਅੱਠਵੇਂ ਗੁਰੂ ਹਰਕ੍ਰਿਸ਼ਨ ਜੀ ਗੁਰ ਗੱਦੀ ਉੱਤੇ ਬੈਠੇ। ਉਸ ਵੇਲੇ ਉਹਨਾਂ ਦੀ ਉਮਰ ਕੇਵਲ 5 ਸਾਲ ਅਤੇ 3 ਮਹੀਨੇ ਸੀ। ਬਾਲ ਅਵਸਥਾ ਵਿੱਚ ਗੁਰੂ ਬਣਨ ਕਰਕੇ ਉਹਨਾਂ ਨੂੰ 'ਬਾਲ ਗੁਰੂ' ਵੀ ਕਿਹਾ ਜਾਂਦਾ ਹੈ। ਉਹ 30 ਮਾਰਚ 1664 ਈ: ਤੱਕ ਗੁਰੂ ਰਹੇ। ਇਸ ਥੋੜ੍ਹੇ ਜਿਹੇ ਸਮੇਂ ਵਿੱਚ ਸਿੱਖ ਧਰਮ ਨੂੰ ਪ੍ਰਚਾਰਨ ਅਤੇ ਪਸਾਰ ਕਰਨ ਲਈ ਉਹਨਾਂ ਨੇ ਮਹਾਨ ਕਾਰਜ ਕੀਤੇ।

1. **ਰਾਮ ਰਾਇ ਦਾ ਵਿਰੋਧ** (Opposition of Ram Rai):- ਰਾਮ ਰਾਇ ਆਪਣੇ ਛੋਟੇ ਭਰਾ ਹਰਿਕ੍ਰਿਸ਼ਨ ਦਾ ਗੁਰ-ਗੱਦੀ ਉੱਤੇ ਬੈਠਣਾ ਸਹਿਨ ਨਾ ਕਰ ਸਕਿਆ। ਉਸ ਨੇ ਬਹੁਤ ਸਾਰੇ ਭਰਿਸ਼ਟਚਾਰੀ ਮਸੰਦਾਂ ਨਾਲ ਗੰਢ ਤੁਪ ਕਰ ਲਈ ਅਤੇ ਆਪਣੇ ਆਪ ਨੂੰ ਗੁਰੂ ਹੋਣ ਦਾ ਐਲਾਨ ਵੀ ਕਰ ਦਿੱਤਾ। ਪਰ ਸਿੱਖਾਂ ਨੇ ਰਾਮ ਰਾਇ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਗੁਰੂ ਹਰਿਕ੍ਰਿਸ਼ਨ ਜੀ ਗੁਰੂ ਆਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਅਤੇ ਪਸਾਰ ਕਰ ਰਹੇ ਸਨ। ਇਸ 'ਤੇ ਨਰਾਸ਼ ਹੋ ਕੇ ਰਾਮ ਰਾਇ ਦਿੱਲੀ ਚਲਾ ਗਿਆ। ਉਸ ਨੇ ਔਰੰਗਜ਼ੇਬ ਅੱਗੇ ਆਪਣੇ ਭਰਾ (ਗੁਰੂ ਹਰਿਕ੍ਰਿਸ਼ਨ ਜੀ) ਦੀ ਸ਼ਿਕਾਇਤ ਕੀਤੀ ਅਤੇ ਗੁਰ-ਗੱਦੀ ਉੱਤੇ ਆਪਣਾ ਹੱਕ ਵੀ ਜਤਾਇਆ। ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਜੀ ਦਾ ਝਗੜਾ ਮਿਟਾਉਣ ਦਾ ਨਿਸ਼ਚਾ ਕੀਤਾ।

2. **ਔਰੰਗਜ਼ੇਬ ਦਾ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਉਣਾ** (The Guru Called to Dellhi by Aurangzeb)- ਔਰੰਗਜ਼ੇਬ ਕੂਟਨੀਤੀ ਦੀ ਕਲਾ ਵਿੱਚ ਬੜਾ ਨਿਪੁੰਨ ਸੀ, ਉਹ ਦੋਵੇਂ ਭਰਾਵਾਂ (ਰਾਮ-ਰਾਇ ਅਤੇ ਹਰਿਕ੍ਰਿਸ਼ਨ ਜੀ) ਦੀ ਅਣਬਣ ਦਾ ਪੂਰਾ-ਪੂਰਾ ਲਾਭ ਉਠਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਪੁੱਜਣ ਲਈ ਸੰਦੇਸ਼ ਭੇਜਿਆ। ਬਾਲ ਗੁਰੂ 1664ਈ: ਵਿੱਚ ਕੀਰਤਪੁਰ ਤੋਂ ਆਪਣੀ ਮਾਤਾ ਅਤੇ ਕੁਝ ਸਿੱਖਾਂ ਨਾਲ ਦਿੱਲੀ ਵੱਲ ਚਲ ਪਏ। ਉਹ ਰਾਹ ਵਿੱਚ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕਰਦੇ ਗਏ। ਇਸ ਲਈ ਉਹਨਾਂ ਨਾਲ ਹਜ਼ਾਰਾਂ ਦੀ ਗਿਣਤੀ ਵਿੱਚ ਹੋਰ ਵੀ ਸੰਗਤਾਂ ਰਲ਼ ਗਈਆਂ ਸਨ।

ਧਰਮ ਦਾ ਪ੍ਰਚਾਰ ਕਰਦੇ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪੁੱਜ ਗਏ। ਉਹ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਠਹਿਰੇ। ਰਾਜ ਜੈ ਸਿੰਘ ਨੇ ਗੁਰੂ ਜੀ ਦੀ ਸੂਝ ਬੂਝ ਜਾਣਨ ਲਈ ਆਪਣੀ ਪਟਰਾਣੀ ਨੂੰ ਬਹੁਤ ਸਾਰੀਆਂ ਦਾਸੀਆਂ ਵਿਚਕਾਰ, ਜਿਨ੍ਹਾਂ ਸਾਰੀਆ ਨੇ ਇਕੋ ਜਿਹੇ ਕੱਪੜੇ ਪਹਿਨੇ ਹੋਏ ਸਨ, ਬਿਠਾ ਦਿੱਤਾ। ਫਿਰ ਗੁਰੂ ਜੀ ਨੂੰ ਕਿਹਾ ਗਿਆ ਕਿ ਉਹ ਪਟਰਾਣੀ ਦੀ ਗੋਦ ਵਿੱਚ ਜਾ ਬੈਠਣ। ਬਾਲ ਗੁਰੂ ਨੇ ਸਭਨਾਂ ਇਸਤਰੀਆਂ ਦੇ ਚਿਹਰਿਆਂ ਨੂੰ ਧਿਆਨ ਨਾਲ ਦੇਖਿਆ। ਅੰਤ ਨੂੰ ਉਹ ਪਟਰਾਣੀ ਨੂੰ ਪਛਾਣ ਕੇ ਉਸ ਦੀ ਗੋਦੀ ਵਿੱਚ ਜਾ ਬੈਠੇ। ਜੈ ਸਿੰਘ ਨੇ ਗੁਰੂ ਜੀ ਦੀ ਸੂਝ ਤੋਂ ਅਤਿਅੰਤ ਪ੍ਰਭਾਵਿਤ ਹੋਇਆ। ਇਸ ਸਥਾਨ 'ਤੇ ਅੱਜ ਕੱਲ ਗੁਰਦੁਆਰਾ ਬੰਗਲਾ ਸਾਹਿਬ ਬਣਿਆ ਹੋਇਆ ਹੈ।

4. **ਗੁਰੂ ਹਰਿਕ੍ਰਿਸ਼ਨ ਜੀ ਅਤੇ ਬਿਮਾਰ ਲੋਕ—** ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਪਹੁੰਚੇ ਉਦੋਂ ਉੱਥੇ ਹੈਜ਼ਾ ਅਤੇ ਚੇਚਕ ਬਿਮਾਰੀਆਂ ਫੈਲੀਆਂ ਹੋਈਆਂ ਸਨ। ਗੁਰੂ ਜੀ ਅਤੇ ਸੰਗਤਾਂ ਨੇ ਬਿਮਾਰਾਂ ਅਤੇ ਲੋੜਵੰਦਾਂ ਦੀ ਭਰਪੂਰ ਸਹਾਇਤਾ ਕੀਤੀ।

**ਜੋਤੀ ਜੋਤ ਸਮਾਉਣਾ** (Death):- ਦਿੱਲੀ ਨਿਵਾਸ ਸਮੇਂ ਹੀ ਗੁਰੂ ਜੀ ਨੂੰ ਚੇਚਕ ਨਿਕਲ ਆਈ ਤੇ ਉਹਨਾਂ ਨੂੰ ਤੇਜ਼ ਬੁਖਾਰ ਹੋਣ ਨਾਲ ਉਹ ਸਵਰਗਵਾਸ ਹੋ ਗਏ। ਸਵਰਗਵਾਸ ਹੋਣ ਤੋਂ ਪਹਿਲਾਂ ਉਹਨਾਂ ਨੇ ਪੰਜ ਪੈਸੇ ਅਤੇ ਇੱਕ ਨਾਰੀਅਲ ਮੰਗਵਾ ਲਿਆ। ਉਹਨਾਂ ਵਸਤਾਂ ਨੂੰ ਫੜ ਕੇ ਉਹਨਾਂ ਨੇ ਤਿੰਨ ਵਾਰੀ ਘੁਮਾਇਆ ਅਤੇ ਨਾਲ ਹੀ ਕਿਹਾ 'ਬਾਬਾ ਬਕਾਲਾ'। ਉਹਨਾਂ ਸ਼ਬਦਾਂ ਦਾ ਭਾਵ ਅਰਥ ਇਹ ਸੀ ਕਿ ਉਹਨਾਂ ਦਾ ਉੱਤਰਾਧਿਕਾਰੀ ਬਕਾਲਾ ਪਿੰਡ (ਅੰਮ੍ਰਿਤਸਰ) ਵਿਖੇ ਹਨ ਅਤੇ ਉਹ ਉਹਨਾਂ ਦੇ ਦਾਦਾ ਹਨ। ਗੁਰੂ ਹਰਿਕ੍ਰਿਸ਼ਨ ਜੀ 30 ਮਾਰਚ, 1664ਈ: ਨੂੰ ਜੋਤੀ-ਜੋਤਿ ਸਮਾਏ।

## ਗੁਰੂ ਤੇਗ ਬਹਾਦਰ ਜੀ ਦਾ ਯੋਗਦਾਨ (1664-1675 ਈ :)

## (Contribution of Guru Tegh Bahadur Ji)

ਮਾਰਚ 1664 ਈ: ਵਿੱਚ ਦਿੱਲੀ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਦੋ ਸ਼ਬਦ ਕਹੇ ਸਨ-ਬਾਬਾ ਬਕਾਲਾ। ਇਸ ਲਈ 11 ਅਗਸਤ 1664 ਈ: ਨੂੰ ਦਰਗਾਹ ਮੱਲ ਅਤੇ ਕਈ ਹੋਰ ਵਿਅਕਤੀ ਗੁਰੂ ਹਰਿਕ੍ਰਿਸ਼ਨ ਜੀ ਵੱਲੋਂ ਭੇਜੇ ਨਾਰੀਅਲ ਅਤੇ ਪੰਜ ਪੈਸੇ ਲੈ ਕੇ ਬਕਾਲਾ ਪੁੱਜੇ। ਉਹਨਾਂ ਨੇ ਪੰਜ ਪੈਸੇ ਅਤੇ ਨਾਰੀਅਲ ਤੇਗ ਬਹਾਦਰ ਜੀ (ਜੋ ਬਕਾਲਾ ਵਿਖੇ ਭੋਰ ਵਿੱਚ ਰਹਿ ਕੇ ਭਗਤੀ ਕਰਦੇ ਸਨ) ਅੱਗੇ ਰੱਖ ਕੇ ਉਹਨਾਂ ਨੂੰ ਗੁਰੂ ਹਰਿਕ੍ਰਿਸ਼ਨ ਜੀ ਦਾ ਉੱਤਰਾਧਿਕਾਰੀ ਥਾਪਿਆ। ਭਾਈ ਗੁਰਦਿੱਤਾ ਜੀ (ਬਾਬਾ ਬੁੱਢਾ ਜੀ ਦੇ ਸੁਪੱਤਰ) ਜੋ ਉੱਥੇ ਹਾਜ਼ਰ ਸਨ, ਨੇ ਉਨ੍ਹਾਂ ਦੇ ਮੱਥੇ ਤੇ ਤਿਲਕ ਲਾਇਆ। ਨੌਵੇਂ ਗੁਰੂ ਤੇਗ ਬਹਾਦਰ ਜੀ ਨੇ 1664-1675ਈ: ਤੀਕ ਗੁਰੂ-ਗੱਦੀ ਸੰਭਾਲੀ। ਇਸ ਕਾਲ ਵਿੱਚ ਉਹਨਾਂ ਨੇ ਸਿੱਖੀ ਦੇ ਪ੍ਰਚਾਰ ਲਈ ਜੋ ਕਾਰਜ ਕੀਤੇ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ।

## ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ

## (Travels of Guru Tegh Bahadur Ji)

ਗੁਰ-ਗੱਦੀ ਉੱਤੇ ਬੈਠਣ ਤੋਂ ਥੋੜ੍ਹੇ ਸਮੇਂ ਬਾਅਦ ਹੀ ਗੁਰੂ ਤੇਗ਼ ਬਹਾਦਰ ਜੀ ਨੇ ਲੋਕਾਂ ਵਿੱਚ ਸੱਚ ਅਤੇ ਪ੍ਰੇਮ ਦਾ ਸੰਦੇਸ਼ ਪਹੁੰਚਾਉਣ ਲਈ ਥਾਂ ਥਾਂ ਦੀ ਯਾਤਰਾ ਕਰਨ ਦਾ ਨਿਸ਼ਚਾ ਕੀਤਾ। ਉਹਨਾਂ ਨੇ ਪੰਜਾਬ, ਬੰਗਾਲ ਅਤੇ ਆਸਾਮ ਤੱਕ ਤਕਰੀਬਨ ਸਾਰੇ ਉੱਤਰੀ ਭਾਰਤ ਦੀ ਯਾਤਰਾ ਕੀਤੀ। ਉਹਨਾਂ ਦੀਆਂ ਯਾਤਰਾਵਾਂ ਦਾ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਕਰਨਾ, ਮਨੁੱਖ ਜਾਤੀ ਦਾ ਕਲਿਆਣ ਕਰਨਾ ਸੀ।

1. **ਅੰਮ੍ਰਿਤਸਰ** (Amritsar):- ਬਕਾਲਾ ਤੋਂ ਮੱਖਣ ਸ਼ਾਹ, ਦਰਗਾਹ ਮੱਲ ਆਦਿ ਸਿੱਖਾਂ ਨੂੰ ਨਾਲ ਲੈ ਕੇ ਗੁਰੂ ਤੇਗ਼ ਬਹਾਦਰ ਜੀ ਸਭ ਤੋਂ ਪਹਿਲਾਂ ਅੰਮ੍ਰਿਤਸਰ ਗਏ। ਉਹ ਉੱਥੇ 22 ਨਵੰਬਰ 1664 ਈ: ਨੂੰ

ਪੁੱਜੇ। ਉਹਨਾਂ ਦਿਨਾਂ ਵਿੱਚ ਹਰਿਮੰਦਰ ਸਾਹਿਬ ਉੱਤੇ ਮਿਹਰਬਾਨ ਦੇ ਪੁੱਤਰ ਹਰਜੀ ਮੀਣਾ (ਪ੍ਰਿਥੀ ਚੰਦ ਦੀ ਔਲਾਦ) ਦਾ ਅਧਿਕਾਰ ਸੀ। ਗੁਰੂ ਤੇਗ ਬਹਾਦਰ ਜੀ ਦੇ ਉੱਥੇ ਪੁੱਜਣ ਦਾ ਸਮਾਚਾਰ ਸੁਣ ਕੇ ਉਸ ਨੇ ਹਰਿਮੰਦਰ ਸਾਹਿਬ ਦੇ ਸਾਰੇ ਦਰਵਾਜ਼ੇ ਬੰਦ ਕਰਵਾ ਦਿੱਤੇ। ਗੁਰੂ ਸਾਹਿਬ ਜੀ ਹਰਿਮੰਦਰ ਸਾਹਿਬ ਦੇ ਦਰਸ਼ਨ ਨਾ ਕਰ ਸਕੇ। ਅੰਮ੍ਰਿਤਸਰ ਵਿਖੇ ਗੁਰੂ ਸਾਹਿਬ ਜਿਥੇ ਠਹਿਰੇ, ਉਸ ਥਾਂ ਨੂੰ 'ਥੰਮ ਸਾਹਿਬ' ਜਾਂ 'ਥੜ੍ਹਾ ਸਾਹਿਬ' ਕਿਹਾ ਜਾਂਦਾ ਹੈ।

2. **ਵੱਲਾ** (Walla):- ਕੁਝ ਸ਼ਰਧਾਲੂ ਸਿੱਖਾਂ ਅਤੇ ਹਰੀਆਂ, (Hariyan) ਨਾਮੀ ਇਸਤਰੀ ਦੇ ਸੱਦੇ 'ਤੇ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਤੋਂ ਤਕਰੀਬਨ 6 ਕਿਲੋਮੀਟਰ ਸਥਿਤ ਵੱਲਾ ਨਾਮੀਂ ਪਿੰਡ ਵਿੱਚ ਗਏ। ਵੱਲਾ ਪਿੰਡ ਵਿਚ ਇਸਤਰੀਆਂ ਨੇ ਗੁਰੂ ਜੀ ਨੂੰ ਲੰਗਰ ਪਾਣੀ ਛਕਾਇਆ ਅਤੇ ਉਹਨਾਂ ਦਾ ਆਦਰ ਮਾਣ ਵੀ ਕੀਤਾ। ਉਹਨਾਂ ਨੇ ਹਰਿਮੰਦਰ ਦੇ ਮਸੰਦਾਂ ਵੱਲੋਂ ਉਹਨਾਂ ਨਾਲ਼ ਕੀਤੇ ਗਏ ਭੈੜੇ ਵਰਤਾਉ ਲਈ ਵੀ ਖਿਮਾ ਮੰਗੀ।

3. **ਘੁਕੇਵਾਲੀ ਜਾਂ ਗੁਰੂ ਕਾ ਬਾਗ** (Ghukewali or Guru Ka Bagh):- ਵੱਲਾ ਤੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਉੱਤਰ-ਪੱਛਮ ਵੱਲ ਘੁਕੇਵਾਲੀ ਪਿੰਡ ਵਿੱਚ ਪੁੱਜੇ। ਉੱਥੇ ਉਹ ਭਾਈ ਘੁਕਾ (ਪਿੰਡ ਦਾ ਸੰਸਥਾਪਕ) ਦੇ ਪੁੱਤਰ, ਲਾਲ ਚੰਦ ਦੇ ਘਰ ਠਹਿਰੇ। ਉਸ ਪਿੰਡ ਵਿੱਚ ਬਹੁਤ ਸਾਰੇ ਰੁੱਖ ਅਤੇ ਬੂਟੇ ਦੇਖ ਕੇ ਗੁਰੂ ਜੀ ਨੇ ਉਸ ਪਿੰਡ ਦਾ ਨਾਂ 'ਗੁਰੂ ਕਾ ਬਾਗ਼' ਰੱਖ ਦਿੱਤਾ। ਉਹਨਾਂ ਨੇ ਉੱਥੋਂ ਦੇ ਲੋਕਾਂ ਦੀ ਲੋੜ ਮਹਿਸੂਸ ਕਰਦਿਆਂ ਇੱਕ ਖੂਹ ਵੀ ਪੁਟਵਾਇਆ।

4. **ਗੁਰੂ ਤੇਗ ਬਹਾਦਰ ਜੀ ਮਾਝੇ ਦੀ ਹੋਰ ਥਾਵਾਂ 'ਤੇ ਗਏ** (Guru Tegh Bahadur Visited some other places of Majha):- ਘੁਕੇਵਾਲੀ ਤੋਂ ਗੁਰੂ ਜੀ ਮਾਝਾ ਇਲਾਕਾ ਦੇ ਕਈ ਹੋਰ ਥਾਵਾਂ 'ਤੇ ਵੀ ਗਏ। ਉਹ ਖਡੂਰ ਸਾਹਿਬ, ਗੋਇੰਦਵਾਲ ਅਤੇ ਤਰਨਤਾਰਨ ਗਏ, ਜਿਥੇ ਬਹੁਤ ਸਾਰੇ ਸਿੱਖਾ ਉਹਨਾਂ ਨੇ ਦਰਸ਼ਨਾਂ ਨੂੰ ਆਏ। ਉੱਥੋਂ ਉਹ ਖੇਮਕਰਨ ਪਹੁੰਚੇ। ਉੱਥੇ ਚੌਧਰੀ ਰਘਪਤ ਰਾਏ ਨੇ ਗੁਰੂ ਜੀ ਨੂੰ ਇੱਕ ਘੋੜੀ ਭੇਟ ਕੀਤੀ।

5. **ਬਕਾਲਾ** (Bakala):- ਖੇਮਕਰਨ ਤੋਂ ਗੁਰੂ ਤੇਗ ਬਹਾਦਰ ਜੀ ਬਕਾਲਾ ਵਿਖੇ ਪੁੱਜੇ। ਉੱਥੋਂ ਦੇ ਕਈ ਲੋਕ ਗੁਰੂ ਜੀ ਦੇ ਨਾਲ਼ ਈਰਖਾ ਕਰਦੇ ਸਨ। ਇਸ ਲਈ ਗੁਰੂ ਜੀ ਨੇ ਬਕਾਲਾ ਨੂੰ ਛੱਡਣ ਦਾ ਫ਼ੈਸਲਾ ਕਰ ਲਿਆ ਅਤੇ ਕੀਰਤਪੁਰ ਜਾ ਕੇ ਧਰਮ ਪ੍ਰਚਾਰ ਕਰਨ ਲੱਗੇ। ਪਰ ਉਥੇ ਉਹਨਾਂ ਨੂੰ ਧੀਰ ਮੱਲ ਨੇ ਚੈਨ ਨਾਲ਼ ਨਾ ਰਹਿਣ ਦਿੱਤਾ। ਉਹਨਾਂ ਨੇ ਕੀਰਤਪੁਰ ਦੀ ਛੱਡਣ ਦਾ ਵਿਚਾਰ ਬਣਾ ਲਿਆ।

6. **ਬਿਲਾਸਪੁਰ** (Bilaspur):- ਗੁਰੂ ਤੇਗ ਬਹਾਦਰ ਜੀ ਅਜੇ ਕੀਰਤਪੁਰ ਹੀ ਸਨ ਕਿ ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਮੌਤ ਹੋ ਗਈ। ਉਹ ਉੱਥੋਂ ਬਿਲਾਸਪੁਰ ਗਏ ਅਤੇ ਰਾਜੇ ਦੀ ਕ੍ਰਿਆ ਦੀ ਰਸਮ ਵਿੱਚ ਸ਼ਾਮਿਲ ਹੋਏ। ਸਵਰਗੀ ਰਾਜਾ ਦੀਪ ਚੰਦ ਦੀ ਪਤਨੀ ਰਾਣੀ ਜਲਾਲ ਦੇਵੀ ਨੂੰ ਗੁਰੂ ਸਾਹਿਬ ਦਾ ਦਿਲੋਂ ਸਵਾਗਤ ਕੀਤਾ ਅਤੇ ਉਹਨਾਂ ਦੇ ਠਹਿਰਨ ਲਈ ਸਾਰੀਆਂ ਸਹੂਲਤਾਂ ਦਿੱਤੀਆਂ।

7. **ਚੱਕ ਨਾਨਕੀ ਦੀ ਨੀਂਹ** (Foundation of Chak Nanki):- ਗੁਰੂ ਤੇਗ ਬਹਾਦਰ ਜੀ ਜਦੋਂ ਬਿਲਾਸਪੁਰ ਵਿਖੇ ਸਨ ਤਾਂ ਉਹਨਾਂ ਨੇ ਰਾਣੀ ਜਲਾਲ ਦੇਵੀ ਨੂੰ ਕੀਰਤਪੁਰ ਛੱਡਣ ਬਾਰੇ ਦੱਸਿਆ ਅਤੇ ਕੀਰਤਪੁਰ ਨੇੜੇ ਇੱਕ ਨਵਾਂ ਪਿੰਡ ਵਸਾਉਣ ਦਾ ਵੀ ਵਿਚਾਰ ਦੱਸਿਆ। ਗੁਰੂ ਜੀ ਨੇ ਰਾਣੀ ਨੂੰ 500 ਰੁਪਏ ਦੇ ਕੇ ਉਹ ਜ਼ਮੀਨ ਖਰੀਦ ਲਈ 19 ਜੂਨ, 1665ਈ: ਨੂੰ ਉਸ ਭੂਮੀ ਉੱਤੇ ਨਵੇਂ ਨਗਰ ਦੀ ਨੀਂਹ ਰੱਖੀ ਗਈ, ਜਿਸ ਦਾ ਨਾਂ 'ਚੱਕ ਨਾਨਕੀ' ਰੱਖਿਆ ਗਿਆ।

8. **ਸ਼ੈਫਾਬਾਦ** (Saifabad):- ਅਗਸਤ 1665ਈ: ਵਿਚ ਗੁਰੂ ਤੇਗ ਬਹਾਦਰ ਜੀ ਰੋਪੜ, ਬਨੂੜ ਅਤੇ ਰਾਜਪੁਰਾ ਹੁੰਦੇ ਹੋਏ ਸੈਫਾਬਾਦ ਪੁੱਜੇ। ਉਥੋਂ ਦਾ ਮਨਸਬਦਾਰ ਨਵਾਬ ਸੈਫ ਉੱਦੀਨ, ਆਪ ਇੱਕ ਉਦਾਰ ਧਾਰਮਿਕ ਵਿਚਾਰਾਂ ਵਾਲਾ ਵਿਅਕਤੀ ਸੀ। ਜਦੋਂ ਉਸ ਨੂੰ ਗੁਰੂ ਤੇਗ ਬਹਾਦਰ ਜੀ ਦੇ ਪੁੱਜਣ ਦੀ

ਖ਼ਬਰ ਮਿਲੀ ਤਾਂ ਉਹ ਉਹਨਾਂ ਨੂੰ 'ਜੀ ਆਇਆਂ' ਕਹਿਣ ਲਈ ਆਪ ਅੱਗੇ ਵਧਿਆ। ਉਹ ਗੁਰੂ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਆਪਣੇ ਮਹਿਲਾਂ ਵਿੱਚ ਲੈ ਗਿਆ। ਉੱਥੇ ਗੁਰੂ ਜੀ ਕੁਝ ਦਿਨ ਰਹੇ ਅਤੇ ਉਹਨਾਂ ਨੇ ਉੱਥੇ ਸਿੱਖ ਧਰਮ ਦਾ ਪ੍ਰਚਾਰ ਵੀ ਕੀਤਾ।

9. **ਕੈਂਥਲ** (Kainthal):- ਸੈਫ਼ਾਬਾਦ ਤੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਸਭ ਤੋਂ ਪਹਿਲਾਂ ਕੈਂਥਲ ਪੁੱਜੇ। ਉੱਥੇ ਉਹਨਾਂ ਨੂੰ ਇੱਕ ਗਰੀਬ ਤਰਖਾਣ ਮਿਲਿਆ। ਉਹ ਤਰਖਾਣ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ। ਤਰਖਾਣ ਦੀ ਪਤਨੀ ਨੇ ਉਹਨਾਂ ਦਾ ਸੁਆਗਤ ਕੀਤਾ। ਉੱਥੇ ਸੰਗਤ ਕੀਤੀ ਗਈ। ਕੈਂਥਲ ਤੋਂ ਗੁਰੂ ਤੇਗ ਬਹਾਦਰ ਜੀ ਕੁਰੂਕਸ਼ੇਤਰ ਵੱਲ ਚੱਲੇ। ਰਸਤੇ ਵਿੱਚ ਪੇਹੋਵਾ ਵਿਖੇ ਉਹ ਉਨ੍ਹਾਂ ਧਾਰਮਿਕ ਸਥਾਨਾਂ 'ਤੇ ਗਏ ਜਿਨਾਂ ਨੂੰ ਪਹਿਲੇ ਗੁਰੂ ਸਾਹਿਬਾਨ ਦੇ ਸਨਮਾਨ ਵਿੱਚ ਸਿੱਖਾਂ ਨੇ ਬਣਾਇਆ ਸੀ।

10. **ਕੁਰੂਕੁਸ਼ੇਤਰ** (Kurukshetra):- ਬਰਨਾ ਤੋਂ ਹੁੰਦੇ ਹੋਏ ਗੁਰੂ ਜੀ ਅਤੇ ਉਹਨਾ ਦੇ ਸਾਥੀ ਕੁਰੂਕਸ਼ੇਤਰ ਪੁੱਜੇ। ਇਹ ਸ਼ਹਿਰ ਯੋਗੀਆਂ, ਸੰਤਾਂ ਅਤੇ ਬ੍ਰਾਹਮਣਾਂ ਦਾ ਸ਼ਹਿਰ ਸੀ। ਗੁਰੂ ਤੇਗ਼ ਬਹਾਦਰ ਜੀ ਏਥੇ ਗੁਰੂ ਨਾਨਕ ਦੇਵ ਜੀ, ਗੁਰ ਅਮਰਦਾਸ ਜੀ ਅਤੇ ਗੁਰੂ ਹਰਗੋਬਿੰਦ ਜੀ ਦੇ ਗੁਰਦਵਾਰਿਆਂ ਵਿਖੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਨ ਗਏ। ਕੁਰੂਕੁਸ਼ੇਤਰ ਤੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਬਾਨੀਬਦਰਪੁਰ, ਕਜ਼ਮਾਨਕਪੁਰ ਹੁੰਦੇ ਹੋਏ ਦਿੱਲੀ ਪੁੱਜੇ। ਦਿੱਲੀ ਰਾਜਪੂਤ ਰਾਜਾ ਰਾਮ ਸਿੰਘ ਨੂੰ ਮਿਲਣ ਤੋਂ ਬਾਅਦ ਪੂਰਬੀ ਭਾਰਤ ਦੀ ਯਾਤਰਾ ਲਈ ਅੱਗੇ ਚੱਲ ਪਏ। ਮਥਰਾ, ਆਗਰਾ, ਕਾਨ੍ਹਪੁਰ, ਬਨਾਰਸ, ਸਸਰਾਮ ਅਤੇ ਗਯਾ ਤੋਂ ਪਟਨਾ ਪੁੱਜੇ।

11. **ਪਟਨਾ** (Patna):- ਮਈ 1666 ਈ: ਦੇ ਅੰਤ ਵਿੱਚ ਗੁਰੂ ਤੇਗ਼ ਬਹਾਦਰ ਜੀ ਪਟਨਾ ਪੁੱਜੇ। ਜੂਨ ਤੋਂ ਸਤੰਬਰ ਤੱਕ ਗੁਰੂ ਜੀ ਪਟਨਾ ਵਿੱਚ ਹੀ ਰਹੇ। ਹਰ ਰੋਜ਼ ਵੱਡੀ ਗਿਣਤੀ ਵਿੱਚ ਸ਼ਰਧਾਲੂ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਪਦੇਸ਼ ਸੁਣਨ ਲਈ ਆਉਂਦੇ। ਉਸ ਸਮੇਂ ਗੁਰੂ ਜੀ ਦੀ ਪਤਨੀ ਮਾਤਾ ਗੁਜਰੀ ਜੀ ਗਰਭਵਤੀ ਸਨ। ਉਹਨਾਂ ਨੂੰ ਪਟਨੇ ਛੱਡ ਕੇ ਗੁਰੂ ਜੀ ਨੇ ਢਾਕਾ ਦੀ ਯਾਤਰਾ ਕਰਨ ਦਾ ਫ਼ੈਸਲਾ ਕੀਤਾ।

12. **ਗੁਰੂ ਤੇਗ਼ ਬਹਾਦਰ ਦੀ ਢਾਕਾ ਵਿਖੇ** (Guru Tegh Bahadur Ji at Dhaka):- ਪਟਨਾ ਤੋਂ 1666 ਈ: ਦੇ ਅਕਤੂਬਰ ਦੇ ਅੱਧ ਵਿੱਚ ਗੁਰੂ ਤੇਗ ਬਹਾਦਰ ਜੀ ਢਾਕਾ (ਵਰਤਮਾਨ ਬੰਗਲਾ ਦੇਸ਼ ਦੀ ਰਾਜਧਾਨੀ) ਪੁੱਜੇ। ਉਸ ਕਾਲ ਵਿੱਚ ਢਾਕਾ ਭਾਰਤ ਦਾ ਮਹੱਤਵਪੂਰਨ ਸ਼ਹਿਰ ਸੀ। ਉਹਨਾਂ ਦਿਨਾਂ ਵਿਚ ਢਾਕਾ ਸਿੱਖ ਧਰਮ ਦੇ ਪ੍ਰਚਾਰ ਦਾ ਵੀ ਇੱਕ ਕੇਂਦਰ ਸੀ। ਢਾਕੇ ਵਿੱਚ ਦੋ ਸੰਗਤਾਂ ਸਨ। ਇੱਕ ਸੰਗਤ ਉਦਾਸੀ ਮਹਾਂਪੁਰਖ ਨੇ ਥਾਪੀ ਸੀ। ਇਸ ਗੁਰਦੁਆਰੇ ਵਿੱਚ ਭਾਈ ਨੱਥਾ ਉਦਾਸੀਆਂ ਦਾ ਮੁੱਖੀ ਸੀ। ਦੂਸਰੀ ਸੰਗਤ ਭਾਈ ਬਲਾਕੀ ਦਾਸ ਦੇ ਅਧੀਨ ਸੀ। ਉਹ ਬੰਗਾਲ ਦੀਆਂ ਸਾਰੀਆਂ ਸੰਗਤਾਂ ਦਾ ਪ੍ਰਮੁੱਖ ਮਸੰਦ ਸੀ। ਗੁਰੂ ਜੀ ਦਾ ਸੁਆਗਤ ਸੰਗਤਾਂ ਵੱਲੋਂ ਕੀਤਾ ਗਿਆ।

22 ਦਸੰਬਰ 1666 ਈ: ਨੂੰ ਪਟਨਾ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ। ਇਹ ਸ਼ੁਭ ਖਬਰ ਵੀ ਗੁਰੂ ਤੇਗ਼ ਬਹਾਦਰ ਜੀ ਨੂੰ ਢਾਕਾ ਵਿਖੇ ਹੀ ਮਿਲੀ।

13. **ਗੁਰੂ ਤੇਗ਼ ਬਹਾਦਰ ਜੀ ਦੀਆਂ ਬੰਗਾਲ ਦੇ ਹੋਰ ਖਿੱਤਿਆਂ ਦੀਆਂ ਯਾਤਰਾਵਾਂ** (Othe Travels of Guru Tegh Bahadur in Bengal):- ਗੁਰੂ ਤੇਗ਼ ਬਹਾਦਰ ਜੀ ਨੇ ਰਾਜਾ ਰਾਮ ਸਿੰਘ ਦੇ ਸਹਿਯੋਗ ਨਾਲ ਬੰਗਾਲ ਦੇ ਹੋਰ ਖਿੱਤਿਆਂ ਦਾ ਵੀ ਦੌਰਾ ਕੀਤਾ। ਸਿਲਹਟ ਤੋਂ ਗੁਰੂ ਜੀ ਦੀ ਦੱਖਣ ਵੱਲ ਚਿਟਗਾਓ, ਅਤੇ ਸੋਨਦੀਪ ਵੱਲ ਗਏ। ਉੱਥੋਂ ਉਹ ਅਗਰਤਾਲਾ ਹੁੰਦੇ ਹੋਏ ਕੋਮੀਲਾ, ਲਕਸਮ, ਦੌਲਤਗੰਜ, ਸੀਤਾਕੁੰਡ ਅਤੇ ਹਾਥਾਜਰੀ ਗਏ। 1667 ਈ: ਦੇ ਅੰਤ ਵਿੱਚ ਉਹ ਚਿਟਗਾਓ ਗਏ। ਉੱਥੇ ਉਹਨਾਂ ਨੇ ਸਿੱਖ ਧਰਮ ਦਾ ਵੱਡਾ ਕੇਂਦਰ ਖੋਲ੍ਹਿਆ।

14. **ਧੁਬੜੀ** (Dhubri):- ਆਸਾਮ ਦੇ ਅਹੋਮ ਹਾਕਮ ਚੱਕਰਧਵੱਜ ਸਿੰਘ ਨੇ ਮੁਗਲਾਂ ਨੂੰ ਗੋਹਾਟੀ ਵਿੱਚੋਂ ਨਿਕਲਣ ਲਈ ਮਜ਼ਬੂਰ ਕਰ ਦਿੱਤਾ ਸੀ। ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਦੀ ਅਗਵਾਈ ਹੇਠ ਇੱਕ ਵਿਸ਼ਾਲ

ਸੈਨਾ ਉੱਥੇ ਭੇਜੀ। ਉਸ ਨੇ ਗੁਰੂ ਤੇਗ ਬਹਾਦਰ ਜੀ ਨੂੰ ਬੇਨਤੀ ਕਰਕੇ ਨਾਲ਼ ਚੱਲਣ ਲਈ ਮਨਾ ਲਿਆ।

1669 ਈ: ਦੇ ਆਰੰਭ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਧੁਬੜੀ ਵਿਖੇ ਜਾ ਡੇਰੇ ਲਾਏ। ਉੱਧਰ ਰਾਜਾ ਰਾਮ ਸਿੰਘ ਨੇ ਮੁਗਲ ਸੈਨਾ ਸਹਿਤ ਅੱਗੇ ਵੱਧ ਕੇ ਰੰਗਮਤੀ ਵਿੱਚ ਪੜਾ ਕਰ ਲਿਆ। ਅਹੋਮਾਂ ਨੇ ਡਟ ਕੇ ਮੁਗਲ ਸੈਨਾ ਦਾ ਮੁਕਾਬਲਾ ਕੀਤਾ। ਅਖੀਰ ਗੁਰੂ ਸਾਹਿਬ ਨੇ ਰਾਜਾ ਰਾਮ ਸਿੰਘ ਅਤੇ ਚੱਕਰਧਵੱਜ ਸਿੰਘ ਵਿਚਕਾਰ ਸਮਝੌਤਾ ਕਰਵਾ ਦਿੱਤਾ। ਇਸ ਪ੍ਰਕਾਰ ਯੁੱਧ ਸਮਾਪਤ ਹੋ ਗਿਆ। ਇਸ ਉਪਰੰਤ ਗੁਰੂ ਸਾਹਿਬ ਨੇ ਵਾਪਸੀ ਦੀ ਤਿਆਰੀ ਕਰ ਲਈ।

ਅਸਾਮ ਤੋਂ ਗੁਰੂ ਤੇਗ ਬਹਾਦਰ ਜੀ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸਥਾਨਾਂ ਤੋਂ ਹੁੰਦੇ ਹੋਏ ਦਿੱਲੀ ਪੁੱਜੇ। ਉੱਥੋਂ ਉਹ ਰੋਹਤਕ, ਕੁਰੁਕਸ਼ੇਤਰ, ਪੇਹੋਵਾ ਆਦਿ ਥਾਵਾਂ ਤੋਂ ਹੁੰਦੇ ਹੋਏ ਲਖਨੌਰ ਪਹੁੰਚੇ।

ਲਖਨੌਰ ਤੋਂ ਗੁਰੂ ਤੇਗ ਬਹਾਦਰ ਜੀ ਬਕਾਲਾ ਹੋ ਕੇ ਚੱਕ ਨਾਨਕੀ ਪੁੱਜੇ। ਇਸ ਸਮੇਂ ਤੱਕ ਉਸ ਨਗਰ ਵਿੱਚ ਕਾਫ਼ੀ ਭਵਨਾਂ ਦਾ ਨਿਰਮਾਣ ਹੋ ਚੁੱਕਾ ਸੀ। ਇਸ ਲਈ ਗੁਰੂ ਸਾਹਿਬ ਆਪਣੇ ਪਰਿਵਾਰ ਸਮੇਤ ਉੱਥੇ ਹੀ ਵੱਸ ਗਏ।

## ਪੰਜਾਬ ਦੇ ਮਾਲਵਾ ਅਤੇ ਬਾਂਗਰ ਪ੍ਰਦੇਸ਼ ਦੀਆਂ ਯਾਤਰਾਵਾਂ
## (Travels in Malwa and Bangar Region of Punjab)

1672-73 ਈ: ਦੇ ਆਰੰਭ ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਮਾਲਵੇ ਅਤੇ ਬਾਂਗਰ ਦੇ ਪ੍ਰਦੇਸ਼ ਵਿੱਚ ਸਿੱਖ ਧਰਮ ਦਾ ਪਰਚਾਰ ਅਤੇ ਪਸਾਰ ਕਰਨ ਦਾ ਮਨ ਬਣਾਇਆ। ਉਹ ਇਸ ਕਾਰਜ ਲਈ ਮਾਲਵਾ ਅਤੇ ਬਾਂਗਰ ਪ੍ਰਦੇਸ਼ ਵਿੱਚ ਲਗਪਗ ਦੋ ਸਾਲ ਰਹੇ। ਉਹ ਜਿੱਥੇ ਵੀ ਗਏ ਉਥੇ ਅੱਜ ਵੀ ਇਤਿਹਾਸਿਕ ਗੁਰਦਵਾਰਾ ਮੌਜੂਦ ਹੈ। ਇਸ ਇਲਾਕੇ ਵਿੱਚ ਜਿਹੜੇ ਦੌਰੇ ਗੁਰੂ ਸਾਹਿਬ ਨੇ ਕੀਤੇ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ—

ਚੱਕ ਨਾਨਕੀ ਤੋਂ ਚੱਲ ਕੇ ਗੁਰੂ ਜੀ ਫਿਰ ਦੂਜੀ ਵਾਰ ਸ਼ੈਫ਼ਾਬਾਦ ਗਏ। ਸੈਫਉੱਦੀਨ ਨੇ ਉਹਨਾਂ ਦਾ ਫਿਰ ਬੜਾ ਮਾਣ ਅਤੇ ਸਤਿਕਾਰ ਕੀਤਾ। ਸੈਫ਼ਾਬਾਦ ਤੋਂ ਗੁਰੂ ਤੇਗ ਬਹਾਦਰ ਜੀ ਪਟਿਆਲਾ ਗਏ। ਅੱਜ-ਕੱਲ੍ਹ ਦੇ ਦੁੱਖ ਨਿਵਾਰਨ ਸਾਹਿਬ ਗੁਰਦਵਾਰਾ ਵਾਲੀ ਥਾਂ ਤੇ ਉਹਨਾਂ ਦੇ ਚਰਨ ਪਾਏ। ਉੱਥੋਂ ਉਹ ਮੋਤੀ ਬਾਗ ਵਾਲਾ ਗੁਰਦੁਵਾਰਾ ਸਾਹਿਬ ਵਾਲੀ ਥਾਂ 'ਤੇ ਪੁੱਜੇ। ਪਟਿਆਲ਼ਾ ਤੋਂ ਗੁਰੂ ਤੇਗ ਬਹਾਦਰ ਜੀ ਮੂਲੋਵਾਲ ਪਿੰਡ ਗਏ। ਉੱਥੇ ਪਾਣੀ ਦੀ ਬੜੀ ਥੁੜ੍ਹ ਸੀ। ਉਹਨਾਂ ਨੇ ਉੱਥੇ ਖੂਹ ਖੁਦਵਾਇਆ। ਮੂਲੋਵਾਲ ਤੋਂ ਉਹ ਪਿੰਡ ਸੇਖਾ ਗਏ। ਉਹ ਸੇਖੇ ਤੋਂ ਢਿਲਵਾਂ, ਖੀਵਾ, ਸਮਾਉਂ, ਤੀਖੀ, ਖਿਆਲਾ, ਮੌੜ ਤਲਵੰਡੀ ਸਾਬੋ, ਬਠਿੰਡਾ ਅਤੇ ਧਮਧਾਨ ਪੁੱਜੇ। ਇਹਨਾਂ ਪ੍ਰਭਾਵਤ ਹੋ ਕੇ ਹਜ਼ਾਰਾਂ ਲੋਕ ਉਹਨਾਂ ਦੇ ਸ਼ਰਧਾਲੂ ਬਣ ਗਏ।

## ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ
## (Martyrdom of Guru Tegh Bahadur)

ਗੁਰੂ ਤੇਗ਼ ਬਹਾਦਰ ਜੀ ਮਾਲਵੇ ਦੇ ਪਿੰਡਾਂ ਦੀ ਯਾਤਰਾ ਤੋਂ ਬਾਅਦ ਅਨੰਦਪੁਰ ਸਾਹਿਬ ਚਲੇ ਗਏ। ਗੁਰੂ ਤੇਗ ਬਹਾਦਰ ਜੀ ਕੋਲ ਕਸ਼ਮੀਰੀ ਪੰਡਤਾਂ ਨੇ ਫਰਿਆਦ ਕੀਤੀ ਕਿ ਔਰੰਗਜੇਬ ਦੇ ਹੁਕਮਾਂ ਨਾਲ਼ ਉਹਨਾਂ ਨੂੰ ਜਬਰੀ ਮੁਸਲਮਾਨ ਬਣਾਇਆ ਜਾ ਰਿਹਾ ਹੈ। ਉਹਨਾਂ ਦੀ ਬੇਨਤੀ 'ਤੇ ਗੁਰੂ ਤੇਗ ਬਹਾਦਰ ਜੀ ਨੇ ਆਤਮ-ਬਲੀਦਾਨ ਦੇਣ ਦਾ ਨਿਸ਼ਚਾ ਕੀਤਾ। ਉਹਨਾਂ ਨੂੰ ਗ੍ਰਿਫਤਾਰ ਕਰਕੇ ਇਸਲਾਮ ਧਰਮ ਪ੍ਰਵਾਨ ਕਰਨ ਲਈ ਕਿਹਾ ਗਿਆ। ਗੁਰੂ ਸਾਹਿਬ ਦੇ ਇਸਲਾਮ ਧਰਮ ਅਪਨਾਉਣ ਤੋਂ ਨਾਂਹ ਕਰਨ ਤੇ ਉਹਨਾਂ ਨੂੰ 11 ਦਸੰਬਰ 1675 ਈ: ਵਿੱਚ ਚਾਂਦਨੀ ਚੌਕ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ।

## ਅਭਿਆਸ

(ੳ) ਹੇਠ ਲਿਖੇ ਹਰ ਪ੍ਰਸ਼ਨ ਦਾ ਉੱਤਰ ਲਗ-ਪਗ 1-15 ਸ਼ਬਦਾਂ ਵਿੱਚ ਲਿਖੋ—

1. ਭਾਈ ਲਹਿਣਾ ਕਿਸ ਗੁਰੂ ਦਾ ਪਹਿਲਾ ਨਾਮ ਸੀ?
2. ਲੰਗਰ ਪ੍ਰਥਾ ਤੋਂ ਕੀ ਭਾਵ ਹੈ?
3. ਗੋਇੰਦਵਾਲ ਵਿੱਚ ਬਾਉਲੀ ਦੀ ਨੀਂਹ ਕਿਸ ਗੁਰੂ ਦੀ ਨੇ ਰੱਖੀ ਸੀ?
4. ਅਕਬਰ ਕਿਹੜੇ ਗੁਰੂ ਸਾਹਿਬ ਨੂੰ ਮਿਲਣ ਗੋਇੰਦਵਾਲ ਆਇਆ ਸੀ?
5. ਮਸੰਦ ਪ੍ਰਥਾ ਦੇ ਉਦੇਸ਼ ਲਿਖੋ।
6. ਸਿੱਖਾਂ ਦੇ ਚੌਥੇ ਗੁਰੂ ਕਿਹੜੇ ਸਨ ਤੇ ਉਹਨਾਂ ਨੇ ਕਿਹੜਾ ਸ਼ਹਿਰ ਵਸਾਇਆ?
7. ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਕਦੋਂ ਅਤੇ ਕਿਸ ਨੇ ਰੱਖਿਆ?
8. ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰੱਖਣ ਤੋਂ ਕੀ ਭਾਵ ਹੈ?
9. ਗੁਰੂ ਅਰਜਨ ਦੇਵ ਜੀ ਰਾਹੀਂ ਸਥਾਪਿਤ ਕੀਤੇ ਸ਼ਹਿਰਾਂ ਦੇ ਨਾਂ ਲਿਖੋ।
10. 'ਦਸਵੰਧ' ਤੋਂ ਕੀ ਭਾਵ ਹੈ?
11. 'ਆਦਿ ਗ੍ਰੰਥ' ਦਾ ਸੰਕਲਨ ਕਿਉਂ ਕੀਤਾ ਗਿਆ?
12. ਲੰਗਰ ਪ੍ਰਥਾ ਬਾਰੇ ਤੁਸੀ ਕੀ ਜਾਣਦੇ ਹੋ?
13. ਗੁਰੂ ਅੰਗਦ ਦੇਵ ਜੀ ਸੰਗਤ ਪ੍ਰਥਾ ਰਾਹੀਂ ਸਿੱਖਾਂ ਨੂੰ ਕੀ ਉਦੇਸ਼ ਦਿੰਦੇ ਸਨ?
14. ਗੁਰੂ ਅੰਗਦ ਦੇਵ ਜੀ ਦੀ ਪੰਗਤ ਪ੍ਰਥਾ ਬਾਰੇ ਜਾਣਕਾਰੀ ਦਿਓ।
15. ਗੁਰੂ ਅੰਗਦ ਦੇਵ ਰਾਹੀਂ ਅਖਾੜੇ ਦੀ ਸਥਾਪਨਾ ਬਾਰੇ ਲਿਖੋ।
16. ਗੋਇੰਦਵਾਲ ਬਾਰੇ ਤੁਸੀਂ ਕੀ ਜਾਣਦੇ ਹੋ?
17. ਗੁਰੂ ਅਮਰਦਾਸ ਦੇ ਜਾਤ-ਪਾਤ ਬਾਰੇ ਵਿਚਾਰ ਦੱਸੋ?
18. ਸਤੀ ਪ੍ਰਥਾ ਬਾਰੇ ਗੁਰੂ ਅਮਰਦਾਸ ਜੀ ਦੇ ਕੀ ਵਿਚਾਰ ਸਨ?
19. ਗੁਰੂ ਅਮਰਦਾਸ ਦੇ ਜਨਮ, ਵਿਆਹ ਅਤੇ ਮੌਤ ਸੰਬੰਧੀ ਕੀ ਸੁਧਾਰ ਕੀਤੇ?
20. ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦੀ ਮਹੱਤਤਾ ਦੱਸੋ।
21. ਲਾਹੌਰ ਦੀ ਬਾਉਲੀ ਬਾਰੇ ਜਾਣਕਾਰੀ ਦਿਓ।
22. ਗੁਰੂ ਅਰਜਨ ਦੇਵ ਜੀ ਨੂੰ ਆਦਿ ਗ੍ਰੰਥ ਦੀ ਸਥਾਪਨਾ ਦੀ ਕਿਉਂ ਲੋੜ ਪਈ?
23. ਗੁਰੂ ਅਰਜਨ ਦੇਵ ਜੀ ਦੇ ਸਮਾਜ ਸੁਧਾਰ ਸੰਬੰਧੀ ਕੋਈ ਦੋ ਕੰਮ ਲਿਖੋ।
24. ਗੁਰੂ ਅਰਜਨ ਦੇਵ ਜੀ ਅਤੇ ਅਕਬਰ ਦੇ ਸੰਬੰਧਾਂ ਦਾ ਵਰਨਣ ਕਰੋ।
25. ਜਹਾਂਗੀਰ ਗੁਰੂ ਅਰਜਨ ਦੇਵ ਜੀ ਨੂੰ ਕਿਉਂ ਸ਼ਹੀਦ ਕਰਨਾ ਚਾਹੁੰਦਾ ਸੀ?
26. 'ਮੀਰੀ ਅਤੇ ਪੀਰੀ' ਦੀਆਂ ਤਲਵਾਰਾਂ ਦੀ ਵਿਸ਼ੇਸ਼ਤਾ ਦੱਸੋ।
27. ਅੰਮ੍ਰਿਤਸਰ ਦੀ ਕਿਲ੍ਹਾਬੰਦੀ ਬਾਰੇ ਗੁਰੂ ਹਰਗੋਬਿੰਦ ਜੀ ਨੇ ਕੀ ਕੀਤਾ?

(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗ-ਪਗ 30-50 ਸ਼ਬਦਾਂ ਵਿੱਚ ਲਿਖੋ—

1. ਗੋਇੰਦਵਾਲ ਵਿਚਲੀ ਬਾਉਲੀ ਦਾ ਵਰਨਣ ਕਰੋ।
2. ਮੰਜੀ-ਪ੍ਰਥਾ ਤੋਂ ਕੀ ਭਾਵ ਹੈ ਤੇ ਇਸ ਦਾ ਕੀ ਉਦੇਸ਼ ਸੀ?
3. ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਉਦਾਸੀ ਮੱਤ ਨਾਲੋਂ ਕਿਵੇਂ ਨਿਖੇੜਿਆ?
4. ਗੁਰੂ ਅਮਰਦਾਸ ਜੀ ਨੇ ਵਿਆਹ ਦੀਆ ਰੀਤਾਂ ਵਿੱਚ ਕੀ-ਕੀ ਸੁਧਾਰ ਕੀਤੇ?
5. ਅਨੰਦ ਸਾਹਿਬ ਬਾਰੇ ਲਿਖੋ।
6. ਰਾਮਦਾਸਪੁਰ ਜਾਂ ਅੰਮ੍ਰਿਤਸਰ ਦੀ ਸਥਾਪਨਾ ਦਾ ਵਰਨਣ ਕਰੋ।

7. ਹਰਿਮੰਦਰ ਸਾਹਿਬ ਬਾਰੇ ਜਾਣਕਾਰੀ ਦਿਓ।
8. ਤਰਨਤਾਰਨ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ?
9. ਮਸੰਦ ਪ੍ਰਥਾ ਤੋਂ ਸਿੱਖ ਧਰਮ ਨੂੰ ਕੀ-ਕੀ ਲਾਭ ਹੋਏ?
10. ਗੁਰੂ ਹਰਗੋਬਿੰਦ ਜੀ ਦੇ ਰੋਜ਼ਾਨਾ ਜੀਵਨ ਬਾਰੇ ਦੱਸੋ।
11. ਅਕਾਲ-ਤਖ਼ਤ ਬਾਰੇ ਤੁਸੀਂ ਕੀ ਜਾਣਦੇ ਹੋ?
12. ਗੁਰੂ ਅੰਗਦ ਦੇਵ ਜੀ ਰਾਹੀਂ ਸਿੱਖ ਸੰਸਥਾ ਦੇ ਵਿਕਾਸ ਲਈ ਕੀਤੇ ਚਾਰ ਕਾਰਜਾਂ ਬਾਰੇ ਲਿਖੋ।
13. 'ਮਸੰਦ ਪ੍ਰਥਾ' ਸਿੱਖ ਧਰਮ ਦੇ ਵਿਕਾਸ ਵਿੱਚ ਕਿਸ ਤਰ੍ਹਾਂ ਲਾਭਕਾਰੀ ਸਿੱਧ ਹੋਈ?
14. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 'ਤੇ ਨੋਟ ਲਿਖੋ?

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 100-120 ਸ਼ਬਦਾਂ ਵਿਚ ਲਿਖੋ—**

1. ਗੁਰੂ ਅੰਗਦ ਸਾਹਿਬ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?
2. ਗੁਰੂ ਅਮਰਦਾਸ ਦੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ-ਕੀ ਕਾਰਜ ਕੀਤੇ?
3. ਗੁਰੂ ਅਮਰਦਾਸ ਜੀ ਦੇ ਕੀਤੇ ਗਏ ਸੁਧਾਰਾਂ ਦਾ ਵਰਨਣ ਕਰੋ।
4. ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯਤਨ ਕੀਤੇ?
5. ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?
6. ਮਸੰਦ ਪ੍ਰਥਾ ਦੇ ਮੁੱਢ, ਵਿਕਾਸ ਤੇ ਲਾਭ ਬਾਰੇ ਦਸੋ।
7. ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ ਦਾ ਵਰਨਣ ਕਰੋ।
8. ਨਵੀਂ ਨੀਤੀ ਤੋਂ ਬਿਨ੍ਹਾਂ ਗੁਰੂ ਹਰਗੋਬਿੰਦ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਹੋਰ ਕੀ-ਕੀ ਕੰਮ ਕੀਤੇ?
9. ਸਿੱਖ ਧਰਮ ਦੇ ਵਿਕਾਸ ਲਈ ਗੁਰ ਹਰਿਰਾਇ ਜੀ ਦੇ ਕੰਮਾਂ ਦਾ ਵਰਣਨ ਕਰੋ।
10. ਗੁਰ ਹਰਿਕ੍ਰਿਸ਼ਨ ਜੀ ਨੇ ਸਿੱਖ ਧਰਮ ਦੇ ਵਿਕਾਸ ਲਈ ਕੀ ਯੋਗਦਾਨ ਪਾਇਆ?
11. ਗੁਰੂ ਤੇਗ ਬਹਾਦਰ ਜੀ ਦੀ ਮਾਲਵਾ ਯਾਤਰਾ ਬਾਰੇ ਵਰਨਣ ਕਰੋ।

*****

# ਪਾਠ-5

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ, ਖਾਲਸੇ ਦੀ ਸਿਰਜਣਾ ਅਤੇ ਸ਼ਖ਼ਸੀਅਤ

# (GURU GOBIND SINGH JI'S LIFE, CREATION OF KHALSA AND HIS PERSONALITY)

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਅਤੇ ਸਿਖ ਧਰਮ ਦੇ ਆਖਰੀ ਦੇਹਧਾਰੀ ਗੁਰੂ ਸਨ। ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਦਾ ਕਾਰਜ ਕੀਤਾ। ਉਹਨਾਂ ਦੇ ਅੱਠ ਉੱਤਰਾਧਿਕਾਰੀਆਂ ਨੇ ਹੌਲੀ-ਹੌਲੀ ਸਿੱਖ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ। ਪਰ ਉਸ ਕਾਰਜ ਨੂੰ ਸੰਪੂਰਨ ਕਰਨ ਵਾਲੇ ਗੁਰੂ ਗੋਬਿੰਦ ਸਿੰਘ ਜੀ ਹੀ ਸਨ। ਉਹਨਾਂ ਨੇ 1699 ਈ: ਵਿੱਚ ਖਾਲਸਾ ਦੀ ਸਾਜਨਾ ਕਰਕੇ ਸਿੱਖ ਮੱਤ ਨੂੰ ਅੰਮਿਤ ਰੂਪ ਦਿੱਤਾ। ਉਹਨਾਂ ਨੇ ਸਿੱਖਾਂ ਵਿੱਚ ਵਿਸ਼ੇਸ਼ ਦਲੇਰੀ, ਬਹਾਦਰੀ ਅਤੇ ਏਕਤਾ ਦੀ ਭਾਵਨਾ ਉਤਪੰਨ ਕਰ ਦਿੱਤੀ। ਸੀਮਤ ਸਾਧਨਾਂ ਅਤੇ ਬਹੁਤ ਥੋੜ੍ਹੇ ਸਿੱਖ-ਸੈਨਿਕਾਂ ਦੀ ਸਹਾਇਤਾ ਨਾਲ ਉਹਨਾਂ ਨੇ ਮੁਗਲ ਸਾਮਰਾਜ ਦੇ ਜ਼ੁਲਮਾਂ ਦੇ ਵਿਰੁੱਧ ਟੱਕਰ ਲਈ। ਗੁਰੂ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਦੇਹਧਾਰੀ ਗੁਰੂ ਦੀ ਪਰੰਪਰਾ ਖ਼ਤਮ ਕਰਕੇ ਗੁਰੂ ਦੀ ਸ਼ਕਤੀ ਗੁਰੂ ਗ੍ਰੰਥ ਸਾਹਿਬ ਨੂੰ ਥਾਪੀ। ਇਸੇ ਲਈ ਉਹਨਾਂ ਵਿੱਚ ਇੱਕੋਂ ਸਮੇਂ ਅਧਿਆਤਮਕ ਨੇਤਾ, ਉੱਚ ਕੋਟੀ ਦਾ ਸੰਗਠਨ ਕਰਤਾ, ਜਮਾਂਦਰੂ ਸੈਨਾਨਾਇਕ, ਪ੍ਰਤਿਭਾਸ਼ਾਲੀ ਵਿਦਵਾਨ ਅਤੇ ਉੱਤਮ ਸੁਧਾਰਕ ਦੇ ਗੁਣ ਵਿਦਵਾਨ ਸਨ। ਉਹਨਾਂ ਦੇ ਜੀਵਨ, ਖਾਲਸਾ ਦੀ ਸਾਜਨਾ, ਉਹਨਾਂ ਦੀਆਂ ਲੜਾਈਆਂ ਅਤੇ ਉਹਨਾਂ ਦੀ ਸ਼ਖਸ਼ੀਅਤ ਦਾ ਵਰਣਨ ਇਸ ਪ੍ਰਕਾਰ ਹੈ—

## ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ (1666-1708ਈ:)

## (Life of Guru Gobind Singh Ji)

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿੱਚ ਚੰਗੀ ਸਿੱਖਿਆ ਪ੍ਰਾਪਤ ਕੀਤੀ। ਉਹਨਾਂ ਨੇ ਆਪਣੇ ਪਿਤਾ ਨੂੰ ਸ਼ਹੀਦੀ ਲਈ ਆਪਣੇ ਹੱਥੀ ਤੋਰਿਆ। ਉਹਨਾਂ ਨੇ ਬਹਾਦਰ ਸੈਨਿਕਾਂ ਦੀ ਸਿਰਜਣਾ ਕਰਕੇ ਅਤੇ ਖਾਲਸਾ ਸਾਜ ਕੇ ਮੁਗਲਾਂ ਦੇ ਜ਼ੁਲਮ ਨਾਲ ਟੱਕਰ ਲਈ। ਉਹਨਾਂ ਨੇ ਉੱਤਮ ਸਾਹਿਤ ਰਚਿਆ। ਉਹਨਾਂ ਦਾ ਸਾਰਾ ਜੀਵਨ ਸੰਘਰਸ਼-ਮਈ ਰਿਹਾ।

**(ੳ) ਜਨਮ ਅਤੇ ਮਾਤਾ-ਪਿਤਾ** (Birth and Parentage):- ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈ: ਨੂੰ ਪਟਨਾ (ਬਿਹਾਰ ਦੀ ਰਾਜਧਾਨੀ) ਵਿਖੇ ਹੋਇਆ। ਉਹਨਾਂ ਦੀ ਮਾਤਾ ਦਾ ਨਾਂ ਗੁਜਰੀ ਸੀ। ਉਹ ਗੁਰੂ ਤੇਗ ਬਹਾਦਰ ਜੀ ਦੇ ਇਕਲੌਤੇ ਪੁੱਤਰ ਸਨ।

ਜਿਸ ਸਮੇਂ ਗੁਰੂ ਤੇਗ ਬਹਾਦਰ ਜੀ ਭਾਰਤ ਦੇ ਪੂਰਬੀ ਪ੍ਰਦੇਸ਼ਾਂ ਦੀ ਯਾਤਰਾ ਕਰ ਰਹੇ ਸਨ, ਉਸ ਵੇਲੇ ਮਾਤਾ ਗੁਜਰੀ ਜੀ ਆਪਣੇ ਬਾਕੀ ਪਰਿਵਾਰ ਨਾਲ਼ ਪਟਨਾ ਵਿਖੇ ਰੁਕੇ ਹੋਏ ਸਨ। ਗੁਰੂ ਤੇਗ ਬਹਾਦਰ ਜੀ ਦੇ ਆਦੇਸ਼ ਅਨੁਸਾਰ ਹੀ ਨਵ-ਜੰਮੇ ਬਾਲ ਦਾ ਨਾਂ ਗੋਬਿੰਦ ਦਾਸ ਰੱਖਿਆ ਗਿਆ। ਕੁਝ ਸਮੇਂ ਮਗਰੋਂ ਉਹਨਾਂ ਨੂੰ ਗੋਬਿੰਦ ਰਾਏ ਵੀ ਕਿਹਾ ਜਾਣ ਲੱਗ ਪਿਆ।

**(ਅ) ਪਟਨਾ ਵਿੱਚ ਬਚਪਨ** (Childhood in Patna):- ਗੋਬਿੰਦ ਰਾਏ ਜੀ ਆਪਣੇ ਜੀਵਨ ਦੇ ਪਹਿਲੇ ਪੰਜ ਵਰ੍ਹੇ ਪਟਨਾ ਵਿੱਚ ਹੀ ਰਹੇ। ਬਚਪਨ ਵਿੱਚ ਉਹ ਅਜਿਹਿਆਂ ਖੇਡਾਂ ਖੇਡਦੇ, ਜਿਨ੍ਹਾਂ ਤੋਂ ਇਹ ਪਤਾ ਲੱਗਦਾ ਸੀ ਕਿ ਇੱਕ ਦਿਨ ਉਹ ਇੱਕ ਮਹਾਨ ਧਾਰਮਿਕ ਨੇਤਾ ਬਣਨਗੇ। ਉਹ ਆਪਣੇ ਸਾਥੀਆਂ

ਦੀਆਂ ਦੌੜਾਂ ਅਤੇ ਕੁਸ਼ਤੀਆਂ ਕਰਵਾਇਆ ਕਰਦੇ ਸਨ। ਉਹ ਆਪ ਵੀ ਉਹਨਾਂ ਖੇਡਾਂ ਵਿਚ ਹਿੱਸਾ ਲਿਆ ਕਰਦੇ ਸਨ। ਉਹ ਆਪਣੇ ਸਾਥੀ ਬੱਚਿਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਉਹਨਾਂ ਤੋਂ ਨਕਲੀ ਯੁੱਧ ਵੀ ਕਰਵਾਇਆ ਕਰਦੇ ਸਨ। ਉਹ ਆਪਣੇ ਸਾਥੀਆਂ ਦੇ ਝਗੜਿਆਂ ਦਾ ਨਿਪਟਾਰਾ ਕਰਨ ਲਈ ਕਚਹਿਰੀ ਲਾਇਆ ਕਰਦੇ ਸਨ। ਗੋਬਿੰਦ ਰਾਏ ਜੀ ਦੇ ਦਰਸ਼ਨ ਕਰਕੇ ਘੁੜਾਮ (ਪਟਿਆਲਾ) ਦੇ ਇੱਕ ਮੁਸਲਿਮ ਫਕੀਰ, ਸੱਯਦ ਭੀਖਣ ਸ਼ਾਹ ਨੇ ਵਚਨ ਕੀਤੇ ਸਨ ਕਿ ਇੱਕ ਦਿਨ ਉਹ ਬਾਲਕ ਮਹਾਂ ਪੈਗੰਬਰ ਬਣੇਗਾ।

**(ੲ) ਲਖਨੌਰ ਵਿਖੇ ਦਸਤਾਰ ਬੰਦੀ ਦੀ ਰਸਮ** (Dastar Ceremony in Lakhnaur):- 1671ਈ: ਵਿੱਚ ਗੋਬਿੰਦ ਰਾਏ ਜੀ, ਉਹਨਾਂ ਦੇ ਮਾਤਾ, ਦਾਦੀ, ਮਾਮਾ ਅਤੇ ਹੋਰ ਸਿੱਖ ਲਖਨੌਰ ਪੁੱਜ ਗਏ। ਇੱਥੇ ਬਾਲਕ ਗੋਬਿੰਦ ਰਾਏ ਦੀ ਦਸਤਾਰਬੰਦੀ ਦੀ ਰਸਮ ਪੂਰੀ ਕੀਤੀ ਗਈ। ਉਹਨਾਂ ਜੇ ਵੱਡੇ ਮਾਮੇ ਮਿਹਰ ਚੰਦ ਨੇ ਉਹਨਾਂ ਦੇ ਸੀਸ ਉੱਤੇ ਹਰੇ ਰੰਗ ਦੀ ਪੱਗ ਸਜਾਈ। ਇਸ ਮੌਕੇ 'ਤੇ ਬਾਲਕ ਗੋਬਿੰਦ ਰਾਏ ਦੀ ਦੇ ਸੁੰਦਰ ਕੱਪੜੇ ਅਤੇ ਹਥਿਆਰ ਸਜਾਏ ਗਏ।

**(ਸ) ਸਿੱਖਿਆ** (Education):- 1672 ਈ: ਦੇ ਸ਼ੁਰੂ ਵਿੱਚ ਗੁਰੂ ਤੇਗ ਬਹਾਦਰ ਜੀ ਆਪਣੇ ਪਰਿਵਾਰ ਸਮੇਤ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਿਖੇ ਰਹਿਣ ਲੱਗੇ। ਉੱਥੇ ਗੋਬਿੰਦ ਰਾਏ ਜੀ ਦੀ ਸਿੱਖਿਆ ਦਾ ਉੱਚਿਤ ਪ੍ਰਬੰਧ ਕੀਤਾ ਗਿਆ। ਕਾਜ਼ੀ ਪੀਰ ਮੁਹੰਮਦ ਉਹਨਾਂ ਨੂੰ ਫਾਰਸੀ ਪੜ੍ਹਾਉਂਦੇ ਅਤੇ ਪੰਡਿਤ ਹਰਜਸ ਉਹਨਾਂ ਨੂੰ ਸੰਸਕ੍ਰਿਤ ਦਾ ਗਿਆਨ ਦਿੰਦੇ। ਰਾਜਪੂਤ ਬੰਜਰ ਸਿੰਘ ਨੇ ਉਹਨਾਂ ਨੂੰ ਘੋੜ-ਸਵਾਰੀ ਅਤੇ ਅਸਤਰ-ਸ਼ਸਤਰ ਚਲਾਉਣ ਦੀ ਸਿੱਖਿਆ ਦਿੱਤੀ। ਗੁਰਮੁਖੀ ਦਾ ਗਿਆਨ ਉਹਨਾਂ ਨੇ ਭਾਈ ਸਾਹਿਬ ਚੰਦ ਅਤੇ ਭਾਈ ਸਤੀ ਦਾਸ ਤੋਂ ਲਖਨੌਰ ਵਿਖੇ ਹੀ ਲੈਣਾ ਸ਼ੁਰੂ ਕਰ ਦਿੱਤਾ ਸੀ।

**(ਹ) ਗੁਰੂ-ਗੱਦੀ ਦੀ ਪ੍ਰਾਪਤੀ ਅਤੇ ਪਿਤਾ ਦੀ ਸ਼ਹੀਦੀ** (Assumption of Guruship and Martyrdom of Father):- ਮਈ 1675 ਈ: ਵਿੱਚ ਕਸ਼ਮੀਰੀ ਪੰਡਤਾਂ ਦਾ ਇੱਕ ਜੱਥਾ ਗੁਰੂ ਤੇਗ ਬਹਾਦਰ ਦੀ ਕੋਲ਼ ਪੁੱਜਾ। ਉਹਨਾ ਨੇ ਗੁਰੂ ਜੀ ਨੂੰ ਕਸ਼ਮੀਰੀ ਪੰਡਿਤਾਂ ਉੱਤੇ ਹੋ ਰਹੇ ਮੁਗਲ-ਅਤਿਆਚਾਰਾਂ ਬਾਰੇ ਦੱਸਿਆ। ਉਹਨਾਂ ਦੀ ਸਾਰੀ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ ਕਿ ਇਸ ਵੇਲੇ ਕਿਸੇ ਮਹਾਨ ਪੁਰਸ਼ ਦੀ ਬਲੀ ਦੀ ਲੋੜ ਹੈ। ਇਹ ਸੁਣ ਕੇ ਬਾਲਕ ਗੋਬਿੰਦ ਰਾਏ ਨੇ ਕਿਹਾ ਕਿ ਇਸ ਕਾਰਜ ਲਈ ਆਪ ਤੋਂ ਵੱਧ ਮਹਾਂਪੁਰਸ਼ ਹੋਰ ਕੌਣ ਹੋ ਸਕਦਾ ਹੈ। ਆਪਣੇ ਪੁੱਤਰ ਦੇ ਮੂੰਹ ਤੋਂ ਇਹ ਸ਼ਬਦ ਸੁਣ ਕੇ ਗੁਰੂ ਤੇਗ ਬਹਾਦਰ ਜੀ ਨੇ ਬਲੀ ਦੇਣ ਦਾ ਨਿਸ਼ਚਾ ਕਰ ਲਿਆ।

ਗੁਰੂ ਤੇਗ ਬਹਾਦਰ ਦੀ ਗੋਬਿੰਦ ਰਾਇ ਨੂੰ ਗੁਰਗੱਦੀ ਸੌਂਪ ਕੇ ਆਪਣੇ ਸਾਥੀਆਂ ਨਾਲ ਦਿੱਲੀ ਵੱਲ ਚੱਲ ਪਏ। ਰਸਤੇ ਵਿੱਚ ਪੈਂਦੇ ਪਿੰਡ ਮਲਿਕ ਪੁਰ ਵਿੱਚ ਉਹਨਾਂ ਨੂੰ ਕੈਦ ਕਰ ਲਿਆ। 11 ਨਵੰਬਰ 1675 ਈ: ਨੂੰ ਗੁਰੂ ਤੇਗ ਬਹਾਦਰ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਸ਼ਹੀਦ ਕਰ ਦਿੱਤਾ ਗਿਆ। ਕੁਝ ਦਿਨਾਂ ਮਗਰੋਂ ਭਾਈ ਜੈਤਾ (ਭਾਈ ਜੀਵਨ ਸਿੰਘ ਰੰਘਰੇਟਾ) ਉਹਨਾਂ ਦਾ ਸੀਸ ਲੈ ਕੇ ਕੀਰਤਪੁਰ ਸਾਹਿਬ ਵਿਖੇ ਪੁੱਜਾ। ਗੁਰੂ ਗੋਬਿੰਦ ਰਾਏ ਨੇਂ ਉਸ ਨੂੰ ਸੀਨੇ ਨਾਲ ਲਾ ਕੇ ਕਿਹਾ-ਰੰਘਰੇਟੇ ਗੁਰੂ ਕੇ ਬੇਟੇ। ਆਨੰਦਪੁਰ ਵਿਖੇ ਜਾ ਕੇ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸਸਕਾਰ ਕਰ ਦਿੱਤਾ ਗਿਆ।

**(ਕ) ਗੁਰੂ ਸਾਹਿਬ ਦਾ ਵਿਆਹ** (Marriages of Guru Sahib):- ਕੁਝ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਦੀਆਂ ਤਿੰਨ ਪਤਨੀਆਂ ਮਾਤਾ ਜੀਤੋ ਜੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦਸਦੇ ਹਨ। ਪਰ ਕੁਝ ਵਿਦਵਾਨ ਇਸ ਨੂੰ ਇਕ ਔਰਤ ਦੇ ਹੀ ਵੱਖ-ਵੱਖ ਨਾਂ ਮੰਨਦੇ ਹਨ। ਮਾਤਾ ਜੀਤੋ ਜੀ ਦਾ ਦੂਜਾ ਜਨਮ ਮਾਤਾ ਸੁੰਦਰੀ ਅਤੇ ਅੰਮ੍ਰਿਤ ਛਕਣ ਤੋਂ ਬਾਅਦ ਤੀਜਾ ਨਾਮ ਮਾਤਾ ਸਾਹਿਬ ਕੌਰ ਹੋਇਆ ਦਸਦੇ ਹਨ। ਪਰ ਇਸ ਬਾਰੇ ਮਤ ਭੇਦ ਹਨ। ਗੁਰੂ ਜੀ ਦੇ ਚਾਰ ਸਪੁੱਤਰ ਸਨ ਜਿਨ੍ਹਾਂ ਨੂੰ ਸਹਿਬਜ਼ਾਦੇ ਕਿਹਾ ਜਾਂਦਾ ਹੈ ਉਹਨਾਂ ਦੇ ਨਾਮ ਹਨ; ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ।

**(ਖ) ਸੈਨਾ ਦਾ ਸੰਗਠਨ** (Organization of Army):- ਸਿੱਖ ਧਰਮ ਦੀ ਰੱਖਿਆ ਕਰਨ ਲਈ ਕਿਰਪਾਲ ਚੰਦ ਨੇ ਗੁਰੂ ਸਾਹਿਬ ਦੀ ਸੈਨਾ ਦਾ ਸੰਗਠਨ ਕਰਨਾ ਬਹੁਤ ਜ਼ਰੂਰੀ ਸਮਝਿਆ। ਇਸ ਲਈ ਉਸ ਨੇ ਗੁਰੂ ਜੀ ਵੱਲੋਂ ਐਲਾਨ ਕਰ ਦਿੱਤਾ ਕਿ ਜਿਸ ਸਿੱਖ ਦੇ ਚਾਰ ਪੁੱਤਰ ਹੋਣ ਉਹ ਉਹਨਾਂ ਵਿਚੋਂ ਦੋ ਪੁੱਤਰ ਗੁਰੂ ਸਾਹਿਬ ਦੀ ਸੈਨਾ ਵਿੱਚ ਭਰਤੀ ਕਰਵਾਏ। ਸਿੱਖਾਂ ਨੂੰ ਇਹ ਹੁਕਮ ਵੀ ਦਿੱਤਾ ਗਿਆ ਕਿ ਉਹ ਹੋਰ ਵਸਤੂਆਂ ਦੀ ਥਾਂ ਉਹਨਾਂ ਨੂੰ ਘੋੜੇ ਅਤੇ ਸ਼ਸ਼ਤਰ ਭੇਟ ਕਰਨ। ਸਿੱਟੇ ਵਜੋਂ ਛੇਤੀ ਹੀ ਗੁਰੂ ਸਾਹਿਬ ਕੋਲ ਅਣਗਿਣਤ ਸੈਨਿਕ ਅਤੇ ਯੁੱਧ ਸਮੱਗਰੀ ਇੱਕਠੀ ਹੋ ਗਈ।

**(ਗ) ਗੁਰੂ ਜੀ ਦੇ ਰਾਜਸੀ ਚਿੰਨ੍ਹ ਅਤੇ ਸ਼ਾਨਦਾਰ ਦਰਬਾਰ** (Royal Symbols and Regeal court of the Guru):- ਗੁਰੂ ਗੋਬਿੰਦ ਰਾਏ ਜੀ ਨੇ ਵੀ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਵਾਂਗ ਰਾਜਸੀ ਚਿੰਨ੍ਹਾਂ ਨੂੰ ਅਪਣਾਇਆ। ਉਹ ਆਪਣੀ ਦਸਤਾਰ ਤੇ ਕਲਗੀ ਸਜਾਉਣ ਲੱਗੇ। ਉਹ ਰਾਜ-ਗੱਦੀ ਵਾਂਗ ਉੱਚੇ ਆਸਣ 'ਤੇ ਬਿਰਾਜਮਾਨ ਹੁੰਦੇ ਸਨ। ਉਹ ਆਪਣੇ ਸਿੱਖਾਂ ਦੇ ਦੀਵਾਨ ਸੁੰਦਰ ਅਤੇ ਕੀਮਤੀ ਤੰਬੂਆਂ ਵਿੱਚ ਲਾਉਣ ਲੱਗੇ। ਉਹਨਾਂ ਨੇ ਦਲੇਰ ਸਿੱਖ ਸੈਨਿਕਾਂ ਦੇ ਨਾਲ਼-ਨਾਲ਼ ਆਪਣੇ ਕੋਲ਼ ਹਾਥੀ ਅਤੇ ਘੋੜੇ ਰੱਖਣੇ ਸ਼ੁਰੂ ਕਰ ਦਿੱਤੇ। ਉਹ ਆਨੰਦਪੁਰ ਦੇ ਜੰਗਲਾਂ ਵਿੱਚ ਸ਼ਿਕਾਰ ਵੀ ਖੇਡਣ ਜਾਂਦੇ। ਉਹਨਾਂ ਨੇ ਇੱਕ ਨਗਾਰਾ ਬਣਾਇਆ "ਜਿਸ ਦਾ ਨਾਂ 'ਰਣਜੀਤ ਨਗਾਰਾ' ਸੀ।

**(ਘ) ਪਾਉਂਟਾ ਸਾਹਿਬ ਵਿਖੇ ਗੁਰੂ ਜੀ ਦੇ ਕਾਰਜ** (The Guru's activities at Paonta Sahib):- ਅਨੰਦਪੁਰ ਸਾਹਿਬ ਵਿਚਲੀਆਂ ਗੁਰੂ ਗੋਬਿੰਦ ਰਾਏ ਦੀਆਂ ਕਾਰਵਾਈਆਂ ਬਿਲਾਸਪੁਰ ਦੇ ਰਾਜਾ ਭੀਮ ਚੰਦ ਨੂੰ ਚੰਗੀਆਂ ਨਹੀਂ ਸਨ ਲੱਗਦੀਆਂ। ਇਸ ਲਈ ਉਹ ਕਿਸੇ ਨਾ ਕਿਸੇ ਬਹਾਨੇ ਗੁਰੂ ਜੀ ਨਾਲ਼ ਲੜਨਾ ਚਾਹੁੰਦਾ ਸੀ ਪਰ ਗੁਰੂ ਜੀ ਉਸ ਨਾਲ਼ ਲੜ ਕੇ ਆਪਣੀ ਸੈਨਿਕ ਸ਼ਕਤੀ ਨੂੰ ਨਹੀਂ ਸੀ ਗਵਾਉਣਾ ਚਾਹੁੰਦੇ। ਇਸ ਲਈ ਉਹ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ ਦੇ ਸੱਦੇ' ਤੇ ਨਾਹਨ ਰਾਜ ਵਿੱਚ ਚਲੇ ਗਏ।

ਨਾਹਰ ਰਾਜ ਦੇ ਪ੍ਰਦੇਸ਼ ਵਿੱਚ ਜਮਨਾ ਨਦੀ ਦੇ ਕੰਢੇ ਗੁਰੂ ਸਾਹਿਬ ਨੇ ਇੱਕ ਸੁੰਦਰ ਇਕਾਂਤ ਥਾਂ ਚੁਣ ਲਈ। ਉਸ ਥਾਂ ਦਾ ਨਾਂ 'ਪਾਉਂਟਾ' ਰੱਖਿਆ ਗਿਆ, ਜਿਸ ਦਾ ਅਰਥ ਹੈ 'ਪੈਰ ਰੱਖਣ ਦੀ ਥਾਂ'। ਗੁਰੂ ਜੀ ਨੇ ਏਥੇ 52 ਕਵੀ ਰੱਖੇ। ਇੱਥੇ ਕਵੀਆਂ ਅਤੇ ਗੁਰੂ ਜੀ ਨੇ ਆਪਣੀਆਂ ਸਾਹਿਤਕ ਰਚਨਾਵਾਂ ਰਚ ਕੇ ਸਾਹਿਤ ਵਿੱਚ ਢੇਰ ਸਾਰਾ ਵਾਧਾ ਕੀਤਾ

ਆਪਣੇ ਸਿੱਖਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਨ ਲਈ ਉਹਨਾਂ ਨੇ ਰਮਾਇਣ ਅਤੇ ਮਹਾਂਭਾਰਤ ਦੇ ਅਨੁਵਾਦ ਵੀ ਕਰਵਾਏ। ਉਹਨਾਂ ਨੇ ਆਪਣੇ ਸਿੱਖਾਂ ਨੂੰ ਘੋੜ ਸਵਾਰੀ, ਤੀਰ ਕਮਾਣ ਚਲਾਉਣ ਅਤੇ ਤਲਵਾਰ ਦੀ ਵਰਤੋਂ ਕਰਨ ਦੀ ਵੀ ਸਿੱਖਿਆ ਦਿੱਤੀ। ਗੁਰੂ ਸਾਹਿਬ ਨੇ ਸਢੌਰਾ ਦੇ ਪੀਰ ਬੁੱਧੂ ਸ਼ਾਹ ਦੇ ਕਹਿਣ 'ਤੇ 500 ਪਠਾਣਾਂ ਦੀ ਫੌਜ ਵੀ ਆਪਣੀ ਸੈਨਾ ਵਿੱਚ ਮਿਲਾ ਲਈ।

**(ਙ) ਖਾਲਸਾ ਸਾਜਣ ਤੋਂ ਪਹਿਲੀਆਂ ਲੜਾਈਆ** (Battles of Pre-Khalsa period):- ਖਾਲਸਾ ਸਾਜਨ ਤੋਂ ਪਹਿਲਾਂ ਗੁਰੂ ਗੋਬਿੰਦ ਰਾਏ ਜੀ ਨੂੰ 1688 ਈ: ਵਿੱਚ ਭੰਗਾਣੀ ਦੀ ਜੰਗ ਲੜਨੀ ਪਈ। ਉਸ ਲੜਾਈ ਵਿੱਚ ਗੁਰੂ ਜੀ ਨੇ ਰਾਜਾ ਫਤਹਿ ਸ਼ਾਹ ਅਤੇ ਉਸ ਦੇ ਸਾਥੀਆਂ ਨੂੰ ਹਰਾਇਆ। ਗੁਰੂ ਜੀ ਦੀ ਪਹਿਲੀ ਅਤ ਮਹੱਤਵਪੂਰਨ ਜਿੱਤ ਸੀ। ਇਸ ਜਿੱਤ ਤੋਂ ਬਾਅਦ ਗੁਰੂ ਜੀ ਮੁੜ ਕੇ ਅਨੰਦਪੁਰ ਆ ਗਏ। ਉਹਨਾਂ ਨੇ ਉੱਥੇ ਆਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ ਅਤੇ ਫ਼ਤਿਹਗੜ੍ਹ ਨਾਮੀ ਚਾਰ ਕਿਲ੍ਹਿਆਂ ਦੀ ਉਸਾਰੀ ਕਰਵਾਈ।

ਜਦੋਂ ਮੁਗਲ ਸਮਰਾਟ ਔਰੰਗਜ਼ੇਬ ਨੂੰ ਦੱਖਣ ਵਿੱਚ ਗੁਰੂ ਗੋਬਿੰਦ ਰਾਏ ਜੀ ਦੀ ਵਧਦੀ ਹੋਈ ਸ਼ਕਤੀ ਦਾ ਸਮਾਚਾਰ ਮਿਲਿਆ ਤਾਂ ਉਸ ਨੇ 1694 ਈ: ਨੂੰ ਪੰਜਾਬ ਦੇ ਹਾਕਮਾਂ ਨੂੰ ਹੁਕਮ ਕੀਤਾ ਕਿ ਉਹ ਗੁਰੂ ਜੀ ਦੇ ਖਿਲਾਫ ਯੁੱਧ ਛੇੜਣ। ਕਾਂਗੜਾ ਪ੍ਰਦੇਸ਼ ਦੇ ਫੌਜਦਾਰ ਨੇ ਆਪਣੇ ਪੁੱਤਰ ਖਾਨਜਾਦਾ ਰੁਸਤਮ ਖਾਂ ਨੂੰ ਗੁਰੂ ਜੀ ਦੇ ਖ਼ਿਲਾਫ਼ ਭੇਜਿਆ। ਸਿੱਖਾਂ ਨੇ ਉਸ ਨੂੰ ਹਰਾ ਦਿੱਤਾ।

ਖਾਨਜਾਦਾ ਰੁਸਤਮ ਖਾਂ ਦੀ ਅਸਫਲਤਾ ਮਗਰੋਂ 1696ਈ: ਦੇ ਆਰੰਭ ਵਿੱਚ ਕਾਂਗੜਾ ਪ੍ਰਦੇਸ਼ ਦੇ ਫੌਜ਼ਦਾਰ ਨੇ ਹੁਸੈਨ ਖਾਂ ਨੂੰ ਗੁਰੂ ਜੀ ਦੇ ਖਿਲਾਫ਼ ਭੇਜਿਆ ਪਰ ਉਹ ਪਹਾੜੀ ਰਾਜਿਆਂ ਨਾਲ ਹੀ ਉਲਝ ਕੇ ਰਹਿ ਗਿਆ।

ਸ਼ਹਿਜਾਦਾ ਮੁਅੱਜਮ ਨੇ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਦੀ ਸ਼ਕਤੀ ਨੂੰ ਕੁਚਲਣ ਲਈ ਚਾਲੇ ਪਾਏ। ਉਹ ਪਹਾੜੀ ਰਾਜਿਆਂ ਨੂੰ ਕੁਚਲਣ ਵਿੱਚ ਤਾਂ ਸਫਲ ਹੋ ਗਿਆ, ਪਰ ਸ਼ਹਿਜ਼ਾਦੇ ਨੇ ਗੁਰੂ ਜੀ ਦੇ ਖਿਲਾਫ਼ ਕੋਈ ਵੀ ਕਾਰਵਾਈ ਨਾ ਕੀਤੀ।

**(ਚ) ਖਾਲਸਾ ਦੀ ਸਾਜਣਾ** (Creation of Khalsa):- ਵਿਸਾਖੀ ਵਾਲ਼ੇ ਦਿਨ 1699 ਈ: ਨੂੰ ਗੁਰੂ ਗੋਬਿੰਦ ਰਾਏ ਜੀ ਨੇ ਖਾਲਸਾ ਦੀ ਸਾਜਣਾ ਕੀਤੀ। ਉਹਨਾਂ ਨੇ ਅੰਮ੍ਰਿਤ ਤਿਆਰ ਕਰਕੇ ਪੰਜਾਂ ਪਿਆਰਿਆਂ– ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ ਦੀ ਚੋਣ ਕੀਤੀ। ਫਿਰ ਉਹਨਾਂ ਨੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਆਪਣੇ ਨਾਂ ਨਾਲ਼ 'ਸਿੰਘ' ਸ਼ਬਦ ਲਾਇਆ। ਫਲਸਰੂਪ ਉਹ ਸਿੰਘ ਵੀ ਸਜ ਗਏ ਅਤੇ ਉਹਨਾਂ ਦਾ ਨਾਂ ਗੁਰੂ ਗੋਬਿੰਦ ਸਿੰਘ ਹੋ ਗਿਆ।

**(ਛ) ਉੱਤਰ ਖਾਲਸਾ ਕਾਲ ਦੀਆਂ ਲੜਾਈਆਂ** (Battles of Post-Khalsa Period):- ਖ਼ਾਲਸਾ ਦੀ ਸਾਜਣਾ ਤੋਂ ਬਾਅਦ ਦੇ ਕਾਲ ਨੂੰ 'ਉੱਤਰ-ਖਾਲਸਾ ਕਾਲ' ਕਿਹਾ ਜਾਂਦਾ ਹੈ। ਇਸ ਕਾਲ ਵਿੱਚ ਗੁਰੂ ਜੀ ਯੁੱਧਾਂ ਵਿੱਚ ਹੀ ਲੱਗੇ ਰਹੇ। ਉਹਨਾਂ ਨੇ 1701 ਈ: ਵਿੱਚ ਅਨੰਦਪੁਰ ਸਾਹਿਬ ਦਾ ਪਹਿਲਾ ਯੁੱਧ, 1702 ਵਿੱਚ ਨਿਰਮੋਹ ਦਾ ਯੁੱਧ, 1702 ਈ: ਵਿੱਚ ਹੀ ਬਸੋਲੀ ਦਾ ਯੁੱਧ, 1704 ਈ: ਵਿੱਚ ਅਨੰਦਪੁਰ ਸਾਹਿਬ ਦਾ ਦੂਸਰਾ ਯੁੱਧ, ਸ਼ਾਹੀ ਟਿੱਬੀ ਦਾ ਯੁੱਧ, ਸਰਸਾ ਦਾ ਯੁੱਧ, 1705 ਈ: ਵਿੱਚ ਚਮਕੌਰ ਸਾਹਿਬ ਦਾ ਯੁੱਧ ਲੜਿਆ। ਚਮਕੌਰ ਤੋਂ ਨਿਕਲ ਕੇ ਮਾਛੀਵਾੜਾ, ਦੀਨਾ ਆਦਿ ਥਾਵਾਂ ਤੋਂ ਹੁੰਦੇ ਹੋਏ ਉਹ ਖਿਦਰਾਨਾ (ਮੁਕਤਸਰ) ਪੁੱਜੇ ਅਤੇ ਉੱਥੇ 1705 ਈ: ਵਿੱਚ ਉਹਨਾਂ ਨੇ ਮੁਗਲ ਸੈਨਾ ਨੂੰ ਹਰਾਇਆ।

ਖਿਦਰਾਨਾ ਤੋਂ ਗੁਰੂ ਜੀ ਤਲਵੰਡੀ ਸਾਬੋ ਚਲੇ ਗਏ। ਉੱਥੋਂ ਉਹ ਦੱਖਣ ਵੱਲ ਚਲੇ ਗਏ।

**(ਜ) ਗੁਰੂ ਜੀ ਦਾ ਜੋਤੀ-ਜੋਤਿ ਸਮਾਉਣਾ** (Death of the Guru):- ਗੁਰੂ ਗੋਬਿੰਦ ਸਿੰਘ ਜੀ ਸਤੰਬਰ, 1708 ਈ: ਵਿੱਚ ਨੰਦੇੜ (ਦੱਖਣ) ਪਹੁੰਚੇ। ਉਹਨਾ ਨੇ ਮਾਧੋ ਦਾਸ ਨੂੰ ਬੰਦਾ ਬਹਾਦਰ ਦੇ ਰੂਪ ਵਿੱਚ ਪੰਜਾਬ ਭੇਜਿਆ।

ਸਰਹਿੰਦ ਦੇ ਫੌਜਦਾਰ ਨੇ ਦੋ ਪਠਾਣਾਂ ਨੂੰ ਗੁਰੂ ਸਾਹਿਬ ਦੀ ਹੱਤਿਆ ਕਰਨ ਲਈ ਨੰਦੇੜ ਭੇਜਿਆ ਸੀ। ਉਹ ਕਦੇ-ਕਦੇ ਗੁਰੂ ਜੀ ਦੇ ਦਰਬਾਰ ਵਿੱਚ ਵੀ ਜਾਂਦੇ। ਇੱਕ ਦਿਨ ਸ਼ਾਮ ਨੂੰ ਉਹਨਾਂ ਵਿੱਚੋਂ ਇੱਕ ਪਠਾਣ ਨੂੰ ਉਚਿਤ ਮੌਕਾ ਮਿਲ਼ ਗਿਆ। ਉਸ ਵੇਲ਼ੇ ਗੁਰੂ ਜੀ ਦਾ ਨਿੱਜੀ ਸੇਵਕ ਸੌਂ ਗਿਆ ਸੀ। ਜਦੋਂ ਗੁਰੂ ਜੀ ਸੌਂ ਰਹੇ ਸਨ ਤਾਂ ਉਸ ਪਠਾਣ ਨੇ ਮੌਕਾ ਦੇਖ ਕੇ ਗੁਰੂ ਜੀ ਦੇ ਢਿੱਡ ਵਿਚ ਛੁਰਾ ਖੋਭ ਦਿੱਤਾ। ਇੱਕ ਵਾਰ ਤਾਂ ਇਹ ਜ਼ਖ਼ਮ ਠੀਕ ਹੋ ਗਿਆ। ਬਾਦ ਵਿੱਚ ਕਮਾਨ ਦਾ ਚਿੱਲਾ ਚੜ੍ਹਾਉਣ ਸਮੇਂ ਉਹ ਜ਼ਖ਼ਮ ਫਿਰ ਵਿਗੜ ਗਿਆ ਅਤੇ ਗੁਰੂ ਜੀ 7 ਅਗਸਤ, 1708 ਈ: ਨੂੰ ਜੋਤੀ-ਜੋਤਿ ਸਮਾ ਗਏ।

## ਖਾਲਸਾ ਦੀ ਸਿਰਜਣਾ-1699 ਈ:
## (Creation of Khalsa 1699 A.D.)

1699 ਈ: ਦੀ ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਰਾਏ ਜੀ ਨੇ ਖ਼ਾਲਸਾ ਦੀ ਸਿਰਜਣਾ ਕੀਤੀ। ਸਿੱਖ ਇਤਿਹਾਸ ਵਿੱਚ ਇਸ ਘਟਨਾ ਨੂੰ ਬਹੁਤ ਹੀ ਮਹੱਤਵਪੂਰਨ ਘਟਨਾ ਮੰਨਿਆ ਜਾਂਦਾ ਹੈ। ਇਸ ਘਟਨਾ ਦੇ ਹੋਂਦ ਵਿੱਚ ਆਉਣ ਜਾਂ ਖ਼ਾਲਸਾ ਦੀ ਸਾਜਣਾ ਦੇ ਕੁਝ ਕਾਰਨ ਵੀ ਸਨ।

## ਕਾਰਨ (Cause)

**1. ਪਹਿਲੇ ਨੌਂ ਗੁਰੂਆਂ ਦੇ ਸਿੱਖ ਮੱਤ ਦੇ ਵਿਕਾਸ ਲਈ ਕਾਰਜ** (Measures for the Development of Sikhism by the previous Nine Gurus):- ਖ਼ਾਲਸਾ ਦੇ ਬੀਜ ਗੁਰੂ ਨਾਨਕ ਦੇਵ ਜੀ ਨੇ ਹੀ ਬੀਜ ਦਿੱਤੇ ਸਨ। ਉਹਨਾਂ ਨੇ ਮੂਰਤੀ ਪੂਜਾ ਅਤੇ ਵਿਅਰਥ ਦੇ ਰੀਤੀ-ਰਿਵਾਜਾਂ ਦਾ ਖੰਡਨ ਵੀ ਕੀਤਾ। ਉਹਨਾਂ ਨੇ ਸੰਗਤ ਅਤੇ ਪੰਗਤ ਦੀ ਪ੍ਰਥਾ ਚਲਾ ਕੇ ਜਾਤੀ ਪ੍ਰਥਾ ਉੱਤੇ ਵੀ ਚੋਟ ਕੀਤੀ। ਉਹਨਾਂ ਨੇ ਉਸ ਕਾਲ ਵਿੱਚ ਹੋ ਰਹੇ ਅੱਤਿਆਚਾਰ ਦੇ ਵਿਰੁੱਧ ਵੀ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਦੇ ਸਾਰੇ ਗੁਰੂਆਂ ਨੇ ਗੁਰੂ ਨਾਨਕ ਦੇਵ ਜੀ ਦੀਆਂ ਦਰਸਾਈਆਂ ਲੀਹਾਂ ਨੂੰ ਹੀ ਅਪਣਾਇਆ। ਸਿੱਟੇ ਵਜੋਂ ਗੁਰੂ ਗੋਬਿੰਦ ਰਾਏ ਜੀ ਨੇ ਸਿੱਖਾਂ ਵਿਚੋਂ ਸਾਰੀਆਂ ਬੁਰਾਈਆਂ ਨੂੰ ਖ਼ਤਮ ਕਰਨ ਅਤੇ ਹਿੰਮਤ ਦਲੇਰੀ ਅਤੇ ਬਹਾਦਰੀ ਭਰਨ ਲਈ ਖਾਲਸਾ ਦੀ ਸਾਜਣਾ ਕੀਤੀ।

**2. ਔਰੰਗਜ਼ੇਬ ਦੇ ਹਿੰਦੂਆਂ ਉੱਤੇ ਅੱਤਿਆਚਾਰ** (Aurangzeb's Atrocities upon the Hindus):- ਔਰੰਗਜ਼ੇਬ ਭਾਰਤ ਨੂੰ ਇਸਲਾਮ ਦੀ ਭੂਮੀ ਬਨਾਉਣਾ ਚਾਹੁੰਦਾ ਸੀ। ਇਸ ਉਦੇਸ਼ ਨਾਲ ਉਸ ਨੇ ਹਿੰਦੂਆਂ ਉੱਤੇ ਬਹੁਤ ਅੱਤਿਆਚਾਰ ਕੀਤੇ। ਓਹਨਾਂ ਦੇ ਪਵਿੱਤਰ ਮੰਦਰਾਂ ਨੂੰ ਢਾਹਿਆ ਗਿਆ। ਉਹਨਾਂ ਨੂੰ ਸਰਕਾਰ ਦੀਆਂ ਵੱਡੀਆਂ ਨੌਕਰੀਆਂ ਵਿੱਚੋਂ ਕੱਢ ਦਿੱਤਾ ਗਿਆ। ਉਹਨਾਂ ਉੱਤੇ ਵਿਸ਼ੇਸ਼ ਕਰ ਲਾ ਦਿੱਤੇ ਗਏ। ਉਹਨਾਂ ਦੇ ਧਾਰਮਿਕ ਰੀਤੀ ਰਿਵਾਜਾਂ ਉੱਤੇ ਬੰਦਸ਼ਾ ਲਾ ਦਿੱਤੀਆਂ ਗਈਆਂ। ਇਸ ਤਰ੍ਹਾਂ ਹਿੰਦੂਆਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਮਜਬੂਰ ਕਰ ਦਿੱਤਾ ਗਿਆ ਪਰ ਜਿਥੇ ਹਿੰਦੂਆਂ ਦੀ ਰੱਖਿਆ ਲਈ ਗੁਰੂ ਜੀ ਨੇ ਆਪਣੇ ਪਿਤਾ ਦੀ ਬਲੀ ਦਿੱਤੀ ਉੱਥੇ ਉਹਨਾਂ ਨੇ ਖਾਲਸਾ ਦੇ ਰੂਪ ਵਿੱਚ ਇੱਕ ਬਲਵਾਨ ਸੈਨਾ ਦੀ ਵੀ ਸਥਾਪਨਾ ਕਰਨੀ ਚਾਹੀ।

**3. ਪਹਾੜੀ ਰਾਜਿਆਂ 'ਤੇ ਨਿਰਭਰ ਨਾ ਰਹਿਣਾ** (Unreliable Hill Rajas):- ਖਾਲਸਾ ਸਾਜਣ ਤੋਂ ਪਹਿਲਾਂ ਗੁਰੂ ਗੋਬਿੰਦ ਰਾਏ ਜੀ ਨੇ ਪਹਾੜੀ ਰਾਜਿਆਂ ਨਾਲ਼ ਮਿੱਤਰਤਾ-ਪੂਰਨ ਸਬੰਧ ਸਥਾਪਤ ਕਰਨ ਦੇ ਯਤਨ ਕੀਤੇ। ਨਾਦੌਣ ਦੇ ਯੁੱਧ (1690) ਵਿੱਚ ਉਹਨਾਂ ਨੇ ਮੁਗਲਾਂ ਵਿਰੁੱਧ ਪਹਾੜੀ ਰਾਜਿਆਂ ਦਾ ਸਾਥ ਦਿੱਤਾ ਸੀ ਪਰ ਬਾਅਦ ਵਿੱਚ ਪਹਾੜੀ ਰਾਜੇ ਮੁਗਲਾਂ ਨਾਲ਼ ਜਾ ਰਲੇ। ਇਸ ਕੇ ਗੁਰੂ ਜੀ ਨੇ ਮਹਿਸੂਸ ਕੀਤਾ ਕਿ ਉਹਨਾਂ ਨੂੰ ਕਿਸੇ ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਇਸੇ ਲਈ ਉਨ੍ਹਾਂ ਨੇ ਆਪਣੀ ਸ਼ਕਤੀ ਨੂੰ ਵਧਾਉਣ ਲਈ ਖਾਲਸਾ ਦੀ ਸਾਜਨਾ ਕੀਤੀ।

**4. ਜਾਤੀ ਪ੍ਰਥਾ ਦਾ ਬੰਧਨ** :- ਭਾਵੇਂ ਗੁਰੂ ਗੋਬਿੰਦ ਰਾਏ ਜੀ ਦੇ ਪੂਰਵਾਧਿਕਾਰਿਆਂ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ ਸੀ ਪਰ ਫਿਰ ਵੀ ਹਾਲੇ ਤੀਕ ਸਿੱਖ ਸਮਾਜ ਵਿਚੋਂ ਜਾਤੀ ਪ੍ਰਥਾ ਖ਼ਤਮ ਨਹੀਂ ਸੀ ਹੋਈ। ਇਸੇ ਲਈ ਗੁਰੂ ਸਾਹਿਬ ਨੇ ਜਾਤੀ ਪ੍ਰਥਾ ਦੇ ਬੰਧਨ ਨੂੰ ਖ਼ਤਮ ਕਰਕੇ ਵੱਖ-ਵੱਖ ਜਾਤਾਂ ਅਤੇ ਧਰਮਾਂ ਦੇ ਵਿਅਕਤੀਆਂ ਵਿੱਚੋਂ ਖ਼ਾਲਸਾ ਦੀ ਸਾਜਨਾ ਕੀਤੀ।

**5. ਗੁਰੂ ਸਾਹਿਬ ਦੇ ਜੀਵਨ ਦਾ ਉਦੇਸ਼** (Mission of the Guru's Life):- ਗੁਰੂ ਗੋਬਿੰਦ ਰਾਏ ਜੀ ਆਪਣੀ ਜੀਵਨ ਕਥਾ 'ਬਚਿੱਤਰ ਨਾਟਕ' ਵਿੱਚ ਲਿਖਦੇ ਹਨ ਕਿ ਉਹਨਾਂ ਦੇ ਜੀਵਨ ਦਾ ਉਦੇਸ਼ ਸੰਸਾਰ ਵਿੱਚ ਧਰਮ ਦਾ ਪ੍ਰਚਾਰ ਕਰਨਾ, ਸੰਤਾਂ ਦੀ ਰੱਖਿਆ ਕਰਨਾ ਅਤੇ ਅਤਿਆਚਾਰੀ ਲੋਕਾਂ ਦਾ ਨਾਸ਼ ਕਰਨਾ ਹੈ। ਇਸ ਉਦਸ਼ੇ ਲਈ ਖਾਲਸਾ ਦੀ ਸਾਜਨਾ ਜ਼ਰੂਰੀ ਸਮਝੀ ਗਈ।

## ਖਾਲਸਾ ਦਾ ਜਨਮ
## (Birth of the Khalsa)

**1. ਪੰਜ ਪਿਆਰਿਆਂ ਦੀ ਚੋਣ** (Selection of Five Beloved Ones):- 1699 ਈ: ਵਿਸਾਖੀ ਵਾਲ਼ੇ ਦਿਨ ਗੁਰੂ ਗੋਬਿੰਦ ਰਾਏ ਜੀ ਨੇ ਅਨੰਦਪੁਰ ਸਾਹਿਬ ਵਿਖੇ ਸਭਾ ਬੁਲਾਈ। ਉਸ ਸਭਾ ਦੀ ਗਿਣਤੀ

ਲਗ-ਪਗ 80,000 ਸੀ। ਜਦੋਂ ਸਾਰੇ ਲੋਕ ਆਪੋ ਆਪਣੇ ਸਥਾਨ ਉੱਤੇ ਬੈਠ ਗਏ ਤਾਂ ਗੁਰੂ ਜੀ ਨੇ ਮਿਆਨ ਵਿੱਚੋਂ ਤਲਵਾਰ ਕੱਢ ਕੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ-ਤੁਹਾਡੇ ਵਿੱਚੋਂ ਕੋਈ ਅਜਿਹਾ ਵਿਅਕਤੀ ਹੈ ਜੋ ਧਰਮ ਲਈ ਆਪਣਾ ਸੀਸ ਦੇ ਸਕੇ? ਗੁਰੂ ਜੀ ਨੇ ਇਹ ਸ਼ਬਦ ਤਿੰਨ ਵਾਰ ਦੁਹਰਾਏ। ਤੀਜੀ ਵਾਰ ਕਹਿਣ 'ਤੇ ਲਾਹੌਰ ਨਿਵਾਸੀ ਦਇਆ ਰਾਮ ਨੇ ਉੱਠ ਕੇ ਗੁਰੂ ਜੀ ਅੱਗੇ ਆਪਣਾ ਸੀਸ ਝੁਕਾ ਦਿੱਤਾ। ਗੁਰੂ ਜੀ ਉਸ ਨੂੰ ਨੇੜੇ ਦੇ ਇੱਕ ਤੰਬੂ ਵਿਚ ਲੈ ਗਏ। ਫਿਰ ਉਹ ਤੰਬੂ ਤੋਂ ਬਾਹਰ ਆਏ ਅਤੇ ਉਹਨਾਂ ਨੇ ਪਹਿਲਾਂ ਵਾਂਗ ਹੀ ਇੱਕ ਹੋਰ ਵਿਅਕਤੀ ਦਾ ਸਿਰ ਮੰਗਿਆ। ਇਸ ਵਾਰ ਦਿੱਲੀ ਦਾ ਧਰਮ ਦਾਸ ਆਪਣਾ ਸੀਸ ਭੇਂਟ ਕਰਨ ਲਈ ਅੱਗੇ ਆਇਆ। ਗੁਰੂ ਸਾਹਿਬ ਉਸ ਨੂੰ ਨਾਲ ਦੇ ਤੰਬੂ ਵਿੱਚ ਲੈ ਗਏ। ਇਸ ਤਰ੍ਹਾਂ ਗੁਰੂ ਸਾਹਿਬ ਨੇ ਪੰਜ ਵਾਰ ਸਿਰਾਂ ਦੀ ਮੰਗ ਕੀਤੀ ਅਤੇ ਪੰਜ ਵਿਅਕਤੀਆਂ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਮੋਹਕਮ ਚੰਦ, ਭਾਈ ਸਾਹਿਬ ਚੰਦ ਅਤੇ ਭਾਈ ਹਿੰਮਤ ਰਾਇ ਨੇ ਆਪਣੇ ਸੀਸ ਭੇਟ ਕੀਤੇ। ਕੁਝ ਸਮੇਂ ਬਾਅਦ ਗੁਰੂ ਜੀ ਉਹਨਾਂ ਪੰਜਾਂ ਵਿਅਕਤੀਆਂ ਨੂੰ ਕੇਸਰੀ ਰੰਗ ਦੇ ਸੁੰਦਰ ਬਸਤਰ ਪਹਿਨਾ ਕੇ ਲੋਕਾਂ ਵਿੱਚ ਲੈ ਆਏ। ਉਸ ਵੇਲੇ ਗੁਰੂ ਜੀ ਨੇ ਆਪ ਵੀ ਉਹੋ ਜਿਹੇ ਹੀ ਵਸਤਰ ਪਹਿਨੇ ਹੋਏ ਸਨ। ਲੋਕ ਉਹਨਾਂ ਪੰਜਾਂ ਵਿਅਕਤੀਆਂ ਨੂੰ ਦੇਖ ਕੇ ਬੜੇ ਹੈਰਾਨ ਹੋਏ। ਗੁਰੂ ਸਾਹਿਬ ਨੇ ਉਹਨਾਂ ਨੂੰ 'ਪੰਜ ਪਿਆਰੇ' ਦੀ ਸਮੂਹਿਕ ਉਪਾਧੀ ਦਿੱਤੀ।

2. **ਖੰਡੇ ਦੀ ਪਾਹੁਲ** (Khande Di Pahul):- ਉਪਰੋਕਤ ਘਟਨਾ ਤੋਂ ਬਾਦ ਗੁਰੂ ਜੀ ਨੇ ਲੋਹੇ ਦੇ ਬਾਟੇ ਵਿੱਚ ਸਾਫ ਪਾਣੀ ਅਤੇ ਪਤਾਸ਼ੇ ਪਾ ਕੇ ਖੰਡੇ ਨਾਲ ਹਿਲਾਉਣਾ ਸ਼ੁਰੂ ਕਰ ਦਿੱਤਾ। ਉਹ ਖੰਡੇ ਦੇ ਹਿਲਾਉਣ ਦੇ ਨਾਲ-ਨਾਲ 'ਜਪੁਜੀ ਸਾਹਿਬ', 'ਅਨੰਦ ਸਾਹਿਬ', 'ਜਾਪੁ ਸਾਹਿਬ', 'ਸਵੈਯੇ', ਅਤੇ 'ਚੌਪਈ' ਦਾ ਪਾਠ ਵੀ ਕਰਦੇ ਗਏ। ਇਸ ਪ੍ਰਕਾਰ ਤਿਆਰ ਕੀਤਾ ਗਿਆ ਅੰਮ੍ਰਿਤ ਉਸੇ ਬਾਟੇ ਵਿੱਚੋਂ ਵਾਰੋ ਵਾਰੀ ਪੰਜ ਪਿਆਰਿਆਂ ਨੂੰ ਛਕਾ ਦਿੱਤਾ ਗਿਆ। ਗੁਰੂ ਜੀ ਨੇ ਉਹਨਾਂ ਪੰਜਾਂ ਪਿਆਰਿਆਂ ਨੂੰ 'ਖ਼ਾਲਸਾ' ਦਾ ਨਾ ਦਿੱਤਾ। ਉਹਨਾਂ ਨੇ ਉਹਨਾਂ ਸਭਨਾਂ ਨੂੰ ਆਪਣੇ ਨਾਂ ਦੇ ਨਾਲ 'ਸਿੰਘ' ਲਾਉਣ ਲਈ ਵੀ ਕਿਹਾ।

ਗੁਰੂ ਸਾਹਿਬ ਨੇ ਆਪ ਵੀ ਉਹਨਾਂ ਪੰਜਾਂ ਪਿਆਰਿਆਂ ਦੇ ਹੱਥੋਂ ਅੰਮ੍ਰਿਤ ਛਕਿਆ ਅਤੇ ਆਪ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।

3. **ਖਾਲਸਾ ਦੇ ਸਿਧਾਂਤ** (Principles of the Khalsa);- ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੇ ਕਰਤੱਵਾਂ ਬਾਰੇ ਨਿਸ਼ਚਿਤ ਨਿਯਮਾਂ ਦਾ ਐਲਾਨ ਕੀਤਾ। ਉਹ ਨਿਯਮ ਇਸ ਪ੍ਰਕਾਰ ਹਨ—

1. 'ਖ਼ਾਲਸਾ' ਵਿੱਚ ਪਰਵੇਸ਼ ਕਰਨ ਲਈ ਹਰ ਇੱਕ ਵਿਅਕਤੀ ਨੂੰ 'ਖੰਡੇ ਦੀ ਪਾਹੁਲ' ਸੇਵਨ ਕਰਨੀ ਪਵੇਗੀ। ਉਸ ਪਿੱਛੋਂ ਉਹ ਆਪਣੇ ਆਪ ਨੂੰ ਖ਼ਾਲਸਾ ਅਖਵਾਏਗਾ।
2. ਹਰ ਇੱਕ ਖਾਲਸਾ ਆਪਣੇ ਨਾਂ ਦੇ ਨਾਲ 'ਸਿੰਘ' ਸ਼ਬਦ ਲਾਏਗਾ। ਖਾਲਸਾ ਇਸਤਰੀ ਆਪਣੇ ਨਾਂ ਦੇ ਨਾਲ 'ਕੌਰ' ਲਾਏਗੀ।
3. ਖ਼ਾਲਸਾ ਪੰਜ 'ਕਕਾਰ'-ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ-ਧਾਰਨ ਕਰੇਗਾ।
4. ਖ਼ਾਲਸਾ ਕੇਵਲ ਇੱਕ ਈਸ਼ਵਰ ਵਿੱਚ ਵਿਸ਼ਵਾਸ ਕਰੇਗਾ। ਉਹ ਕਿਸੇ ਦੇਵੀ ਦੇਵਤੇ ਅਤੇ ਮੂਰਤੀ ਪੂਜਾ ਵਿੱਚ ਵਿਸ਼ਵਾਸ ਨਹੀਂ ਕਰੇਗਾ।
5. ਉਹ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਪੰਜਾ ਬਾਣੀਆਂ-ਜਪੁਜੀ ਸਾਹਿਬ, ਜਾਪੁ ਸਾਹਿਬ, ਅਨੰਦ ਸਾਹਿਬ, ਸਵੈਯੇ ਅਤੇ ਚੌਪਈ-ਦਾ ਪਾਠ ਕਰੇਗਾ।
6. ਉਹ ਦਸਾਂ ਨਹੁੰਆਂ ਦੀ ਕਿਰਤ ਕਰੇਗਾ। ਉਹ ਆਪਣੀ ਨੇਕ ਕਮਾਈ ਵਿੱਚੋਂ ਧਾਰਮਿਕ ਕੰਮਾਂ ਲਈ ਦਸਵੰਧ ਵੀ ਕੱਢੇਗਾ।
7. ਉਹ ਜਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵ ਵਿੱਚ ਵਿਸ਼ਵਾਸ ਨਹੀਂ ਰੱਖੇਗਾ।

8. ਉਹ ਅਸਤਰ-ਸ਼ਸਤਰ ਧਾਰਨ ਕਰੇਗਾ। ਉਹ ਧਰਮ-ਯੁੱਧ ਲੜਨ ਲਈ ਸਦਾ ਹੀ ਤਿਆਰ ਰਹੇਗਾ।
9. ਉਹ ਤੰਮਾਕੂ ਅਤੇ ਹੋਰ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਨਹੀਂ ਕਰੇਗਾ। ਉਹ ਹਲਾਲ ਮਾਸ ਵੀ ਨਹੀਂ ਖਾਏਗਾ।
10. ਉਹ ਆਪਣੇ ਚਰਿੱਤਰ ਨੂੰ ਸ਼ੁੱਧ ਰੱਖੇਗਾ ਅਤੇ ਨੈਤਿਕਤਾ ਦੀ ਪਾਲਣਾ ਕਰੇਗਾ।
11. ਖ਼ਾਲਸਾ ਲੋਕ ਆਪਸ ਵਿੱਚ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ' ਗਜਾਉਣਗੇ।

## ਖ਼ਾਲਸਾ ਦੀ ਸਿਰਜਣਾ ਦਾ ਮਹੱਤਵ ਦਾ ਸਿੱਟੇ
## (Significance of Results of the Creation of the Khalsa)

ਖ਼ਾਲਸਾ ਦੀ ਸਿਰਜਣਾ ਨਾਲ਼ ਲੋਕਾਂ ਦੇ ਮਨਾਂ ਵਿੱਚ ਇੱਕ ਕ੍ਰਾਂਤੀਕਾਰੀ ਪਰਿਵਰਤਨ ਆਇਆ।

1. **ਗੁਰੂ ਨਾਨਕ ਦੇਵ ਦੀ ਦੁਆਰਾ ਆਰੰਭੇ ਕਾਰਜਾਂ ਦਾ ਸੰਪੂਰਨ ਹੋਣਾ** (Completion of work begun by Guru Nanak Dev Ji):- ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ ਸੀ। ਉਹਨਾਂ ਦੇ ਸਭਨਾਂ ਉੱਤਰਾਧਿਕਾਰਿਆਂ ਨੇ ਸਿੱਖ ਧਰਮ ਦੇ ਵਿਕਾਸ ਲਈ ਅਨੇਕਾਂ ਕਾਰਜ ਕੀਤੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਦੀ ਸਿਰਜਣਾ ਕਰਕੇ ਆਪਣੇ ਪੂਰਵ-ਅਧਿਕਾਰੀਆਂ ਦੇ ਕਾਰਜਾਂ ਨੂੰ ਸੰਪੂਰਣ ਕੀਤਾ।

2. **ਮਸੰਦ ਪ੍ਰਥਾ ਦਾ ਅੰਤ** (End of the Masand System):- ਚੌਥੇ ਗੁਰੂ ਰਾਮਦਾਸ ਜੀ ਨੇ 'ਮਸੰਦ ਪ੍ਰਥਾ' ਦਾ ਆਰੰਭ ਕੀਤਾ ਸੀ। ਮਸੰਦਾਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪਸਾਰ ਵਿੱਚ ਨਿਰਸੰਦੇਹ ਮਹੱਤਵਪੂਰਨ ਹਿੱਸਾ ਪਾਇਆ ਸੀ। ਪਰ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਉਹ ਲੋਕ ਸਵਾਰਥੀ, ਲੋਭੀ ਅਤੇ ਭਰਿਸ਼ਟਾਚਾਰੀ ਹੋ ਗਏ ਸਨ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੰਘਾਂ ਨੂੰ ਹੁਕਮਾ ਦਿੱਤਾ ਸੀ ਕਿ ਉਹ ਮਸੰਦਾਂ ਨਾਲ਼ ਕਿਸੇ ਕਿਸਮ ਦਾ ਵੀ ਸਬੰਧ ਨਾ ਰੱਖਣ। ਸਿੱਟੇ ਵਜੋਂ ਮਸੰਦ ਪ੍ਰਥਾ ਦਾ ਖਾਤਮਾ ਹੋ ਗਿਆ।

3. **ਖਾਲਸਾ ਸੰਗਤਾਂ ਦਾ ਅਤਿਅਧਿਕ ਮਹੱਤਵ** (Increasing Importance of the Khalsa Sangat):- ਖਾਲਸਾ ਸੰਗਤਾਂ ਨੂੰ 'ਖੰਡੇ ਦੀ ਪਾਹੁਲ' ਛਕਾਉਣ ਦਾ ਅਧਿਕਾਰ ਦਿੱਤਾ ਗਿਆ। ਉਹਨਾਂ ਨੂੰ ਸਿੱਖਾਂ ਵਿੱਚ ਨਿਰਨੇ ਕਰਨ ਦਾ ਅਧਿਕਾਰ ਵੀ ਦਿੱਤਾ ਗਿਆ। ਸਿੱਟੇ ਵਜੋਂ ਖਾਲਸਾ ਸੰਗਤਾਂ ਦਾ ਮਹੱਤਵ ਵੱਧ ਗਿਆ।

4. **ਸਿੱਖਾਂ ਦੀ ਸੰਖਿਆ ਵਿੱਚ ਵਾਧਾ** (Increase in the Number of the Sikhs):- ਪਹਿਲਾਂ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਬਣਾਇਆ। ਉਸ ਤੋਂ ਪਿੱਛੋਂ ਗੁਰੂ ਸਾਹਿਬ ਨੇ ਇਹ ਹੁਕਮ ਵੀ ਦੇ ਦਿੱਤਾ ਕਿ ਖਾਲਸਾ ਦੇ ਕੋਈ ਪੰਜ ਮੈਂਬਰ ਵੀ ਅੰਮ੍ਰਿਤ ਛਕਾ ਕੇ ਕਿਸੇ ਨੇ ਖਾਲਸਾ ਵਿੱਚ ਸ਼ਾਮਲ ਕਰ ਸਕਦੇ ਹਨ। ਖਾਲਸਾ ਸੰਗਤਾਂ ਨੇ ਵੀ ਅੰਮ੍ਰਿਤ ਛਕਾ ਕੇ ਬਹੁਤ ਸਾਰੇ ਲੋਕਾਂ ਨੂੰ ਸਿੱਖਾਂ ਵਿੱਚ ਸ਼ਾਮਲ ਕੀਤਾ। ਸਿੱਟੇ ਵਜੋਂ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ।

5. **ਸਿੱਖਾਂ ਵਿੱਚ ਨਵੀਂ ਭਾਵਨਾ ਦਾ ਸੰਚਾਰ** (Infusion of New Spirit among the Sikhs):- ਖਾਲਸਾ ਦੀ ਸਾਜਨਾ ਨਾਲ਼ ਸਿੱਖਾਂ ਵਿੱਚ ਨਵੀਂ ਸ਼ਕਤੀ ਦਾ ਸੰਚਾਰ ਹੋਇਆ। ਅੰਮ੍ਰਿਤ ਛਕਣ ਪਿੱਛੋਂ ਉਹ ਆਪਣੇ ਆਪ ਨੂੰ 'ਸਿੰਘ' ਅਖਵਾਉਣ ਲੱਗੇ। ਉਹ ਜਾਤ-ਪਾਤ ਦੇ ਭੇਦ-ਭਾਵ ਨੂੰ ਭੁੱਲ ਗਏ। ਸਿੰਘ ਅਖਵਾਉਣ ਕਰਕੇ ਉਹਨਾਂ ਵਿੱਚ ਡਰ ਅਤੇ ਕਾਇਰਤਾ ਦਾ ਕੋਈ ਅੰਸ਼ ਨਾ ਰਿਹਾ। ਉਹ ਆਪਣਾ ਚਰਿੱਤਰ ਵੀ ਸ਼ੁੱਧ ਰੱਖਣ ਲੱਗੇ।

**6. ਮੁਗਲਾਂ ਦਾ ਸਫਲਤਾਪੂਰਬਕ ਵਿਰੋਧ** (Succesful resistance of the Mughals):- ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ ਸਿੱਖਾਂ ਵਿੱਚ ਬਹਾਦਰੀ ਅਤੇ ਦਲੇਰੀ ਦੀਆਂ ਭਾਵਨਾਵਾਂ ਭਰ ਦਿੱਤੀਆਂ। ਸਿੱਟੇ ਵਜੋਂ ਗੁਰੂ ਜੀ ਦੇ ਸਿਖਾਂ ਨੇ 1699 ਈ: ਤੋਂ 1705 ਈ: ਤੱਕ ਮੁਗਲਾਂ ਨਾਲ਼ ਕਈ ਯੁੱਧ ਲੜੇ। ਗੁਰੂ ਜੀ ਨੇ ਸੀਮਤ ਸਾਧਨਾ ਅਤੇ ਮੁੱਠੀ ਭਰ ਸੈਨਿਕਾਂ ਨਾਲ਼ ਸ਼ਕਤੀਸ਼ਾਲੀ ਮੁਗ਼ਲ ਫੌਜ ਦਾ ਸਫਲਤਾਪੂਰਵਕ ਵਿਰੋਧ ਕੀਤਾ।

**7. ਗੁਰੂ ਸਾਹਿਬ ਨੇ ਪਹਾੜੀ ਰਾਜਿਆਂ ਨਾਲ ਯੁੱਧ** (Warfare between the Guru and the Hill Rajas):- ਖਾਲਸਾ ਦੀ ਸਾਜਨਾ ਤੋਂ ਪਹਾੜੀ ਰਾਜੇ ਘਬਰਾ ਗਏ। ਵਿਸ਼ੇਸ਼ ਤੌਰ 'ਤੇ ਬਿਲਾਸਪੁਰ ਦਾ ਰਾਜਾ ਭੀਮ ਚੰਦ ਗੁਰੂ ਸਾਹਿਬ ਦੀਆਂ ਸੈਨਿਕ ਕਾਰਵਾਈਆਂ ਦੇਖ ਕੇ ਬਹੁਤ ਡਰਿਆ। ਉਸ ਨੇ ਹੋਰ ਕੋਈ ਪਹਾੜੀ ਰਾਜਿਆਂ ਨਾਲ਼ ਗਠਜੋੜ ਕਰ ਲਿਆ। ਉਹਨਾਂ ਨੇ ਗੁਰੂ ਸਾਹਿਬ ਦੀ ਸ਼ਕਤੀ ਨੂੰ ਦਬਾਉਣ ਦਾ ਮਨ ਬਣਾਇਆ। ਸਿੱਟੇ ਵਜੋਂ ਗੁਰੂ ਸਾਹਿਬ ਨੂੰ ਖ਼ਾਲਸਾ ਦੀ ਸਾਜਣਾ ਮਗਰੋਂ ਪਹਾੜੀ ਰਾਜਿਆਂ ਨਾਲ਼ ਕਈ ਯੁੱਧ ਕਰਨੇ ਪਏ।

**8. ਸਿੱਖ ਸੰਪਰਦਾ ਦਾ ਵੱਖਰਾ ਸਰੂਪ** (Separate Form of Sikh Community):- ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੱਕ ਸਿੱਖਾਂ ਦੇ ਆਪਣੇ ਤੀਰਥ-ਸਥਾਨ ਹੋਂਦ ਵਿੱਚ ਆ ਗਏ ਸਨ। ਸਿੱਖਾਂ ਦੇ ਆਪਣੇ ਪਵਿੱਤਰ ਗ੍ਰੰਥ 'ਆਦਿ ਗ੍ਰੰਥ' ਦਾ ਸੰਕਲਨ ਹੋ ਗਿਆ ਸੀ। ਉਹਨਾਂ ਦੇ ਦਿਨ-ਤਿਉਹਾਰ ਅਤੇ ਰੀਤੀ-ਰਿਵਾਜ ਮਨਾਉਣ ਦੇ ਆਪਣੇ ਤਰੀਕੇ ਪ੍ਰਚਲਿਤ ਹੋ ਗਏ ਸਨ। ਖਾਲਸਾ ਦੀ ਸਥਾਪਨਾ ਨਾਲ਼ ਸਿੱਖਾਂ ਨੇ ਪੰਜ 'ਕਕਾਰਾਂ' ਦੀ ਪਾਲਣਾ ਕਰਕੇ ਆਪਣੇ ਬਾਹਰੀ ਸਰੂਪ ਨੂੰ ਵੀ ਆਮ ਲੋਕਾਂ ਨਾਲੋਂ ਵੱਖਰਾ ਕਰ ਲਿਆ। ਖ਼ਾਲਸਾ ਵਰਗ ਦੇ ਮਰਦ 'ਸਿੰਘ' ਅਤੇ ਔਰਤਾ 'ਕੌਰ' ਬਣ ਗਈਆਂ ਸਨ।

**9. ਖਾਲਸਾ ਨੇ ਹਿੰਦੂ ਧਰਮ ਨੂੰ ਮਿਟਣ ਤੋਂ ਬਚਾਅ ਲਿਆ** (Khalsa saved Hinduism from Extinction):- ਔਰੰਗਜ਼ੇਬ ਹਿੰਦੂਆਂ ਉੱਤੇ ਅਥਾਹ ਜ਼ੁਲਮ ਕਰ ਰਿਹਾ ਸੀ। ਪੰਜਾਬ ਵਿੱਚ ਉਸ ਦੇ ਜ਼ੁਲਮ ਦਾ ਟਾਕਰਾ ਕਰਨ ਵਾਲਾ ਖ਼ਾਲਸਾ ਹੀ ਸੀ। ਖਾਲਸਾ ਤੋਂ ਪ੍ਰਭਾਵਿਤ ਹੋ ਕੇ ਦੇਸ ਦੇ ਦੂਜੇ ਸੂਬਿਆਂ ਵਿਚਲੇ ਲੋਕ ਵੀ ਔਰੰਗਜ਼ੇਬ ਦੇ ਜ਼ੁਲਮ ਦਾ ਵਿਰੋਧ ਕਰਨ ਲੱਗੇ। ਸਿੱਟੇ ਵਜੋਂ ਹਿੰਦੂ ਧਰਮ ਦੀ ਹਰ ਪਾਸਿਓਂ ਰੱਖਿਆ ਹੋਣ ਲੱਗੀ। ਇਸ ਤਰ੍ਹਾਂ ਹਿੰਦੂ ਧਰਮ ਖ਼ਤਮ ਹੋਣ ਤੋਂ ਬਚ ਗਿਆ।

**10. ਖਾਲਸਾ ਨਾਲ਼ ਵਹਿਮਾਂ ਦਾ ਅੰਤ ਹੋਇਆ** (Death blow to Supersitions):- ਖ਼ਾਲਸਾ ਆਪਣੇ ਅਸੂਲਾਂ ਮੁਤਾਬਿਕ ਹਿੰਦੂਆਂ ਦੇ ਪੁਰਾਣੇ ਵਹਿਮ-ਭਰਮਾਂ ਵਿੱਚ ਵਿਸ਼ਵਾਸ ਨਹੀਂ ਸੀ ਰਖਦਾ। ਉਸੇ ਤਰ੍ਹਾਂ ਖਾਲਸਾ ਨੇ ਯੱਗਾਂ, ਬਲੀਆਂ, ਵਰਤਾਂ, ਮੂਰਤੀ ਪੂਜਾ, ਅੰਧ ਵਿਸ਼ਵਾਸਾਂ ਨਾਲੋਂ ਨਾਤਾ ਤੋੜ ਲਿਆ। ਸਿੱਟੇ ਵਜੋਂ ਖਾਲਸਾ ਨੇ ਅੰਧ-ਵਿਸ਼ਵਾਸਾਂ ਅਤੇ ਅਗਿਆਨਤਾ ਦਾ ਅੰਤ ਕਰ ਦਿੱਤਾ।

**11. ਸਿੱਖ ਸੰਪਰਦਾ ਵਿੱਚ ਲੋਕਤੰਤਰੀ ਤੱਤਾਂ ਦਾ ਪ੍ਰਚਲਣ** (Democractic elements in Sikhism):- ਗੁਰੂ ਗੋਬਿੰਦ ਸਿੰਘ ਜੀ ਨੇ 'ਪੰਜਾਂ ਪਿਆਰਿਆਂ' ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਆਪ ਵੀ ਉਹਨਾਂ ਦੇ ਹੱਥੋਂ ਹੀ ਅੰਮ੍ਰਿਤ ਛਕਿਆ। ਉਹਨਾਂ ਨੇ ਇਹ ਵੀ ਹੁਕਮ ਕੀਤਾ ਕਿ ਕੋਈ ਵੀ ਪੰਜ ਸਿੰਘ ਜਾਂ ਸੰਗਤ ਹੋਰ ਕਿਸੇ ਵਿਅਕਤੀ ਨੂੰ ਅੰਮ੍ਰਿਤ ਛਕਾ ਸਕਦੀ ਹੈ। ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਜੀ ਨੇ ਗੁਰ-ਸ਼ਕਤੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਵਿੱਚ ਵੰਡ ਕੇ ਲੋਕ-ਤੰਤਰ ਦੀ ਸਥਾਪਨਾ ਕਰ ਦਿੱਤੀ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੇਸ਼ ਦੇ ਪਹਿਲੇ ਲੋਕਤੰਤਰੀ ਹੋਏ।

**12. ਸਿੱਖਾਂ ਦੀ ਰਾਜਨੀਤਿਕ ਸ਼ਕਤੀ ਦਾ ਉੱਥਾਨ** (Rise of Political power of the Sikhs):- ਖ਼ਾਲਸਾ ਦੇ ਸੰਗਠਨ ਨਾਲ਼ ਸਿੱਖਾਂ ਵਿੱਚ ਦਲੇਰੀ, ਬਹਾਦਰੀ, ਨਿਡਰਤਾ, ਹਿੰਮਤ ਅਤੇ ਆਤਮ-

ਬਲੀਦਾਨ ਦੀਆਂ ਭਾਵਨਾਵਾਂ ਜਾਗ੍ਰਿਤ ਹੋਈਆਂ। ਸਿੱਟੇ ਵਜੋਂ ਸਿੱਖਾਂ ਨੇ ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਵੀ ਮੁਗਲਾਂ ਨਾਲ਼ ਸੰਘਰਸ਼ ਜਾਰੀ ਰੱਖਿਆ। ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਇੱਕ ਵਾਰ ਤਾਂ ਉਹਨਾਂ ਨੇ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਉੱਤੇ ਕਬਜ਼ਾ ਵੀ ਕਰ ਲਿਆ ਸੀ। ਬੰਦਾ ਸਿੰਘ ਬਹਾਦਰ ਦੇ ਮਗਰੋਂ ਸਿੱਖਾਂ ਨੂੰ ਬੜੇ ਕਸ਼ਟ ਸਹਿਣੇ ਪਏ ਪਰ ਉਹ ਆਪਣੇ ਧਰਮ ਵਿੱਚ ਦ੍ਰਿੜ ਰਹੇ। ਉਹਨਾਂ ਨੇ ਮੁਗਲਾਂ ਬਾਅਦ ਅਫਗਾਨਾਂ ਦਾ ਵੀ ਬੜੀ ਹਿੰਮਤ, ਦਲੇਰੀ ਅਤੇ ਬਹਾਦਰ ਨਾਲ਼ ਟਾਕਰਾ ਕੀਤਾ। ਆਖਰ ਵਿੱਚ ਉਹਨਾਂ ਦੇ ਪੰਜਾਬ ਦੇ ਭਿੰਨ-ਭਿੰਨ ਭਾਗਾਂ ਵਿਚ ਛੋਟੇ-ਛੋਟੇ ਸੁਤੰਤਰ ਰਾਜ (ਮਿਸਲਾਂ) ਸਥਾਪਤ ਹੋ ਗਏ।

## ਗੁਰੂ ਗੋਬਿੰਦ ਸਿੰਘ ਜੀ ਦੀਆਂ ਰਾਜਨੀਤਿਕ ਅਤੇ ਧਾਰਮਿਕ ਜ਼ੁਲਮ ਦੇ ਖਿਲਾਫ਼ ਲੜਾਈਆਂ
## (Battles of Guru Gobind Singh against the Political and Religious tyrnany)

ਗੁਰੂ ਗੋਬਿੰਦ ਸਿੰਘ ਜੀ ਨਾਮ ਸਿਮਰਨ ਵਾਲੇ ਇੱਕ ਸੰਤ ਅਤੇ ਇੱਕ ਮਹਾਨ ਸਿਪਾਹੀ ਵੀ ਸਨ। ਉਹਨਾਂ ਦੀਆਂ ਅਧਿਆਤਮਿਕ ਅਤੇ ਰਾਜਨੀਤਿਕ ਗਤੀਵਿਧੀਆਂ ਦੇਖ ਕੇ ਨਾ ਤਾਂ ਪਹਾੜੀ ਰਾਜਿਆਂ ਤੋਂ ਬਰਦਾਸ਼ਤ ਹੋਇਆਂ ਅਤੇ ਨਾਂ ਹੀ ਮੌਕੇ ਦੀ ਸਰਕਾਰ ਤੋਂ। ਲੋਕ ਮਜ਼ਲੂਮਾਂ ਤੇ ਜ਼ੁਲਮ ਕਰਕੇ ਉਹਨਾਂ ਨੂੰ ਲੜਨ ਲਈ ਮਜ਼ਬੂਰ ਕਰਦੇ ਸਨ। ਇਸ ਲਈ ਗੁਰੂ ਜੀ ਨੂੰ ਵਿਰੋਧੀਆਂ ਦੇ ਨਾਲ਼ ਕਈ ਲੜਾਈਆਂ ਲੜਨੀਆਂ ਪਈਆਂ। ਕੁਝ ਲੜਾਈਆਂ ਉਹ ਹਨ ਜਿਹੜੀਆਂ ਖਾਲਸਾ ਦੀ ਸਾਜਨਾ ਤੋਂ ਪਹਿਲਾਂ ਲੜੀਆਂ ਗਈਆ, ਉਹਨਾਂ ਨੂੰ ਅਸੀਂ ਪੂਰਵ-ਖਾਲਸਾ ਕਾਲ ਦੀਆਂ ਲੜਾਈਆਂ ਕਹਿੰਦੇ ਹਾਂ। ਜਿਹੜੀਆਂ ਲੜਾਈਆਂ ਖਾਲਸਾ ਸਾਜਨਾ ਤੋਂ ਬਾਅਦ ਲੜੀਆਂ ਗਈਆਂ, ਉਹਨਾਂ ਨੂੰ ਅਸੀਂ ਉੱਤਰ ਖਾਲਸਾ ਕਾਲ ਦੀਆਂ ਲੜਾਈਆਂ ਕਹਿੰਦੇ ਹਾਂ।


### ਪੂਰਵ-ਖਾਲਸਾ ਕਾਲ ਦੀਆਂ ਲੜਾਈਆਂ
### (Battles of Pre-Khalsa Period)

(ੳ) **ਭੰਗਾਣੀ ਦਾ ਯੁੱਧ 1688 ਈ:** (Battle of Bhangani 1688 A.D.):- ਬਿਲਾਸਪੁਰ ਦੇ ਰਾਜਾ ਭੀਮ ਚੰਦ ਨਾਲ਼ ਝਗੜਾ ਹੋਣ ਕਰਕੇ ਗੁਰੂ ਗੋਬਿੰਦ ਰਾਏ ਜੀ ਪਾਉਂਟਾ ਸਾਹਿਬ ਵਿਖੇ ਰਹਿਣ ਲੱਗੇ। ਅਸਲ ਵਿੱਚ ਉਹ ਕਿਸੇ ਨਾਲ਼ ਲੜਨਾ ਨਹੀਂ ਸਨ ਚਾਹੁੰਦੇ। ਇਸ ਲਈ ਪਾਉਂਟਾ ਸਾਹਿਬ ਟਿਕ ਕੇ ਉਹਨਾਂ ਨੇ ਆਪਣੀਆਂ ਅਤੇ ਆਪਣੇ 52 ਕਵੀਆਂ ਦੀਆਂ ਸਾਹਿਤਕ ਗਤੀਵਿਧੀਆਂ ਨੂੰ ਉਤਸ਼ਾਹਤ ਕੀਤਾ। ਉਹ ਨਾਲ਼ ਦੀ ਨਾਲ਼ ਸੈਨਿਕ ਤਿਆਰੀਆਂ ਵੀ ਕਰਦੇ ਰਹੇ, ਕਿਉਂਕਿ ਉਹਨਾਂ ਨੂੰ ਕਿਸੇ ਸਮੇਂ ਵੀ ਪਹਾੜੀ ਰਾਜਿਆਂ ਜਾਂ ਮੁਗਲਾਂ ਨਾਲ਼ ਟੱਕਰ ਲੈਣੀ ਪੈ ਸਕਦੀ ਸੀ। 1688 ਈ: ਵਿੱਚ ਉਹਨਾਂ ਨੂੰ ਭੰਗਾਣੀ ਦੀ ਲੜਾਈ ਲੜਨੀ ਪਈ।

**ਕਾਰਨ** (Cause):- ਗੁਰੂ ਜੀ ਭੰਗਾਣੀ ਦੀ ਲੜਾਈ ਨਹੀ ਸੀ ਲੜਨਾ ਚਾਹੁੰਦੇ ਪਰ ਪਹਾੜੀ ਰਾਜਿਆਂ ਨੇ ਉਹਨਾਂ ਨੂੰ ਲੜਨ ਲਈ ਮਜ਼ਬੂਰ ਕਰ ਦਿੱਤਾ। ਇਸ ਦੇ ਹੇਠ ਦਿੱਤੇ ਗਏ ਕਈ ਕਾਰਨ ਸਨ—

ਰਾਜਾ ਭੀਮ ਚੰਦ ਦੇ ਲੜਕੇ ਅਜਮੇਰ ਚੰਦ ਦਾ ਵਿਆਹ ਗੜ੍ਹਵਾਲ ਦੇ ਰਾਜਾ ਫ਼ਤਿਹ ਸ਼ਾਹ ਦੀ ਧੀ ਨਾਲ਼ ਹੋ ਗਿਆ ਸੀ। ਗੁਰੂ ਗੋਬਿੰਦ ਰਾਏ ਦੇ ਰਾਜਾ ਫ਼ਤਿਹ ਸ਼ਾਹ ਨਾਲ ਚੰਗੇ ਸਬੰਧ ਸਨ। ਗੁਰੂ ਜੀ ਨੇ ਉਸ ਦੀ ਧੀ ਵਾਸਤੇ ਕੀਮਤੀ ਤੋਹਫ਼ੇ ਭੇਜੇ ਜਿਹੜੇ ਭੀਮ ਚੰਦ ਦੇ ਕਹਿਣ ਤੇ ਉਸ ਨੇ ਗੁਰੂ ਜੀ ਨੂੰ ਵਾਪਸ ਕਰ ਦਿੱਤੇ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਕਰਦਾ ਹੈ ਰਾਜਾ ਭੀਮ ਚੰਦ ਗੁਰੂ ਗੋਬਿੰਦ ਰਾਏ ਜੀ ਨਾਲ਼ ਭਾਰੀ ਈਰਖਾ ਕਰਦਾ ਸੀ ਅਤੇ ਤੇ ਲੜਾਈ ਕਰਨ ਦਾ ਬਹਾਨਾ ਲੱਭਦਾ ਸੀ। ਜਦੋਂ ਉਸ ਦੇ ਲੜਕੇ ਦੀ ਬਰਾਤ ਗੜ੍ਹਵਾਲ ਜਾ ਰਹੀ ਸੀ ਤਾਂ ਪਾਉਂਟਾ ਸਾਹਿਬ ਵਿਖੇ ਸਿੱਖਾਂ ਨਾਲ਼ ਝਗੜਾ ਵੀ ਹੋ ਗਿਆ ਸੀ। ਰਾਜਾ ਭੀਮ ਚੰਦ ਨੇ ਬਾਕੀ ਰਾਜਿਆਂ ਨਾਲ ਮਿਲਕੇ ਗੁਰੂ ਜੀ ਨਾਲ ਯੁੱਧ ਕਰਨ ਦਾ ਐਲਾਨ ਕਰ ਦਿੱਤਾ ਸੀ। ਕਾਰਣ ਹੇਠ ਲਿਖੇ ਸਨ;

## 1947 ਤੋਂ ਪਹਿਲਾਂ ਦਾ ਪੰਜਾਬ
## ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ



(i) ਗੁਰੂ ਗੋਬਿੰਦ ਰਾਏ ਜੀ ਦੀਆਂ ਸੈਨਿਕ ਕਾਰਵਾਈਆਂ ਨੂੰ ਪਹਾੜੀ ਰਾਜੇ ਆਪਣੇ ਰਾਜਾਂ ਲਈ ਖਤਰਾ ਸਮਝਦੇ ਸਨ।

(ii) ਗੁਰੂ ਦੀ ਮੁਰਤੀ ਪੂਜਾ ਦੇ ਵਿਰੋਧੀ ਸਨ ਪਰ ਪਹਾੜੀ ਰਾਜੇ ਮੂਰਤੀ ਪੂਜਾ ਵਿੱਚ ਵਿਸ਼ਵਾਸ ਰੱਖਦੇ ਸਨ।

(iii) ਗੁਰੂ ਜੀ ਨੇ ਆਪਣੀ ਸੈਨਾ ਵਿੱਚ ਮੁਗਲ ਫੌਜ ਵਿਚੋਂ ਕੱਢੇ ਗਏ 500 ਪਠਾਣ ਭਰਤੀ ਕਰ ਲਏ ਸਨ। ਪਹਾੜੀ ਰਾਜੇ ਮੁਗ਼ਲ ਸਰਕਾਰ ਦੇ ਵਫ਼ਾਦਾਰ ਸਨ, ਇਸ ਲਈ ਉਹਨਾਂ ਨੇ ਗੁਰੂ ਜੀ ਦੀ ਇਸ ਕਾਰਵਾਈ ਨੂੰ ਠੀਕ ਨਾ ਸਮਝਿਆ।

(iv) ਆਲ਼ੇ ਦੁਆਲ਼ੇ ਦੇ ਮੁਗ਼ਲ ਫ਼ੌਜਦਾਰਾਂ ਨੇ ਪਹਾੜੀ ਰਾਜਿਆਂ ਨੂੰ ਗੁਰੂ ਜੀ ਦੇ ਖਿਲਾਫ਼ ਉਕਸਾ ਦਿੱਤਾ ਸੀ।

(v) ਗੁਰੂ ਸਾਹਿਬ ਨਾਲ਼ ਭੀਮ ਚੰਦ ਦੀ ਪੁਰਾਣੀ ਦੁਸ਼ਮਣੀ ਸੀ।

(vi) ਇਸ ਯੁੱਧ ਦਾ ਤਤਕਾਲੀ ਕਾਰਨ ਇਹ ਸੀ ਕਿ ਭੀਮ ਚੰਦ ਦੇ ਪੁੱਤਰ ਦੀ ਬਾਰਾਤ ਜੋ ਗੜ੍ਹਵਾਲ ਜਾ ਰਹੀ ਸੀ, ਨੂੰ ਸਿੱਖਾਂ ਨੇ ਪਾਉਂਟਾ ਸਾਹਿਬ ਤੋਂ ਲੰਘਣ ਨਾ ਦਿੱਤਾ। ਸਿੱਟੇ ਵਜੋਂ ਹਾਜ਼ਰ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਯੁੱਧ ਕਰਨ ਦਾ ਮਨ ਬਣਾ ਲਿਆ।

**ਘਟਨਾਵਾਂ** (Events):- ਗੁਰੂ ਗੋਬਿੰਦ ਰਾਏ ਜੀ ਨੇ ਪਹਾੜੀ ਰਾਜ਼ਿਆਂ ਨਾਲ ਯੁੱਧ ਕਰਨ ਲਈ ਭੰਗਾਣੀ ਦੇ ਸਥਾਨ ਨੂੰ ਚੁਣਿਆ। ਜਿਵੇਂ ਹੀ ਯੁੱਧ ਅਰੰਭ ਹੋਇਆ ਸਢੌਰਾ ਦੇ ਪੀਰ ਬੁੱਧੂ ਸ਼ਾਹ ਦੇ 500 ਪਠਾਨਾਂ ਦੀ ਸੈਨਾ ਗੁਰੂ ਜੀ ਨੂੰ ਛੱਡ ਗਈ। ਪਰ ਗੁਰੂ ਜੀ ਨੇ ਆਪਣੇ ਥੋੜ੍ਹੇ ਜਿਹੇ ਸਾਥੀਆਂ ਨਾਲ਼ ਵੀ ਯੁੱਧ ਜਾਰੀ ਰੱਖਿਆ। ਉਸ ਸਮੇਂ ਸਢੌਰੇ ਦਾ ਪੀਰ ਬੁੱਧੂ ਸ਼ਾਹ ਆਪਣੇ ਚਾਰ ਪੁੱਤਰਾ ਅਤੇ 700 ਚੇਲਿਆਂ ਸਮੇਤ ਗੁਰੂ ਜੀ ਨਾਲ ਆ ਮਿਲਿਆ। 22 ਸਤੰਬਰ 1688 ਈ: ਨੂੰ ਨੌ ਘੰਟੇ ਤੱਕ ਯੁੱਧ ਚੱਲਿਆ। ਗੁਰੂ ਜੀ ਨੇ ਆਪ ਅੱਗੇ ਹੋ ਕੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਇਸ ਨਾਲ ਸਿੱਖਾਂ ਦਾ ਹੌਂਸਲਾ ਵਧਿਆ। ਸਿੱਟੇ ਵਜੋਂ ਪਹਾੜੀ ਰਾਜਿਆਂ ਨੂੰ ਬਹੁਤ ਸਾਰਾ ਨੁਕਸਾਨ ਉਠਾਉਣਾ ਪਿਆ। ਉਹ ਹਾਰ ਕੇ ਭੱਜ ਨਿਕਲੇ। ਅੰਤ ਵਿੱਚ ਗੁਰੂ ਜੀ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ।

**ਯੁੱਧ ਦੀ ਮਹੱਤਤਾ** (Significance of Battle):- ਭੰਗਾਣੀ ਦੀ ਲੜਾਈ ਦੀ ਜਿੱਤ ਗੁਰੂ ਗੋਬਿੰਦ ਰਾਏ ਜੀ ਦੇ ਜੀਵਨ ਦੀ ਪਹਿਲੀ ਅਤੇ ਅਤਿਅੰਤ ਮਹੱਤਵਪੂਰਨ ਜਿੱਤ ਸੀ।

(i) ਇਸ ਜਿੱਤ ਨਾਲ਼ ਗੁਰੂ ਸਾਹਿਬ ਦੀ ਸ਼ਕਤੀ ਦੀ ਧਾਕ ਜੰਮ ਗਈ।

(ii) ਗੁਰੂ ਜੀ ਨੂੰ ਮਹਿਸੂਸ ਹੋਇਆ ਕਿ ਜੇ ਉਹ ਆਪਣੇ ਚੇਲਿਆਂ ਨੂੰ ਠੀਕ ਢੰਗ ਨਾਲ਼ ਸੰਗਠਿਤ ਕਰ ਲੈਣ ਤਾਂ ਉਹ ਮੁਗਲਾਂ ਦੇ ਅਤਿਆਚਾਰਾ ਦਾ ਸਫਲਤਾਪੂਰਬਕ ਟਾਕਰਾ ਕਰ ਸਕਣਗੇ।

(iii) ਪਹਾੜੀ ਰਾਜਿਆਂ ਨੇ (ਖਾਸ ਕਰਕੇ ਰਾਜਾ ਭੀਮ ਚੰਦ) ਗੁਰੂ ਜੀ ਦਾ ਵਿਰੋਧ ਛੱਡ ਕੇ ਉਹਨਾਂ ਨਾਲ ਮਿੱਤਰਤਾ-ਪੂਰਨ ਸੰਬੰਧ ਕਾਇਮ ਕਰ ਲਏ।

(iv) ਗੁਰੂ ਜੀ ਪਾਉਂਟਾ ਸਾਹਿਬ ਛੱਡ ਕੇ ਮੁੜ ਅਨੰਦਪੁਰ ਸਾਹਿਬ ਆ ਵੱਸੇ।

(v) ਗੁਰੂ ਸਾਹਿਬ ਜੀ ਨੇ ਅਨੰਦਪੁਰ ਸਾਹਿਬ ਵਿਖੇ ਅਨੰਦਗੜ੍ਹ, ਕੇਸਗੜ੍ਹ, ਲੋਹਗੜ੍ਹ ਅਤੇ ਫਤਿਹਗੜ੍ਹ ਨਾਮੀ ਚਾਰ ਕਿਲ੍ਹਿਆਂ ਦੀ ਉਸਾਰੀ ਕਰਵਾਈ।

**(ਅ) ਨਾਦੌਣ ਦਾ ਯੁੱਧ, 1690ਈ:** (Battles of Nadaun 1690 A.D.):- ਨਾਦੌਣ ਦੀ ਲੜਾਈ ਪਹਾੜੀ ਰਾਜਿਆਂ ਅਤੇ ਮੁਗਲਾਂ ਦੇ ਵਿਚਕਾਰ ਲੜੀ ਗਈ। ਇਸ ਲੜਾਈ ਵਿੱਚ ਗੁਰੂ ਜੀ ਨੇ ਪਹਾੜੀ ਰਾਜਿਆਂ ਦਾ ਸਾਥ ਦਿੱਤਾ। ਇਸ ਦਾ ਇੱਕੋ ਇੱਕ ਕਾਰਨ ਇਹ ਸੀ ਕਿ ਗੁਰੂ ਗੋਬਿੰਦ ਰਾਏ ਜੀ ਨਾਲ਼ ਮਿੱਤਰ ਜੀ ਨਾਲ਼ ਮਿੱਤਰਤਾ ਸਥਾਪਤ ਕਰਨ ਪਿੱਛੋਂ ਬਿਲਾਸਪੁਰ ਦੇ ਰਾਜਾ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਨੂੰ ਸਲਾਨਾ ਕਰ ਦੇਣਾ ਬੰਦਾ ਕਰ ਦਿੱਤਾ। ਉਹਨਾਂ ਰਾਜਿਆਂ ਨੇ

ਭੀਮ ਚੰਦ ਦੀ ਅਗਵਾਈ ਹੇਠ ਇੱਕ ਸੰਘ ਬਣਾ ਲਿਆ। ਪਹਾੜੀ ਰਾਜਿਆਂ ਵੱਲੋਂ ਕਰ ਨਾ ਦੇਣ 'ਤੇ ਜੰਮੂ ਦੇ ਮੁਗਲ ਸੂਬੇਦਾਰ ਮੀਆਂ ਖਾਂ ਨੇ ਪਹਾੜੀ ਰਾਜਿਆਂ ਵਿਰੁੱਧ 1690 ਈ: ਵਿੱਚ ਅਲਿਫ ਖਾਂ ਦੀ ਅਗਵਾਈ ਹੇਠ ਇੱਕ ਮੁਹਿੰਮ ਭੇਜੀ। ਇਸ ਲੜਾਈ ਵਿੱਚ ਕਾਂਗੜਾ ਦੇ ਰਾਜਾ ਕਿਰਪਾਲ ਚੰਦ ਨੇ ਅਲਿਫ ਖਾਂ ਦਾ ਸਾਥ ਦਿੱਤਾ। ਗੁਰੂ ਸਾਹਿਬ ਜੀ ਨੇ ਰਾਜਾ ਰਾਮ ਸਿੰਘ ਅਤੇ ਉਸ ਦੇ ਪਹਾੜੀ ਰਾਜਿਆਂ ਦਾ ਪੱਖ ਲਿਆ। ਕਾਂਗੜਾ ਤੋਂ 32 ਕਿਲੋਮੀਟਰ ਦੂਰ ਬਿਆਸ ਨਦੀ ਦੇ ਤੱਟ' ਤੇ ਨਾਦੌਣ ਨਾਮੀ ਸਥਾਨ 'ਤੇ ਯੁੱਧ ਹੋਇਆ। ਇਸ ਯੁੱਧ ਵਿੱਚ ਗੁਰੂ ਸਾਹਿਬ ਅਤੇ ਉਹਨਾਂ ਦੇ ਸਾਥੀ ਸਿੱਖਾਂ ਨੇ ਆਪਣੀ ਬਹਾਦਰੀ ਦਾ ਪ੍ਰਮਾਣ ਦਿੱਤਾ। ਅਲਿਫ ਖਾਂ ਹਾਰ ਗਿਆ ਅਤੇ ਮੈਦਾਨ ਛੱਡ ਗਿਆ।

ਨਾਦੌਣ ਦੀ ਜਿੱਤ ਤੋਂ ਬਾਅਦ ਭੀਮ ਚੰਦ ਨੇ ਗੁਰੂ ਸਾਹਿਬ ਤੋਂ ਪੁੱਛੇ ਬਿਨਾਂ ਹੀ ਅਲਿਫ ਖਾਂ ਨਾਲ਼ ਸਮਝੌਤਾ ਕਰ ਲਿਆ। ਗੁਰੂ ਸਾਹਿਬ ਨੂੰ ਉਸ ਦੇ ਵਿਸ਼ਵਾਸਘਾਤ ਕਰਨ 'ਤੇ ਬਹੁਤ ਦੁੱਖ ਹੋਇਆ।

**(ੲ) ਗੁਰੂ ਜੀ ਅਤੇ ਪਹਾੜੀ ਰਾਜਿਆਂ ਦੇ ਵਿਰੁੱਧ ਮੁਗਲਾਂ ਦੀਆਂ ਮੁਹਿੰਮਾਂ-1694ਈ:** (Mughal Expeditions against the Guru and Hill Rajas-1694 A.D.)

**(i) ਖਾਨਜਾਦਾ ਰੁਸਤਮ ਖਾਂ ਦੀ ਮੁਹਿੰਮ 1694 ਈ:** (Khanzada Rustam Khan's Expendition, 1694 A.D.):- ਦੱਖਣ ਵਿਖੇ ਮੁਗਲ ਸਮਰਾਟ ਔਰੰਗਜ਼ੇਬ ਨੂੰ ਗੋਬਿੰਦ ਰਾਏ ਜੀ ਦੀ ਵੱਧਦੀ ਹੋਈ ਸ਼ਕਤੀ ਦਾ ਪਤਾ ਲੱਗਾ। ਉਸ ਨੇ ਪੰਜਾਬ ਦੇ ਮੁਗਲ ਫੌਜਦਾਰਾਂ ਨੂੰ ਹੁਕਮ ਕੀਤਾ ਕਿ ਉਹ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ। ਇਸ ਹੁਕਮ ਨੂੰ ਅਮਲੀ ਰੂਪ ਦੇਣ ਲਈ ਕਾਂਗੜਾ ਪ੍ਰਦੇਸ਼ ਦੇ ਫੌਜ਼ਦਾਰ ਦਿਲਾਵਰ ਖਾਂ ਨੇ ਆਪਣੇ ਪੁੱਤਰ ਖਾਨਜ਼ਾਦਾ ਰੁਸਤਮ ਖਾਂ ਦੇ ਅਧੀਨ ਗੁਰੂ ਸਾਹਿਬ ਦੇ ਵਿਰੁੱਧ ਸੈਨਾ ਭੇਜੀ। ਉਸ ਨੇ ਗੁਰੂ ਜੀ ਉੱਤੇ ਅਚਾਨਕ ਹੀ ਹਮਲਾ ਕਰਨ ਲਈ 1694ਈ: ਨੂੰ ਸਰਦੀ ਦੀ ਇੱਕ ਰਾਤ ਵਿੱਚ ਆਪਣੀ ਸੈਨਾ ਸਮੇਤ ਸਤਲੁਜ ਨੂੰ ਪਾਰ ਕੀਤਾ। ਸਿੱਖ ਪਹਿਲਾਂ ਹੀ ਉਸ ਨਾਲ਼ ਟੱਕਰ ਲੈਣ ਲਈ ਤਿਆਰ ਸਨ। ਉਹਨਾਂ ਨੇ ਵੈਰੀ 'ਤੇ ਅਜੇ ਕੁਝ ਗੋਲ਼ੇ ਹੀ ਬਰਸਾਏ ਸਨ ਕਿ ਖਾਨਜ਼ਾਦਾ ਅਤੇ ਉਸ ਦੇ ਸੈਨਿਕ ਭੈ-ਭੀਤ ਹੋ ਕੇ ਭੱਜ ਨਿਕਲੇ। ਇਸ ਪ੍ਰਕਾਰ ਗੁਰੂ ਸਾਹਿਬ ਨੂੰ ਬਿਨ੍ਹਾਂ ਯੁੱਧ ਕੀਤੇ ਹੀ ਮੁਗਲਾਂ ਉੱਤੇ ਜਿੱਤ ਪ੍ਰਾਪਤ ਹੋ ਗਈ।

**(ii) ਹੁਸੈਨ ਖਾਂ ਦੀ ਮੁਹਿੰਮ, 1696 ਈ:** (Hussain Khan's Expedition, 1696 A.D.):- ਖਾਨਜ਼ਾਦਾ ਦੀ ਹਾਰ ਪਿੱਛੋਂ ਦਿਲਾਵਰ ਖਾਂ ਨੇ 1696 ਈ: ਦੇ ਆਰੰਭ ਵਿੱਚ ਆਪਣੇ ਸਭ ਤੋਂ ਬਹਾਦਰ ਸੈਨਿਕ ਹੁਸੈਨ ਖਾਂ ਨੂੰ ਅਨੰਦਪੁਰ ਸਾਹਿਬ ਉੱਤੇ ਹਮਲਾ ਕਰਨ ਲਈ ਭੇਜਿਆ। ਰਾਹ ਵਿੱਚ ਹੁਸੈਨ ਖਾਂ ਨੇ ਗੁਲੇਰ ਅਤੇ ਜਸਵਾਨ ਦੇ ਰਾਜਿਆਂ ਤੋਂ ਕਰ ਮੰਗਿਆ। ਉਹਨਾਂ ਨੇ ਕਰ ਦੇਣ ਤੋਂ ਟਾਲ-ਮਟੋਲ ਕੀਤੀ। ਉਹਨਾਂ ਨੇ ਹੁਸੈਨ ਖਾਂ ਨਾਲ਼ ਯੁੱਧ ਦਾ ਫੈਸਲਾ ਕਰ ਲਿਆ। ਭੀਮ ਚੰਦ (ਬਿਲਾਸੁਪਰ) ਅਤੇ ਕਿਰਪਾਲ ਚੰਦ (ਕਾਂਗੜਾ) ਹੁਸੈਨ ਖਾਂ ਨਾਲ਼ ਜਾ ਮਿਲੇ। ਗੁਰੂ ਜੀ ਨੇ ਆਪਣੇ ਕੁਝ ਸਿੱਖਾਂ ਨੂੰ ਹੁਸੈਨ ਖਾਂ ਦੇ ਵਿਰੁੱਧ ਭੇਜਿਆ। ਭਾਵੇਂ ਉਹ ਸਾਰੇ ਹੀ ਸ਼ਹੀਦ ਹੋ ਗਏ ਪਰ ਹੁਸੈਨ ਖਾਂ ਦੀ ਹਾਰ ਹੋਈ ਅਤੇ ਉਹ ਵੀ ਮਾਰਿਆ ਗਿਆ।

ਹੁਸੈਨ ਖਾਂ ਦੀ ਮੌਤ ਪਿੱਛੋਂ ਦਿਲਾਵਰ ਖਾਂ ਨੇ ਜੁਝਾਰ ਸਿੰਘ ਅਤੇ ਚੰਦੇਲ ਰਾਏ ਦੀ ਅਗਵਾਈ ਵਿੱਚ ਸੈਨਾਵਾਂ ਭੇਜੀਆਂ ਪਰ ਉਹ ਵੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਤੋਂ ਪਹਿਲਾਂ ਹੀ ਰਾਜਾ ਰਾਜ ਸਿੰਘ (ਜਸਵਾਨ) ਤੋਂ ਹਾਰ ਖਾ ਕੇ ਵਾਪਸ ਭੱਜ ਗਈਆਂ।

**(iii) ਸ਼ਹਿਜ਼ਾਦਾ ਮੁਅੱਜ਼ਮ ਦੀ ਜੰਗੀ ਕਾਰਵਾਈ** (Prince Muazzam's Expedition):- ਮੁਗਲ ਸਮਰਾਟ ਔਰੰਗਜ਼ੇਬ ਨੂੰ ਦੱਖਣ ਵਿਖੇ ਮੁਗਲਾਂ ਦੀ ਹਾਰ ਦੀਆਂ ਖਬਰਾਂ ਮਿਲ ਰਹੀਆਂ ਸਨ। ਇਸ ਕਰਕੇ ਉਸ ਨੇ ਸ਼ਹਿਜਾਦਾ ਮੁਅੱਜਮ ਨੂੰ ਗੁਰੂ ਸਾਹਿਬ ਅਤੇ ਪਹਾੜੀ ਰਾਜਿਆਂ ਦੇ ਵਿਰੁੱਧ ਭੇਜਿਆ। ਉਸ ਨੇ ਲਾਹੌਰ ਪਹੁੰਚ ਕੇ ਮਿਰਜ਼ਾ ਬੇਗ ਦੀ ਅਗਵਾਈ ਹੇਠ ਇੱਕ ਵਿਸ਼ਾਲ ਸੈਨਾ ਪਹਾੜੀ ਰਾਜਿਆਂ ਦੇ ਵਿਰੁੱਧ ਭੇਜੀ। ਉਹ ਪਹਾੜੀ ਰਾਜਿਆਂ ਨੂੰ ਹਾਰ ਦੇਣ ਵਿੱਚ ਸਫਲ ਹੋ ਗਿਆ।

## ਉੱਤਰ-ਖ਼ਾਲਸਾ ਕਾਲ ਦੀਆਂ ਲੜਾਈਆਂ, 1699-1708 ਈ:
## (Battles of the Post-Khalsa Period, 1699-1708)

ਖ਼ਾਲਸਾ ਦੀ ਸਥਾਪਨਾ (1699 ਈ:) ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ (1708 ਈ:) ਤੱਕ ਦੇ ਸਮੇਂ ਨੂੰ ਉੱਤਰ ਖਾਲਸਾ-ਕਾਲ ਕਿਹਾ ਜਾਂਦਾ ਹੈ। ਇਸ ਕਾਲ ਵਿੱਚ ਗੁਰੂ ਸਾਹਿਬ ਜਿਆਦਾਤਰ ਯੁੱਧਾਂ ਵਿੱਚ ਹੀ ਲੱਗੇ ਰਹੇ।

**1. ਅਨੰਦਪੁਰ ਸਾਹਿਬ ਦਾ ਪਹਿਲਾ ਯੁੱਧ 1701ਈ:** (First Battle of Anandpur, 1701 A.D.):- ਖ਼ਾਲਸਾ ਦੀ ਸਥਾਪਨਾ ਦੇ ਲਗਪਗ ਦੋ ਵਰ੍ਹਿਆਂ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਦੇ ਵਿਰੁੱਧ ਸ਼ਸਤਰ ਚੁੱਕਣੇ ਪਏ। ਇਸ ਯੁੱਧ ਦਾ ਮੁੱਖ ਕਾਰਨ ਇਹ ਸੀ ਕਿ ਖਾਲਸਾ ਦੀ ਸਥਾਪਨਾ ਨਾਲ਼ ਪਹਾੜੀ ਰਾਜੇ ਘਬਰਾ ਗਏ ਸਨ। ਖ਼ਾਲਸਾ ਦੇ ਸਿਧਾਂਤ ਵੀ ਪਹਾੜੀ ਰਾਜਿਆਂ ਦੇ ਧਰਮ ਦੇ ਖਿਲਾਫ਼ ਸਨ। ਇਸ ਲਈ ਬਿਲਾਸਪੁਰ ਦੇ ਰਾਜਾ ਭੀਮ ਚੰਦ ਨੇ ਕਿਹਾ ਕਿ ਜਾਂ ਤਾਂ ਉਹ ਅਨੰਦਪੁਸਰ ਸਾਹਿਬ ਛੱਡ ਦੇਣ ਦਾਂ ਫਿਰ ਉਹ ਜਿੰਨਾਂ ਸਮਾਂ ਉੱਥੇ ਰਹੇ ਸਨ, ਉਸ ਦਾ ਬਣਦਾ ਕਿਰਾਇਆ ਦੇਣ। ਗੁਰੂ ਜੀ ਨੇ ਇਸ ਮੰਗ ਨੂੰ ਠੁਕਰਾ ਦਿੱਤਾ। ਸਿੱਟੇ ਵਜੋਂ 1701ਈ: ਨੂੰ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਦੀਆਂ ਸੈਨਾਵਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਗੁਰੂ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ (14-15 ਵਰ੍ਹੇ ਦੇ) ਅਤੇ ਹੋਰ ਸਿੱਖਾਂ ਨੇ ਵੈਰੀ ਦਾ ਬਹੁਤ ਸਾਰਾ ਨੁਕਸਾਨ ਕੀਤਾ। ਸਿੱਟੇ ਵਜੋਂ ਨਿਰਾਸ਼ ਹੋ ਕੇ ਪਹਾੜੀ ਰਾਜਿਆਂ ਨੇ ਗੁਰੂ ਜੀ ਨਾਲ਼ ਸਮਝੌਤਾ ਕਰਨਾ ਚਾਹਿਆ। ਗੁਰੂ ਸਾਹਿਬ ਨੇ ਜੋ ਪਹਿਲਾਂ ਹੀ ਪਹਾੜੀ ਰਾਜਿਆਂ ਨਾਲ ਲੜਨਾ ਨਹੀਂ ਚਾਹੁੰਦੇ ਸਨ, ਉਹਨਾਂ ਨਾਲ਼ ਸਮਝੌਤਾ ਕਰ ਲਿਆ। ਸਮਝੌਤੇ ਦੀ ਸ਼ਰਤ ਅਨੁਸਾਰ ਗਰੂ ਜੀ ਅਨੰਦਪੁਰ ਸਾਹਿਬ ਛੱਡ ਕੇ ਕੀਰਤਪੁਰ ਸਾਹਿਬ ਦੇ ਨੇੜੇ ਨਿਰਮੋਹ ਵਿਖੇ ਚਲੇ ਗਏ।

**2. ਨਿਰਮੋਹ ਦਾ ਯੁੱਧ, 1702 ਈ:** (Battle of Nirmoh, 1702 A.D.):- ਰਾਜਾ ਭੀਮ ਚੰਦ ਨੇ ਮਹਿਸੂਸ ਕੀਤਾ ਕਿ ਸਿੱਖਾਂ ਦੀ ਸ਼ਕਤੀ ਨੂੰ ਖਤਮ ਕਰਨਾ ਅਸੰਭਵ ਹੈ। ਉਹਨਾਂ ਦੀ ਸ਼ਕਤੀ ਨੂੰ ਖਤਮ ਕਰਨ ਲਈ ਉਸ ਨੇ ਮੁਗਲ ਸਰਕਾਰ ਤੋਂ ਸਹਾਇਤਾ ਦੀ ਮੰਗ ਕੀਤੀ। ਸਿੱਟੇ ਵਜੋਂ 1702 ਈ: ਦੇ ਸ਼ੁਰੂ ਵਿੱਚ ਇੱਕ ਪਾਸਿਉਂ ਰਾਜਾ ਭੀਮ ਚੰਦ ਦੀ ਸੈਨਾ ਨੇ ਅਤੇ ਦੂਸਰੇ ਪਾਸਿਉਂ ਸਰਹਿੰਦ ਦੇ ਸੂਬੇਦਾਰ ਦੀ ਕਮਾਨ ਹੇਠ ਮੁਗਲ ਸੈਨਾ ਨੇ ਨਿਰਮੋਹ 'ਤੇ ਹਮਲਾ ਕਰ ਦਿੱਤਾ। ਨੇੜੇ ਦੇ ਗੁੱਜਰਾਂ ਨੇ ਹਮਲਾਵਾਰਾਂ ਦਾ ਸਾਥ ਦਿੱਤਾ। ਅੱਗੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਹਨਾਂ ਦੇ ਸਿੱਖ ਵੀ ਯੁੱਧ ਲਈ ਤਿਆਰ ਸਨ। ਸਿੱਖਾਂ ਨੇ ਬੜੀ ਬਹਾਦਰੀ ਨਾਲ਼ ਵੈਰੀ ਦਾ ਟਾਕਰਾ ਕੀਤਾ। ਇੱਕ ਰਾਤ ਅਤੇ ਇੱਕ ਦਿਨ ਲੜਾਈ ਹੁੰਦੀ ਰਹੀ। ਅੰਤ ਨੂੰ ਗੁਰੂ ਜੀ ਨੇ ਵੈਰੀ ਦੀ ਫੌਜ ਨੂੰ ਹਰਾ ਕੇ ਭੱਜਣ ਲਈ ਮਜਬੂਰ ਕਰ ਦਿੱਤਾ।

**3. ਸਤਲੁਜ ਦੀ ਲੜਾਈ, 1702 ਈ:** (Battle of Satluj. 1702 A.D.):- ਭਾਵੇਂ ਗੁਰੂ ਜੀ ਨੇ ਨਿਰਮੋਹ ਦੀ ਲੜਾਈ ਵਿੱਚ ਜਿੱਤ ਪ੍ਰਾਪਤ ਕਰ ਲਈ ਸੀ ਪਰ ਫਿਰ ਵੀ ਗੁਰੂ ਜੀ ਨੇ ਨਿਰਮੋਹ ਛੱਡਣ ਦਾ ਫ਼ੈਸਲਾ ਕਰ ਲਿਆ। ਉਹਨਾਂ ਨੇ ਸਤਲੁਜ ਨਦੀ ਨੂੰ ਪਾਰ ਹੀ ਨਹੀਂ ਕੀਤਾ ਸੀ ਕਿ ਵੈਰੀ ਦੀ ਸੈਨਾ ਨੇ ਉਹਨਾਂ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਦੀ ਫੌਜ ਨੇ ਵੈਰੀ ਦਾ ਡਟ ਕੇ ਮੁਕਾਬਲਾ ਕੀਤਾ। ਲਗ-ਪਗ ਚਾਰ ਘੰਟੇ ਲੜਾਈ ਹੋਈ। ਉਸ ਲੜਾਈ ਵਿੱਚ ਵੀ ਗੁਰੂ ਜੀ ਹੀ ਜੇਤੂ ਰਹੇ।

**4. ਬਸੋਲੀ ਦਾ ਯੁੱਧ, 1702 ਈ:** (Battle of Basoli, 1702A.D.):- ਸਤਲੁਜ ਨਦੀ ਨੂੰ ਪਾਰ ਕਰਕੇ ਗੁਰੂ ਜੀ ਅਤੇ ਸਿੱਖ ਬਸੋਲੀ ਵਿਖੇ ਚਲੇ ਗਏ। ਰਾਜਾ ਭੀਮ ਚੰਦ ਦੀ ਸੈਨਾ ਨੇ ਗੁਰੂ ਜੀ ਦੀ ਸੈਨਾ ਦਾ ਪਿੱਛਾ ਕੀਤਾ। ਪਰ ਗੁਰੂ ਜੀ ਨੇ ਉਹਨਾਂ ਨੂੰ ਫਿਰ ਹਰਾ ਦਿੱਤਾ ਕਿਉਂਕਿ ਬਸੋਲੀ ਅਤੇ ਜਸਵਾਨ ਦੇ ਰਾਜੇ ਗੁਰੂ ਜੀ ਦੇ ਮਿੱਤਰ ਸਨ, ਇਸ ਲਈ ਭੀਮ ਚੰਦ ਨੇ ਗੁਰੂ ਜੀ ਨਾਲ਼ ਸਮਝੌਤਾ ਕਰਨਾ ਹੀ ਠੀਕ ਸਮਝਿਆ। ਇਹ ਸੰਧੀ 1702 ਈ: ਦੇ ਮੱਧ ਵਿੱਚ ਹੋਈ। ਸਿੱਟੇ ਵਜੋਂ ਗੁਰੂ ਜੀ ਫਿਰ ਅਨੰਦਪੁਰ ਸਾਹਿਬ ਵਿੱਚ

ਜਾ ਕੇ ਰਹਿਣ ਲੱਗੇ। ਇਸ ਪਿੱਛੋਂ ਦੋ ਸਾਲ ਗੁਰੂ ਜੀ ਨੂੰ ਹੋਰ ਕੋਈ ਲੜਾਈ ਨਾ ਲੜਨੀ ਪਈ।

**5. ਅਨੰਦਪੁਰ ਸਾਹਿਬ ਦਾ ਦੂਜਾ ਯੁੱਧ, 1704 ਈ:** (Second Battle of Anandpur, 1704 A.D.):- ਗੁਰੂ ਗੋਬਿੰਦ ਸਿੰਘ ਜੀ ਦੀ ਵੱਧਦੀ ਹੋਈ ਸ਼ਕਤੀ ਨੂੰ ਦੇਖ ਕੇ ਪਹਾੜੀ ਰਾਜੇ ਫਿਰ ਉਹਨਾਂ ਨਾਲ਼ ਈਰਖਾ ਕਰਨਾ ਲੱਗੇ। ਉਹਨਾਂ ਦੇ ਬਣੇ ਸੰਘ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛੱਡ ਕੇ ਜਾਣ ਲਈ ਕਿਹਾ। ਜਦ ਗੁਰੂ ਜੀ ਨੇ ਉਹਨਾਂ ਦੀ ਮੰਗ ਨੂੰ ਠੁਕਰਾ ਦਿੱਤਾ ਤਾਂ ਉਹਨਾਂ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ ਪਰ ਗੁਰੂ ਜੀ ਨੇ ਉਹਨਾਂ ਨੂੰ ਹਰਾ ਕੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ।

ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨੇ ਮੁਗਲ ਸਰਕਾਰ ਤੋਂ ਸਹਾਇਤਾ ਮੰਗੀ। ਸਰਹਿੰਦ ਦਾ ਫੌਜਦਾਰ ਵਜ਼ੀਰ ਖਾਂ ਆਪਣੀ ਫੌਜ ਲੈ ਕੇ ਉੱਥੇ ਆ ਗਿਆ। ਵਜ਼ੀਰ ਖਾਂ, ਪਹਾੜੀ ਰਾਜਿਆਂ ਅਤੇ ਰੰਘੜਾਂ ਨੇ ਮਿਲ ਕੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਸਿੱਖਾਂ ਨੇ ਕਿਲ੍ਹੇ ਦੇ ਅੰਦਰੋਂ ਹੀ ਵੈਰੀ ਦੀ ਫ਼ੌਜ ਦੇ ਧਾਵੇ ਨੂੰ ਅਸਫਲ ਕਰ ਦਿੱਤਾ। ਫਿਰ ਵੈਰੀ ਨੇ ਅਨੰਦਪੁਰ ਸਾਹਿਬ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ। ਸਿੱਟੇ ਵਜੋਂ ਸਿੱਖਾਂ ਨੂੰ ਹੋਰ ਸਮਾਂ ਯੁੱਧ ਜਾਰੀ ਰੱਖਣਾ ਅਸੰਭਵ ਹੋ ਗਿਆ। ਸਿੱਖਾਂ ਨੇ ਅਨੰਦਪੁਰ ਸਾਹਿਬ ਛੱਡ ਜਾਣਾ ਚਾਹਿਆ ਪਰ ਗੁਰੂ ਜੀ ਨਾ ਮੰਨੇ। ਇਸ ਲਈ ਚਾਲੀ ਸਿੱਖ ਆਪਣਾ 'ਬੇਦਾਵਾ' ਲਿਖ ਕੇ ਗੁਰੂ ਜੀ ਦਾ ਸਾਥ ਛੱਡ ਗਏ। ਅੰਤ 21 ਦਸੰਬਰ 1704 ਈ: ਨੂੰ ਮਾਤਾ ਗੁਜਰੀ ਦੇ ਕਹਿਣ 'ਤੇ ਗੁਰੂ ਜੀ ਨੇ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ।

**6. ਸ਼ਾਹੀ ਟਿੱਬੀ ਦਾ ਯੁੱਧ** (Battle of Shahi Tibbi):- ਜਿਵੇਂ ਹੀ ਮੁਗਲਾਂ ਨੂੰ ਪਤਾ ਚੱਲਿਆ ਕਿ ਸਿੱਖਾਂ ਨੇ ਅਨੰਦਪੁਰ ਸਾਹਿਬ ਨੂੰ ਖ਼ਾਲੀ ਕਰ ਦਿੱਤਾ ਹੈ ਤਾਂ ਮੁਗਲਾਂ ਨੇ ਅਨੰਦਪੁਰ ਸਾਹਿਬ ਉੱਤੇ ਕਬਜਾ ਕਰ ਲਿਆ। ਉਹਨਾਂ ਨੇ ਸਿੱਖਾ ਦਾ ਪਿੱਛਾ ਵੀ ਕੀਤਾ। ਗੁਰੂ ਜੀ ਨੇ ਆਪਣੇ ਸਿੱਖ ਉਦੇ ਸਿੰਘ ਨੂੰ ਹੁਕਮ ਕੀਤਾ ਕਿ ਉਹ ਵੈਰੀ ਨੂੰ ਰੋਕੇ। ਉਸ ਨੇ ਆਪਣੇ 50 ਸਾਥੀਆਂ ਨਾਲ਼ ਵੈਰੀ ਦੀ ਵਿਸ਼ਾਲ ਸੈਨਾ ਦਾ ਸ਼ਾਹੀ ਟਿੱਬੀ ਦੇ ਸਥਾਨ 'ਤੇ ਡਟ ਕੇ ਮੁਕਾਬਲਾ ਕੀਤਾ। ਭਾਵੇਂ ਉਹ ਸਾਰੇ ਜਣੇ ਸ਼ਹੀਦ ਹੋ ਗਏ ਪਰ ਉਹਨਾਂ ਨੇ ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

**7. ਸਰਸਾ ਦੀ ਲੜਾਈ** (Battles of Sarsa):- ਜਦੋਂ ਗੁਰੂ ਜੀ ਅਤੇ ਉਹਨਾਂ ਦੀ ਸਾਥੀ ਸਰਸਾ ਨਦੀ 'ਤੇ ਪੁੱਜੇ ਤਾਂ ਵੈਰੀ ਦੀ ਸੈਨਾ ਉਹਨਾਂ ਦੇ ਨੇੜੇ ਪੁੱਜ ਚੁੱਕੀ ਸੀ। ਗੁਰੂ ਜੀ ਨੇ ਆਪਣੇ ਇੱਕ ਸਿੱਖ ਭਾਈ ਜੀਵਨ ਸਿੰਘ ਰੰਘਰੇਟਾ (ਜੋ ਗੁਰੂ ਤੇਗ ਬਹਾਦਰ ਸਾਹਿਬ ਦਾ ਦਿੱਲੀ ਤੋਂ ਸੀਸ ਲੈ ਕੇ ਕੀਰਤਪੁਰ ਪੁੱਜਿਆ ਸੀ ਅਤੇ ਉਸ ਦਾ ਪਹਿਲਾ ਨਾਂ ਭਾਈ ਜੈਤਾ ਸੀ) ਨੂੰ ਅਤੇ 100 ਕੁ ਸਿੱਖਾਂ ਨੂੰ ਵੈਰੀ ਦਾ ਮੁਕਾਬਲਾ ਕਰਨ ਲਈ ਪਿੱਛੇ ਛੱਡ ਦਿੱਤਾ। ਉਹਨਾਂ ਸਿੰਘਾਂ ਨੇ ਵੈਰੀ ਦਾ ਡਟ ਕੇ ਮੁਕਾਬਲਾ ਕੀਤਾ। ਉਸ ਲੜਾਈ ਵਿੱਚ ਵੈਰੀ ਦਾ ਬਹੁਤ ਸਾਰਾ ਨੁਕਸਾਨ ਵੀ ਹੋਇਆ।

ਉਸ ਸਮੇਂ ਸਰਸਾ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਗੁਰੂ ਜੀ, ਉਹਨਾਂ ਦੇ ਸੈਂਕੜੇ ਸਿੱਖ ਘੋੜਿਆਂ ਸਮੇਤ ਨਦੀ ਵਿੱਚ ਕੁੱਦ ਪਏ। ਬਹੁਤ ਸਾਰੇ ਸਿੱਖ ਨਦੀ ਵਿੱਚ ਡੁੱਬ ਗਏ। ਬਹੁਤ ਸਾਰਾ ਅਨਮੋਲ ਸਾਹਿਤ ਵੀ ਉਸ ਨਦੀ ਵਿੱਚ ਰੁੜ੍ਹ ਗਿਆ। ਇਸ ਭੱਜ ਦੌੜ ਵਿੱਚ ਬਹੁਤ ਸਾਰੇ ਸਿੱਖ ਅਤੇ ਗੁਰੂ ਜੀ ਦੇ ਦੋ ਛੋਟ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਅਤੇ ਮਾਤਾ ਗੁਜਰੀ ਜੀ ਉਹਨਾਂ ਤੋਂ ਵਿਛੜ ਗਏ।

**8. ਚਮਕੌਰ ਸਾਹਿਬ ਦਾ ਯੁੱਧ, 1705 ਈ:** (Battle of Chamkaur, 1705 A.D.):- ਸਰਸਾ ਨਦੀ ਨੂੰ ਪਾਰ ਕਰਨ ਪਿੱਛੋਂ ਗੁਰੂ ਗੋਬਿੰਦ ਸਿੰਘ ਜੀ ਉਹਨਾਂ ਦੇ ਕੁੱਝ ਸਿੱਖ ਅਤੇ ਉਹਨਾਂ ਦੇ ਵੱਡੇ ਸਾਹਿਬਜ਼ਾਦੇ – ਅਜੀਤ ਸਿੰਘ ਅਤੇ ਜੁਝਾਰ ਸਿੰਘ –ਘਨੋਲਾ ਅਤੇ ਕੋਟਲਾ ਨਿਹੰਗ ਖਾ ਹੁੰਦੇ ਹੋਏ ਚਮਕੌਰ ਸਾਹਿਬ ਪੁੱਜੇ। ਉਸ ਸਮੇਂ ਉਹਨਾਂ ਨਾਲ ਕੇਵਲ 40 ਸਿੱਖ ਸਨ। ਉਹਨਾਂ ਨੇ ਉਥੇ ਇੱਕ ਕੱਚੀ ਗੜ੍ਹੀ ਵਿੱਚ ਜਾ ਸ਼ਰਨ ਲਈ। ਜਦੋਂ ਉਹਨਾਂ ਉੱਤੇ ਵੈਰੀ ਦੀ ਸੈਨਾ ਨੇ ਹਮਲਾ ਕੀਤਾ, ਤਾਂ ਉਹਨਾਂ ਨੇ ਉਸ ਦਾ ਡੱਟ ਕੇ ਮੁਕਾਬਲਾ ਕੀਤਾ।

ਗੁਰੂ ਸਾਹਿਬ ਦੇ ਦੋਹਾਂ ਸਾਹਿਬਜ਼ਾਦਿਆਂ ਨੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਅੰਤ ਨੂੰ ਵੈਰੀ ਦੇ ਆਹੂ ਲਾਹੁੰਦੇ ਹੋਏ ਉਹ ਸ਼ਹੀਦੀ ਪ੍ਰਾਪਤ ਕਰ ਗਏ। ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ-ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ ਅਤੇ ਭਾਈ ਹਿੰਮਤ ਸਿੰਘ-ਵੀ ਇੱਥੇ ਹੀ ਸ਼ਹੀਦੀ ਪਾ ਗਏ। ਅੰਤ ਨੂੰ ਗੁਰੂ ਜੀ ਦੇ 40 ਸਿੰਘਾਂ ਵਿਚੋਂ ਕੇਵਲ ਪੰਜ ਸਿੰਘ ਰਹਿ ਗਏ। ਉਹਨਾਂ ਨੇ ਹੁਕਮਨਾਮਾ ਦੇ ਰੂਪ ਵਿੱਚ ਗੁਰੂ ਜੀ ਨੂੰ ਚਮਕੌਰ ਸਾਹਿਬ ਛੱਡ ਜਾਣ ਤੇ ਮਜਬੂਰ ਕਰ ਦਿੱਤਾ। ਭਾਈ ਦਯਾ ਸਿੰਘ ਅਤੇ ਭਾਈ ਧਰਮ ਸਿੰਘ ਉਹਨਾਂ ਨਾਲ਼ ਗੜ੍ਹੀ ਤੋਂ ਬਾਹਰ ਚਲੇ ਗਏ। ਬਾਕੀ ਦੇ ਸਿੰਘ ਲੜਦੇ-ਲੜਦੇ ਉੱਥੇ ਹੀ ਸ਼ਹੀਦ ਹੋ ਗਏ।

ਗੁਰੂ ਗੋਬਿੰਦ ਸਿੰਘ ਦੀ ਮਾਛੀਵਾੜਾ, ਆਲਮਗੀਰ, ਦੀਨਾ, ਕਾਂਗੜਾ ਥਾਵਾਂ 'ਤੇ ਹੁੰਦੇ ਹੋਏ ਖਿਦਰਾਣੇ ਦੀ ਢਾਬ ਵੱਲ ਚਲੇ ਗਏ।

**9. ਖਿਦਰਾਣਾ (ਸ੍ਰੀ ਮੁਕਤਸਰ ਸਾਹਿਬ) ਦਾ ਯੁੱਧ, 1705 ਈ:** (Battle of Khidrana, 1705 A.D.):- ਚਮਕੌਰ ਸਾਹਿਬ ਤੋਂ ਚੱਲ ਕੇ ਜਦ ਗੁਰੂ ਗੋਬਿੰਦ ਸਿੰਘ ਜੀ ਖਿਦਰਾਣੇ ਦੀ ਢਾਬ ਤੇ ਪੁੱਜੇ ਤਾਂ ਉਸ ਸਮੇਂ ਤਕ ਉਹਨਾਂ ਨਾਲ਼ ਬੇਸ਼ੁਮਾਰ ਸਿੱਖ ਰਲ਼ ਗਏ ਸਨ। ਜਿਹੜੇ ਸਿੰਘ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੂੰ ਬੇਦਾਵਾ ਦੇ ਗਏ ਸਨ ਉਹ ਵੀ ਉੱਥੇ ਪੁੱਜ ਗਏ ਸਨ। ਉਹਨਾਂ ਨਾਲ਼ ਮਾਈ ਭਾਗੋ ਖਾਸ ਤੌਰ ਤੇ ਗੁਰੂ ਜੀ ਦੇ ਪੱਖ ਵਿੱਚ ਲੜਨ ਲਈ ਉੱਥੇ ਪੁੱਜੀ ਸੀ। ਉਸ ਸਮੇਂ ਗੁਰੂ ਜੀ ਕੋਲ ਲਗ-ਪਗ 2,000 ਸਿੱਖ ਸੈਨਿਕ ਸਨ।

ਦੂਸਰੇ ਪਾਸੇ 10,000 ਸੈਨਿਕਾਂ ਦੀ ਵਿਸ਼ਾਲ ਸੈਨਾ ਲੈ ਕੇ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਂ ਉਥੇ ਪੁੱਜਾ। 29 ਦਸੰਬਰ, 1705 ਈ: ਵਿੱਚ ਖਿਦਰਾਣਾ ਦੀ ਢਾਬ ਉੱਤੇ ਘਮਸਾਣ ਦਾ ਯੁੱਧ ਹੋਇਆ। ਇਸ ਯੁੱਧ ਵਿੱਚ ਵੀ ਗੁਰੂ ਸਾਹਿਬ ਅਤੇ ਉਹਨਾਂ ਦੇ ਸਾਥੀਆਂ ਨੇ ਆਪਣੀ ਅਦੁੱਤੀ ਬਹਾਦਰੀ ਦਾ ਸਬੂਤ ਦਿੱਤਾ। ਉਹਨਾਂ ਦੇ ਦੁਸ਼ਮਨ ਦੇ ਆਹੂ ਵੀ ਲਾਹੇ। ਉੱਥੇ ਪਾਣੀ ਦੀ ਘਾਟ ਹੋਣ ਕਰਕੇ ਮੁਗਲਾਂ ਲਈ ਲੜਨਾ ਬੜਾ ਔਖਾ ਸੀ। ਸਿੱਟੇ ਵਜੋਂ ਮੁਗਲਾਂ ਨੂੰ ਹਾਰ ਕੇ ਭੱਜ ਜਾਣਾ ਪਿਆ। ਭਾਵੇਂ ਮਾਈ ਭਾਗੋਂ ਬੁਰੀ ਤਰ੍ਹਾਂ ਜ਼ਖਮੀ ਹੋਈ ਅਤੇ ਉਹਨਾਂ ਦੇ ਬੇਦਾਵਾ ਵਾਲੇ ਚਾਲੀ ਸਿੰਘ ਸ਼ਹੀਦ ਹੋ ਗਏ ਪਰ ਜਿੱਤ ਗੁਰੂ ਜੀ ਦੀ ਹੀ ਹੋਈ। ਗੁਰੂ ਜੀ ਨੇ ਚਾਲੀ ਸਿੰਘਾਂ ਦੀ ਬਹਾਦਰੀ ਦੇਖ ਕੇ ਉਹਨਾਂ ਦੇ ਮੁਖੀ ਭਾਈ ਮਹਾਂ ਸਿੰਘ ਦੇ ਸਾਹਮਣੇ ਉਹਨਾਂ ਵੱਲੋਂ ਦਿੱਤਾ ਬੇਦਾਵਾ ਪਾੜ ਦਿੱਤਾ। ਉਹਨਾਂ ਸਿੱਖਾਂ ਨੂੰ ਹੁਣ ਇਤਿਹਾਸ ਵਿੱਚ 'ਚਾਲੀ ਮੁਕਤੇ' ਕਹਿ ਕੇ ਯਾਦ ਕੀਤਾ ਜਾਂਦਾ ਹੈ। ਉਹਨਾਂ ਦੀ ਯਾਦ ਵਿੱਚ ਹੀ 'ਖਿਦਰਾਣੇ ਦੀ ਢਾਬਾ' ਦਾ ਨਾਂ 'ਮੁਕਤਸਰ' ਪੈ ਗਿਆ।

## ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ

## (Personality of Guru Gobind Singh)

ਗੁਰੂ ਗੋਬਿੰਦ ਸਿੰਘ ਜੀ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਮਹਾਨ ਬਹਾਦੁਰ ਯੋਧਾ ਸ਼ਖ਼ਸੀਅਤ ਦੇ ਮਾਲਕ ਮੰਨੇ ਜਾਂਦੇ ਹਨ। ਉਹ ਉੱਚ ਕੋਟੀ ਦੇ ਮਨੁੱਖ, ਉੱਤਮ ਸੰਗਠਨਕਰਤਾ, ਬਹਾਦੁਰ ਯੋਧਾ, ਮਹਾਨ ਵਿਦਵਾਨ ਉੱਚ ਕੋਟੀ ਦੇ ਕਵੀ ਅਤੇ ਮਹਾਨ ਅਧਿਆਤਮਿਕ ਨੇਤਾ ਸਨ।

### (ੳ) ਮਨੁੱਖ ਦੇ ਰੂਪ ਵਿੱਚ

### (As a Man)

**1. ਪ੍ਰਭਾਵਸ਼ਾਲੀ ਅਤੇ ਸੁੰਦਰ ਰੰਗ ਰੂਪ** (Impressive and Charming Personality):- ਦੇਖਣ ਤੋਂ ਗੁਰੂ ਗੋਬਿੰਦ ਸਿੰਘ ਜੀ ਬੜੇ ਸੁੰਦਰ ਲੱਗਦੇ ਸਨ। ਉਹਨਾਂ ਦਾ ਕੱਦ ਦਰਮਿਆਨਾ, ਸਰੀਰ ਗੱਠਿਆ ਹੋਇਆ ਅਤੇ ਰੰਗ ਗੋਰਾ ਸੀ। ਉਹਨਾਂ ਦਾ ਮੱਥਾ ਚੌੜਾ, ਅੱਖਾਂ ਵੱਡੀਆਂ ਪਰ ਚਮਕਦਾਰ ਸਨ। ਉਹਨਾਂ

ਦੇ ਬਸਤਰ ਸਾਫ਼ ਅਤੇ ਸੁੰਦਰ ਹੁੰਦੇ ਸਨ। ਉਹ ਸ਼ਸ਼ਤਰ ਪਹਿਨ ਕੇ ਰੱਖਦੇ ਸਨ। ਉਹਨਾਂ ਦੀ ਦਸਤਾਰ ਉੱਤੇ ਕਲਗੀ ਹੁੰਦੀ ਸੀ। ਉਹਨਾਂ ਦੇ ਹੱਥ ਉੱਤੇ ਬਾਜ਼ ਹੁੰਦਾ ਸੀ। ਇਸ ਲਈ ਉਹਨਾਂ ਨੂੰ 'ਕਲਗੀਧਰ ਦਸਮੇਸ਼' ਜਾਂ 'ਚਿੱਟਿਆਂ ਬਾਜ਼ਾਂ ਵਾਲ' ਕਹਿ ਕੇ ਯਾਦ ਕੀਤਾ ਜਾਂਦਾ ਹੈ।

2. **ਦਲੇਰ ਅਤੇ ਨਿਡਰ** (Courageous and Fearless):- ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਵਿੱਚ ਹੀ ਔਕੜਾਂ ਵਿੱਚ ਘਿਰ ਗਏ ਸਨ। ਉਹਨਾਂ ਨੇ ਫਿਰ ਵੀ ਅਸਧਾਰਨ ਦਲੇਰੀ, ਨਿਡਰਤਾ ਅਤੇ ਆਤਮ ਵਿਸ਼ਵਾਸ ਤੋਂ ਕੰਮ ਲਿਆ। ਉਹਨਾਂ ਨੇ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਲੜਦਿਆਂ ਵੀ ਅਦਭੁਤ ਦਲੇਰੀ, ਬਹਾਦਰੀ ਅਤੇ ਨਿਡਰਤਾ ਦਾ ਸਬੂਤ ਦਿੱਤਾ। ਉਹਨਾਂ ਨੇ ਬਿਨਾਂ ਕਿਸੇ ਡਰ ਦੇ ਔਰੰਗਜ਼ੇਬ ਨੂੰ 'ਜ਼ਫਰਨਾਮਾ' ਵਰਗਾ ਖਤ ਲਿਖਿਆ। ਗੁਰੂ ਜੀ ਨੇ ਉਸ ਖ਼ਤ ਵਿੱਚ ਸਰਕਾਰ ਦੁਆਰਾ ਬੇਦੋਸ਼ਿਆ ਉੱਤੇ ਕੀਤੇ ਗਏ ਅਤਿਆਚਾਰਾਂ ਨੂੰ ਨਿੰਦਿਆ ਅਤੇ ਮੁਗਲਾਂ ਵਿਰੁੱਧ ਕੀਤੀ ਗਏ ਯੁੱਧਾਂ ਨੂੰ ਉੱਚਿਤ ਠਹਿਰਾਇਆ ਸੀ।

3. **ਪੱਕੇ ਇਰਾਦੇ ਵਾਲ਼ੇ** (Man of Strong Determination):- ਗੁਰੂ ਗੋਬਿੰਦ ਸਿੰਘ ਜੀ ਪੱਕੇ ਇਰਾਦੇ ਵਾਲ਼ੇ ਇਨਸਾਨ ਸਨ। ਉਹਨਾਂ ਨੇ ਨੌਂ ਸਾਲਾਂ ਦੀ ਉਮਰ ਵਿੱਚ ਹੀ ਫ਼ੈਸਲਾ ਕਰ ਲਿਆ ਸੀ ਕਿ ਉਹ ਧਰਮ ਦੀ ਰੱਖਿਆ ਲਈ ਮੁਗਲ ਸਰਕਾਰ ਦੇ ਵਿਰੁੱਧ ਯੁੱਧ ਕਰਨਗੇ। ਉਹਨਾ ਨੇ ਆਪਣੇ ਵਚਨ ਨੂੰ ਨਿਭਾਉਣ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ। ਉਹ ਸਫ਼ਲ ਵੀ ਹੋਏ ਅਤੇ ਅਡੋਲ ਵੀ ਰਹੇ।

4. **ਬਲੀਦਾਨ ਦੀ ਮੂਰਤ** (Embodiment of Sacrifice):- ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰੱਖਿਆ ਲਈ ਆਪਣੇ ਜੀਵਨ ਦੇ ਸਾਰੇ ਹੀ ਸੁੱਖਾਂ ਦਾ ਤਿਆਗ ਕਰ ਦਿੱਤਾ। ਉਹਨਾਂ ਨੇ ਆਪਣੇ ਪਿਤਾ, ਚਾਰੇ ਪੁੱਤਰ, ਮਾਤਾ ਅਤੇ ਆਪਣੇਂ ਪਿਆਰੇ ਸਿੱਖਾਂ ਨੂੰ ਕੁਰਬਾਨ ਕਰ ਦਿੱਤਾ। ਧਰਮ ਦੀ ਰੱਖਿਆ ਲਈ ਉਹ ਕਿਸੇ ਵੀ ਕੁਰਬਾਨੀ ਨੂੰ ਮਹਿੰਗਾ ਨਹੀਂ ਸਨ ਸਮਝਦੇ।

5. **ਉੱਚਾ ਨੈਤਿਕ ਆਚਰਨ** (High Moral Character):- ਗੁਰੂ ਗੋਬਿੰਦ ਸਿੰਘ ਜੀ ਝੂਠ ਅਤੇ ਧੋਖੇਬਾਜ਼ੀ ਤੋਂ ਨਫ਼ਰਤ ਕਰਦੇ ਸਨ। ਉਹਨਾਂ ਨੂੰ ਧਨ ਦੌਲਤ ਦਾ ਅਤੇ ਰਾਜ ਭਾਗ ਦਾ ਕੋਈ ਲੋਭ ਨਹੀਂ ਸੀ। ਜਿਹੜਾ ਪੈਸਾ ਉਹਨਾਂ ਨੂੰ ਭੇਟਾਵਾਂ ਦੇ ਰੂਪ ਵਿੱਚ ਮਿਲਦਾ ਸੀ ਉਸ ਨੂੰ ਧਾਰਮਿਕ ਕਾਰਜਾਂ ਜਾਂ ਗਰੀਬ ਲੋਕਾਂ ਉੱਤੇ ਖ਼ਰਚ ਕਰ ਦਿੰਦੇ ਸਨ।

ਗੁਰੂ ਸਾਹਿਬ ਲੋਕਾਂ ਨਾਲ਼ ਨਿਮਰਤਾ ਅਤੇ ਪ੍ਰੇਮ ਦਾ ਵਰਤਾਅ ਕਰਦੇ ਸਨ। ਉਹਨਾਂ ਨੂੰ ਕਿਸੇ ਕਿਸਮ ਦਾ ਵੀ ਹੰਕਾਰ ਨਹੀਂ ਸੀ। ਉਹ ਆਪਣੇ ਆਪ ਨੂੰ ਰੱਬ ਦਾ ਸੱਚਾ ਸੇਵਕ ਸਮਝਦੇ ਹਨ।

ਗੁਰੂ ਜੀ ਨਿਰਧਨ ਅਤੇ ਨੀਵੀਆਂ ਜਾਤਾਂ ਦੇ ਲੋਕਾਂ ਨਾਲ ਖਾਸ ਹਮਦਰਦੀ ਰੱਖਦੇ ਸਨ। ਉਹਨਾਂ ਨੇ ਭਾਈ ਜੈਤਾ (ਜੀਵਨ ਸਿੰਘ ਰੰਘਰੇਟਾ) ਨੂੰ ਜੋ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਲੈ ਕੇ ਕੀਰਤਪੁਰ ਪੁੱਜਾ ਸੀ, 'ਰੰਘਰੇਟਾ', 'ਗੁਰੂ ਕਾ ਬੇਟਾ' ਕਹਿ ਕੇ ਆਪਣੀ ਹਿੱਕ ਨਾਲ਼ ਲਾਇਆ ਸੀ। ਉਹਨਾਂ ਦੇ ਪੰਜਾਂ ਪਿਆਰਿਆਂ ਵਿੱਚ ਤਿੰਨ ਸਿੰਘ ਸ਼ੂਦਰ ਜਾਤੀ ਨਾਲ਼ ਸੰਬੰਧ ਰੱਖਦੇ ਸਨ।

6. **ਧਾਰਮਿਕ ਵਿਚਾਰਾਂ ਵਿੱਚ ਉਦਾਰ ਅਤੇ ਸਹਿਨਸ਼ੀਲ** (Liberal and Tolerant in Religious views):- ਮੁਗਲ ਸਮਰਾਟ ਔਰੰਗਜ਼ੇਬ ਨੇ ਆਪਣੀ ਧਾਰਮਿਕ ਕੱਟੜਤਾ ਕਾਰਨ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿੱਤਾ ਸੀ, ਤਾਂ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਿਲ ਵਿੱਚ ਮੁਸਲਮਾਨਾਂ ਪ੍ਰਤੀ ਕੋਈ ਘ੍ਰਿਣਾ ਨਹੀਂ ਸੀ। ਗੁਰੂ ਸਾਹਿਬ ਦੇ ਉਦਾਰ ਅਤੇ ਸਹਿਨਸ਼ੀਲ ਹੋਣ ਕਾਰਨ ਹੀ ਪੀਰ ਮੁਹੰਮਦ ਬੁੱਧੂ ਸ਼ਾਹ, ਨਿਹੰਗ ਖਾਂ, ਨਬੀ ਖਾਂ, ਗਨੀ ਖਾਂ, ਵਰਗੇ ਮੁਸਲਮਾਨ ਗੁਰੂ ਜੀ ਦੇ ਮਿੱਤਰ ਸਨ। ਗੁਰੂ ਜੀ ਦੀ ਸੈਨਾ ਵਿੱਚ ਵੀ ਮੁਸਲਮਾਨ ਜਵਾਨ ਸਨ।

## (ਅ) ਕਵੀ ਅਤੇ ਵਿਦਵਾਨ ਦੇ ਰੂਪ ਵਿੱਚ
## (As a Poet and Scholar)

ਗੁਰੂ ਗੋਬਿੰਦ ਸਿੰਘ ਜੀ ਨੂੰ ਪੰਜਾਬੀ, ਹਿੰਦੀ, ਸੰਸਕ੍ਰਿਤ, ਅਤੇ ਫ਼ਾਰਸੀ ਭਾਸ਼ਾ ਦਾ ਪੂਰਾ ਗਿਆਨ ਸੀ। ਉਹ ਉੱਚ-ਕੋਟੀ ਦੇ ਕਵੀ ਵੀ ਸਨ। ਭਾਵੇਂ ਉਹਨਾਂ ਦੀਆਂ ਬਹੁਤ ਸਾਰੀਆਂ ਰਚਨਾਵਾਂ 'ਸਰਸਾ ਦੀ ਲੜਾਈ' ਤੋਂ ਬਾਅਦ ਸਰਸਾ ਨਦੀ ਵਿੱਚ ਰੁੜ੍ਹ ਗਈਆਂ ਸਨ,ਪਰ ਫਿਰ ਵੀ ਉਹਨਾਂ ਦੀਆਂ ਕਾਫ਼ੀ ਰਚਨਾਵਾਂ ਅਜੇ ਵੀ ਮਿਲ਼ਦੀਆਂ ਹਨ। 'ਜਾਪੁ ਸਾਹਿਬ', 'ਬਚਿੱਤਰ ਨਾਟਕ', 'ਜ਼ਫਰਨਾਮਾ', 'ਅਕਾਲ ਉਸਤਤ', 'ਸ਼ਸਤਰ ਨਾਮ ਮਾਲਾ', 'ਚੰਡੀ ਦੀ ਵਾਰ' ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ।

ਗੁਰੂ ਗੋਬਿੰਦ ਸਿੰਘ ਜੀ ਆਪ ਕਵੀ ਹੋਣ ਦੇ ਨਾਲ਼-ਨਾਲ਼ ਕਵੀਆਂ ਦੀ ਸੰਗਤ ਨੂੰ ਵੀ ਬਹੁਤ ਪਸੰਦ ਕਰਦੇ ਸਨ। ਪਾਉਂਟਾ ਸਾਹਿਬ ਵਿਖੇ ਆਪ ਨੇ 52 ਕਵੀ ਰੱਖੇ ਹੋਏ ਸਨ। ਤਲਵੰਡੀ ਸਾਬੋ ਵੀ ਉਹਨਾਂ ਦੇ ਕੋਲ ਕਈ ਕਵੀ ਪੁੱਜ ਗਏ ਸਨ। ਉਹਨਾਂ ਦੇ ਪ੍ਰਸਿੱਧ ਕਵੀ ਸਨ— ਸੈਨਾਪਤ, ਨੰਦ ਲਾਲ, ਉਦੈ ਰਾਏ, ਅਨੀ ਰਾਏ, ਸੁਖਦੇਵ, ਹੰਸ ਰਾਜ, ਲੱਖਨ ਅਤੇ ਗੋਪਾਲ।

## (ੲ) ਸੰਗਠਨਕਰਤਾ ਦੇ ਰੂਪ ਵਿੱਚ
## (As an Organiser)

ਗੁਰੂ ਗੋਬਿੰਦ ਸਿੰਘ ਜੀ ਇੱਕ ਉੱਤਮ ਸੰਗਠਕ ਸਨ। ਇਸ ਗੱਲ ਦਾ ਸਭ ਤੋਂ ਵੱਡਾ ਪ੍ਰਮਾਣ ਗੁਰੂ ਸਾਹਿਬ ਰਾਹੀਂ ਖਾਲਸਾ ਦੀ ਸਾਜਨਾ ਹੈ। ਸਿੱਟੇ ਵਜੋਂ ਨੀਂਵੀਆਂ ਜਾਤੀਆਂ ਨੂੰ ਨਵਾਂ ਜੀਵਨ ਮਿਲਿਆ। ਗੁਰੂ ਜੀ ਦੇ ਅਨੁਯਾਈਆਂ ਵਿੱਚ ਅਸਧਾਰਣ ਉਤਸ਼ਾਹ ਭਰਿਆ ਗਿਆ। ਜਿਨ੍ਹਾਂ ਲੋਕਾਂ ਨੇ ਕਦੇ ਤਲਵਾਰ ਦੀ ਮੁੱਠ ਨੂੰ ਹੱਥ ਨਹੀਂ ਸੀ ਲਾਇਆ, ਉਹ ਉੱਚ ਕੋਟੀ ਦੇ ਯੋਧੇ ਬਣ ਗਏ।

ਸੰਗਠਨਕਰਤਾ ਦੇ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਉਹਨਾਂ ਨੇ ਲੋਕਤੰਤਰ ਦੇ ਨਿਯਮਾਂ ਨੂੰ ਪ੍ਰਚੱਲਤ ਕੀਤਾ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਫਿਰ ਗੁਰੂ ਜੀ ਨੇ ਉਹਨਾਂ ਤੋਂ ਆਪ ਅੰਮ੍ਰਿਤ ਛਕਿਆ। ਉਹਨਾਂ ਨੇ ਇਹ ਵੀ ਕਿਹਾ-ਗੁਰੂ ਖ਼ਾਲਸਾ ਵਿੱਚ ਹੈ ਖਾਲਸਾ ਗੁਰੂ ਵਿਚ ਹੈ।

ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਉਹਨਾਂ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਹਨਾਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਉਹਨਾਂ ਦਾ ਕੋਈ ਹੋਰ 'ਦੇਹਧਾਰੀ' ਗੁਰੂ ਨਹੀਂ ਹੋਵੇਗਾ। ਉਹ ਆਪਣੇ ਫੈਸਲੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਕਰਨਗੇ। ਉਹਨਾਂ ਨੇ ਇਹ ਵੀ ਕਿਹਾ-ਜਿੱਥੇ ਵੀ ਕਦੇ ਪੰਜ ਖਾਲਸਾ ਇੱਕਠੇ ਹੋਣਗੇ, ਮੈਂ ਉਹਨਾਂ ਵਿੱਚ ਹੋਵਾਂਗਾ। ਇਥੋਂ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਲੋਕਤੰਤਕਰ ਪ੍ਰਣਾਲੀ ਦੇ ਮੋਢੀ ਸਨ।

## (ਸ) ਸੈਨਾ-ਨਾਇਕ ਦੇ ਰੂਪ ਵਿੱਚ
## (As a Military General)

ਗੁਰੂ ਗੋਬਿੰਦ ਸਿੰਘ ਜੀ ਇੱਕ ਬਹਾਦਰ ਯੋਧਾ ਅਤੇ ਜਮਾਂਦਰੂ ਸੈਨਾ-ਨਾਇਕ ਸਨ। ਬਚਪਨ ਤੋਂ ਹੀ ਉਹਨਾਂ ਨੇ ਘੋੜ-ਸਵਾਰੀ, ਤਲਵਾਰ ਬਾਜ਼ੀ ਅਤੇ ਤੀਰ ਅੰਦਾਜ਼ੀ ਵਿੱਚ ਨਿਪੁੰਨਤਾ ਪ੍ਰਾਪਤ ਕਰ ਲਈ ਸੀ। ਪਾਉਂਟਾ ਸਾਹਿਬ ਵਿਖੇ ਰਹਿ ਕੇ ਉਹਨਾਂ ਨੇ ਬਹਾਦਰ ਸਿੱਖਾਂ ਦੀ ਸੈਨਾ ਤਿਆਰ ਕਰ ਲਈ ਸੀ।

ਗੁਰੂ ਜੀ ਦੇ ਯੋਗ ਅਤੇ ਸਫਲ ਸੈਨਾ-ਨਾਇਕ ਹੋਣ ਦਾ ਸਭ ਤੋਂ ਵੱਡਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਉਹਨਾਂ ਨੇ ਜੀਵਨ ਭਰ ਆਪਣੇ ਸੀਮਿਤ ਸਾਧਨਾਂ ਨਾਲ ਹੀ ਸ਼ਕਤੀਸ਼ਾਲੀ ਮੁਗਲ ਸੈਨਾ ਦਾ ਸਫ਼ਲਤਾ ਪੂਰਵਕ ਟਾਕਰਾ ਕੀਤੀ। ਚਮਕੌਰ ਸਾਹਿਬ ਦੇ ਯੁੱਧ ਵਿੱਚ ਤਾਂ ਉਹਨਾਂ ਦੇ ਕੇਵਲ 40 ਸਿੱਖਾਂ ਨੇ ਮੁਗਲ ਸੈਨਾ ਨੂੰ ਵਖਤ ਪਾ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਹਰ ਯੁੱਧ ਵਿੱਚ ਸਿੱਖਾਂ ਦੀ ਨੁਮਾਇੰਦਗੀ ਕੀਤੀ। ਉਹ ਇੱਕ ਸੁਯੋਗ ਸੈਨਾਪਤੀ ਵਾਂਗ ਜਾਣਦੇ ਸਨ ਕਿ ਵੈਰੀ ਨਾਲ ਕਦੋਂ, ਕਿੱਥੇ ਅਤੇ ਕਿਵੇਂ ਯੁੱਧ ਕਰਨਾ ਹੈ। ਭੰਗਾਣੀ ਅਤੇ ਖਿਦਰਾਣੇ ਦੀ ਢਾਬ ਦੇ ਯੁੱਧਾਂ ਵਾਂਗ ਉਹਨਾਂ ਨੇ ਹਰ ਯੁੱਧ ਲਈ ਉਚਿੱਤ ਸਥਾਨ ਚੁਣਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਲਈ ਕਦੇ ਵੀ ਆਪ ਪਹਿਲ ਨਹੀਂ ਸੀ ਕੀਤੀ। ਉਹ ਅਕਸਰ ਰੱਖਿਆਤਮਕ ਯੁੱਧ ਕਰਦੇ ਸਨ। ਪਹਾੜੀ ਰਾਜਿਆਂ ਅਤੇ ਮੁਗਲਾਂ ਨੇ ਕਈ ਵਾਰੀ ਗੁਰੂ ਜੀ ਨੂੰ ਧੋਖਾ ਦਿੱਤਾ, ਪਰ ਗੁਰੂ ਜੀ ਨੇ ਸਦਾ ਹੀ ਆਪਣੇ ਵਚਨ ਪਾਲ਼ੇ। ਅਸਲ ਵਿੱਚ ਉਹਨਾਂ ਨੇ ਧਰਮ-ਯੁੱਧ ਹੀ ਲੜੇ।

## (ਗ) ਧਾਰਮਿਕ ਨੇਤਾ ਦੇ ਰੂਪ ਵਿਚ
## (As a Religious Leader)

ਗੁਰੂ ਗੋਬਿੰਦ ਸਿੰਘ ਜੀ ਆਪਣੇ ਪੁਰਖਾਂ ਵਾਂਗ ਸਿੱਖਾਂ ਦੇ ਮਹਾਨ ਧਾਰਮਿਕ ਨੇਤਾ ਜਾਂ ਗੁਰੂ ਸਨ। ਭਾਵੇਂ ਉਹ ਆਪਣੇ ਜੀਵਨ ਵਿੱਚ ਸੈਨਿਕ ਕੰਮਾਂ ਵਿੱਚ ਲੱਗੇ ਰਹੇ, ਪਰ ਉਹ ਯੁੱਧ ਵੀ ਧਰਮ ਦੇ ਯੁੱਧ ਵਜੋਂ ਲੜਦੇ ਸਨ। ਉਹ ਆਪਣੇ ਸਿੱਖਾਂ ਨੂੰ ਕਹਿੰਦੇ ਸਨ-ਸਦਾ ਸਰਵਉੱਚ ਈਸ਼ਵਰ ਦਾ ਜਾਪ ਕਰੋ, ਸ਼ੁੱਧ ਚਰਿੱਤਰ ਰੱਖੋ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਬਚੋ। ਇਥੇ ਹੀ ਬੱਸ ਨਹੀਂ, ਉਹਨਾਂ ਨੇ ਆਪਣੇ ਪੁਰਖਾਂ ਵਾਂਗ 'ਜਾਪ ਸਾਹਿਬ' ਅਤੇ 'ਅਕਾਲ ਉਸਤਤ' ਆਦਿ ਧਾਰਮਿਕ ਰਚਨਾਵਾਂ ਦੀ ਸਿਰਜਣਾ ਕੀਤੀ। ਉਹਨਾਂ ਨੇ 'ਆਦਿ ਗ੍ਰੰਥ ਸਾਹਿਬ' ਨੂੰ ਅੰਤਿਮ ਰੂਪ ਵੀ ਦਿੱਤਾ। ਉਹਨਾਂ ਨੇ ਸਿੱਖ ਧਰਮ ਦਾ ਪ੍ਰਚਾਰ ਵੀ ਕੀਤਾ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸਨ।

## ਅਭਿਆਸ

**(ੳ) ਹੇਠ ਲਿਖੇ ਹਰ ਪ੍ਰਸ਼ਨ ਦਾ ਉੱਤਰ ਇਕ ਸ਼ਬਦ/ਇਕ ਵਾਕ (1-15ਸ਼ਬਦ) ਵਿੱਚ ਲਿਖੋ—**

1. ਗੁਰੂ ਗੋਬਿੰਦ ਰਾਏ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ? ਉਹਨਾਂ ਦੇ ਮਾਤਾ ਪਿਤਾ ਜੀ ਦਾ ਨਾਂ ਵੀ ਦੱਸੋ।
2. ਬਚਪਨ ਵਿੱਚ ਪਟਨਾ ਵਿਖੇ ਗੁਰੂ ਗੋਬਿੰਦ ਰਾਏ ਜੀ ਕੀ-ਕੀ ਖੇਡਾਂ ਖੇਡਦੇ ਹੁੰਦੇ ਸਨ?
3. ਗੁਰੂ ਗੋਬਿੰਦ ਰਾਏ ਜੀ ਨੇ ਕਿਸ-ਕਿਸ ਅਧਿਆਪਕ ਤੋਂ ਸਿੱਖਿਆ ਪ੍ਰਾਪਤ ਕੀਤੀ?
4. ਕਸ਼ਮੀਰੀ ਪੰਡਿਤਾਂ ਦੀ ਕੀ ਸਮੱਸਿਆ ਸੀ? ਗੁਰੂ ਤੇਗ਼ ਬਹਾਦਰ ਜੀ ਨੇ ਉਸ ਨੂੰ ਕਿਵੇਂ ਹੱਲ ਕੀਤਾ?
5. ਭੰਗਾਣੀ ਦੀ ਜਿੱਤ ਬਾਅਦ ਗੁਰੂ ਗੋਬਿੰਦ ਰਾਏ ਜੀ ਨੇ ਕਿਹੜੇ-ਕਿਹੜੇ ਕਿਲ੍ਹੇ ਉਸਾਰੇ?
6. ਪੰਜ ਪਿਆਰਿਆਂ ਦੇ ਨਾਂ ਲਿਖੋ।
7. ਗੁਰੂ ਗੋਬਿੰਦ ਸਿੰਘ ਜੀ ਜੋਤੀ-ਜੋਤਿ ਕਿਵੇਂ ਸਮਾਏ?
8. ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਕਿਨ੍ਹਾਂ-ਕਿਨ੍ਹਾਂ ਬਾਣੀਆਂ ਦਾ ਪਾਠ ਕੀਤਾ ਜਾਂਦਾ ਹੈ?
9. ਖ਼ਾਲਸਾ ਦੀ ਸਾਜਨਾ ਕਦੋਂ ਅਤੇ ਕਿਥੇ ਕੀਤੀ ਗਈ?
10. ਬਿਲਾਸਪੁਰ ਦੇ ਰਾਜਾ ਭੀਮ ਚੰਦ ਉੱਤੇ ਖ਼ਾਲਸਾ ਸਿਰਜਣਾ ਦਾ ਕੀ ਅਸਰ ਹੋਇਆ?
11. ਨਦੌਣ ਦੀ ਲੜਾਈ ਦਾ ਕੀ ਕਾਰਨ ਸੀ?
12. ਪੂਰਵ-ਖ਼ਾਲਸਾ ਕਾਲ ਅਤੇ ਉੱਤਰ-ਖ਼ਾਲਸਾ ਕਾਲ ਤੋਂ ਤੁਸੀਂ ਕੀ ਭਾਵ ਲੈਂਦੇ ਹੋ?
13. ਸ੍ਰੀ ਮੁਕਤਸਰ ਸਾਹਿਬ ਦਾ ਪੁਰਾਣਾ ਨਾਂ ਕੀ ਸੀ? ਇਸ ਦਾ ਇਹ ਨਾਂ ਕਿਉਂ ਪਿਆ?
14. 'ਜ਼ਫ਼ਰਨਾਮਾ' ਨਾਮਕ ਖਤ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਨੂੰ ਲਿਖਿਆ ਸੀ?

15. ਗੁਰੂ ਗੋਬਿੰਦ ਸਿੰਘ ਜੀ ਦੀਆਂ ਪ੍ਰਸਿੱਧ ਦੋ ਰਚਨਾਵਾਂ ਦੇ ਨਾਂ ਲਿਖੋ।

**(ਅ) ਹੇਠ ਲਿਖੇ ਹਰ ਪ੍ਰਸ਼ਨ ਦਾ ਉੱਤਰ ਲਗ-ਪਗ 30-50 ਸ਼ਬਦਾਂ ਵਿਚ ਲਿਖੋ—**

1. ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਆਪਣਾ ਬਚਪਨ ਕਿਵੇਂ ਬਿਤਾਇਆ?
2. ਗੁਰੂ ਗੋਬਿੰਦ ਸਿੰਘ ਜੀ ਦੀ ਰਾਜਸੀ ਚਿੰਨ੍ਹਾਂ ਦਾ ਵਰਨਣ ਕਰੋ।
3. ਖਾਲਸਾ ਦੇ ਨਿਯਮਾਂ ਦਾ ਵਰਨਣ ਕਰੋ।
4. ਭੰਗਾਣੀ ਦੀ ਲੜਾਈ ਦੇ ਕੀ ਕਾਰਨ ਸਨ?
5. ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਕਦੋਂ ਹੋਈ? ਇਸ ਦਾ ਸੰਖੇਪ ਵਰਨਣ ਕਰੋ।
6. ਚਮਕੌਰ ਸਾਹਿਬ ਦੀ ਲੜਾਈ 'ਤੇ ਨੋਟ ਲਿਖੋ।
7. ਖਿਦਰਾਣਾ ਦੀ ਲੜਾਈ ਦਾ ਹਾਲ ਲਿਖੋ।
8. ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾਨਾਇਕ ਦੇ ਰੂਪ ਵਿੱਚ ਸ਼ਖ਼ਸ਼ੀਅਤ ਬਾਰੇ ਲਿਖੋ।

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗ-ਪਗ 100-120 ਸ਼ਬਦਾਂ ਵਿੱਚ ਲਿਖੋ—**

1. ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?
2. ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਾਲਸਾ ਸਿਰਜਣਾ ਕਰਨ ਦੀ ਕਿਉਂ ਲੋੜ ਪਈ?
3. ਖਾਲਸਾ ਸਿਰਜਣਾ ਦਾ ਕੀ ਮਹੱਤਵ ਸੀ?
4. ਗੁਰੂ ਗੋਬਿੰਦ ਸਿੰਘ ਜੀ ਦੀਆਂ ਪੂਰਵ-ਖਾਲਸਾ ਕਾਲ ਦੀਆਂ ਲੜਾਈਆਂ ਦਾ ਵਰਨਣ ਕਰੋ।
5. ਗੁਰੂ ਗੋਬਿੰਦ ਸਿੰਘ ਜੀ ਦੀਆਂ ਉੱਤਰ-ਖਾਲਸਾ ਕਾਲ ਦੀਆਂ ਲੜਾਈਆਂ ਦਾ ਹਾਲ ਲਿਖੋ।
6. ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਬਾਰੇ ਨੋਟ ਲਿਖੋ?
7. ਚਮਕੌਰ ਸਾਹਿਬ ਅਤੇ ਖਿਦਰਾਣੇ ਦੀ ਲੜਾਈ ਦਾ ਹਾਲ ਲਿਖੋ।

**(ਸ) ਦਿੱਤੇ ਪੰਜਾਬ ਦੇ ਨਕਸ਼ੇ ਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਲੜਾਈਆਂ ਦੇ ਕੋਈ ਚਾਰ ਸਥਾਨ ਦਰਸਾਓ।**

****

# ਪਾਠ-6

# ਬੰਦਾ ਸਿੰਘ ਬਹਾਦਰ ਅਤੇ ਸਿੱਖ ਮਿਸਲਾਂ

## (BANDA BAHADUR AND THE SIKH MISLS)

**ਬੰਦਾ ਸਿੰਘ ਬਹਾਦਰ ਦਾ ਉੱਥਾਨ (Rise of Banda Bahadur):-** ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਹੁਕਮ ਦਿੱਤਾ ਸੀ ਕਿ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਾਰਮਿਕ ਆਗੂ ਮੰਨਣ। ਆਪਣੇ ਅੰਤਲੇ ਦਿਨਾਂ ਵਿੱਚ ਜਦ ਗੁਰੂ ਜੀ ਦੱਖਣ ਵਿੱਚ ਗਏ ਤਾਂ ਉੱਥੇ ਨੰਦੇੜ ਸਾਹਿਬ ਵਿਖੇ ਉਹਨਾਂ ਦੀ ਮੁਲਾਕਾਤ ਮਾਧੋ ਦਾਸ ਬੈਰਾਗੀ ਨਾਲ਼ ਹੋਈ। ਗੁਰੂ ਜੀ ਨੇ ਉਸ ਨੂੰ ਆਪਣਾ ਸਿੰਘ ਸਜਾ ਕੇ ਉਸ ਨੂੰ ਗੁਰਬਖਸ਼ ਸਿੰਘ ਦਾ ਨਾਂ ਦਿੱਤਾ। ਪਰ ਮਾਧੋਦਾਸ 'ਬੰਦਾ ਬਹਾਦਰ' ਦੇ ਨਾਂ ਨਾਲ਼ ਹੀ ਮਸ਼ਹੂਰ ਹੋਇਆ।

ਜਦੋਂ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਤੋਂ ਪੰਜਾਬ ਵਿੱਚ ਸਿੱਖਾਂ ਉੱਤੇ ਕੀਤੇ ਗਏ ਮੁਗਲ ਸਰਕਾਰ ਦੇ ਜ਼ੁਲਮਾਂ ਬਾਰੇ ਸੁਣਿਆ ਤਾਂ ਉਸ ਨੂੰ ਬਹੁਤ ਦੁੱਖ ਹੋਇਆ। ਬੰਦਾ ਸਿੰਘ ਬਹਾਦਰ ਨੇ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣਿਆ ਤਾਂ ਉਸ ਦਾ ਖੂਨ ਖੌਲਣ ਲੱਗ ਪਿਆ। ਇਸ ਤੇ ਉਸ ਨੇ ਪੰਜਾਬ ਜਾਣ ਲਈ ਗੁਰੂ ਜੀ ਅੱਗੇ ਬੇਨਤੀ ਕੀਤੀ। ਉਹ ਅਤਿਆਚਾਰੀ ਮੁਗਲ ਕਰਮਚਾਰੀਆਂ ਨੂੰ ਉਹਨਾਂ ਦੇ ਗੁਨਾਹਾਂ ਦੀ ਸਜ਼ਾ ਦੇਣੀ ਚਾਹੁੰਦਾ ਸੀ। ਉਹਨਾਂ ਨੇ ਬੰਦਾ ਸਿੰਘ ਬਹਾਦਰ ਦੀ ਪ੍ਰਾਰਥਨਾ ਸਵੀਕਾਰ ਕਰ ਲਈ। ਉਹਨਾਂ ਨੇ ਆਪਣੇ ਭੱਥੇ ਵਿੱਚੋਂ ਪੰਜ ਤੀਰ, ਇੱਕ ਖੰਡਾ ਅਤੇ ਇੱਕ ਨਗਾਰਾ ਉਸ ਨੂੰ ਆਪਣੀ ਸ਼ਕਤੀ ਦੇ ਚਿੰਨ੍ਹ ਵਜੋਂ ਦਿੱਤਾ। ਉਹਨਾਂ ਨੇ ਪੰਜਾਬ ਵਿੱਚ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਯਾ ਸਿੰਘ ਅਤੇ ਭਾਈ ਰਣ ਸਿੰਘ ਨੂੰ ਵੀ ਉਸ ਦੇ ਨਾਲ਼ ਪੰਜਾਬ ਜਾਣ ਦਾ ਹੁਕਮ ਦਿੱਤਾ। ਵਿਦਾਈ ਦੇ ਮੌਕੇ 'ਤੇ ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਦੇ ਸਿੱਖਾਂ ਦੇ ਨਾਂ 'ਹੁਕਮਨਾਮੇ' ਵੀ ਦਿੱਤੇ। ਉਹਨਾਂ ਹੁਕਮਨਾਮਿਆਂ ਵਿੱਚ ਗੁਰੂ ਜੀ ਨੇ ਸਿੱਖਾਂ ਨੂੰ ਲਿਖਿਆ ਕਿ ਅੱਗੇ ਤੋਂ ਬੰਦਾ ਸਿੰਘ ਬਹਾਦਰ ਉਹਨਾਂ ਦਾ ਰਾਜਨੀਤਿਕ ਆਗੂ ਹੋਵੇਗਾ। ਉਹ ਮੁਗਲਾਂ ਵਿਰੁੱਧ ਧਰਮ-ਯੁੱਧਾਂ ਵਿੱਚ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ।

ਦਿੱਲੀ ਪਹੁੰਚਦਿਆਂ ਹੀ ਬੰਦਾ ਸਿੰਘ ਬਹਾਦਰ ਨੇ ਮਾਲਵਾ, ਦੁਆਬਾ ਅਤੇ ਮਾਝੇ ਦੇ ਸਿੱਖਾਂ ਦੇ ਨਾਂ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਭੇਜੇ। ਛੇਤੀ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਦਿੱਲੀ ਵਿਖੇ ਇਕੱਠੇ ਹੋ ਗਏ। ਸੈਨਾ ਦਾ ਨਿਰਮਾਣ ਕਰਨ ਮਗਰੋਂ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਅਨੁਯਾਈਆਂ ਨੇ ਬੜੇ ਜੋਸ਼ ਨਾਲ ਅਤਿਆਚਾਰੀ ਮੁਗਲਾਂ ਵਿਰੁੱਧ ਸੈਨਿਕ ਕਾਰਵਾਈ ਕਰਨ ਲਈ ਪੰਜਾਬ ਵੱਲ ਕੂਚ ਕਰ ਦਿੱਤਾ।

**ਸੋਨੀਪਤ 'ਤੇ ਹਮਲਾ (1708 ਈ.) (Attack on Sonepat):-** ਦਿੱਲੀ ਤੋਂ ਪੰਜਾਬ ਵੱਲ ਕੂਚ ਕਰਦੇ ਸਮੇਂ ਬੰਦਾ ਸਿੰਘ ਬਹਾਦਰ ਨੇ ਸੋਨੀਪਤ 'ਤੇ ਹਮਲਾ ਕੀਤਾ। ਉਸ ਵੇਲੇ ਭਾਵੇਂ ਉਸ ਨਾਲ਼ ਕੇਵਲ 500 ਸਿੱਖ ਸਨ, ਪਰ ਉੱਥੋਂ ਦਾ ਫ਼ੌਜਦਾਰ ਸਿੱਖਾਂ ਦੀ ਬਹਾਦਰੀ ਸੁਣ ਕੇ ਹੀ ਉਹਨਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਨਾ ਕਰ ਸਕਿਆ। ਫ਼ੌਜਦਾਰ ਅਤੇ ਉਸ ਦੀ ਸੈਨਾ ਸ਼ਹਿਰ ਛੱਡ ਕੇ ਭੱਜ ਗਈ।

**ਭੂਣਾ (ਕੈਥਲ) ਦੇ ਸ਼ਾਹੀ ਖਜ਼ਾਨੇ ਦੀ ਲੁੱਟ (Seizure for Imperial Treasury of Bhuna):-** ਸੋਨੀਪਤ ਤੋਂ ਜਦ ਬੰਦਾ ਸਿੰਘ ਬਹਾਦਰ ਕੈਥਲ ਦੇ ਨੇੜੇ ਪੁੱਜਾ ਤਾਂ ਉਸ ਨੂੰ ਪਤਾ ਲੱਗਾ ਕਿ ਕੁਝ ਮੁਗਲ ਸੈਨਿਕ ਜਮੀਨ ਦੇ ਉਗਰਾਹੇ ਹੋਏ ਮਾਮਲੇ ਦੇ ਧਨ ਨਾਲ਼ ਭੂਣਾ ਪਿੰਡ ਠਹਿਰੇ ਹੋਏ ਹਨ। ਆਪਣੀ ਸੈਨਿਕ ਲੋੜ ਨੂੰ ਮੁੱਖ ਰੱਖਦਿਆਂ ਬੰਦਾ ਸਿੰਘ ਬਹਾਦਰ ਨੇ ਭੂਣਾ 'ਤੇ ਹੱਲਾ ਬੋਲ ਦਿੱਤਾ। ਕੈਥਲ ਦੇ ਫੌਜਦਾਰ ਨੇ

ਬੰਦਾ ਸਿੰਘ ਬਹਾਦਰ  ਦਾ ਟਾਕਰਾ ਕਰਨ ਦਾ ਯਤਨ ਕੀਤਾ ਪਰ ਹਾਰ ਖਾਧੀ। ਬੰਦਾ ਸਿੰਘ ਬਹਾਦਰ ਨੇ ਮੁਗਲਾਂ ਤੋਂ ਸਾਰਾ ਧਨ ਖੋਹ ਲਿਆ।

**ਸਮਾਣੇ ਦੀ ਜਿੱਤ (Conquest of Samana):-** ਭੂਣਾ ਤੋਂ ਬਾਅਦ ਬੰਦਾ ਸਿੰਘ ਬਹਾਦਰ ਸਮਾਣੇ ਵੱਲ ਵਧਿਆ। ਗੁਰੂ ਤੇਗ ਬਹਾਦਰ ਜੀ ਦਾ ਜੱਲਾਦ ਸੱਯਦ ਜਲਾਲਉੱਦੀਨ ਉੱਥੋਂ ਦਾ ਰਹਿਣ ਵਾਲਾ ਸੀ। ਸਰਹਿੰਦ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਵੀ ਸਮਾਣੇ ਦੇ ਹੀ ਸਨ। 26 ਨਵੰਬਰ, 1709 ਈ: ਨੂੰ ਸਵੇਰੇ ਹੀ ਬੰਦਾ ਸਿੰਘ ਬਹਾਦਰ ਨੇ ਸਮਾਣਾ ਉੱਤੇ ਹੱਲਾ ਬੋਲ ਦਿੱਤਾ। ਕਈ ਘੰਟਿਆਂ ਤੱਕ ਸ਼ਹਿਰ ਦੀਆਂ ਗਲ਼ੀਆਂ ਵਿੱਚ ਲੜਾਈ ਹੁੰਦੀ ਰਹੀ। ਸਿੱਟੇ ਵਜੋਂ ਸਿੱਖਾਂ ਨੇ ਸਮਾਣਾ ਦੇ ਸੁੰਦਰ ਮਹਿਲਾਂ ਨੂੰ ਨਸ਼ਟ ਕਰ ਦਿੱਤਾ। ਲਗਪਗ 10,000 ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਸੱਯਦ ਜਲਾਲਉੱਦੀਨ, ਸ਼ਾਸ਼ਲ ਬੇਗ ਅਤੇ ਬਾਸ਼ਲ ਬੇਦ ਦੇ ਪਰਿਵਾਰਾਂ ਦਾ ਸਫ਼ਾਇਆ ਕਰ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਨੂੰ ਜਿੱਤ ਹਾਸਲ ਹੋਈ। ਉਸ ਨੂੰ ਬਹੁਤ ਸਾਰਾ ਧਨ ਵੀ ਮਿਲ਼ਿਆ। ਫਤਿਹ ਸਿੰਘ ਨੂੰ ਸਮਾਣੇ ਦੇ ਇਲਾਕੇ ਦਾ ਹਾਕਮ ਥਾਪਿਆ ਗਿਆ।

**ਘੁੜਾਮ ਦੀ ਜਿੱਤ** (1709 ਈ.) **(Conquest of Ghuraam):-** ਸਮਾਣਾ ਵਿੱਚ ਇੱਕ ਹਫ਼ਤਾ ਠਹਿਰਨ ਪਿੱਛੋਂ ਬੰਦਾ ਬਹਾਦਰ ਨੇ ਘੁੜਾਮ ਉੱਤੇ ਹੱਲਾ ਬੋਲ ਦਿੱਤਾ। ਉੱਥੋਂ ਦੇ ਪਠਾਣਾਂ ਨੇ ਸਿੱਖਾਂ ਦਾ ਵਿਰੋਧ ਕੀਤਾ ਪਰ ਉਹਨਾਂ ਨੇ ਭੱਜ ਕੇ ਜਾਨ ਬਚਾਈ। ਘੁੜਾਮ ਵਿੱਚੋਂ ਵੀ ਉਹਨਾਂ ਨੂੰ ਬਹੁਤ ਸਾਰਾ ਧਨ ਅਤੇ ਮਾਲ ਮਿਲ਼ਿਆ।


**ਕਪੂਰੀ ਉੱਤੇ ਹਮਲਾ (Attack on Kapuri):-** ਘੁੜਾਮ ਤੋਂ ਬੰਦਾ ਸਿੰਘ ਬਹਾਦਰ ਠਸਕਾ, ਸ਼ਾਹਬਾਦ ਅਤੇ ਮੁਸਤਫ਼ਾਬਾਦ ਹੁੰਦਾ ਹੋਇਆ ਕਪੂਰੀ ਪੁੱਜਾ। ਉਥੋਂ ਦਾ ਹਾਕਮ ਕਦਮਉੱਦੀਨ ਬਹੁਤ ਹੀ ਵਿਭਚਾਰੀ ਸੀ ਅਤੇ **ਹਿੰਦੂਆਂ ਉੱਤੇ ਬਹੁਤ ਅਤਿਆਚਾਰ ਕਰਦਾ ਸੀ। ਬੰਦਾ ਸਿੰਘ ਬਹਾਦਰ ਨੇ ਉਸ ਨੂੰ ਹਰਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਉਸ ਦੀ ਹਵੇਲੀ ਨੂੰ ਵੀ ਜਲ਼ਾ ਕੇ ਸੁਆਹ ਕਰ ਦਿੱਤਾ।**

**ਸਢੌਰਾ ਦੀ ਜਿੱਤ** (1710 ਈ.) **(Conquest of Sadhaura):-** ਸਢੌਰੇ ਦਾ ਹਾਕਮ ਉਸਮਾਨ ਖਾਂ ਹਿੰਦੂ ਲੋਕਾਂ ਉੱਤੇ ਅੱਤਿਆਚਾਰ ਕਰਦਾ ਸੀ। ਉਸ ਨੇ ਪੀਰ ਬੁੱਧੂ ਸ਼ਾਹ ਨੂੰ ਇਸ ਲਈ ਕਤਲ ਕਰਵਾ ਦਿੱਤਾ ਸੀ ਕਿ ਉਸ ਨੇ ਭੰਗਾਣੀ ਦੇ ਯੁੱਧ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਹਾਇਤਾ ਕੀਤੀ ਸੀ। ਇਸੇ ਲਈ ਬੰਦਾ ਸਿੰਘ ਬਹਾਦਰ ਨੇ ਸਢੌਰੇ ਉੱਤੇ ਹਮਲਾ ਕੀਤਾ। ਸਿੱਖਾਂ ਨੇ ਛੇਤੀ ਹੀ ਉਸਮਾਨ ਖਾਂ ਨੂੰ ਹਰਾ ਦਿੱਤਾ। ਉਹਨਾਂ ਨੇ ਸ਼ਹਿਰ ਨੂੰ ਖੂਬ ਲੁਟਿਆ। ਬਹੁਕ ਸਾਰੇ ਹਿੰਦੂ ਅਤੇ ਸਿੱਖ ਕਿਸਾਨ ਜਿਹੜੇ ਉਸਮਾਨ ਖਾਂ ਦੇ ਸਤਾਏ ਹੋਏ ਸਨ, ਬੰਦਾ ਸਿੰਘ ਬਹਾਦਰ ਦੀ ਫੌਜ ਵਿੱਚ ਭਰਤੀ ਹੋ ਗਏ। ਜਿਨ੍ਹਾਂ ਮੁਸਲਮਾਨਾਂ ਨੇ ਭੱਜ ਕੇ ਪੀਰ ਬੁੱਧੂ ਸ਼ਾਹ ਦੀ ਹਵੇਲੀ ਵਿੱਚ ਸ਼ਰਨ ਲਈ ਸੀ, ਉਹਨਾਂ ਨੂੰ ਵੀ ਸਿੱਖਾਂ ਨੇ ਨਾ ਬਖ਼ਸ਼ਿਆ। ਅੱਜ ਕੱਲ੍ਹ ਉਸ ਹਵੇਲੀ ਦਾ ਨਾਂ 'ਕਤਲ ਗੜ੍ਹੀ' ਹੈ।

**ਮੁਖ਼ਲਿਸਪੁਰ ਦੀ ਜਿੱਤ** (1710 ਈ.) **(Conquest of Mukhlispur):- ਸਢੌਰਾ ਤੋਂ ਚਲ ਕੇ ਬੰਦਾ ਸਿੰਧ ਬਹਾਦਰ ਨੇ ਮੁਖ਼ਲਿਸਪੁਰ** ਤੇ ਹਮਲਾ ਕੀਤਾ। ਉਸ ਨੇ ਉਸ ਨੂੰ ਜਿੱਤ ਕੇ ਸਹਿਜੇ ਹੀ ਉਸ ਉੱਤੇ ਆਪਣਾ ਕਬਜ਼ਾ ਕਰ ਲਿਆ। ਉੱਥੋਂ ਦੇ **ਕਿਲ੍ਹੇ ਦਾ ਨਾਂ ਬਦਲ ਕੇ ਲੋਹਗੜ੍ਹ' ਰੱਖ ਦਿੱਤਾ। ਬਾਅਦ ਵਿੱਚ ਇਹ ਨਗਰ ਹੀ ਬੰਦਾ ਸਿੰਘ ਬਹਾਦਰ ਦੀ ਰਾਜਧਾਨੀ ਬਣਿਆ।**

**ਚੱਪੜਚਿੜੀ ਦੀ ਲੜਾਈ ਅਤੇ ਸਰਹਿੰਦ ਦੀ ਜਿੱਤ** (1710 ਈ.) **(Battle of Chappar-Chiri, Conquest of Sirhind):- ਬੰਦਾ ਸਿੰਘ ਬਹਾਦਰ ਦਾ ਅਸਲੀ ਨਿਸ਼ਾਨਾ ਸਰਹਿੰਦ ਸੀ। ਇੱਥੋਂ ਦੇ ਸੂਬੇਦਾਰ ਵਜੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਹੁਤ ਤੰਗ ਕੀਤਾ ਸੀ।** ਉਸ ਨੇ ਅਨੰਦਪੁਰ ਸਾਹਿਬ ਅਤੇ ਚਮਕੌਰ ਸਾਹਿਬ ਦੇ ਯੁੱਧਾਂ ਵਿੱਚ ਗੁਰੂ ਜੀ ਦੇ ਖਿਲਾਫ਼ ਫੌਜ ਭੇਜੀ ਸੀ। ਇੱਥੇ ਹੀ ਉਹਨਾਂ ਦੇ ਛੋਟੇ

## 1947 ਤੋਂ ਪਹਿਲਾਂ ਦਾ ਪੰਜਾਬ
## ਬੰਦਾ ਬਹਾਦਰ ਦੀਆਂ ਮਹੱਤਵਪੂਰਨ ਲੜਾਈਆਂ



ਸਾਹਿਬਜ਼ਾਦਿਆਂ ਨੂੰ ਕੰਧ ਵਿੱਚ ਚਿਣਿਆ ਗਿਆ। ਬੰਦਾ ਸਿੰਘ ਬਹਾਦਰ ਅਤੇ ਸਿੱਖਾਂ ਨੂੰ ਵਜ਼ੀਰ ਖਾਂ ਤੇ ਬਹੁਤ ਗੁੱਸਾ ਸੀ। ਜਿਉਂ ਹੀ ਪੰਜਾਬ ਵਿੱਚ ਬੰਦਾ ਸਿੰਘ ਬਹਾਦਰ ਦੇ ਸਰਹਿੰਦ ਵੱਲ ਵਧਣ ਦੀਆਂ ਖਬਰਾਂ ਪਹੁੰਚੀਆਂ ਤਾਂ ਹਜ਼ਾਰਾਂ ਲੋਕ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਇਕੱਠੇ ਹੋ ਗਏ। ਸਰਹਿੰਦ ਦੇ ਕਰਮਚਾਰੀ, ਸੁੱਚਾ ਨੰਦ ਦਾ ਭਤੀਜਾ ਵੀ 1,000 ਸੈਨਿਕਾਂ ਨਾਲ ਬੰਦਾ ਸਿੰਘ ਬਹਾਦਰ ਦੀ ਸੈਨਾ ਵਿੱਚ ਜਾ ਰਲਿਆ। ਦੂਜੇ ਪਾਸੇ ਵਜ਼ੀਰ ਖ਼ਾ ਦੀ ਫੌਜ ਦੀ ਗਿਣਤੀ ਲਗਭਗ 20,000 ਸੀ। ਉਸ ਦੀ ਸੈਨਾ ਵਿੱਚ ਘੋੜ ਸਵਾਰਾਂ ਤੋਂ ਬਿਨਾਂ ਬੰਦੂਕਚੀ, ਤੋਪਚੀ ਅਤੇ ਹਾਥੀ ਸਵਾਰ ਵੀ ਸਨ।

ਸਰਹਿੰਦ ਤੋਂ ਲਗਪਗ 16 ਕਿਲੋਮੀਟਰ ਪੂਰਬ ਵੱਲ ਚੱਪੜਚਿੜੀ ਦੇ ਸਥਾਨ 'ਤੇ 22 ਮਈ, 1710 ਈ. ਨੂੰ ਦੋਹਾਂ ਫੌਜਾਂ ਦਾ ਟਾਕਰਾ ਹੋਇਆ। ਛੇਤੀ ਹੀ ਘਮਸਾਨ ਦਾ ਯੁੱਧ ਸ਼ੁਰੂ ਹੋ ਗਿਆ। ਲੁੱਟ ਮਾਰ ਲਈ ਸਿੱਖਾਂ ਦੀ ਫੌਜ ਵਿੱਚ ਭਰਤੀ ਹੋਏ ਲੋਕਾਂ ਨੇ ਨੱਸਣਾ ਸ਼ੁਰੂ ਕਰ ਦਿੱਤਾ। ਸਿੱਖ ਸੈਨਿਕਾਂ ਦੇ ਹੌਸਲੇ ਢਾਹੁਣ ਲਈ ਸੁੱਚਾ ਨੰਦ ਦਾ ਭਤੀਜਾ ਵੀ ਆਪਣੇ ਸੈਨਿਕਾਂ ਨਾਲ ਯੁੱਧ ਦੇ ਮੈਦਾਨ ਵਿਚੋਂ ਦੌੜ ਗਿਆ। ਇਸ ਤੇ ਸੈਨਿਕਾਂ ਦੇ ਹੌਂਸਲੇ ਵਧਾਉਣ ਲਈ ਬੰਦਾ ਸਿੰਘ ਬਹਾਦਰ ਆਪ ਅੱਗੇ ਵਧਿਆ। ਸਿੱਖ **ਬੜੀ ਦਲੇਰੀ ਨਾਲ ਵੈਰੀ ਉੱਤੇ ਟੁੱਟ ਪਏ। ਫਤਿਹ ਸਿੰਘ ਨੇ ਵਜ਼ੀਰ ਖ਼ਾਂ ਨੂੰ ਮੌਤ ਦੇ ਘਾਟ ਉੱਤਾਰ ਦਿੱਤਾ। ਵੈਰੀ ਦੀ ਸੈਨਾ ਵਿੱਚ ਭਗਦੜ ਮੱਚ ਗਈ। ਬੜੀ ਵੱਡੀ ਗਿਣਤੀ ਵਿੱਚ ਵੈਰੀ ਦੇ ਸੈਨਿਕ ਸਿੱਖਾਂ ਦੀਆਂ ਤਲਵਾਰਾਂ ਦਾ ਸ਼ਿਕਾਰ ਹੋਏ।**

ਚੱਪੜ-ਚਿੜੀ ਦੀ ਜਿੱਤ ਮਗਰੋਂ 24 ਮਈ, 1710 ਈ: ਨੂੰ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੇ ਕਿਲ੍ਹੇ ਤੇ ਹਮਲਾ ਕੀਤਾ। ਸਿੱਟੇ ਵਜੋਂ 500 ਸਿੱਖ ਉਸ ਲੜਾਈ ਵਿੱਚ ਮਾਰੇ ਗਏ। ਪਰ ਸਿੱਖ ਸਰਹਿੰਦ ਉੱਤੇ ਕਬਜ਼ਾ ਕਰਨ ਵਿੱਚ ਸਫਲ ਹੋ ਗਏ। ਵਜ਼ੀਰ ਖ਼ਾਂ ਦੇ ਖ਼ਜ਼ਾਨੇ ਵਿੱਚੋਂ ਲਗ-ਪਗ ਦੋ ਕਰੋੜ ਰੁਪਏ ਸਿੱਖਾਂ ਦੇ ਹੱਥ ਲੱਗੇ। **ਸੁੱਚਾ ਨੰਦ ਅਤੇ ਹੋਰ ਕਰਮਚਾਰੀਆਂ ਦੇ ਘਰਾਂ ਵਿੱਚੋਂ ਵੀ ਬੰਦਾ ਸਿੰਘ ਬਹਾਦਰ ਨੂੰ ਬਹੁਤ ਸਾਰਾ ਧਨ ਮਿਲਿਆ।**

ਵਜ਼ੀਰ ਖ਼ਾਂ ਦੀ ਲਾਸ਼ ਨੂੰ ਇੱਕ ਰੁੱਖ 'ਤੇ ਟੰਗ ਦਿੱਤਾ ਗਿਆ। ਸੁੱਚਾ ਨੰਦ ਜਿਸ ਨੇ ਸਿੱਖਾਂ ਉੱਤੇ ਅਤਿਆਚਾਰ ਕਰਵਾਏ ਸਨ, ਨੂੰ ਗਿਰਫ਼ਤਾਰ ਕਰਕੇ ਉਸ ਦੇ ਨੱਕ ਵਿੱਚ ਨਕੇਲ ਪਾਈ ਗਈ। ਸ਼ਹਿਰ ਵਿੱਚ ਉਸ ਦਾ ਜਲੂਸ ਕੱਢਿਆ ਗਿਆ। ਸਿੱਖ ਸੈਨਿਕਾਂ ਨੇ ਸ਼ਹਿਰ ਵਿੱਚ ਲੁੱਟ-ਮਾਰ ਵੀ ਕੀਤੀ।

## ਜਿੱਤੇ ਹੋਏ ਇਲਾਕਿਆਂ ਦਾ ਰਾਜ-ਪ੍ਰਬੰਧ
## (Administration of the Conquered Territories)

ਸਰਹਿੰਦ ਦੀ ਜਿੱਤ ਪਿੱਛੋਂ ਬੰਦਾ ਸਿੰਘ ਬਹਾਦਰ ਨੇ ਬਾਜ਼ ਸਿੰਘ ਨੂੰ ਸਰਹਿੰਦ ਦਾ ਹਾਕਮ ਨਿਯੁਕਤ ਕਰ ਦਿੱਤਾ। ਆਲੀ ਸਿੰਘ ਨੂੰ ਉਸ ਦਾ ਨਾਇਬ ਬਣਾਇਆ। ਫ਼ਤਿਹ ਸਿੰਘ ਪਹਿਲਾਂ ਹੀ ਸਮਾਣਾ ਦਾ ਹਾਕਮ ਬਣ ਚੁੱਕਿਆ ਸੀ। ਰਾਮ ਸਿੰਘ ਅਤੇ ਬਿਨੋਦ ਸਿੰਘ ਨੂੰ ਥਾਨੇਸਰ ਦੇ ਰਾਜ ਪ੍ਰਬੰਧ ਦੀ ਜ਼ੁੰਮੇਵਾਰੀ ਸੌਂਪੀ।

ਬੰਦਾ ਸਿੰਘ ਬਹਾਦਰ ਨੇ ਮੁਖ਼ਲਿਸਪੁਰ ਨਾਮੀ ਪਹਾੜੀ ਸਥਾਨ ਨੂੰ ਆਪਣੀ ਰਾਜਧਾਨੀ ਬਣਾਇਆ। ਉੱਥੋਂ ਦੇ ਕਿਲ੍ਹੇ ਦੀ ਲੋੜ ਅਨੁਸਾਰ ਮੁਰੰਮਤ ਕੀਤੀ ਗਈ। ਉਸ ਕਿਲ੍ਹੇ ਦਾ ਨਾਂ 'ਲੋਹਗੜ੍ਹ' ਰੱਖਿਆ ਗਿਆ। ਬੰਦਾ ਸਿੰਘ ਬਹਾਦਰ ਹੁਣ ਅਮਲੀ ਰੂਪ ਵਿੱਚ ਹਾਕਮ ਬਣ ਗਿਆ ਸੀ।

**ਬੰਦਾ ਸਿੰਘ ਬਹਾਦਰ ਨੇ ਜਿੱਤੇ ਹੋਏ ਇਲਾਕਿਆਂ ਵਿੱਚੋਂ ਜ਼ਿਮੀਦਾਰੀ ਪ੍ਰਥਾ ਖਤਮ ਕਰ ਦਿੱਤੀ। ਉਸ ਨੇ ਵਾਹੀਕਾਰਾਂ ਨੂੰ ਧਰਤੀ ਦਾ ਮਾਲਕ ਬਨਾਉਣ ਦਾ ਸ਼ਲਾਘਾਯੋਗ ਕੰਮ ਕੀਤਾ।**

**ਗੰਗਾ ਜਮਨਾ ਦੇ ਇਲਾਕਿਆਂ ਦੀ ਜਿੱਤ (Conquest in the Ganga-Yamuna Doab):-** ਬੰਦਾ ਸਿੰਘ ਬਹਾਦਰ ਦੇ ਪਿੰਡ ਦੀ ਅਗਵਾਈ ਹੇਠ ਕਈ ਹਿੰਦੂ ਅਤੇ ਮੁਸਲਮਾਨ ਲੋਕਾਂ ਨੇ ਸਿੱਖ ਧਰਮ ਅਪਣਾ ਲਿਆ ਸੀ। ਉਨਾਰਸਾ ਪਿੰਡ ਦੇ ਵਾਸੀ ਵੀ ਸਿੱਖ ਸਜ ਗਏ ਸਨ। ਜਲਾਲਾਬਾਦ ਦਾ ਫੌਜਦਾਰ ਜਲਾਲ ਖ਼ਾਂ ਇਹ ਬਰਦਾਸ਼ਤ ਨਾ ਕਰ ਸਕਿਆ। ਉਸ ਨੇ ਉੱਥੋਂ ਦੇ ਬਹੁਤ ਸਾਰੇ ਸਿੱਖਾਂ ਨੂੰ ਕੈਦ ਕਰ ਲਿਆ। ਕੈਦੀ ਸਿੱਖਾਂ ਨੂੰ ਛੁਡਾਉਣ ਲਈ ਬੰਦਾ ਸਿੰਘ ਬਹਾਦਰ ਨੇ ਆਪਣੇ ਸੈਨਿਕਾਂ ਨਾਲ ਉਨਾਰਸਾ ਵੱਲ ਚੱਲ ਪਾਏ।

ਜਮਨਾ ਨਦੀ ਨੂੰ ਪਾਰ ਕਰ ਕੇ ਸਿੰਘਾਂ ਨੇ ਪਹਿਲਾਂ ਸਹਾਰਨਪੁਰ ਉੱਤੇ ਹਮਲਾ ਕੀਤਾ। ਉੱਥੋਂ ਦਾ ਫ਼ੌਜਦਾਰ ਅਲੀ ਹਾਮਿਦ ਖਾਂ ਦਿੱਲੀ ਵੱਲ ਭੱਜ ਗਿਆ। ਉਸ ਦੇ ਕਰਮਚਾਰਿਆਂ ਨੇ ਸਿੰਘਾਂ ਦਾ ਟਾਕਰਾ ਕੀਤਾ ਪਰ ਉਹ ਹਾਰ ਗਏ। ਸਿੰਘਾਂ ਨੇ ਸਹਾਰਨਪੁਰ ਦਾ ਨਾਂ ਬਦਲ ਕੇ 'ਭਾਗ ਨਗਰ' ਰੱਖ ਦਿੱਤਾ।

ਸਹਾਰਨਪੁਰ ਤੋਂ ਬੰਦਾ ਸਿੰਘ ਬਹਾਦਰ ਨੇ ਬੇਹਾਤ ਵੱਲ ਕੂਚ ਕੀਤਾ। **ਉੱਥੋਂ ਦੇ ਪੀਰਜ਼ਾਦੇ ਹਿੰਦੂਆਂ ਉੱਤੇ** ਅਤਿਆਚਾਰ ਕਰਦੇ ਸਨ। ਬੰਦਾ ਸਿੰਘ ਬਹਾਦਰ ਨੇ ਬਹੁਤ ਸਾਰੇ ਪੀਰਜ਼ਾਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਬੇਹਾਤ ਤੋਂ ਬਾਅਦ ਬੰਦਾ ਸਿੰਘ ਬਹਾਦਰ ਨੇ ਅੰਬੇਤਾ ਉੱਤੇ ਹਮਲਾ ਕੀਤਾ। ਉੱਥੋਂ ਦੇ ਪਠਾਣ ਬੜੇ ਅਮੀਰ ਸਨ। ਉਹਨਾਂ ਨੇ ਸਿੱਖਾਂ ਦਾ ਕੋਈ ਵਿਰੋਧ ਨਾ ਕੀਤਾ। ਸਿੱਟੇ ਵਜੋਂ ਸਿੱਖਾਂ ਨੂੰ ਬੜਾ ਧਨ ਮਿਲਿਆ।

21 ਜੁਲਾਈ, 1710 ਈ: ਨੂੰ ਸਿੱਖਾਂ ਨੇ ਨਾਨੌਤਾ ਉੱਤੇ ਚੜ੍ਹਾਈ ਕੀਤੀ। ਉੱਥੋਂ ਦੇ ਸ਼ੇਖਜ਼ਾਦੇ, ਜੋ ਤੀਰ ਚਲਾਉਣ ਵਿੱਚ ਮਾਹਿਰ ਸਨ, ਸਿੱਖਾਂ ਅੱਗੇ ਡਟ ਗਏ। ਪਰ ਉਹਨਾਂ ਦੇ 300 ਸ਼ੇਖ਼ਜ਼ਾਦੇ ਮਾਰੇ ਗਏ। ਸਿੱਖਾਂ ਦੀ ਜਿੱਤ ਹੋਈ।

ਇੱਥੋਂ ਬੰਦਾ ਬਹਾਦਰ ਨੇ ਆਪਣੇ ਮੁੱਖ ਵੈਰੀ ਉਨਾਰਸਾ ਦੇ ਜਲਾਲ ਖਾਂ ਨੂੰ ਆਪਣੇ ਦੂਤ ਰਾਹੀਂ ਇੱਕ ਪੱਤਰ ਭੇਜਿਆ। ਉਸ ਨੇ ਲਿਖਿਆ ਕਿ ਉਹ ਕੈਦੀ ਸਿੱਖਾਂ ਨੂੰ ਛੱਡ ਦੇਵੇ ਅਤੇ ਨਾਲੇ ਉਸ ਦੀ ਈਨ ਮੰਨ ਲਵੇ। ਪਰ ਜਲਾਲ ਖਾਂ ਨੇ ਬੰਦਾ ਸਿੰਘ ਬਹਾਦਰ ਦੀ ਮੰਗ ਨੂੰ ਅਸ੍ਵੀਕਾਰ ਕਰ ਦਿੱਤਾ। ਉਸ ਨੇ ਦੂਤ ਦਾ ਨਿਰਾਦਰ ਵੀ ਕੀਤਾ। ਸਿੱਟੇ ਵਜੋਂ ਬੰਦਾ ਸਿੰਘ ਬਹਾਦਰ ਨੇ ਉਨਾਰਸਾ ਉੱਤ ਹਮਲਾ ਕਰ ਦਿੱਤਾ। ਘਮਸਾਨ ਦਾ ਯੁੱਧ ਹੋਇਆ। ਜਿੱਤ ਸਿੱਖਾਂ ਦੀ ਹੀ ਹੋਈ।

**ਜਲੰਧਰ ਦੁਆਬੇ ਦੇ ਇਲਾਕਿਆਂ ਉੱਤੇ ਕਬਜ਼ਾ (Occupation of the Jalandhar Doab):-** ਸਰਹਿੰਦ ਦੀ ਜਿੱਤ ਪਿੱਛੋਂ ਜਲੰਧਰ ਦੁਆਬੇ ਦੇ ਸਿੱਖਾਂ ਨੇ ਮੁਗਲ ਰਾਜ ਨੂੰ ਖ਼ਤਮ ਕਰਨ ਲਈ ਸ਼ਸਤਰ ਚੁੱਕ ਲਏ। ਉਹਨਾਂ ਨੇ ਜਲੰਧਰ ਦੁਆਬੇ ਦੇ ਮੁਗਲ ਕਰਮਚਾਰੀਆਂ ਨੂੰ ਜ਼ਬਰਦਸਤੀ ਹਟਾ ਕੇ ਉਹਨਾਂ ਦੀ ਥਾਂ ਸਿੱਖਾਂ ਨੂੰ ਲਾ ਦਿੱਤਾ। ਉਹਨਾਂ ਨੇ ਦੁਆਬੇ ਦੇ ਫੌਜਦਾਰ ਸ਼ਮਸ ਖਾਂ 'ਪਰਵਾਨਾ' ਭੇਜਿਆ ਜਿਸ ਵਿੱਚ ਉਸ ਨੂੰ ਰਾਜ-ਪ੍ਰਬੰਧ ਵਿੱਚ ਸੁਧਾਰ ਕਰਨ ਲਈ ਕਿਹਾ। ਸ਼ਮਸ ਖਾਂ ਨੇ ਸਿੱਖਾਂ ਵਿਰੁੱਧ ਜੇਹਾਦ (ਧਰਮ-ਯੁੱਧ) ਦਾ ਐਲਾਨ ਕਰ ਦਿੱਤਾ। ਸਿੱਟੇ ਵਜੋਂ ਲੱਖਾਂ ਲੋਕ ਉਸ ਦੀ ਕਮਾਨ ਹੇਠ ਇਕੱਠੇ ਹੋ ਗਏ। ਓਧਰ ਸਿੱਖਾਂ ਨੇ ਵੀ ਸਹਾਇਤਾ ਲਈ ਬੰਦਾ ਸਿੰਘ ਬਹਾਦਰ ਨੂੰ ਵੀ ਜਲਾਲਾਬਾਦ ਵਿਖੇ ਸੁਨੇਹਾ ਭੇਜ ਦਿੱਤਾ। ਸਿੱਖ ਵੈਰੀ ਦਾ ਟਾਕਰਾ ਕਰਨ ਲਈ ਰਾਹੋਂ (Rahon) ਵਿਖੇ ਚਲੇ ਗਏ। 11 ਅਤੇ 12 ਅਕਤੂਬਰ, 1710 ਈ. ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖਾਂ ਦੀ ਜਿੱਤ ਹੋਈ। ਸਿੱਟੇ ਵਜੋਂ ਜਲੰਧਰ ਦੁਆਬੇ ਦੇ ਸਾਰੇ ਇਲਾਕੇ ਉੱਤੇ ਸਿੱਖਾਂ ਦਾ ਅਧਿਕਾਰ ਹੋ ਗਿਆ।

**ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਉੱਤੇ ਅਧਿਕਾਰ:-**ਜਲੰਧਰ ਦੁਆਬੇ ਦੇ ਸਿੱਖਾਂ ਵਾਂਗੂੰ ਇਸ ਇਲਾਕੇ ਦੇ ਸਿੱਖਾਂ ਨੇ ਵੀ ਮੁਗਲ ਸਰਕਾਰ ਤੋਂ ਅਜ਼ਾਦ ਹੋਣ ਲਈ ਹਥਿਆਰ ਚੁੱਕ ਲਏ। ਲਗਪਗ 8000 ਸਿੱਖਾਂ ਨੇ ਅੰਮ੍ਰਿਤਸਰ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕੇ ਉੱਤੇ ਅਧਿਕਾਰ ਕਰ ਲਿਆ। ਉਸ ਤੋਂ ਮਗਰੋਂ ਉਹਨਾਂ ਨੇ ਬਟਾਲਾ ਅਤੇ ਕਲਾਨੌਰ ਉੱਤੇ ਵੀ ਚੜ੍ਹਾਈ ਕਰ ਦਿੱਤੀ। ਉਹਨਾਂ ਥਾਵਾਂ ਦੇ ਮੁਗਲ ਕਰਮਚਾਰੀਆਂ ਨੂੰ ਹਟਾ ਕੇ ਭਜਾ ਦਿੱਤਾ ਗਿਆ। ਉਹਨਾਂ ਪ੍ਰਦੇਸ਼ਾਂ ਵਿੱਚ ਥਾਣਿਆਂ ਅਤੇ ਤਹਿਸੀਲਾਂ ਉੱਤੇ ਸਿੱਖਾਂ ਦਾ ਕਬਜ਼ਾ ਹੋ ਗਿਆ। ਬਟਾਲਾ ਅਤੇ ਸਠਿਆਲਾ ਦੇ ਕੁਝ ਸਿੱਖਾਂ ਨੇ ਪਠਾਨਕੋਟ ਦੇ ਪਰਗਨੇ ਨੂੰ ਵੀ ਆਪਣੇ ਕਬਜ਼ੇ ਵਿੱਚ ਲੈ ਲਿਆ।

**ਮੁਸਲਮਾਨਾਂ ਦਾ ਹੈਦਰੀ ਝੰਡੇ ਥੱਲੇ ਸਿੱਖਾਂ ਵਿਰੁੱਧ ਧਰਮ-ਯੁੱਧ (The Haidri Flag Crusade):-** ਆਪਣੀਆਂ ਜਿੱਤਾਂ ਤੋਂ ਉਤਸ਼ਾਹਿਤ ਹੋ ਕੇ ਸਿੱਖਾਂ ਨੇ ਲਾਹੌਰ ਉੱਤੇ ਧਾਵਾ ਬੋਲ ਦਿੱਤਾ। ਲਾਹੌਰ ਦਾ ਸੂਬੇਦਾਰ ਸੱਯਦ ਅਸਲਮ ਖਾਂ ਦਿੱਲ ਛੱਡ ਗਿਆ। ਉਸ ਸਮੇਂ ਕੱਟੜ ਮੁਸਲਮਾਨਾਂ ਨੇ ਉਸ ਦੀ ਅਗਵਾਈ ਕੀਤੀ। ਉਹਨਾਂ ਨੇ ਹਰੇ ਰੰਗ ਦਾ ਹੈਦਰੀ ਝੰਡਾ ਖੜ੍ਹਾ ਕਰ ਦਿੱਤਾ ਅਤੇ ਜੇਹਾਦ ਦਾ ਐਲਾਨ ਕਰ ਦਿੱਤਾ। ਉਸ ਝੰਡੇ ਹੇਠ ਵੱਡੀ ਗਿਣਤੀ ਵਿੱਚ ਮੁਸਲਮਾਨ ਇਕੱਠੇ ਹੋ ਗਏ। ਉਹਨਾਂ ਨੇ ਸਿੱਖਾਂ ਵਿਰੁੱਧ ਪਿੰਡ ਭਰਤ (ਲਾਹੌਰ) ਵਿੱਚ ਅਤੇ ਕੋਟਲਾ ਬੇਗਮ ਦੇ ਨੇੜੇ ਮੁਹਿੰਮਾਂ ਭੇਜੀਆਂ। ਪਰ ਮੁਸਲਮਾਨਾਂ ਨੂੰ ਹਾਰ ਖਾ ਕੇ ਮੁੜਨਾ ਪਿਆ। ਸਿੱਟੇ ਵਜੋਂ ਸਿੱਖ ਲਾਹੌਰ ਤੋਂ ਲੈ ਕੇ ਦਿੱਲੀ ਤੱਕ ਦੇ ਪੰਜਾਬ ਦੇ ਮਾਲਕ ਬਣ ਗਏ।

## ਬਹਾਦਰ ਸ਼ਾਹ ਦੀ ਸਿੱਖਾਂ ਵਿਰੁੱਧ ਕਾਰਵਾਈ

## (Bahadur Shah's Measures against the Sikhs)

ਜਦੋਂ ਮੁਗਲ ਸਮਰਾਟ ਬਹਾਦਰ ਸ਼ਾਹ ਨੂੰ ਪਤਾ ਲੱਗਾ ਕਿ ਸਿੱਖਾਂ ਨੇ ਪੰਜਾਬ ਦੇ ਮੁਗਲ ਹਾਕਮਾਂ ਨੂੰ ਵਖ਼ਤ ਪਾ ਰੱਖਿਆ ਹੈ ਤਾਂ ਉਸ ਨੇ ਆਪਣਾ ਸਾਰਾ ਧਿਆਨ ਪੰਜਾਬ ਵੱਲ ਦਿੱਤਾ। ਉਹ 27 ਜੂਨ 1710 ਈ: ਨੂੰ ਅਜਮੇਰ ਤੋਂ ਪੰਜਾਬ ਵੱਲ ਚੱਲ ਪਿਆ। ਉਸ ਨੇ ਦਿੱਲੀ ਅਤੇ ਅਵੱਧ ਦੇ ਸੂਬੇਦਾਰਾਂ ਅਤੇ ਮੁਰਾਦਾਬਾਦ ਅਤੇ ਅਲਾਹਾਬਾਦ ਦੇ ਨਾਜ਼ਿਮਾਂ ਅਤੇ ਫੌਜ਼ਦਾਰਾਂ ਨੂੰ ਹੁਕਮ ਕੀਤਾ ਕਿ ਉਹ ਆਪਣੀਆਂ ਸੈਨਾਵਾਂ ਸਹਿਤ ਪੰਜਾਬ ਵੱਲ ਕੂਚ ਕਰਨ।

**ਅਮੀਨਾਬਾਦ ਦੀ ਲੜਾਈ (Battle of Aminabad):-** ਬਹਾਦਰ ਸ਼ਾਹ ਨੇ ਫ਼ੀਰੋਜ਼ ਖਾਂ ਮੇਵਾਤੀ ਅਤੇ ਮਹਾਬਤ ਖ਼ਾ ਦੇ ਅਧੀਨ ਸਿੱਖਾਂ ਵਿਰੁੱਧ ਇੱਕ ਵਿਸ਼ਾਲ ਸੈਨਾ ਭੇਜੀ। ਬਿਨੋਦ ਸਿੰਘ ਅਤੇ ਰਾਮ ਸਿੰਘ ਨੇ 26 ਅਕਤੂਬਰ 1710 ਈ: ਨੂੰ ਅਮੀਨਾਬਾਦ (ਥਾਨੇਸਰ ਅਤੇ ਤਰਾਵੜੀ ਵਿਚਕਾਰ) ਵਿਖੇ ਵੈਰੀ ਦਾ ਸਾਹਮਣਾ ਕੀਤਾ। ਉਹਨਾਂ ਦੇ ਮਹਾਬਤ ਖਾਂ ਨੂੰ ਪਿੱਛੋਂ ਭੱਜ ਜਾਣ ਲਈ ਮਜ਼ਬੂਰ ਕਰ ਦਿੱਤਾ। ਪਰ ਅੰਤ ਨੂੰ ਵੈਰੀ ਦੀ ਬਹੁਤ ਗਿਣਤੀ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਜਿਉਂਦੇ ਅਤੇ ਮਰੇ ਹੋਏ ਸਿੱਖਾਂ ਦਾ ਬੜਾ ਅਪਮਾਨ ਕੀਤਾ ਗਿਆ। ਉਹਨਾਂ ਦੀਆਂ ਲਾਸ਼ਾਂ ਨੂੰ ਜਰਨੈਲੀ ਸੜਕ ਦੇ ਕੰਢੇ 'ਤੇ ਲਟਕਾ ਦਿੱਤਾ ਗਿਆ। ਬਹਾਦਰ ਸ਼ਾਹ ਵੱਲੋਂ ਫ਼ੀਰੋਜ ਖਾਂ ਮੇਵਾਤੀ ਨੂੰ ਸਰਹਿੰਦ ਦੀ ਫ਼ੌਜਦਾਰੀ ਸੌਂਪੀ ਗਈ।

**ਸਢੌਰਾ ਦੀ ਲੜਾਈ (Battle of Sadhaura):-** ਜਦੋਂ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦੀ ਹਾਰ ਦੀ ਖਬਰ ਮਿਲੀ ਤਾਂ ਉਸ ਨੇ ਆਪਣੇ ਸੈਨਿਕਾਂ ਸਮੇਤ ਦੁਸ਼ਮਣ 'ਤੇ ਚੜ੍ਹਾਈ ਕਰ ਦਿੱਤੀ। ਉਸ ਸਮੇਂ ਮੁਗ਼ਲਾਂ ਦੀ ਵਿਸ਼ਾਲ ਸੈਨਾ ਸਢੌਰਾ ਵਿਖੇ ਡੇਰੇ ਲਾਈ ਬੈਠੀ ਸੀ। 4 ਦਸੰਬਰ 1710 ਈ: ਨੂੰ ਜਿਉਂ ਹੀ ਵੈਰੀ ਦੀ ਸੈਨਾ ਸਹੀ ਡੇਰੇ ਦੀ ਭਾਲ ਵਿੱਚ ਨਿਕਲੀ ਤਾਂ ਸਿੱਖਾਂ ਨੇ ਉਸ ਉੱਤੇ ਧਾਵਾ ਬੋਲ ਦਿੱਤਾ। ਸਿੱਖਾਂ ਨੇ ਬੜੀ ਵੀਰਤਾ ਨਾਲ ਯੁੱਧ ਕੀਤਾ। ਉਹਨਾਂ ਨੇ ਦੁਸ਼ਮਣ ਦਾ ਬਹੁਤ ਸਾਰਾ ਨੁਕਸਾਨ ਵੀ ਕੀਤਾ ਪਰ ਸ਼ਾਮ ਨੂੰ ਬਹੁਤ ਵੱਡੀ ਗਿਣਤੀ ਵਿਚ ਸ਼ਾਹੀ ਫ਼ੌਜ ਵੈਰੀ ਦੀ ਸੈਨਾ ਵਿੱਚ ਜਾ ਮਿਲੀ। ਇਸ ਤੇ ਸਿੱਖਾਂ ਨੇ ਲੜਾਈ ਵਿੱਚੇ ਛੱਡ ਕੇ ਲੋਹਗੜ੍ਹ ਦੇ ਕਿਲ੍ਹੇ ਵਿੱਚ ਜਾ ਸ਼ਰਨ ਲਈ।

**ਲੋਹਗੜ੍ਹ ਦਾ ਯੁੱਧ (Battle of Lohgarh):-** ਉਸ ਸਮੇਂ ਤੱਕ ਬਹਾਦਰ ਸ਼ਾਹ ਵੀ ਉੱਥੇ ਪਹੁੰਚ ਚੁੱਕਾ ਸੀ। ਉਸ ਨੇ ਖੁਦ ਬੰਦਾ ਸਿੰਘ ਬਹਾਦਰ ਦੇ ਖਿਲਾਫ਼ ਕਾਰਵਾਈ ਕਰਨ ਦਾ ਫੈਸਲਾ ਕੀਤਾ। ਉਸ ਨੇ ਸਿੱਖਾਂ ਦੀ ਤਾਕਤ ਦਾ ਅੰਦਾਜ਼ਾ ਲਾਉਣ ਲਈ ਵਜ਼ੀਰ ਮੁਨਇਮ ਖਾਂ ਨੂੰ ਕਿਲ੍ਹੇ ਵੱਲ ਵਧਣ ਦਾ ਹੁਕਮ ਦਿੱਤਾ। ਪਰ ਉਸ ਨੇ ਬਾਦਸ਼ਾਹ ਦੇ ਹੁਕਮ ਦੀ ਉਲੰਘਣਾ ਕਰਦੇ ਹੋਏ 10 ਦਸੰਬਰ 1710 ਈ: ਨੂੰ ਲੋਹਗੜ੍ਹ ਦੇ ਕਿਲ੍ਹੇ ਉੱਤੇ ਹਮਲਾ ਕਰ ਦਿੱਤਾ। ਉਸ ਦੀ ਨਕਲ ਕਰਦਿਆਂ ਦੂਸਰੇ ਮੁਗਲ ਸਰਦਾਰਾਂ ਨੇ ਵੀ ਕਿਲ੍ਹੇ ਉੱਤੇ ਧਾਵਾ ਬੋਲ ਦਿੱਤਾ। ਸਿੱਖਾਂ ਨੇ ਵੈਰੀ ਦਾ ਡੱਟ ਕੇ ਮੁਕਾਬਲਾ ਕੀਤਾ। ਦੋਨੋਂ ਪਾਸਿਆਂ ਤੋਂ ਵੱਡੀ ਸੰਖਿਆ ਵਿਚ ਸੈਨਿਕ ਮਾਰੇ ਗਏ। ਪਰ ਕਿਲ੍ਹੇ ਅੰਦਰ ਸਿੱਖ ਸੈਨਿਕਾਂ ਨੂੰ ਖਾਣ-ਪੀਣ ਦੇ ਸਮਾਨ ਦੀ ਅਣਹੋਂਦ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਹਨਾਂ ਵੱਲੋਂ ਲੜਨਾ ਅਸੰਭਵ ਹੋ ਗਿਆ। ਇੱਕ ਗੁਲਾਬ ਸਿੰਘ ਨਾਂ ਦੇ ਇੱਕ ਸਿੱਖ ਨੇ ਬੰਦਾ ਸਿੰਘ ਬਹਾਦਰ ਨੂੰ ਕਿਲ੍ਹੇ ਵਿਚੋਂ ਬਚਾਅ ਕੇ ਕੱਢਣ ਲਈ ਬੰਦਾ ਸਿੰਘ ਬਹਾਦਰ ਵਰਗੀ ਪੋਸ਼ਾਕ ਪਾ ਲਈ। ਬੰਦਾ ਸਿੰਘ ਬਹਾਦਰ ਤਾਂ ਸਿੱਖ ਸੈਨਿਕਾਂ ਨਾਲ਼ ਬਾਹਰ ਨਿਕਲ਼ ਗਿਆ ਪਰ ਉਹ ਬੰਦਾ ਬਹਾਦਰ ਵਾਲੀ ਥਾਂ 'ਤੇ ਜਾ ਬੈਠਾ। ਉੱਥੋਂ ਬੰਦਾ ਸਿੰਘ ਬਹਾਦਰ ਨਾਹਨ ਦੀਆਂ ਪਹਾੜੀਆਂ ਵੱਲ ਚਲਿਆ ਗਿਆ।

11 ਦਸੰਬਰ 1710 ਈ: ਨੂੰ ਸਵੇਰੇ ਮੁਨਇਮ ਖ਼ਾਂ ਨੇ ਫਿਰ ਕਿਲ੍ਹੇ ਉੱਤੇ ਧਾਵਾ ਬੋਲਿਆ। ਛੇਤੀ ਹੀ ਮੁਗਲਾਂ ਨੇ ਕਿਲ੍ਹੇ ਉੱਤੇ ਜਿੱਤ ਪ੍ਰਾਪਤ ਕਰ ਲਈ। ਗੁਲਾਬ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਬੰਦਾ ਸਿੰਘ ਬਹਾਦਰ ਦੇ ਨੱਸ ਜਾਣ ਤੇ ਉਹਨਾਂ ਨੂੰ ਬੜਾ ਦੁੱਖ ਹੋਇਆ। ਬਹਾਦਰ ਸ਼ਾਹ ਨੇ ਬੰਦਾ ਸਿੰਘ ਬਹਾਦਰ ਦਾ ਪਿੱਛਾ ਕਰਨ ਲਈ ਹਮੀਦ ਖ਼ਾਂ ਦੀ ਕਮਾਨ ਹੇਠ ਨਾਹਨ ਵੱਲ ਆਪਣੀ ਫੌਜ਼ ਭੇਜੀ। ਬਹਾਦਰ ਸ਼ਾਹ ਸਢੌਰਾ, ਬਡੌਲੀ, ਰੋਪੜ, ਹੁਸ਼ਿਆਰਪੁਰ, ਕਲਾਨੌਰ ਆਦਿ ਥਾਵਾਂ ਤੋਂ ਹੁੰਦਾ ਹੋਇਆ ਲਾਹੌਰ ਜਾ ਪੁੱਜਾ।

**ਪਹਾੜੀ ਇਲਾਕਿਆਂ ਵਿੱਚ ਬੰਦਾ ਬਹਾਦਰ ਦੀਆਂ ਸਰਗਰਮੀਆਂ (Banda Bahadur's Activities in the Hills):-** ਪਹਾੜਾਂ ਵਿੱਚ ਜਾ ਕੇ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਦੇ ਨਾਂ ਹੁਕਮਨਾਮੇ ਭੇਜੇ ਤਾਂ ਕਿ ਉਹ ਉਸ ਨੂੰ ਆ ਕੇ ਮਿਲ ਸਕਣ। ਥੋੜ੍ਹੇ ਸਮੇਂ ਵਿੱਚ ਹੀ ਕੀਰਤਪੁਰ ਵਿਖੇ ਇੱਕ ਵੱਡੀ ਗਿਣਤੀ ਵਿੱਚ ਸਿੱਖ ਇਕੱਠੇ ਹੋ ਗਏ। ਸਭ ਤੋਂ ਪਹਿਲਾਂ ਬੰਦਾ ਸਿੰਘ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੁਰਾਣੇ ਵੈਰੀ ਬਿਲਾਸਪੁਰ ਦੇ ਹਾਕਮ ਭੀਮ ਚੰਦ ਨੂੰ ਇੱਕ 'ਪਰਵਾਨਾ' ਭੇਜਿਆ। ਬੰਦਾ ਸਿੰਘ ਬਹਾਦਰ ਨੇ ਉਸ ਨੂੰ ਉਸ ਦੀ ਈਨ ਮੰਨਣ ਲਈ ਕਿਹਾ। ਉਸ ਦੇ ਨਾਂਹ ਕਰਨ ਤੇ ਬੰਦਾ ਸਿੰਘ ਬਹਾਦਰ ਨੇ ਬਿਲਾਸਪੁਰ ਤੇ ਹਮਲਾ ਕਰ ਦਿੱਤਾ। ਘਮਸਾਨ ਦਾ ਯੁੱਧ ਹੋਇਆ। ਭੀਮ ਚੰਦ ਦੇ 1300 ਸੈਨਿਕ ਮਾਰੇ ਗਏ। ਸਿੱਖਾਂ ਦੀ ਜਿੱਤ ਹੋਈ।

**ਬੰਦਾ ਸਿੰਘ ਬਹਾਦਰ ਦੀ ਇਸ ਜਿੱਤ ਨਾਲ਼ ਬਾਕੀ ਦੇ ਪਹਾੜੀ ਰਾਜੇ ਡਰ ਗਏ। ਕਈਆਂ ਨੇ ਬੰਦਾ ਸਿੰਘ ਬਹਾਦਰ ਨੂੰ ਨਜ਼ਰਾਨਾ ਦੇਣਾ ਮੰਨ ਲਿਆ। ਮੰਡੀ ਦੇ ਰਾਜਾ ਸਿੱਧ ਸੈਨ ਨੇ ਈਨ ਮੰਨ ਕੇ ਐਲਾਨ ਕੀਤਾ ਕਿ ਉਹ ਸਿੱਖ ਗੁਰੂਆਂ ਦਾ ਅਨੁਯਾਈ ਹੈ।**

**ਮੰਡੀ ਤੋਂ ਬੰਦਾ ਸਿੰਘ ਬਹਾਦਰ ਕੁੱਲੂ ਵੱਲ ਵਧਿਆ। ਉੱਥੋਂ ਦੇ ਹਾਕਮ ਨਾਲ ਸਿੰਘ ਨੇ ਕਿਸੇ ਚਾਲ ਨਾਲ਼ ਉਸ ਨੂੰ ਕੈਦ ਕਰ ਲਿਆ। ਪਰ ਛੇਤੀ ਹੀ ਬੰਦਾ ਸਿੰਘ ਬਹਾਦਰ ਉਸ ਦੀ ਕੈਦ ਵਿੱਚੋਂ ਨਿਕਲਣ ਵਿੱਚ ਸਫ਼ਲ ਹੋ ਗਿਆ।**

**ਕੁੱਲੂ ਤੋਂ ਬੰਦਾ ਸਿੰਘ ਬਹਾਦਰ ਚੰਬਾ ਰਿਆਸਤ ਵੱਲ ਵਧਿਆ। ਉੱਥੋਂ ਦੇ ਰਾਜਾ ਉਦੈ ਸਿੰਘ ਨੇ ਉਸ ਦਾ ਦਿਲੋਂ ਸਤਿਕਾਰ ਕੀਤਾ।** ਉਸ ਨੇ ਆਪਣੇ ਪਰਿਵਾਰ ਵਿੱਚੋਂ ਇੱਕ ਲੜਕੀ ਦਾ ਵਿਆਹ ਵੀ ਉਸ ਨਾਲ਼ ਕਰ ਦਿੱਤਾ। 1711ਈ: ਦੇ ਅੰਤ ਵਿੱਚ ਬੰਦਾ ਸਿੰਘ ਬਹਾਦਰ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਉਸ ਦਾ ਨਾਂ ਅਜੈ ਸਿੰਘ ਰੱਖਿਆ ਗਿਆ।

**ਬਹਿਰਾਮਪੁਰ ਦੀ ਲੜਾਈ (Battle of Behrampur):-** ਜਦੋਂ ਬੰਦਾ ਸਿੰਘ ਬਹਾਦਰ ਰਾਏਪੁਰ ਅਤੇ ਬਹਿਰਾਮਪੁਰ ਦੇ ਪਹਾੜਾਂ ਵਿੱਚੋਂ ਮੈਦਾਨੀ ਇਲਾਕੇ ਉੱਤੇ ਹਮਲਾ ਕਰਨ ਲਈ ਬਾਹਰ ਨਿਕਲਿਆ ਤਾਂ ਜੰਮੂ ਦੇ ਫੌਜਦਾਰ ਬਾਯਜੀਦ ਖ਼ਾਂ ਖੇਸ਼ਗੀ ਨੇ ਉਸ ਉੱਤੇ ਹਮਲਾ ਕਰ ਦਿੱਤਾ। 4 ਜੂਨ, 1711ਈ: ਨੂੰ ਬਹਿਰਾਮਪੁਰ ਦੇ ਨੇੜੇ ਲੜਾਈ ਹੋਈ। ਇਸ ਲੜਾਈ ਵਿੱਚ ਬਾਜ ਸਿੰਘ ਅਤੇ ਫ਼ਤਿਹ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਸਿੱਟੇ ਵਜੋਂ ਸਿੱਖਾਂ ਨੂੰ ਜਿੱਤ ਪ੍ਰਾਪਤ ਹੋਈ।

ਬਹਿਰਾਮਪੁਰ ਦੀ ਜਿੱਤ ਮਗਰੋਂ ਬੰਦਾ ਸਿੰਘ ਬਹਾਦਰ ਨੇ ਰਾਏਪੁਰ, ਬਹਿਰਾਮਪੁਰ, ਕਲਾਨੌਰ ਅਤੇ ਬਟਾਲਾ ਉੱਤੇ ਹਮਲੇ ਕੀਤੇ ਅਤੇ ਉਹਨਾਂ ਥਾਂਵਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਪਰ ਇਹ ਜਿੱਤਾਂ ਚਿਰ-ਸਥਾਈ ਸਿੱਧ ਨਾ ਹੋਈਆਂ।

ਬੰਦਾ ਸਿੰਘ ਬਹਾਦਰ ਨੂੰ ਮੁੜ ਪਹਾੜਾਂ ਵਿੱਚ ਸ਼ਰਨ ਲੈਣੀ ਪਈ। ਪਰ ਮੁਗ਼ਲ ਸਰਕਾਰ ਉਸ ਦੀ ਸ਼ਕਤੀ ਨੂੰ ਕੁਚਲਣ ਵਿੱਚ ਅਸਫ਼ਲ ਰਹੀ।

**ਬੰਦਾ ਸਿੰਘ ਬਹਾਦਰ ਦਾ ਦੁਬਾਰਾ ਤਾਕਤ ਫੜਨਾ (Banda Bhadur re-establishes his power):-** 18 ਫਰਵਰੀ, 1712ਈ: ਨੂੰ ਲਾਹੌਰ ਵਿਖੇ ਹੀ ਮੁਗ਼ਲ ਸਮਰਾਟ ਬਹਾਦਰ ਸ਼ਾਹ ਦੀ ਮੌਤ ਹੋ ਗਈ। ਉਸ ਦੀ ਥਾਂ ਤੇ ਉਸ ਦੇ ਪੁੱਤਰ ਜਹਾਂਦਾਰ ਨੂੰ ਗੱਦੀ 'ਤੇ ਬਿਠਾ ਦਿੱਤਾ ਗਿਆ, ਪਰ ਨਾਲ਼ ਹੀ ਉਸ ਨੂੰ ਗੱਦੀ ਤੋਂ ਉਤਾਰ ਕੇ ਉਸ ਦੀ ਥਾਂ 'ਤੇ ਫ਼ਰੁੱਖ਼ਸੀਅਰ ਨੂੰ ਭਾਰਤ ਦਾ ਸਮਰਾਟ ਬਣਾ ਦਿੱਤਾ ਗਿਆ। ਇਸ ਅਵਸਥਾ ਦਾ ਲਾਭ ਉਠਾ ਕੇ 1712-13ਈ: ਵਿੱਚ ਬੰਦਾ ਸਿੰਘ ਬਹਾਦਰ ਨੇ ਸਢੌਰਾ ਅਤੇ ਲੋਹਗੜ੍ਹ ਉੱਤੇ ਮੁੜ ਅਧਿਕਾਰ ਕਰ ਲਿਆ। ਉਸ ਨੇ ਲੋਹਗੜ੍ਹ ਕਿਲ੍ਹੇ ਦੀ ਦੁਬਾਰਾ ਮੁਰੰਮਤ ਕਰਕੇ ਉਸ ਨੂੰ ਖ਼ਾਲਸੇ ਦੀ ਰਾਜਧਾਨੀ ਬਣਾ ਲਿਆ। ਉਸ ਨੇ ਫਿਰ ਮੁਲਤਾਨ ਤੋਂ ਜਲੰਧਰ ਤੱਕ ਸਮੇਤ ਲਾਹੌਰ ਅਤੇ ਜਿਹਲਮ ਤੋਂ ਅੰਬਾਲਾ ਤੱਕ ਦੇ ਇਲਾਕਿਆਂ ਉੱਤੇ ਹਮਲੇ ਕੀਤੇ। ਉਸ ਨੇ ਅੰਮ੍ਰਿਤਸਰ ਵਿਖੇ, ਵਿਸਾਖੀ ਵਾਲ਼ੇ ਦਿਨ ਮੇਲੇ ਵਿੱਚ ਹਿੱਸਾ ਲਿਆ ਅਤੇ ਵੱਡਾ ਦਰਬਾਰ ਵੀ ਲਾਇਆ।

## ਫ਼ਰੁੱਖ਼ਸੀਅਰ ਦੀਆਂ ਸਿੱਖਾਂ ਵਿਰੁੱਧ ਕਾਰਵਾਈਆਂ
## (Farrukhisiyar's Activities against the Sikhs)

ਬਾਦਸ਼ਾਹ ਬਣਨ ਉਪਰੰਤ ਫ਼ਰੁੱਖ਼ਸੀਅਰ ਨੇ ਕਸ਼ਮੀਰ ਦੇ ਸੂਬੇਦਾਰ, ਅਬਦੁੱਸਸਮਦ ਖਾਂ ਨੂੰ ਹੁਕਮ ਕੀਤਾ ਕਿ ਉਹ ਸਿੱਖਾਂ ਵਿਰੁੱਧ ਸਖ਼ਤ ਕਾਰਵਾਈ ਕਰੇ। ਬਾਦਸ਼ਾਹ ਫਰੁੱਖ਼ਸੀਅਰ ਨੇ ਲਾਹੌਰ ਦੇ ਸੂਬੇਦਾਰ ਮੁਹੰਮਦ ਅਮੀਨ ਖਾਂ ਨੂੰ ਦਿੱਲੀ ਬੁਲਾ ਕੇ ਉਸ ਦੀ ਥਾਂ ਤੇ ਅਬੱਦੁਸਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਨਿਯੁਕਤ ਕੀਤਾ। ਬੰਦਾ ਸਿੰਘ **ਬਹਾਦਰ ਨੂੰ ਕੁਚਲਣ ਲਈ ਅਬਦੁੱਸਸਮਦ ਖਾਂ ਨੇ ਅਕਤੂਬਰ 1713 ਈ: ਵਿੱਚ ਸਢੌਰਾ ਅਤੇ** ਲੋਹਗੜ੍ਹ ਕਿਲ੍ਹੇ ਉੱਤੇ ਜਿੱਤ ਪ੍ਰਾਪਤ ਕਰ ਲਈ।

**ਗੁਰਦਾਸ ਨੰਗਲ ਦਾ ਯੁੱਧ (Battle of Gurdas Nangal):-** 1715 ਈ: ਵਿੱਚ ਬੰਦਾ ਸਿੰਘ ਬਹਾਦਰ ਨੇ ਪਹਾੜੀ ਇਲਾਕੇ ਤੋਂ ਉੱਤਰ ਕੇ ਕਲਾਨੌਰ ਅਤੇ ਬਟਾਲਾ ਉੱਤੇ ਫਿਰ ਆਪਣਾ ਅਧਿਕਾਰ ਜਮ੍ਹਾ ਲਿਆ। ਛੇਤੀ ਹੀ ਅਬਦੁੱਸਸਮਦ ਖਾਂ ਦੀ ਅਗਵਾਈ ਵਿੱਚ ਮੁਗਲਾਂ ਨੇ ਇੱਕ ਵਿਸ਼ਾਲ ਸੈਨਾ ਇਕੱਠੀ ਕੀਤੀ ਅਤੇ ਬੰਦਾ ਸਿੰਘ ਬਹਾਦਰ ਵਿਰੁੱਧ ਚੜ੍ਹਾਈ ਕੀਤੀ। ਉਸ ਸਮੇਂ ਬੰਦਾ ਸਿੰਘ ਬਹਾਦਰ ਕੋਟ ਮਿਰਜ਼ਾ ਜਾਨ (ਕਲਾਨੌਰ ਅਤੇ ਬਟਾਲੇ ਵਿਚਕਾਰ) ਵਿਖੇ ਸੀ। ਮੁਗਲ ਸੈਨਾ ਅਚਾਨਕ ਹੀ ਸਿੱਖਾਂ ਉੱਤੇ ਟੁੱਟ ਪਈ। ਸਿੱਖਾਂ ਨੇ ਉਹਨਾਂ ਦਾ ਬੜੀ ਬਹਾਦਰੀ ਨਾਲ ਟਾਕਰਾ ਕੀਤਾ ਪਰ ਸਿੱਖ ਗੁਰਦਾਸ ਨੰਗਲ (ਗੁਰਦਾਸਪੁਰ ਤੋਂ 6 ਕਿਲੋਮੀਟਰ ਦੂਰ ਪੱਛਮ ਵਿੱਚ) ਵੱਲ ਪਿੱਛੇ ਹੱਟ ਗਏ। ਉੱਥੇ ਉਹਨਾਂ ਨੇ ਦੁਨੀ ਚੰਦ ਦੀ ਹਵੇਲੀ ਵਿੱਚ ਸ਼ਰਨ ਲਈ। ਦੁਸ਼ਮਣ ਨੂੰ ਦੂਰ ਰੱਖਣ ਲਈ ਸਿੱਖਾਂ ਨੇ ਹਵੇਲੀ ਦੁਆਲੇ ਖਾਈ ਪੁੱਟ ਕੇ ਉਸ ਵਿੱਚ ਪਾਣੀ ਭਰ ਦਿੱਤਾ। ਅਪਰੈਲ 1715 ਈ: ਨੂੰ ਮੁਗਲ ਸੈਨਾ ਨੇ ਉਸ ਹਵੇਲੀ ਨੂੰ ਘੇਰਾ ਪਾ ਲਿਆ। ਸਿੱਖਾਂ ਨੇ ਉਹਨਾਂ ਦਾ ਡਟ ਕੇ ਮੁਕਾਬਲਾ ਕੀਤਾ। ਉਹਨਾਂ ਨੇ ਮੁਗਲਾਂ ਦੀ ਫ਼ੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ? ਅੱਠ ਮਹੀਨਿਆਂ ਤੱਕ ਉਹ ਘੇਰਾਬੰਦੀ ਜਾਰੀ ਰਹੀ। ਅੰਤ ਨੂੰ ਸਿੱਖਾਂ ਕੋਲੋਂ ਭੋਜਨ-ਸਮਗਰੀ ਖ਼ਤਮ ਹੋ ਗਈ। ਕਈ ਦਿਨਾਂ ਤੱਕ ਉਹ ਘਾਹ, ਪੱਤੇ, ਘੋੜਿਆਂ ਅਤੇ ਹੋਰ ਪਸ਼ੂਆਂ ਦਾ ਮਾਸ ਖਾ ਕੇ ਗੁਜ਼ਾਰਾ ਕਰਦੇ ਰਹੇ। ਬਿਨੋਦ ਸਿੰਘ ਹਵੇਲੀ ਛੱਡ ਕੇ ਜਾਣਾ ਚਾਹੁੰਦਾ ਸੀ, ਪਰ ਬੰਦਾ ਸਿੰਘ ਬਹਾਦਰ ਮਰਦੇ ਦਮ ਤੀਕ ਲੜਨਾ ਚਾਹੁੰਦਾ ਸੀ। ਅੰਤ ਨੂੰ ਬਿਨੋਦ ਸਿੰਘ ਅਤੇ ਉਸ ਦੇ ਸਾਥੀ ਉਹ, ਗੜ੍ਹੀ ਛੱਡ ਗਏ। ਸਿੱਟੇ ਵਜੋਂ ਸਿੱਖਾਂ ਦੀ ਤਾਕਤ ਘੱਟ ਗਈ। ਇਸ ਹਾਲਤ ਵਿੱਚ ਉਹਨਾਂ ਨੂੰ ਹੋਰ ਲੜਨਾ ਅਸੰਭਵ ਹੋ ਗਿਆ। ਇਸ ਲਈ 7 ਦਸੰਬਰ, 1715 ਈ: ਨੂੰ ਹਮਲਾਵਰ ਹਵੇਲੀ ਉੱਤੇ ਅਧਿਕਾਰ ਕਰਨ ਵਿੱਚ ਸਫਲ ਹੋ ਗਏ। ਬੰਦਾ ਸਿੰਘ ਬਹਾਦਰ ਅਤੇ ਉਸ ਦੇ 200 ਸਾਥੀਆਂ ਨੂੰ ਕੈਦ ਕਰ ਲਿਆ ਗਿਆ।

**ਬੰਦਾ ਸਿੰਘ ਬਹਾਦਰ ਦਾ ਅੰਤ (End of Banda Bahadur):-** ਗੁਰਦਾਸ ਨੰਗਲ ਤੋਂ ਕੈਦੀ ਬਣਾ ਕੇ ਬੰਦਾ ਸਿੰਘ ਬਹਾਦਰ ਨੂੰ ਲਾਹੌਰ ਲਿਆਂਦਾ ਗਿਆ।

ਕੁਝ ਦਿਨਾਂ ਮਗਰੋਂ ਜ਼ਕਰੀਆਂ ਖਾਂ ਦੀ ਦੇਖ-ਰੇਖ ਹੇਠ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਨੂੰ ਦਿੱਲੀ ਭੇਜਿਆ ਗਿਆ।

5 ਮਾਰਚ, 1716 ਈ: ਨੂੰ ਸਿੱਖ ਕੈਦੀਆਂ ਦੇ ਕਤਲ ਦਾ ਕੰਮ ਸ਼ੁਰੂ ਹੋਇਆ। ਹਰ ਰੋਜ਼ ਇੱਕ ਸੌ ਸਿੱਖ ਕੈਦੀ ਕਤਲ ਕੀਤੇ ਜਾਂਦੇ। ਕਤਲ ਕਰਨ ਤੋਂ ਪਹਿਲਾਂ ਹਰ ਸਿੱਖ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ ਜਾਂਦਾ। ਕੋਈ ਵੀ ਸਿੱਖ ਆਪਣੇ ਧਰਮ ਤੋਂ ਨਾਂ ਡੋਲਿਆ। ਅੰਤ ਨੂੰ ਇੱਕ ਹਫ਼ਤੇ ਵਿੱਚ ਸਾਰੇ ਸਿੱਖ ਕੈਦੀਆਂ ਨੂੰ ਕਤਲ ਕਰ ਦਿੱਤਾ ਗਿਆ।

ਬੰਦਾ ਬਹਾਦਰ ਅਤੇ ਉਸ ਦੇ 26 ਸਾਥੀਆਂ ਦਾ ਕਤਲ ਇੱਕ ਮਹੀਨਾ ਮਗਰੋਂ ਹੋਇਆ। ਮੁਗਲ ਕਰਮਚਾਰੀ ਬੰਦਾ ਬਹਾਦਰ ਦੇ ਖਜ਼ਾਨੇ ਬਾਰੇ ਜਾਣਨਾ ਚਾਹੁੰਦੇ ਸਨ। ਜਦੋਂ ਬੰਦਾ ਸਿੰਘ ਬਹਾਦਰ ਨੇ ਖਜ਼ਾਨੇ ਦਾ ਕੋਈ ਅਤਾ-ਪਤਾ ਨਾ ਦਿੱਤਾ ਤਾਂ 19 ਜੂਨ 1716 ਈ: ਨੂੰ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀਆਂ ਦਾ ਦੂਜੀ ਵਾਰ ਦਿੱਲੀ ਦੇ ਬਾਜ਼ਾਰਾਂ ਵਿੱਚ ਜਲੂਸ ਕੱਢਿਆ ਗਿਆ। ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ, ਪਰ ਉਹ ਟੱਸ ਤੋਂ ਮੱਸ ਨਾ ਹੋਏ। ਬੰਦਾ ਬਹਾਦਰ ਨੂੰ ਆਪਣੇ ਪੁੱਤਰ ਅਜੈ ਸਿੰਘ ਦਾ ਕਤਲ ਕਰਨ ਲਈ ਕਿਹਾ, ਪਰ ਉਹ ਨਾ ਮੰਨਿਆ। ਉਸ ਦੇ ਪੁੱਤਰ ਦਾ ਦਿਲ ਕੱਢ ਦੇ ਬੰਦਾ ਸਿੰਘ

ਬਹਾਦਰ ਦੇ ਮੂੰਹ ਵਿੱਚ ਪਾਇਆ ਪਰ ਉਹ ਫਿਰ ਵੀ ਅਡੋਲ ਰਿਹਾ। ਫਿਰ ਉਸ ਦੀਆਂ ਅੱਖਾਂ ਕੱਢੀਆਂ ਗਈਆਂ, ਉਸ ਦੇ ਹੱਥ ਪੈਰ ਵੱਢ ਦਿੱਤੇ ਗਏ ਪਰ ਉਹ ਅਡੋਲ ਰਿਹਾ। ਬੰਦਾ ਸਿੰਘ ਬਹਾਦਰ ਦੇ ਸਰੀਰ ਦੇ ਟੁੱਕੜੇ ਕੀਤੇ ਗਏ ਪਰ ਉਸ ਨੇ ਸ਼ਾਂਤ ਚਿਤ ਨਾਲ਼ ਆਪਣੀ ਕੁਰਬਾਨੀ ਦੇ ਦਿੱਤੀ।

## ਸਿੱਖ ਮਿਸਲਾਂ
## (The Sikh Misls)

ਸਾਰੀਆਂ ਮਿਸਲਾਂ ਦੀ ਸਥਾਪਨਾ, ਹੌਲੀ-ਹੌਲੀ ਬਦਲਦੇ ਹੋਏ ਹਾਲਾਤ ਅਨੁਸਾਰ ਹੋਈ 1716 ਈ: ਵਿੱਚ ਬੰਦਾ ਸਿੰਘ ਬਹਾਦਰ ਦੇ ਕਤਲ ਪਿੱਛੋਂ ਸਿੱਖਾਂ ਉੱਤੇ ਜ਼ੁਲਮਾਂ ਦਾ ਦੌਰ ਸ਼ੁਰੂ ਹੋ ਗਿਆ। ਪੰਜਾਬ ਦੇ ਮੁਗ਼ਲ ਹਾਕਮਾਂ ਅਬਦੁੱਸ ਸਮਦ ਖਾਂ, ਜ਼ਕਰੀਆ ਖਾਂ ਅਤੇ ਯਹੀਆ ਖਾਂ ਨੇ ਸਿੱਖਾਂ ਉੱਤੇ ਬਹੁਤ ਅੱਤਿਆਚਾਰ ਕੀਤੇ। ਇਹਨਾਂ ਅਤਿਆਚਾਰਾਂ ਤੋਂ ਤੰਗ ਆ ਕੇ ਸਿੱਖਾਂ ਨੂੰ ਆਪਣੇ ਜੀਵਨ ਦੀ ਰੱਖਿਆ ਲਈ ਪਹਾੜਾਂ ਅਤੇ ਜੰਗਲਾਂ ਵਿੱਚ ਜਾ ਕੇ ਸ਼ਰਨ ਲੈਣੀ ਪਈ। ਇੱਥੇ ਸਿੱਖਾਂ ਨੇ ਆਪਣੇ ਛੋਟੇ-ਛੋਟੇ ਜੱਥੇ ਬਣਾ ਲਏ। ਇਹ ਜੱਥੇ ਮੌਕਾ ਪਾ ਕੇ ਮੁਗਲ ਫੌਜਾਂ ਤੇ ਹਮਲਾ ਕਰ ਦਿੰਦੇ ਸਨ ਅਤੇ ਸਰਕਾਰੀ ਖਜ਼ਾਨੇ ਅਤੇ ਹੋਰ ਸਮਾਨ ਲੁੱਟ ਲੈਂਦੇ ਸਨ। 1734 ਈ: ਵਿੱਚ ਨਵਾਬ ਕਪੂਰ ਸਿੰਘ ਨੇ ਸਿੱਖ ਸ਼ਕਤੀ ਸੰਗਠਿਤ ਕਰਨ ਦੇ ਉਦੇਸ਼ ਨਾਲ ਇਹਨਾਂ ਵੱਖ-ਵੱਖ ਜੱਥਿਆਂ ਨੂੰ ਬੁੱਢਾ ਦੱਲ ਅਤੇ ਤਰੁਣਾ ਦਲ ਵਿੱਚ ਸੰਗਠਿਤ ਕੀਤਾ। ਹਰ ਜੱਥੇ ਦਾ ਆਪਣਾ ਵੱਖਰਾ ਨੇਤਾ, ਨਗਾਰਾ ਅਤੇ ਝੰਡਾ ਹੁੰਦਾ ਸੀ। ਪਰ ਉਹ ਇੱਕਠੇ ਲੰਗਰ ਛਕਦੇ ਸਨ।

ਜ਼ਕਰੀਆ ਖਾਂ ਦੀ ਮੌਤ ਤੋਂ ਬਾਅਦ ਸਿੱਖਾਂ ਨੇ ਅਕਤੂਬਰ, 1745 ਈ: ਨੂੰ ਕੁੱਝ ਜਥੇ ਬਣਾ ਲਏ। ਹੌਲੀ-ਹੌਲੀ ਇਹਨਾਂ ਜਥਿਆਂ ਦੀ ਗਿਣਤੀ 65 ਹੋ ਗਈ। ਮੁਗਲਾਂ ਦੇ ਸਿੱਖਾਂ ਉੱਤੇ ਵਧ ਰਹੇ ਅੱਤਿਆਚਾਰਾਂ ਅਤੇ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਨੂੰ ਵੇਖਦੇ ਹੋਏ ਨਵਾਬ ਕਪੂਰ ਸਿੰਘ ਨੇ ਸਿੱਖਾਂ ਵਿੱਚ ਵਧੇਰੇ ਏਕਤਾ ਦੀ ਲੋੜ ਮਹਿਸੂਸ ਕੀਤੀ। ਇਸ ਉਦੇਸ਼ ਨਾਲ਼ 1748 ਈ: ਵਿੱਚ ਅੰਮ੍ਰਿਤਸਰ ਵਿਖੇ ਵੈਸਾਖੀ ਵਾਲੇ ਦਿਨ ਦਲ ਖਾਲਸਾ ਦੀ ਸਥਾਪਨਾ ਕੀਤੀ ਗਈ। ਦਲ ਖਾਲਸਾ ਅਧੀਨ 12 ਜੱਥੇ ਗਠਿਤ ਕੀਤੇ ਗਏ। ਇਹਨਾਂ ਨੂੰ ਮਿਸਲਾਂ ਕਿਹਾ ਜਾਣ ਲੱਗਾ, ਜਿਨ੍ਹਾਂ ਦੀ ਗਿਣਤੀ 12 ਸੀ।

**ਮਿਸਲ ਸ਼ਬਦ ਦੀ ਪਰਿਭਾਸ਼ਾ** 'ਮਿਸਲ' ਇੱਕ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ- ਬਰਾਬਰ ਜਾਂ ਇਕੋ ਜਿਹਾ। ਇਸ ਤਰ੍ਹਾਂ ਮਿਸਲਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਇੱਕ ਮਿਸਲ ਦਾ ਜਥੇਦਾਰ ਅਤੇ ਉਸ ਦੇ ਪੈਰੋਕਾਰ ਆਪਸ ਵਿੱਚ ਉਚ-ਨੀਚ ਦਾ ਕੋਈ ਫਰਕ ਨਹੀਂ ਸਮਝਦੇ ਸਨ। ਸਿੱਖ ਧਰਮ ਅਨੁਸਾਰ ਉਹ ਇੱਕ ਦੂਜੇ ਨੂੰ ਬਰਾਬਰ ਮੰਨਦੇ ਸਨ।

ਰਣਜੀਤ ਸਿੰਘ 1792 ਈ: ਵਿੱਚ ਸ਼ੁਕਰਚੱਕੀਆ ਮਿਸਲ ਦਾ ਮਾਲਕ ਬਣਿਆ। ਉਸ ਸਮੇਂ ਪੰਜਾਬ ਵਿੱਚ ਹੋਰ ਵੀ ਗਿਆਰਾਂ ਮਿਸਲਾਂ ਸਨ। ਉਹ ਆਪੋ ਆਪਣੇ ਇਲਾਕਿਆਂ ਵਿੱਚ ਰਾਜ ਕਰ ਰਹੀਆਂ ਸਨ। ਪਹਿਲਾਂ ਉਹ ਅਫਗਾਨਾਂ ਨਾਲ ਮਿਲ ਕੇ ਲੜਦੇ ਰਹੇ ਪਰ ਜਦੋਂ ਅਫਗਾਨਾਂ ਦੇ ਹਮਲਿਆਂ ਦਾ ਡਰ ਖ਼ਤਮ ਹੋ ਗਿਆ ਤਾਂ ਉਹਨਾਂ ਵਿੱਚ ਏਕਤਾ ਨਾ ਰਹੀ। ਉਹ ਸਾਰੇ ਦੇ ਸਾਰੇ ਸਵਾਰਥੀ ਅਤੇ ਲਾਲਚੀ ਹੋ ਗਏ। ਉਹ ਆਪ ਆਪਣੀਆਂ ਮਿਸਲਾਂ ਦਾ ਵਿਸਥਾਰ ਕਰਨ ਵਿੱਚ ਲੱਗ ਗਏ। ਉਹ ਆਪਸ ਵਿੱਚ ਹੀ ਲੜਨ ਝਗੜਨ ਲੱਗ ਗਏ। ਚੰਗੇ ਭਾਗਾਂ ਨੂੰ ਰਣਜੀਤ ਸਿੰਘ ਦੇ ਉੱਥਾਨ ਸਮੇਂ ਕੋਈ ਵੀ ਮਿਸਲ ਬਹੁਤੀ ਤਾਕਤਵਰ ਨਹੀਂ ਸੀ। ਤਕੜੀਆਂ ਮਿਸਲਾਂ ਦੇ ਯੋਗ ਯੋਧੇ ਜਾਂ ਤਾਂ ਮਰ ਚੁੱਕੇ ਸਨ ਜਾਂ ਬੁੱਢੇ ਹੋ ਗਏ ਸਨ। ਉਸ ਸਮੇਂ ਕੋਈ ਵੀ ਮਿਸਲਦਾਰ ਰਣਜੀਤ ਸਿੰਘ ਨਾਲ ਟੱਕਰ ਲੈਣ ਦੀ ਹਿੰਮਤ ਨਹੀਂ ਸੀ ਕਰ ਸਕਦਾ। ਬਾਰਾਂ ਮਿਸਲਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**1. ਫੈਜ਼ਲਪੁਰੀਆ ਮਿਸਲ (Faizalpuria Misl):-** ਫੈਜ਼ਲਪੁਰੀਆ ਮਿਸਲ ਸਭ ਤੋਂ ਪਹਿਲਾਂ ਕਾਇਮ ਹੋਣ ਵਾਲ਼ੀ ਮਿਸਲ ਸੀ। ਇਸ ਮਿਸਲ ਦਾ ਮੋਢੀ ਨਵਾਬ ਕਪੂਰ ਸਿੰਘ ਸੀ। ਉਸ ਨੇ ਸਭ ਤੋਂ ਪਹਿਲਾਂ ਅੰਮ੍ਰਿਤਸਰ ਦੇ ਨੇੜੇ ਫੈਜ਼ਲਪੁਰ ਪਿੰਡ ਉੱਤੇ ਕਬਜ਼ਾ ਕੀਤਾ। ਉਸ ਨੇ ਉਸ ਦਾ ਨਾਂ 'ਸਿੰਘ ਪੁਰ' ਰੱਖਿਆ। ਇਸ ਲਈ ਇਸ ਮਿਸਲ ਨੂੰ 'ਸਿੰਘਪੁਰੀਆ' ਮਿਸਲ ਵੀ ਕਿਹਾ ਜਾਂਦਾ ਹੈ।

1753 ਈ: ਵਿੱਚ ਨਵਾਬ ਕਪੂਰ ਸਿੰਘ ਦੀ ਮੌਤ ਪਿੱਛੋਂ ਉਸ ਦਾ ਭਤੀਜਾ ਖ਼ੁਸ਼ਹਾਲ ਸਿੰਘ ਫੈਜ਼ਲਪੁਰੀਆ ਮਿਸਲ ਦਾ ਨੇਤਾ ਬਣਿਆ। ਉਹ ਇੱਕ ਬਹਾਦਰ ਅਤੇ ਯੋਗ ਸਰਦਾਰ ਸੀ। ਉਸ ਨੇ ਆਪਣੀ

ਮਿਸਲ ਦਾ ਵਿਸਤਾਰ ਕੀਤਾ। ਜਲੰਧਰ, ਨੂਰਪੁਰ, ਬਹਿਰਾਮਪੁਰ, ਪੁੱਟੀ ਆਦਿ ਇਲਾਕੇ ਉਸ ਦੀ ਮਿਸਲ ਵਿੱਚ ਸ਼ਾਮਿਲ ਸਨ।

ਖੁਸ਼ਹਾਲ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਬੁੱਧ ਸਿੰਧ ਫੈਜ਼ਲਪੁਰੀਆ ਮਿਸਲ ਦਾ ਸਰਦਾਰ ਬਣਿਆ। ਉਹ ਆਪਣੇ ਪਿਤਾ ਵਾਂਗ ਬਹਾਦਰ ਅਤੇ ਦਲੇਰ ਨਹੀਂ ਸੀ। ਰਣਜੀਤ ਸਿੰਘ ਨੇ ਉਸ ਨੂੰ ਹਰਾ ਕੇ ਉਸ ਦੀ ਮਿਸਲ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ।

2. **ਭੰਗੀ ਮਿਸਲ (Bhangi Misl):-** ਸਤਲੁਜ ਦਰਿਆ ਦੇ ਉੱਤਰ-ਪੱਛਮ ਵਿੱਚ ਭੰਗੀ ਮਿਸਲ ਸਥਿਤ ਸੀ। ਉਸ ਇਲਾਕੇ ਦੀਆਂ ਸਾਰੀਆਂ ਮਿਸਲਾਂ ਵਿਚੋਂ ਉਹ ਤਾਕਤਵਰ ਮਿਸਲ ਸੀ। ਇਸ ਮਿਸਲ ਦੇ ਖੇਤਰ ਵਿੱਚ ਲਾਹੌਰ, ਅੰਮ੍ਰਿਤਸਰ ਗੁਜਰਾਤ ਅਤੇ ਸਿਆਲਕੋਟ ਵਰਗੇ ਮਹੱਤਵਪੂਰਨ ਸ਼ਹਿਰ ਆਉਂਦੇ ਸਨ।

ਰਣਜੀਤ ਸਿੰਘ ਦੇ ਮਿਸਲਦਾਰ ਬਣਨ ਸਮੇਂ ਭੰਗੀ ਮਿਸਲ ਪਹਿਲਾਂ ਵਰਗੀ ਤਾਕਤਵਰ ਨਹੀਂ ਸੀ ਰਹੀ। ਉਸ ਸਮੇਂ ਉਸ ਮਿਸਲ ਦੇ ਸਰਦਾਰ ਗੁਲਾਬ ਸਿੰਘ ਅਤੇ ਸਾਹਿਬ ਸਿੰਘ ਸਨ। ਉਹ ਸਰਦਾਰ ਅਯੋਗ ਅਤੇ ਕੁਕਰਮੀ ਸਨ। ਉਹ ਭੰਗ ਅਤੇ ਸ਼ਰਾਬ ਪੀਣ ਵਿੱਚ ਹੀ ਆਪਣਾ ਸਮਾਂ ਬਿਤਾ ਦਿੰਦੇ ਸਨ। ਉਹ ਆਪਣੀ ਮਿਸਲ ਦੇ ਰਾਜ ਪ੍ਰਬੰਧ ਵਿੱਚ ਦਿਲਚਸਪੀ ਨਹੀਂ ਸਨ ਲੈਂਦੇ। ਇਸ ਤੋਂ ਬਿਨਾਂ ਅਫਗਾਨਿਸਤਾਨ ਦੇ ਹਾਕਮ ਸ਼ਾਹ ਜਮਾਨ ਦੇ ਹਮਲਿਆਂ ਨੇ ਵੀ ਭੰਗੀ ਸਰਦਾਰਾਂ ਨੂੰ ਕਮਜ਼ੋਰ ਕਰ ਦਿੱਤਾ ਸੀ। ਜਿਸ ਕਾਰਨ ਇਸ ਮਿਸਲ ਦਾ ਪਤਨ ਹੋਣਾ ਸ਼ੁਰੂ ਹੋਇਆ।

3. **ਆਹਲੂਵਾਲੀਆ ਮਿਸਲ (Ahluwalia Misl):-** ਜੱਸਾ ਸਿੰਘ ਆਹਲੂਵਾਲੀਆ ਦੇ ਸਮੇਂ ਇਹ ਮਿਸਲ ਬੜੀ ਸ਼ਕਤੀਸ਼ਾਲੀ ਸੀ। ਸੁਲਤਾਨਪੁਰ ਲੋਧੀ, ਕਪੂਰਥਲਾ, ਹੁਸ਼ਿਆਰਪੁਰ, ਨੂਰ ਮਹਿਲ ਆਦਿ ਪ੍ਰਦੇਸ਼ਾਂ ਉੱਤੇ ਆਹਲੂਵਾਲੀਆ ਮਿਸਲ ਦਾ ਅਧਿਕਾਰ ਸੀ। ਰਣਜੀਤ ਸਿੰਘ ਦੇ ਚੰਗੇ ਭਾਗਾਂ ਨੂੰ 1783 ਈ: ਵਿੱਚ ਉਸ ਮਿਸਲ ਦੇ ਉੱਸਰਈਏ ਅਤੇ ਸਭ ਤੋਂ ਵੱਧ ਤਾਕਤਵਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ। 1783 ਤੋਂ 1801 ਈ: ਤੱਕ ਉਸ ਮਿਸਲ ਦਾ ਨੇਤਾ ਭਾਗ ਸਿੰਘ ਸੀ। ਉਸ ਪਿੱਛੋਂ ਉਸ ਦਾ ਉੱਤਰਾਧਿਕਾਰੀ ਫਤਿਹ ਸਿੰਘ ਆਹਲੂਵਾਲੀਆ ਬਣਿਆ। ਰਣਜੀਤ ਸਿੰਘ ਨੇ ਸਿਆਣਪ ਤੋਂ ਕੰਮ ਲੈਂਦਿਆਂ ਉਸ ਨਾਲ ਦੋਸਤਾਨਾ ਸੰਬੰਧ ਕਾਇਮ ਕਰ ਲਏ। ਰਣਜੀਤ ਸਿੰਘ ਨੇ ਉਸ ਦੀ ਤਾਕਤ ਅਤੇ ਸੇਵਾਵਾਂ ਦੀ ਆਪਣੇ ਰਾਜ ਦੇ ਵਿਸਥਾਰ ਲਈ ਵਰਤੋਂ ਕੀਤੀ।

4. **ਰਾਮਗੜ੍ਹੀਆਂ ਮਿਸਲ (Ramgarhia Misl):-** ਰਾਮਗੜ੍ਹੀਆਂ ਮਿਸਲ ਪੰਜਾਬ ਦੀਆਂ ਪ੍ਰਸਿੱਧ ਮਿਸਲਾਂ ਵਿੱਚੋਂ ਇੱਕ ਮਿਸਲ ਸੀ। ਇਸ ਮਿਸਲ ਦਾ ਸਭ ਤੋਂ ਤਾਕਤਵਰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਸੀ। ਜਿਸ ਵੇਲੇ ਰਣਜੀਤ ਸਿੰਘ ਤਾਕਤ ਵਿੱਚ ਆਇਆ ਤਾਂ ਉਸ ਸਮੇਂ ਉਹ ਬੁੱਢਾ ਹੋ ਚੁੱਕਾ ਸੀ। 1803 ਈ: ਵਿੱਚ ਉਸ ਦੇ ਚਲਾਏ ਮਗਰੋਂ ਜੋਧ ਸਿੰਘ ਉਸ ਦਾ ਉੱਤਰਾਧਿਕਾਰੀ ਬਣਿਆ। ਉਹ ਵੀ ਇੱਕ ਬਹਾਦਰ ਯੋਧਾ ਅਤੇ ਯੋਗ ਨੇਤਾ ਸੀ। ਉਸ ਦੀ ਸ਼ਕਤੀ ਨੂੰ ਦੇਖਦਿਆਂ ਰਣਜੀਤ ਸਿੰਘ ਨੇ ਉਸ ਨਾਲ ਦੋਸਤੀ ਪਾ ਲਈ ਸੀ। ਜਦੋਂ ਤੱਕ ਜੋਧ ਸਿੰਘ ਜਿਉਂਦਾ ਰਿਹਾ ਰਣਜੀਤ ਸਿੰਘ ਨੇ ਉਸ ਨਾਲ ਲੜਾਈ ਮੁੱਲ ਨਾ ਲਈ। ਸ੍ਰੀ ਹਰਗੋਬਿੰਦਪੁਰ, ਕਲਾਨੌਰ, ਬਟਾਲਾ, ਕਾਦੀਆਂ, ਰਿਆੜਕੀ ਆਦਿ ਇਲਾਕੇ ਉਸ ਮਿਸਲ ਦੇ ਹੇਠ ਆਉਂਦੇ ਸਨ।

5. **ਸ਼ੁਕਰਚੱਕੀਆ ਮਿਸਲ (Shukerchakkya Misl):-** ਸ਼ੁਕਰਚੱਕੀਆ ਮਿਸਲ ਦਾ ਮੋਢੀ ਚੜ੍ਹਤ ਸਿੰਘ ਸੀ। ਉਸ ਨੇ ਗੁਜਰਾਂਵਾਲਾ, ਅਹਿਮਦਾਬਾਦ, ਵਜ਼ੀਰਾਬਾਦ, ਜਲਾਲਪੁਰ, ਪਿੰਡ ਦਾਦਨ ਖਾਂ ਆਦਿ ਇਲਾਕਿਆਂ ਉੱਤੇ ਕਬਜ਼ਾ ਕੀਤੀ ਸੀ। ਚੜ੍ਹਤ ਸਿੰਘ ਤੋਂ ਪਿੱਛੋਂ ਉਸ ਦਾ ਪੁੱਤਰ ਮਹਾਂ ਸਿੰਘ ਉਸ ਦਾ ਉੱਤਰਾਧਿਕਾਰੀ ਬਣਿਆ। ਉਸ ਨੇ ਰਸੂਲ ਨਗਰ (ਰਾਮ ਨਗਰ), ਅਲੀਪੁਰ (ਅਕਾਲਗੜ੍ਹ) ਨੂੰ ਜਿੱਤ ਕੇ ਆਪਣੀ ਮਿਸਲ ਦਾ ਵਿਸਥਾਰ ਕੀਤਾ। ਉਸ ਦੀਆਂ ਇਹਨਾਂ ਜਿੱਤਾਂ ਤੋਂ ਪ੍ਰਭਾਵਿਤ ਹੋ ਕੇ ਕਈ ਸਰਦਾਰਾਂ ਨੇ ਭੰਗੀ ਮਿਸਲ ਨੂੰ ਛੱਡ ਕੇ ਮਹਾਂ ਸਿੰਘ ਦੀ ਅਧੀਨਤਾ ਸ੍ਵੀਕਾਰ ਕਰ ਲਈ। ਇਸ ਦੇ ਪਿੱਛੋਂ ਮਹਾਂ ਸਿੰਘ ਨੇ ਮੁਲਤਾਨ, ਬਹਾਵਲਪੁਰ, ਪਿੰਡ ਭੱਟੀਆਂ, ਸ਼ਾਹੀਵਾਲ ਆਦਿ ਇਲਾਕਿਆਂ ਵਿੱਚੋਂ ਸਾਰੇ ਹੀ ਭੰਗੀ ਸਰਦਾਰਾਂ ਨੂੰ ਕੱਢ ਦਿੱਤਾ। 1792 ਈ: ਵਿੱਚ ਮਹਾਂ ਸਿੰਘ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਰਣਜੀਤ ਸਿੰਘ ਉਸ ਦਾ ਉੱਤਰਾਧਿਕਾਰੀ ਬਣਿਆ।

**6. ਕਨ੍ਹਈਆ ਮਿਸਲ (Kanheya Misl):-** ਕਨ੍ਹਈਆ ਮਿਸਲ ਦਾ ਮੋਢੀ ਜੈ ਸਿੰਘ ਕਨ੍ਹਈਆ ਸੀ। ਉਹ ਲਾਹੌਰ ਤੋਂ ਪੂਰਬ ਵੱਲ 24 ਕਿਲੋਮੀਟਰ ਦੂਰ ਸਥਿਤ ਪਿੰਡ ਦਾ ਰਹਿਣ ਵਾਲਾ ਸੀ। ਉਸ ਪਿੰਡ ਦੇ ਨਾਂ ਉੱਤੇ ਹੀ ਉਸ ਮਿਸਲ ਦਾ ਨਾਂ 'ਕਨ੍ਹਈਆ ਮਿਸਲ' ਪੈ ਗਿਆ।

ਜੈ ਸਿੰਘ ਕਨ੍ਹਈਆ ਇੱਕ ਬਹਾਦਰ ਅਤੇ ਦਲੇਰ ਯੋਧਾ ਸੀ। ਗੁਰਦਾਸਪੁਰ, ਹਾਜੀਪੁਰ, ਮੁਕੇਰੀਆ ਆਦਿ ਇਲਾਕਿਆਂ ਉੱਤੇ ਉਸ ਮਿਸਲ ਦਾ ਅਧਿਕਾਰ ਸੀ। ਰਣਜੀਤ ਸਿੰਘ ਦੇ ਉੱਥਾਨ ਸਮੇਂ ਜੈ ਸਿੰਘ ਕਨ੍ਹਈਆ ਅਤੇ ਉਸ ਦੇ ਪੁੱਤਰ ਗੁਰਬਖ਼ਸ਼ ਸਿੰਘ ਦੀ ਮੌਤ ਹੋ ਚੁੱਕੀ ਸੀ। ਉਸ ਸਮੇਂ ਸਦਾ ਕੌਰ (ਰਣਜੀਤ ਸਿੰਘ ਦੀ ਸੱਸ) ਉਸ ਮਿਸਲ ਦੀ ਨੇਤਾ ਸੀ। ਉਹ ਇੱਕ ਯੋਗ ਅਤੇ ਚਤੁਰ ਇਸਤਰੀ ਸੀ। ਉਸ ਨੇ ਆਪਣੇ ਜਵਾਈ ਰਣਜੀਤ ਸਿੰਘ (ਮਹਿਤਾਬ ਕੌਰ ਦਾ ਪਤੀ) ਦੇ ਰਾਜ ਦਾ ਵਿਸਥਾਰ ਕਰਨ ਵਿੱਚ ਉਸ ਦੀ ਵੱਡਮੁੱਲੀ ਸਹਾਇਤਾ ਕੀਤੀ।

**7. ਫੂਲਕੀਆਂ ਮਿਸਲ (Phulkian Misl):-** ਫੂਲਕੀਆਂ ਮਿਸਲ ਦਾ ਮੋਢੀ ਚੌਧਰੀ ਫੂਲ (1627-1689 ਈ:) ਸੀ। ਉਸ ਮਿਸਲ ਦਾ ਪਟਿਆਲਾ, ਨਾਭਾ, ਜੀਂਦ ਦੇ ਇਲਾਕਿਆਂ ਉੱਤੇ ਰਾਜ ਸਥਾਪਤ ਹੋਇਆ। ਫੂਲ ਦੇ ਨਾਂ ਤੇ ਇਸ ਮਿਸਲ ਦਾ ਨਾਂ ਫੂਲਕੀਆਂ ਮਿਸਲ ਪਿਆ। ਇਸ ਮਿਸਲ ਦੇ ਬਾਬਾ ਆਲਾ ਸਿੰਘ, ਅਮਰ ਸਿੰਘ, ਸਾਹਿਬ ਸਿੰਘ, ਗਜਪਤ ਸਿੰਘ, ਹਮੀਰ ਸਿੰਘ ਵਰਗੇ ਹਾਕਮ ਹੋਏ।

**8. ਡੱਲੇਵਾਲੀਆ ਮਿਸਲ (Dallewalia Misl):-** ਡੱਲੇਵਾਲੀਆ ਮਿਸਲ ਦਾ ਬਾਨੀ ਗੁਲਾਬ ਸਿੰਘ ਸੀ। ਉਹ ਡੇਰਾ ਬਾਬਾ ਨਾਨਕ ਦੇ ਨੇੜੇ ਪਿੰਡ ਡੱਲੇਵਾਲ ਦਾ ਰਹਿਣ ਵਾਲ਼ਾ ਸੀ। ਇਸ ਲਈ ਉਸ ਮਿਸਲ ਦਾ ਨਾਂ 'ਡੱਲੇਵਾਲੀਆ ਮਿਸਲ' ਪੈ ਗਿਆ। ਇਸ ਮਿਸਲ ਦਾ ਪ੍ਰਸਿੱਧ ਨੇਤਾ ਤਾਰਾ ਸਿੰਘ ਘੇਬਾ ਸੀ। ਇਸ ਮਿਸਲ ਦੇ ਅਧੀਨ ਫਿਲੌਰ, ਰਾਹੋਂ, ਨਕੋਦਰ ਆਦਿ ਇਲਾਕੇ ਸ਼ਾਮਲ ਸਨ।

**9. ਨਕੱਈ ਮਿਸਲ (Nakkai Misl):-** ਨਕੱਈ ਮਿਸਲ ਦਾ ਬਾਨੀ ਹੀਰਾ ਸਿੰਘ ਸੀ। ਅਫਗਾਨ ਹਮਲਿਆਂ ਕਾਰਨ ਪੰਜਾਬ ਵਿੱਚ ਹੋਈ ਗੜਬੜ ਦਾ ਲਾਭ ਉਠਾਉਂਦਿਆਂ ਉਸ ਨੇ ਲਾਹੌਰ ਦੇ ਨੇੜੇ ਨੱਕਾ ਨਾਂ ਦੇ ਇਲਾਕੇ ਦੇ ਉੱਤੇ ਕਬਜ਼ਾ ਕਰ ਲਿਆ। ਇਸ ਕਰਕੇ ਹੀ ਇਸ ਮਿਸਲ ਦਾ ਨਾਂ 'ਨਕੱਈ ਮਿਸਲ' ਪੈ ਗਿਆ।

**10. ਕਰੋੜਸਿੰਘੀਆ ਮਿਸਲ (Karorhsinghia Misl):-** ਇਸ ਮਿਸਲ ਦਾ ਬਾਨੀ ਕਰੋੜਾ ਸਿੰਘ ਸੀ। ਉਸ ਦੇ ਨਾਂ 'ਤੇ ਹੀ ਉਸ ਮਿਸਲ ਦਾ ਨਾਂ 'ਕਰੋੜਸਿੰਘੀਆ' ਪੈ ਗਿਆ। ਕਰੋੜਾ ਸਿੰਘ ਪਿੰਡ ਪੰਜਗੜ੍ਹੀਆਂ ਦਾ ਵਾਸੀ ਸੀ, ਇਸ ਕਰਕੇ ਇਸ ਮਿਸਲ ਨੂੰ 'ਪੰਜਗੜ੍ਹੀਆ ਮਿਸਲ' ਵੀ ਕਿਹਾ ਜਾਂਦਾ ਹੈ। ਇਸ ਮਿਸਲ ਦਾ ਪ੍ਰਸਿੱਧ ਨੇਤਾ ਕਰੋੜਾ ਸਿੰਘ ਦਾ ਉੱਤਰਾਧਿਕਾਰੀ ਬਘੇਲ ਸਿੰਘ ਸੀ। ਉਸ ਨੇ ਬੁੰਗਾ, ਨਵਾਂ ਸ਼ਹਿਰ, ਰੁੜਕਾ ਆਦਿ ਪ੍ਰਦੇਸ਼ ਜਿੱਤ ਕੇ ਆਪਣੀ ਮਿਸਲ ਕੇ ਅਧਿਕਾਰ ਖੇਤਰ ਵਿੱਚ ਵਾਧਾ ਕੀਤਾ। ਦਰਿਆ ਮਾਰਕੰਡਾ ਅਤੇ ਦਰਿਆ ਜਮਨਾ ਦੇ ਵਿਚਕਾਰਲੇ ਬਹੁਤ ਸਾਰੇ ਇਲਾਕੇ ਵੀ ਉਸ ਦੇ ਅਧੀਨ ਸਨ। ਉਸ ਨੇ ਚਲੌਂਦੀ (ਕਰਨਾਲ ਅਤੇ ਜਗਾਧਰੀ ਵਿਚਕਾਰ) ਨੂੰ ਆਪਣੀ ਰਾਜਧਾਨੀ ਬਣਾਇਆ।

**11. ਨਿਸ਼ਾਨਵਾਲੀਆ ਮਿਸਲ (Nishanwalia Misl):-** ਇਸ ਮਿਸਲ ਦੇ ਬਾਨੀ ਸੰਗਤ ਸਿੰਘ ਅਤੇ ਮੋਹਰ ਸਿੰਘ ਸਨ। ਕਿਉਂਕਿ ਉਹ ਖਾਲਸਾ ਦਾ ਨਿਸ਼ਾਨ ਸਾਹਿਬ (ਝੰਡਾ) ਚੁੱਕਿਆ ਕਰਦੇ ਸਨ, ਇਸ ਲਈ ਉਸ ਮਿਸਲ ਦਾ ਨਾਂ 'ਨਿਸ਼ਾਨਵਾਲੀਆ ਮਿਸਲ' ਪੈ ਗਿਆ। ਇਸ ਮਿਸਲ ਦੇ ਅਧੀਨ ਅੰਬਾਲ਼ਾ ਅਤੇ ਸ਼ਾਹਬਾਦ ਮਾਰਕੰਡਾ ਦੇ ਸ਼ਹਿਰ ਆਉਂਦੇ ਸਨ।

**12. ਸ਼ਹੀਦ ਮਿਸਲ (Shahid Misl):-** ਇਸ ਮਿਸਲ ਦਾ ਬਾਨੀ ਸੁੱਧਾ ਸਿੰਘ ਸੀ। ਉਹ ਤਲਵੰਡੀ ਸਾਬੋ ਦਾ ਇੱਕ ਮਹੰਤ ਸੀ। ਉਸ ਦੇ ਪਿੱਛੋਂ ਇਸ ਜਥੇ ਦੇ ਬਾਬਾ ਦੀਪ ਸਿੰਘ ਨੇ ਦੁਸ਼ਮਣਾਂ ਨਾਲ਼ ਲੜਦਿਆਂ ਸ਼ਹੀਦੀ ਪਾਈ ਸੀ। ਇਸ ਲਈ ਇਸ ਮਿਸਲ ਦਾ ਨਾਂ 'ਸ਼ਹੀਦ ਮਿਸਲ' ਪੈ ਗਿਆ। ਇਸ ਮਿਸਲ ਦੇ ਕਰਮ

ਸਿੰਘ ਅਤੇ ਗੁਰਬਖਸ਼ ਸਿੰਘ ਨੇ ਸਤਲੁਜ ਦਰਿਆ ਦੇ ਪੂਰਬ ਵਿੱਚ ਕਈ ਇਲਾਕਿਆਂ ਉੱਤੇ ਅਧਿਕਾਰ ਕੀਤਾ। ਇਸ ਮਿਸਲ ਦੇ ਬਹੁਤ ਲੋਕ ਅਕਾਲੀ (ਨਿਹੰਗ) ਸਨ, ਇਸ ਲਈ ਇਸ ਮਿਸਲ ਨੂੰ 'ਨਿਹੰਗ ਮਿਸਲ' ਵੀ ਕਿਹਾ ਜਾਂਦਾ ਹੈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ/ਇੱਕ ਵਾਕ (1-15 ਸ਼ਬਦਾਂ) ਵਿੱਚ ਲਿਖੋ—**

1. ਹੁਕਮਨਾਮੇ ਵਿੱਚ ਗੁਰੂ ਜੀ ਨੇ ਪੰਜਾਬ ਦੇ ਸਿੱਖਾਂ ਨੂੰ ਕੀ ਆਦੇਸ਼ ਦਿੱਤੇ?
2. ਬੰਦਾ ਸਿੰਘ ਬਹਾਦਰ ਦੱਖਣ ਤੋਂ ਪੰਜਾਬ ਵੱਲ ਕਿਉਂ ਆਇਆ?
3. ਸਮਾਣੇ ਉੱਤੇ ਬੰਦਾ ਸਿੰਧ ਬਹਾਦਰ ਨੇ ਕਿਉਂ ਹਮਲਾ ਕੀਤਾ?
4. ਬੰਦਾ ਸਿੰਘ ਬਹਾਦਰ ਵੱਲੋਂ ਭੁਣਾ ਪਿੰਡ ਉੱਤੇ ਹਮਲਾ ਕਰਨਾ ਦਾ ਕੀ ਕਾਰਨ ਸੀ?
5. ਬੰਦਾ ਸਿੰਘ ਬਹਾਦਰ ਨੇ ਸਢੌਰਾ ਉੱਤੇ ਕਿਉਂ ਹਮਲਾ ਕੀਤਾ?
6. ਬੰਦਾ ਸਿੰਘ ਬਹਾਦਰ ਦੇ ਚੱਪੜ-ਚਿੜੀ ਅਤੇ ਸਰਹਿੰਦ ਤੇ ਹਮਲੇ ਦੇ ਕੀ ਕਾਰਨ ਸਨ?
7. ਰਾਹੋਂ ਦੀ ਲੜਾਈ ਦੇ ਕੀ ਕਾਰਨ ਸਨ?
8. ਵਜ਼ੀਰ ਖਾਂ ਕਿਥੋਂ ਦਾ ਸੂਬੇਦਾਰ ਸੀ? ਇਸ ਦੀ ਬੰਦਾ ਬਹਾਦਰ ਨਾਲ ਕਿਸ ਸਥਾਨ 'ਤੇ ਲੜਾਈ ਹੋਈ?
9. ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਬਾਰੇ ਲਿਖੋ।
10. ਕਰੋੜਸਿੰਘੀਆ ਮਿਸਲ ਦਾ ਨਾਂ ਕਿਵੇਂ ਪਿਆ?
11. ਸਦਾ ਕੌਰ ਕੌਣ ਸੀ?

**(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗ-ਪਗ 30-50 ਸ਼ਬਦਾਂ ਵਿੱਚ ਲਿਖੋ—**

1. ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਮੁਲਾਕਾਤ ਦਾ ਹਾਲ ਲਿਖ।
2. ਬੰਦਾ ਸਿੰਘ ਬਹਾਦਰ ਦੀ ਸਮਾਣੇ ਦੀ ਜਿੱਤ 'ਤੇ ਨੋਟ ਲਿਖੋ।
3. ਚੱਪੜਚਿੜੀ ਅਤੇ ਸਰਹਿੰਦ ਦੀ ਲੜਾਈ ਦਾ ਹਾਲ ਲਿਖੋ।
4. ਗੁਰਦਾਸ ਨੰਗਲ ਦੀ ਲੜਾਈ ਦਾ ਹਾਲ ਲਿਖੋ।
5. ਸਭ ਤੋਂ ਪਹਿਲੀ ਮਿਸਲ ਕਿਹੜੀ ਸੀ? ਉਸ ਦਾ ਹਾਲ ਲਿਖੋ।

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 100-120 ਸ਼ਬਦਾਂ ਵਿੱਚ ਲਿਖੋ—**

1. ਬੰਦਾ ਸਿੰਘ ਬਹਾਦਰ ਦੀਆਂ ਮੁਢਲੀਆਂ ਜਿੱਤਾਂ ਦਾ ਵਰਨਣ ਕਰੋ।
2. ਬਹਾਦਰ ਸ਼ਾਹ ਨੇ ਬੰਦਾ ਸਿੰਘ ਬਹਾਦਰ ਦੇ ਖਿਲਾਫ਼ ਜੋ ਲੜਾਈਆਂ ਲੜੀਆਂ, ਉਹਨਾਂ ਦਾ ਹਾਲ ਲਿਖੋ।
3. ਬੰਦਾ ਸਿੰਘ ਬਹਾਦਰ ਵੱਲੋਂ ਗੰਗਾ-ਜਮਨਾ ਇਲਾਕੇ ਵਿੱਚ ਲੜੀਆਂ ਗਈਆਂ ਲੜਾਈਆਂ ਦਾ ਹਾਲ ਲਿਖੋ।
4. ਪੰਜਾਬ ਦੀਆਂ ਤਿੰਨ ਮਿਸਲਾਂ ਦਾ ਹਾਲ ਲਿਖੋ।

**(ਸ) ਪੰਜਾਬ ਦੇ ਦਿੱਤੇ ਨਕਸ਼ੇ 'ਤੇ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਸਥਾਨਾਂ ਨੂੰ ਦਰਸਾਓ।**

*****

## ਪਾਠ-7

# ਰਣਜੀਤ ਸਿੰਘ : ਮੁੱਢਲਾ ਜੀਵਨ, ਪ੍ਰਾਪਤੀਆਂ ਅਤੇ ਅੰਗਰੇਜ਼ਾਂ ਨਾਲ਼ ਸੰਬੰਧ

# (RANJIT SINGH'S EARLY LIFE, ACHIEVEMENTS, AND ANGLO-SIKH RELATIONS)

### ਰਣਜੀਤ ਸਿੰਘ ਦਾ ਮੁੱਢਲਾ ਜੀਵਨ

### (Early Career of Ranjit Singh)

**ਜਨਮ (Birth):-** ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ: ਵਿੱਚ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਹੋਇਆ। ਉਸ ਇਸ ਮਿਸਲ ਦੇ ਬਾਨੀ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਸੀ। ਉਸ ਦੀ ਮਾਤਾ ਦਾ ਨਾਂ ਰਾਜ ਕੌਰ ਸੀ। ਉਹ ਜੀਂਦ ਦੇ ਸਰਦਾਰ ਗਜਪਤ ਸਿੰਘ ਦੀ ਪੁੱਤਰੀ ਸੀ। ਕਿਉਂਕਿ ਰਾਜ ਕੌਰ ਪੰਜਾਬ ਦੇ ਮਾਲਵੇ ਦੇ ਇਲਾਕੇ ਦੀ ਜੰਮਪਲ ਸੀ, ਉਸ ਲਈ ਉਸ ਨੂੰ 'ਮਾਈ ਮਲਵੈਣ' ਵੀ ਕਹਿੰਦੇ ਸਨ।

**ਬਚਪਨ ਅਤੇ ਸਿੱਖਿਆ (Childhood and Education):-** ਰਣਜੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਨੂੰ ਬਚਪਨ ਵਿੱਚ ਬੜੇ ਲਾਡਾਂ ਅਤੇ ਚਾਵਾਂ ਨਾਲ਼ ਪਾਲਿਆ ਗਿਆ। ਜਦੋਂ ਉਹ ਪੰਜਾਂ ਸਾਲਾਂ ਦਾ ਹੋਇਆ ਤਾਂ ਉਸ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਗੁੱਜਰਾਂਵਾਲਾ ਵਿਖੇ ਹੀ ਭਾਈ ਭਾਗੂ ਸਿੰਘ ਦੀ ਧਰਮਸ਼ਾਲਾ ਵਿੱਚ ਭੇਜਿਆ ਗਿਆ। ਪਰ ਉਸ ਨੇ ਬਾਕੀ ਦੇ ਸਰਦਾਰਾਂ ਦੇ ਪੁੱਤਰਾਂ ਵਾਂਗ ਪੜ੍ਹਾਈ ਲਿਖਾਈ ਵਿੱਚ ਕੋਈ ਵਿਸ਼ੇਸ਼ ਦਿਲਚਸਪੀ ਨਾ ਲਈ। ਇਸ ਲਈ ਉਹ ਅਨਪੜ੍ਹ ਹੀ ਰਹਿ ਗਿਆ। ਉਹ ਆਪਣਾ ਬਹੁਤਾ ਸਮਾਂ ਸ਼ਿਕਾਰ ਖੇਡਣ, ਘੋੜ ਸਵਾਰੀ ਕਰਨ ਅਤੇ, ਤਲਵਾਰ ਬਾਜ਼ੀ ਸਿੱਖਣ ਵਿੱਚ ਹੀ ਬਿਤਾਉਂਦਾ। ਇਸ ਲਈ ਉਹ ਆਪਣੇ ਬਚਪਨ ਵਿੱਚ ਹੀ ਇੱਕ ਚੰਗਾ ਘੋੜ-ਸਵਾਰ, ਤਲਵਾਰ-ਬਾਜ਼ ਅਤੇ ਤੀਰ-ਅੰਦਾਜ਼ ਬਣ ਗਿਆ ਸੀ।

ਬਚਪਨ ਵਿੱਚ ਹੀ ਰਣਜੀਤ ਸਿੰਘ ਉੱਤੇ ਚੇਚਕ ਦੀ ਬਿਮਾਰੀ ਦਾ ਬੜਾ ਸਖ਼ਤ ਹਮਲਾ ਹੋਇਆ। ਇੱਕ ਵਾਰੀ ਤਾਂ ਉਸ ਦੇ ਬਚਣ ਦੀ ਵੀ ਆਸ ਨਹੀਂ ਸੀ ਰਹੀ। ਚੰਗੇ ਭਾਗਾਂ ਨੂੰ ਰਣਜੀਤ ਸਿੰਘ ਕੁਝ ਦਿਨਾਂ ਮਗਰੋਂ ਠੀਕ ਹੋ ਗਿਆ। ਪਰ ਉਸ ਦੇ ਚਿਹਰੇ ਉੱਤੇ ਚੇਚਕ ਦੇ ਦਾਗ਼ ਰਹਿ ਗਏ। ਚੇਚਕ ਕਰ ਕੇ ਹੀ ਉਸ ਦੀ ਖੱਬੀ ਅੱਖ ਵੀ ਜਾਂਦੀ ਰਹੀ।

**ਬਾਲ ਯੋਧਾ (Boy Warrior):-** ਰਣਜੀਤ ਸਿੰਘ ਬਾਲ ਅਵਸਥਾ ਵਿੱਚ ਹੀ ਸੂਰਬੀਰ ਯੋਧਾ ਬਣ ਗਿਆ ਸੀ। ਜਦੋਂ ਉਹ ਦਸਾਂ ਸਾਲ ਦਾ ਹੀ ਸੀ ਤਾਂ ਉਸ ਨੇ ਸੋਹਦਰਾ ਦੀ ਮੁਹਿੰਮ ਵਿੱਚ ਆਪਣੇ ਪਿਤਾ ਦਾ ਸਾਥ ਦਿੱਤਾ। ਉਸ ਨੇ ਉਸ ਮੁਹਿਮ ਵਿੱਚ ਆਪਣੇ ਪਿਤਾ ਦਾ ਸਾਥ ਹੀ ਨਹੀਂ ਦਿੱਤਾ, ਸਗੋਂ ਆਪਣੇ ਪਿਤਾ ਦੇ ਬਿਮਾਰ ਪੈ ਜਾਣ 'ਤੇ ਉਸ ਨੇ ਸ਼ੁਕਰਚੱਕੀਆ ਸੈਨਾ ਦੀ ਅਗਵਾਈ ਵੀ ਕੀਤੀ। ਉਸ ਨੇ ਵੈਰੀ ਦੀ ਫੌਜ ਨੂੰ ਹਰਾਉਣ ਦੇ ਨਾਲ-ਨਾਲ ਉਸ ਦਾ ਗੋਲਾ ਬਾਰੂਦ ਵੀ ਲੁੱਟ ਲਿਆ।

ਇੱਕ ਵਾਰੀ ਰਣਜੀਤ ਸਿੰਘ ਸ਼ਿਕਾਰ ਖੇਡਣ ਪਿੱਛੋਂ ਇੱਕਲਾ ਹੀ ਘੋੜੇ 'ਤੇ ਵਾਪਸ ਆ ਰਿਹਾ ਸੀ ਕਿ ਚੱਠਾ ਕਬੀਲੇ ਦੇ ਸਰਦਾਰ ਹਸ਼ਮਤ ਖਾਂ ਨੇ ਉਸ ਨੂੰ ਦੇਖ ਲਿਆ। ਹਸ਼ਮਤ ਖਾਂ ਨੂੰ ਕਦੇ ਮਹਾਂ ਸਿੰਘ ਨੇ ਹਰਾਇਆ ਸੀ। ਬਦਲਾ ਲੈਣ ਲਈ ਹਸ਼ਮਤ ਖਾਂ ਰਣਜੀਤ ਸਿੰਘ ਨੂੰ ਮਾਰਨ ਲਈ ਇੱਕ ਝਾੜੀ ਉਹਲੇ ਲੁਕ ਗਿਆ। ਜਦੋਂ ਰਣਜੀਤ ਸਿੰਘ ਉਸ ਝਾੜੀ ਕੋਲੋਂ ਲੰਘਣ ਲੱਗਾ ਤਾਂ ਹਸ਼ਮਤ ਖਾਂ ਨੇ ਉਸ ਉੱਤੇ ਵਾਰ ਕਰ ਦਿੱਤਾ। ਰਣਜੀਤ ਸਿੰਘ ਨੇ ਉਸ ਦੇ ਵਾਰ ਨੂੰ ਰੋਕਦਿਆਂ ਵੈਰੀ ਉੱਤੇ ਐਸਾ ਜਵਾਬੀ ਹਮਲਾ ਕੀਤਾ

ਕਿ ਉਸ ਦਾ ਸਿਰ ਧੜ ਤੋਂ ਵੱਖ ਹੋ ਗਿਆ। ਹਸ਼ਮਤ ਖਾਂ ਦੀ ਮੌਤ ਪਿੱਛੋਂ ਚੱਠਿਆਂ ਨੇ ਰਣਜੀਤ ਸਿੰਘ ਦੀ ਈਨ ਮੰਨ ਲਈ।

**ਵਿਆਹ (Marriage):-**1796 ਈ: ਵਿੱਚ, ਜਦੋਂ ਉਹ ਸੋਲ੍ਹਾਂ ਕੁ ਸਾਲਾਂ ਦਾ ਸੀ ਉਸ ਦਾ ਵਿਆਹ ਮਹਿਤਾਬ ਕੌਰ ਨਾਲ਼ ਹੋਇਆ। ਮਹਿਤਾਬ ਕੌਰ ਜੈ ਸਿੰਘ ਕਨ੍ਹਈਆ ਦੀ ਪੋਤਰੀ ਅਤੇ ਗੁਰਬਖਸ਼ ਸਿੰਘ ਦੀ ਪੁੱਤਰੀ ਸੀ। ਰਣਜੀਤ ਸਿੰਘ ਦੀ ਸੱਸ, ਸਦਾ ਕੌਰ ਬੜੀ ਬਹਾਦਰ ਅਤੇ ਦਲੇਰ ਇਸਤਰੀ ਸੀ।

ਰਣਜੀਤ ਸਿੰਘ ਨੇ 1798 ਈ: ਵਿੱਚ ਨੱਕਈ ਮਿਸਲ ਦੇ ਸਰਦਾਰ ਰਾਮ ਸਿੰਘ ਦੀ ਪੁੱਤਰੀ ਰਾਜ ਕੌਰ ਨਾਲ਼ ਦੂਜਾ ਵਿਆਹ ਕੀਤਾ। ਚਾਰ ਸਾਲ ਬਾਅਦ ਰਾਜ ਕੌਰ ਨੇ ਖੜਕ ਸਿੰਘ ਨੂੰ ਜਨਮ ਦਿੱਤਾ। ਉਹ ਰਣਜੀਤ ਸਿੰਘ ਦਾ ਜੇਠਾ ਪੁੱਤਰ ਸੀ। ਬਾਅਦ ਵਿੱਚ ਰਣਜੀਤ ਸਿੰਘ ਨੇ ਹੋਰ ਵੀ ਵਿਆਹ ਕੀਤੇ।

**ਰਾਜ ਸ਼ਕਤੀ ਦੀ ਪ੍ਰਾਪਤੀ (Assumption of Political Power):-** 1792 ਈ: ਵਿੱਚ ਮਹਾਂ ਸਿੰਘ ਅਕਾਲ ਚਲਾਣਾ ਕਰ ਗਿਆ। ਉਸ ਸਮੇਂ ਰਣਜੀਤ ਸਿੰਘ ਬਾਰਾਂ ਸਾਲਾਂ ਦਾ ਸੀ। ਨਾਬਾਲਗ ਹੋਣ ਕਰ ਕੇ ਰਾਜ ਦੀ ਵਾਗ-ਡੋਰ ਉਸ ਦੀ ਮਾਤਾ ਰਾਜ ਕੌਰ ਦੇ ਹੱਥਾਂ ਵਿੱਚ ਆ ਗਈ। ਉਸ ਨੇ ਰਾਜ ਪ੍ਰਬੰਧ ਦਾ ਸਾਰਾ ਕੰਮ ਸਰਦਾਰ ਲਖਪਤ ਰਾਏ ਦੇ ਹਵਾਲੇ ਕਰ ਦਿੱਤਾ। 1796 ਈ: ਵਿੱਚ ਰਣਜੀਤ ਸਿੰਘ ਦਾ ਵਿਆਹ ਹੋ ਗਿਆ। ਸਿੱਟੇ ਵਜੋਂ ਸ਼ੁਕਰਚੱਕੀਆ ਮਿਸਲ ਦੇ ਰਾਜ-ਪ੍ਰਬੰਧ ਦੇ ਕੰਮ ਵਿੱਚ ਉਸ ਦੀ ਸੱਸ ਸਦਾ ਕੌਰ ਵੀ ਦਿਲਚਸਪੀ ਲੈਣ ਲੱਗ ਪਈ। ਇਸ ਤਰ੍ਹਾਂ 1792 ਈ: ਤੋਂ 1797 ਈ: ਤੱਕ, ਜਦ ਤੱਕ ਰਣਜੀਤ ਸਿੰਘ ਨਾਬਾਲਾਗ ਰਿਹਾ, ਸ਼ੁਕਰਚੱਕੀਆ ਮਿਸਲ ਦਾ ਰਾਜ ਪ੍ਰਬੰਧ ਰਾਜ ਕੌਰ, ਦੀਵਾਨ ਲਖਪਤ ਰਾਏ ਅਤੇ ਸਦਾ ਕੌਰ ਦੇ ਹੱਥ ਵਿੱਚ ਰਿਹਾ। ਇਸ ਲਈ ਇਸ ਕਾਲ ਨੂੰ 'ਤਿਕੱੜੀ ਦੀ ਸਰਪ੍ਰਸਤੀ ਦਾ ਕਾਲ' ਕਿਹਾ ਜਾਂਦਾ ਹੈ।


1797 ਈ: ਵਿੱਚ ਜਦੋਂ ਰਣਜੀਤ ਸਿੰਘ 17 ਸਾਲ ਦਾ ਹੋਇਆ ਤਾਂ ਉਸ ਨੇ ਰਾਜ-ਪ੍ਰਬੰਧ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਲੈ ਲਈ। ਰਾਜ ਕੌਰ ਅਤੇ ਦੀਵਾਨ ਲਖਪਤ ਰਾਏ ਦੀ ਮੌਤ ਹੋ ਗਈ। ਸਦਾ ਕੌਰ ਰਣਜੀਤ ਸਿੰਘ ਦੀਆਂ ਮੁਢਲੀਆਂ ਜਿੱਤਾਂ ਵਿੱਚ ਬੜੀ ਸਹਾਇਕ ਸਿੱਧ ਹੋਈ। ਰਣਜੀਤ ਸਿੰਘ ਨੇ ਆਪਣੇ ਪਿਤਾ (ਮਹਾਂ ਸਿੰਘ) ਦੇ ਮਾਮੇ ਦਲ ਸਿੰਘ ਨੂੰ ਆਪਣਾ ਪ੍ਰਧਾਨ ਮੰਤਰੀ ਨਿਯੁਕਤ ਕਰ ਲਿਆ।

## ਰਣਜੀਤ ਸਿੰਘ ਦੀਆਂ ਮੁਢਲੀਆਂ ਜਿੱਤਾਂ
## (Early Conquests of Ranjit Singh)

1797 ਈ: ਵਿੱਚ ਰਣਜੀਤ ਸਿੰਘ ਨੇ ਸ਼ੁਕਰਚੱਕੀਆ ਮਿਸਲ ਦੀ ਵਾਗ ਡੋਰ ਆਪਣੇ ਹੱਥਾਂ ਵਿਚ ਲੈ ਲਈ। ਉਸ ਵੇਲ਼ੇ ਉਸ ਦੇ ਅਧੀਨ ਕੇਵਲ ਗੁੱਜਰਾਂਵਾਲਾ, ਵਜ਼ੀਰਬਾਦ, ਪਿੰਡ ਦਾਦਨ-ਖ਼ਾਂ ਆਦਿ ਇਲਾਕੇ ਸਨ। ਉਹ ਏਨੇ ਕੁ ਇਲਾਕੇ ਨਾਲ਼ ਸੰਤੁਸ਼ਟ ਨਹੀਂ ਸੀ। ਉਹ ਸਾਰੇ ਪੰਜਾਬ ਨੂੰ ਆਪਣੇ ਅਧੀਨ ਕਰਨਾ ਚਾਹੁੰਦਾ ਸੀ। ਆਪਣੇ ਸੁਪਨੇ ਨੂੰ ਸਾਕਾਰ ਕਰਨ ਲਈ ਉਸ ਨੇ ਸਿੱਖ ਮਿਸਲਾਂ ਅਤੇ ਅਫ਼ਗਾਨਾਂ ਦੇ ਇਲਾਕਿਆਂ ਨੂੰ ਜਿੱਤਣ ਦਾ ਕੰਮ ਸ਼ੁਰੂ ਕਰ ਦਿੱਤਾ।

**ਲਾਹੌਰ ਦੀ ਜਿੱਤ, 1799 ਈ: (Conquest of Lahore 1799 A.D.):-** ਲਾਹੌਰ ਦੇ ਨਿਵਾਸੀ ਭੰਗੀ ਸਰਦਾਰਾਂ ਦੇ ਕੁਸ਼ਾਸਨ ਤੋਂ ਤੰਗ ਆਏ ਹੋਏ ਸਨ। ਉਹਨਾਂ ਨੂੰ ਇਹ ਵੀ ਪਤਾ ਲੱਗਾ ਕਿ ਕਸੂਰ ਦਾ ਹਾਕਮ ਨਿਜ਼ਮਉੱਦੀਨ ਵੀ ਲਾਹੌਰ 'ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਇਸ ਸਮੇਂ ਤੱਕ ਰਣਜੀਤ ਸਿੰਘ ਆਪਣੀ ਸੂਰਬੀਰਤਾ ਅਤੇ ਸੁੱਚਜਤਾ ਕਾਰਨ ਕਾਫ਼ੀ ਪ੍ਰਸਿੱਧ ਹੋ ਚੁੱਕਾ ਸੀ। ਇਸ ਲਈ ਲਾਹੌਰ ਦੇ ਪ੍ਰਮੁੱਖ ਸ਼ਹਿਰੀਆਂ ਨੇ ਜਿਨ੍ਹਾਂ ਵਿੱਚ ਹਿੰਦੂ, ਸਿੱਖ ਅਤੇ ਮੁਸਲਮਾਨ ਸ਼ਾਮਲ ਸਨ, ਰਣਜੀਤ ਸਿੰਘ ਨੂੰ ਲਾਹੌਰ ਉੱਤੇ ਕਬਜ਼ਾ ਕਰਨ ਲਈ ਸੱਦਾ-ਪੱਤਰ ਭੇਜਿਆ। ਇਸ ਪੱਤਰ ਵਿੱਚ ਭੰਗੀ ਸਰਦਾਰਾਂ ਦੀ ਅਯੋਗਤਾ ਅਤੇ ਉਹਨਾਂ ਰਾਹੀਂ ਲੋਕਾਂ ਤੇ ਕੀਤੇ ਗਏ ਅੱਤਿਆਚਾਰਾਂ ਦਾ ਵਰਨਣ ਕੀਤਾ ਗਿਆ ਸੀ। ਉਸ ਪੱਤਰ ਵਿੱਚ ਰਣਜੀਤ ਸਿੰਘ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਲਾਹੌਰ 'ਤੇ ਕਬਜ਼ਾ ਕਰੇ ਅਤੇ ਉਹਨਾਂ ਨੂੰ ਅੱਤਿਆਚਾਰੀ ਹਾਕਮਾਂ ਤੋਂ ਛੁਟਕਾਰਾ ਦੁਆਵੇ। ਸ਼ਹਿਰੀਆਂ ਨੇ ਉਸ ਨੂੰ ਇਹ ਵਿਸ਼ਵਾਸ ਵੀ ਦੁਆਇਆ ਕਿ

# 1947 ਤੋਂ ਪਹਿਲਾਂ ਦਾ ਪੰਜਾਬ
## ਪੰਜਾਬ ਦੇ ਮੁੱਖ ਇਤਿਹਾਸਿਕ ਸਥਾਨ



ਜਦੋਂ ਉਹ ਲਾਹੌਰ ਉੱਤੇ ਹਮਲਾ ਕਰੇਗਾ ਤਾਂ ਉਹ ਲਾਹੌਰ ਦੇ ਕਿਲ੍ਹੇ ਦਾ ਦਰਵਾਜ਼ਾ ਖੋਲ੍ਹ ਦੇਣਗੇ। ਲਾਹੌਰ ਦੇ ਸ਼ਹਿਰੀਆਂ ਵੱਲੋਂ ਸਾਥ ਦੇਣ ਦਾ ਵਿਸ਼ਵਾਸ ਮਿਲ ਜਾਣ 'ਤੇ ਰਣਜੀਤ ਸਿੰਘ ਨੇ ਆਪਣੀ ਤਿਆਰੀ ਦੇ ਨਾਲ਼-ਨਾਲ਼ ਸਦਾ ਕੌਰ ਨੂੰ ਵੀ ਤਿਆਰ ਕਰ ਲਿਆ।

ਰਣਜੀਤ ਸਿੰਘ ਅਤੇ ਸਦਾ ਕੌਰ ਦੀਆਂ ਫ਼ੌਜਾਂ ਨੇ ਲਾਹੌਰ ਵੱਲ ਕੂਚ ਕੀਤਾ। ਲਾਹੌਰ ਪੁੱਜਦਿਆਂ ਹੀ ਜਦੋਂ ਉਹ ਆਪਣੀਆਂ ਫੌਜਾਂ ਨਾਲ਼ ਲਾਹੌਰੀ ਦਰਵਾਜ਼ੇ 'ਤੇ ਪੁੱਜਾ ਤਾਂ ਸ਼ਹਿਰੀਆਂ ਵੱਲੋਂ ਦਰਵਾਜ਼ਾ ਖੋਲ੍ਹ ਦਿੱਤਾ ਗਿਆ। ਰਣਜੀਤ ਸਿੰਘ ਦੀ ਫ਼ੌਜ ਸ਼ਹਿਰ ਅੰਦਰ ਪੁੱਜ ਜਾਣ ਤੇ ਭੰਗੀ ਸਰਦਾਰ ਭੈ-ਭੀਤ ਹੋ ਗਏ। ਸਾਹਿਬ ਸਿੰਘ ਅਤੇ ਮੋਹਰ ਸਿੰਘ ਸ਼ਹਿਰ ਛੱਡ ਕੇ ਭੱਜ ਗਏ। ਚੇਤ ਸਿੰਘ ਨੇ ਆਪਣੇ ਆਪ ਨੂੰ ਕਿਲ੍ਹੇ ਵਿੱਚ ਬੰਦ ਕਰ ਲਿਆ। ਕਿਲ੍ਹੇ ਵਿੱਚ ਰਸਦ ਪਾਣੀ ਦਾ ਪ੍ਰਬੰਧ ਪੂਰਾ ਨਾ ਹੋਣ ਕਰਕੇ ਉਸ ਨੇ ਅਗਲੇ ਦਿਨ ਹੀ ਹਥਿਆਰ ਸੁੱਟ ਦਿੱਤੇ।

**ਲਾਹੌਰ ਦੀ ਜਿੱਤ ਦੀ ਮਹੱਤਤਾ (Significance of the Conquest of Lahore):-** ਭਾਵੇਂ ਲਾਹੌਰ ਦੀ ਜਿੱਤ ਰਣਜੀਤ ਸਿੰਘ ਦੀ ਮਹਾਨ ਸੈਨਿਕ ਸਫਲਤਾ ਨਹੀਂ ਸੀ, ਫਿਰ ਵੀ ਉਸ ਦੇ ਰਾਜਨੀਤਿਕ ਉਭਾਰ ਵਿੱਚ ਇਹ ਜਿੱਤ ਬਹੁਤ ਹੀ ਮਹੱਤਵਪੂਰਨ ਸੀ। ਇਸ ਜਿੱਤ ਨਾਲ਼ ਲਾਹੌਰ ਉੱਤੇ ਭੰਗੀ ਸਰਦਾਰਾਂ ਦਾ ਕਬਜਾ ਸਦਾ ਲਈ ਖਤਮ ਹੋ ਗਿਆ। ਲਾਹੌਰ ਦੀ ਜਿੱਤ ਦੇ ਸਿੱਟੇ ਵਜੋਂ ਰਣਜੀਤ ਸਿੰਘ ਦੀ ਇੱਜ਼ਤ ਵਿੱਚ ਬਹੁਤ ਹੀ ਵਾਧਾ ਹੋਇਆ। ਲਾਹੌਰ ਸ਼ਹਿਰ ਉੱਤੇ ਅਧਿਕਾਰ ਕਰਨ ਨਾਲ ਰਣਜੀਤ ਸਿੰਘ ਸ਼ਕਤੀਸ਼ਾਲੀ ਸਰਦਾਰ ਬਣ ਗਿਆ।

**ਭਸੀਨ ਦੀ ਲੜਾਈ (Battle of Bhasin):-** ਰਣਜੀਤ ਸਿੰਘ ਵੱਲੋਂ ਲਾਹੌਰ ਜਿੱਤ ਲੈਣ ਨਾਲ ਬਾਕੀ ਦੇ ਸਿੱਖ ਮੁਸਲਮਾਨ ਸਰਦਾਰਾਂ ਵਿੱਚ ਈਰਖਾ ਜਾਗ ਪਈ। ਜੱਸਾ ਸਿੰਘ ਰਾਮਗੜ੍ਹੀਆ, ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਭੰਗੀ, ਜੋਧ ਸਿੰਘ ਅਤੇ ਨਿਜਾਮਉਦੀਨ ਦੇ ਮਿਲ ਕੇ ਅੰਮ੍ਰਿਤਸਰ ਤੋਂ ਲਾਹੌਰ ਵੱਲ ਕੂਚ ਕੀਤਾ। ਲਾਹੌਰ ਦੇ ਪੂਰਬ ਵੱਲ ਲਗਪਗ 16 ਕਿਲੋਮੀਟਰ ਦੂਰੀ ਤੇ ਸਥਿਤ ਭਸੀਨ ਨਾਮੀ ਸਥਾਨ ਤੇ ਉਹਨਾਂ ਨੇ ਜਾ ਡੇਰੇ ਲਾਏ। ਪਤਾ ਲੱਗਣ ਤੇ ਰਣਜੀਤ ਸਿੰਘ ਵੀ ਆਪਣੀ ਸੈਨਾ ਨਾਲ ਉੱਥੇ ਪੁੱਜ ਗਿਆ। ਦੋਵੇਂ ਸੈਨਾਵਾਂ ਲਗ-ਪਗ ਦੋ ਮਹੀਨੇ ਆਮ੍ਹਣੇ-ਸਾਮ੍ਹਣੇ ਬੈਠੀਆਂ ਰਹੀਆਂ। ਕਿਸੇ ਸੈਨਾ ਨੇ ਵੀ ਹਮਲੀ ਕਰਨ ਦੀ ਪਹਿਲ ਨਾ ਕੀਤੀ। ਇਸੇ ਦੌਰਾਨ ਜੱਸਾ ਸਿੰਘ ਰਾਮਗੜ੍ਹੀਆ ਬੀਮਾਰੀ ਦੇ ਬਹਾਨੇ ਉਸ ਗੁਟ ਦਾ ਸਾਥ ਛੱਡ ਗਿਆ। ਗੁਲਾਬ ਸਿੰਘ ਭੰਗੀ ਦੀ ਬਹੁਤੀ ਸ਼ਰਾਬ ਪੀਣ ਨਾਲ਼ ਮੌਤ ਹੋ ਗਈ। ਸਿੱਟੇ ਵਜੋਂ ਦੂਜੇ ਸਰਦਾਰਾਂ ਦੀਆਂ ਸੈਨਾਵਾਂ ਵੀ ਰਣ-ਖੇਤਰ ਵਿੱਚੋਂ ਦੌੜ ਗਈਆਂ। ਇਸ ਤਰਾਂ ਰਣਜੀਤ ਸਿੰਘ ਨੂੰ ਬਿਨ੍ਹਾਂ ਯੁੱਧ ਕੀਤੇ ਹੀ ਜਿੱਤ ਪ੍ਰਾਪਤ ਹੋਈ। ਇਸ ਜਿੱਤ ਨਾਲ ਰਣਜੀਤ ਸਿੰਘ ਦਾ ਲਾਹੌਰ ਉੱਤੇ ਕਬਜ਼ਾ ਪੱਕਾ ਹੀ ਨਹੀਂ ਹੋਇਆ ਸਗੋਂ ਉਸ ਦੇ ਬਾਕੀ ਵਿਰੋਧੀਆਂ ਨੂੰ ਕੁਚਲਣ ਅਤੇ ਰਾਜ ਦਾ ਵਿਸਤਾਰ ਕਰਨ ਲਈ ਵੀ ਰਾਹ ਸਾਫ਼ ਹੋ ਗਿਆ।

**ਅੰਮ੍ਰਿਤਸਰ ਦੀ ਜਿੱਤ 1805 ਈ: (Conquest of Amritsar 1805 A.D.):-** ਗੁਲਾਬ ਸਿੰਘ ਭੰਗੀ ਦੀ ਮੌਤ ਪਿੱਛੋਂ ਉਸ ਦਾ ਪੁੱਤਰ ਗੁਰਦਿੱਤ ਸਿੰਘ ਅੰਮ੍ਰਿਤਸਰ ਦਾ ਹਾਕਮ ਬਣਿਆ। ਉਹ ਨਾਬਾਲਗ ਸੀ। ਇਸ ਲਈ ਉਸ ਰਾਜ ਦੀ ਸਾਰੀ ਸ਼ਕਤੀ ਉਸ ਦੀ ਮਾਂ ਮਾਈ ਸੁੱਖਾਂ ਦੇ ਹੱਥ ਵਿੱਚ ਸੀ।

1805 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਨੂੰ ਜਿੱਤਣ ਦਾ ਬਹਾਨਾ ਲੱਭ ਲਿਆ। ਉਸ ਨੇ ਮਾਈ ਸੁੱਖਾਂ ਨੂੰ ਸੁਨੇਹਾ ਭੇਜਿਆ ਕਿ ਉਹ ਜਮ-ਜਮਾ ਤੋਪ ਉਸ ਦੇ ਹਵਾਲੇ ਕਰ ਦੇਵੇ। ਉਸ ਨੇ ਉਸ ਕੋਲੋਂ ਲੋਹਗੜ੍ਹ ਕਿਲ੍ਹੇ ਦੀ ਵੀ ਮੰਗ ਕੀਤੀ। ਮਾਈ ਸੁੱਖਾਂ ਨੇ ਮਹਾਰਾਜਾ ਦੀਆਂ ਮੰਗਾਂ ਨੂੰ ਠੁਕਰਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਨੇ, ਜੋ ਪਹਿਲਾਂ ਹੀ ਯੁੱਧ ਲਈ ਤਿਆਰ ਬੈਠਾ ਸੀ, ਅੰਮ੍ਰਿਤਸਰ ਉੱਤੇ ਹਮਲਾ ਕਰ ਕੇ ਲੋਹਗੜ੍ਹ ਦੇ ਕਿਲੇ ਨੂੰ ਘੇਰ ਲਿਆ। ਇਸ ਮੁਹਿੰਮ ਵਿੱਚ ਸਦਾ ਕੌਰ ਅਤੇ ਫ਼ਤਿਹ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦਾ ਸਾਥ ਦਿੱਤਾ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਅਤੇ ਲੋਹਗੜ੍ਹ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ। ਮਾਈ ਸੁੱਖਾਂ ਅਤੇ ਗੁਰਦਿੱਤ ਸਿੰਘ ਨੂੰ ਜੀਵਨ

ਨਿਰਬਾਹ ਲਈ ਜਾਗੀਰ ਦੇ ਦਿੱਤੀ। ਅੰਮ੍ਰਿਤਸਰ ਦਾ ਅਕਾਲੀ ਫੂਲਾ ਸਿੰਘ ਆਪਣੇ 2,000 ਨਿਹੰਗ ਸਾਥੀਆਂ ਨਾਲ਼ ਰਣਜੀਤ ਸਿੰਘ ਦੀ ਸੈਨਾ ਵਿੱਚ ਸ਼ਾਮਲ ਹੋ ਗਿਆ।

**ਅੰਮ੍ਰਿਤਸਰ ਦੀ ਜਿੱਤ ਦਾ ਮਹੱਤਵ (Significance of the Conquest of Amritsar):-** ਲਾਹੌਰ ਦੀ ਜਿੱਤ ਪਿੱਛੋਂ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਮਹੱਤਵਪੂਰਨ ਜਿੱਤ ਅੰਮ੍ਰਿਤਸਰ ਦੀ ਜਿੱਤ ਸੀ। ਜਿੱਥੇ ਲਾਹੌਰ ਪੰਜਾਬ ਦੀ ਰਾਜਧਾਨੀ ਸੀ ਉੱਥੇ ਹੁਣ ਅੰਮ੍ਰਿਤਸਰ ਸਿੱਖਾਂ ਦੀ ਧਾਰਮਿਕ ਰਾਜਧਾਨੀ ਬਣ ਗਈ।

ਅੰਮ੍ਰਿਤਸਰ ਦੀ ਜਿੱਤ ਨਾਲ ਮਹਾਰਾਜਾ ਰਣਜੀਤ ਸਿੰਘ ਦੀ ਸੈਨਿਕ ਸ਼ਕਤੀ ਵਿੱਚ ਵਾਧਾ ਹੋਇਆ। ਲੋਹਗੜ੍ਹ ਦਾ ਕਿਲ੍ਹਾ ਉਸ ਲਈ ਬੜਾ ਵਡਮੁੱਲਾ ਸਾਬਤ ਹੋਇਆ। ਉਸ ਨੂੰ ਤਾਂਬੇ ਅਤੇ ਪਿੱਤਲ ਦੀ ਬਣੀ ਹੋਈ ਬਹੁਤ ਵੱਡੀ ਜਮਾ-ਜਮਾ ਤੋਪ ਵੀ ਪ੍ਰਾਪਤ ਹੋਈ।

ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਸਿੱਧ ਸੈਨਿਕ ਅਕਾਲੀ ਫੂਲਾ ਸਿੰਘ ਦੀਆਂ ਸੇਵਾਵਾਂ ਦੀ ਪ੍ਰਾਪਤੀ ਹੋਈ। ਨਿਹੰਗਾਂ ਦੀ ਅਸਧਾਰਨ ਦਲੇਰੀ ਅਤੇ ਬਹਾਦਰੀ ਕਾਰਨ ਮਹਾਰਾਜਾ ਰਣਜੀਤ ਸਿੰਘਾਂ ਨੇ ਕਈ ਸ਼ਾਨਦਾਰ ਜਿੱਤਾ ਪ੍ਰਾਪਤ ਕੀਤੀਆਂ।

ਅੰਮ੍ਰਿਤਸਰ ਦੀ ਜਿੱਤ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦੀ ਮਸ਼ਹੂਰੀ ਦੂਰ-ਦੂਰ ਤੱਕ ਫੈਲ ਗਈ। ਭਾਰਤ ਦੇ ਅੰਗਰੇਜ਼ੀ ਰਾਜ ਵਿੱਚੋਂ ਬਹੁਤ ਸਾਰੇ ਭਾਰਤੀ ਉਸ ਦੇ ਰਾਜ ਵਿੱਚ ਨੌਕਰੀ ਕਰਨ ਲਈ ਆਉਣ ਲੱਗੇ। ਹਿੰਦੁਸਤਾਨੀ ਮੁਸਲ਼ਮਾਨ ਅਤੇ ਯੂਰਪੀਅਨ ਸੈਨਿਕ, ਜਿਨ੍ਹਾਂ ਨੇ ਈਸਟ ਇੰਡੀਆ ਕੰਪਨੀ ਨੂੰ ਛੱਡ ਦਿੱਤਾ ਸੀ, ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਵਿੱਚ ਆਉਣ ਲੱਗੇ।

ਲਾਹੌਰ ਅਤੇ ਅੰਮ੍ਰਿਤਸਰ ਦੀਆਂ ਜਿੱਤਾਂ ਤੋਂ ਇਲਾਵਾਂ ਮਹਾਰਾਜਾ ਰਣਜੀਤ ਸਿੰਘ ਨੇ 1800 ਈ: ਤੋਂ 1811 ਈ: ਤੱਕ ਜਿਹੜੀਆਂ ਰਹਿੰਦੀਆਂ ਮਿਸਲਾਂ ਨੂੰ ਜਿੱਤਿਆ ਸੀ। ਉਹਨਾਂ ਦਾ ਸੰਖੇਪ ਹਾਲ ਇਸ ਪ੍ਰਕਾਰ ਹੈ—

**ਅਕਾਲਗੜ੍ਹ ਦੀ ਜਿੱਤ** 1801 **ਈ: (Comquest of Akalgarh, 1801 A.D.):-** ਭਸੀਨ ਦੇ ਯੁੱਧ (1801 ਈ:) ਪਿੱਛੋਂ ਅਕਾਲਗੜ੍ਹ ਦੇ ਦਲ ਸਿੰਘ (ਰਣਜੀਤ ਸਿੰਘ ਦੇ ਪਿਤਾ ਦਾ ਮਾਮਾ) ਅਤੇ ਗੁਜਰਾਤ ਤੇ ਸਾਹਿਬ ਸਿੰਘ ਨੇ ਲਾਹੌਰ ਉੱਤੇ ਹਮਲਾ ਕਰਨਾ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ। ਜਦੋਂ ਇਸ ਗੱਲ ਦਾ ਪਤਾ ਮਹਾਰਾਜ ਰਣਜੀਤ ਸਿੰਘ ਨੂੰ ਲੱਗਾ ਤਾਂ ਉਸ ਨੇ ਅਕਾਲਗੜ੍ਹ 'ਤੇ ਹਮਲਾ ਕਰ ਕੇ ਦਲ ਸਿੰਘ ਨੂੰ ਕੈਦ ਕਰ ਲਿਆ। ਭਾਵੇਂ ਬਾਅਦ ਵਿੱਚ ਉਸ ਨੂੰ ਛੱਡ ਦਿੱਤਾ ਗਿਆ ਪਰ ਉਹੀ ਛੇਤੀ ਹੀ ਚਲਾਣਾ ਕਰ ਗਿਆ। ਇਸ ਕਰਕੇ ਰਣਜੀਤ ਸਿੰਘ ਨੇ ਅਕਾਲਗੜ੍ਹ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਉਸ ਦੇ ਦਲ ਸਿੰਘ ਦੀ ਵਿਧਵਾ ਪਤਨੀ ਨੂੰ ਉਸ ਦੇ ਗੁਜ਼ਾਰੇ ਲਈ ਦੋ ਪਿੰਡਾਂ ਦੀ ਜ਼ਮੀਨ ਦੇ ਦਿੱਤੀ।

**ਚਨਿਓਟ ਉੱਤੇ ਕਬਜ਼ਾ**, 1802 **ਈ: (Conquest of Chiniot, 1802 A.D.):-** ਚਨਿਓਟ, ਕਰਮ ਸਿੰਘ ਦੇ ਪੁੱਤਰ ਜੱਸਾ ਸਿੰਘ ਦੇ ਅਧਿਕਾਰ ਵਿੱਚ ਸੀ। 1802 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫਤਹਿ ਸਿੰਘ ਆਹਲੂਵਾਲੀਆ ਨੂੰ ਨਾਲ਼ ਲੈ ਕੇ ਚਨਿਓਟ ਉੱਤੇ ਹਮਲਾ ਕਰ ਦਿੱਤਾ। ਜੱਸਾ ਸਿੰਘ ਹਾਰ ਕੇ ਭੱਜ ਗਿਆ। ਰਣਜੀਤ ਸਿੰਘ ਨੇ ਚਨਿਓਟ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਫ਼ਤਹਿ ਸਿੰਘ ਨੂੰ ਉਸ ਦੇ ਹਿੱਸੇ ਦੇ ਤੌਰ ਤੇ ਪਿੰਡ ਭੱਟੀਆਂ ਅਤੇ ਧਾਨ ਦੇ ਇਲਾਕੇ ਦਿੱਤੇ ਗਏ।

**ਮਹਾਰਾਜਾ ਰਣਜੀਤ ਸਿੰਘ ਦਾ ਮਾਲਵੇ ਉੱਤੇ ਪਹਿਲਾ ਹਮਲਾ**, 1806 **ਈ: (First Attack Maharaja Ranjit Singh on Malwa, 1806 A.D.):-** 1806 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮਾਲਵੇ ਦੇ ਇਲਾਕੇ ਉੱਤੇ ਪਹਿਲਾ ਹਮਲਾ ਕੀਤਾ। ਉਸ ਹਮਲੇ ਦਾ ਕਾਰਨ ਦੋਲੱਧੀ ਪਿੰਡ ਸੀ। ਪਟਿਆਲਾ ਅਤੇ ਨਾਭਾ ਦੇ ਰਾਜੇ ਦਾ ਇਸ ਪਿੰਡ ਬਾਰੇ ਝਗੜਾ ਸੀ। ਜੀਂਦ ਦੇ ਹਾਕਮ ਭਾਗ ਸਿੰਘ ਦੇ ਸੱਦੇ ਤੇ ਮਹਾਰਾਜਾ ਰਣਜੀਤ ਸਿੰਘ ਨੇ ਫਤਹਿ ਸਿੰਘ ਆਹਲੂਵਾਲੀਆ ਨੂੰ ਨਾਲ਼ ਲੈ ਕੇ 20,000 ਸੈਨਿਕਾਂ ਨਾਲ਼

ਮਾਲਵਾ ਉੱਤੇ ਹਮਲਾ ਕੀਤਾ। ਦੋਲੱਧੀ ਪਿੰਡ ਨੂੰ ਆਪਣੇ ਅਧੀਨ ਕਰ ਕੇ ਮਹਾਰਾਜਾ ਰਣਜੀਤ ਸਿੰਘ ਪਟਿਆਲਾ ਵੱਲ ਵਧਿਆ। ਪਟਿਆਲ਼ਾ, ਨਾਭਾ ਅਤੇ ਜੀਂਦ ਦੇ ਰਾਜਿਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਰਾਨੇ ਦਿੱਤੇ। ਲਾਹੌਰ ਨੂੰ ਮੁੜਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਲੁਧਿਆਣਾ, ਰਾਏਕੋਟ, ਜਗਰਾਉਂ ਆਦਿ ਇਲਾਕਿਆਂ ਨੂੰ ਜਿੱਤਿਆ।

**1807 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਮਾਲਵੇ ਉੱਤੇ ਦੂਜਾ ਹਮਲਾ**

ਉਸ ਹਮਲੇ ਦਾ ਕਾਰਨ ਪਟਿਆਲ਼ਾ ਦੇ ਰਾਜਾ ਸਾਹਿਬ ਸਿੰਘ ਅਤੇ ਉਸ ਦੀ ਪਤਨੀ ਆਸ ਕੌਰ ਦਾ ਆਪਸੀ ਝਗੜਾ ਸੀ। ਉਹ ਆਪਣੀਆਂ ਫ਼ੌਜਾਂ ਨਾਲ਼ ਪਟਿਆਲ਼ਾ ਪੁੱਜਾ। ਉਸ ਨੇ ਸਾਹਿਬ ਸਿੰਘ ਕੋਲੋਂ ਨਜਰਾਨਾ ਵਸੂਲ ਕੀਤਾ। ਉਸ ਤੋਂ ਪਿੱਛੋਂ ਉਸ ਨੇ ਨਾਰਾਇਣ ਗੜ੍ਹ, ਬਧਨੀ, ਜ਼ੀਰਾ, ਕੋਟਕਪੂਰਾ ਆਦਿ ਇਲਾਕੇ ਜਿੱਤੇ। ਫਿਰ ਉਸ ਨੇ ਕੈਥਲ, ਸ਼ਾਹਬਾਦ, ਅੰਬਾਲਾ, ਕਲਸੀਆ ਅਤੇ ਮਲੇਰਕੋਟਲਾ ਦੇ ਹਾਕਮਾਂ ਤੋਂ ਨਜ਼ਰਾਨੇ ਵਸੂਲ ਕੀਤੇ।

**ਡੱਲੇਵਾਲੀਆ ਮਿਸਲ ਦੇ ਇਲਾਕਿਆਂ ਉੱਤੇ ਅਧਿਕਾਰ, 1807 ਈ: (Conquest of Dallewalia possessions 1807 A.D.):-** ਡੱਲੇਵਾਲੀਆ ਮਿਸਲ ਦਾ ਨੇਤਾ ਤਾਰਾ ਸਿੰਘ ਘੇਬਾ ਸੀ। ਜਦ ਤੱਕ ਉਹ ਜਿਉਂਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ ਉੱਤੇ ਅਧਿਕਾਰ ਕਰਨ ਦਾ ਕੋਈ ਯਤਨ ਨਾ ਕੀਤਾ। 1807 ਈ: ਵਿੱਚ ਤਾਰਾ ਸਿੰਘ ਘੇਬਾ ਦੀ ਮੌਤ ਹੋ ਗਈ। ਉਸ ਦੀ ਮੌਤ ਦੀ ਖਬਰ ਸੁਣਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਰਾਹੋਂ (Rahon) ਉੱਤੇ ਹਮਲਾ ਕਰ ਦਿੱਤਾ। ਤਾਰਾ ਸਿੰਘ ਘੇਬਾ ਦੀ ਵਿਧਵਾ ਨੇ ਮਹਾਰਾਜਾ ਰਣਜੀਤ ਸਿੰਘ ਦਾ ਮੁਕਾਬਲਾ ਕੀਤਾ ਪਰ ਹਾਰ ਗਈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਮਿਸਲ ਦੇ ਇਲਾਕਿਆਂ ਨੂੰ ਆਪਣੇ ਰਾਜ ਵਿਚ ਮਿਲ਼ਾ ਲਿਆ।

**ਸਿਆਲਕੋਟ ਦੀ ਜਿੱਤ, 1808 ਈ: (Conquest of Sialkot, 1808 A.D.):-** ਸਿਆਲਕੋਟ ਦਾ ਹਾਕਮ ਜੀਵਨ ਸਿੰਘ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਹੁਕਮ ਕੀਤਾ ਕਿ ਉਹ ਸਿਆਲਕੋਟ ਦਾ ਇਲਾਕਾ ਉਸ ਨੂੰ ਦੇ ਦੇਵੇ। ਉਸ ਦੇ ਨਾਂਹ ਕਰ ਦੇਣ ਤੇ ਮਹਾਰਾਜਾ ਨੇ ਸਿਆਲਕੋਟ ਉੱਤੇ ਹਮਲਾ ਕਰ ਦਿੱਤਾ। ਜੀਵਨ ਸਿੰਘ ਨੇ ਛੇਤੀ ਹੀ ਉਸ ਅੱਗੇ ਹਥਿਆਰ ਸੁੱਟ ਦਿੱਤੇ। ਮਹਾਰਾਜਾ ਰਣਜੀਤ ਸਿੰਘ ਨੇ ਸਿਆਲਕੋਟ ਨੂੰ ਆਪਣੇ ਰਾਜ ਵਿੱਚ ਮਿਲ਼ਾ ਲਿਆ। ਉਸ ਨੇ ਜੀਵਨ ਸਿੰਘ ਨੂੰ ਉਸ ਦੇ ਗੁਜ਼ਾਰੇ ਲਈ ਜਗੀਰ ਦੇ ਦਿੱਤੀ।

**ਗੁਜਰਾਤ ਦੀ ਜਿੱਤ, 1809 ਈ: (Conquest of Gujrat, 1809 A.D.):-** 1809 ਈ: ਨੂੰ ਸਾਹਿਬ ਸਿੰਘ ਅਤੇ ਉਸ ਦੇ ਪੁੱਤਰ ਗੁਲਾਬ ਸਿੰਘ ਵਿਚਕਾਰ ਅਣਬਣ ਹੋ ਗਈ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਥਿਤੀ ਦਾ ਲਾਭ ਉਠਾ ਕੇ ਫਕੀਰ ਅਜ਼ੀਜ਼-ਉੱਦੀਨ ਦੀ ਅਗਵਾਈ ਵਿੱਚ ਗੁਜਰਾਤ ਉੱਤੇ ਹਮਲਾ ਕਰ ਦਿੱਤਾ। ਕੁਝ ਸਮਾਂ ਟਾਕਰਾ ਕਰਨ ਤੋਂ ਬਾਅਦ ਸਾਹਿਬ ਸਿੰਘ ਹਾਰ ਗਿਆ। ਫ਼ਕੀਰ ਅਜ਼ੀਜ਼ਉੱਦੀਨ ਨੇ ਗੁਜਰਾਤ ਸ਼ਹਿਰ ਅਤੇ ਉਸ ਦੀ ਸਾਰੀ ਸੰਪਤੀ ਉੱਤੇ ਕਬਜ਼ਾ ਕਰ ਲਿਆ। ਫ਼ਕੀਰ ਅਜ਼ੀਜ਼ਉੱਦੀਨ ਦੇ ਭਰਾ ਨੂਰਉੱਦੀਨ ਨੂੰ ਗੁਜਰਾਤ ਦਾ ਹਾਕਮ ਬਣਾ ਦਿੱਤਾ ਗਿਆ।

**ਕਰੋੜਸਿੰਘੀਆ ਮਿਸਲ ਉੱਤੇ ਅਧਿਕਾਰ, 1809 ਈ: (Annexation of Karorsinghia Territory 1809 A.D.):-** 1809 ਈ: ਵਿੱਚ ਕਰੋੜਸਿੰਘੀਆ ਮਿਸਲ ਦਾ ਸਰਦਾਰ ਬਘੇਲ ਸਿੰਘ ਚਲਾਣਾ ਕਰ ਗਿਆ। ਉਸ ਦੀ ਮੌਤ ਦਾ ਪਤਾ ਲੱਗਣ ਤੇ ਹੀ ਮਹਾਰਾਜਾ ਰਣਜੀਤ ਸਿੰਘ ਨੇ ਕਰੋੜਸਿੰਘੀਆ ਮਿਸਲ ਦੇ ਇਲਾਕੇ ਵੱਲ ਆਪਣੀ ਸੈਨਾ ਭੇਜ ਦਿੱਤੀ। ਬਘੇਲ ਸਿੰਘ ਦੀਆਂ ਵਿਧਵਾ ਪਤਨੀਆਂ (ਰਾਮ ਕੌਰ ਅਤੇ ਰਾਜ ਕੌਰ) ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਬਹੁਤਾ ਚਿਰ ਟਾਕਰਾ ਨਾ ਕਰ ਸਕੀਆਂ। ਸਿੱਟੇ ਵਜੋਂ ਉਸ ਮਿਸਲ ਦੇ ਨਵਾਂ ਸ਼ਹਿਰ, ਰੁੜਕਾ ਆਦਿ ਪ੍ਰਦੇਸ਼ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਮਿਲ ਗਏ।

**ਨੱਕਈ ਮਿਸਲ ਦੇ ਇਲਾਕਿਆਂ ਦੀ ਜਿੱਤ: (Conquest of Nakkai Possessions 1810 A.D.):-** 1807 ਈ: ਵਿੱਚ ਮਹਾਰਾਜਾ ਦੀ ਰਾਣੀ ਰਾਜ ਕੌਰ ਦਾ ਭਤੀਜਾ ਕਾਹਨ ਸਿੰਘ ਨੱਕਈ ਮਿਸਲ

ਦਾ ਸਰਦਾਰ ਬਣਿਆ। ਮਹਾਰਾਜਾ ਨੇ ਉਸ ਨੂੰ ਕਈ ਵਾਰ ਆਪਣੇ ਰਾਜ ਵਿੱਚ ਹਾਜ਼ਰ ਹੋਣ ਲਈ ਸੱਦਾ ਭੇਜਿਆ। ਪਰ ਉਹ ਸਦਾ ਹੀ ਮਹਾਰਾਜਾ ਰਣਜੀਤ ਸਿੰਘ ਦੀ ਹੁਕਮ-ਅਦੂਲੀ ਕਰਦਾ ਰਿਹਾ। ਅੰਤ ਨੂੰ 1810 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਆਗਵਾਈ ਵਿੱਚ ਉਸ ਵਿਰੁੱਧ ਸੈਨਾ ਭੇਜੀ। ਮੋਹਕਮ ਚੰਦ ਨੇ ਛੇਤੀ ਹੀ ਉਸ ਮਿਸਲ ਦੇ ਚੁਨੀਆਂ, ਸ਼ਰਕਪੁਰ, ਕੋਟ ਕਮਾਲੀਆ ਆਦਿ ਇਲਾਕਿਆਂ ਉੱਤੇ ਅਧਿਕਾਰ ਕਰ ਲਿਆ। ਕਾਹਨ ਸਿੰਘ ਨੂੰ ਗੁਜ਼ਾਰੇ ਲਈ 20,000 ਹਜ਼ਾਰ ਰੁਪਏ ਸਲਾਨਾ ਆਮਦਨ ਵਾਲ਼ੀ ਜਗੀਰ ਦਿੱਤੀ ਗਈ।

**ਫੈਜ਼ਲਪੁਰੀਆ ਮਿਸਲ ਦੇ ਇਲਾਕਿਆਂ ਉੱਤੇ ਕਬਜ਼ਾ**, 1811 ਈ: **(Annexation of Faizalpuria Possessions 1811 A.D.):-** 1811 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫੈਜ਼ਲਪੁਰੀਆ ਮਿਸਲ ਦੇ ਸਰਦਾਰ ਬੁੱਧ ਸਿੰਘ ਨੂੰ ਆਪਣੀ ਅਧੀਨਤਾ ਸਵੀਕਾਰ ਕਰਨ ਲਈ ਕਿਹਾ। ਉਸ ਦੇ ਇਨਕਾਰ ਕਰ ਦੇਣ ਤੇ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਆਗਵਾਈ ਵਿੱਚ ਆਪਣੀ ਸੈਨਾ ਭੇਜੀ। ਫ਼ਤਿਹ ਸਿੰਘ ਆਹਲੂਵਾਲੀਆ ਅਤੇ ਜੋਧ ਸਿੰਘ ਰਾਮਗੜ੍ਹੀਆ ਨੇ ਉਸ ਦਾ ਸਾਥ ਦਿੱਤਾ। ਬੁੱਧ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਦਾ ਟਾਕਰਾ ਨਾ ਕਰ ਸਕਿਆ ਅਤੇ ਉਸ ਨੇ ਭੱਜ ਕੇ ਜਾਨ ਬਚਾਈ। ਸਿੱਟੇ ਵਜੋਂ ਉਸ ਮਿਸਲ ਦੇ ਜਲੰਧਰ, ਬਹਿਰਾਮਪੁਰ, ਪੱਟੀ ਆਦਿ ਉੱਤੇ ਮਹਾਰਾਜਾ ਰਣਜੀਤ ਸਿੰਘ ਨੇ ਕਬਜ਼ਾ ਕਰ ਲਿਆ।

## ਸਿੱਖ ਮਿਸਲਾਂ ਦੇ ਹੋਰ ਇਲਾਕਿਆਂ ਦੀ ਜਿੱਤ
## (Conquest of other Territories of the Sikh Misls)

**ਸ਼ਕਤੀਸ਼ਾਲੀ ਮਿਸਲਾਂ ਨਾਲ਼ ਮਿੱਤਰਤਾ (Friendship with the strong Misls):-** ਮਹਾਰਾਜਾ ਰਣਜੀਤ ਸਿੰਘ ਇੱਕ ਚਤੁਰ ਕੂਟਨੀਤੀਵਾਨ ਸੀ। ਉਸ ਨੇ ਸ਼ਕਤੀਸ਼ਾਲੀ ਮਿਸਲਾਂ ਨਾਲ਼ ਮਿੱਤਰਤਾ ਗੰਢ ਲਈ। ਉਹਨਾਂ ਦੀ ਸਹਾਇਤਾ ਨਾਲ਼ ਉਸ ਨੇ ਕਮਜ਼ੋਰ ਮਿਸਲਾਂ ਨੂੰ ਆਪਣੇ ਅਧੀਨ ਕਰ ਲਿਆ।

ਕਨ੍ਹਈਆ ਮਿਸਲ ਦੇ ਨਾਲ਼ ਉਸ ਨੇ ਵਿਵਾਹਿਕ ਸੰਬੰਧ ਕਾਇਮ ਕਰ ਲਏ ਸਨ। 1801 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫਤਿਹ ਸਿੰਘ ਆਹਲੂਵਾਲੀਆ ਨਾਲ਼ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਿੱਤਰ ਰਹਿਣ ਦਾ ਪ੍ਰਣ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਜੱਸਾ ਸਿੰਘ ਰਾਮਗੜ੍ਹੀਆ ਨਾਲ਼ ਹੀ ਜਾਣ ਬੁੱਝ ਕੇ ਟੱਕਰ ਨਾ ਲਈ। 1803 ਈ: ਵਿੱਚ ਉਸ ਨੇ ਜੋਧ ਸਿੰਘ ਰਾਮਗੜ੍ਹੀਆ ਨਾਲ਼ ਮਿੱਤਰਤਾਪੂਰਨ ਸਬੰਧ ਕਾਇਮ ਕਰ ਲਏ ਸਨ।

## ਮੁਸਲਿਮ ਇਲਾਕਿਆਂ ਦੀ ਜਿੱਤ
## (Conquest of Muslim Territories)

ਸਿੱਖ ਮਿਸਲਾਂ ਨੂੰ ਜਿੱਤਣ ਦੇ ਨਾਲ਼-ਨਾਲ਼ ਮਹਾਰਾਜਾ ਰਣਜੀਤ ਸਿੰਘ ਨੇ ਕੁਝ ਮੁਸਲਮਾਨ ਹਾਕਮਾਂ ਦੇ ਇਲਾਕਿਆਂ ਨੂੰ ਵੀ ਜਿੱਤਿਆ। ਉਸ ਦੀਆਂ ਉਹਨਾਂ ਜਿੱਤਾਂ ਵਿੱਚੋਂ ਮਹੱਤਵਪੂਰਨ ਜਿੱਤਾਂ ਦਾ ਵੇਰਵਾ ਇਸ ਪ੍ਰਕਾਰ ਹੈ—

**ਕਸੂਰ ਦੀ ਜਿੱਤ**, 1807 ਈ: **(Conquest of Kasur, 1807 A.D.):-** ਨਿਜ਼ਾਮਉੱਦੀਨ ਕਸੂਰ ਦਾ ਹਾਕਮ ਸੀ। ਉਸ ਨੇ ਸਿੱਖਾਂ ਵਿਰੁੱਧ ਸ਼ਾਹ ਜਮਾਨ ਦੀ ਸਹਾਇਤਾ ਕੀਤੀ ਸੀ। ਉਹ ਆਪ ਵੀ ਲਾਹੌਰ ਉੱਤੇ ਕਬਜ਼ਾ ਕਰਨ ਦੇ ਸੁਪਨੇ ਲੈ ਰਿਹਾ ਸੀ। 1800 ਈ: ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਖਿਲਾਫ਼ ਇੱਕ ਗੁੱਟ ਬਣਿਆ, ਤਾਂ ਉਹ ਉਸ ਵਿੱਚ ਸ਼ਾਮਿਲ ਹੋ ਗਿਆ। ਸਿੱਟੇ ਵੱਜੋਂ ਭਸੀਨ ਦੇ ਯੁੱਧ ਪਿੱਛੋਂ 1801 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਨਿਜ਼ਮਾਉੱਦੀਨ ਨੂੰ ਬੁਰੀ ਤਰ੍ਹਾਂ ਭਾਂਜ ਦਿੱਤੀ ਸੀ। ਉਸ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ। 1807 ਈ: ਵਿੱਚ ਉਸ ਦੀ ਮੌਤ ਉਪਰੰਤ ਉਸ ਦਾ ਪੁੱਤਰ ਕੁਤਬਉੱਦੀਨ ਕਸੂਰ ਦਾ ਹਾਕਮ ਬਣਿਆ। ਉਹ ਮੁਲਤਾਨ ਦੇ ਹਾਕਮ ਮੁਜ਼ੱਫਰ ਖਾਂ ਨਾਲ਼ ਗੰਢ-ਤੁਪ ਕਰ ਕੇ ਰਣਜੀਤ ਸਿੰਘ ਤੋਂ ਸੁਤੰਤਰ ਹੋ ਗਿਆ। ਮਹਾਰਾਜਾ ਰਣਜੀਤ ਸਿੰਘ

ਨੇ ਵਿਸ਼ਾਲ ਸੈਨਾ ਨਾਲ ਕਸੂਰ 'ਤੇ ਹਮਲਾ ਕੀਤਾ ਅਤੇ ਉੱਥੋਂ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ। ਰਸਦ ਪਾਣੀ ਦੀ ਘਾਟ ਹੋਣ ਕਰ ਕੇ ਕੁਤਬਉੱਦੀਨ ਨੇ ਮਹਾਰਾਜਾ ਰਣਜੀਤ ਸਿੰਘ ਅੱਗੇ ਗੋਡੇ ਟੇਕ ਦਿੱਤੇ। ਮਹਾਰਾਜਾ ਨੇ ਕਸੂਰ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ। ਕੁਤਬਉੱਦੀਨ ਨੂੰ ਗੁਜ਼ਾਰੇ ਲਈ ਮਮਦੋਟ ਦੀ ਜਾਗੀਰ ਦੇ ਦਿੱਤੀ।

**ਝੰਗ ਦੀ ਜਿੱਤ**, 1807 **ਈ: (Conquest of Jhang, 1807 A.D.):-** ਝੰਗ ਵਿੱਚ ਸਿਆਲ ਜਾਤੀ ਦੇ ਅਹਿਮਦ ਖਾਂ ਦਾ ਰਾਜ ਸੀ। 1807 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਅਧੀਨਤਾ ਸਵੀਕਾਰ ਕਰਨ ਨੂੰ ਕਿਹਾ। ਉਸ ਨੇ ਨਾਂਹ ਕਰ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਉਸ ਉੱਤੇ ਹਮਲਾ ਕਰ ਦਿੱਤਾ। ਅਹਿਮਦ ਖਾਂ ਹਾਰ ਗਿਆ। ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ 60,000 ਹਜ਼ਾਰ ਰੁਪਏ ਸਲਾਨਾ ਕਰ ਦੇਣਾ ਮੰਨ ਲਿਆ।

**ਬਹਾਵਲਪੁਰ ਅਤੇ ਅਖ਼ਨੂਰ ਦੀ ਅਧੀਨਤਾ**, 1807-1808 **ਈ: (Submission of Bahawalpur and Akhnur, 1807-1808 A.D.):-** 1807 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਬਹਾਵਲਪੁਰ ਉੱਤੇ ਹਮਲਾ ਕੀਤਾ। ਉਥੋਂ ਦੇ ਨਵਾਬ ਬਹਾਵਲ ਖਾਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ। ਉਸ ਨੇ ਮਹਾਰਾਜ ਰਣਜੀਤ ਸਿੰਘ ਨੂੰ ਸਾਲਾਨਾ ਕਰ ਦੇਣਾ ਮੰਨ ਲਿਆ। 1808 ਈ: ਵਿੱਚ ਅਖਨੂਰ ਦੇ ਸ਼ਾਸ਼ਕ ਆਲਮ ਖਾਂ ਨੇ ਵੀ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸਵੀਕਾਰ ਕਰ ਲਈ।

**ਖੁਸ਼ਾਬ ਅਤੇ ਸਾਹੀਵਾਲ ਦੀ ਜਿੱਤ**, 1810 **ਈ: (Conquest of Khushaab and Sahiwal, 1810 A.D.):-** 1810 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਖੁਸ਼ਾਬ ਉੱਤੇ ਹਮਲਾ ਕਰ ਦਿੱਤਾ। ਉੱਥੋਂ ਦੇ ਸ਼ਾਸ਼ਕ ਜਾਫ਼ਰ ਖਾਂ ਨੇ ਮਹਾਰਾਜਾ ਰਣਜੀਤ ਸਿੰਘ ਅੱਗੇ ਹਥਿਆਰ ਸੁੱਟ ਦਿੱਤੇ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਗੁਜ਼ਾਰੇ ਲਈ ਜਗੀਰ ਦਿੱਤੀ।

ਇਸੇ ਸਾਲ ਮਹਾਰਾਜਾ ਰਣਜੀਤ ਸਿੰਘ ਨੇ ਸਾਹੀਵਾਲ ਦੇ ਹਾਕਮ ਫਤਿਹ ਖ਼ਾਂ ਉੱਤੇ ਹਮਲਾ ਕੀਤਾ। ਉਸ ਨੇ ਮੁਕਾਬਲਾ ਤਾਂ ਕੀਤਾ ਪਰ ਝੱਟ ਹਾਰ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਗੁਜ਼ਾਰੇ ਲਈ ਉਸ ਨੂੰ ਜਗੀਰ ਦਿੱਤੀ।

## ਪਹਾੜੀ ਰਾਜਾਂ ਦੀ ਜਿੱਤ
## (Conquest of the Hill Territories)

**ਜੰਮੂ ਦੀ ਜਿੱਤ** 1809 **ਈ: (Conquest of Jammu, 1809 A.D.):-** ਸਭ ਤੋਂ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਨੇ 1800 ਈ: ਵਿੱਚ ਜੰਮੂ 'ਤੇ ਹਮਲਾ ਕੀਤਾ। ਜੰਮੂ ਦੇ ਹਾਕਮ ਨੇ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਤਾ ਸ੍ਵੀਕਾਰ ਕਰ ਲਈ। ਉਸ ਨੇ ਮਹਾਰਾਜਾ ਰਣਜੀਤ ਸਿੰਘ ਨੂੰ 20,000 ਰੁਪਏ ਭੇਂਟ ਕਰ ਕੇ ਜਾਨ ਬਚਾਈ।

1809 ਈ: ਵਿੱਚ ਜੰਮੂ ਦਾ ਰਾਜਾ ਜੈ ਸਿੰਘ ਚਲਾਣਾ ਕਰ ਗਿਆ। ਖ਼ਬਰ ਮਿਲਦਿਆਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਭਵਾਨੀ ਦਾਸ ਦੀ ਅਗਵਾਈ ਹੇਠ ਜੰਮੂ 'ਤੇ ਅਧਿਕਾਰ ਕਰਨ ਲਈ ਆਪਣੀ ਸੈਨਾ ਭੇਜੀ। ਸਿੱਖ ਸੈਨਾ ਨੂੰ ਦੇਖਦਿਆਂ ਹੀ ਸਵਰਗੀ ਜੈ ਸਿੰਘ ਦਾ ਪਰਿਵਾਰ ਜੰਮੂ ਛੱਡ ਕੇ ਭੱਜ ਗਿਆ। ਮਹਾਰਾਜਾ ਰਣਜੀਤ ਸਿੰਘ ਦੀਆਂ ਫ਼ੌਜਾਂ ਨੇ ਜੰਮੂ 'ਤੇ ਅਧਿਕਾਰ ਕਰ ਲਿਆ। ਜਮਾਂਦਾਰ ਖੁਸ਼ਹਾਲ ਸਿੰਘ ਨੂੰ ਜੰਮੂ ਦਾ ਗਵਰਨਰ ਬਣਾ ਦਿੱਤਾ ਗਿਆ।

**ਕਾਂਗੜੇ ਦੀ ਜਿੱਤ**, 1809 **ਈ: (Conquest of Kangra, 1809 A.D.):-** ਕਾਂਗੜੇ ਦੇ ਰਾਜਾ ਸੰਸਾਰ ਚੰਦ ਕਟੋਚ ਨੇ ਜਦ ਕਹਿਲੂਰ 'ਤੇ ਹਮਲਾ ਕੀਤਾ ਤਾਂ ਉੱਥੋਂ ਦੇ ਰਾਜੇ ਨੇ ਨੇਪਾਲ ਦੇ ਗੋਰਖਿਆਂ ਤੋਂ ਰੱਖਿਆ ਮੰਗੀ। ਝੱਟ ਹੀ ਉੱਥੇ ਅਮਰ ਸਿੰਘ ਥਾਪਾ ਦੀ ਕਮਾਨ ਹੇਠ ਫ਼ੌਜ ਪਹੁੰਚ ਗਈ। ਮਈ 1806 ਈ: ਵਿੱਚ ਸੰਸਾਰ ਚੰਦ ਨੂੰ ਮਹਲਮੋਰੀ ਦੇ ਸਥਾਨ 'ਤੇ ਹਾਰ ਦਾ ਮੂੰਹ ਦੇਖਣਾ ਪਿਆ। ਸਿੱਟੇ ਵਜੋਂ ਸੰਸਾਰ

ਚੰਦ ਨੇ ਗੋਰਖਿਆਂ ਦੇ ਵਿਰੁੱਧ ਮਹਾਰਾਜਾ ਰਣਜੀਤ ਸਿੰਘ ਤੋਂ ਸਹਾਇਤਾ ਮੰਗੀ। ਮਹਾਰਾਜਾ ਉਸ ਨੂੰ ਸਹਾਇਤਾ ਦੇਣੀ ਮੰਨ ਗਿਆ ਪਰ ਉਸ ਨੇ ਬਦਲੇ ਵਿੱਚ ਕਾਂਗੜੇ ਦੇ ਕਿਲ੍ਹੇ ਦੀ ਮੰਗ ਕੀਤੀ। ਸੰਸਾਰ ਚੰਦ ਨੇ ਮਹਾਰਾਜਾ ਦੀ ਮੰਗ ਮੰਨ ਲੀ। ਮਹਾਰਾਜਾ ਰਣਜੀਤ ਸਿੰਘ ਨੇ ਗੋਰਖਿਆਂ ਵਿਰੁੱਧ ਮੋਹਕਮ ਚੰਦ ਦੀ ਅਗਵਾਈ ਵਿੱਚ ਆਪਣੀ ਸੈਨਾ ਭੇਜ ਦਿੱਤੀ।

ਸੰਸਾਰ ਚੰਦ ਇਸ ਚਾਲ ਨਾਲ਼ ਸਿੱਖਾਂ ਅਤੇ ਗੋਰਖਿਆਂ ਦੀ ਸ਼ਕਤੀ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਸੀ। ਪਰ ਅਮਰ ਸਿੰਘ ਥਾਪਾ ਨੇ ਛੇਤੀ ਹੀ ਮਹਾਰਾਜਾ ਰਣਜੀਤ ਸਿੰਘ ਦੀ ਈਨ ਮੰਨ ਲਈ। 24 ਅਗਸਤ, 1809 ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੇ ਕਾਂਗੜੇ ਦੇ ਕਿਲ੍ਹੇ ਉੱਤੇ ਕਬਜ਼ਾ ਕਰ ਲਿਆ। ਦੇਸਾ ਸਿੰਘ ਮਜੀਠੀਆਂ ਨੂੰ ਕਾਂਗੜੇ ਦਾ ਗਵਰਨਰ ਬਣਾ ਦਿੱਤਾ ਗਿਆ। ਸੰਸਾਰ ਚੰਦ ਨੇ ਵੀ ਮਹਾਰਾਜਾ ਰਣਜੀਤ ਸਿੰਘ ਦੀ ਈਨ ਮੰਨ ਲਈ। ਇਸ ਤੇ ਕਾਂਗੜੇ ਦੇ ਕਿਲ੍ਹੇ ਨੂੰ ਛੱਡ ਕੇ ਬਾਕੀ ਦਾ ਇਲਾਕਾ ਸੱਸਾਰ ਚੰਦ ਕੋਲ਼ ਹੀ ਰਹਿਣ ਦਿੱਤਾ ਗਿਆ।

## ਮਿੱਤਰ ਮਿਸਲਾਂ ਦੇ ਇਲਾਕਿਆਂ ਉੱਤੇ ਕਬਜ਼ਾ

## (Annexation of the Territories of the Friendly Misls)

ਰਣਜੀਤ ਸਿੰਘ ਇੱਕ ਚਤੁਰ ਕੂਟਨੀਤਗ ਸੀ। ਉਸ ਨੇ ਤਾਕਤ ਵਿੱਚ ਆਉਂਦਿਆਂ ਹੀ ਸਾਰੀਆਂ ਮਿਸਲਾਂ ਨਾਲ਼ ਲੋਹਾ ਲੈਣਾ ਠੀਕ ਨਾ ਸਮਝਿਆ। ਉਸ ਨੇ ਤਕੜੀਆਂ ਮਿਸਲਾਂ ਦੇ ਮਿਸਲਦਾਰਾਂ ਨਾਲ਼ ਦੋਸਤੀ ਪਾ ਕੇ ਕਮਜ਼ੋਰ ਮਿਸਲਾਂ ਨੂੰ ਜਿੱਤ ਲਿਆ। ਢੁਕਵਾਂ ਮੌਕਾ ਦੇਖ ਕੇ ਉਸ ਨੇ ਮਿੱਤਰ-ਮਿਸਲਾਂ ਦੇ ਇਲਾਕੇ ਵੀ ਜਿੱਤ ਲਏ।

**ਕਨ੍ਹਈਆ ਮਿਸਲ (Kanheya Misl):-** ਕਨ੍ਹਈਆ ਮਿਸਲ ਮਹਾਰਾਜਾ ਰਣਜੀਤ ਸਿੰਘ ਦੇ ਸੁਹਰਿਆਂ ਦੀ ਮਿਸਲ ਸੀ। ਉਸ ਮਿਸਲ ਦੀ ਨੇਤਾ ਅਤੇ ਉਸ ਦੀ ਸੱਸ ਸਦਾ ਕੌਰ ਨੇ ਉਸ ਦੀ ਸ਼ਕਤੀ ਦੇ ਉਭਾਰ ਲਈ ਆਪਣਾ ਪੂਰਾ ਜ਼ੋਰ ਲਾਇਆ ਸੀ। ਫਿਰ ਵੀ ਮਹਾਰਾਜਾ ਰਣਜੀਤ ਸਿੰਘ ਨੇ 1811 ਈ:—13 ਈ: ਵਿੱਚ ਕਨ੍ਹਈਆ ਮਿਸਲ ਦੇ ਹਾਜੀਪੁਰ, ਮੁਕੇਰੀਆਂ, ਬਟਾਲਾ ਆਦਿ ਇਲਾਕੇ ਆਪਣੇ ਰਾਜ ਵਿੱਚ ਸ਼ਾਮਿਲ ਕਰ ਲਏ। 1821 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਦਾ ਕੌਰ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ। ਕੇਵਲ ਬੰਧਣੀ ਨੂੰ ਛੱਡ ਕੇ ਬਾਕੀ ਦੇ ਸਾਰੇ ਇਲਾਕੇ ਉਸ ਕੋਲੋਂ ਖੋਹ ਲਏ।

**ਰਾਮਗੜ੍ਹੀਆ ਮਿਸਲ (Ramgarhia Misl.):-** ਜਦੋਂ ਤੱਕ ਜੋਧ ਸਿੰਘ ਰਾਮਗੜ੍ਹੀਆ ਜਿਉਂਦਾ ਰਿਹਾ, ਮਹਾਰਾਜਾ ਰਣਜੀਤ ਸਿੰਘ ਨੇ ਉਸ ਨਾਲ ਮਿੱਤਰਤਾਪੂਰਨ ਸੰਬੰਧ ਬਣਾਈ ਰੱਖੇ। ਜਦੋਂ 1815 ਈ: ਵਿੱਚ ਜੋਧ ਸਿੰਘ ਦੀ ਮੌਤ ਹੋ ਗਈ ਤਾਂ ਮਹਾਰਾਜਾ ਨੇ ਉਸ ਦੇ ਪ੍ਰਦੇਸ਼ਾਂ ਨੂੰ ਆਪਣੇ ਰਾਜ ਵਿੱਚ ਮਿਲ਼ਾ ਲਿਆ।

**ਆਹਲੂਵਾਲੀਆ ਮਿਸਲ (Ahluwalia Misl):-** ਫਤਹਿ ਸਿੰਘ ਆਹਲੂਵਾਲੀਆ ਨੇ ਮਹਾਰਾਜਾ ਰਣਜੀਤ ਸਿੰਘ ਦੀਆਂ ਜਿੱਤਾਂ ਵਿੱਚ ਬੜਾ ਹੀ ਮਹੱਤਵਪੂਰਨ ਭਾਗ ਲਿਆ ਸੀ। 1825 ਈ:-26 ਈ: ਵਿੱਚ ਉਹਨਾਂ ਦੇ ਸੰਬੰਧ ਵਿਗੜ ਗਏ। ਸਿੱਟੇ ਵੱਜੋਂ ਮਹਾਰਾਜਾ ਰਣਜੀਤ ਸਿੰਘ ਨੇ ਆਹਲੂਵਾਲੀਆ ਮਿਸਲ ਦੇ ਸਤਲੁਜ ਦੇ ਉੱਤਰ-ਪੱਛਮ ਵਿੱਚ ਸਥਿਤ ਇਲਾਕਿਆਂ ਉੱਤੇ ਅਧਿਕਾਰ ਕਰ ਲਿਆ। ਫਤਿਹ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਬ੍ਰਿਟਿਸ਼ ਸਰਕਾਰ ਤੋਂ ਸਹਾਇਤਾ ਪ੍ਰਾਪਤ ਕਰਨ ਦਾ ਯਤਨ ਕੀਤਾ ਪਰ ਉਸ ਨੂੰ ਸਫ਼ਲਤਾ ਪ੍ਰਾਪਤ ਨਾ ਹੋਈ। 1827 ਈ: ਵਿੱਚ ਰਣਜੀਤ ਸਿੰਘ ਦੀ ਫ਼ਤਹਿ ਸਿੰਘ ਨਾਲ਼ ਸੁਲਾਹ ਹੋ ਗਈ। 1837 ਈ: ਵਿੱਚ ਫ਼ਤਹਿ ਸਿੰਘ ਦੀ ਮੌਤ ਹੋ ਗਈ।

## ਮਹਾਰਾਜਾ ਰਣਜੀਤ ਸਿੰਘ ਦੀਆਂ ਵੱਡੀਆਂ ਜਿੱਤਾਂ

## (Major Conquests of Maharaja Ranjit Singh)

ਮਹਾਰਾਜਾ ਰਣਜੀਤ ਸਿੰਘ ਦੀ ਵੱਡੀ ਪ੍ਰਾਪਤੀ ਮੁਲਤਾਨ, ਅਟਕ, ਡੇਰਾਜਾਤ, ਕਸ਼ਮੀਰ ਅਤੇ ਪੇਸ਼ਾਵਰ ਦੀਆਂ ਜਿੱਤਾਂ ਸਨ।

**ਮੁਲਤਾਨ ਦੀ ਜਿੱਤ, ਜੂਨ 1818 ਈ: (Conquest of Multan, June 1818 A.D.):-** ਮੁਲਤਾਨ ਦਾ ਇਲਾਕਾ ਆਰਥਿਕ ਅਤੇ ਸੈਨਿਕ ਦ੍ਰਿਸ਼ਟੀ ਦੇ ਪੱਖੋਂ ਬੜਾ ਹੀ ਮਹੱਤਵਪੂਰਨ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ 1802 ਈ: ਵਿੱਚ ਮੁਲਤਾਨ ਉੱਤੇ ਪਹਿਲਾ ਹਮਲਾ ਕੀਤਾ। ਉੱਥੋਂ ਦੇ ਹਾਕਮ ਨਵਾਬ ਮੁਜ਼ੱਫ਼ਰ ਖਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਨਜ਼ਰਾਨੇ ਵਜੋਂ ਰਕਮ ਦੇ ਕੇ ਵਾਪਸ ਕਰ ਦਿੱਤਾ।

ਮੁਲਤਾਨ ਦੇ ਨਵਾਬ ਨੇ ਆਪਣੇ ਵਾਅਦੇ ਮੁਤਾਬਕ ਜਦੋਂ ਸਲਾਨਾ ਕਰ ਨਾ ਭੇਜਿਆ ਤਾਂ ਮਹਾਰਾਜਾ ਰਣਜੀਤ ਸਿੰਘ ਨੇ 1805 ਈ: ਨੂੰ ਫਿਰ ਮੁਲਤਾਨ 'ਤੇ ਹਮਲਾ ਕਰ ਦਿੱਤਾ। ਪਰ ਮਰਾਠਾ ਸਰਦਾਰ ਜਸਵੰਤ ਰਾਉ ਹੋਲਕਰ ਕੇ ਆਪਣੀ ਸੈਨਾ ਨਾਲ਼ ਪੰਜਾਬ ਵਿੱਚ ਆਉਣ ਕਰ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਵਾਪਸ ਜਾਣਾ ਪਿਆ।

1807ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਉੱਤੇ ਤੀਸਰਾ ਹਮਲਾ ਕੀਤਾ। ਸਿੱਖ ਸੈਨਾ ਨੇ ਮੁਲਤਾਨ ਦੇ ਕੁਝ ਇਲਾਕਿਆਂ ਉੱਤੇ ਅਧਿਕਾਰ ਕਰ ਲਿਆ। ਪਰ ਬਹਾਵਲਪੁਰ ਦੇ ਨਵਾਬ ਬਹਾਵਲ ਖਾਂ ਨੇ ਵਿੱਚ ਪੈ ਕੇ ਮਹਾਰਾਜਾ ਰਣਜੀਤ ਸਿੰਘ ਅਤੇ ਨਵਾਬ ਮੁਜ਼ੱਫਰ ਖਾਂ ਦੇ ਵਿਚਕਾਰ ਸਮਝੌਤਾ ਕਰਵਾ ਦਿੱਤਾ।

24 ਫਰਵਰੀ 1810ਈ: ਨੂੰ ਮਹਾਰਾਜਾ ਦੀ ਫ਼ੌਜ ਨੇ ਮੁਲਤਾਨ ਦੇ ਕੁਝ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। 25 ਫਰਵਰੀ ਨੂੰ ਸਿੱਖਾਂ ਨੇ ਮੁਲਤਾਨ ਦੇ ਕਿਲ੍ਹੇ ਨੂੰ ਵੀ ਘੇਰੇ ਵਿੱਚ ਲੈ ਲਿਆ। ਪਰ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਸੈਨਿਕਾਂ ਦੇ ਨੁਕਸਾਨ ਹੋਣ ਕਰ ਕੇ ਅਤੇ ਮੋਹਕਮ ਚੰਦ ਦੇ ਬਿਮਾਰ ਹੋਣ ਕਰਕੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਲ੍ਹੇ ਦਾ ਘੇਰਾ ਚੁੱਕਣਾ ਪਿਆ।

1816ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਆਪਣੀ ਸੈਨਾ ਸਹਿਤ ਮੁਲਤਾਨ ਅਤੇ ਬਹਾਵਲਪੁਰ ਦੇ ਹਾਕਮਾਂ ਤੋਂ ਕਰ ਵਸੂਲ ਕਰਨ ਲਈ ਭੇਜਿਆ। ਉਸ ਨੇ ਮੁਲਤਾਨ ਦੇ ਬਾਹਰਲੇ ਕੁਝ ਹਿੱਸਿਆਂ ਉੱਤੇ ਕਬਜ਼ਾ ਕਰ ਲਿਆ। ਮੁਲਤਾਨ ਦੇ ਨਵਾਬ ਨੇ ਤੁਰੰਤ ਫੂਲਾ ਸਿੰਘ ਨਾਲ਼ ਸਮਝੌਤਾ ਕਰ ਲਿਆ।

1817 ਈ: ਵਿੱਚ ਭਵਾਨੀ ਦਾਸ ਨੇ ਮੁਲਤਾਨ ਉੱਤੇ ਹਮਲਾ ਕੀਤਾ। ਉਸ ਨੂੰ ਕੋਈ ਸਫਲਤਾ ਨਾ ਮਿਲੀ। ਇਸ ਤੇ ਜਨਵਰੀ 1818 ਈ: ਨੂੰ 20,000 ਸੈਨਿਕਾਂ ਸਹਿਤ ਮਿਸਰ ਦੀਵਾਨ ਚੰਦ ਨੇ ਮੁਲਤਾਨ ਉੱਤੇ ਹਮਲਾ ਕੀਤਾ। ਨਵਾਬ ਮੁਜ਼ਫੱਰ ਖਾਂ 2,000 ਸੈਨਿਕਾਂ ਸਾਹਿਤ ਕਿਲ੍ਹੇ ਦੇ ਅੰਦਰ ਚਲਾ ਗਿਆ। ਸਿੱਖ ਸੈਨਿਕਾਂ ਨੇ ਸ਼ਹਿਰ ਨੂੰ ਜਿੱਤਣ ਉਪਰੰਤ ਕਿਲ੍ਹੇ ਨੂੰ ਘੇਰੇ ਵਿੱਚ ਲੈ ਲਿਆ। ਘੇਰਾ ਲੰਮਾ ਸਮਾਂ ਚੱਲਿਆ। ਅੰਤ ਨੂੰ ਸਾਧੂ ਸਿੰਘ ਆਪਣੇ ਸਾਥੀਆਂ ਨਾਲ਼ ਕਿਲ੍ਹੇ ਅੰਦਰ ਚਲਿਆ ਗਿਆ। ਸਿੱਟੇ ਵਜੋਂ ਜੂਨ 1818 ਈ: ਨੂੰ ਸਿੱਖਾਂ ਨੇ ਮੁਲਤਾਨ ਜਿੱਤ ਲਿਆ। ਮੁਲਤਾਨ ਦਾ ਸਿਵਲ ਪ੍ਰਬੰਧ ਸੁਖਦਿਆਲ ਨੂੰ ਸੌਂਪ ਦਿੱਤਾ। ਸੈਨਿਕ ਪ੍ਰਬੰਧ ਬਾਜ ਸਿੰਘ ਨੂੰ ਸੰਭਾਲਿਆ ਗਿਆ। ਖ਼ੁਸ਼ਹਾਲ ਸਿੰਘ ਨੂੰ ਮੁਲਤਾਨ ਦਾ ਪੁਲਿਸ ਪ੍ਰਬੰਧ ਸੰਭਾਲਿਆ। ਦੀਵਾਨ ਸਾਵਨ ਨੂੰ ਮੱਲ ਨੂੰ ਮੁਲਤਾਨ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ।

ਮੁਲਤਾਨ ਦੀ ਜਿੱਤ ਨਾਲ਼ ਮਹਾਰਾਜਾ ਰਣਜੀਤ ਸਿੰਘ ਦਾ ਮਾਣ ਵਧਿਆ। ਦੂਜੇ ਪਾਸੇ ਦੱਖਣੀ ਪੰਜਾਬ ਵਿੱਚ ਅਫ਼ਗਾਨਾਂ ਦੀ ਸ਼ਕਤੀ ਨੂੰ ਵੱਡੀ ਸੱਟ ਲੱਗੀ। ਡੇਰਾ ਜਾਤ ਅਤੇ ਬਹਾਵਲਪੁਰ ਦੇ ਦਾਊਦ ਪੁੱਤਰ ਵੀ ਮਹਾਰਾਜੇ ਦੇ ਅਧੀਨ ਹੋ ਗਏ। ਆਰਥਿਕ ਤੌਰ 'ਤੇ ਵੀ ਇਹ ਜਿੱਤ ਮਹਾਰਾਜਾ ਰਣਜੀਤ ਸਿੰਘ ਲਈ ਲਾਭਦਾਇਕ ਸਿੱਧ ਹੋਈ, ਉਸ ਦੇ ਵਪਾਰ ਵਿੱਚ ਵਾਧਾ ਹੋਇਆ। ਇਸ ਜਿੱਤ ਨਾਲ਼ ਹੋਰ ਇਲਾਕੇ ਜਿੱਤਣ ਲਈ ਹੀ ਮਹਾਰਾਜਾ ਰਣਜੀਤ ਸਿੰਘ ਦਾ ਉਤਸ਼ਾਹ ਵਧਿਆ।

**ਅਟਕ ਦੀ ਜਿੱਤ, 1813 ਈ: (Conquest of Attock, 1813 A.D.):-** ਅਟਕ ਪੰਜਾਬ ਦੇ ਉੱਤਰ-ਪੱਛਮ ਵਿੱਚ ਦਰਿਆ ਸਿੰਧ ਦੇ ਕੰਢੇ ਉੱਤੇ ਸਥਿਤ ਹੈ। ਮੁਲਤਾਨ ਅਤੇ ਕਸ਼ਮੀਰ ਵਾਂਗ ਅਟਕ ਵੀ ਪਹਿਲਾਂ ਮੁਗ਼ਲ ਸਾਮਰਾਜ ਦਾ ਹੀ ਅੰਗ ਸੀ।

ਜਿਵੇਂ ਕਿ ਪਿੱਛੇ ਦੱਸਿਆ ਜਾ ਚੁੱਕਾ ਹੈ, 1813 ਈ: ਵਿੱਚ ਕਾਬਲ ਦੇ ਵਜ਼ੀਰ ਫਤਹਿ ਖ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਕਸ਼ਮੀਰ ਉੱਤੇ ਸਾਂਝਾ ਹਮਲਾ ਕਰਨ ਵੇਲੇ ਇੱਕ ਸੰਧੀ ਹੋਈ ਸੀ ਕਿ

ਕਸ਼ਮੀਰ ਦੀ ਜਿੱਤ ਪਿੱਛੋਂ ਫ਼ਤਿਹ ਖ਼ਾਂ ਮੁਲਤਾਨ ਦੀ ਜਿੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕਰੇਗਾ। ਮਹਾਰਾਜਾ ਰਣਜੀਤ ਸਿੰਘ ਉਸ ਦੇ ਬਦਲੇ ਫਤਿਹ ਖ਼ਾਂ ਨੂੰ ਅਟਕ ਜਿੱਤਣ ਵਿੱਚ ਸਹਿਯੋਗ ਦੇਵੇਗਾ। ਪਰ ਕਸ਼ਮੀਰ ਦੀ ਜਿੱਤ ਬਾਅਦ ਫਤਿਹ ਖਾਂ ਨੇ ਸੰਧੀ ਦੀਆਂ ਸ਼ਰਤਾਂ ਨੂੰ ਨਿਭਾਇਆ ਨਹੀਂ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਿਹ ਖ਼ਾਂ ਨੂੰ ਸਬਕ ਸਿਖਾਉਣ ਲਈ ਅਟਕ ਉੱਤੇ ਹਮਲਾ ਕਰਨ ਦਾ ਵਿਚਾਰ ਬਣਾਇਆ। ਉਸ ਤੋਂ ਪਹਿਲਾਂ ਉਸ ਨੇ ਆਪਣੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼ਉੱਦੀਨ ਨੂੰ ਗੱਲ-ਬਾਤ ਕਰਨ ਲਈ ਅਟਕ ਦੇ ਹਾਕਮ ਜਹਾਂਦਾਰ ਖਾਂ ਕੋਲ ਭੇਜਿਆ। ਜਹਾਂਦਾਰ ਖਾਂ ਅਟਕ ਦਾ ਕਿਲ੍ਹਾ ਮਹਾਰਾਜਾ ਰਣਜੀਤ ਸਿੰਘ ਦੇ ਹਵਾਲੇ ਕਰਨ ਲਈ ਮੰਨ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਉਸ ਦੇ ਬਦਲੇ ਵਿੱਚ ਇੱਕ ਲੱਖ ਰੁਪਏ ਸਾਲਾਨਾ ਆਮਦਨੀ ਦੀ ਜਗੀਰ ਦੇ ਦਿੱਤੀ।

ਅਟਕ ਦੇ ਕਿਲ੍ਹੇ ਉੱਤੇ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਨੂੰ ਫ਼ਤਿਹ ਖ਼ਾਂ ਬਰਦਾਸ਼ਤ ਨਾ ਕਰ ਸਕਿਆ। ਉਸ ਨੇ ਵਿਸ਼ਾਲ ਸੈਨਾ ਨਾਲ਼ ਅਟਕ ਵੱਲ ਕੂਚ ਕੀਤਾ। ਦੂਜੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਪੂਰੀ ਤਿਆਰੀ ਕਰ ਕੇ ਜੋਧ ਸਿੰਘ ਰਾਮਗੜ੍ਹੀਆ, ਹਰੀ ਸਿੰਘ ਨਲਵਾ ਅਤੇ ਮੋਹਕਮ ਚੰਦ ਵਰਗੇ ਸੈਨਾਨਾਇਕ ਅਟਕ ਵੱਲ ਤੋਰ ਦਿੱਤੇ। 26 ਜੂਨ, 1813 ਈ: ਨੂੰ ਹੈਦਰੋ ਦੇ ਸਥਾਨ 'ਤੇ ਇੱਕ ਘਮਸਾਨ ਦਾ ਯੁੱਧ ਹੋਇਆ। ਇਸ ਨੂੰ 'ਛਛ ਦਾ ਯੁੱਧ' ਵੀ ਕਿਹਾ ਜਾਂਦਾ ਹੈ। ਪਹਿਲਾਂ ਅਫ਼ਗਾਨਾਂ ਦਾ ਪੱਲੜਾ ਭਾਰੀ ਸੀ ਪਰ ਅੰਤ ਨੂੰ ਜਿੱਤ ਮਹਾਰਾਜਾ ਦੀ ਫੌਜ ਦੀ ਹੀ ਹੋਈ।

ਇਸ ਯੁੱਧ ਦੇ ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਦਾ ਅਟਕ ਉੱਤੇ ਪੱਕਾ ਅਧਿਕਾਰ ਹੋ ਗਿਆ। ਉਸ ਦੀ ਸ਼ਕਤੀ ਦੀ ਧਾਕ ਵੀ ਜੰਮ ਗਈ। ਇਸ ਜਿੱਤ ਨਾਲ਼ ਮਹਾਰਾਜਾ ਲਈ ਅਫ਼ਗਾਨਾਂ ਦੇ ਬਾਕੀ ਮਹੱਤਵਪੂਰਨ ਇਲਾਕਿਆਂ ਨੂੰ ਜਿੱਤਣ ਵਿੱਚ ਸੌਖ ਹੋ ਗਈ।

**ਕਸ਼ਮੀਰ ਦੀ ਜਿੱਤ 5 ਜੁਲਾਈ, 1819 ਈ: (Conquest of Kashmir, 05 July, 1819 A.D.):-** ਕਸ਼ਮੀਰ ਦੀ ਘਾਟੀ ਆਪਣੀ ਸੁੰਦਰਤਾ ਕਾਰਨ 'ਪੂਰਬ ਦਾ ਸਵਰਗ' ਦੇ ਨਾਂ ਨਾਲ਼ ਪ੍ਰਸਿੱਧ ਸੀ। ਮਹਾਰਾਜਾ ਰਣਜੀਤ ਸਿੰਘ ਕਸ਼ਮੀਰ ਦੀ ਸੁੰਦਰ ਘਾਟੀ ਨੂੰ ਜਿੱਤਣ ਦਾ ਬੜਾ ਚਾਹਵਾਨ ਸੀ।

1811-12 ਈ: ਵਿੱਚ ਉਸ ਨੇ ਕਸ਼ਮੀਰ ਨੇੜੇ ਸਥਿਤ ਭਿੰਬਰ ਅਤੇ ਰਾਜੌਰੀ ਦੀਆਂ ਰਿਆਸਤਾਂ ਉੱਤੇ ਅਧਿਕਾਰ ਕਰ ਲਿਆ। ਹੁਣ ਮਹਾਰਾਜਾ ਰਣਜੀਤ ਸਿੰਘ ਅੱਗੇ ਵੱਧ ਕੇ ਕਸ਼ਮੀਰ ਘਾਟੀ 'ਤੇ ਅਧਿਕਾਰ ਕਰਨਾ ਚਾਹੁੰਦਾ ਸੀ। ਉਸ ਹੀ ਸਮੇਂ ਕਾਬਲ ਦੇ ਵਜ਼ੀਰ ਫਤਿਹ ਖਾਂ ਬਕਰਜ਼ਾਈ ਨੇ ਵੀ ਕਸ਼ਮੀਰ ਉੱਤੇ ਕਬਜ਼ਾ ਕਰਨ ਦੀ ਯੋਜਨਾ ਬਣਾਈ। ਇਸ ਤੇ 1813 ਈ: ਵਿੱਚ ਜਿਹਲਮ ਦਰਿਆ ਦੇ ਕੰਢੇ ਰੋਹਤਾਸ ਨਾਮੀ ਸਥਾਨ ਤੇ ਫਤਿਹ ਖ਼ਾਂ ਅਤੇ ਰਣਜੀਤ ਸਿੰਘ ਵਿਚਕਾਰ ਸਮਝੌਤਾ ਹੋ ਗਿਆ। ਦੋਹਾਂ ਧਿਰਾਂ ਦੀਆਂ ਫੌਜਾਂ ਇੱਕਠੀਆਂ ਹੀ ਕਸ਼ਮੀਰ 'ਤੇ ਹਮਲਾ ਕਰਨਗੀਆਂ। ਕਸ਼ਮੀਰ ਦੀ ਜਿੱਤ ਪਿੱਛੋਂ, ਕਾਬਲ ਦਾ ਵਜ਼ੀਰ ਫਤਿਹ ਖ਼ਾਂ ਮੁਲਤਾਨ ਦੀ ਜਿੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਸਹਾਇਤਾ ਕਰੇਗਾ। ਮਹਾਰਾਜਾ ਰਣਜੀਤ ਸਿੰਘ ਅਟਕ ਜਿੱਤਣ ਵਿੱਚ ਫ਼ਤਿਹ ਖਾਂ ਦੀ ਸਹਾਇਤਾ ਕਰੇਗਾ। ਜਿੱਤੇ ਹੋਏ ਇਲਾਕਿਆਂ ਅਤੇ ਲੁੱਟਮਾਰ ਦੇ ਮਾਲ ਵਿੱਚੋਂ ਤੀਜਾ ਹਿੱਸਾ ਵੀ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੇਗਾ। ਸਮਝੌਤੇ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਮੋਹਕਮ ਚੰਦ ਦੀ ਅਗਵਾਈ ਵਿੱਚ 12,000 ਸੈਨਿਕ ਕਸ਼ਮੀਰ ਦੀ ਮੁਹਿੰਮ ਵਿੱਚ ਫਤਿਹ ਖਾਂ ਦਾ ਸਾਥ ਦੇਣ ਲਈ ਭੇਜ ਦਿੱਤੇ। ਪਰ ਫਤਿਹ ਖਾਂ ਚੁਸਤੀ ਨਾਲ ਸਿੱਖ ਸੈਨਾ ਨੂੰ ਪਿੱਛੇ ਹੀ ਛੱਡ ਗਿਆ। ਅੱਗੇ ਵਧ ਕੇ ਕਸ਼ਮੀਰ ਘਾਟੀ ਵਿੱਚ ਜਾ ਦਾਖ਼ਲ ਹੋਇਆ। ਕਸ਼ਮੀਰ ਦੇ ਹਾਕਮ ਅਤਾ ਮੁਹੰਮਦ ਨੇ ਸ਼ੇਰਗੜ ਦੇ ਸਥਾਨ 'ਤੇ ਵੈਰੀ ਦਾ ਟਾਕਰਾ ਕੀਤਾ। ਪਰ ਫਤਿਹ ਖ਼ਾਂ ਨੇ ਸਿੱਖਾਂ ਦੀ ਸਹਾਇਤਾ ਤੋਂ ਬਿਨ੍ਹਾਂ ਹੀ ਉਸ ਨੂੰ ਹਰਾ ਦਿੱਤਾ। ਇਸ ਤਰ੍ਹਾ ਫ਼ਤਿਹ ਖ਼ਾ ਨੇ ਮਹਾਰਾਜਾ ਰਣਜੀਤ ਸਿੰਘ ਨਾਲ਼ ਹੋਏ ਸਮਝੌਤੇ ਨੂੰ ਤੋੜ ਦਿੱਤਾ।

ਜੂਨ, 1814 ਈ: ਨੂੰ ਰਾਮ ਦਿਆਲ ਨੇ ਸਿੱਖ ਸੈਨਾ ਦੀ ਕਮਾਨ ਸੰਭਾਲ ਕੇ ਕਸ਼ਮੀਰ ਉੱਤੇ ਚੜ੍ਹਾਈ ਕਰ ਦਿੱਤੀ। ਉਸ ਸਮੇਂ ਕਸ਼ਮੀਰ ਦਾ ਸੂਬੇਦਾਰ ਆਜ਼ਿਮ ਖ਼ਾ ਸੀ। ਉਹ ਫ਼ਤਹਿ ਖ਼ਾਂ ਦਾ ਭਰਾ ਸੀ। ਉਹ ਇੱਕ ਸੂਰਬੀਰ ਅਤੇ ਯੋਗ ਸੈਨਾਨਾਇਕ ਸੀ। ਜਦੋਂ ਰਾਮ ਦਿਆਲ ਦੀ ਸੈਨਾ ਨੇ ਪੀਰ ਪੰਚਾਲ ਦੇ ਦੱਰੇ ਨੂੰ ਪਾਰ ਕਰ ਕੇ ਕਸ਼ਮੀਰ ਘਾਟੀ ਵਿੱਚ ਪ੍ਰਵੇਸ਼ ਕੀਤਾ ਤਾਂ ਆਜ਼ਿਮ ਖ਼ਾਂ ਨੇ ਥੱਕੀ ਹੋਈ ਸਿੱਖ ਸੈਨਾ ਉੱਤੇ ਧਾਵਾ

ਥੋਲ ਦਿੱਤਾ। ਪਰ ਰਾਮ ਦਿਆਲ ਨੇ ਬੜੀ ਬਹਾਦਰੀ ਨਾਲ਼ ਵੈਰੀ ਦਾ ਟਾਕਰਾ ਕੀਤਾ। ਅੰਤ ਨੂੰ ਆਜਿਮ ਖ਼ਾਂ ਅਤੇ ਰਾਮ ਦਿਆਲ ਵਿਚਕਾਰ ਸਮਝੌਤਾ ਹੋ ਗਿਆ।

1819ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਕਸ਼ਮੀਰ ਉੱਤੇ ਜਿੱਤ ਪ੍ਰਾਪਤ ਕਰਨ ਦਾ ਢੁਕਵਾਂ ਮੌਕਾ ਮਿਲ਼ ਗਿਆ। ਕਸ਼ਮੀਰ ਦਾ ਸੂਬੇਦਾਰ ਆਜ਼ਿਮ ਖ਼ਾਂ ਅਫਗਾਨਿਸਤਾਨ ਦਰਬਾਰ ਦੇ ਲੜਾਈ ਝਗੜਿਆਂ ਵਿੱਚ ਹਿੱਸਾ ਲੈਣ ਲਈ ਕਾਬਲ ਚਲਾ ਗਿਆ। ਉਸ ਨੇ ਜੱਬਰ ਖ਼ਾਂ ਨੂੰ ਕਾਰਜਕਾਰੀ ਸੂਬੇਦਾਰ ਨਿਯੁਕਤ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਅਵਸਥਾ ਦਾ ਪੂਰਾ ਲਾਭ ਉਠਾਉਣ ਲਈ ਮਿਸਰ ਦੀਵਾਨ ਚੰਦ ਨੂੰ 12,000 ਸੈਨਿਕਾਂ ਨਾਲ਼ ਕਸ਼ਮੀਰ ਜਿੱਤਣ ਲਈ ਭੇਜਿਆ। ਉਸ ਦੀ ਸਹਾਇਤਾ ਲਈ ਖੜਕ ਸਿੰਘ ਦੀ ਅਗਵਾਈ ਵਿੱਚ ਦੂਸਰਾ ਸੈਨਿਕ ਦਸਤਾ ਭੇਜਿਆ ਗਿਆ। ਮਹਾਰਾਜਾ ਰਣਜੀਤ ਸਿੰਘ ਆਪ ਵੀ ਤੀਜਾ ਦਸਤਾ ਲੈ ਕੇ ਵਜ਼ੀਰਾਬਾਦ ਚਲਿਆ ਗਿਆ। ਮਈ ਵਿੱਚ ਮਿਸਰ ਦੀਵਾਨ ਚੰਦ ਨੇ ਭਿੰਬਰ ਪਹੁੰਚ ਕੇ ਰਾਜੌਰੀ, ਪੁੰਛ ਅਤੇ ਪੀਰ ਪੰਚਾਲ ਉੱਤੇ ਕਬਜ਼ਾ ਕਰ ਲਿਆ। ਪੀਰ ਪੰਚਾਲ ਤੋਂ ਦੀਵਾਨ ਚੰਦ ਦੀ ਸੈਨਾ ਕਸ਼ਮੀਰ ਵਿੱਚ ਦਾਖ਼ਲ ਹੋਈ। ਜੱਬਰ ਖ਼ਾ ਨੇ ਸ਼ੋਪੀਆਂ ਨਾਮੀ ਸਥਾਨ ਉੱਤੇ ਸਿੱਖਾਂ ਦਾ ਡਟ ਕੇ ਮੁਕਾਬਲਾ ਕੀਤਾ। ਸਿੱਖ ਸੈਨਾ ਨੇ 5 ਜੁਲਾਈ, 1819 ਈ: ਨੂੰ ਸ੍ਰੀ ਨਗਰ, ਸ਼ੇਰਗੜ੍ਹ ਅਤੇ ਆਜਿਮਗੜ੍ਹ ਦੇ ਕਿਲ੍ਹਿਆਂ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਨੂੰ ਸਿੱਖ ਰਾਜ ਵਿੱਚ ਸ਼ਾਮਿਲ ਕਰ ਦੇਣ ਦਾ ਐਲਾਨ ਕਰ ਦਿੱਤਾ। ਦੀਵਾਨ ਮੋਤੀ ਰਾਮ ਨੂੰ ਕਸ਼ਮੀਰ ਦਾ ਸੂਬੇਦਾਰ ਨਿਯੁਕਤ ਕੀਤਾ।

ਕਸ਼ਮੀਰ ਦੀ ਜਿੱਤ ਨਾਲ਼ ਮਹਾਰਾਜਾ ਰਣਜੀਤ ਸਿੰਘ ਦੇ ਇਕਬਾਲ ਵਿੱਚ ਵਾਧਾ ਹੋਇਆ। ਇਸ ਜਿੱਤ ਨਾਲ਼ ਮਹਾਰਾਜਾ ਨੂੰ 36 ਲੱਖ ਰੁਪਏ ਦੀ ਸਾਲਾਨਾ ਆਮਦੀਨ ਹੋਈ। ਇਸ ਜਿੱਤ ਨਾਲ਼ ਮਹਾਰਾਜਾ ਰਣਜੀਤ ਸਿੰਘ ਨੂੰ ਆਰਥਿਕ ਲਾਭ ਤਾਂ ਹੋਇਆ ਹੀ, ਪਰ ਅਫ਼ਗਾਨਾਂ ਦੀ ਸ਼ਕਤੀ ਨੂੰ ਵੀ ਕਰਾਰੀ ਸੱਟ ਲੱਗੀ।

**ਡੇਰਾਜਾਤ ਦੀ ਜਿੱਤ, 1821 ਈ: (Conquest of Derajat, 1821 A.D.):-** ਮੁਲਤਾਨ ਅਤੇ ਕਸ਼ਮੀਰ ਦੀਆਂ ਜਿੱਤਾ ਮਗਰੋਂ ਮਹਾਰਾਜਾ ਰਣਜੀਤ ਸਿੰਘ ਨੇ ਡੇਰਾ ਗਾਜ਼ੀ ਖ਼ਾਂ ਨੂੰ ਜਿੱਤਣ ਦਾ ਫੈਸਲਾ ਕੀਤਾ। ਉਸ ਵੇਲੇ ਉੱਥੋਂ ਦਾ ਹਾਕਮ ਜ਼ਮਾਨ ਖ਼ਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਜਮਾਂਦਾਰ ਖੁਸ਼ਹਾਲ ਸਿੰਘ ਦੀ ਅਗਵਾਈ ਵਿੱਚ ਜਮਾਨ ਖ਼ਾਂ ਵਿਰੁੱਧ ਸੈਨਾ ਭੇਜੀ। ਇਸ ਸੈਨਾ ਨੇ ਡੇਰਾ ਗਾਜ਼ੀ ਖ਼ਾਂ ਹਾਕਮ ਨੂੰ ਭਾਂਜ ਦੇ ਕੇ ਉੱਥੇ ਅਧਿਕਾਰ ਕਰ ਲਿਆ।

ਡੇਰਾ ਗਾਜ਼ੀ ਖ਼ਾਂ ਦੀ ਜਿੱਤ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਡੇਰਾ ਇਸਮਾਈਲ ਖ਼ਾਂ ਅਤੇ ਮਾਨਕੇਰਾ ਵੱਲ ਵਾਗਾਂ ਮੋੜੀਆਂ। ਇਹਨਾਂ ਇਲਾਕਿਆਂ ਤੇ ਅਧਿਕਾਰ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਨੇ 1821 ਈ: ਵਿੱਚ ਮਿਸਰ ਦੀਵਾਨ ਚੰਦ ਨੂੰ ਭੇਜਿਆ। ਜਦੋਂ ਉੱਥੋਂ ਦੇ ਹਾਕਮ ਅਹਿਮਦ ਖਾਂ ਨੇ ਨਜ਼ਰਾਨੇ ਦੇਣੇ ਚਾਹੇ ਤਾਂ ਮਿਸਰ ਦੀਵਾਲ ਚੰਦ ਨੇ ਜਵਾਬ ਦੇ ਦਿੱਤਾ ਅਤੇ ਅੱਗੇ ਵੱਧ ਕੇ ਮਾਨਕੇਰਾ ਉੱਤੇ ਅਧਿਕਾਰ ਕਰ ਲਿਆ।

**ਪਿਸ਼ਾਵਰ ਦੀ ਜਿੱਤ, 30 ਅਪ੍ਰੈਲ, 1837 ਈ: (Conquest of Peshawar, 30 April, 1837 A.D.):-** ਪੰਜਾਬ ਦੇ ਉੱਤਰ-ਪੱਛਮ ਵਿੱਚ ਸਿੰਧ ਦਰਿਆ ਦੇ ਪਾਰ ਸਥਿਤ, ਪੇਸ਼ਾਵਰ ਆਪਣੀ ਭੂਗੋਲਿਕ ਸਥਿਤੀ ਕਾਰਨ ਸੈਨਿਕ ਦ੍ਰਿਸ਼ਟੀ ਤੋਂ ਬਹੁਤ ਹੀ ਮਹੱਤਵਪੂਰਨ ਇਲਾਕਾ ਸੀ। ਮਹਾਰਾਜਾ ਰਣਜੀਤ ਸਿੰਘ ਪੇਸ਼ਾਵਰ ਦੇ ਮਹੱਤਵ ਨੂੰ ਸਮਝਦੇ ਹੋਏ ਉਸ ਨੂੰ ਜਿੱਤ ਕੇ ਆਪਣੇ ਰਾਜ ਵਿਚ ਮਿਲਾਉਣਾ ਚਾਹੁੰਦਾ ਸੀ।

1818 ਈ: ਵਿੱਚ ਕਾਬਲ ਦੇ ਦਰਬਾਰ ਵਿੱਚ ਲੜਾਈ-ਝਗੜੇ ਸ਼ੁਰੂ ਹੋ ਜਾਣ ਕਰ ਕੇ ਮਹਾਰਾਜਾ ਨੂੰ ਪਿਸ਼ਵਾਰ ਉੱਤੇ ਹਮਲਾ ਕਰਨ ਦਾ ਮੌਕਾ ਮਿਲ ਗਿਆ। ਉਸ ਨੇ 15 ਅਕਤੂਬਰ ਨੂੰ ਅਕਾਲੀ ਫੂਲਾ ਸਿੰਘ ਅਤੇ ਹਰੀ ਸਿੰਘ ਨਲਵਾ ਨੂੰ ਨਾਲ਼ ਲੈ ਕੇ ਲਾਹੌਰ ਤੋਂ ਪਿਸ਼ਾਵਰ ਵੱਲ ਕੂਚ ਕੀਤਾ। ਉਸ ਸੈਨਾ ਦਾ ਖਟਕ ਕਬੀਲੇ ਦੇ ਲੋਕਾਂ ਨੇ ਵਿਰੋਧ ਕੀਤਾ। ਪਰ ਸਿੱਖਾਂ ਨੇ ਉਹਨਾਂ ਨੂੰ ਹਰਾ ਕੇ ਖੈਰਾਬਾਦ ਅਤੇ ਜਹਾਂਗੀਰ ਨਾਮੀ

ਕਿਲ੍ਹਿਆਂ ਉੱਤੇ ਅਧਿਕਾਰ ਕਰ ਲਿਆ। ਫਿਰ ਸਿੱਖ ਸੈਨਾ ਪਿਸ਼ਾਵਰ ਵੱਲ ਵੱਧੀ। ਉਸ ਵੇਲ਼ੇ ਪਿਸ਼ਾਵਰ ਦਾ ਹਾਕਮ ਯਾਰ ਮੁਹੰਮਦ ਖ਼ਾਂ ਸੀ। ਉਹ ਪਿਸ਼ਾਵਰ ਛੱਡ ਕੇ ਭੱਜ ਗਿਆ। ਇਸ ਬਿਨ੍ਹਾਂ ਕਿਸੇ ਵਿਰੋਧ ਦੇ 20 ਨਵੰਬਰ, 1818 ਈ: ਨੂੰ ਮਹਾਰਾਜਾ ਨੇ ਪਿਸ਼ਾਵਰ 'ਤੇ ਅਧਿਕਾਰ ਕਰ ਲਿਆ। ਪਰ ਮਹਾਰਾਜਾ ਨੇ ਪਿਸ਼ਾਵਰ ਨੂੰ ਅਜੇ ਪੱਕੇ ਤੌਰ ਤੇ ਆਪਣੇ ਅਧੀਨ ਰੱਖਣਾ ਠੀਕ ਨਾ ਸਮਝਿਆ। ਉਸ ਨੇ ਅਟਕ ਦੇ ਪਹਿਲੇ ਹਾਕਮ ਜਹਾਂਦਾਦ ਖ਼ਾਂ ਨੂੰ ਪਿਸ਼ਾਵਰ ਦਾ ਸੂਬੇਦਾਰ ਬਣਾ ਕੇ ਆਪ ਲਾਹੌਰ ਵੱਲ ਚਾਲੇ ਪਾ ਦਿੱਤੇ।

ਜਦੋਂ ਸਿੱਖ ਸੈਨਾ ਪਿਸ਼ਾਵਰ ਤੋਂ ਲਾਹੌਰ ਚਲੀ ਗਈ ਤਾਂ ਯਾਰ ਮੁਹੰਮਦ ਫਿਰ ਪਿਸ਼ਾਵਰ ਉੱਤੇ ਕਬਜ਼ਾ ਕਰਨ ਵਿੱਚ ਸਫਲ ਹੋ ਗਿਆ। ਇਸ ਗੱਲ ਦਾ ਪਤਾ ਲੱਗਣ 'ਤੇ ਮਹਾਰਾਜਾ ਨੇ ਰਾਜਕੁਮਾਰ ਖੜਕ ਸਿੰਘ ਅਤੇ ਮਿਸਰ ਦੀਵਾਨ ਚੰਦ ਦੀ ਅਗਵਾਈ ਵਿੱਚ 12,000 ਸੈਨਿਕਾਂ ਦੀ ਵਿਸ਼ਾਲ ਸੈਨਾ ਪਿਸ਼ਾਵਰ ਵੱਲ ਭੇਜੀ। ਯਾਰ ਮੁਹੰਮਦ ਨੇ ਮਹਾਰਾਜਾ ਦੀ ਅਧੀਨਤਾ ਸਵੀਕਾਰ ਕਰ ਲਈ।

ਮੁਹੰਮਦ ਆਜ਼ਿਮ ਖ਼ਾਂ, ਜੋ ਉਸ ਵੇਲੇ ਤੱਕ ਕਾਬਲ ਦਾ ਵਜੀਰ ਬਣ ਚੁੱਕਾ ਸੀ, ਨੇ ਯਾਰ ਮੁਹੰਮਦ ਖ਼ਾਂ ਦੇ ਵਿਰੁੱਧ ਪਿਸ਼ਾਵਰ ਤੇ ਹਮਲਾ ਕਰ ਦਿੱਤਾ। ਆਜ਼ਿਮ ਖ਼ਾ ਨੇ ਜਨਵਰੀ 1823 ਈ: ਵਿੱਚ ਪਿਸ਼ਾਵਰ ਉੱਤੇ ਅਧਿਕਾਰ ਕਰ ਲਿਆ। ਜਦੋਂ ਇਸ ਗੱਲ ਦਾ ਪਤਾ ਮਹਾਰਾਜਾ ਰਣਜੀਤ ਸਿੰਘ ਨੂੰ ਲੱਗਾ ਤਾਂ ਉਸ ਨੇ ਸ਼ੇਰ ਸਿੰਘ, ਦੀਵਾਨ ਕਿਰਪਾ ਰਾਮ, ਹਰੀ ਸਿੰਘ ਨਲਵਾ ਅਤੇ ਅਤਰ ਸਿੰਘ ਅਧੀਨ ਵਿਸ਼ਾਲ ਸੈਨਾ ਪਿਸ਼ਾਵਰ ਵੱਲ ਭੇਜੀ। ਆਜ਼ਿਮ ਖ਼ਾਂ ਨੇ ਸਿੱਖਾਂ ਦੇ ਖ਼ਿਲਾਫ 'ਜਹਾਦ' ਦਾ ਨਾਅਰਾ ਲਾ ਦਿੱਤਾ। 14 ਮਾਰਚ, 1823 ਈ: ਨੂੰ ਨੌਸ਼ਹਿਰਾ ਨਾਮੀ ਸਥਾਨ 'ਤੇ ਸਿੱਖਾਂ ਅਤੇ ਅਫ਼ਗਾਨਾਂ ਵਿਚਾਕਾਰ ਘਮਸਾਨ ਦਾ ਯੁੱਧ ਹੋਇਆ। ਇਸ ਨੂੰ 'ਟਿੱਬਾਟੇਹਰੀ' ਦਾ ਯੁੱਧ ਵੀ ਕਹਿੰਦੇ ਹਨ। ਇਸ ਲੜਾਈ ਵਿੱਚ ਅਕਾਲੀ ਫੂਲਾ ਸਿੰਘ ਮਾਰਿਆ ਗਿਆ। ਸਿੱਖਾਂ ਦਾ ਹੌਸਲਾ ਵਧਾਉਣ ਲਈ ਮਹਾਰਾਜਾ ਰਣਜੀਤ ਸਿੰਘ ਅੱਗੇ ਵਧਿਆ। ਛੇਤੀ ਹੀ ਸਿੱਖਾਂ ਨੂੰ ਜਿੱਤ ਪ੍ਰਾਪਤ ਹੋਈ।

1827 ਈ: ਤੋਂ 1831 ਈ: ਤੱਕ ਸਯੱਦ ਅਹਿਮਦ ਖਾਂ ਨੇ ਪਿਸ਼ਾਵਰ ਅਤੇ ਉਸ ਦੇ ਆਲ਼ੇ-ਦੁਆਲ਼ੇ ਦੇ ਇਲਾਕਿਆਂ ਵਿੱਚ ਵਿਦਰੋਹ ਕਰ ਦਿੱਤਾ। 1829 ਈ: ਵਿੱਚ ਉਸ ਨੇ ਪਿਸ਼ਾਵਰ ਉੱਤੇ ਹਮਲਾ ਕਰ ਦਿੱਤਾ। ਯਾਰ ਮੁਹੰਮਦ, ਜੋ ਮਹਾਰਾਜਾ ਦੇ ਅਧੀਨ ਸੀ, ਉਸ ਦਾ ਮੁਕਾਬਲਾ ਨਾ ਕਰ ਸਕਿਆ। ਇਸ ਤੇ ਜੂਨ, 1830ਈ: ਨੂੰ ਹਰੀ ਸਿੰਘ ਨਲਵਾ ਨੇ ਉਸ ਨੂੰ ਸਿੰਧ ਦਰਿਆ ਦੇ ਕੰਢੇ ਤੇ ਹਾਰ ਦਿੱਤੀ। ਸਯਦ ਅਹਿਮਦ ਜੋ ਮੁੜ ਕੇ ਉੱਠ ਬੈਠਾ ਸੀ, ਨੂੰ ਮਈ 1831 ਈ: ਵਿੱਚ ਰਾਮਕੁਮਾਰ ਸ਼ੇਰ ਸਿੰਘ ਨੇ ਬਾਲਾਕੋਟ ਦੀ ਲੜਾਈ ਵਿੱਚ ਹਰਾ ਦਿੱਤਾ ਅਤੇ ਉਹ ਮਾਰਿਆ ਵੀ ਗਿਆ।

1831 ਈ: ਪਿੱਛੋਂ ਮਹਾਰਾਜਾ ਰਣਜੀਤ ਸਿੰਘ ਪਿਸ਼ਾਵਰ ਨੂੰ ਲਾਹੌਰ ਰਾਜ ਵਿੱਚ ਸ਼ਾਮਲ ਕਰਨਾ ਚਾਹੁੰਦਾ ਸੀ। ਉਸ ਨੇ ਹਰੀ ਸਿੰਘ ਨਲਵਾ ਅਤੇ ਰਾਜਕੁਮਾਰ ਨੌਨਿਹਾਲ ਸਿੰਘ ਦੀ ਅਗਵਾਈ ਵਿੱਚ 9,000 ਸੈਨਿਕਾਂ ਦੀ ਫੌਜ ਪਿਸ਼ਾਵਰ ਵੱਲ ਭੇਜੀ। ਸਿੱਟੇ ਵਜੋਂ 6 ਮਈ, 1834 ਈ: ਨੂੰ ਸਿੱਖਾਂ ਨੇ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਪੇਸ਼ਵਾਰ ਨੂੰ ਲਾਹੌਰ ਰਾਜ ਵਿੱਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ। ਹਰੀ ਸਿੰਘ ਨਲਵਾ ਨੂੰ ਪਿਸ਼ਾਵਰ ਦਾ ਸੂਬੇਦਾਰ ਨਿਯੁਕਤ ਕੀਤਾ ਗਿਆ।

ਕਾਬਲ ਵਿੱਚ ਦੋਸਤ ਮੁਹੰਮਦ ਖਾਂ ਨੇ 1834 ਈ: ਨੂੰ ਸ਼ਾਹ ਸੁਜਾ ਨੂੰ ਹਰਾ ਕੇ ਸਿੱਖਾਂ ਕੋਲੋਂ ਪਿਸ਼ਾਵਰ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ। ਕਿਉਂਕਿ ਹਰੀ ਸਿੰਘ ਨਲੂਆ ਜਮਰੌਦ ਦੇ ਕਿਲ੍ਹੇ ਦੀ ਉਸਾਰੀ ਕਰਵਾ ਰਿਹਾ ਸੀ, ਇਸ ਲਈ ਯਾਰ ਮੁਹੰਮਦ ਨੇ ਆਪਣੇ ਪੁੱਤਰ ਮੁਹੰਮਦ ਅਕਬਰ ਦੀ ਅਗਵਾਈ ਵਿੱਚ 18,000 ਦੀ ਫੌਜ ਸਿੱਖਾਂ ਦੇ ਖਿਲਾਫ ਭੇਜ ਦਿੱਤੀ। ਦੋਹਾਂ ਧਿਰਾਂ ਵਿਚਕਾਰ ਘਮਾਸਾਨ ਦੀ ਲੜਾਈ ਹੋਈ। ਅੰਤ ਨੂੰ ਜਿੱਤ ਫਿਰ ਸਿੱਖਾਂ ਦੀ ਹੀ ਹੋਈ।

**ਰਣਜੀਤ ਸਿੰਘ ਦੇ ਰਾਜ ਦਾ ਵਿਸਥਾਰ (Extension of Ranjit Singh's Kingdom):-** ਪਿਸ਼ਾਵਰ ਦੀ ਜਿੱਤ ਨਾਲ਼ ਉੱਤਰ-ਪੱਛਮ ਵਿੱਚ ਮਹਾਰਾਜਾ ਰਣਜੀਤ ਦੇ ਰਾਜ ਦੀ ਹੱਦ ਸੁਲੇਮਾਨ ਪਰਬਤ ਸ਼੍ਰੇਣੀਆਂ ਨੂੰ ਛੂਹਣ ਲੱਗੀ।

ਉੱਤਰ ਵਿੱਚ ਉਸ ਦੇ ਰਾਜ ਦਾ ਵਿਸਤਾਰ ਲੱਦਾਖ ਅਤੇ ਟਿਸਕਰਦੂ ਤੱਕ ਸੀ। ਪੂਰਬ ਵਿੱਚ ਉਸ ਦਾ ਰਾਜ ਸਤਲੁਜ ਦਰਿਆ ਤੱਕ ਅਤੇ ਦੱਖਣ-ਪੱਛਮ ਵੱਲ ਉਸ ਦਾ ਰਾਜ ਸ਼ਿਕਾਰਪੁਰ ਤੱਕ ਫੈਲਿਆ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੇ ਅੰਤਲੇ ਵਰ੍ਹਿਆਂ ਵਿੱਚ ਉਸ ਦੇ ਰਾਜ ਦਾ ਕੁੱਲ ਖੇਤਰਫਲ 2,24000 ਵਰਗ ਕਿਲੋਮੀਟਰ ਸੀ।

## ਅੰਗਰੇਜ਼ਾਂ ਅਤੇ ਸਿੱਖਾਂ ਦੇ ਸਬੰਧ 1809 ਈ: ਤੋਂ 1839 ਈ: ਤੱਕ
## (Anglo-Sikh Relations-1809 A.D. to 1839 A.D.)

ਉਂਝ ਭਾਵੇਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸਬੰਧ 1800 ਈ: ਵਿੱਚ ਹੀ ਸ਼ੁਰੂ ਹੋ ਗਏ ਸਨ, ਪਰ ਅਸਲ ਵਿੱਚ ਉਸ ਦੇ ਅੰਗਰੇਜ਼ਾਂ ਨਾਲ ਸਬੰਧ 1805-06 ਈ: ਵਿੱਚ ਆਰੰਭ ਹੋਏ। ਅਗਲੇ ਦੋ ਸਾਲਾਂ ਵਿੱਚ ਰਣਜੀਤ ਸਿੰਘ ਨੇ ਸਤਲੁਜ ਪਾਰ ਦੇ ਇਲਾਕਿਆਂ ਉੱਤ ਹਮਲੇ ਕੀਤੀ। ਪਰ 1809 ਈ: ਵਿੱਚ ਅੰਗਰੇਜ਼ਾਂ ਤੇ ਮਹਾਰਾਜਾ ਵਿਚਕਾਰ ਅੰਮ੍ਰਿਤਸਰ ਦੀ ਸੰਧੀ ਹੋ ਗਈ। ਇਸ ਸੰਧੀ ਨਾਲ਼ ਦਰਿਆ ਸਤਲੁਜ ਨੂੰ ਹੱਦ ਮਿੱਥ ਲਿਆ ਗਿਆ। ਇਸ ਨਾਲ ਮਾਲਵੇ ਦੀਆਂ ਰਿਆਸਤਾਂ ਅੰਗਰੇਜ਼ਾਂ ਦੀ ਰਾਖੀ ਵਿੱਚ ਚਲੀਆਂ ਗਈਆਂ। ਇਸ ਸੰਧੀ ਪਿੱਛੋਂ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ ਜੋ ਸਬੰਧ ਰਹੇ ਉਹਨਾਂ ਦਾ ਵਰਣਨ ਇਸ ਪ੍ਰਕਾਰ ਹੈ—

**ਬੇਵਸਾਹੀ ਤੇ ਸ਼ੱਕ**, 1809-1812 ਈ: **(Mutual Distrust and Suspicion 1809-1812 A.D.):-** ਅੰਮ੍ਰਿਤਸਰ ਦੀ ਸੰਧੀ ਰਾਹੀਂ ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਸਰਕਾਰ ਵਿਚਕਾਰ ਸਹੀ ਅਰਥਾਂ ਵਿੱਚ ਮਿੱਤਰਤਾ ਸਥਾਪਿਤ ਨਾ ਹੋ ਸਕੀ। ਲੁਧਿਆਣਾ ਵਿਖੇ ਅੰਗਰੇਜ਼ਾਂ ਨੇ ਸੈਨਿਕ ਚੌਕੀ ਦੀ ਸਥਾਪਨਾ ਕੀਤੀ। ਉਹਨਾਂ ਨੇ ਉੱਥੇ ਪੋਲੀਟੀਕਲ ਏਜੰਸੀ ਵੀ ਸਥਾਪਤ ਕਰ ਲਈ। ਇਸ ਨਾਲ਼ ਮਹਾਰਾਜਾ ਰਣਜੀਤ ਸਿੰਘ ਦੇ ਮਨ ਵਿੱਚ ਅੰਗਰੇਜ਼ਾਂ ਦੇ ਉਦੇਸ਼ ਬਾਰੇ ਬੇਵਸਾਹੀ ਪੈਦਾ ਹੋ ਗਈ।

ਦੂਸਰੇ ਪਾਸੇ ਮਹਾਰਾਜਾ ਰਣਜੀਤ ਸਿੰਘ ਨੇ ਫਿਲੌਰ ਦੇ ਕਿਲ੍ਹੇ ਵਿੱਚ ਮੋਹਕਮ ਚੰਦ ਦੀ ਅਗਵਾਈ ਵਿੱਚ ਵਿਸ਼ਾਲ ਸੈਨਾ ਇੱਕਠੀ ਕਰ ਦਿੱਤੀ। ਇਸ ਨਾਲ਼ ਅੰਗਰੇਜ਼ਾਂ ਨੂੰ ਵੀ ਮਹਾਰਾਜਾ ਦੀ ਮਿੱਤਰਤਾ 'ਤੇ ਵਿਸ਼ਵਾਸ ਨਹੀਂ ਸੀ ਆਉਂਦਾ।

**ਮਿੱਤਰਭਾਵ ਅਤੇ ਸਨੇਹ**, 1812 ਈ: **(Friendliness and Cordiality 1812-1821 A.D.):-** 1812 ਈ: ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਸਰਕਾਰ ਦੇ ਸੰਬੰਧ ਚੰਗੇ ਹੋਣ ਲੱਗੇ। 1812 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜਕੁਮਾਰ ਖੜਕ ਸਿੰਘ ਦੇ ਵਿਆਹ 'ਤੇ ਡੇਵਿਡ ਅਖਤਰਲੋਨੀ ਪੁੱਜਾ। ਵਿਆਹ ਤੋਂ ਬਾਅਦ ਅਖਤਰਲੋਨੀ ਨੇ ਲਾਹੌਰ ਦਾ ਕਿਲ੍ਹਾ ਵੀ ਦੇਖਿਆ। ਦੂਸਰੇ ਪਾਸੇ ਅੰਗਰੇਜ਼ਾਂ ਨੇ 1813 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ 1,000 ਬੰਦੂਕਾਂ ਭੇਜੀਆਂ।

1814-15ਈ: ਵਿੱਚ ਜਦੋਂ ਹੇਸਟਿੰਗਜ਼ ਨੇ ਨੇਪਾਲ ਦੇ ਗੋਰਖਿਆਂ ਵਿਰੁੱਧ ਜੰਗ ਦਾ ਐਲਾਨ ਕੀਤਾ ਤਾਂ ਗੋਰਖਿਆਂ ਨੇ ਮਹਾਰਾਜਾ ਰਣਜੀਤ ਸਿੰਘ ਕੋਲੋਂ ਸਹਾਇਤਾ ਮੰਗੀ। ਮਹਾਰਾਜਾ ਰਣਜੀਤ ਸਿੰਘ ਨੇ ਗੋਰਖਿਆਂ ਦੇ ਦੂਤ ਦਾ ਸੁਆਗਤ ਵੀ ਨਾ ਕੀਤਾ। ਦੂਜੇ ਪਾਸੇ ਅੰਗਰੇਜ਼ਾਂ ਨੇ ਵੀ ਮਹਾਰਾਜਾ ਰਣਜੀਤ ਸਿੰਘ ਦੇ ਵੈਰੀਆਂ ਨਾਲ਼ ਕੋਈ ਸੰਬੰਧ ਨਾ ਰੱਖਿਆ।

**ਕੁਝ ਸਮੇਂ ਲਈ ਮੰਦਭਾਵਨਾ**, 1822-1825 ਈ: **(Temporary Ill-will, 1822-1825 A.D.):-**1822 ਈ: ਤੋਂ 1825 ਈ: ਤੱਕ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਵਿਚਕਾਰ ਅਣਬਣ ਦੀ ਸੁਥਿਤੀ ਰਹੀਂ।

**ਬਧਨੀ ਦਾ ਪ੍ਰਸ਼ਨ (Question of Badhni):-** ਸਤਲੁਜ ਦਰਿਆ ਦੇ ਦੱਖਣ ਵਿੱਚ ਬਧਨੀ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸੱਸ, ਸਦਾ ਕੌਰ ਦਾ ਅਧਿਕਾਰ ਸੀ। 1821 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਦਾ ਕੌਰ ਨੂੰ ਕੈਦ ਕਰ ਲਿਆ ਅਤੇ ਉਸ ਦੇ ਇਲਾਕੇ ਨੂੰ ਆਪਣੇ ਅਧਿਕਾਰ ਹੇਠ ਕਰ ਲਿਆ। ਕਿਉਂਕਿ ਬਧਨੀ ਸਤਲੁਜ ਦੇ ਦੱਖਣ ਵਿੱਚ ਸੀ ਅਤੇ ਉਹ ਅੰਗਰੇਜ਼ਾਂ ਦੀ ਰਾਖੀ ਵਿੱਚ ਸੀ, ਇਸ ਲਈ

ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਨੂੰ ਗ਼ਲਤ ਦੱਸਿਆ। ਉਹਨਾਂ ਨੇ ਆਪਣੀ ਸੈਨਾ ਭੇਜ ਕੇ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਨੂੰ ਵੀ ਉੱਥੋਂ ਕੱਢ ਦਿੱਤਾ।

**ਆਹਲੂਵਾਲੀਆ ਪ੍ਰਦੇਸ਼ ਦੀ ਸਮੱਸਿਆ (Question of Ahluwalia Possessions):-** 1825 ਈ: ਵਿੱਚ ਫ਼ਤਿਹ ਸਿੰਘ ਆਹਲੂਵਾਲੀਆ, ਜਿਸ ਦੇ ਇਲਾਕੇ ਸਤਲੁਜ ਦੇ ਦੋਵੇਂ ਪਾਸੇ ਸਨ, ਮਹਾਰਾਜਾ ਤੋਂ ਤੰਗ ਆ ਕੇ ਸਤਲੁਜ ਪਾਰ ਚਲਾ ਗਿਆ। ਉਸ ਨੇ ਅੰਗਰੇਜ਼ਾਂ ਤੋਂ ਰਾਖੀ ਮੰਗੀ। ਅੰਗਰੇਜ਼ਾਂ ਨੇ ਸਤਲੁਜ ਦੇ ਦੱਖਣ ਵਾਲ਼ੇ ਉਸ ਦੇ ਇਲਾਕੇ ਆਪਣੀ ਰਾਖੀ ਵਿੱਚ ਲੈ ਲਏ। ਮਹਾਰਾਜਾ ਰਣਜੀਤ ਸਿੰਘ ਨੂੰ ਅੰਗਰੇਜ਼ਾਂ ਦੀ ਇਹ ਗੱਲ ਚੰਗੀ ਨਾ ਲੱਗੀ।

**ਮੁੜ ਮਿੱਤਰ-ਭਾਵਨਾ ਅਤੇ ਪ੍ਰੇਮ, 1825-1830 ਈ: (Cordiality and Friendlines Restored. 1825-1830 A.D.):-** 1825 ਈ: ਪਿੱਛੋਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧਾਂ ਵਿੱਚ ਮੁੜ ਮਿੱਤਰਤਾ ਦਿਖਾਈ ਦੇਣ ਲੱਗੀ। 1827 ਈ: ਵਿੱਚ ਡਾਕਟਰ ਮੱਰੇ ਦੇ ਯਤਨਾਂ ਨਾਲ ਅੰਗਰੇਜ਼ਾਂ ਨੇ ਬਧਨੀ ਉੱਤੇ ਮੁੜ ਰਣਜੀਤ ਸਿੰਘ ਦਾ ਅਧਿਕਾਰ ਮੰਨ ਲਿਆ। ਦੂਸਰੇ ਪਾਸੇ 1825-26 ਈ: ਵਿੱਚ ਭਰਤਪੁਰ ਦੇ ਰਾਜੇ ਦੇ ਪ੍ਰਤਿਨਿਧੀ ਅੰਗਰੇਜ਼ਾਂ ਵਿਰੁੱਧ ਰਣਜੀਤ ਸਿੰਘ ਤੋਂ ਸਹਾਇਤਾ ਮੰਗਣ ਆਏ। ਪਰੰਤੂ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੀ ਮਿੱਤਰਤਾ ਸਾਹਮਣੇ ਰੱਖਦਿਆਂ ਉਹਨਾਂ ਦੀ ਬੇਨਤੀ ਠੁਕਰਾ ਦਿੱਤੀ।

ਨਵੰਬਰ 1826 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਬਿਮਾਰ ਪੈ ਗਿਆ। ਉਸ ਦਾ ਇਲਾਜ ਡਾਕਟਰ ਮੱਰੇ ਦੀ ਨਜ਼ਰ ਹੇਠ ਹੋਇਆ।

ਅਪ੍ਰੈਲ 1827 ਈ: ਵਿੱਚ ਜਦੋਂ ਗਵਰਨਰ ਜਨਰਲ ਲਾਰਡ ਐਮਹਰਸਟ ਸ਼ਿਮਲੇ ਆਇਆ ਤਾਂ ਦੀਵਾਨ ਮੋਤੀ ਰਾਮ ਨੇ ਉਸ ਦਾ ਸਵਾਗਤ ਕੀਤਾ। ਅਗਲੇ ਮਹੀਨੇ (ਮਈ, 1827 ਈ:) ਜਦ ਡੇਵਡ ਅੰਮ੍ਰਿਤਸਰ ਆਇਆ ਤਾਂ ਉਹ ਗਵਰਨਰ-ਜਨਰਲ ਵੱਲੋਂ ਮਹਾਰਾਜਾ ਰਣਜੀਤ ਸਿੰਘ ਲਈ ਉਪਹਾਰ ਅਤੇ ਇੱਕ ਪੱਤਰ ਲਿਆਇਆ।

**ਖਿੱਚੋਤਾਣ ਅਤੇ ਵਿਮੁੱਖਤਾ (Tension and Estrangement):-** 1831 ਈ: ਪਿੱਛੋਂ ਸਿੰਧ ਤੇ ਸ਼ਿਕਾਰਪੁਰ ਆਦਿ ਦੇ ਪ੍ਰਸ਼ਨਾਂ ਤੇ ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਤੇ ਫਲ ਜਾਂ ਰਾਹੀਂ ਰੋਕਾਂ ਲਾਉਣ ਦੇ ਯਤਨ ਕੀਤੇ। ਸਿੱਟੇ ਵਜੋਂ ਉਹਨਾਂ ਦੋਹਾਂ ਧਿਰਾਂ ਵਿੱਚ ਵਿਗਾੜ ਪੈਣਾ ਆਰੰਭ ਹੋ ਗਿਆ। ਇਸ ਤਣਾਉ ਦੇ ਕਾਲ ਦਾ ਵਰਨਣ ਇਸ ਪ੍ਰਕਾਰ ਹੈ—

**ਸਿੰਘ ਦਾ ਪ੍ਰਸ਼ਨ, 18 ਅਪ੍ਰੈਲ, 1832 ਈ: (Question of Sindh, 18 April, 1832 A.D.):-** ਸਿੰਧ ਪੰਜਾਬ ਦੇ ਦੱਖਣ-ਪੱਛਮ ਵਿੱਚ ਸਿੰਧ ਦਰਿਆ ਦੇ ਦੋਵੇਂ ਪਾਸੇ ਸਥਿਤ ਅਤਿ ਮਹੱਤਵਪੂਰਨ ਪ੍ਰਦੇਸ਼ ਹੈ। ਸਿੰਧ ਦੇ ਆਲ਼ੇ-ਦੁਆਲ਼ੇ ਦੇ ਇਲਾਕਿਆਂ ਨੂੰ ਜਿੱਤਣ ਪਿੱਛੋਂ 1830-31 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸਿੰਧ ਨੂੰ ਜਿੱਤਣ ਦਾ ਫੈਸਲਾ ਕੀਤਾ। ਪਰ ਭਾਰਤ ਦੇ ਗਵਰਨਰ-ਜਨਰਲ ਨੇ ਮਹਾਰਾਜਾ ਰਣਜੀਤ ਸਿੰਘ ਤੇ ਰੋਕ ਲਾਉਣ ਲਈ ਰੋਪੜ ਵਿਖੇ ਉਸ ਨਾਲ਼ ਮੁਲਾਕਾਤ ਰੱਖ ਲਈ, ਜੋ 26 ਅਕਤੂਬਰ, 1831 ਈ: ਵਿੱਚ ਹੋਈ। ਦੂਸਰੇ ਪਾਸੇ ਗਵਰਨਰ-ਜਨਰਲ ਨੇ ਕਰਨਲ ਪੋਟਿੰਗਰ (Col.Pottinger) ਨੂੰ ਸਿੰਧ ਦੇ ਅਮੀਰਾਂ ਨਾਲ਼ ਵਪਾਰਿਕ ਸੰਧੀ ਕਰਨ ਲਈ ਭੇਜ ਦਿੱਤਾ। ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਲੱਗਾ ਕਿ ਅੰਗਰੇਜ਼ਾਂ ਨੇ ਸਿੰਧ ਦੇ ਅਮੀਰਾਂ ਨਾਲ਼ ਵਪਾਰਿਕ ਸਮਝੌਤਾ ਕਰ ਲਿਆ ਹੈ ਤਾਂ ਉਸ ਨੂੰ ਬੜਾ ਦੁੱਖ ਹੋਇਆ।

**ਸ਼ਿਕਾਰਪੁਰ ਦਾ ਪ੍ਰਸ਼ਨ, 1836 ਈ: (Question of Shikarpur, 1836 A.D.):-** ਸਿੰਧ ਉੱਤੇ ਤਿੰਨ ਅਮੀਰਾਂ ਦਾ ਸਾਂਝਾ ਅਧਿਕਾਰ ਸੀ। 1834 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਸ਼ਿਕਾਰਪੁਰ ਦੇ ਮਜ਼ਾਰੀ ਕਬੀਵੇ ਦੇ ਖਿਲਾਫ਼ ਮੁਹਿੰਮ ਭੇਜੀ, ਕਿਉਂਕਿ ਉਸ ਕਬੀਲੇ ਨੇ ਸਿੱਖ ਇਲਾਕਿਆਂ ਵਿੱਚ ਲੁੱਟ-ਮਾਰ ਕੀਤੀ ਸੀ। 1836 ਈ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਫਿਰ ਰਾਜਕੁਮਾਰ ਖੜਕ ਸਿੰਘ ਦੀ ਕਮਾਨ ਹੇਠ ਮਜ਼ਾਰੀ ਕਬੀਲਿਆਂ ਦੇ ਖਿਲਾਫ ਸੈਨਾ ਭੇਜੀ ਕਿਉਂਕਿ ਉਹ ਅਜੇ ਵੀ ਸਿੱਖ ਇਲਾਕਿਆਂ ਵਿੱਚ ਲੁੱਟਾਂ ਮਾਰਾਂ ਕਰਨੋਂ ਨਹੀਂ ਸਨ ਹਟੇ। ਸਿੱਖ ਸੈਨਾ ਨੇ ਮਜ਼ਾਰੀਆ ਦੇ ਪ੍ਰਦੇਸ਼ ਉੱਤੇ ਕਬਜਾ ਕਰ ਲਿਆ। ਜਦੋਂ ਸੰਧੀ

ਦੀਆਂ ਸ਼ਰਤਾਂ ਨੂੰ ਪੂਰਾ ਕਰਵਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਦੁਬਾਰਾ ਖੜਕ ਸਿੰਘ ਨੂੰ ਉੱਥੇ ਭੇਜਣਾ ਚਾਹਿਆ ਤਾਂ ਗਵਰਨਰ-ਜਨਰਲ ਆਕਲੈਂਡ (Lord Auckland) ਨੇ ਮਹਾਰਾਜਾ ਨੂੰ ਰੋਕ ਦਿੱਤਾ। ਇਸ ਤਰ੍ਹਾਂ ਮਹਾਰਾਜਾ ਨੂੰ ਨਾਂ ਤਾਂ ਸ਼ਿਕਾਰਪੁਰ ਮਿਲ ਸਕਿਆ ਅਤੇ ਨਾ ਹੀ ਵਾਰਸ਼ਿਕ ਕਰ। ਸਿੱਟੇ ਵਜੋਂ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੇ ਸੰਬੰਧ ਵਿਗੜ ਗਏ।

**ਫ਼ਿਰੋਜ਼ਪੁਰ ਦਾ ਸਵਾਲ,** 1835 **ਈ: (Question of Ferozepur, 1835, 1838 A.D.):-** ਸਤਲੁਜ ਅਤੇ ਬਿਆਸ ਦੇ ਸੰਗਮ ਦੇ ਨੇੜੇ ਸਥਿਤ, ਫ਼ਿਰੋਜ਼ਪੁਰ ਇੱਕ ਵਿਸ਼ੇਸ਼ ਮਹੱਤਵਪੂਰਨ ਸ਼ਹਿਰ ਸੀ। ਅੰਗਰੇਜ਼ਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹ ਇਸ ਉੱਤੇ ਮਹਾਰਾਜਾ ਰਣਜੀਤ ਸਿੰਘ ਨੂੰ ਕਬਜਾ ਨਹੀਂ ਕਰਨ ਦੇਣਗੇ। ਜਦੋਂ ਭਾਰਤ ਵਿੱਚ ਅੰਗਰੇਜ਼ ਸਾਮਰਾਜ ਦਾ ਵਿਸਤਾਰ ਹੋ ਗਿਆ ਤਾਂ ਅੰਗਰੇਜ਼ਾਂ ਨੇ ਉਸ ਦੀ ਰੱਖਿਆ ਲਈ ਮਈ, 1835 ਈ: ਵਿੱਚ ਫਿਰੋਜ਼ਪੁਰ ਉੱਤੇ ਕਬਜ਼ਾ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਅੰਗਰੇਜ਼ਾਂ ਦੀ ਇਸ ਕਾਰਵਾਈ ਤੋਂ ਤ੍ਰਹਿ ਉੱਠਿਆ। ਉਸ ਦੇ ਦਰਬਾਰੀਆਂ ਨੇ ਵੀ ਅੰਗਰੇਜ਼ਾਂ ਦੀ ਇਸ ਕਾਰਵਾਈ ਦਾ ਖੁੱਲ੍ਹੇ ਰੂਪ ਵਿੱਚ ਵਿਰੋਧ ਕੀਤਾ। 1838 ਈ: ਵਿੱਚ ਅੰਗਰੇਜ਼ਾਂ ਨੇ ਫਿਰੋਜ਼ਪੁਰ ਨੂੰ ਛਾਉਣੀ ਬਣਾ ਕੇ ਉਸ ਵਿੱਚ ਆਪਣੀ ਸੈਨਾ ਦਾ ਉਤਾਰਾ ਵੀ ਕਰਵਾ ਦਿੱਤਾ।

**ਤ੍ਰੈਪੱਖੀ ਸੰਧੀ,** 1838 **ਈ: (Tripartite Treaty, 1838 A.D.):-** 1837 ਈ: ਵਿੱਚ ਭਾਰਤ ਦਾ ਗਵਰਨਰ-ਜਨਰਲ ਲਾਰਡ ਆਕਲੈਂਡ ਅਫਗਾਨਿਸਤਾਨ ਵਿੱਚ ਰੂਸ ਦੇ ਵਧਦੇ ਹੋਏ ਪ੍ਰਭਾਵ ਕਾਰਨ ਭੈ ਭੀਤ ਹੋ ਗਿਆ ਸੀ। ਉਹ ਇਹ ਵੀ ਮਹਿਸੂਸ ਕਰਦਾ ਸੀ ਕਿ ਦੋਸਤਾ ਮੁਹੰਮਦ ਅੰਗਰੇਜ਼ਾਂ ਦੇ ਦੁਸ਼ਮਣ ਰੂਸ ਨਾਲ ਮਿੱਤਰਤਾਪੂਰਨ ਸੰਬੰਧ ਕਾਇਮ ਕਰ ਰਿਹਾ ਸੀ। ਇਹਨਾਂ ਹਾਲਤਾਂ ਵਿੱਚ ਲਾਰਡ ਆਕਲੈਂਡ ਨੇ ਦੋਸਤ ਮੁਹੰਮਦ ਦੀ ਥਾਂ ਸ਼ਾਹ ਸੁਜਾ ਨੂੰ (ਅਫ਼ਗਾਨਿਸਤਾਨ ਦਾ ਸਾਬਕਾ ਹਾਕਮ, ਅੰਗਰੇਜ਼ਾ ਦੀ ਪੈਨਸ਼ਨ 'ਤੇ ਪਲ਼ਦਾ ਸੀ) ਅਫ਼ਗਾਨਿਸਤਾਨ ਦਾ ਹਾਕਮ ਬਣਾਉਣਾ ਚਾਹਿਆ। ਇਸ ਉਦੇਸ਼ ਨਾਲ 26 ਜੂਨ, 1838 ਈ: ਨੂੰ ਅੰਗਰੇਜ਼ ਸਰਕਾਰ ਦੀ ਆਗਿਆ ਨਾਲ਼ ਅੰਗਰੇਜ਼ਾਂ, ਮਹਾਰਾਜਾ ਰਣਜੀਤ ਸਿੰਘ ਅਤੇ ਸ਼ਾਹ ਸੁਜਾ ਵਿਚਕਾਰ ਇੱਕ ਸੰਧੀ ਹੋਈ, ਜਿਸ ਨੂੰ ਤ੍ਰੈਪਖੀ ਸੰਧੀ ਕਹਿੰਦੇ ਹਨ। ਇਸ ਅਨੁਸਾਰ ਅਫਗਾਨਿਸਤਾਨ ਦੇ ਹੋਣ ਵਾਲ਼ੇ ਹਾਕਮ ਸ਼ਾਹ ਸੁਜਾ ਨੇ ਆਪਣੇ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੇ ਅਫ਼ਗਾਨਾਂ ਕੋਲੋਂ ਜਿੱਤੇ ਹੋਏ ਸਾਰੇ ਇਲਾਕੇ (ਕਸ਼ਮੀਰ, ਮੁਲਤਾਨ, ਪੇਸ਼ਾਵਰ, ਅਟਕ, ਡੇਰਾਜਾਤ ਆਦਿ) ਉੱਤੇ ਉਸ ਦਾ ਅਧਿਕਾਰ ਸਵੀਕਾਰ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸੰਧੀ ਦੀ ਇੱਕ ਸ਼ਰਤ ਕਿ ਅਫ਼ਗਾਨ-ਯੁੱਧ ਸਮੇਂ ਉਹ ਅੰਗਰੇਜ਼ਾਂ ਨੂੰ ਆਪਣੇ ਹਲਕੇ ਵਿੱਚੋਂ ਦੀ ਅੱਗੇ ਜਾਣ ਦੇਵੇਗਾ, ਨਹੀਂ ਮੰਨੀ। ਇਸ ਗੱਲ ਤੇ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸੰਬੰਧਾਂ ਵਿਚਕਾਰ ਇੱਕ ਵੱਡੀ ਦਰਾੜ ਪੈ ਗਈ. ਜੂਨ 4, 1839 ਈ: ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਇਤਿਹਾਸਕਾਰਾਂ ਅਨੁਸਾਰ ਤ੍ਰੈ-ਪੱਖੀ ਸੰਧੀ ਰਣਜੀਤ ਸਿੰਘ ਦੀ ਕੂਟਨੀਤਿਕ ਹਾਰ ਸੀ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ/ਇੱਕ ਵਾਕ** (1-15 **ਸ਼ਬਦਾਂ) ਵਿੱਚ ਲਿਖੋ—**

1. ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ? ਉਸ ਦੇ ਪਿਤਾ ਦਾ ਕੀ ਨਾਂ ਸੀ?
2. ਮਹਿਤਾਬ ਕੌਰ ਕੌਣ ਸੀ?
3. 'ਤਿੱਕੜੀ ਦੀ ਸਰਪ੍ਰਸਤੀ ਦਾ ਕਾਲ ਕਿਸ ਨੂੰ ਕਿਹਾ ਜਾਂਦਾ ਹੈ?
4. ਲਾਹੌਰ ਦੇ ਸ਼ਹਿਰੀਆਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲਾਹੌਰ 'ਤੇ ਹਮਲਾ ਕਰਨ ਦਾ ਕਿਉਂ ਸੱਦਾ ਦਿੱਤਾ?

5. ਭਸੀਨ ਦੀ ਲੜਾਈ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਖ਼ਿਲਾਫ ਕਿਹੜੇ-ਕਿਹੜੇ ਸਰਦਾਰ ਸਨ?
6. ਅੰਮ੍ਰਿਤਸਰ ਅਤੇ ਲੋਹਗੜ੍ਹ ਉੱਤੇ ਰਣਜੀਤ ਸਿੰਘ ਨੇ ਕਿਉਂ ਹਮਲਾ ਕੀਤਾ?
7. ਤਾਰਾ ਸਿੰਘ ਘੇਬਾ ਕਿਸ ਮਿਸਲ ਦਾ ਨੇਤਾ ਸੀ?

**(ਅ) ਹੇਠਾਂ ਲਿਖੇ ਪ੍ਰਸ਼ਨਾਂ ਦਾ ਉੱਤਰ ਲਗ-ਪਗ 30-50 ਸ਼ਬਦਾਂ ਵਿੱਚ ਲਿਖੋ—**

1. ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਸਿੱਖਿਆ ਬਾਰੇ ਲਿਖੋ।
2. ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਦੀਆਂ ਬਹਾਦਰੀ ਦੀਆਂ ਘਟਚਨਾਵਾਂ ਦਾ ਹਾਲ ਲਿਖੋ।
3. ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਉੱਤੇ ਕਬਜ਼ੇ ਦਾ ਹਾਲ ਲਿਖੋ।
4. ਅੰਮ੍ਰਿਤਸਰ ਦੀ ਜਿੱਤ ਦੀ ਮਹੱਤਤਾ ਲਿਖੋ।
5. ਮਹਾਰਾਜਾ ਰਣਜੀਤ ਸਿੰਘ ਨੇ ਮਿੱਤਰ-ਮਿਸਲਾਂ ਤੇ ਕਦੋਂ ਅਤੇ ਕਿਵੇਂ ਅਧਿਕਾਰ ਕੀਤਾ?
6. ਮੁਲਤਾਨ ਦੀ ਜਿੱਤ ਦੇ ਸਿੱਟੇ ਲਿਖੋ।
7. ਅਟਕ ਦੀ ਲੜਾਈ ਦਾ ਹਾਲ ਲਿਖੋ।
8. ਸਿੰਧ ਦੇ ਪ੍ਰਸ਼ਨ ਬਾਰੇ ਦੱਸੋ।
9. ਸ਼ਿਕਾਰਪੁਰ ਦਾ ਪ੍ਰਸ਼ਨ ਕੀ ਸੀ?
10. ਫ਼ਿਰੋਜ਼ਪੁਰ ਦਾ ਪ੍ਰਸ਼ਨ ਕੀ ਸੀ?

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗ-ਪਗ 100-120 ਸ਼ਬਦਾਂ ਵਿੱਚ ਲਿਖੋ—**

1. ਮਹਾਰਾਜਾ ਰਣਜੀਤ ਸਿੰਘ ਨੇ ਕਮਜ਼ੋਰ ਰਿਆਸਤਾਂ ਨੂੰ ਕਿਵੇਂ ਜਿੱਤਿਆ?
2. ਮਹਾਰਾਜਾ ਰਣਜੀਤ ਸਿੰਘ ਦੀ ਮੁਲਤਾਨ ਦੀ ਜਿੱਤ ਦਾ ਵਰਨਣ ਕਰੋ।
3. ਮਹਾਰਾਜਾ ਰਣਜੀਤ ਸਿੰਘ ਦੀ ਕਸ਼ਮੀਰ ਦੀ ਜਿੱਤ ਦਾ ਵਰਨਣ ਕਰੋ।
4. ਮਹਾਰਾਜਾ ਰਣਜੀਤ ਸਿੰਘ ਦੀ ਪੇਸ਼ਾਵਰ ਦੀ ਜਿੱਤ ਦਾ ਹਾਲ ਲਿਖੋ।
5. ਕਿਨ੍ਹਾ-ਕਿਨ੍ਹਾਂ ਮਸਲਿਆਂ ਉੱਤੇ ਮਹਾਰਾਜਾ ਰਣਜੀਤ ਸਿੰਘ ਅਤੇ ਅੰਗਰੇਜ਼ਾਂ ਦੀ ਨਾ ਬਣੀ?

*****

## ਪਾਠ-8

# ਅੰਗਰੇਜ਼ਾਂ ਅਤੇ ਸਿੱਖਾਂ ਦੇ ਯੁੱਧ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ

# (THE ANGLO-SIKH WARS AND ANNEXATION OF THE PUNJAB)

### ਅੰਗਰੇਜ਼ਾਂ ਅਤੇ ਸਿੱਖਾਂ ਦਾ ਪਹਿਲਾ ਯੁੱਧ, 1845-46 ਈ:
### (The First Anglo-Sikh War, 1845-46 A.D.)

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ ਉੱਤਰਾਧਿਕਾਰੀ ਕਮਜ਼ੋਰ ਅਤੇ ਅਯੋਗ ਹਾਕਮ ਸਿੱਧ ਹੋਏ। ਉਹਨਾਂ ਦੀ ਕਮਜ਼ੋਰੀ ਕਾਰਨ ਲਾਹੌਰ-ਰਾਜ ਵਿੱਚ ਧੜੇਬੰਦੀ ਨੇ ਜਨਮ ਲਿਆ। ਅੰਗਰੇਜ਼ਾਂ ਨੇ ਲਾਹੌਰ-ਰਾਜ ਦੀ ਕਮਜ਼ੋਰੀ ਦਾ ਲਾਭ ਉਠਾਉਂਦਿਆਂ ਸਿੱਖਾਂ ਨਾਲ਼ ਦੋ ਯੁੱਧ ਕੀਤੇ। ਪਹਿਲਾ ਯੁੱਧ 1845-46 ਈ: ਵਿੱਚ ਲੜਿਆ ਗਿਆ।

### (ੳ) ਕਾਰਨ (Cause)

**ਅੰਗਰੇਜ਼ਾਂ ਦੀ ਲਾਹੌਰ ਰਾਜ ਨੂੰ ਘੇਰਾ ਪਾਉਣ ਦੀ ਨੀਤੀ—** ਅੰਗਰੇਜ਼ਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ-ਕਾਲ ਵਿੱਚ ਹੀ ਲਾਹੌਰ ਰਾਜ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਸੀ। ਇਸੇ ਮੰਤਵ ਲਈ ਉਹਨਾਂ ਨੇ 1835 ਈ: ਵਿੱਚ ਫਿਰੋਜ਼ਪੁਰ ਉੱਤੇ ਕਬਜ਼ਾ ਕਰ ਲਿਆ। 1838 ਈ: ਵਿੱਚ ਉਹਨਾਂ ਨੇ ਉੱਥੇ ਸੈਨਿਕ ਛਾਉਣੀ ਕਾਇਮ ਕਰ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ਾਂ ਦੀ ਇਸ ਨੀਤੀ ਦਾ ਵਿਰੋਧ ਕੀਤਾ, ਲਾਹੌਰ ਦਰਬਾਰ ਦੇ ਸਰਦਾਰਾਂ ਨੇ ਵੀ ਇਸ ਦਾ ਵਿਰੋਧ ਕੀਤਾ।

**ਰਣਜੀਤ ਸਿੰਘ ਪਿੱਛੋਂ ਪੰਜਾਬ ਵਿੱਚ ਅਰਾਜਕਤਾ ਅਤੇ ਗੜਬੜ—** ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਸ਼ਾਂਤੀ ਅਤੇ ਅਰਾਜਕਤਾ ਫੈਲ ਗਈ। ਇਸ ਦਾ ਕਾਰਨ ਇਹ ਸੀ ਕਿ ਉਸ ਦੇ ਉੱਤਰਾਧਿਕਾਰੀ-ਖੜਕ ਸਿੰਘ, ਨੌਨਿਹਾਲ ਸਿੰਘ, ਰਾਣੀ ਜਿੰਦ ਕੌਰ, ਅਤੇ ਸ਼ੇਰ ਸਿੰਘ- ਨਿਰਬਲ ਅਤੇ ਕਮਜ਼ੋਰ ਹਾਕਮ ਸਿੱਧ ਹੋਏ ਸਨ। ਉਹਨਾਂ ਦੀ ਕਮਜ਼ੋਰੀ ਦੇ ਕਾਰਨ ਦਰਬਾਰ ਵਿੱਚ ਸਰਦਾਰਾਂ ਨੇ ਇੱਕ ਦੂਜੇ ਦੇ ਖ਼ਿਲਾਫ਼ ਸਾਜਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਹਨਾਂ ਹਾਲਾਤ ਦਾ ਲਾਭ ਅੰਗਰੇਜ਼ ਲੈਣਾ ਚਾਹੁੰਦੇ ਸਨ।

**ਪਹਿਲੇ ਅਫ਼ਗਾਨ ਯੁੱਧ ਵਿੱਚ ਅੰਗਰੇਜ਼ਾਂ ਦੀਆਂ ਮੁਸੀਬਤਾਂ ਅਤੇ ਅਸਫਲਤਾਵਾਂ (Disastrous Failure of the British in the First Afghan War):-** ਪਹਿਲੇ ਐਂਗਲੋ-ਅਫ਼ਗਾਨ ਯੁੱਧ ਦੇ ਖਤਮ ਹੁੰਦਿਆਂ ਹੀ ਨਵੰਬਰ, 1841 ਈ: ਵਿੱਚ ਅਫ਼ਗਾਨਾਂ ਨੇ ਦੋਸਤ ਖ਼ਾਂ ਦੇ ਪੁੱਤਰ ਮੁਹੰਮਦ ਅਕਬਰ ਖਾਂ ਦੀ ਅਗਵਾਈ ਵਿੱਚ ਵਿਦਰੋਹ ਕਰ ਦਿੱਤਾ। ਅੰਗਰੇਜ਼ ਵਿਦਰੋਹੀਆਂ ਨੂੰ ਦਬਾਉਣ ਵਿੱਚ ਅਸਫਲ ਰਹੇ। ਅੰਗਰੇਜ ਸੈਨਾ ਨਾਇਕ, ਬਰਨਜ ਅਤੇ ਮੈਕਨਾਟਨ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਵਾਪਸ ਜਾ ਰਹੇ ਅੰਗਰੇਜ਼ ਸੈਨਿਕਾਂ ਵਿੱਚੋਂ ਕੇਵਲ ਬਰਾਈਡਨ ਨਾਮੀ ਸੈਨਿਕ ਹੀ ਬਚਿਆ। ਅੰਗਰੇਜ਼ਾਂ ਦੀ ਇਸ ਅਸਫਲਤਾ ਕਰ ਕੇ ਸਿੱਖਾਂ ਦਾ ਅੰਗਰੇਜ਼ਾਂ ਵਿਰੁੱਧ ਯੁੱਧ ਕਰਨ ਦਾ ਉਤਸ਼ਾਹ ਵਧ ਗਿਆ।

**ਅੰਗਰੇਜ਼ਾਂ ਦਾ ਸਿੰਧ ਉੱਤੇ ਅਧਿਕਾਰ (Annexation of Sindh by the British):-** ਅਫ਼ਗਾਨ ਯੁੱਧ ਦੀ ਸਮਾਪਤੀ ਬਾਅਦ ਐਲਨਬਰਾ ਨੇ ਸਿੰਧ ਉੱਤੇ ਕਬਜ਼ਾ ਕਰਨ ਦਾ ਫ਼ੈਸਲਾ ਕੀਤਾ। ਭਾਵੇਂ ਸਿੰਧ ਦੇ

ਅਮੀਰ ਅੰਗਰੇਜ਼ਾਂ ਪ੍ਰਤਿ ਸਦਾ ਹੀ ਵਫ਼ਾਦਾਰ ਰਹੇ ਸਨ ਫਿਰ ਵੀ ਲਾਰਡ ਐਲਨਬਰਾ (Ellenborough) ਦੇ ਆਦੇਸ਼ ਅਨੁਸਾਰ ਚਾਰਲਸ ਨੇਪੀਅਰ ਨੇ ਸਿੰਧ ਦੇ ਅਮੀਰਾਂ ਉੱਤੇ ਇਲਜ਼ਾਮ ਲਾ ਕੇ ਉਹਨਾਂ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ। ਸਿੰਧ ਦੇ ਅਮੀਰਾਂ ਨੂੰ ਹਰਾ ਕੇ ਉਸ ਨੇ ਮਾਰਚ 4, 1843 ਈ: ਨੂੰ ਸਿੰਧ ਉੱਤੇ ਕਬਜ਼ਾ ਕਰ ਲਿਆ। ਅੰਗਰੇਜ਼ਾਂ ਦੀ ਇਸ ਕਾਰਵਾਈ ਤੋਂ ਸਿੱਖਾਂ ਨੂੰ ਪੱਕਾ ਵਿਸ਼ਵਾਸ ਹੋ ਗਿਆ ਕਿ ਅੰਗਰੇਜ਼ ਪੰਜਾਬ ਉੱਤੇ ਕਬਜ਼ਾ ਕਰਨ ਲਈ ਹੀ ਉਸ ਦੁਆਲੇ ਘੇਰਾ ਪਾ ਰਹੇ ਹਨ।

**ਐਲਨਬਰਾ ਦੀ ਪੰਜਾਬ ਉੱਤੇ ਕਬਜ਼ਾ ਕਰਨ ਦੀ ਯੋਜਨਾ (Ellenborough's Plan to conquer the Punjab):-** ਸਿੰਧ ਅਤੇ ਕੈਂਥਲ ਨੂੰ ਅੰਗਰੇਜ਼ ਸਾਮਰਾਜ ਵਿੱਚ ਸ਼ਾਮਲ ਕਰਨ ਅਤੇ ਗਵਾਲੀਅਰ ਰਾਜ ਦੀ ਤਾਕਤ ਨੂੰ ਕਮਜ਼ੋਰ ਕਰਨ ਪਿੱਛੋਂ ਐਲਨਬਰਾ ਨੇ ਪੰਜਾਬ ਉੱਤੇ ਕਬਜ਼ਾ ਕਰਨ ਦੀ ਯੋਜਨਾ ਬਣਾਈ। ਉਸ ਯੋਜਨਾਂ ਨੂੰ ਅਮਲੀ ਰੂਪ ਦੇਣ ਲਈ ਉਸ ਨੇ ਸੈਨਿਕ ਤਿਆਰੀਆਂ ਵੀ ਸ਼ੁਰੂ ਕਰ ਦਿੱਤੀਆਂ। ਪਤਾ ਲੱਗਣ 'ਤੇ ਸਿੱਖਾਂ ਨੇ ਵੀ ਯੁੱਧ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

**ਲਾਰਡ ਹਾਰਡਿੰਗ ਦੀ ਗਵਰਨਰ ਜਨਰਲ ਦੀ ਪਦਵੀ 'ਤੇ ਨਿਯੁਕਤੀ (Appointment of Lord Hardinge as Governor General):-** ਜੁਲਾਈ 1844 ਈ: ਨੂੰ ਲਾਰਡ ਐਲਨਬਰਾ ਦੀ ਥਾਂ 'ਤੇ ਲਾਰਡ ਹਾਰਡਿੰਗ ਨੂੰ ਭਾਰਤ ਦਾ ਗਵਰਨਰ ਜਨਰਲ ਨਿਯੁਕਤ ਕਰ ਦਿੱਤਾ ਗਿਆ। ਲਾਰਡ ਹਾਰਡਿੰਗ ਇੱਕ ਪ੍ਰਸਿੱਧ ਸੈਨਾ ਨਾਇਕ ਸੀ। ਉਸ ਦੀ ਨਿਯੁਕਤੀ ਨਾਲ਼ ਸਿੱਖ ਵਿੱਚ ਇਹ ਭਾਵ ਪੈਦਾ ਹੋ ਗਿਆ ਕਿ ਐਲਨਬਰਾ ਨੂੰ ਜਾਣ ਬੁੱਝ ਕੇ ਲੰਡਨ ਵਿਖੇ ਵਾਪਸ ਬੁਲਾ ਲਿਆ ਗਿਆ ਹੈ ਅਤੇ ਉਸ ਦੀ ਥਾਂ 'ਤੇ ਉੱਘੇ ਸੈਨਾਨਇਕ ਨੂੰ ਭਾਰਤ ਭੇਜਿਆ ਗਿਆ ਹੈ, ਤਾਂ ਕਿ ਉਹ ਸਿੱਖਾਂ ਨਾਲ ਸਫ਼ਲਤਾਪੂਰਵਕ ਯੁੱਧ ਕਰ ਸਕੇ।

**ਅੰਗਰੇਜ਼ਾਂ ਦੀਆਂ ਫ਼ੌਜੀ ਤਿਆਰੀਆਂ (Military preparations of the British):-** ਐਲਨਬਰਾ ਦੀ ਨੀਤੀ ਉੱਤੇ ਚੱਲਦਿਆਂ ਹੋਇਆਂ ਲਾਰਡ ਹਾਰਡਿੰਗ ਨੇ ਸਿੱਖਾਂ ਨਾਲ਼ ਯੁੱਧ ਕਰਨ ਦੀਆਂ ਤਿਆਰੀਆਂ ਜਾਰੀ ਰੱਖੀਆਂ। ਉਸ ਨੇ ਪੰਜਾਬ ਦੀਆਂ ਸਰਹੱਦਾਂ ਉੱਤੇ ਸੈਨਿਕਾਂ ਅਤੇ ਤੋਪਾਂ ਦੀ ਗਿਣਤੀ ਵਧਾ ਦਿੱਤੀ। ਸਤਲੁਜ ਦਰਿਆ ਉੱਤੇ ਬੇੜੀਆਂ ਦਾ ਪੁਲ ਬਨਾਉਣ ਲਈ ਮੁੰਬਈ (ਬੰਬਈ) ਵਿੱਚ ਬੇੜੀਆਂ ਤਿਆਰ ਕੀਤੀਆਂ ਗਈਆਂ। ਅੰਗਰੇਜ਼ਾਂ ਦੀਆਂ ਇਹਨਾਂ ਸੈਨਿਕ ਤਿਆਰੀਆਂ ਤੋਂ ਸਿੱਧ ਹੁੰਦਾ ਸੀ ਕਿ ਉਹ ਸਿੱਖਾਂ ਨਾਲ਼ ਰੱਖਿਆਤਮਿਕ ਯੁੱਧ ਨਹੀਂ ਸਗੋਂ ਆਕਰਮਣਾਤਮਿਕ ਯੁੱਧ ਕਰਨਾ ਚਾਹੁੰਦੇ ਸਨ।

**ਸੁਚੇਤ ਸਿੰਘ ਦੇ ਖਜ਼ਾਨੇ ਦਾ ਮਾਮਲਾ (Question of Suchet Singh's Treasure):-** ਡੋਗਰਾ ਸਰਦਾਰ ਸੁਚੇਤ ਸਿੰਘ ਲਾਹੌਰ ਦਰਬਾਰ ਦੀ ਸੇਵਾ ਵਿੱਚ ਸੀ। 1844 ਈ: ਵਿੱਚ ਉਸ ਦੀ ਮੌਤ ਹੋ ਗਈ। ਉਹ 15 ਲੱਖ ਰੁਪਏ ਦੀ ਰਕਮ ਫਿਰੋਜ਼ਪੁਰ ਵਿੱਚ ਛੱਡ ਗਿਆ। ਕਿਉਂਕਿ ਸੁਚੇਤ ਸਿੰਘ ਦਾ ਕੋਈ ਪੁੱਤਰ ਨਹੀਂ ਸੀ। ਇਸ ਲਈ ਲਾਹੌਰ ਸਰਕਾਰ ਉਸ ਉੱਤੇ ਆਪਮਾ ਹੱਕ ਸਮਝਦੀ ਸੀ। ਪਰ ਇਸ ਹੱਕ ਨੂੰ ਅੰਗਰੇਜ਼ ਅਦਾਲਤੀ ਰੂਪ ਦੇਣਾ ਚਾਹੁੰਦੇ ਸਨ। ਇਸ ਨਾਲ਼ ਸਿੱਖਾਂ ਨੂੰ ਅੰਗਰੇਜ਼ਾਂ ਦੇ ਇਰਾਦਿਆਂ ਉੱਤੇ ਸ਼ੱਕ ਹੋਣ ਲੱਗਾ।

**ਮੌੜਾ ਪਿੰਡ ਦੇ ਮੁਆਮਲੇ ਉੱਤੇ ਮਤਭੇਦ (Disagreement over village Mowran):-** ਮੌੜਾਂ ਨਾਂ ਦਾ ਪਿੰਡ ਨਾਭਾ ਰਾਜ ਵਿੱਚ ਸਥਿਤ ਸੀ। ਉਹ ਪਿੰਡਾ ਨਾਭਾ ਦੇ ਹਾਕਮ ਜਸਵੰਤ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਦੇ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਅੱਗੇ ਉਹ ਪਿੰਡ ਸਰਦਾਰ ਧੰਨਾ ਸਿੰਘ ਨੂੰ ਦੇ ਦਿੱਤਾ। 1843 ਈ: ਵਿੱਚ ਨਾਭਾ ਦਾ ਰਾਜਾ ਦਵਿੰਦਰ ਸਿੰਘ ਸਰਦਾਰ ਧੰਨਾ ਸਿੰਘ ਨਾਲ਼ ਨਾਰਾਜ ਹੋ ਗਿਆ। ਉਸ ਨੇ ਮੌੜਾਂ ਪਿੰਡ ਸਰਦਾਰ ਧੰਨਾ ਸਿੰਘ ਤੋਂ ਵਾਪਿਸ ਲੈ ਲਿਆ। ਇਸ ਲਈ ਲਾਹੌਰ ਸਰਕਾਰ ਨੇ ਇਸ ਦਾ ਵਿਰੋਧ ਕੀਤਾ। ਪਰ ਅੰਗਰੇਜ਼ਾਂ ਨੇ ਨਾਭਾ ਦੇ ਰਾਜੇ ਦਾ, ਜੋ ਉਹਨਾਂ ਦੀ ਰੱਖਿਆ ਹੇਠ ਸੀ ਪੱਖ ਲਿਆ। ਸਿੱਖਾਂ ਨੂੰ ਇਹ ਗੱਲ ਚੰਗੀ ਨਾ ਲੱਗੀ।

**ਮੇਜਰ ਬਰਾਡਫੁੱਟ ਦੀਆਂ ਸਿੱਖਾਂ ਵਿਰੁੱਧ ਕਾਰਵਾਈਆਂ (Broadfoot's Measures against the Sikhs):-** ਨਵੰਬਰ 1844 ਈ: ਵਿੱਚ ਮੇਜਰ ਬਰਾਡਫੁੱਟ ਲੁਧਿਆਣਾ ਵਿਖੇ ਬ੍ਰਿਟਿਸ਼ ਏਜੰਟ ਨਿਯੁਕਤ

ਹੋਇਆ। ਉਹ ਸਿੱਖਾਂ ਪ੍ਰਤਿ ਘ੍ਰਿਣਾ ਦੀਆਂ ਭਾਵਨਾਵਾਂ ਰੱਖਦਾ ਸੀ। ਇਸ ਲਈ ਉਸ ਨੇ ਸਿੱਖਾਂ ਵਿਰੁੱਧ ਕਈ ਅਜਿਹੀਆਂ ਕਾਰਵਾਈਆਂ ਕੀਤੀਆਂ, ਜਿਸ ਨਾਲ਼ ਸਿੱਖ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕ ਉੱਠੇ।

**ਲਾਲ ਸਿੰਘ ਅਤੇ ਤੇਜ ਸਿੰਘ ਦਾ ਸਿੱਖ ਸੈਨਾ ਨੂੰ ਉਕਸਾਉਣਾ—** ਸਤੰਬਰ 1845 ਈ: ਵਿੱਚ ਲਾਲ ਸਿੰਘ ਲਾਹੌਰ ਰਾਜ ਦਾ ਪ੍ਰਧਾਨ ਮੰਤਰੀ ਬਣਿਆ। ਉਸ ਵੇਲੇ ਹੀ ਤੇਜ ਸਿੰਘ ਨੂੰ ਸਿੱਖ ਸੈਨਾ ਦਾ ਪ੍ਰਧਾਨ ਸੈਨਾਪਤੀ ਥਾਪਿਆ ਗਿਆ। ਉਸ ਸਮੇਂ ਤੱਕ ਸਿੱਖ ਸੈਨਾ ਦੀ ਤਾਕਤ ਬਹੁਤ ਵਧ ਗਈ ਸੀ। ਰਾਜ ਦੇ ਸਾਰੇ ਹੀ ਮਹੱਤਵਪੂਰਨ ਫੈਸਲੇ ਸੈਨਾ ਦੁਆਰਾ ਹੀ ਕੀਤੇ ਜਾਂਦੇ ਸਨ। ਲਾਲ ਸਿੰਘ ਅਤੇ ਤੇਜ ਸਿੰਘ ਸੈਨਾ ਤੋਂ ਬਹੁਤ ਡਰਦੇ ਸਨ। ਗੁਪਤ ਰੂਪ ਵਿੱਚ ਉਹ ਦੋਵੇਂ ਸਰਦਾਰ ਅੰਗਰੇਜ਼ ਸਰਕਾਰ ਨਾਲ਼ ਮਿਲ ਗਏ ਸਨ। ਸਿੱਖ ਸੈਨਾ ਨੂੰ ਕਮਜ਼ੋਰ ਕਰਨ ਲਈ ਹੀ ਉਹਨਾਂ ਨੇ ਸਿੱਖ ਸੈਨਾ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕਾਇਆ।

**ਗਵਰਨਰ ਜਨਰਲ ਦੁਆਰਾ ਯੁੱਧ ਦਾ ਐਲਾਨ (Declaration of War by Governor General):-** ਉਪਰੋਕਤ ਕਾਰਨਾਂ ਤੋਂ ਸਪੱਸ਼ਟ ਹੈ ਕਿ ਅੰਗਰੇਜ਼ ਸਿੱਖਾਂ ਨਾਲ ਲੜਨਾ ਚਾਹੁੰਦੇ ਸਨ। 13 ਦਸੰਬਰ 1845 ਈ: ਨੂੰ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਸਿੱਖਾਂ ਵਿਰੁੱਧ ਯੁੱਧ ਦਾ ਐਲਾਨ ਕਰ ਦਿੱਤਾ।

## (ਅ) ਘਟਨਾਵਾਂ (Events)


11 ਦਸੰਬਰ 1845 ਈ: ਨੂੰ ਲਗਪਗ 60,000 ਸਿੱਖ ਸੈਨਿਕਾਂ ਨੇ ਲਾਲ ਸਿੰਘ ਅਤੇ ਤੇਜ ਸਿੰਘ ਦੀ ਅਗਵਾਈ ਵਿੱਚ ਸਤਲੁਜ ਦਰਿਆ ਨੂੰ ਪਾਰ ਕੀਤਾ। 13 ਦਸੰਬਰ ਨੂੰ ਲਾਰਡ ਹਾਰਡਿੰਗ ਨੇ ਸਿੱਖਾਂ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ।

**ਮੁਦਕੀ ਦੀ ਲੜਾਈ**, 18 **ਦਸੰਬਰ**, 1845**ਈ: (Battle of Mudki, 18 December, 1845 A.D.):-** ਸਰ ਹਿਊਗ ਗਫ਼ (Sir Hugh Gough) ਦੀ ਅਗਵਾਈ ਹੇਠ ਅੰਗਰੇਜ਼ ਸੈਨਾ ਫਿਰੋਜ਼ਸ਼ਾਹ ਤੋਂ 15-16 ਕਿਲੋਮੀਟਰ ਦੂਰ ਮੁਦਕੀ ਨਾਂ ਦੇ ਸਥਾਨ 'ਤੇ ਜਾ ਪੁੱਜੀ। ਲਾਲ ਸਿੰਘ ਛੋਟੀ ਜਿਹੀ ਸਿੱਖ ਸੈਨਾ ਨੂੰ ਮੁਦਕੀ ਲੈ ਆਇਆ। 18 ਦਸੰਬਰ 1845 ਈ: ਨੂੰ ਲੜਾਈ ਸ਼ੁਰੂ ਹੋਈ। ਪਰ ਲੜਾਈ ਸ਼ੁਰੂ ਹੁੰਦਿਆਂ ਹੀ ਲਾਲ ਸਿੰਘ ਪਹਿਲਾਂ ਨਿਸਚਿਤ ਕੀਤੀ ਯੋਜਨਾ ਅਨੁਸਾਰ, ਮੈਦਾਨ ਵਿੱਚੋਂ ਭੱਜ ਨਿਕਲਿਆ। ਸਿੱਖ ਸੈਨਿਕ ਬੜੀ ਬਹਾਦਰੀ ਨਾਲ਼ ਲੜੇ। ਪਰ ਆਪਣੀ ਘੱਟ ਗਿਣਤੀ ਅਤੇ ਨੇਤਾ ਦੀ ਗੱਦਾਰੀ ਕਾਰਨ ਉਹਨਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

**ਫਿਰੋਜ਼ਸ਼ਾਹ ਜਾਂ ਫਿਰੋਜ਼ਸ਼ਹਿਰ ਦੀ ਲੜਾਈ, 21 ਦਸੰਬਰ 1845 ਈ: (Battle of Ferozeshah or Ferozeshahar, 21 December 1845 A.D.):-** ਮੁਦਕੀ ਦੀ ਲੜਾਈ ਪਿੱਛੋਂ 20 ਦਸੰਬਰ, 1845 ਈ: ਨੂੰ ਫਿਰੋਜ਼ਪੁਰ ਤੋਂ ਜਾਨ ਲਿਟਲਰ (John Littler) ਅਧੀਨ ਅੰਗਰੇਜ਼ ਸੈਨਾ ਹਿਊਗ ਗਫ ਦੀ ਸੈਨਾ ਨਾਲ਼ ਜਾ ਮਿਲੀ। 21 **ਦਸੰਬਰ ਨੂੰ ਬ੍ਰਿਟਿਸ਼ ਸੈਨਾ ਨੇ ਫਿਰੋਜ਼ਸ਼ਾਹ ਜਾਂ ਫਿਰੋਜ਼ਸ਼ਹਿਰ ਵਿਖੇ ਸਿੱਖ ਸੈਨਾ ਉੱਤੇ ਹਮਲਾ ਕਰ ਦਿੱਤਾ। ਇਸ ਯੁੱਧ ਵਿਚ ਲਾਲ ਸਿੰਘ ਅਤੇ ਤੇਜ ਸਿੰਘ ਸਿੱਖ ਸੈਨਾ ਦੀ** ਅਗਵਾਈ ਕਰ ਰਹੇ ਸਨ। ਸਿੱਖ ਸੈਨਿਕਾਂ ਨੇ ਆਸਾਧਰਨ ਦਲੇਰੀ ਅਤੇ ਬਹਾਦਰੀ ਨਾਲ਼ ਵੈਰੀ ਦਾ ਮੁਕਾਬਲਾ ਕੀਤਾ। ਸਿੱਖਾਂ ਦੀਆਂ ਤੋਪਾਂ ਨੇ ਵੈਰੀ ਦੀਆਂ ਤੋਪਾਂ ਦਾ 1/3 ਭਾਗ ਨਕਾਰਾ ਕਰ ਦਿੱਤਾ। ਪਰ ਰਾਤ ਨੂੰ ਲਾਲ ਸਿੰਘ ਰਣਖੇਤਰ ਵਿੱਚੋਂ ਨੱਸ ਗਿਆ। ਦੂਜੇ ਪਾਸੇ ਤੇਜ ਸਿੰਘ, ਜਿਹੜਾ ਕਿ ਸਿੱਖਾਂ ਦੀ ਫ਼ੌਜ ਦੀ ਜਿੱਤ ਨਹੀਂ ਸੀ ਚਾਹੁੰਦਾ, ਸਿੱਖਾਂ ਦੇ ਨਵੇਂ ਅਤੇ ਤਾਜ਼ਾ ਦਮ ਦਸਤੇ ਆਉਣ ਤੇ ਵੀ ਮੈਦਾਨ ਵਿੱਚੋਂ ਭੱਜ ਗਿਆ। ਫਲਸਰੂਪ ਅੰਗਰੇਜ਼ ਹਾਰਦੇ-ਹਾਰਦੇ ਜਿੱਤ ਗਏ।

**ਬੱਦੋਵਾਲ ਦੀ ਲੜਾਈ, 21 ਜਨਵਰੀ** 1846 **ਈ: (Battle of Baddowal, 21 January, 1846):-** 21 ਜਨਵਰੀ, 1846 ਈ: ਨੂੰ ਸਰਦਾਰ ਰਣਜੋਧ ਸਿੰਘ ਮਜੀਠਿਆ ਨੇ ਲਾਡਵੇ ਦੇ ਸਰਦਾਰ ਅਜੀਤ ਸਿੰਘ ਨਾਲ਼ ਮਿਲ਼ ਕੇ ਆਪਣੀ ਸੈਨਾ ਸਹਿਤ ਸਤਲੁਜ ਦਰਿਆ ਨੂੰ ਪਾਰ ਕੀਤਾ। ਉਹਨਾਂ ਨੇ

## 1947 ਤੋਂ ਪਹਿਲਾਂ ਦਾ ਪੰਜਾਬ
## ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ (1845-46)



ਲੁਧਿਆਣਾ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਵੀ ਪੂਰੀਆਂ ਕਰ ਲਈਆਂ। ਪਤਾ ਲੱਗਣ 'ਤੇ ਸਰ ਹੈਨਰੀ ਸਮਿੱਥ (Sir Henry Smith) ਨੇ ਆਪਣੀ ਸੈਨਾ ਸਹਿਤ ਲੁਧਿਆਣਾ ਦੀ ਰੱਖਿਆ ਲਈ ਕੂਚ ਕੀਤਾ। ਬੱਦੋਵਾਲ ਪਿੰਡ ਵਿਖੇ ਦੋਹਾਂ ਧਿਰਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਸਰਦਾਰ ਰਣਜੋਧ ਸਿੰਘ ਦੀ ਜਿੱਤ ਹੋਈ। ਅੰਗਰੇਜ਼ਾਂ ਦਾ ਕਾਫੀ ਸਮਾਨ ਅਤੇ ਭੋਜਨ-ਪਦਾਰਥ ਸਿੱਖਾਂ ਦੇ ਹੱਥ ਲੱਗਾ।

**ਅਲੀਵਾਲ ਦੀ ਲੜਾਈ, 28 ਜਨਵਰੀ, 1846 ਈ: (Battle of Aliwal, 28 January, 1846 A.D.):-** ਫ਼ਿਰੋਜ਼ਪੁਰ ਤੋਂ ਸਹਾਇਕ ਸੈਨਾ ਆਉਣ 'ਤੇ ਸਰ ਹੈਨਰੀ ਸਮਿੱਥ ਨੇ 28 ਜਨਵਰੀ, 1846 ਈ: ਨੂੰ ਅਚਾਨਕ ਹੀ ਅਲੀਵਾਲ ਵਿਖੇ ਸਰਦਾਰ ਰਣਜੋਧ ਸਿੰਘ ਦੀ ਅਗਵਾਈ ਵਿੱਚ ਡੇਰਾ ਲਾਈ ਬੈਠੀ ਸੈਨਾ ਉੱਤੇ ਧਾਵਾ ਬੋਲ ਦਿੱਤਾ। ਇਸ ਲਈ ਸਿੱਖ ਸੈਨਾ ਭੱਜ ਕੇ ਸਤਲੁਜ ਪਾਰ ਕਰ ਗਈ। ਅੰਗਰੇਜ਼ਾਂ ਦੀ ਜਿੱਤ ਹੋਈ।

**ਸਭਰਾਉਂ ਦੀ ਲੜਾਈ, 10 ਫਰਵਰੀ 1846 ਈ: (Battle for Sabroan, 10 Febraury 1846 A.D.):-** ਸਿੱਖ ਸੈਨਾ ਨੇ ਤੇਜ ਸਿੰਘ ਅਤੇ ਲਾਲ ਸਿੰਘ ਅਧੀਨ ਸਭਰਾਉਂ ਵਿਖੇ ਡੇਰੇ ਲਾ ਰੱਖੇ ਸਨ। ਉਹਨਾਂ ਨੇ ਅੰਗਰੇਜ਼ਾਂ ਨੂੰ ਸੰਭਲਣ ਲਈ ਤੇਰ੍ਹਾ ਦਿਨ ਦਾ ਮੌਕਾ ਦਿੱਤਾ ਅਤੇ ਉਹਨਾਂ ਉੱਤੇ ਕੋਈ ਹਮਲਾ ਨਾ ਕੀਤਾ। 10 ਫਰਵਰੀ, 1846 ਈ: ਨੂੰ ਜਦੋਂ ਸਿੱਖਾਂ ਅਤੇ ਅੰਗਰੇਜ਼ਾਂ ਵਿੱਚ ਯੁੱਧ ਸ਼ੁਰੂ ਹੋਇਆ ਤਾਂ ਤੇਜ ਸਿੰਘ ਅਤੇ ਲਾਲ ਸਿੰਘ ਯੁੱਧ ਸ਼ੁਰੂ ਹੁੰਦਿਆਂ ਹੀ ਲੜਾਈ ਦੇ ਮੈਦਾਨ ਵਿੱਚੋਂ ਨੱਸ ਗਏ। ਸ਼ਾਮ ਸਿੰਘ ਅਟਾਰੀਵਾਲਾ ਮਰਦੇ ਦਮ ਤੱਕ ਵੈਰੀ ਨਾਲ਼ ਲੜਦਾ ਰਿਹਾ। ਉਸ ਦੀ ਮੌਤ ਹੋ ਜਾਣ 'ਤੇ ਸਿੱਖ ਸੈਨਾ ਦੀ ਹਾਰ ਹੋ ਗਈ।

ਸਭਰਾਉਂ ਦੀ ਜਿੱਤ ਪਿੱਛੋਂ ਅੰਗਰੇਜ਼ ਸੈਨਾ ਨੇ ਸਤਲੁਜ ਪਾਰ ਕੀਤਾ। ਲਾਹੌਰ ਵੱਲ ਵਧ ਰਹੀ ਉਸ ਸੈਨਾ ਦਾ ਸਿੱਖਾਂ ਨੇ ਕੋਈ ਵਿਰੋਧ ਨਾ ਕੀਤਾ। ਅੰਗਰੇਜ਼ ਸੈਨਾ 20 ਫਰਵਰੀ 1846 ਈ: ਨੂੰ ਲਾਹੌਰ ਪਹੁੰਚ ਗਈ।

## (ੲ) ਲਾਹੌਰ ਦੀਆਂ ਸੰਧੀਆਂ
## (Treaties of Lahore)

**ਲਾਹੌਰ ਦੀ ਪਹਿਲੀ ਸੰਧੀ 9 ਮਾਰਚ 1846 ਈ: (First Treaty of Lahore 9 March 1846 A.D.):-** ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਦ ਗਵਰਨਰ ਜਨਰਲ ਲਾਰਡ ਹਾਰਡਿੰਗ ਨੇ ਲਾਹੌਰ ਸਰਕਾਰ ਨਾਲ਼ ਸੰਧੀ ਕੀਤੀ। ਉਸ ਸੰਧੀ ਦੀਆਂ ਮੁੱਖ ਧਾਰਾਵਾਂ ਇਸ ਪ੍ਰਕਾਰ ਸਨ—

(i) ਬ੍ਰਿਟਿਸ਼ ਸਰਕਾਰ, ਮਹਾਰਾਜਾ ਦਲੀਪ ਸਿੰਘ ਅਤੇ ਉਸ ਦੇ ਉੱਤਰਾਧਿਕਾਰੀਆਂ ਵਿਚਕਾਰ ਸਦਾ ਮਿੱਤਰਤਾ ਬਣੀ ਰਹੇਗੀ।

(ii) ਲਾਹੌਰ ਦੇ ਮਹਾਰਾਜਾ ਨੇ ਆਪਣੇ ਅਤੇ ਆਪਣੇ ਉੱਤਰਾਧਿਕਾਰੀਆਂ ਵੱਲੋਂ ਸਤਲੁਜ ਦਰਿਆ ਦੇ ਦੱਖਣ ਵਿੱਚ ਸਥਿਤ ਸਾਰੇ ਇਲਾਕਿਆਂ ਤੋਂ ਹਮੇਸ਼ਾਂ ਲਈ ਆਪਣਾ ਅਧਿਕਾਰ ਹਟਾ ਲੈਣਾ ਸਵੀਕਾਰ ਕਰ ਲਿਆ।

(iii) ਮਹਾਰਾਜਾ ਨੇ ਸਤਲੁਜ ਅਤੇ ਬਿਆਸ ਦਰਿਆਵਾਂ ਵਿਚਕਾਰਲੇ ਸਾਰੇ ਕਿਲ੍ਹੇ ਅੰਗਰੇਜ਼ਾਂ ਦੇ ਹਵਾਲੇ ਕਰ ਦਿੱਤੇ।

(iv) ਅੰਗਰੇਜ਼ਾਂ ਨੇ ਯੁੱਧ ਦੇ ਹਰਜਾਨੇ ਵਜੋਂ ਲਾਹੌਰ ਸਰਕਾਰ ਤੋਂ ਡੇਢ ਕਰੋੜ ਰੁਪਏ ਦੀ ਧਨ ਰਾਸ਼ੀ ਦੀ ਮੰਗ ਕੀਤੀ।

(v) ਮਹਾਰਾਜਾ ਨੇ ਲਾਹੌਰ ਸੈਨਾ ਦੇ ਵਿਦਰੋਹੀ ਦਸਤਿਆਂ ਨੂੰ ਤੋੜ ਦੇਣ ਅਤੇ ਉਹਨਾਂ ਤੋਂ ਹਥਿਆਰ ਖੋਹ ਲੈਣ ਦਾ ਵਚਨ ਦਿੱਤਾ।

(vi) ਇਹ ਫ਼ੈਸਲਾ ਹੋਇਆ ਕਿ ਲਾਹੌਰ ਰਾਜ ਦੀ ਪੈਦਲ ਸੈਨਾ 20 ਹਜ਼ਾਰ ਅਤੇ 12 ਹਜ਼ਾਰ ਘੋੜ-ਸਵਾਰ ਹੋਣਗੇ।

(vii) ਮਹਾਰਾਜਾ ਬ੍ਰਿਟਿਸ਼ ਸਰਕਾਰ ਦੀ ਮੰਨਜ਼ੂਰੀ ਤੋਂ ਬਿਨ੍ਹਾਂ ਕਿਸੇ ਅੰਗਰੇਜ ਯੂਰਪੀਅਨ ਜਾਂ ਅਮਰੀਕਨ ਨੂੰ ਆਪਣੀ ਸੇਵਾ ਵਿੱਚ ਨਹੀਂ ਲਵੇਗਾ।

(viii) ਬ੍ਰਿਟਿਸ਼ ਸਰਕਾਰ ਨੇ ਦਲੀਪ ਸਿੰਘ ਨੂੰ ਲਾਹੌਰ ਦਾ ਮਹਾਰਾਜਾ, ਰਾਣੀ ਜਿੰਦਾਂ ਨੂੰ ਉਸ ਦੀ ਸਰਪ੍ਰਸਤ ਅਤੇ ਲਾਲ ਸਿੰਘ ਨੂੰ ਪ੍ਰਧਾਨ ਮੰਤਰੀ ਸਵੀਕਾਰ ਕਰ ਲਿਆ।

(ix) ਬ੍ਰਿਟਿਸ਼ ਸਰਕਾਰ ਦੀ ਮਨਜ਼ੂਰੀ ਬਿਨਾ ਲਾਹੌਰ ਰਾਜ ਦੀਆਂ ਹੱਦਾਂ ਨਹੀਂ ਬਦਲੀਆਂ ਜਾਣਗੀਆਂ।

(x) ਬ੍ਰਿਟਿਸ਼ ਸਰਕਾਰ ਲਾਹੌਰ ਰਾਜ ਦੇ ਅੰਦਰੂਨੀ ਮਾਮਲਿਆਂ ਵਿੱਚ ਕੋਈ ਦਖ਼ਲ ਨਹੀਂ ਦੇਵੇਗੀ।

(xi) ਜੇ ਕਰ ਬ੍ਰਿਟਿਸ਼ ਸਰਕਾਰ-ਗੁਲਾਬ ਸਿੰਘ ਨੂੰ ਕੁਝ ਪਹਾੜੀ ਇਲਾਕੇ ਦੇਵੇ ਤਾਂ ਮਹਾਰਾਜਾ ਉਹਨਾਂ ਇਲਾਕਿਆਂ ਉੱਤੇ ਉਸ ਦੀ ਮਲਕੀਅਤ ਸ੍ਵੀਕਾਰ ਕਰੇਗਾ।

**ਲਾਹੌਰ ਦੀ ਦੂਜੀ ਸੰਧੀ, 11 ਮਾਰਚ, 1846 ਈ: (Supplementary Articles of Agreement, 11 March, 1846 A.D.):-** ਲਾਲ ਸਿੰਘ ਆਦਿ ਦੀ ਬੇਨਤੀ ਉੱਤੇ 11 ਮਾਰਚ, 1846 ਈ: ਵਿੱਚ ਲਾਹੌਰ ਦੀ ਦੂਜੀ ਸੰਧੀ ਹੋਈ। ਉਸ ਸੰਧੀ ਦੀਆਂ ਮੁੱਖ ਧਾਰਾਵਾਂ ਇਹ ਸਨ—

(i) ਬ੍ਰਿਟਿਸ਼ ਸਰਕਾਰ ਮਹਾਰਾਜਾ ਦਲੀਪ ਸਿੰਘ ਅਤੇ ਸ਼ਹਿਰ ਵਾਸੀਆਂ ਦੀ ਰੱਖਿਆ ਲਈ ਲਾਹੌਰ ਵਿੱਚ 1846 ਈ: ਦੇ ਅੰਤ ਤੱਕ ਵੱਡੀ ਸੰਖਿਆ ਵਿੱਚ ਸੈਨਾ ਰੱਖੇਗੀ।

(ii) ਲਾਹੌਰ ਦਾ ਕਿਲ੍ਹਾ ਅਤੇ ਸ਼ਹਿਰ ਅੰਗਰੇਜ਼ ਸੈਨਾ ਦੇ ਅਧਿਕਾਰ ਵਿੱਚ ਹੋਵੇਗਾ।

(iii) ਲਾਹੌਰ ਸਰਕਾਰ 9 ਮਾਰਚ, 1846 ਈ: ਦੀ ਸੰਧੀ ਰਾਹੀਂ ਅੰਗਰੇਜ਼ਾਂ ਨੂੰ ਦਿੱਤੇ ਗਏ ਪ੍ਰਦੇਸ਼ਾਂ ਵਿਚਲੇ ਜਾਗੀਰਦਾਰਾਂ ਅਤੇ ਅਧਿਕਾਰੀਆਂ ਦਾ ਸਨਮਾਨ ਕਰੇਗੀ।

(iv) ਲਾਹੌਰ ਸਰਕਾਰ ਨੂੰ ਅੰਗਰੇਜ਼ਾਂ ਨੂੰ ਦਿੱਤੇ ਗਏ ਇਲਾਕਿਆਂ ਦੇ ਕਿਲ੍ਹਿਆਂ ਵਿੱਚੋਂ, ਤੋਪਾਂ ਨੂੰ ਛੱਡ ਕੇ ਖਜ਼ਾਨਾ ਅਤੇ ਸੰਪਤੀ ਕੱਢ ਕੇ ਲਿਆਉਣ ਦਾ ਅਧਿਕਾਰ ਹੋਵੇਗਾ।

**ਲਾਹੌਰ ਦੀਆਂ ਸੰਧੀਆਂ ਦੀ ਮਹੱਤਤਾ (Significance of the Treaties of Lahore):- ਭਾਵੇਂ ਲਾਰਡ** ਹਾਰਡਿੰਗ ਨੇ ਸਿੱਖਾਂ ਨੂੰ ਹਰਾ ਕੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕੀਤਾ ਪਰ ਲਾਹੌਰ ਸਰਕਾਰ ਨੂੰ ਕਮਜ਼ੋਰ ਜ਼ਰੂਰ ਕਰ ਦਿੱਤਾ। ਅੰਗਰੇਜ਼ਾਂ ਨੇ ਲਾਹੌਰ ਰਾਜ ਦੇ ਸਤਲੁਜ ਦੇ ਦੱਖਣ ਵਿਚਲੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ। ਉਹਨਾਂ ਨੇ ਦੁਆਬਾ ਬਿਸਤ ਜਲੰਧਰ ਦੇ ਉਪਜਾਊ ਇਲਾਕਿਆਂ ਉੱਤੇ ਵੀ ਅਧਿਕਾਰ ਕਰ ਲਿਆ। ਕਸ਼ਮੀਰ, ਕਾਂਗੜਾ ਅਤੇ ਹਜ਼ਾਰਾ ਦੇ ਪਹਾੜੀ ਰਾਜ ਵੀ ਲਾਹੌਰ ਰਾਜ ਤੋਂ ਅਜ਼ਾਦ ਕਰ ਦਿੱਤੇ ਗਏ। ਲਾਹੌਰ ਰਾਜ ਦੀ ਸੈਨਾ ਘਟਾ ਦਿੱਤੀ ਗਈ। ਲਾਹੌਰ ਰਾਜ ਤੋਂ ਬਹੁਤ ਵੱਡੀ ਧਨ ਰਾਸ਼ੀ ਵਸੂਲ ਕੀਤੀ ਗਈ। ਪੰਜਾਬ ਨੂੰ ਆਰਥਿਕ ਅਤੇ ਸੈਨਿਕ ਰੂਪ ਵਿੱਚ ਏਨਾ ਕਮਜ਼ੋਰ ਕਰ ਦਿੱਤਾ ਗਿਆ ਕਿ ਅੰਗਰੇਜ਼ ਜਦੋਂ ਵੀ ਚਾਹੁਣ ਉਸ ਉੱਤੇ ਕਬਜ਼ਾ ਕਰ ਸਕਦੇ ਸਨ।

## ਭੈਰੋਵਾਲ ਦੀ ਸੰਧੀ, 26 ਦਸੰਬਰ, 1846 ਈ:
## (Treaty of Bhayrowal, 26 December, 1846 A.D.)

ਲਾਹੌਰ ਦੀ ਸੰਧੀ ਤੋਂ ਬਾਅਦ ਭੈਰੋਵਾਲ ਦੀ ਸੰਧੀ ਹੋਈ। ਉਸ ਦੇ ਹੇਠ ਦਿੱਤੇ ਗਏ ਕਾਰਨ ਸਨ—

**ਕਾਰਨ (Causes):-** ਲਾਹੌਰ ਦੀ ਸੰਧੀ ਅਨੁਸਾਰ ਮਹਾਰਾਜਾ ਅਤੇ ਸ਼ਹਿਰੀਆਂ ਦੀ ਰੱਖਿਆ ਲਈ ਲਾਹੌਰ ਵਿੱਚ ਇੱਕ ਸਾਲ ਲਈ ਅੰਗਰੇਜ਼ੀ ਸੈਨਾ ਰਹਿਣੀ ਸੀ। ਜਦੋਂ ਸਾਲ ਖਤਮ ਹੋਣ ਲੱਗਾ ਤਾਂ ਹਾਰਡਿੰਗ ਨੇ ਸੋਚਿਆ ਕਿ ਅੱਗੋਂ ਲਈ ਵੀ ਅੰਗਰੇਜ਼ ਸੈਨਾ ਲਾਹੌਰ ਵਿੱਚ ਰੱਖੀ ਜਾਵੇ ਅਤੇ ਉੱਥੇ ਬ੍ਰਿਟਿਸ਼ ਰੈਜੀਡੈਂਟ ਵੀ ਨਿਯੁਕਤ ਕੀਤਾ ਜਾਵੇ। ਮਹਾਰਾਣੀ ਜਿੰਦਾਂ ਇਹ ਗੱਲ ਨਹੀਂ ਸੀ ਚਾਹੁੰਦੀ। ਇਸ 'ਤੇ 15 ਦਸੰਬਰ 1846 ਈ: ਨੂੰ ਲਾਹੌਰ ਦਰਬਾਰ ਦੇ ਮੰਤਰੀਆਂ ਅਤੇ ਸਰਦਾਰਾਂ ਦੀ ਇੱਕ ਵਿਸ਼ੇਸ਼ ਸਭਾ ਬੁਲਾਈ ਗਈ। ਉਸ ਸਭਾ ਵਿੱਚ ਗਵਰਨਰ-ਜਨਰਲ ਦੀਆਂ ਕੇਵਲ ਉਹਨਾਂ ਸ਼ਰਤਾਂ ਦਾ ਐਲਾਨ ਕੀਤਾ ਗਿਆ ਜਿਨ੍ਹਾਂ ਦੇ ਆਧਾਰ 'ਤੇ ਉਹ 1846 ਈ: ਪਿੱਛੋਂ ਲਾਹੌਰ ਵਿੱਚ ਅੰਗਰੇਜ਼ੀ ਸੈਨਾ ਰੱਖਣ ਲਈ ਤਿਆਰ ਸਨ। ਮਹਾਰਾਣੀ ਜਿੰਦਾਂ ਨੂੰ ਛੱਡ

ਕੇ ਪ੍ਰਮੁੱਖ ਸਰਦਾਰਾਂ ਨੇ 16 ਦਸੰਬਰ ਨੂੰ ਸੰਧੀ-ਪੱਤਰ ਉੱਤੇ ਹਸਤਾਖਰ ਕਰ ਦਿੱਤੇ। ਉਸ ਸੰਧੀ ਦੀਆਂ ਧਾਰਾਵਾਂ ਇਸ ਪ੍ਰਕਾਰ ਹਨ—

**ਧਾਰਾਵਾਂ (Terms)**

(i) ਲਾਹੌਰ ਵਿਖੇ ਗਵਰਨਰ ਜਨਰਲ ਦੁਆਰਾ ਨਿਯੁਕਤ ਕੀਤਾ ਗਿਆ ਇੱਕ ਬ੍ਰਿਟਿਸ਼ ਰੈਜੀਡੈਂਟ ਰਹੇਗਾ।

(ii) ਮਹਾਰਾਜਾ ਦਲੀਪ ਸਿੰਘ ਦੇ ਨਾਬਾਲਗ਼ ਕਾਲ ਵਿੱਚ ਰਾਜ ਦਾ ਸ਼ਾਸ਼ਨ ਪ੍ਰਬੰਧ ਅੱਠ ਸਰਦਾਰਾਂ ਦੀ ਕੌਂਸਲ ਆਫ਼ ਰੀਜੈਂਸੀ ਰਾਹੀਂ ਚਲਾਇਆ ਜਾਵੇਗਾ। ਉਹਨਾਂ ਸਰਦਾਰਾਂ ਦੇ ਨਾਂ ਸੰਧੀ ਵਿੱਚ ਦਿੱਤੇ ਗਏ।

(iii) ਕੌਂਸਲ ਆਫ਼ ਰੀਜੈਂਸੀ ਬ੍ਰਿਟਿਸ਼ ਰੈਜੀਡੈਂਟ ਦੀ ਸਲਾਹ ਨਾਲ ਪ੍ਰਸ਼ਾਸਨ ਦਾ ਕੰਮ ਕਰੇਗੀ।

(iv) ਮਹਾਰਾਣੀ ਜਿੰਦਾਂ ਨੂੰ ਰਾਜ ਤੋਂ ਵੱਖ ਕਰ ਦਿੱਤਾ ਗਿਆ। ਉਸ ਨੂੰ ਡੇਢ ਲੱਖ ਰੁਪਿਆ ਪੈਨਸ਼ਨ ਦਿੱਤੀ ਗਈ।

(v) ਮਹਾਰਾਜਾ ਦਲੀਪ ਸਿੰਘ ਦੀ ਰੱਖਿਆ ਲਈ ਅਤੇ ਸ਼ਾਂਤੀ ਕਾਇਮ ਰੱਖਣ ਲਈ ਬ੍ਰਿਟਿਸ਼ ਸੈਨਾ ਲਾਹੌਰ ਵਿੱਚ ਰਹੇਗੀ।

(vi) ਜੇਕਰ ਗਵਰਨਰ ਜਨਰਲ ਜ਼ਰੂਰੀ ਸਮਝੇ ਤਾਂ ਉਸ ਦੇ ਹੁਕਮ ਨਾਲ ਬ੍ਰਿਟਿਸ਼ ਸੈਨਿਕ ਲਾਹੌਰ ਰਾਜ ਦੇ ਕਿਸੇ ਵੀ ਕਿਲ੍ਹੇ ਜਾਂ ਸੈਨਿਕ ਛਾਉਣੀ ਉੱਤੇ ਕਬਜ਼ਾ ਕਰ ਸਕਣਗੇ।

(vii) ਬ੍ਰਿਟਿਸ਼ ਸੈਨਾ ਦੇ ਖਰਚ ਲਈ ਲਾਹੌਰ ਰਾਜ ਬ੍ਰਿਟਿਸ਼ ਸਰਕਾਰ ਨੂੰ 22 ਲੱਖ ਰੁਪਏ ਸਾਲਾਨਾ ਦੇਵੇਗਾ।

(viii) ਇਸ ਸੰਧੀ ਦੀਆਂ ਸ਼ਰਤਾਂ ਮਹਾਰਾਜਾ ਦਲੀਪ ਸਿੰਘ ਦੇ ਬਾਲਗ਼ ਹੋਣ (4 ਸਤੰਬਰ, 1854 ਈ:) ਤੱਕ ਲਾਗੂ ਰਹਿਣਗੀਆਂ।

**ਮਹੱਤਵ (Significance):-** ਭੈਰੋਵਾਲ ਦੀ ਸੰਧੀ ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿੱਚ ਬੜੀ ਮਹੱਤਤਾ ਰੱਖਦੀ ਹੈ।

(i) ਇਸ ਸੰਧੀ ਨਾਲ ਅੰਗਰੇਜ਼ ਪੰਜਾਬ ਦੇ ਮਾਲਕ ਬਣ ਗਏ। ਲਾਹੌਰ ਰਾਜ ਦੇ ਪ੍ਰਸ਼ਾਸਨਿਕ ਮਾਮਲਿਆਂ ਵਿੱਚ ਬ੍ਰਿਟਿਸ਼ ਰੈਜੀਡੈਂਟ ਨੂੰ ਅਸੀਮਤ ਅਧਿਕਾਰ ਅਤੇ ਸ਼ਕਤੀਆਂ ਦੇ ਦਿੱਤੀਆਂ ਗਈਆਂ। ਹੈਨਰੀ ਲਾਰੈਂਸ (Henry Lawrence) ਨੂੰ ਪੰਜਾਬ ਵਿੱਚ ਪਹਿਲਾਂ ਬ੍ਰਿਟਿਸ਼ ਰੈਜੀਡੈਂਟ ਨਿਯੁਕਤ ਕੀਤਾ ਗਿਆ।

(ii) ਇਸ ਸੰਧੀ ਰਾਹੀਂ ਮਹਾਰਾਣੀ ਜਿੰਦਾਂ ਨੂੰ ਰਾਜ ਪ੍ਰਬੰਧ ਤੋਂ ਅੱਡ ਕਰ ਦਿੱਤਾ ਗਿਆ। ਕੁਝ ਸਮੇਂ ਬਾਅਦ ਉਸ ਨੂੰ ਸ਼ੇਖੂਪੁਰਾ ਭੇਜ ਦਿੱਤਾ ਗਿਆ। ਫਿਰ ਉਸ ਨੂੰ ਦੇਸ਼ ਨਿਕਾਲਾ ਦੇ ਕੇ ਬਨਾਰਸ ਭੇਜ ਦਿੱਤਾ ਗਿਆ।

## (ਸ) ਪੰਜਾਬ ਨੂੰ 1846 ਈ: ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕਰਨ ਦੇ ਕਾਰਨ (Reasons for not Annexing the Punjab in 1846 A.D.)

ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਨੂੰ ਭਾਂਜ ਦੇਣ 'ਤੇ ਵੀ ਲਾਰਡ ਹਾਰਡਿੰਗ ਨੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕੀਤਾ। ਇਸ ਦੇ ਹੇਠ ਦਿੱਤੇ ਕਾਰਨ ਸਨ—

(i) ਮੁਦਕੀ, ਫ਼ਿਰੋਜ਼ਸ਼ਾਹ ਅਤੇ ਸਭਰਾਉਂ ਦੇ ਯੁੱਧਾਂ ਵਿੱਚ ਭਾਵੇਂ ਸਿੱਖਾਂ ਨੂੰ ਹਾਰ ਹੋਈ ਸੀ, ਪਰ ਅਜੇ ਵੀ ਲਾਹੌਰ, ਅੰਮ੍ਰਿਤਸਰ, ਪਿਸ਼ਾਵਰ ਆਦਿ ਥਾਵਾਂ 'ਤੇ ਸਿੱਖ ਸੈਨਿਕ ਬੈਠੇ ਸਨ। ਜੇਕਰ ਅੰਗਰੇਜ਼ ਉਸ ਸਮੇਂ ਪੰਜਾਬ ਉੱਤੇ ਕਬਜ਼ਾ ਕਰ ਲੈਂਦੇ ਤਾਂ ਸਿੱਖਾਂ ਨੂੰ ਉਹਨਾਂ ਸੈਨਿਕਾਂ ਦਾ ਫਿਰ ਟਾਕਰਾ ਕਰਨਾ ਪੈਣਾ ਸੀ।

(ii) ਪੰਜਾਬ ਵਿੱਚ ਸ਼ਾਂਤੀ ਦੀ ਵਿਵਸਥਾ ਸਥਾਪਿਤ ਕਰਨ ਲਈ ਆਮਦਨ ਤੋਂ ਵੱਧ ਖ਼ਰਚ ਕਰਨਾ ਪੈਣਾ ਸੀ। ਇਸ ਲਈ ਹਾਰਡਿੰਗ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਕੇ ਖ਼ਰਚਾ ਨਹੀਂ ਸੀ ਵਧਾਉਣਾ ਚਾਹੁੰਦਾ।

(iii) ਅਫ਼ਗਾਨਿਸਤਾਨ ਅਤੇ ਬ੍ਰਿਟਿਸ਼ ਰਾਜ ਵਿਚਕਾਰ ਸਿੱਖ ਰਾਜ ਦਾ ਇੱਕ ਰੋਕ ਵਜੋਂ ਹੋਣਾ ਬਹੁਤ ਜ਼ਰੂਰੀ ਸੀ। ਇਸੇ ਲਈ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਨਹੀਂ ਕੀਤਾ।

(iv) ਲਾਰਡ ਹਾਰਡਿੰਗ ਪੰਜਾਬੀਆਂ ਨਾਲ਼ ਇੱਕ ਅਜਿਹੀ ਸੰਧੀ ਕਰਨਾ ਚਾਹੁੰਦੀ ਸੀ, ਜਿਸ ਨਾਲ਼ ਪੰਜਾਬ ਕਮਜ਼ੋਰ ਪੈ ਜਾਵੇ। ਫਿਰ ਉਹ ਜਦੋਂ ਵੀ ਚਾਹੁਣ ਪੰਜਾਬ ਉੱਤੇ ਕਬਜ਼ਾ ਕਰ ਲੈਣ। ਇਸ ਲਈ ਉਹਨਾਂ ਨੇ ਲਾਹੌਰ ਸਰਕਾਰ ਨਾਲ਼ ਕੇਵਲ ਸੰਧੀ ਹੀ ਕੀਤੀ।

## ਅੰਗਰੇਜ਼ਾਂ ਅਤੇ ਸਿੱਖਾਂ ਦਾ ਦੂਜਾ ਯੁੱਧ 1848-1849 ਈ:
## (The Second Anglo-Sikh War, 1848-1849 A.D.)

1848-49 ਈ: ਵਿੱਚ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਦੂਸਰਾ ਯੁੱਧ ਸ਼ੁਰੂ ਹੋਇਆ। ਉਸ ਦੇ ਹੇਠ ਲਿਖੇ ਕਾਰਨ ਸਨ—

**ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਸਿੱਖਾਂ ਵਿੱਚ ਅਸੰਤੋਸ਼ (Dissatisfaction among the Sikhs after the First Anglo-Sikh War):-** ਪਹਿਲੇ ਐਂਗਲੋ-ਸਿੱਖ ਯੁੱਧ ਵਿੱਚ ਲਾਲ ਸਿੰਘ ਅਤੇ ਤੇਜ ਸਿੰਘ ਵਿਸ਼ਵਾਸਘਾਤੀ ਆਗੂਆਂ ਕਾਰਨ ਸਿੱਖ ਹਾਰ ਗਏ ਸਨ। ਯੁੱਧ ਪਿੱਛੋਂ ਹੋਈਆਂ ਲਾਹੌਰ ਦੀਆਂ ਸੰਧੀਆਂ ਅਨੁਸਾਰ ਅੰਗਰੇਜ਼ਾਂ ਨੇ ਲਾਹੌਰ ਰਾਜ ਤੋਂ ਜੰਮੂ-ਕਸ਼ਮੀਰ, ਹਜ਼ਾਰਾ, ਕਾਂਗੜਾ ਆਦਿ ਪਹਾੜੀ ਇਲਾਕਿਆਂ ਨੂੰ ਵੱਖ ਕਰ ਦਿੱਤਾ ਸੀ। ਸਿੱਖ ਸੈਨਾ ਦੀ ਗਿਣਤੀ ਘਟਾ ਦਿੱਤੀ ਗਈ। ਇੱਕ ਬ੍ਰਿਟਿਸ਼ ਸੈਨਾ ਲਾਹੌਰ ਵਿੱਚ ਰੱਖੀ ਗਈ। ਮਹਾਰਾਣੀ ਜਿੰਦਾਂ ਨੂੰ ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਬ੍ਰਿਟਿਸ਼ ਰੈਜ਼ੀਡੈਂਟ ਨੇ ਅੰਗਰੇਜ਼ ਲੋਕਾਂ ਨੂੰ ਉੱਚੀਆਂ ਪਦਵੀਆਂ 'ਤੇ ਲਾਉਣਾ ਸ਼ੁਰੂ ਕਰ ਦਿੱਤਾ। ਦੇਸ਼-ਭਗਤ ਸਿੰਘ ਭੈਰੋਵਾਲ ਸੰਧੀ ਦੀਆਂ ਅਪਮਾਨਜਨਕ ਸ਼ਰਤਾਂ ਨੂੰ ਸਹਾਰ ਨਾ ਸਕੇ।

**ਗਊ ਸਬੰਧੀ ਝਗੜਾ (The Cow Row):-** 21 ਅਪ੍ਰੈਲ, 1846 ਈ: ਨੂੰ ਇੱਕ ਯੂਰਪੀਅਨ ਤੋਪਚੀ ਦਾ ਰਸਤਾ ਗਊਆਂ ਦੇ ਵੱਗ ਨੇ ਰੋਕ ਲਿਆ। ਉਸ ਸੈਨਿਕ ਨੇ ਗਊਆਂ ਉੱਤੇ ਤਲਵਾਰ ਚਲਾ ਦਿੱਤੀ। ਇਹ ਖਬਰ ਸੁਣ ਕੇ ਹਿੰਦੂ ਅਤੇ ਸਿੱਖ ਭੜਕ ਉੱਠੇ। ਬ੍ਰਿਟਿਸ਼ ਰੈਜੀਡੈਂਟ, ਹੈਨਰੀ ਲਾਰੈਂਸ ਲੋਕਾਂ ਨੂੰ ਸਮਝਾਉਣ ਲਈ ਸ਼ਹਿਰ ਵਿੱਚ ਗਿਆ। ਲੋਕਾਂ ਨੇ ਘਰਾਂ ਦੀਆਂ ਛੱਤਾਂ ਤੋਂ ਉਹਨਾਂ ਉੱਤੇ ਇੱਟਾਂ ਸੁੱਟੀਆਂ। ਸਿੱਟੇ ਵਜੋਂ ਲਾਰੰਸ ਨੇ ਇੱਕ ਬ੍ਰਾਹਮਣ ਨੂੰ ਮੌਤ ਦੀ ਸਜ਼ਾ ਦਿੱਤੀ। ਦੋ ਬੰਦਿਆਂ ਨੂੰ ਦੇਸ਼ ਨਿਕਾਲ਼ਾ ਦਿੱਤਾ ਗਿਆ। ਜਿਨ੍ਹਾਂ ਘਰਾਂ ਦੀਆਂ ਛੱਤਾਂ ਤੋਂ ਇੱਟਾਂ ਸੁੱਟੀਆਂ ਗਈਆਂ ਸਨ। ਉਹ ਢਾਹ-ਢੇਰੀ ਕਰਵਾ ਦਿੱਤੇ ਗਏ। ਇਸ ਨਾਲ ਸੁਭਾਵਿਕ ਹੀ ਪੰਜਾਬੀ ਲੋਕ ਅੰਗਰੇਜ਼ਾਂ ਦੇ ਖ਼ਿਲਾਫ ਹੋ ਗਏ।

**ਸਿੱਖ ਸੈਨਿਕਾਂ ਦੀ ਗਿਣਤੀ ਅਤੇ ਤਨਖ਼ਾਹ ਘਟਾਉਣਾ (Retrenchment in the Sikh Army):-** ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਲਾਹੌਰ ਦੀ ਸੰਧੀ (ਪਹਿਲੀ) ਅਨੁਸਾਰ ਸਿੱਖ ਸੈਨਾ ਦੀ ਸੰਖਿਆ 20,000 ਪੈਦਲ ਅਤੇ 12,000 ਘੋੜਸਵਾਰ ਰਹਿਣ ਦਿੱਤੀ ਸੀ। ਲਾਹੌਰ ਵਿਖੇ ਰਹਿਣ ਵਾਲ਼ੀ ਅੰਗਰੇਜ਼ ਸੈਨਾ ਦੇ ਖ਼ਰਚ ਵਜੋਂ 22 ਲੱਖ ਰੁਪਏ ਸਾਲਾਨਾ ਬ੍ਰਿਟਿਸ਼ ਸਰਕਾਰ ਨੂੰ ਦੇਣੇ ਸਨ। ਇਸ ਖਰਚ ਨੂੰ ਘਟਾਉਣ ਲਈ ਸਿੱਖ ਸੈਨਿਕਾਂ ਦੀਆਂ ਤਨਖਾਹਾਂ ਘਟਾ ਦਿੱਤੀਆਂ ਗਈਆਂ। ਇਸ ਲਈ ਸਿੱਖ ਸੈਨਿਕ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕ ਉੱਠੇ ਸਨ।

**ਮਹਾਰਾਣੀ ਜਿੰਦਾ ਨਾਲ਼ ਭੈੜਾ ਸਲੂਕ (Maltreatment with Meharani Jindan):-** ਭੈਰੋਵਾਲ ਦੀ ਸੰਧੀ ਨਾਲ਼ ਮਹਾਰਾਣੀ ਜਿੰਦਾਂ ਨੂੰ ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਉਸ

ਨੂੰ ਗ਼ਲਤ ਢੰਗ ਨਾਲ਼ ਕੈਦ ਕਰ ਲਿਆ ਗਿਆ ਸੀ। 20 ਅਗਸਤ, 1846 ਈ: ਨੂੰ ਉਸ ਨੂੰ ਸ਼ੇਖ਼ੂਪੁਰਾ ਦੇ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ। ਉਸ ਦੀ ਪੈਨਸ਼ਨ 1,50,000 ਰੁਪਏ ਤੋਂ ਘਟਾ ਕੇ 48,000 ਰੁਪਏ ਕਰ ਦਿੱਤੀ ਗਈ। ਫਿਰ ਉਸ ਨੂੰ ਦੇਸ਼ ਨਿਕਾਲਾ ਕਰ ਕੇ ਬਨਾਰਸ ਭੇਜ ਦਿੱਤਾ ਗਿਆ। ਸਿੱਟੇ ਵਜੋਂ ਪੰਜਾਬ ਦੇ ਦੇਸ਼ ਭਗਤ ਸਰਦਾਰਾਂ ਦੀਆਂ ਭਾਵਨਾਵਾਂ ਅੰਗਰੇਜ਼ਾਂ ਦੇ ਖ਼ਿਲਾਫ਼ ਭੜਕ ਉੱਠੀਆਂ ਸਨ।

**ਡਲਹੌਜ਼ੀ ਅਤੇ ਕੱਰੀ ਦੀ ਪੰਜਾਬ ਉੱਤੇ ਅਧਿਕਾਰ ਕਰਨ ਦੀ ਵਿਉਂਤ (Plan of Dalhousie and Currie to Annex the Punjab):-** ਜਨਵਰੀ 1848 ਈ: ਵਿੱਚ ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ-ਜਨਰਲ ਬਣਿਆ। ਉਸ ਨੇ ਸਭ ਤੋਂ ਪਹਿਲਾਂ ਪੰਜਾਬ ਉੱਤੇ ਅਧਿਕਾਰ ਕਰਨ ਦੀ ਯੋਜਨਾ ਬਣਾਈ। ਉਸ ਸਮੇਂ ਫ਼੍ਰੈਡਰਿਕ ਕੱਰੀ ਲਾਹੌਰ ਵਿੱਚ ਬ੍ਰਿਟਿਸ਼ ਰੈਜ਼ੀਡੈਂਟ ਨਿਯੁਕਤ ਹੋ ਚੁੱਕਾ ਸੀ। ਉਹ ਇੱਕ ਅਨੁਭਵੀ ਅਤੇ ਨਿਪੁੰਨ ਕੂਟਨੀਤੀਵੇਤਾ ਸੀ। ਡਲਹੌਜ਼ੀ ਅਤੇ ਕੱਰੀ ਦੋਹਾਂ ਨੇ ਮਿਲ਼ ਕੇ ਯੋਜਨਾ ਬਣਾਈ ਕਿ ਸਿੱਖਾਂ ਨਾਲ਼ ਕਿਸੇ ਬਹਾਨੇ ਲੜਾਈ ਕੀਤੀ ਜਾਵੇ।

**ਮੁਲਤਾਨ ਦੇ ਮੂਲਰਾਜ ਦਾ ਵਿਦਰੋਹ (Revolt of Mul Raj of Multan):-** ਮੁਲਤਾਨ ਦੇ ਨਾਜ਼ਿਮ ਦੀਵਾਨ ਸਾਵਣ ਮੱਲ ਦੀ ਮੌਤ ਮਗਰੋਂ ਉਸ ਦੇ ਪੁੱਤਰ ਦੀਵਾਨ ਮੂਲ ਰਾਜ ਨੂੰ ਮੁਲਤਾਨ ਦਾ ਨਾਜਿਮ ਨਿਯੁਕਤ ਕਰ ਦਿੱਤਾ ਗਿਆ। ਬ੍ਰਿਟਿਸ਼ ਰੈਜ਼ੀਡੈਂਟ ਨੇ ਮੂਲ ਰਾਜ ਨੂੰ ਮੁਲਤਾਨ ਦਾ ਨਾਜਿਮ ਸਵੀਕਾਰ ਕਰ ਲਿਆ। ਉਸ ਨੇ ਉਸ ਦੀ ਵਾਰਸ਼ਿਕ ਧਨ ਰਾਸ਼ੀ 20 ਲੱਖ ਤੋਂ ਵਧਾ ਕੇ 30 ਲੱਖ ਕਰ ਦਿੱਤੀ। ਉਸ ਨੇ ਬ੍ਰਿਟਿਸ਼ ਰੈਜ਼ੀਡੈਂਟ ਕੋਲ ਧਨ ਰਾਸ਼ੀ ਘੱਟ ਕਰਨ ਦੀ ਬੇਨਤੀ ਕੀਤੀ। ਜਦ ਉਸ ਦੀ ਪ੍ਰਾਰਥਨਾ ਰੱਦ ਕਰ ਦਿੱਤੀ ਗਈ ਤਾਂ ਮੂਲ ਰਾਜ ਨੇ ਅਸਤੀਫ਼ਾ ਦੇ ਦਿੱਤਾ। ਬ੍ਰਿਟਿਸ਼ ਰੈਜ਼ੀਡੈਂਟ ਫਰੈਡਰਿਕ ਕੱਰੀ ਨੇ ਉਸ ਦੀ ਥਾਂ 'ਤੇ ਕਾਹਨ ਸਿੰਘ ਮਾਨ ਨੂੰ ਮੁਲਤਾਨ ਦਾ ਨਾਜ਼ਿਮ ਨਿਯੁਕਤ ਕਰ ਦਿੱਤਾ।

ਦੀਵਾਨ ਮੂਲ ਰਾਜ ਤੋਂ ਚਾਰਜ ਲੈਣ ਲਈ ਕਾਹਨ ਸਿੰਘ, ਐਂਗਨਿਊ ਅਤੇ ਐਂਡਰਸਨ ਮੁਲਤਾਨ ਗਏ। ਉੱਥੇ ਉਹ ਈਦਗਾਹ ਵਿੱਚ ਠਹਿਰੇ। ਜਦੋਂ ਉਹ ਮੂਲ ਰਾਜ ਤੋਂ ਚਾਰਜ ਲੈ ਕੇ ਈਦਗਾਹ ਜਾ ਰਹੇ ਸਨ ਤਾਂ ਮੁਲਤਾਨ ਦੇ ਸੈਨਿਕਾਂ ਨੇ ਅੰਗਰੇਜ਼ ਅਫ਼ਸਰਾਂ ਉੱਤੇ ਹਮਲਾ ਕਰ ਕੇ ਉਹਨਾਂ ਨੂੰ ਮਾਰ ਦਿੱਤਾ। ਉਹਨਾਂ ਨੇ ਆਪਣੇ ਹਰਮਨ ਪਿਆਰੇ ਦੀਵਾਨ ਮੂਲ ਰਾਜ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਬਗਾਵਤ ਕਰਨ ਲਈ ਉਕਸਾਇਆ। ਇਸ ਬਗ਼ਾਵਤ ਨੇ ਅੰਗਰੇਜ਼ਾਂ ਨੂੰ ਸਿੱਖਾਂ ਨਾਲ਼ ਲੜਾਈ ਕਰਨ ਦਾ ਮੌਕਾ ਦੇ ਦਿੱਤਾ।

**ਮਹਾਰਾਣੀ ਜਿੰਦਾਂ ਨੂੰ ਦੇਸ਼ ਨਿਕਾਲਾ (Exile of Maharani Jindan):-** ਅਗਸਤ 1847 ਈ: ਵਿੱਚ ਮਹਾਰਾਣੀ ਜਿੰਦਾਂ ਨੂੰ ਲਾਹੌਰ ਤੋਂ ਸ਼ੇਖ਼ੂਪੁਰਾ ਭੇਜ ਦਿੱਤਾ ਗਿਆ। ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕਰਨ ਦਾ ਇਲਜ਼ਾਮ ਲਾ ਕੇ ਫਿਰ ਉਸ ਨੂੰ ਬਨਾਰਸ ਭੇਜ ਦਿੱਤਾ ਗਿਆ। ਉਸ ਦੀ ਵਾਰਸ਼ਿਕ ਪੈਨਸ਼ਨ ਘਟਾ ਕੇ 12,000 ਹਜ਼ਾਰ ਕਰ ਦਿੱਤੀ ਗਈ। ਜਿਸ ਕਾਰਨ ਪੰਜਾਬ ਦੇ ਲੋਕ ਅਸੰਤੁਸ਼ਟ ਹੋ ਗਏ।

**ਭਾਈ ਮਹਾਰਾਜ ਸਿੰਘ ਦੀ ਬਗਾਵਤ (Revolt of Bhai Maharaj Singh):-** ਭਾਈ ਮਹਾਰਾਜ ਸਿੰਘ ਨੌਰੰਗਾਬਾਦ ਦੇ ਸੰਤ ਭਾਈ ਬੀਰ ਸਿੰਘ ਦਾ ਚੇਲਾ ਸੀ। ਉਸ ਨੇ 'ਸਰਕਾਰ-ਏ-ਖਾਲਸਾ' ਨੂੰ ਬਚਾਉਣ ਲਈ ਅੰਗਰੇਜ਼ਾਂ ਵਿਰੁੱਧ ਬਗ਼ਾਵਤ ਕੀਤੀ। ਪਤਾ ਲੱਗਣ 'ਤੇ ਬ੍ਰਿਟਿਸ਼ ਰੈਜ਼ੀਡੈਂਟ ਹੈਨਰੀ ਲਾਰੈਂਸ ਨੇ ਉਸ ਨੂੰ ਕੈਦ ਕਰਨ ਦਾ ਹੁਕਮ ਦਿੱਤਾ। ਪਰ ਮਹਾਰਾਜ ਸਿੰਘ ਫੜਿਆ ਨਾ ਗਿਆ। ਮੂਲ ਰਾਜ ਦੀ ਬਗ਼ਾਵਤ ਅਤੇ ਮਹਾਰਾਣੀ ਜਿੰਦਾਂ ਦੇ ਦੇਸ ਨਿਕਾਲੇ ਤੋਂ ਬਾਅਦ ਉਸ ਨੇ ਆਪਣੇ ਅਧੀਨ ਸੈਂਕੜੇ ਲੋਕ ਇੱਕਠੇ ਕਰ ਲਏ। ਮੂਲ ਰਾਜ ਦੀ ਪ੍ਰਾਰਥਨਾ 'ਤੇ ਉਹ ਉਸ ਦੀ ਸਹਾਇਤਾ ਕਰਨ ਲਈ 400 ਘੋੜਸਵਾਰਾਂ ਨਾਲ਼ ਮੁਲਤਾਨ ਵੱਲ ਚੱਲਿਆ। ਥੋੜ੍ਹੇ ਸਮੇਂ ਬਾਅਦ ਕਿਸੇ ਅਣਬਣ ਕਾਰਨ ਉਸ ਮੂਲ ਰਾਜ ਨੂੰ ਛੱਡ ਕੇ ਚਤਰ ਸਿੰਘ ਅਟਾਰੀਵਾਲਾ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ਨਾਲ ਜਾ ਰਲਿਆ।

**ਹਜ਼ਾਰਾ ਤੇ ਚਤਰ ਸਿੰਘ ਦੀ ਬਗ਼ਾਵਤ (Revolt of Chattar Singh of Hazara):-** ਚਤਰ ਸਿੰਘ ਅਟਾਰੀਵਾਲਾ ਨੂੰ ਹਜ਼ਾਰਾ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। ਉਸ ਦੀ ਸਹਾਇਤਾ ਲਈ

ਕੈਪਟਨ ਐਬਟ ਨੂੰ ਨਿਯੁਕਤ ਕੀਤਾ ਗਿਆ ਸੀ। ਐਬਟ ਦੇ ਅਭਿਮਾਨ ਭਰੇ ਵਤੀਰੇ ਕਾਰਨ ਚਤਰ ਸਿੰਘ ਨੂੰ ਅੰਗਰੇਜ਼ਾਂ ਪ੍ਰਤੀ ਸ਼ੱਕ ਪੈਦਾ ਹੋ ਗਿਆ ਸੀ। ਛੇਤੀ ਹੀ ਕੈਪਟਨ ਐਬਟ ਨੇ ਚਤਰ ਸਿੰਘ 'ਤੇ ਇਲਜ਼ਾਮ ਲਾਇਆ ਕਿ ਉਸ ਦੀਆਂ ਸੈਨਾਵਾਂ ਮੁਲਤਾਨ ਦੇ ਵਿਦਰੋਹੀਆਂ ਨਾਲ਼ ਮਿਲ਼ ਗਈਆਂ ਹਨ। ਇਸ 'ਤੇ ਚਤਰ ਸਿੰਘ ਨੇ ਅੰਗਰੇਜ਼ਾਂ ਦੇ ਵਿਰੁੱਧ ਬਗ਼ਾਵਤ ਕਰ ਦਿੱਤੀ।

**ਸ਼ੇਰ ਸਿੰਘ ਦੀ ਬਗਾਵਤ (Revolt of Sher Singh):-** ਜਦੋਂ ਸ਼ੇਰ ਸਿੰਘ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ ਨੂੰ ਹਜ਼ਾਰਾ ਦੇ ਨਾਜ਼ਿਮ ਦੀ ਪਦਵੀ ਤੋਂ ਹਟਾ ਦਿੱਤਾ ਗਿਆ ਹੈ ਅਤੇ ਉਸ ਨੇ ਅੰਗਰੇਜ਼ਾਂ ਵਿਰੁੱਧ ਬਗਾਵਤ ਦਾ ਝੰਡਾ ਵੀ ਖੜ੍ਹਾ ਕਰ ਦਿੱਤਾ ਹੈ, ਤਾਂ ਉਹ ਆਪਣੇ ਸੈਨਿਕਾਂ ਸਮੇਤ ਮੂਲ ਰਾਜ ਅਧੀਨ ਵਿਦਰੋਹੀਆਂ ਨਾਲ਼ ਜਾ ਮਿਲਿਆ। ਸ਼ੇਰ ਸਿੰਘ ਨੇ ਇੱਕ ਐਲਾਨ ਰਾਹੀਂ 'ਸਭ ਚੰਗੇ ਸਿੱਖਾਂ' ਨੂੰ ਅਪੀਲ ਕੀਤੀ ਕਿ 'ਅਤਿਆਚਾਰੀ ਅਤੇ ਧੋਖੇਬਾਜ਼ ਫ਼ਰੰਗੀਆਂ' ਨੂੰ ਪੰਜਾਬ ਤੋਂ ਬਾਹਰ ਕੱਢਿਆ ਜਾਵੇ। ਉਸ ਅਪੀਲ ਸਦਕਾ ਬਹੁਤ ਸਾਰੇ ਪੁਰਾਣੇ ਸੈਨਿਕ ਅੰਗਰੇਜ਼ਾਂ ਵਿਰੁੱਧ ਬਗਾਵਤ ਵਿੱਚ ਸ਼ਾਮਲ ਹੋ ਗਏ।

**ਪੰਜਾਬ ਉੱਤੇ ਅੰਗਰੇਜ਼ਾਂ ਦਾ ਹਮਲਾ (British invasion on the Punjab):-** ਮੂਲ ਰਾਜ, ਚਤਰ ਸਿੰਘ ਅਤੇ ਸ਼ੇਰ ਸਿੰਘ ਦੀਆਂ ਬਗਾਵਤਾਂ ਨੇ ਲਾਰਡ ਡਲਹੌਜ਼ੀ ਨੂੰ ਆਪਣੀ ਯੋਜਨਾ ਨੂੰ ਅਮਲੀ ਰੂਪ ਦੇਣ ਦਾ ਮੌਕਾ ਦਿੱਤਾ। ਡਲਹੌਜ਼ੀ ਦੇ ਹੁਕਮ ਉੱਤੇ ਹਿਊ ਗਫ਼ (Hugh Gough) ਦੀ ਅਗਵਾਈ ਵਿੱਚ ਅੰਗਰੇਜ਼ ਸੈਨਾ ਨੇ 9 ਨਵੰਬਰ, 1848 ਈ: ਨੂੰ ਸਤਲੁਜ ਦਰਿਆ ਨੂੰ ਪਾਰ ਕੀਤਾ। 13 ਨਵੰਬਰ ਨੂੰ ਇਹ ਸੈਨਾ ਲਾਹੌਰ ਪਹੁੰਚ ਗਈ। ਨਾਲ਼ ਦੀ ਨਾਲ਼ ਉਹ ਸੈਨਾ ਵਿਦਰੋਹੀਆਂ ਨਾਲ਼ ਉਲਝ ਗਈ।

## ਘਟਨਾਵਾਂ (Events)


**ਰਾਮ ਨਗਰ ਦੀ ਲੜਾਈ, 22 ਨਵੰਬਰ, 1848 ਈ: (The Battle of Ram Nagar, 22 November, 1848 A.D.):-** ਸ਼ੇਰ ਸਿੰਘ ਅਟਾਰੀਵਾਲਾ ਦੀ ਸੈਨਾ ਦਰਿਆ ਚਨਾਬ ਦੇ ਸੱਜੇ ਕੰਢੇ ਉੱਤੇ ਡੇਰਾ ਲਾਈ ਬੈਠੀ ਸੀ। 6 ਨਵੰਬਰ, 1848 ਈ: ਨੂੰ ਬ੍ਰਿਟਿਸ਼ ਸੈਨਾ ਨੇ ਲਾਰਡ ਹਿਊ ਗਫ਼ ਦੀ ਅਗਵਾਈ ਵਿੱਚ ਰਾਵੀ ਦਰਿਆ ਨੂੰ ਪਾਰ ਕੀਤਾ। 22 ਨਵੰਬਰ ਨੂੰ ਰਾਮ ਨਗਰ ਦੇ ਸਥਾਨ 'ਤੇ ਦੋਵਾਂ ਸੈਨਾਵਾਂ ਵਿਚਕਾਰ ਲੜਾਈ ਹੋਈ। ਇਸ ਲੜਾਈ ਵਿੱਚ ਅੰਗਰੇਜ਼ਾਂ ਨੂੰ ਹਾਰ ਹੋਈ। ਉਹਨਾਂ ਦੇ ਦੋ ਪ੍ਰਸਿੱਧ ਸੈਨਾ ਨਾਇਕ ਵੀ ਮਾਰੇ ਗਏ।

**ਚਿੱਲੀਆਂਵਾਲ਼ਾ ਦੀ ਲੜਾਈ, 13 ਜਨਵਰੀ, 1849 ਈ: (Battle of Chillianwala, 13 January 1849 A.D.):-** ਜਨਵਰੀ, 1849 ਈ: ਦੇ ਪਹਿਲੇ ਹਫ਼ਤੇ ਲਾਰਡ ਗਫ਼ ਨੂੰ ਸਮਾਚਾਰ ਮਿਲ਼ਿਆ ਕਿ ਚਤਰ ਸਿੰਘ ਨੇ ਅਟਕ ਉੱਤੇ ਕਬਜ਼ਾ ਕਰ ਲਿਆ ਹੈ। ਇਸ ਲਈ ਉਹ 12 ਜਨਵਰੀ ਨੂੰ ਆਪਣੀ ਸੈਨਾ ਸਹਿਤ ਸਿੱਖਾਂ ਦੇ ਮੋਰਚੇ ਤੋਂ 12-13 ਕਿਲੋਮੀਟਰ ਦੂਰ ਡਿੰਘੀ (Dinghi) ਨਾਮੀ ਸਥਾਨ 'ਤੇ ਪਹੁੰਚ ਗਿਆ। 13 ਜਨਵਰੀ ਨੂੰ ਗਫ਼ ਦੇ ਹੁਕਮ ਨਾਲ਼ ਅੰਗਰੇਜ਼ਾਂ ਨੇ ਸਿੱਖ ਸੈਨਾ ਉੱਤੇ ਧਾਵਾ ਬੋਲ ਦਿੱਤਾ। ਸ਼ਾਮ ਵੇਲ਼ੇ ਤਿੰਨ ਘੰਟਿਆਂ ਤੱਕ ਘਮਸਾਨ ਦੀ ਲੜਾਈ ਹੋਈ। ਸਿੱਖਾਂ ਨੇ ਅੰਗਰੇਜ਼ਾਂ ਨੂੰ ਬੜਾ ਹੀ ਨੁਕਸਾਨ ਪਹੁੰਚਾਇਆ। ਸਿੱਟੇ ਵਜੋਂ ਪ੍ਰਧਾਨ ਸੈਨਾਪਤੀ ਹਿਊ ਗਫ਼ ਦੀ ਥਾਂ ਸਰ ਚਾਰਲਸ ਨੇਪੀਅਰ (Sir Charles Napier) ਨੂੰ ਪ੍ਰਧਾਨ ਸੈਨਾਪਤੀ ਨਿਯੁਕਤ ਕੀਤਾ ਗਿਆ।

**ਅੰਗਰੇਜ਼ਾਂ ਦਾ ਮੁਲਤਾਨ ਉੱਤੇ ਕਬਜ਼ਾ 22 ਜਨਵਰੀ, 1849—** ਮੂਲ ਰਾਜ ਦੀ ਅਗਵਾਈ ਵਿੱਚ ਮੁਲਤਾਨ ਦੇ ਵਿਦਰੋਹੀਆਂ ਨੇ ਅੰਗਰੇਜ਼ ਸੈਨਾ ਦਾ ਮੁਕਾਬਲਾ ਕੀਤਾ। 30 ਦਸੰਬਰ ਨੂੰ ਅੰਗਰੇਜ਼ ਸੈਨਾ ਦੁਆਰਾ ਕਿਲ੍ਹੇ ਵਿੱਚ ਸੁੱਟਿਆ ਇੱਕ ਗੋਲ਼ਾ ਵਿਦਰੋਹੀਆਂ ਲਈ ਮਾਰੂ ਸਾਬਤ ਹੋਇਆ। ਉਸ ਗੋਲ਼ੇ ਨਾਲ਼ ਮੂਲ ਰਾਜ ਦਾ ਚਾਰ ਲੱਖ ਪੌਂਡ ਬਾਰੂਦ ਫੱਟ ਕੇ ਨਸ਼ਟ ਹੋ ਗਿਆ। ਉਸ ਨਾਲ਼ ਵਿਦਰੋਹੀਆਂ ਦੇ 500 ਤੋਂ ਵੱਧ ਸੈਨਿਕ ਵੀ ਮਾਰੇ ਗਏ। ਇਸ ਲਈ ਮਜਬੂਰ ਹੋ ਕੇ ਮੂਲ ਰਾਜ ਨੇ 22 ਜਨਵਰੀ ਨੂੰ ਜਨਰਲ ਵਿਸ਼ (General Wish) ਦੇ ਅੱਗੇ ਹਥਿਆਰ ਸੁੱਟ ਦਿੱਤੇ।

**ਗੁਜਰਾਤ ਦੀ ਲੜਾਈ, 21 ਫਰਵਰੀ, 1849 ਈ: (Battle of Gujarat, 21 February, 1849 A.D.):-** ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਨਿਰਣਾਇਕ ਲੜਾਈ ਗੁਜਰਾਤ ਵਿੱਚ ਲੜੀ ਗਈ।

## 1947 ਤੋਂ ਪਹਿਲਾਂ ਦਾ ਪੰਜਾਬ
## ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ (1848-49)



ਇਸ ਲੜਾਈ ਤੋਂ ਪਹਿਲਾਂ ਚਤਰ ਸਿੰਘ ਅਤੇ ਸ਼ੇਰ ਸਿੰਘ ਇੱਕਠੇ ਹੋਏ ਸਨ। ਮਹਾਰਾਜ ਸਿੰਘ ਨੇ ਵੀ ਅਟਾਰੀਵਾਲ਼ੇ ਸਰਦਾਰਾਂ ਦਾ ਸਾਥ ਦਿੱਤਾ। ਅਫਗਾਨਿਸਤਾਨ ਦੇ ਹਾਕਮ ਦੋਸਤ ਮੁਹੰਮਦ ਨੇ ਵੀ ਸਿੱਖਾਂ ਦਾ ਸਾਥ ਦਿੱਤਾ।

21 ਫਰਵਰੀ 1849 ਈ: ਨੂੰ ਸਵੇਰੇ ਸਾਢੇ ਸੱਤ ਵਜੇ ਚਨਾਬ ਦਰਿਆ ਦੇ ਕੰਢੇ ਗੁਜਰਾਤ ਵਿਖੇ ਦੋਹਾਂ ਧਿਰਾਂ ਵਿਚਕਾਰ ਲੜਾਈ ਸ਼ੁਰੂ ਹੋਈ। ਇੱਕ ਘੰਟੇ ਦੀ ਗੋਲ਼ਾਬਾਰੀ ਪਿੱਛੋਂ ਸਿੱਖਾਂ ਦਾ ਗੋਲ਼ਾ ਬਰੂਦ ਖ਼ਤਮ ਹੋ ਗਿਆ। ਪਰ ਫਿਰ ਵੀ ਸਿੱਖਾਂ ਨੇ ਬੜੀ ਬਹਾਦਰੀ ਨਾਲ਼ ਵੈਰੀ ਦਾ ਟਾਕਰਾ ਕੀਤਾ। ਵੈਰੀ ਦੀ ਭਾਰੀ ਸੰਖਿਆ ਕਾਰਨ ਸਿੱਖਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

## (ਞ) ਸਿੱਟੇ (Results)

**ਪੰਜਾਬ ਦਾ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕੀਤਾ ਜਾਣਾ, 29 ਮਾਰਚ, 1849 ਈ: (Annexation of the Punjab 29 March, 1849 A.D.):-** ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਉਪਰੰਤ 29 ਮਾਰਚ, 1849 ਈ: ਨੂੰ ਗਵਰਨਰ ਜਨਰਲ ਲਾਰਡ ਡਲਹੌਜ਼ੀ ਵੱਲੋਂ ਇੱਕ ਐਲਾਨ ਰਾਹੀਂ ਪੰਜਾਬ ਦੇ ਰਾਜ ਨੂੰ ਸਮਾਪਤ ਕਰ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਦਿੱਤਾ ਗਿਆ। ਪੰਜਾਬ ਦੀ ਸਾਰੀ ਸੰਪਤੀ, ਸਮੇਤ ਕੋਹਿਨੂਰ ਹੀਰਾ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਮਹਾਰਾਜਾ ਦਲੀਪ ਸਿੰਘ ਦੀ ਚਾਰ ਤੋਂ ਪੰਜ ਲੱਖ ਵਿਚਕਾਰ ਪੈਨਸ਼ਨ ਮੁਕੱਰਰ ਕਰ ਦਿੱਤੀ ਗਈ।

**ਮੂਲ ਰਾਜ ਅਤੇ ਮਹਾਰਾਜ ਸਿੰਘ ਨੂੰ ਕਾਲ਼ੇ ਪਾਣੀ ਦੀ ਸਜ਼ਾ (Banishment of Mul Raj and Maharaj Singh):-** ਮੂਲ ਰਾਜ ਨੂੰ ਐਗਨਿਊ ਅਤੇ ਐਂਡਰਸਨ ਨਾਮੀ ਅੰਗਰੇਜ਼ ਅਫਸਰਾਂ ਦੇ ਕਤਲ ਵਿੱਚ ਹੱਥ ਹੋਣ ਦੇ ਜੁਰਮ ਵਿੱਚ ਕਾਲ਼ੇ ਪਾਣੀ ਦੀ ਸਜ਼ਾ ਦਿੱਤੀ ਗਈ। 29 ਦਸੰਬਰ, 1849 ਈ: ਵਿੱਚ ਮਹਾਰਾਜ ਸਿੰਘ ਨੂੰ ਵੀ ਕੈਦ ਕਰ ਲਿਆ ਗਿਆ। ਉਸ ਨੂੰ ਉਮਰ ਕੈਦ ਦੀ ਸਜ਼ਾ ਦੇ ਕੇ ਸਿੰਘਾਪੁਰ ਭੇਜ ਦਿੱਤਾ ਗਿਆ।

**ਖ਼ਾਲਸਾ ਸੈਨਾ ਨੂੰ ਭੰਗ ਕਰਨਾ (Disbandment of the Khalsa Army):-** ਪਹਿਲੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਵਜੋਂ ਸਿੱਖ ਸੈਨਾ ਦੀ ਗਿਣਤੀ ਘਟਾ ਦਿੱਤੀ ਗਈ ਸੀ। ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਪਿੱਛੋਂ ਖਾਲਸਾ ਸੈਨਾ ਨੂੰ ਤੋੜ ਦਿੱਤਾ ਗਿਆ। ਸਿੱਖ ਸੈਨਿਕ ਨੂੰ ਬੇਹਥਿਆਰ ਕਰ ਦਿੱਤਾ ਗਿਆ। ਨੌਕਰੀ ਤੋਂ ਹਟੇ ਸਿੱਖ ਸੈਨਿਕਾਂ ਨੂੰ ਬ੍ਰਿਟਿਸ਼ ਸੈਨਾ ਵਿੱਚ ਭਰਤੀ ਕਰ ਲਿਆ ਗਿਆ।

**ਪ੍ਰਮੁੱਖ ਸਰਦਾਰਾਂ ਦੀ ਸ਼ਕਤੀ ਨੂੰ ਦਬਾਉਣਾ (Supression of the Nobility):-** ਪੰਜਾਬ ਰਾਜ ਦੀ ਸਮਾਪਤੀ ਬਾਅਦ ਲਾਰਡ ਡਲਹੌਜ਼ੀ ਦੇ ਹੁਕਮ ਨਾਲ਼ ਜਾਨ ਲਾਰੈਂਸ ਨੇ ਪੰਜਾਬ ਦੇ ਚੀਫ਼ ਕਮਿਸ਼ਨਰ ਦੇ ਰੂਪ ਵਿੱਚ ਪ੍ਰਮੁੱਖ ਸਰਦਾਰਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਲਈ ਕਈ ਕਾਰਵਾਈਆਂ ਕੀਤੀਆਂ। ਫਲਸਰੂਪ ਉਹ ਸਰਦਾਰ ਜਿਹੜੇ ਪਹਿਲਾਂ ਧਨੀ ਜ਼ਿੰਮੀਦਾਰ ਸਨ ਅਤੇ ਸਰਕਾਰ ਵਿੱਚ ਉੱਚੀਆਂ ਪਦਵੀਆਂ ਉੱਤੇ ਸਨ, ਹੁਣ ਸਧਾਰਨ ਲੋਕਾਂ ਦੇ ਬਰਾਬਰ ਹੋ ਗਏ।

**ਪੰਜਾਬ ਵਿੱਚ ਅੰਗਰੇਜ਼ ਅਫ਼ਸਰਾਂ ਦੀ ਨਿਯੁਕਤੀ (Appointment of British Officers in the Punjab):-** ਦੂਜੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਵਜੋਂ ਰਾਜ ਪ੍ਰਬੰਧ ਦੀਆਂ ਉੱਚੀਆਂ ਪਦਵੀਆਂ ਉੱਤੇ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀ ਥਾਂ ਅੰਗਰੇਜ਼ਾਂ ਅਤੇ ਯੂਰਪੀਅਨਾਂ ਨੂੰ ਨਿਯੁਕਤ ਕੀਤਾ ਗਿਆ। ਉਹਨਾਂ ਨੂੰ ਭਾਰੀਆਂ ਤਨਖ਼ਾਹਾਂ ਅਤੇ ਭੱਤੇ ਵੀ ਦਿੱਤੇ ਗਏ।

**ਉੱਤਰੀ-ਪੱਛਮੀ ਹੱਦਾਂ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਕਾਰਵਾਈ (Strengthening of the North West Frontier):-** ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕਰਨ ਬਾਅਦ ਅੰਗਰੇਜ਼ਾਂ ਨੇ ਉੱਤਰੀ-ਪੱਛਮੀ ਸਰਹੱਦ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਸੜਕਾਂ ਅਤੇ ਛਾਉਣੀਆਂ ਦਾ ਨਿਰਮਾਣ ਕੀਤਾ। ਸੈਨਿਕ ਦ੍ਰਿਸ਼ਟੀ ਤੋਂ ਮਹੱਤਵਪੂਰਨ ਕਿਲ੍ਹਿਆਂ ਦੀ ਮੁਰੰਮਤ ਕੀਤੀ ਗਈ। ਕਈ ਨਵੇਂ ਕਿਲ੍ਹੇ ਵੀ ਉਸਾਰੇ ਗਏ। ਉੱਤਰੀ-ਪੱਛਮੀ ਕਬੀਲਿਆਂ ਨੂੰ ਕਾਬੂ ਵਿੱਚ ਰੱਖਣ ਲਈ ਵਿਸ਼ੇਸ਼ ਸੈਨਿਕ ਦਸਤੇ ਵੀ ਕਾਇਮ ਕੀਤੇ ਗਏ।

**ਪੰਜਾਬ ਦੇ ਰਾਜ ਪ੍ਰਬੰਧ ਦੀ ਪੁਨਰ ਵਿਵਸਥਾ (Reorganisation of Administration of the Punjab):-** ਪੰਜਾਬ ਉੱਤੇ ਅੰਗਰੇਜ਼ਾਂ ਦੇ ਅਧਿਕਾਰ ਪਿੱਛੋਂ ਪ੍ਰਸ਼ਾਸਨ ਸੰਮਤੀ **(Board of Administration)** ਦੀ ਸਥਾਪਨਾ ਕੀਤੀ ਗਈ। ਉਸ ਦਾ ਪ੍ਰਧਾਨ ਹੈਨਰੀ ਲਾਰੈਂਸ ਸੀ। ਪ੍ਰਬੰਧਕ ਢਾਂਚੇ ਦਾ ਮੁੜ ਸੰਗਠਨ ਕੀਤਾ ਗਿਆ। ਨਿਆਂ ਪ੍ਰਣਾਲੀ, ਪੁਲਿਸ ਪ੍ਰਬੰਧ ਅਤੇ ਭੂਮੀ ਕਰ ਪ੍ਰਣਾਲੀ ਵਿੱਚ ਸੁਧਾਰ ਕੀਤੇ ਗਏ। ਸੜਕਾਂ ਅਤੇ ਨਹਿਰਾਂ ਦਾ ਨਿਰਮਾਣ ਕੀਤਾ ਗਿਆ। ਡਾਕ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ।

**ਪੰਜਾਬ ਦੀਆਂ ਦੇਸੀ ਰਿਆਸਤਾਂ ਨਾਲ਼ ਅੰਗਰੇਜ਼ਾਂ ਦੇ ਮਿੱਤਰਤਾਪੂਰਨ ਸਬੰਧ (Friendly Relations of British with the Native States of the Punjab):-** ਦੂਜੇ ਐਂਗਲੋ-ਸਿੱਖ ਯੁੱਧ ਦੇ ਦੌਰਾਨ ਪਟਿਆਲਾ, ਜੀਂਦ, ਨਾਭਾ, ਕਪੂਰਥਲਾ ਅਤੇ ਫ਼ਰੀਦਕੋਟ ਦੇ ਰਾਜਿਆਂ ਅਤੇ ਬਹਾਵਲਪੁਰ ਅਤੇ ਮਲੇਰਕੋਟਲਾ ਦੇ ਨਵਾਬਾਂ ਨੇ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਅੰਗਰੇਜ਼ਾਂ ਨੇ ਖ਼ੁਸ਼ ਹੋ ਕੇ ਇਹਨਾਂ ਵਿੱਚੋਂ ਕਈ ਦੇਸੀ ਹਾਕਮਾਂ ਨੂੰ ਇਨਾਮ ਦਿੱਤੇ। ਉਹਨਾਂ ਨੇ ਦੇਸੀ ਰਿਆਸਤਾਂ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕਰਨ ਦਾ ਵੀ ਫ਼ੈਸਲਾ ਕੀਤਾ।

## ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ
## (Annexation of the Punjab by the British)

ਪਹਿਲੇ ਐਂਗਲੋ-ਸਿੱਖ ਯੁੱਧ ਪਿੱਛੋਂ ਲਾਰਡ ਹਾਰਡਿੰਗ ਨੇ ਜਾਣ-ਬੁੱਝ ਕੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਨਾ ਕੀਤਾ। ਮਾਰਚ 1846 ਈ: ਵਿੱਚ ਲਾਹੌਰ ਦੀਆਂ ਸੰਧੀਆਂ ਰਾਹੀਂ ਅੰਗਰੇਜ਼ਾਂ ਨੇ ਲਾਹੌਰ ਰਾਜ ਕੋਲੋਂ ਦੁਆਬਾ ਬਿਸਤ-ਜਲੰਧਰ ਦੇ ਉਪਜਾਊ ਇਲਾਕੇ ਖੋਹ ਲਏ। ਖ਼ਾਲਸਾ ਸੈਨਾ ਦੀ ਸੰਖਿਆ ਘਟਾ ਦਿੱਤੀ ਗਈ। ਲਾਹੌਰ ਵਿੱਚ ਇੱਕ ਬ੍ਰਿਟਿਸ਼ ਸੈਨਾ ਰੱਖੀ ਗਈ।

ਦਸੰਬਰ, 1846 ਈ: ਵਿੱਚ ਲਾਰਡ ਹਾਰਡਿੰਗ ਨੇ ਲਾਹੌਰ ਰਾਜ ਨਾਲ਼ ਭੈਰੋਵਾਲ ਦੀ ਸੰਧੀ ਕੀਤੀ। ਇਸ ਸੰਧੀ ਰਾਹੀਂ ਮਹਾਰਾਣੀ ਜਿੰਦਾਂ ਨੂੰ ਰਾਜ ਪ੍ਰਬੰਧ ਤੋਂ ਵੱਖ ਕਰ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਦੇ ਨਾਬਾਲਗ ਹੋਣ ਕਰਕੇ ਰਾਜ ਪ੍ਰਬੰਧ ਦਾ ਕੰਮ ਚਲਾਉਣ ਲਈ ਅੱਠ ਮੈਂਬਰਾਂ ਦੀ ਕਾਊਂਸਿਲ ਆਫ਼ ਰੀਜੈਂਸੀ ਬਣਾ ਦਿੱਤੀ ਗਈ। ਉਸ ਕੌਂਸਲ ਉੱਤੇ ਇੱਕ ਬ੍ਰਿਟਿਸ਼ ਰੈਜ਼ੀਡੈਂਟ ਲਾ ਦਿੱਤਾ। ਉਸ ਨੂੰ ਅਨੇਕਾਂ ਪ੍ਰਬੰਧਕੀ ਅਧਿਕਾਰ ਦਿੱਤੇ ਗਏ। ਉਸ ਸੰਧੀ ਵਿੱਚ ਕਿਹਾ ਗਿਆ ਕਿ ਇਹ ਸੰਧੀ ਮਹਾਰਾਜਾ ਦਲੀਪ ਸਿੰਘ ਦੇ ਬਾਲਗ਼ ਹੋਣ ਤੱਕ ਕਾਇਮ ਰਹੇਗੀ।

ਜਨਵਰੀ 1848 ਈ: ਵਿੱਚ ਲਾਰਡ ਹਾਰਡਿੰਗ ਦੀ ਥਾਂ ਲਾਰਡ ਡਲਹੌਜ਼ੀ ਭਾਰਤ ਦਾ ਗਵਰਨਰ ਜਨਰਲ ਬਣਿਆ। ਉਹ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਦਾ ਵਿਸਤਾਰ ਕਰਨ ਵਿੱਚ ਯਕੀਨ ਰੱਖਦਾ ਸੀ। ਸਭ ਤੋਂ ਪਹਿਲਾਂ ਉਸ ਨੇ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਉਣ ਦਾ ਫੈਸਲਾ ਕੀਤਾ। ਮੁਲਤਾਨ ਦੇ ਮੂਲ ਰਾਜ ਅਤੇ ਹਜ਼ਾਰਾ ਦੇ ਚਤਰ ਸਿੰਘ ਅਤੇ ਉਸ ਦੇ ਪੁੱਤਰ ਸ਼ੇਰ ਸਿੰਘ ਦੇ ਵਿਦਰੋਹਾਂ ਤੋਂ ਉਸ ਨੂੰ ਸਿੱਖਾਂ ਨਾਲ਼ ਯੁੱਧ ਕਰਨ ਦਾ ਬਹਾਨਾ ਮਿਲ ਗਿਆ। ਦੂਜੇ ਐਂਗਲੋ-ਸਿੱਖ ਯੁੱਧ ਵਿੱਚ ਸਿੱਖਾਂ ਦੀ ਹਾਰ ਪਿੱਛੋਂ ਪਹਿਲਾਂ ਹੀ ਮਿਥੀ ਆਪਣੀ ਨੀਤੀ ਨੂੰ ਅਮਲੀ ਰੂਪ ਦੇਣ ਦਾ ਕੰਮ ਵਿਦੇਸ਼ ਸਕੱਤਰ ਹੈਨਰੀ ਇਲੀਅਟ (Henry Elliot) ਨੂੰ ਸੌਂਪਿਆ। ਇਲੀਅਟ ਨੇ ਕਾਊਂਸਿਲ ਆਫ਼ ਰੀਜੈਂਸੀ ਦੇ ਮੈਂਬਰਾਂ ਨਾਲ਼ ਗੱਲ ਬਾਤ ਕੀਤੀ। 29 ਮਾਰਚ, 1849 ਈ: ਵਿੱਚ ਮਹਾਰਾਜਾ ਦਲੀਪ ਸਿੰਘ ਅਤੇ ਕਾਊਂਸਿਲ ਆਫ਼ ਰੀਜੈਂਸੀ ਦੇ ਮੈਂਬਰਾਂ ਨੂੰ ਇੱਕ ਸੰਧੀ-ਪੱਤਰ ਉੱਤੇ ਹਸਤਾਖ਼ਰ ਕਰਨ ਲਈ ਮਜ਼ਬੂਰ ਕਰ ਦਿੱਤਾ। ਉਸ ਸੰਧੀ ਅਨੁਸਾਰ ਮਹਾਰਾਜਾ ਦਲੀਪ ਸਿੰਘ ਨੂੰ ਰਾਜਗੱਦੀ ਤੋਂ ਉਤਾਰ ਦਿੱਤਾ ਗਿਆ। ਪੰਜਾਬ ਦੀ ਸਾਰੀ ਸੰਪਤੀ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਕੋਹਿਨੂਰ ਹੀਰਾ ਇੰਗਲੈਂਡ ਦੀ ਮਹਾਰਾਣੀ (ਵਿਕਟੋਰੀਆ) ਕੋਲ ਭੇਜ ਦਿੱਤਾ ਗਿਆ। ਮਹਾਰਾਜਾ ਦਲੀਪ ਸਿੰਘ ਦੀ 4 ਤੋਂ 5 ਲੱਖ ਤੱਕ ਸਲਾਨਾ ਪੈਨਸ਼ਨ ਕਰ ਦਿੱਤੀ ਗਈ। ਉਸੇ ਦਿਨ ਹੈਨਰੀ ਇਲੀਅਟ ਨੇ ਲਾਹੌਰ ਦਰਬਾਰ ਵਿੱਚ ਲਾਰਡ ਡਲਹੌਜ਼ੀ ਵੱਲੋਂ ਐਲਾਨ ਪੜ੍ਹ ਕੇ ਸੁਣਾਇਆ। ਉਸ ਐਲਾਨ ਵਿੱਚ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾਉਣ ਨੂੰ ਉਚਿਤ ਦੱਸਿਆ ਗਿਆ।

## ਅਭਿਆਸ

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ/ਇੱਕ ਵਾਕ (1-15 ਸ਼ਬਦਾਂ) ਵਿੱਚ ਲਿਖੋ—**

1. ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਉਸ ਦਾ ਉੱਤਰਾਧਿਕਾਰੀ ਕੌਣ ਬਣਿਆ?
2. ਮੁਦਕੀ ਦੀ ਲੜਾਈ ਵਿੱਚ ਸਿੱਖਾਂ ਦੀ ਕਿਉਂ ਹਾਰ ਹੋਈ?
3. ਸਭਰਾਉਂ ਦੀ ਲੜਾਈ ਕਦੋਂ ਹੋਈ ਅਤੇ ਇਸ ਦਾ ਕੀ ਸਿੱਟਾ ਨਿਕਲਿਆ?
4. ਸੁਚੇਤ ਸਿੰਘ ਦੇ ਖ਼ਜ਼ਾਨੇ ਦਾ ਕੀ ਮਸਲਾ ਸੀ?
5. ਗਊਆਂ ਸੰਬੰਧੀ ਝਗੜੇ ਬਾਰੇ ਜਾਣਕਾਰੀ ਦਿਓ।
6. ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਕਦੋਂ ਸ਼ਾਮਲ ਕੀਤਾ ਅਤੇ ਉਸ ਸਮੇਂ ਭਾਰਤ ਦਾ ਗਵਰਨਰ ਜਨਰਲ ਕੌਣ ਸੀ?
7. ਚਤਰ ਸਿੰਘ ਨੇ ਅੰਗਰੇਜ਼ਾਂ ਖ਼ਿਲਾਫ਼ ਕੀ ਕਦਮ ਚੁੱਕੇ?

**ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 30-50 ਸ਼ਬਦਾਂ ਵਿੱਚ ਲਿਖੋ—**

1. ਭੈਰੋਂਵਾਲ ਸੰਧੀ ਦੇ ਕਾਰਨ ਦੱਸੋ।
2. ਭੈਰੋਂਵਾਲ ਸੰਧੀ ਦੀਆਂ ਕੋਈ ਚਾਰ ਧਾਰਾਵਾਂ ਦੱਸੋ।
3. ਭੈਰੋਂਵਾਲ ਸੰਧੀ ਦੀ ਮਹੱਤਤਾ ਦੱਸੋ।
4. ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ ਅੰਗਰੇਜ਼ਾਂ ਨੇਂ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਿਉਂ ਨਹੀਂ ਕੀਤਾ? ਕੋਈ ਦੋ ਕਾਰਨ ਲਿਖੋ।
5. ਭੈਰੋਂਵਾਲ ਦੀ ਸੰਧੀ ਤੋਂ ਬਾਅਦ ਅੰਗਰੇਜ਼ਾਂ ਨੇ ਰਾਣੀ ਜਿੰਦਾਂ ਨਾਲ਼ ਕਿਸ ਤਰ੍ਹਾਂ ਦਾ ਸਲੂਕ ਕੀਤਾ?
6. ਮਹਾਰਾਜਾ ਦਲੀਪ ਸਿੰਘ ਬਾਰੇ ਤੁਸੀਂ ਕੀ ਜਾਣਦੇ ਹੋ?

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 100-120 ਸ਼ਬਦਾਂ ਵਿੱਚ ਲਿਖੋ—**

1. ਅੰਗਰੇਜ਼ਾਂ ਅਤੇ ਸਿੱਖਾਂ ਦੀ ਪਹਿਲੀ ਲੜਾਈ ਦੇ ਕਾਰਨ ਲਿਖੋ।
2. ਪਹਿਲੇ ਐਂਗਲੋ-ਸਿੱਖ ਯੁੱਧ ਦੀਆਂ ਘਟਨਾਵਾਂ ਲਿਖੋ।
3. ਲਾਹੌਰ ਦੀ ਪਹਿਲੀ ਸੰਧੀ ਦੀਆਂ ਧਾਰਾਵਾਂ ਲਿਖੋ।
4. ਭੈਰੋਂਵਾਲ ਦੀ ਸੰਧੀ ਬਾਰੇ ਜਾਣਕਾਰੀ ਦਿਓ।
5. ਦੂਜੇ ਐਂਗਲੋ-ਸਿੱਖ ਯੁੱਧ ਦੇ ਕਾਰਨ ਲਿਖੋ।
6. ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਘਟਨਾਵਾਂ ਬਿਆਨ ਕਰੋ।
7. ਦੂਜੇ ਐਂਗਲੋ-ਸਿੱਖ ਯੁੱਧ ਦੇ ਸਿੱਟੇ ਲਿਖੋ।
8. ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਿਵੇਂ ਕੀਤਾ?

**(ਸ)1. ਮੁਦਕੀ, ਫ਼ਿਰੋਜ਼ਸ਼ਾਹ, ਬੱਦੋਵਾਲ, ਆਲੀਵਾਲ ਤੇ ਸਭਰਾਉਂ ਨੂੰ ਪੰਜਾਬ ਦੇ ਦਿੱਤੇ ਨਕਸ਼ੇ 'ਤੇ ਦਿਖਾਓ। (ਪਹਿਲਾ ਐਂਗਲੋ ਸਿੱਖ ਯੁੱਧ)**

**2. ਦੂਜੇ ਐਂਗਲੋ ਸਿੱਖ ਯੁੱਧ ਦੀਆਂ ਲੜਾਈਆਂ ਨੂੰ ਪੰਜਾਬ ਦੇ ਨਕਸ਼ੇ ਦੇ ਦਿੱਤੇ ਖਾਕੇ 'ਤੇ ਦਰਸਾਓ।**

*****

# ਪਾਠ-9

# ਅਜ਼ਾਦੀ ਦੇ ਸੰਘਰਸ਼ ਵਿੱਚ ਪੰਜਾਬ ਦੀ ਦੇਣ

# (PUNJAB'S CONTRIBUTION TOWARDS STRUGGLE FOR FREEDOM)

ਅੰਗਰੇਜ਼ 1600 ਈ: ਵਿੱਚ ਵਪਾਰੀਆਂ ਦੇ ਰੂਪ ਵਿੱਚ ਭਾਰਤ ਵਿੱਚ ਆਏ। ਹੌਲ਼ੀ-ਹੌਲ਼ੀ ਉਹਨਾਂ ਨੇ ਭਾਰਤ ਦੇ ਦੱਖਣੀ ਅਤੇ ਪੂਰਬੀ ਭਾਗਾਂ ਉੱਤੇ ਕਬਜ਼ਾ ਕਰ ਲਿਆ। ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਜੀ ਲੜਾਈ (1848-49 ਈ:) ਮਗਰੋਂ ਭਾਰਤ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਸ਼ਾਮਲ ਕਰ ਲਿਆ। ਅੰਗਰੇਜ਼ ਸਰਕਾਰ ਵੱਲੋਂ ਖਾਲਸਾ ਸੈਨਾ ਤੋੜ ਦਿੱਤੀ ਗਈ। ਪਰ ਅੱਠਾਂ ਸਾਲਾਂ ਬਾਅਦ ਹੀ ਪੰਜਾਬੀਆਂ ਨੂੰ ਫਿਰ ਹਥਿਆਰ ਚੁੱਕਣ ਦਾ ਮੌਕਾ ਮਿਲ਼ ਗਿਆ। 1857 ਈ: ਦੀ ਭਾਰਤੀਆਂ ਵੱਲੋਂ ਲੜੀ ਗਈ ਆਜ਼ਾਦੀ ਦੀ ਪਹਿਲੀ ਜੰਗ ਵਿੱਚ ਪੰਜਾਬੀਆਂ ਨੇ ਜੋ ਹਿੱਸਾ ਪਾਇਆ, ਉਸ ਦਾ ਵਰਨਣ ਇਸ ਪ੍ਰਕਾਰ ਹੈ—

## 1. 1857 ਈ: ਦੀ ਅਜ਼ਾਦੀ ਦੀ ਜੰਗ ਵਿੱਚ ਪੰਜਾਬੀਆਂ ਦਾ ਯੋਗਦਾਨ

## (Contribution of Punjab in the First Battle of Independence in 1857)

**(ੳ) ਸੈਨਿਕਾਂ ਦੀ ਬਗ਼ਾਵਤ (Revolt of the Soldiers):-** 10 ਮਈ, 1857 ਈ: ਨੂੰ ਮੇਰਠ ਵਿਖੇ ਆਜ਼ਾਦੀ ਦੀ ਪਹਿਲੀ ਜੰਗ ਸ਼ੁਰੂ ਹੋਈ। ਜਦੋਂ 12 ਮਈ, 1857 ਈ: ਨੂੰ ਉਸ ਜੰਗ ਦੀ ਖ਼ਬਰ ਲਾਹੌਰ ਪੁੱਜੀ ਤਾਂ ਪੰਜਾਬ ਵਿੱਚ ਬਗਾਵਤ ਦੇ ਡਰ ਤੋਂ ਮੀਆਂ ਮੀਰ ਦੀ ਛਾਉਣੀ ਦੇ ਭਾਰਤੀ ਅਤੇ ਪੰਜਾਬੀ ਸਿਪਾਹੀਆਂ ਨੂੰ ਬੇਹਥਿਆਰ ਕਰ ਦਿੱਤਾ ਗਿਆ। ਫਿਰ ਲਾਹੌਰ, ਪਿਸ਼ਾਵਰ, ਨਵਾਂ ਸ਼ਹਿਰ, ਮੁਲਤਾਨ, ਅੰਬਾਲਾ, ਜਲੰਧਰ, ਰਾਵਲਪਿੰਡੀ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਡੇਰਾਜਾਤ ਦੇ ਪੰਜਾਬੀਆਂ ਅਤੇ ਭਾਰਤੀ ਸਿਪਾਹੀਆਂ ਨੂੰ ਬੇਹਥਿਆਰ ਕੀਤਾ ਗਿਆ।

ਫਿਰ ਵੀ ਪੰਜਾਬ ਦੇ ਪੂਰਬੀ ਭਾਗਾਂ ਵਿੱਚ ਪੰਜਾਬੀ ਅਤੇ ਭਾਰਤੀ ਸੈਨਿਕਾਂ ਨੇ ਬਗ਼ਾਵਤ ਕੀਤੀ। ਜਲੰਧਰ, ਫਿਲੌਰ, ਜਿਹਲਮ, ਸਿਆਲਕੋਟ ਅਤੇ ਥਾਨੇਸਰ ਵਿਖੇ ਸੈਨਿਕ ਬਗ਼ਾਵਤਾਂ ਹੋਈਆਂ। ਲਾਹੌਰ, ਫਿਰੋਜ਼ਪੁਰ, ਪਿਸ਼ਾਵਰ, ਅੰਬਾਲਾ ਅਤੇ ਮੀਆਂਵਾਲੀ ਛਾਉਣੀਆਂ ਵਿੱਚ ਵੀ ਕੁਝ ਕੁ ਪੰਜਾਬੀ ਅਤੇ ਭਾਰਤੀ ਸੈਨਿਕਾਂ ਨੇ ਬਗ਼ਾਵਤਾਂ ਕੀਤੀਆਂ। ਕਈ ਸੈਨਿਕਾਂ ਨੇ ਆਪਣੇ ਕਮਾਂਡਰਾਂ ਦੀ ਹੀ ਹੱਤਿਆ ਕਰ ਦਿੱਤੀ।

**(ਅ) ਲੋਕਾਂ ਦੀ ਬਗ਼ਾਵਤ (Revolt of the People):-** ਅੰਗਰੇਜ਼ਾਂ ਦੀ ਮੰਦੀ ਹਾਲਤ ਵੇਖ ਕੇ ਕਈ ਥਾਂਵਾਂ 'ਤੇ ਲੋਕਾਂ ਨੇ ਵੀ ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ। ਲੁਧਿਆਣਾ ਅਤੇ ਫ਼ਿਰੋਜ਼ਪੁਰ ਦੇ ਲੋਕਾਂ ਨੇ ਕਈ ਥਾਂਵਾਂ 'ਤੇ ਬਗ਼ਾਵਤਾਂ ਕੀਤੀਆਂ। ਉਹਨਾਂ ਬਗ਼ਾਵਤਾਂ ਵਿੱਚ ਸਿਆਲਕੋਟ ਦੇ ਸਿਪਾਹੀਆਂ ਨੇ ਵੀ ਭਾਗ ਲਿਆ। ਸਰਸਾ ਦੇ ਵਾਸੀਆਂ ਨੇ ਵੀ ਬਗ਼ਾਵਤ ਵਿੱਚ ਹਿੱਸਾ ਲਿਆ। ਮਿੰਟਗੁਮਰੀ, ਮੁਲਤਾਨ, ਬਹਾਵਲਪੁਰ, ਫਾਜ਼ਿਲਕਾ ਆਦਿ ਦੇ ਮੁਸਲਿਮ ਕਬੀਲੇ ਵੀ ਅੰਗਰੇਜ਼ਾਂ ਦੇ ਖ਼ਿਲਾਫ਼ ਹੋ ਗਏ।

ਦਿੱਲੀ ਅਤੇ ਰੋਹੇਲਖੰਡ ਦੇ ਨੇੜੇ ਦੇ ਲੋਕਾਂ ਨੇ ਵੀ ਬਾਗ਼ੀਆਂ ਦੇ ਪੱਖ ਵਿੱਚ ਬਗ਼ਾਵਤਾਂ ਕੀਤੀਆਂ। ਕਰਨਾਲ ਵਿਚਲੇ ਕਈ ਜਾਟ ਪਿੰਡਾਂ ਨੇ ਸਰਕਾਰ ਨੂੰ ਜ਼ਮੀਨ ਦਾ ਲਗਾਨ ਦੇਣ ਤੋਂ ਇਨਕਾਰ ਕਰ ਦਿੱਤਾ। ਰੋਹਤਕ ਅਤੇ ਰਿਵਾੜੀ ਵਿਖੇ ਵੀ ਪੰਜਾਬੀਆਂ ਨੇ ਬਗ਼ਾਵਤਾਂ ਕੀਤੀਆਂ।

**(ਝ) ਸਰਦਾਰ ਅਹਿਮਦ ਖਾਂ ਖਰਲ ਦੀ ਬਗ਼ਾਵਤ (Revolt of Sardar Ahmad Khan Kharal):-** ਅੰਗਰੇਜ਼ੀ ਰਾਜ ਨੂੰ ਮਾਲੀਆ ਨਾ ਦੇਣ ਤਹਿਤ ਖਰਲ ਕਬੀਲੇ ਦੇ ਸਰਦਾਰ ਅਹਿਮਦ ਖਾਂ ਖਰਲ ਨੇ ਬਗ਼ਾਵਤ ਕੀਤੀ। ਰਾਵੀ ਦਰਿਆ ਦੇ ਕੰਢੇ 'ਤੇ ਵਸਦੇ ਬਹੁਤ ਸਾਰੇ ਕਬੀਲਿਆਂ ਨੇ ਵੀ ਉਸ ਦਾ ਸਾਥ ਦਿੱਤਾ। ਉਸ ਨੇ ਕਈ ਥਾਂਵਾ 'ਤੇ ਅੰਗਰੇਜ਼ਾਂ ਨਾਲ਼ ਟੱਕਰ ਲਈ। ਉਹਨਾਂ ਨੇ ਇੱਕ ਅੰਗਰੇਜ਼ ਅਫ਼ਸਰ ਅਤੇ ਕਈ ਅੰਗਰੇਜ਼ ਫ਼ੌਜੀਆਂ ਦਾ ਕਤਲ ਕੀਤਾ। ਸਿੱਟੇ ਵਜੋਂ ਅੰਗਰੇਜ਼ਾਂ ਨੂੰ ਸਰਦਾਰ ਅਹਿਮਦ ਖਾਂ ਖਰਲ ਦੇ ਸਿਰ ਦਾ ਮੁੱਲ ਤੈਅ ਕਰਨਾ ਪਿਆ। ਅੰਤ ਨੂੰ ਪੰਜਾਬ ਦੀ ਸਭ ਤੋਂ ਪਹਿਲੀ ਸਮੂਹਿਕ ਹਥਿਆਰ ਬੰਦ ਲਹਿਰ ਦਾ ਇਹ ਨੇਤਾ ਆਪਣੇ ਵੀਹ ਘੋੜ ਸਵਾਰਾਂ ਸਮੇਤ ਅੰਗਰੇਜ਼ਾਂ ਦਾ ਵਿਰੋਧ ਕਰਦਾ ਹੋਇਆ ਪਾਕਪਟਨ ਦੇ ਨੇੜੇ ਸ਼ਹੀਦ ਹੋ ਗਿਆ।

ਪੰਜਾਬ ਵਿੱਚ 1857 ਈ: ਬਗ਼ਾਵਤ ਇਸ ਕਰਕੇ ਕਾਮਯਾਬ ਨਾ ਹੋ ਸਕੀ ਕਿਉਂਕਿ ਪੰਜਾਬੀ ਬਾਗ਼ੀਆਂ ਕੋਲ਼ ਕੋਈ ਵੀ ਉੱਚ ਕੋਟੀ ਦਾ ਨੇਤਾ ਨਹੀਂ ਸੀ। ਪੰਜਾਬ ਦੇ ਮਹਾਰਾਜਿਆਂ ਨੇ ਅੰਗਰੇਜ਼ਾਂ ਦਾ ਵਿਰੋਧ ਕਰਨ ਦੀ ਥਾਂ ਸਗੋਂ ਉਹਨਾਂ ਦਾ ਸਾਥ ਦਿੱਤਾ। ਇਸ ਲਈ ਪੰਜਾਬੀਆਂ ਦੀ ਅਜ਼ਾਦੀ ਲਈ ਪਹਿਲਾ ਸੰਘਰਸ਼ ਕਾਮਯਾਬ ਨਾ ਹੋ ਸਕਿਆ।

## 2. ਨਾਮਧਾਰੀ ਜਾਂ ਕੂਕਾ ਅੰਦੋਲਨ
## (Namdhari or Kuka Movement)

ਨਾਮਧਾਰੀ ਜਾਂ ਕੂਕਾ ਲਹਿਰ ਇੱਕ ਅਜਿਹੀ ਲਹਿਰ ਸੀ ਜਿਹੜੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਦੀ ਅਗਵਾਹੀ ਹੇਠ ਮਹਾਨ ਕਾਰਜ ਕਰ ਰਹੀ ਸੀ। 12 ਅਪ੍ਰੈਲ, 1857 ਈ. ਵਿੱਚ (ਵਿਸਾਖੀ ਵਾਲੇ ਦਿਨ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਇੱਕ ਨਵੀਂ ਜੱਥੇਬੰਦੀ ਦੀ ਨੀਂਹ ਰੱਖੀ, ਜਿਸ ਨੂੰ ਨਾਮਧਾਰੀ ਜਾਂ ਕੂਕਾ ਲਹਿਰ ਆਖਿਆ ਜਾਂਦਾ ਹੈ। ਇਹਨਾਂ ਦਾ ਉਦੇਸ਼ ਧਾਰਮਿਕ ਤੇ ਸਮਾਜਿਕ ਖੇਤਰ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਦੇਸ ਦੀ ਅਜ਼ਾਦੀ ਪ੍ਰਾਪਤ ਕਰਨਾ ਸੀ। ਇਸੇ ਲਈ ਉਹਨਾਂ ਨੇ ਅੰਗਰੇਜ਼ਾਂ ਪ੍ਰਤੀ ਅਸਹਿਯੋਗ ਦੀ ਨੀਤੀ ਅਪਣਾਈ। ਉਹਨਾਂ ਨੇ ਸਰਕਾਰੀ ਡਾਕ ਸਹੂਲਤਾਂ, ਵਿਦੇਸ਼ੀ ਕੱਪੜੇ, ਸਰਕਾਰੀ ਅਦਾਲਤਾਂ, ਸਕੂਲਾਂ, ਕਾਲਜਾਂ ਦਾ ਬਾਈਕਾਟ ਕੀਤਾ ਅਤੇ ਅੰਗਰੇਜ਼ਾਂ ਖ਼ਿਲਾਫ਼ ਆਪਣੀ ਸਰਕਾਰ ਬਣਾ ਦਿੱਤੀ। ਉਹਨਾਂ ਨੇ ਡਾਕ ਦਾ ਆਪਣਾ ਪ੍ਰਬੰਧ ਕਰ ਲਿਆ ਸੀ।

ਗੁਰੂ ਜੀ ਨੇ ਕੁੜੀਆਂ ਨੂੰ ਜੰਮਦਿਆਂ ਮਾਰਨ, ਵੇਚਣ, ਵੱਟਾ ਕਰਨ, ਬਾਲ-ਵਿਆਹ ਕਰਨ ਅਤੇ ਸਤੀ ਪ੍ਰਥਾ ਵਿਰੁੱਧ ਪ੍ਰਚਾਰ ਕੀਤਾ। ਵਿਧਵਾ ਵਿਆਹ ਦੀ ਖੁੱਲ੍ਹ ਦਿੱਤੀ ਅਤੇ ਸਮਾਜ ਵਿੱਚ ਇਸਤਰੀ ਦੇ ਬਰਾਬਰ ਹੱਕਾਂ ਦੀ ਪ੍ਰੋੜ੍ਹਤਾ ਕੀਤੀ। ਬਿਨਾਂ ਦਹੇਜ ਦੇ ਅੰਤਰਜਾਤੀ ਸਵਾ ਰੁਪੈ ਵਿੱਚ ਵਿਆਹ ਕਰਨ ਦੀ ਨਵੀਂ ਨਰੋਈ ਰੀਤ ਤੋਰੀ ਜਿਸ ਨੂੰ ਅਨੰਦ ਕਾਰਜ ਕਿਹਾ ਜਾਂਦਾ ਹੈ। ਪਹਿਲੀ ਵਾਰ 3 ਜੂਨ 1863 ਈ: ਨੂੰ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਛੇ ਅੰਤਰਜਾਤੀ ਵਿਆਹ ਕਰਕੇ ਸਮਾਜ ਵਿੱਚ ਕ੍ਰਾਂਤੀ ਲਿਆ ਦਿੱਤੀ। ਸਤਿਗੁਰੂ ਜੀ ਨੇ ਪਿੰਡ ਸਿਆੜ, ਜ਼ਿਲ੍ਹਾ ਲੁਧਿਆਣਾ ਵਿਖੇ ਬੀਬੀਆਂ ਨੂੰ ਅੰਮ੍ਰਿਤ ਛਕਾਇਆ ਤੇ ਬਰਾਬਰਤਾ ਦਿੱਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿੱਥੇ ਵੀ ਜਾਂਦੇ, ਉਹਨਾਂ ਨਾਲ਼ ਘੋੜ ਸਵਾਰਾਂ ਦੀ ਟੋਲੀ ਜ਼ਰੂਰ ਜਾਂਦੀ। ਇਸ 'ਤੇ ਅੰਗਰੇਜ਼ ਸਰਕਾਰ ਨੂੰ ਹੌਲ਼ੀ-ਹੌਲ਼ੀ ਸਮਝ ਆਉਣ ਲੱਗੀ ਕਿ ਨਾਮਧਾਰੀ ਕਿਸੇ ਬਗ਼ਾਵਤ ਦੀ ਤਿਆਰੀ ਕਰ ਰਹੇ ਹਨ। ਉਹਨਾਂ ਦੇ ਡਾਕ ਪ੍ਰਬੰਧ ਤੋਂ ਵੀ ਅੰਗਰੇਜ਼ਾਂ ਨੂੰ ਇਹੋ ਸ਼ੱਕ ਸੀ।

ਪ੍ਰਚਾਰ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਪੰਜਾਬ ਨੂੰ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ। ਹਰ ਇੱਕ ਸੂਬੇ ਵਿੱਚ ਮੁਖੀ ਹੁੰਦਾ ਸੀ। ਉਸ ਨੂੰ ਸੂਬਾ ਕਿਹਾ ਜਾਂਦਾ ਸੀ। ਨਾਮਧਾਰੀਆਂ ਦੀ ਇਹ ਕਾਰਵਾਈ ਵੀ ਅੰਗਰੇਜ਼ਾਂ ਨੂੰ ਡਰਾ ਰਹੀ ਸੀ। 1869 ਈ: ਵਿੱਚ ਨਾਮਧਾਰੀਆਂ/ਕੂਕਿਆਂ

ਨੇ ਆਪਣੇ ਸੰਬੰਧ ਕਸ਼ਮੀਰ, ਨੇਪਾਲ, ਰੂਸ, ਅਫ਼ਗਾਨਿਸਤਾਨ ਦੇ ਹਾਕਮਾਂ ਨਾਲ਼ ਜੋੜੇ। ਉਹਨਾਂ ਨੇ ਕੂਕਿਆਂ ਨੂੰ ਫ਼ੌਜੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਉਹਨਾਂ ਦੀਆਂ ਦੋ ਕੰਪਨੀਆਂ ਵੀ ਬਣਾ ਲਈਆਂ ਗਈਆਂ ਜਿਸ ਨੂੰ ਕੂਕਾ ਪਲਟਨ ਕਿਹਾ ਜਾਂਦਾ ਹੈ।

ਅੰਗਰੇਜ਼ਾਂ ਨੂੰ ਯਕੀਨ ਹੋ ਗਿਆ ਸੀ ਕਿ ਨਾਮਧਾਰੀ ਸਿੱਖ ਉਹਨਾਂ ਦੇ ਖ਼ਿਲਾਫ਼ ਇੱਕ ਦਿਨ ਅੰਦੋਲਨ ਕਰਨਗੇ। ਇਹ ਨਾ-ਮਿਲਵਰਤਨ ਕੂਕਾ ਲਹਿਰ ਦਬਾਉਣ ਲਈ ਅੰਗਰੇਜ਼ੀ ਸਰਕਾਰ ਨੇ ਇੱਕ ਹੋਰ ਕੋਝੀ ਚਾਲ ਚੱਲੀ। ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਇੱਕ-ਦੂਜੇ ਦੇ ਖ਼ਿਲਾਫ਼ ਕਰਨ ਅਤੇ ਭਾਰਤੀ ਲੋਕਾਂ ਨੂੰ ਗ਼ੁਲਾਮੀ ਦਾ ਅਹਿਸਾਸ ਕਰਵਾਉਣ ਲਈ ਹਿੰਦੂ ਮੁਸਲਮਾਨਾਂ ਵਿੱਚ ਪਾੜੋ ਤੇ ਰਾਜ ਕਰੋ ਦੀ ਨੀਤੀ ਹੇਠ ਅੰਗਰੇਜ਼ਾਂ ਨੇ ਥਾਂ-ਥਾਂ ਬੁੱਚੜਖਾਨੇ ਖੋਲ੍ਹ ਦਿੱਤੇ। ਨਾਮਧਾਰੀ ਸਿੱਖਾਂ ਨੇ ਗਊ ਰੱਖਿਆ ਦਾ ਕੰਮ ਸ਼ੁਰੂ ਕਰ ਦਿੱਤਾ। ਉਹ ਗਊ ਰੱਖਿਆ ਵੀ ਕਰਦੇ ਅਤੇ ਬੁੱਚੜਾਂ ਨੂੰ ਵੀ ਮਾਰ ਦਿੰਦੇ। 1871 ਈ. ਵਿੱਚ ਉਹਨਾਂ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਬੁੱਚੜਖਾਨਿਆਂ 'ਤੇ ਹਮਲਾ ਕਰਕੇ ਕਈ ਬੁੱਚੜਾਂ ਨੂੰ ਮਾਰ ਦਿੱਤਾ। ਕੂਕਿਆਂ ਨੂੰ ਸ਼ਰੇਆਮ ਫਾਂਸੀ ਦੀ ਸਜਾ ਵੀ ਦਿੱਤੀ ਜਾਂਦੀ ਪਰ ਕੂਕੇ ਆਪਣੇ ਮਨੋਰਥ ਤੋਂ ਪਿੱਛੇ ਨਾ ਹੁੰਦੇ। ਜਨਵਰੀ, 1872 ਈ. ਨੂੰ 150 ਕੂਕਿਆਂ ਦਾ ਜੱਥਾ ਬੁੱਚੜਾਂ ਨੂੰ ਸਜ਼ਾ ਦੇਣ ਲਈ ਮਲੇਰਕੋਟਲੇ ਪੁੱਜਾ। 15 ਜਨਵਰੀ, 1872 ਈ. ਨੂੰ ਕੂਕਿਆਂ ਅਤੇ ਮਲੇਰਕੋਟਲਾ ਦੀ ਸੈਨਾ ਵਿਚਕਾਰ ਘਮਸਾਨ ਦੀ ਲੜਾਈ ਹੋਈ। ਦੋਹਾਂ ਪਾਸਿਆਂ ਦੇ ਅਨੇਕਾਂ ਆਦਮੀ ਮਾਰੇ ਗਏ। ਅੰਗਰੇਜ਼ ਸਰਕਾਰ ਨੇ ਕੂਕਿਆਂ ਵਿਰੁੱਧ ਕਾਰਵਾਈ ਕਰਨ ਲਈ ਆਪਣੀ ਸੈਨਾ ਮਲੇਰਕੋਟਲਾ ਭੇਜੀ। 65 ਕੂਕਿਆਂ ਨੇ ਗ੍ਰਿਫ਼ਤਾਰੀ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਉਹਨਾਂ ਵਿੱਚੋਂ 49 ਕੂਕਿਆਂ ਨੂੰ 17 ਜਨਵਰੀ, 1872 ਈ. ਨੂੰ ਤੋਪਾਂ ਨਾਲ਼ ਉਡਾ ਦਿੱਤਾ। ਫ਼ਰਜ਼ੀ ਸਰਕਾਰੀ ਮੁਕੱਦਮਿਆਂ ਤੋਂ ਬਾਅਦ 16 ਕੂਕਿਆਂ ਨੂੰ ਵੀ 18 ਜਨਵਰੀ 1872 ਈ: ਨੂੰ ਤੋਪਾਂ ਨਾਲ਼ ਉਡਾ ਦਿੱਤਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ ਨਿਕਾਲ਼ਾ ਦੇ ਕੇ ਰੰਗੂਨ ਭੇਜ ਦਿੱਤਾ ਗਿਆ। ਬਹੁਤ ਨਾਮਧਾਰੀ ਕੂਕਿਆਂ ਨੂੰ ਕਾਲੇ ਪਾਣੀ ਭੇਜ ਦਿੱਤਾ। ਕਈਆਂ ਨੂੰ ਸਮੁੰਦਰ ਦੇ ਪਾਣੀ ਵਿੱਚ ਡੁਬੋ ਕੇ ਮਾਰ ਦਿੱਤਾ ਅਤੇ ਬਹੁਤ ਸਾਰਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ। ਹਰ ਤਰ੍ਹਾਂ ਦੇ ਤਸੀਹੇ ਅੰਗਰੇਜ਼ ਸਰਕਾਰ ਨੇ ਦਿੱਤੇ ਪਰ ਲਹਿਰ ਤਦ ਤੱਕ ਚਲਦੀ ਰਹੀ ਜਦ ਤੱਕ 15 ਅਗਸਤ, 1947 ਨੂੰ ਦੇਸ ਅਜ਼ਾਦ ਨਹੀਂ ਹੋ ਗਿਆ।

## 3. ਆਰੀਆ ਸਮਾਜ

## (Arya Samaj)

ਜਿਨ੍ਹਾਂ ਸਮਾਜਿਕ ਅਤੇ ਧਾਰਮਿਕ ਲਹਿਰਾਂ ਨੇ ਸਮੁੱਚੇ ਭਾਰਤੀਆਂ ਨੂੰ ਰਾਜਨੀਤਿਕ ਤੌਰ 'ਤੇ ਪ੍ਰਭਾਵਿਤ ਕੀਤਾ, ਉਹਨਾਂ ਵਿੱਚੋਂ ਇੱਕ ਲਹਿਰ ਆਰੀਆ ਸਮਾਜ ਲਹਿਰ ਵੀ ਹੈ। ਇਸ ਲਹਿਰ ਨੇ ਪੰਜਾਬੀਆਂ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ।

ਸਵਾਮੀ ਦਯਾ ਨੰਦ ਸਰਸਵਤੀ (1824-1883) ਆਰੀਆ ਸਮਾਜ ਦੇ ਬਾਨੀ ਸਨ। ਉਹਨਾਂ ਨੇ 1875 ਈ: ਵਿੱਚ ਆਰੀਆ ਸਮਾਜ ਕਾਇਮ ਕੀਤਾ। ਉਹਨਾਂ ਨੇ 1877 ਈ: ਵਿੱਚ ਇਸ ਦੀ ਇੱਕ ਮਹੱਤਵਪੂਰਨ ਸ਼ਾਖਾ ਲਾਹੌਰ ਵਿਖੇ ਖੋਲ੍ਹੀ।

ਮਾਰਚ, 1877 ਈ: ਵਿੱਚ ਸਵਾਮੀ ਦਯਾ ਨੰਦ ਸਰਸਵਤੀ ਜੀ ਨੇ ਪਹਿਲੀ ਵਾਰ ਪੰਜਾਬ ਦਾ ਦੌਰਾ ਕੀਤਾ। ਉਹ ਪੰਜਾਬ ਵਿੱਚ ਲਗਪਗ ਦੋ ਮਹੀਨੇ ਠਹਿਰੇ। ਉਹਨਾਂ ਨੇ ਆਪਣੇ ਪਹਿਲੇ ਭਾਸ਼ਣ ਲਾਹੌਰ ਵਿਖੇ ਅਨਾਰਕਲੀ ਬਾਜ਼ਾਰ ਦੇ ਬ੍ਰਹਮ ਸਮਾਜ ਮੰਦਰ ਵਿੱਚ ਦਿੱਤੇ।

ਆਰੀਆ ਸਮਾਜ ਨੇ ਜਿੱਥੇ ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ ਉੱਥੇ ਉਸ ਨੇ ਅਜ਼ਾਦੀ ਦੀ ਲਹਿਰ ਵਿੱਚ ਵੀ ਵਡਮੁੱਲਾ ਹਿੱਸਾ ਪਾਇਆ। ਉਸ ਸੰਸਥਾ ਨੇ ਅੰਗਰੇਜ਼ਾਂ ਨਾਲ਼ ਨਾ-ਮਿਲਵਰਤਨ ਲਹਿਰ ਨੂੰ ਬਲ ਦਿੱਤਾ। ਉਹਨਾਂ ਨੇ ਸਕੂਲ ਅਤੇ ਕਾਲਜ ਖੋਲ੍ਹ ਕੇ ਸ੍ਵਦੇਸ਼ੀ ਲਹਿਰ ਨੂੰ ਵੀ ਜਨਮ ਦਿੱਤਾ।

ਸਵਾਮੀ ਦਯਾ ਨੰਦ ਸਰਸਵਤੀ ਨੇ ਕੇਵਲ ਵਿੱਦਿਆ ਰਾਹੀਂ ਹੀ ਬ੍ਰਿਟਿਸ਼ ਲੋਕਾਂ ਦਾ ਵਿਰੋਧ ਨਹੀਂ ਕੀਤਾ, ਸਗੋਂ ਉਹਨਾਂ ਨੇ ਪੰਜਾਬ ਵਿੱਚ ਪੰਜਾਬੀਆਂ ਦੇ ਕੌਮੀ ਜਜ਼ਬੇ ਨੂੰ ਵੀ ਜਗਾਇਆ।

ਸਵਾਮੀ ਦਯਾ ਨੰਦ ਸਰਸਵਤੀ ਨੇ ਭਾਰਤੀਆਂ ਨੂੰ ਆਪਣੇ ਦੇਸ ਅਤੇ ਸੱਭਿਅਤਾ ਉੱਤੇ ਮਾਣ ਕਰਨ ਦੀ ਸਿੱਖਿਆ ਦਿੱਤੀ। ਇਸ ਪੱਖੋਂ ਵੀ ਉਹਨਾਂ ਦਾ ਅਸਰ ਪੰਜਾਬੀਆਂ ਉੱਤੇ ਪਿਆ। ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ ਅਤੇ ਸ਼ਰਧਾ ਨੰਦ ਵਰਗੇ ਦੇਸ਼ ਭਗਤ ਆਰੀਆ ਸਮਾਜ ਦੀ ਹੀ ਦੇਣ ਸਨ। ਭਾਈ ਪਰਮਾ ਨੰਦ ਅਤੇ ਲਾਲਾ ਹਰਦਿਆਲ ਵੀ ਪ੍ਰਸਿੱਧ ਆਰੀਆ ਸਮਾਜੀ ਸਨ।

ਆਰੀਆ ਸਮਾਜੀਆਂ ਦੀ ਰਾਜਨੀਤਿਕ ਗਤੀਵਿਧੀਆਂ ਨੂੰ ਦੇਖਦਿਆਂ ਅੰਗਰੇਜ਼ ਸਰਕਾਰ ਪੰਜਾਬ ਵਿੱਚ ਆਰੀਆ ਸਮਾਜੀਆਂ ਉੱਤੇ ਕਰੜੀ ਨਜ਼ਰ ਰੱਖਣ ਲੱਗੀ। ਜਿਹੜੇ ਆਰੀਆ ਸਮਾਜੀ ਸਰਕਾਰੀ ਨੌਕਰੀ ਵਿੱਚ ਸਨ ਉਹਨਾਂ ਉੱਤੇ ਸ਼ੱਕ ਕੀਤਾ ਜਾਣ ਲੱਗਾ। ਇੱਥੋਂ ਤੱਕ ਕਿ ਉਹਨਾਂ ਨੂੰ ਬਣਦੀਆਂ ਤਰੱਕੀਆਂ ਵੀ ਨਾ ਦਿੱਤੀਆਂ ਜਾਂਦੀਆਂ।

1892 ਈ: ਵਿੱਚ ਆਰੀਆ ਸਮਾਜ ਕਾਲਜ ਪਾਰਟੀ ਅਤੇ ਗੁਰੂ ਕੁਲ ਪਾਰਟੀ ਵਿੱਚ ਵੰਡਿਆ ਗਿਆ। ਕਾਲਜ ਪਾਰਟੀ ਲਾਲਾ ਲਾਜਪਤ ਰਾਏ ਅਤੇ ਮਹਾਤਮਾ ਹੰਸ ਰਾਜ ਅਨੁਸਾਰ ਵੇਦਾਂ ਦੇ ਨਾਲ-ਨਾਲ ਅੰਗਰੇਜ਼ੀ ਸਾਹਿਤ ਅਤੇ ਪੱਛਮੀ ਵਿਗਿਆਨ ਦੀ ਸਿੱਖਿਆ ਦੇਣ ਦੇ ਹੱਕ ਵਿੱਚ ਸੀ। ਇਸ ਤੇ ਅੰਗਰੇਜ਼ ਸਰਕਾਰ ਅਤੇ ਆਰੀਆ ਸਮਾਜੀਆਂ ਵਿਚਕਾਰਲਾ ਪਾੜ੍ਹਾ ਛੇਤੀ ਹੀ ਮਿਟ ਗਿਆ। ਪਰ ਫਿਰ ਵੀ ਆਰੀਆ ਸਮਾਜੀ ਦੇਸ ਦੇ ਅਜ਼ਾਦੀ ਘੁਲਾਟੀਆਂ ਦੇ ਸਹਾਇਕ ਰਹੇ। ਆਰੀਆ ਸਮਾਜੀਆਂ ਦੇ ਅਖ਼ਬਾਰ ਵੀ ਪੰਜਾਬ ਦੀ ਆਜ਼ਾਦੀ ਦੀ ਲਹਿਰ ਵਿੱਚ ਪੂਰੀ ਤਰ੍ਹਾਂ ਸਰਗਰਮ ਰਹੇ।

## 4. ਕਿਸਾਨੀ ਲਹਿਰਾਂ ਦਾ ਉੱਥਾਨ

## (Rise of Peasant Movements)

ਅੰਗਰੇਜ਼ ਸਰਕਾਰ ਦੀ ਆਰਥਿਕ ਨੀਤੀ ਪ੍ਰਸੰਸਾਯੋਗ ਨਹੀਂ ਸੀ। ਸਰਕਾਰ ਨੇ ਭੂਮੀ ਕਰ ਅਤੇ ਸਿੰਚਾਈ ਕਰ ਵਧਾ ਦਿੱਤਾ ਸੀ। ਇਸ ਨਾਲ ਕਿਸਾਨਾਂ ਵਿੱਚ ਅਸੰਤੁਸ਼ਟਤਾ ਦੀ ਲਹਿਰ ਦੌੜ ਗਈ ਸੀ।

ਅੰਗਰੇਜ਼ ਸਰਕਾਰ ਦੀ ਮਾਲ ਨੀਤੀ ਵੀ ਬੜੀ ਕਠੋਰ ਸੀ। ਸੋਕੇ ਜਾਂ ਕਾਲ ਦੇ ਸਮੇਂ ਵਿੱਚ ਵੀ ਮਾਮਲਾ (ਭੂਮੀ ਕਰ) ਵਿੱਚ ਕੋਈ ਛੋਟ ਨਹੀਂ ਸੀ ਦਿੱਤੀ ਜਾਂਦੀ। ਕਿਸਾਨਾਂ ਨੂੰ ਆਪਣੀ ਜ਼ਮੀਨ ਗਹਿਣੇ ਰੱਖ ਕੇ, ਵੇਚ ਕੇ ਜਾਂ ਮਾਲ-ਡੰਗਰ ਵੇਚ ਕੇ ਮਾਮਲਾ ਉਤਾਰਨਾ ਪੈਂਦਾ ਸੀ। 1875-78 ਵਿਚਕਾਰ ਪੰਜਾਬ ਦੇ ਕਿਸਾਨਾਂ ਦੀ ਕੁੱਲ ਗਹਿਣੇ ਪਈ ਜ਼ਮੀਨ 1,65,000 ਏਕੜ ਸੀ। 1884-85 ਵਿੱਚ ਗਹਿਣੇ ਪਈ ਜ਼ਮੀਨ ਦਾ ਰਕਬਾ 3,85,000 ਏਕੜ ਹੋ ਗਿਆ ਸੀ। ਸਿੱਟੇ ਵਜੋਂ ਪੰਜਾਬ ਵਿੱਚ ਕਿਸਾਨੀ ਲਹਿਰਾਂ ਨੇ ਜਨਮ ਲਿਆ। ਉਹਨਾਂ ਲਹਿਰਾਂ ਦੀ ਅਗਵਾਈ ਸ. ਅਜੀਤ ਸਿੰਘ, ਲਾਲਾ ਲਾਜਪਤ ਰਾਏ, ਸੂਫ਼ੀ ਅੰਬਾ ਪ੍ਰਸ਼ਾਦ ਅਤੇ ਸੱਯਦ ਹੈਦਰ ਅਲੀ ਵਰਗੇ ਨੇਤਾਵਾਂ ਨੇ ਕੀਤੀ। 1905-07 ਦੌਰਾਨ ਨਹਿਰੀ ਪਾਣੀ ਦੇ ਵਧਾਏ ਮਾਲੀਏ ਦੇ ਖਿਲਾਫ਼ ਨਹਿਰੀ ਕਾਲੋਨੀਆਂ ਵਿੱਚ ਵੱਡੇ ਪੱਧਰ 'ਤੇ ਵਿਰੋਧ ਪ੍ਰਗਟ ਕੀਤੇ ਗਏ। ਬਾਂਕੇ ਦਿਆਲ ਦਾ ਲਿਖਿਆ ਗੀਤ-ਪਗੜੀ ਸੰਭਾਲ ਜੱਟਾ ਘਰ-ਘਰ ਵਿੱਚ ਗੂੰਜਣ ਲੱਗਾ।

## 5. ਗਦਰ ਅੰਦੋਲਨ

## (The Ghadar Movement)

ਆਰਥਿਕ ਸੰਕਟ ਵਿੱਚ ਫਸੇ ਪੰਜਾਬੀਆਂ ਨੂੰ 1905 ਈ: ਵਿੱਚ ਰੋਟੀ ਦੀ ਭਾਲ ਵਿੱਚ ਫਿਜੀ, ਘਾਨਾ, ਮਲਾਇਆ, ਕਨੇਡਾ, ਅਮਰੀਕਾ ਆਦਿ ਦੇਸਾਂ ਵਿੱਚ ਜਾਣਾ ਪਿਆ। ਭਾਰਤ ਤੋਂ ਬਾਹਰ ਗਈ ਇਹਨਾਂ ਪੰਜਾਬੀਆਂ ਨੇ ਬਾਹਰ ਰਹਿ ਕੇ ਵੀ ਦੇਸ ਦੀ ਅਜ਼ਾਦੀ ਲਈ ਯਤਨ ਕੀਤੇ। ਉਹਨਾਂ ਯਤਨਾਂ ਵਿੱਚੋਂ ਇੱਕ ਮਹੱਤਵਪੂਰਨ ਯਤਨ ਗਦਰ ਅੰਦੋਲਨ ਸੀ। ਇਸ ਅੰਦੋਲਨ ਦਾ ਕੇਂਦਰ ਅਮਰੀਕਾ ਮਹਾਂਦੀਪ ਸੀ।

ਬਾਹਰਲੇ ਦੇਸਾਂ ਵਿੱਚ ਭਾਰਤੀਆਂ ਨੂੰ ਘ੍ਰਿਣਾ ਦੀ ਨਜ਼ਰ ਨਾਲ ਦੇਖਿਆ ਜਾਂਦਾ ਸੀ। ਇਸ ਘ੍ਰਿਣਾ ਦਾ ਕਾਰਨ ਇਹ ਸੀ ਕਿ ਭਾਰਤੀ ਗ਼ੁਲਾਮ ਦੇਸ ਦੇ ਵਾਸੀ ਸਨ, ਇਸ ਲਈ ਉਹਨਾਂ ਦੇ ਮਨ ਵਿੱਚ ਲੋਕਤੰਤਰ ਅਤੇ ਸੁਤੰਤਰਤਾ ਦੀ ਭਾਵਨਾ ਪੈਦਾ ਹੋ ਗਈ। ਇਸ ਤੋਂ ਇਲਾਵਾ ਅਖ਼ਬਾਰਾਂ ਅਤੇ ਕਿਤਾਬਾਂ ਨੂੰ ਪੜ੍ਹ ਕੇ ਵੀ ਅਮਰੀਕਾ ਵਿੱਚ ਵਸੇ ਭਾਰਤੀਆਂ ਨੇ ਆਪਣੇ ਦੇਸ ਨੂੰ ਅਜ਼ਾਦ ਕਰਵਾਉਣ ਦਾ ਯਤਨ ਕੀਤਾ।

ਗ਼ਦਰ ਪਾਰਟੀ ਦਾ ਜਨਮ 1913 ਈ: ਵਿੱਚ ਸੇਨਫਰਾਂਸਿਸਕੋ (ਅਮਰੀਕਾ) ਵਿੱਚ ਹੋਇਆ। ਇਸ ਦਾ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਬਣਾਇਆ ਗਿਆ। ਲਾਲਾ ਹਰਦਿਆਲ ਨੂੰ ਮੁੱਖ ਸਕੱਤਰ, ਕਾਂਸ਼ੀ ਰਾਮ ਨੂੰ ਸਕੱਤਰ ਅਤੇ ਖਜ਼ਾਨਚੀ, ਕੇਸਰ ਸਿੰਘ ਨੂੰ ਮੀਤ ਪ੍ਰਧਾਨ ਅਤੇ ਕਰੀਮ ਬਖ਼ਸ਼ ਤੇ ਮੁਨਸ਼ੀ ਰਾਮ ਨੂੰ ਪ੍ਰਬੰਧਕ ਸਕੱਤਰ ਬਣਾਇਆ ਗਿਆ।

ਇਸ ਸੰਸਥਾ ਨੇ ਸੇਨਫਰਾਂਸਿਸਕੋ ਤੋਂ ਉਰਦੂ ਵਿੱਚ ਇੱਕ ਸਪਤਾਹਿਕ ਪੱਤਰ 'ਗਦਰ' ਕੱਢਣਾ ਸ਼ੁਰੂ ਕੀਤਾ। ਸੰਪਾਦਨਾ ਦਾ ਕੰਮ ਕਰਤਾਰ ਸਿੰਘ ਸਰਾਭਾ ਨੂੰ ਸੌਂਪਿਆ ਗਿਆ। ਉਸ ਦੀ ਮਿਹਨਤ ਸਦਕਾ ਉਹ ਅਖ਼ਬਾਰ ਹਿੰਦੀ, ਪੰਜਾਬੀ, ਗੁਜਰਾਤੀ, ਬੰਗਾਲੀ, ਪਸ਼ਤੋ ਅਤੇ ਨੇਪਾਲੀ ਭਾਸ਼ਾ ਵਿੱਚ ਵੀ ਛਪਣ ਲੱਗਾ। ਇਸ ਅਖ਼ਬਾਰ ਦੇ ਕਾਰਨ ਇਸ ਸੰਸਥਾ ਦਾ ਨਾਂ 'ਗ਼ਦਰ ਪਾਰਟੀ' ਰੱਖਿਆ ਗਿਆ।

ਇਸ ਸੰਸਥਾ ਦਾ ਮੁੱਖ ਉਦੇਸ਼ ਹਥਿਆਰਬੰਦ ਬਗ਼ਾਵਤ ਰਾਹੀਂ ਭਾਰਤ ਨੂੰ ਅਜ਼ਾਦ ਕਰਵਾਉਣਾ ਸੀ। ਇਸ ਲਈ ਇਸ ਪਾਰਟੀ ਨੇ ਨਿਮਲਿਖਤ ਸੁਝਾਅ ਰੱਖੇ—

(i) ਸੈਨਾ ਵਿੱਚ ਬਗ਼ਾਵਤ ਦਾ ਪਰਚਾਰ।
(ii) ਅੰਗਰੇਜ਼ਾਂ ਦੇ ਪਿੱਠੂਆਂ ਦੀ ਹੱਤਿਆ।
(iii) ਜੇਲ੍ਹਾਂ ਤੋੜਨੀਆਂ।
(iv) ਸਰਕਾਰੀ ਖ਼ਜ਼ਾਨੇ ਅਤੇ ਥਾਣੇ ਲੁੱਟਣੇ।
(v) ਕ੍ਰਾਂਤੀਕਾਰੀ ਸਾਹਿਤ ਛਾਪਣਾ ਅਤੇ ਵੰਡਣਾ।
(vi) ਅੰਗਰੇਜ਼ਾਂ ਦੇ ਦੁਸ਼ਮਣਾਂ ਦੀ ਸਹਾਇਤਾ ਕਰਨੀ।
(vii) ਹਥਿਆਰ ਇਕੱਠੇ ਕਰਨਾ।
(viii) ਬੰਬ ਬਣਾਉਣੇ।
(ix) ਰੇਲਵੇ, ਡਾਕ ਅਤੇ ਤਾਰ ਨੂੰ ਨੁਕਸਾਨ ਪਹੁੰਚਾਉਣਾ ਅਤੇ ਭੰਨਤੋੜ ਕਰਨੀ।
(x) ਕ੍ਰਾਂਤੀਕਾਰੀਆਂ ਦਾ ਝੰਡਾ ਲਹਿਰਾਉਣਾ।
(xi) ਕ੍ਰਾਂਤੀਕਾਰੀ ਨੌਜਵਾਨਾਂ ਦੀ ਸੂਚੀ ਤਿਆਰ ਕਰਨਾ।

ਕਾਮਾਗਾਟਾ ਮਾਰੂ ਦੀ ਘਟਨਾ ਮਗਰੋਂ ਕਾਫ਼ੀ ਗਿਣਤੀ ਵਿੱਚ ਭਾਰਤੀ ਲੋਕ ਆਪਣੇ ਦੇਸ ਪਰਤੇ। ਉਹ ਭਾਰਤ ਵਿੱਚ ਗਦਰ ਰਾਹੀਂ ਅੰਗਰੇਜ਼ਾਂ ਨੂੰ ਦੇਸ ਵਿੱਚੋਂ ਕੱਢਣਾ ਚਾਹੁੰਦੇ ਸਨ। ਅੰਗਰੇਜ਼ ਸਰਕਾਰ ਬੜੀ ਹੀ ਚੌਕਸੀ ਤੋਂ ਕੰਮ ਲੈ ਰਹੀ ਸੀ। ਬਾਹਰੋਂ ਆਉਣ ਵਾਲ਼ੇ ਹਰ ਬੰਦੇ ਦੀ ਛਾਣ-ਬੀਣ ਹੁੰਦੀ ਸੀ। ਸ਼ੱਕ ਹੋਣ ਤੇ ਉਸ ਬੰਦੇ ਨੂੰ ਨਜ਼ਰਬੰਦ ਕੀਤਾ ਜਾਂਦਾ ਸੀ। ਜਿਹੜਾ ਬੰਦਾ ਬਚ ਜਾਂਦਾ ਸੀ, ਉਹ ਗਦਰੀਆਂ ਨਾਲ਼ ਰਲ਼ ਜਾਂਦਾ ਸੀ।

ਗਦਰ ਪਾਰਟੀ ਅਤੇ ਬਾਹਰੋਂ ਪਰਤੇ ਕ੍ਰਾਂਤੀਕਾਰੀਆਂ ਦੀ ਅਗਵਾਈ ਰਾਸ ਬਿਹਾਰੀ ਬੋਸ ਨੇ ਕੀਤੀ। ਅਮਰੀਕਾ ਤੋਂ ਪਰਤੇ ਕਰਤਾਰ ਸਿੰਘ ਸਰਾਭਾ ਨੇ ਵੀ ਭਾਈ ਪਰਮਾਨੰਦ ਜੀ ਨਾਲ਼ ਸੰਬੰਧ ਕਾਇਮ ਕੀਤੇ ਅਤੇ ਬਨਾਰਸ ਵਿਖੇ ਸ੍ਰੀ ਰਾਸ ਬਿਹਾਰੀ ਬੋਸ ਦੇ ਲੁਕਵੇਂ ਅੱਡੇ ਦਾ ਪਤਾ ਕਰ ਕੇ ਉਸ ਨਾਲ਼ ਵੀ ਸੰਪਰਕ ਕਾਇਮ ਕੀਤਾ। ਰਾਸ ਬਿਹਾਰੀ ਬੋਸ ਨੇ ਲਾਹੌਰ, ਫ਼ਿਰੋਜ਼ਪੁਰ, ਮੇਰਠ, ਅੰਬਾਲਾ, ਆਗਰਾ, ਕਾਨਪੁਰਾ, ਅਲਾਹਾਬਾਦ, ਬਨਾਰਸ, ਲਖਨਊ, ਮੁਲਤਾਨ, ਜਿਹਲਮ, ਕੋਹਾਟ, ਰਾਵਲਪਿੰਡੀ, ਪਿਸ਼ਾਵਰ, ਮਰਦਾਨ ਆਦਿ ਛਾਉਣੀਆਂ

ਵਿੱਚ ਪ੍ਰਚਾਰਕ ਭੇਜੇ। ਉਹਨਾਂ ਪ੍ਰਚਾਰਕਾਂ ਨੇ ਫ਼ੌਜੀਆਂ ਨੂੰ ਬਗ਼ਾਵਤ ਲਈ ਤਿਆਰ ਕੀਤਾ। ਨਾਲ਼ ਦੀ ਨਾਲ਼ ਕਰਤਾਰ ਸਿੰਘ ਸਰਾਭਾ ਅਤੇ ਭਾਈ ਨਿਧਾਨ ਸਿੰਘ ਚੁੱਘ ਨੇ ਇਸਲਾਮੀਆ ਹਾਈ ਸਕੂਲ ਲੁਧਿਆਣਾ ਦੇ ਵਿਦਿਆਰਥੀਆਂ ਵਿੱਚ ਵੀ ਬੜਾ ਕੰਮ ਕੀਤਾ। ਸਰਾਭਾ ਨੇ ਲਾਲਾ ਰਾਮ ਸਰਨ ਦਾਸ ਕਪੂਰਥਲਾ ਨਾਲ਼ ਮਿਲ਼ ਕੇ 'ਗਦਰ' ਕੱਢਣ ਲਈ ਪ੍ਰੈਸ ਚਾਲੂ ਕਰਨੀ ਚਾਹੀ ਪਰ ਅਸਫਲ ਰਿਹਾ। ਫਿਰ ਵੀ ਉਹ ਲੁਧਿਆਣਾ ਅਤੇ ਲਾਹੌਰ ਤੋਂ ਸਾਈਕਲੋਸਟਾਈਲ ਕਰਵਾ ਕੇ 'ਗਦਰ ਗੂੰਜ' ਕੱਢਦਾ ਰਿਹਾ। ਝਾਬੇਵਾਲ (ਲੁਧਿਆਣਾ) ਅਤੇ ਲੋਹਟਬੱਧੀ (ਨਾਭਾ) ਵਿਖੇ ਬੰਬ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਇਸ ਸਮੇਂ ਅਜ਼ਾਦ ਭਾਰਤ ਲਈ ਇੱਕ ਝੰਡਾ ਤਿਆਰ ਕੀਤਾ ਗਿਆ, ਜਿਸ ਨੂੰ ਸਭਨਾਂ ਥਾਂਵਾਂ 'ਤੇ ਕਰਤਾਰ ਸਿੰਘ ਸਰਾਭਾ ਨੇ ਹੀ ਵੰਡਿਆ।

21 ਫਰਵਰੀ, 1915 ਈ: ਦਾ ਦਿਨ ਬਗ਼ਾਵਤ ਲਈ ਨਿਸ਼ਚਿਤ ਕੀਤਾ ਗਿਆ। ਕਰਤਾਰ ਸਿੰਘ ਸਰਾਭਾ ਨੇ ਫ਼ਿਰੋਜ਼ਪੁਰ ਉੱਤੇ ਹਮਲਾ ਕਰਨਾ ਸੀ। ਉਹ 19 ਫਰਵਰੀ ਨੂੰ ਆਪਣੇ ਸਾਥੀਆਂ ਨਾਲ਼ ਕੀਰਤਨੀ ਜੱਥੇ ਦੇ ਰੂਪ ਵਿੱਚ ਫਿਰੋਜ਼ਪੁਰ ਪੁੱਜ ਵੀ ਗਿਆ ਸੀ, ਪਰ ਅੰਮ੍ਰਿਤਸਰ ਦੇ ਇੱਕ ਸਿਪਾਹੀ ਕਿਰਪਾਲ ਸਿੰਘ ਨੇ ਧੋਖਾ ਦੇ ਦਿੱਤਾ। ਸਿੱਟੇ ਵਜੋਂ ਗਦਰੀਆਂ ਦੀ ਪੋਲ ਸਮੇਂ ਤੋਂ ਪਹਿਲਾਂ ਹੀ ਖੁੱਲ੍ਹ ਗਈ। ਅੰਗਰੇਜ਼ ਸਰਕਾਰ ਨੇ ਇਕਦਮ ਸਾਰੀ ਕਾਰਵਾਈ ਕਰ ਲਈ। ਸੰਬੰਧਿਤ ਸੈਨਿਕਾਂ ਦੇ ਹਥਿਆਰ ਖੋਹ ਲਏ ਗਏ ਅਤੇ ਉਹਨਾਂ ਨੂੰ ਕੈਦੀ ਬਣਾ ਲਿਆ ਗਿਆ। ਅਨੇਕਾਂ ਕ੍ਰਾਂਤੀਕਾਰੀ ਅਤੇ ਗਦਰੀ ਨੇਤਾ ਫੜੇ ਗਏ। ਕਰਤਾਰ ਸਿੰਘ ਸਰਾਭਾ ਨੇ ਰਾਸ ਬਿਹਾਰੀ ਬੋਸ ਨੂੰ ਪੰਜਾਬੀ ਪੋਸ਼ਾਕ ਪਹਿਨਾ ਕੇ ਬਨਾਰਸ ਲਈ ਗੱਡੀ ਚੜ੍ਹਾ ਦਿੱਤਾ। ਲਾਹੌਰ ਸਾਜ਼ਸ਼ ਕੇਸ ਚੱਲਿਆ। 46 ਕ੍ਰਾਂਤੀਕਾਰੀਆਂ ਨੂੰ ਫ਼ਾਂਸੀ ਹੋਈ, ਜਿਨ੍ਹਾਂ ਵਿੱਚੋਂ ਇੱਕ ਕਰਤਾਰ ਸਿੰਘ ਸਰਾਭਾ (17 ਨਵੰਬਰ, 1915 ਈ:) ਵੀ ਸੀ। 194 ਕ੍ਰਾਂਤੀਕਾਰੀਆਂ ਨੂੰ ਉਮਰ ਕੈਦ ਦਿੱਤੀ ਗਈ। ਜਿਹੜੇ ਸੈਨਿਕ ਬਾਗ਼ੀ ਹੋ ਗਏ ਸਨ, ਉਹਨਾਂ ਨੂੰ ਗੋਲ਼ੀ ਨਾਲ਼ ਉਡਾ ਦਿੱਤਾ ਗਿਆ। ਅੰਤ ਨੂੰ ਇਹ ਲਹਿਰ ਨਾਕਾਮਯਾਬ ਰਹੀ।

## 6. ਕਾਮਾਗਾਟਾ ਮਾਰੂ ਘਟਨਾ
## (Kamagata Maru Incident)

ਅੰਗਰੇਜ਼ ਸਰਕਾਰ ਦੇ ਆਰਥਿਕ ਕਨੂੰਨਾਂ ਨੇ ਪੰਜਾਬੀ ਲੋਕਾਂ ਨੂੰ ਕਮਜ਼ੋਰ ਕਰ ਦਿੱਤਾ ਸੀ। ਸਿੱਟੇ ਵਜੋਂ 1905 ਈ: ਵਿੱਚ ਉਹ ਲੋਕ ਰੋਜ਼ੀ ਰੋਟੀ ਦੀ ਭਾਲ਼ ਵਿੱਚ ਵਿਦੇਸ਼ਾਂ ਵਿੱਚ ਜਾਣ ਲੱਗ ਪਏ ਸਨ। 1910 ਈ: ਤੱਕ ਲਗਭਗ 10,000 ਹਿੰਦੁਸਤਾਨੀ, ਜਿਨ੍ਹਾਂ ਵਿੱਚ 90 ਫੀਸਦੀ ਪੰਜਾਬੀ ਸਨ, ਅਮਰੀਕਾ ਪੁੱਜ ਚੁੱਕੇ ਸਨ। ਪੰਜਾਬੀ ਲੋਕ ਕਨੇਡਾ ਵੀ ਪੁੱਜ ਰਹੇ ਸਨ ਪਰ ਕਨੇਡਾ ਸਰਕਾਰ 1910 ਈ: ਵਿੱਚ ਇੱਕ ਕਨੂੰਨ ਪਾਸ ਕੀਤਾ ਕਿ ਅੱਗੇ ਤੋਂ ਓਹੀ ਭਾਰਤੀ ਲੋਕ ਕਨੇਡਾ ਪੁੱਜ ਸਕਣਗੇ, ਜਿਹੜੇ ਆਪਣੇ ਦੇਸ ਦੀ ਕਿਸੇ ਬੰਦਰਗਾਹ ਤੋਂ ਬੈਠ ਕੇ ਸਿੱਧੇ ਕਨੇਡਾ ਆਉਣਗੇ।

24 ਜਨਵਰੀ, 1913 ਈ: ਨੂੰ ਕਨੇਡਾ ਦੀ ਹਾਈਕੋਰਟ ਨੇ ਭਾਰਤੀਆਂ ਉੱਤੇ ਲੱਗੀਆਂ ਪਾਬੰਦੀਆਂ ਵਾਲ਼ਾ ਕਾਨੂੰਨ ਰੱਦ ਕਰ ਦਿੱਤਾ। ਇਹ ਖ਼ਬਰ ਪੜ੍ਹ ਕੇ ਪੰਜਾਬ ਦੇ ਬਹੁਤ ਸਾਰੇ ਲੋਕ ਕਨੇਡਾ ਜਾਣ ਲਈ ਕੋਲਕਾਤਾ (ਕਲਕੱਤਾ), ਸਿੰਘਾਪੁਰ ਅਤੇ ਹਾਂਗਕਾਂਗ ਦੀਆਂ ਬੰਦਰਗਾਹਾਂ ਉੱਤੇ ਪਹੁੰਚ ਗਏ। ਪਰ ਕੋਈ ਵੀ ਜਹਾਜ਼ ਕੰਪਨੀ ਕਨੇਡਾ ਦੇ ਵਤੀਰੇ ਤੋਂ ਡਰਦੀ ਹੋਈ ਪੰਜਾਬੀ ਮੁਸਾਫ਼ਰਾਂ ਨੂੰ ਕਨੇਡਾ ਉਤਾਰਨ ਦੀ ਜ਼ੁੰਮੇਵਾਰੀ ਨਹੀਂ ਸੀ ਲੈ ਰਹੀ।

ਪਿੰਡ ਸਰਹਾਲੀ, ਜ਼ਿਲ੍ਹਾ ਅੰਮ੍ਰਿਤਸਰ ਦਾ ਬਾਬਾ ਗੁਰਦਿੱਤ ਸਿੰਘ ਸਿੰਘਾਪੁਰ ਅਤੇ ਮਲਾਇਆ ਵਿੱਚ ਠੇਕੇਦਾਰੀ ਕਰਦਾ ਸੀ। ਉਸ ਨੇ 1913 ਈ: ਵਿੱਚ 'ਗੁਰੂ ਨਾਨਕ ਨੇਵੀਗੇਸ਼ਨ ਕੰਪਨੀ' ਕਾਇਮ ਕੀਤੀ। 24 ਮਾਰਚ, 1914 ਈ: ਨੂੰ ਉਸ ਕੰਪਨੀ ਨੇ ਜਾਪਾਨ ਤੋਂ ਕਾਮਾਗਾਟਾ ਮਾਰੂ ਜਹਾਜ਼ ਕਿਰਾਏ 'ਤੇ ਲੈ ਲਿਆ,

ਜਿਸ ਦਾ ਨਾਂ 'ਗੁਰੂ ਨਾਨਕ ਜਹਾਜ਼' ਰੱਖਿਆ ਗਿਆ। ਉਸ ਨੂੰ 500 ਮੁਸਾਫ਼ਰ ਹਾਂਗਕਾਂਗ ਤੋਂ ਹੀ ਮਿਲ ਗਏ। ਹਾਂਗਕਾਂਗ ਦੀ ਅੰਗਰੇਜ਼ ਸਰਕਾਰ ਇਸ ਗੱਲ ਨੂੰ ਬਰਦਾਸ਼ਤ ਨਾ ਕਰ ਸਕੀ। ਉਸ ਨੇ ਬਾਬਾ ਗੁਰਦਿੱਤ ਸਿੰਘ ਨੂੰ ਕੈਦੀ ਬਣਾ ਲਿਆ। ਭਾਵੇਂ ਉਸ ਨੂੰ ਅਗਲੇ ਦਿਨ ਹੀ ਛੱਡ ਦਿੱਤਾ ਗਿਆ ਪਰ ਵਿਘਨ ਪੈਣ ਕਰ ਕੇ ਯਾਤਰੀਆਂ ਦੀ ਗਿਣਤੀ 135 ਹੀ ਰਹਿ ਗਈ।

ਰਾਹ ਵਿੱਚ ਸ਼ੰਗਾਈ ਅਤੇ ਕੋਬੇ ਦੀਆਂ ਬੰਦਰਗਾਹਾਂ ਤੋਂ ਹੋਰ ਮੁਸਾਫ਼ਰ ਲੈਂਦਾ ਹੋਇਆ ਗੁਰੂ ਨਾਨਕ ਜਹਾਜ਼ 23 ਮਈ, 1914 ਈ: ਨੂੰ ਵੈਨਕੂਵਰ ਦੀ ਬੰਦਰਗਾਹ ਉੱਤੇ ਜਾ ਪਹੁੰਚਾ, ਪਰ ਮੁਸਾਫ਼ਰਾਂ ਨੂੰ ਬੰਦਰਗਾਹ ਉੱਤੇ ਨਾ ਉਤਰਨ ਦਿੱਤਾ ਗਿਆ। ਭਾਵੇਂ ਬਾਬਾ ਗੁਰਦਿੱਤ ਸਿੰਘ ਪ੍ਰੀਵੀ ਕਾਊਂਸਿਲ ਵਿੱਚ ਅਪੀਲ ਕਰਨੀ ਚਾਹੁੰਦਾ ਸੀ, ਪਰ ਅੰਤ ਨੂੰ ਭਾਰਤੀਆਂ ਨੇ ਵਾਪਸ ਜਾਣਾ ਹੀ ਮੰਨ ਲਿਆ।

23 ਜੁਲਾਈ, 1914 ਈ: ਨੂੰ ਕਾਮਾਗਾਟਾ ਮਾਰੂ ਜਹਾਜ਼ ਵੈਨਕੂਵਰ ਤੋਂ ਭਾਰਤ ਵੱਲ ਵਾਪਸ ਚੱਲ ਪਿਆ। ਜਦੋਂ ਜਹਾਜ਼ ਹੁਗਲੀ ਦਰਿਆ ਵਿੱਚ ਪੁੱਜਾ ਤਾਂ ਲਾਹੌਰ ਦਾ ਅੰਗਰੇਜ਼ ਡਿਪਟੀ ਕਮਿਸ਼ਨਰ ਅਤੇ ਉਸ ਦੇ 20 ਪੰਜਾਬੀ ਪੁਲਸੀਏ ਅਗਨਬੋਟ ਰਾਹੀਂ ਉੱਥੇ ਪੁੱਜ ਗਏ। ਯਾਤਰੀਆਂ ਦੀ ਤਲਾਸ਼ੀ ਲੈਣ ਮਗਰੋਂ ਜਹਾਜ਼ ਨੂੰ 27 ਕਿਲੋਮੀਟਰ ਦੂਰ ਬਜਬਜ ਘਾਟ 'ਤੇ ਖੜਾ ਕਰ ਦਿੱਤਾ। ਯਾਤਰੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹਨਾਂ ਨੂੰ ਉੱਥੋਂ ਰੇਲ ਰਾਹੀਂ ਪੰਜਾਬ ਭੇਜਿਆ ਜਾਵੇਗਾ ਪਰ ਉਹ ਯਾਤਰੀ ਕੋਲਕਾਤਾ (ਕਲਕੱਤਾ) ਵਿਖੇ ਹੀ ਕੋਈ ਕਾਰੋਬਾਰ ਕਰਨਾ ਚਾਹੁੰਦੇ ਸਨ। ਪਰ ਉਹਨਾਂ ਦੀ ਕਿਸੇ ਨਾ ਸੁਣੀ ਅਤੇ ਉਹਨਾਂ ਨੂੰ ਜਹਾਜ਼ ਵਿੱਚੋਂ ਉਤਾਰ ਦਿੱਤਾ ਗਿਆ।

ਸ਼ਾਮ ਸਮੇਂ ਰੇਲਵੇ ਸਟੇਸ਼ਨ ਉੱਤੇ ਬੈਠੇ ਪੰਜਾਬੀਆਂ ਉੱਤੇ ਪੁਲਿਸ ਨੇ ਗੋਲ਼ੀ ਚਲਾ ਦਿੱਤੀ। ਸਿੱਟੇ ਵਜੋਂ 40 ਬੰਦੇ ਸ਼ਹੀਦ ਹੋਏ ਅਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ।

ਬਾਬਾ ਗੁਰਦਿੱਤ ਸਿੰਘ ਬਚ ਕੇ ਪੰਜਾਬ ਪਹੁੰਚ ਗਏ। ਅੰਤ ਨੂੰ ਉਸ ਨੇ 1920 ਈ: ਨੂੰ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ 'ਤੇ ਨਨਕਾਣਾ ਸਾਹਿਬ ਵਿਖੇ ਆਪਣੇ ਆਪ ਨੂੰ ਅੰਗਰੇਜ਼ ਪੁਲਸ ਦੇ ਅੱਗੇ ਪੇਸ਼ ਕਰ ਦਿੱਤਾ। ਉਸ ਨੂੰ 5 ਸਾਲਾਂ ਦੀ ਜੇਲ੍ਹ ਹੋਈ, ਰਿਹਾ ਹੋ ਕੇ ਉਹ ਕਲਕੱਤਾ ਵਿੱਚ ਰਹਿਣ ਲੱਗਾ। 24 ਜੁਲਾਈ 1954 ਈ: ਵਿੱਚ ਉਨ੍ਹਾਂ ਦੀ ਮੌਤ ਹੋ ਗਈ।

## 7. ਜਲ੍ਹਿਆਂਵਾਲਾ ਬਾਗ ਕਾਂਡ, 13 ਅਪ੍ਰੈਲ, 1919 ਈ:
## (Jallianwale Bagh Incident, 13 April, 1919 A.D.)

ਕੇਂਦਰੀ ਲੈਜਿਸਲੇਟਿਵ ਕਾਊਂਸਿਲ ਵਿੱਚ ਦੋ ਬਿਲ ਪਾਸ ਕੀਤੇ ਗਏ, ਜਿਨ੍ਹਾਂ ਨੂੰ ਰੌਲਟ ਬਿਲ **(Rowlatt Bills)** ਕਹਿੰਦੇ ਹਨ। ਇਹਨਾਂ ਬਿਲਾਂ ਰਾਹੀਂ ਪੁਲਸ ਅਤੇ ਮੈਜਿਸਟ੍ਰੇਟਾਂ ਨੂੰ ਸਾਜਸ਼ ਆਦਿ ਨੂੰ ਦਬਾਉਣ ਲਈ ਵਧੇਰੇ ਸ਼ਕਤੀਆਂ ਦਿੱਤੀਆਂ ਗਈਆਂ ਸਨ। ਇਸ ਦੇ ਵਿਰੁੱਧ 13 ਮਾਰਚ, 1919 ਈ: ਨੂੰ, ਮਹਾਤਮਾ ਗਾਂਧੀ ਨੇ ਰੌਲਟ ਬਿਲਾਂ ਨੂੰ ਅਸਫਲ ਬਣਾਉਣ ਲਈ, ਹੜਤਾਲ ਕਰ ਦਿੱਤੀ। ਸਿੱਟੇ ਵਜੋਂ ਅਹਿਮਦ ਨਗਰ, ਦਿੱਲੀ ਅਤੇ ਪੰਜਾਬ ਦੇ ਕੁਝ ਸ਼ਹਿਰਾਂ ਵਿੱਚ ਫਸਾਦ ਹੋ ਗਏ। ਇਸ ਵਿਗੜਦੀ ਹਾਲਤ 'ਤੇ ਕਾਬੂ ਪਾਉਣ ਲਈ ਪੰਜਾਬ ਸਰਕਾਰ ਦੇ ਹੁਕਮ ਨਾਲ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸੂਬੇ ਦੇ ਦੋ ਪ੍ਰਸਿੱਧ ਨੇਤਾਵਾਂ, ਡਾ: ਸਤਿਆਪਾਲ ਅਤੇ ਡਾ: ਕਿਚਲੂ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਸ਼ਹਿਰਵਾਸੀਆਂ ਨੂੰ ਇਨ੍ਹਾਂ ਗ੍ਰਿਫ਼ਤਾਰੀਆਂ ਦਾ ਪਤਾ ਲੱਗਾ ਤਾਂ ਉਹਨਾਂ ਨੇ ਸ਼ਹਿਰ ਵਿੱਚ ਹੜਤਾਲ ਕਰ ਦਿੱਤੀ। ਉਹਨਾਂ ਦਾ ਇੱਕ ਹਜੂਮ ਬੜੀ ਸ਼ਾਂਤੀਪੂਰਵਕ ਢੰਗ ਨਾਲ ਡਿਪਟੀ ਕਮਿਸ਼ਨਰ ਦੀ ਕੋਠੀ ਵੱਲ ਚੱਲ ਪਿਆ। ਉਹਨਾਂ ਲੋਕਾਂ ਨੂੰ ਹਾਲ ਦਰਵਾਜੇ ਤੋਂ ਬਾਹਰ ਰੋਕ ਲਿਆ। ਸੈਨਿਕਾਂ ਨੇ ਉਹਨਾਂ ਉੱਤੇ ਗੋਲ਼ੀ ਵੀ ਚਲਾ ਦਿੱਤੀ। ਸਿੱਟੇ ਵਜੋਂ ਕੁਝ ਲੋਕ ਤਾਂ ਉੱਥੇ ਹੀ ਢੇਰੀ ਹੋ ਗਏ। ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ। ਪਰ ਦੇਸ-ਭਗਤਾਂ ਨੇ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਉਹਨਾਂ ਦਾ ਜਲੂਸ ਕੱਢਿਆ। ਸ਼ਹਿਰ ਵਾਸੀਆਂ ਨੇ ਗੁੱਸੇ ਵਿੱਚ ਆ ਕੇ ਪੰਜ ਅੰਗਰੇਜ਼ਾਂ ਨੂੰ ਮਾਰ ਦਿੱਤਾ, ਉਹਨਾਂ ਨੇ ਤਿੰਨ ਸਥਾਨਕ ਬੈਂਕਾਂ ਨੂੰ ਲੁੱਟ ਕੇ ਉਹਨਾਂ ਨੂੰ

ਅੱਗ ਲਾ ਦਿੱਤੀ। ਇੱਕ ਅੰਗਰੇਜ਼ ਇਸਤਰੀ, ਕੁਮਾਰੀ ਸ਼ੇਰਵੁੱਡ ਵੀ ਉਹਨਾਂ ਦੇ ਗੁੱਸੇ ਦਾ ਸ਼ਿਕਾਰ ਹੋਈ। ਇਸ ਤੇ ਸਰਕਾਰ ਨੇ ਸ਼ਹਿਰ ਦਾ ਪ੍ਰਬੰਧ ਜਨਰਲ ਡਾਇਰ ਨੂੰ ਸੌਂਪ ਦਿੱਤਾ।

ਅਸ਼ਾਂਤੀ ਅਤੇ ਕ੍ਰੋਧ ਦੇ ਇਸ ਵਾਤਾਵਰਨ ਵਿੱਚ ਅੰਮ੍ਰਿਤਸਰ ਅਤੇ ਪਿੰਡਾਂ ਦੇ ਲਗਪਗ 25,000 ਲੋਕ 13 ਅਪ੍ਰੈਲ, 1919 ਈ: ਨੂੰ ਵਿਸਾਖੀ ਵਾਲੇ ਦਿਨ, ਜਲ੍ਹਿਆਂਵਾਲਾ ਬਾਗ਼ ਵਿੱਚ ਜਲਸਾ ਕਰਨ ਲਈ ਇੱਕਠੇ ਹੋਏ। ਜਨਰਲ ਡਾਇਰ ਨੇ ਉਸੇ ਦਿਨ ਸਾਢੇ ਨੌਂ ਵਜੇ ਅਜਿਹੇ ਜਲਸਿਆਂ ਨੂੰ ਗੈਰ ਕਨੂੰਨੀ ਕਰਾਰ ਦੇ ਦਿੱਤਾ ਸੀ, ਪਰ ਲੋਕਾਂ ਨੂੰ ਉਸ ਐਲਾਨ ਦਾ ਪਤਾ ਨਹੀਂ ਸੀ। ਇਸ ਲਈ ਜਲ੍ਹਿਆਂਵਾਲਾ ਬਾਗ਼ ਵਿੱਚ ਜਲਸਾ ਹੋ ਰਿਹਾ ਸੀ। ਜਨਰਲ ਡਾਇਰ ਨੂੰ ਅੰਗਰੇਜ਼ਾਂ ਦੇ ਕਤਲ ਦਾ ਬਦਲਾ ਲੈਣ ਦਾ ਮੌਕਾ ਮਿਲ ਗਿਆ। ਉਹ ਆਪਣੇ 150 ਸੈਨਿਕਾਂ ਸਮੇਤ ਜਲ੍ਹਿਆਂਵਾਲਾ ਬਾਗ਼ ਦੇ ਦਰਵਾਜ਼ੇ ਅੱਗੇ ਪੁੱਜ ਗਿਆ। ਬਾਗ਼ ਵਿੱਚ ਜਾਣ-ਆਉਣ ਲਈ ਕੇਵਲ ਇੱਕੋ ਤੰਗ ਜਿਹਾ ਰਸਤਾ ਸੀ। ਜਨਰਲ ਡਾਇਰ ਨੇ ਉਸੇ ਰਸਤੇ ਅੱਗੇ ਖਲੋ ਕੇ ਲੋਕਾਂ ਨੂੰ ਤਿੰਨ ਮਿੰਟਾਂ ਦੇ ਅੰਦਰ-ਅੰਦਰ ਤਿਤਰ-ਬਿਤਰ ਹੋਣ ਦਾ ਹੁਕਮ ਦਿੱਤਾ, ਜੋ ਕਿ ਅਸੰਭਵ ਸੀ। ਜਨਰਲ ਡਾਇਰ ਨੇ ਤਿੰਨ ਮਿੰਟਾਂ ਮਗਰੋਂ ਗੋਲ਼ੀ ਦਾ ਹੁਕਮ ਦੇ ਦਿੱਤਾ। ਲਗਪਗ 1,000 ਲੋਕ ਮਾਰੇ ਗਏ ਅਤੇ 3,000 ਤੋਂ ਵੱਧ ਲੋਕ ਜ਼ਖ਼ਮੀ ਹੋਏ।

ਜਲ੍ਹਿਆਂਵਾਲਾ ਬਾਗ਼ ਦੀ ਦੁਰਘਟਨਾ ਤੋਂ ਬਾਅਦ ਦੇਸ ਦੀ ਅਜ਼ਾਦੀ ਦੀ ਲਹਿਰ ਨੂੰ ਇੱਕ ਨਵਾਂ ਮੋੜ ਮਿਲ੍ਹਿਆ। ਇਸ ਘਟਨਾ ਦਾ ਬਦਲਾ ਸਰਦਾਰ ਊਧਮ ਸਿੰਘ ਨੇ 21 ਸਾਲ ਬਾਅਦ ਇੰਗਲੈਂਡ ਵਿੱਚ ਸਰ ਮਾਈਕਲ ਓਡਵਾਇਰ (ਜੋ ਘਟਨਾ ਸਮੇਂ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ) ਨੂੰ ਗੋਲ਼ੀ ਨਾਲ਼ ਮਾਰ ਕੇ ਲਿਆ।

## 8. ਖ਼ਿਲਾਫ਼ਤ ਲਹਿਰ
## (Khilafat Movement)

ਜਲ੍ਹਿਆਂਵਾਲੇ ਬਾਗ਼ ਦੀ ਘਟਨਾ ਤੋਂ ਬਾਅਦ ਮੁਸਲਮਾਨ ਭਰਾਵਾਂ ਵਿੱਚ ਅਜ਼ਾਦੀ ਦੀ ਤਾਂਘ ਹੋਰ ਵੀ ਪ੍ਰਬਲ ਹੋ ਗਈ। ਉਹਨਾਂ ਨੇ ਖ਼ਿਲਾਫ਼ਤ ਦਾ ਝੰਡਾ ਬੁਲੰਦ ਕਰਦਿਆਂ 1920 ਈ: ਵਿੱਚ ਪੰਜਾਬ ਵਿਖੇ ਅੰਗਰੇਜ਼ਾਂ ਨੂੰ ਮਿਲਵਰਤਨ ਦਾ ਦੇਣ ਦਾ ਪ੍ਰਣ ਲਿਆ। ਪੰਜਾਬ ਵਿੱਚ ਇਸ ਲਹਿਰ ਦੀ ਅਗਵਾਈ ਕਰਦਿਆਂ ਡਾ: ਕਿਚਲੂ, ਨਿਆਜ ਹੁਸੈਨ ਅਤੇ ਮੌਲਵੀ ਦਾਊਦ ਨੇ ਅੰਗਰੇਜ਼ੀ ਹਕੂਮਤ ਦੇ ਵਿਰੋਧ ਦਾ ਨਾਅਰਾ ਮਾਰਿਆ। ਉਹਨਾਂ ਨੇ ਅੰਗਰੇਜ਼ ਸਰਕਾਰ ਤੇ ਤੁਰਕੀ ਤੇ ਸੁਲਤਾਨ ਪ੍ਰਤਿ ਰਵੱਈਏ ਦਾ ਵੀ ਵਿਰੋਧ ਕੀਤਾ।

## 9. ਅਕਾਲੀ ਲਹਿਰ (ਗੁਰਦੁਆਰਾ ਸੁਧਾਰ ਲਹਿਰ)
## (Akali Movement)

ਪੰਜਾਬ ਵਿੱਚ ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦਾ ਮੁੱਖ ਕਾਰਨ ਇਹ ਸੀ ਕਿ ਪਹਿਲੇ ਸਮਿਆਂ ਵਿੱਚ ਗੁਰਦੁਆਰਿਆਂ ਦੇ ਗ੍ਰੰਥੀ ਭਾਈ ਮਨੀ ਸਿੰਘ ਵਰਗੇ ਉੱਚੇ-ਸੁੱਚੇ ਅਤੇ ਮਹਾਨ ਬਲੀਦਾਨੀ ਹੋਇਆ ਕਰਦੇ ਸਨ। ਪਰ 1920 ਈ: ਤੱਕ ਪੰਜਾਬ ਦੇ ਗੁਰਦੁਆਰੇ ਅੰਗਰੇਜ਼ ਪੱਖੀ ਚਰਿੱਤਰਹੀਣ ਮਹੰਤਾਂ ਦੇ ਅਧਿਕਾਰ ਹੇਠ ਆ ਚੁੱਕੇ ਸਨ। ਮਹੰਤਾਂ ਦੀਆਂ ਅਨੈਤਿਕ ਕਾਰਵਾਈਆਂ ਤੋਂ ਸਿੱਖ ਤੰਗ ਆ ਕੇ ਗੁਰਦੁਆਰਿਆਂ ਵਿੱਚ ਸੁਧਾਰ ਕਰਨਾ ਚਾਹੁੰਦੇ ਸਨ। ਉਹਨਾਂ ਨੇ ਇਸ ਮਸਲੇ ਨੂੰ ਹੱਲ ਕਰਨ ਲਈ ਅੰਗਰੇਜ਼ ਸਰਕਾਰ ਤੋਂ ਸਹਾਇਤਾ ਲੈਣੀ ਚਾਹੀ ਪਰ ਉਹ ਅਸਫ਼ਲ ਰਹੇ। ਨਵੰਬਰ, 1920 ਈ: ਨੂੰ ਸਿੱਖਾਂ ਨੇ ਇਹ ਮਤਾ ਪਾਸ ਕੀਤਾ ਕਿ ਸਮੂਹ ਗੁਰਦਵਾਰਿਆਂ ਦੀ ਦੇਖ ਭਾਲ ਲਈ ਸਿੱਖਾਂ ਦੇ ਨੁਮਾਇੰਦਿਆਂ ਦੀ ਇੱਕ ਕਮੇਟੀ ਬਣਾਈ ਜਾਵੇ। ਸਿੱਖਾਂ ਦੇ ਯਤਨਾਂ ਨਾਲ਼ 16 ਨਵੰਬਰ, 1920 ਈ: ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ ਅਤੇ 14 ਦਸੰਬਰ, 1920 ਈ: ਨੂੰ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ।

ਅਕਾਲੀ ਜੱਥਿਆਂ ਨੇ ਬਦਚਲਣ ਮਹੰਤਾਂ ਕੋਲੋਂ ਗੁਰਦੁਆਰਿਆਂ ਨੂੰ ਖਾਲੀ ਕਰਵਾਉਣ ਦਾ ਕੰਮ ਆਰੰਭ ਕੀਤਾ। ਉਹਨਾਂ ਨੇ ਹਸਨ ਅਬਦਾਲ ਵਿਚਲਾ ਗੁਰਦੁਆਰਾ ਪੰਜਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ ਦਾ ਗੁਰਦੁਆਰਾ ਸੱਚਾ ਸੌਦਾ ਅਤੇ ਅੰਮ੍ਰਿਤਸਰ ਜ਼ਿਲ੍ਹੇ ਦਾ ਚੋਲ੍ਹਾ/ਚੋਹਲਾ ਸਾਹਿਬ ਗੁਰਦੁਆਰੇ ਮਹੰਤਾਂ ਤੋਂ ਖ਼ਾਲੀ ਕਰਵਾਏ। ਤਰਨਤਾਰਨ ਵਿਖੇ ਅਕਾਲੀਆਂ ਦੀ ਮਹੰਤਾਂ ਨਾਲ਼ ਮੁੱਠ-ਭੇੜ ਹੋਈ। ਇਸੇ ਤਰ੍ਹਾਂ ਸਿਆਲਕੋਟ ਵਿਖੇ ਬਾਬਾ ਕੀ ਬੇਰ ਅਤੇ ਲਾਇਲਪੁਰ (ਫੈਸਲਾਬਾਦ) ਜ਼ਿਲ੍ਹੇ ਦੇ ਗੁਰਦੁਆਰਾ ਗੋਜਰਾਂ ਵਿਖੇ ਵਾਪਰਿਆ। ਅਕਾਲੀ ਦਲ ਫਿਰ ਵੀ ਗੁਰਦੁਆਰਿਆਂ ਨੂੰ ਆਜ਼ਾਦ ਕਰਵਾਉਣ ਵਿੱਚ ਜੁਟਿਆ ਰਿਹਾ। 20 ਫਰਵਰੀ, 1921 ਈ: ਨੂੰ ਨਨਕਾਣਾ ਸਾਹਿਬ ਦੇ ਗੁਰਦੁਆਰਾ ਸਾਹਿਬ ਵਿਖੇ ਵੱਡੀ ਦੁਰਘਟਨਾ ਵਾਪਰੀ। ਜਦ ਕਿ ਅਕਾਲੀ ਜੱਥਾ ਅਮਨ-ਅਮਾਨ ਨਾਲ਼ ਗੁਰਦੁਆਰਾ ਵਿਖੇ ਪੁੱਜਾ ਤਾਂ ਵੀ ਉੱਥੋਂ ਦੇ ਮਹੰਤ ਨਰੈਣ ਦਾਸ ਨੇ 130 ਅਕਾਲੀਆਂ ਦਾ ਕਤਲ ਕਰਵਾ ਦਿੱਤਾ। ਅੰਗਰੇਜ਼ ਸਰਕਾਰ ਨੇ ਅਕਾਲੀਆਂ ਪ੍ਰਤੀ ਕੋਈ ਵੀ ਹਮਦਰਦੀ ਨਾ ਜਤਾਈ, ਜਦ ਕਿ ਸੂਬਾ ਭਰ ਦੇ ਮੁਸਲਮਾਨਾਂ ਅਤੇ ਹਿੰਦੂਆਂ ਨੇ ਅਕਾਲੀਆਂ ਨਾਲ਼ ਵੱਡੀ ਹਮਦਰਦੀ ਦਿਖਾਈ।

**(ੳ) ਚਾਬੀਆਂ ਦਾ ਮਾਮਲਾ (The key's Affair):-** ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਸਿੱਖਾਂ ਦਾ ਕਬਜ਼ਾ ਸੀ, ਪਰ ਅੰਗਰੇਜ਼ ਸਰਕਾਰ ਨਹੀਂ ਸੀ ਚਾਹੁੰਦੀ ਕਿ ਗੁਰਦੁਆਰੇ ਦੀ ਗੋਲਕ ਦੀਆਂ ਚਾਬੀਆਂ ਸਿੱਖਾਂ ਦੇ ਕਬਜ਼ੇ ਵਿੱਚ ਰਹਿਣ। ਅੰਤ ਨੂੰ ਅੰਗਰੇਜ਼ਾਂ ਨੇ ਚਾਬੀਆਂ ਆਪਣੇ ਕਬਜ਼ੇ ਵਿੱਚ ਕਰ ਲਈਆਂ। ਸਿੱਖਾਂ ਨੇ ਇਸ ਗੱਲ ਦਾ ਵਿਰੋਧ ਕੀਤਾ। ਬਹੁਤ ਸਾਰੇ ਸਿੱਖ ਨੇਤਾਵਾਂ ਨੂੰ ਬੰਦੀ ਬਣਾ ਲਿਆ ਗਿਆ ਅਤੇ ਉਹਨਾਂ ਨੂੰ ਸਖ਼ਤ ਸਜ਼ਾਵਾਂ ਵੀ ਦਿੱਤੀਆਂ ਗਈਆਂ। ਇਸ ਨਾਲ਼ ਸਿੱਖਾਂ ਦਾ ਵਿਰੋਧ ਹੋਰ ਵੀ ਵਧ ਗਿਆ। ਇਸ ਵਿਰੋਧ ਨੂੰ ਕਾਂਗਰਸ ਅਤੇ ਖ਼ਿਲਾਫ਼ਤ ਕਮੇਟੀ ਨੇ ਵੀ ਸਹਾਇਤਾ ਦਿੱਤੀ। ਅੰਤ ਨੂੰ ਅੰਗਰੇਜ਼ ਸਰਕਾਰ ਨੂੰ ਸਿੱਖਾਂ ਅੱਗੇ ਝੁਕਣਾ ਪਿਆ। ਗੁਰਦੁਆਰੇ ਦੀ ਗੋਲਕ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀਆਂ ਗਈਆਂ। ਕੈਦੀ ਸਿੱਖਾਂ ਨੂੰ ਰਿਹਾ ਕੀਤਾ ਗਿਆ।

**(ਅ) ਗੁਰੂ ਦਾ ਬਾਗ਼ (Guru ka Bagh):-** ਜਿਸ ਵੇਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ ਤਾਂ ਉਸ ਵੇਲੇ ਗੁਰਦੁਆਰਾ ਗੁਰੂ ਦਾ ਬਾਗ਼ (ਜ਼ਿਲ੍ਹਾ ਅੰਮ੍ਰਿਤਸਰ) ਮਹੰਤ ਸੁੰਦਰ ਦਾਸ ਦੇ ਕਬਜੇ ਵਿੱਚ ਸੀ, ਜੋ ਕਿ ਇੱਕ ਚਰਿੱਤਰਹੀਣ ਵਿਅਕਤੀ ਸੀ, ਅਕਾਲੀਆਂ ਨੇ ਮਹੰਤ ਨੂੰ ਆਪਾ ਸੁਧਾਰਨ ਲਈ ਕਿਹਾ ਪਰ ਉਸ ਨੇ ਕੋਈ ਧਿਆਨ ਨਾ ਦਿੱਤਾ।

23 ਅਗਸਤ, 1921 ਈ: ਨੂੰ ਸ਼੍ਰੋਮਣੀ ਅਕਾਲੀ ਦਲ ਨੇ ਦਾਨ ਸਿੰਘ ਦੀ ਅਗਵਾਈ ਵਿੱਚ ਇੱਕ ਜਥਾ ਭੇਜਿਆ। ਉਸ ਨੇ ਗੁਰਦੁਆਰੇ ਉੱਤੇ ਕਬਜ਼ਾ ਤਾਂ ਕਰ ਲਿਆ ਪਰ ਮਹੰਤ ਨੇ ਗੁਰਦੁਆਰੇ ਦੀ ਜਾਇਦਾਦ ਉੱਤੇ ਆਪਣਾ ਹੱਕ ਜਤਾਉਂਦਿਆਂ ਪੁਲਿਸ ਬੁਲਾ ਲਈ। ਸਿੱਟੇ ਵਜੋਂ ਉਸ ਜਥੇ ਨੂੰ ਬੰਦੀ ਬਣਾ ਲਿਆ ਗਿਆ। ਛੇਤੀ ਹੀ ਅਕਾਲੀ ਦਲ ਵੱਲੋਂ ਇੱਕ ਹੋਰ ਜਥਾ ਭੇਜਿਆ ਗਿਆ। ਉਸ ਜਥੇ ਦੇ ਸਿੱਖਾਂ ਉੱਤੇ ਵੀ ਪੁਲਿਸ ਨੇ ਅੱਤਿਆਚਾਰ ਕੀਤੇ। ਪਰ ਅਕਾਲੀ ਦਲ ਨੇ ਜਥੇ ਭੇਜਣੇ ਬੰਦ ਨਾ ਕੀਤੇ। ਉਹਨਾਂ ਜਥਿਆਂ ਦੇ ਸਿੱਖਾਂ ਨਾਲ਼ ਵੀ ਉਸੇ ਤਰ੍ਹਾਂ ਬਦਸਲੂਕੀ ਹੁੰਦੀ ਰਹੀ। ਸਾਰੇ ਦੇਸ ਵਿੱਚ ਬਦਸਲੂਕੀ ਦੀ ਨਿੰਦਾ ਕੀਤੀ ਗਈ। ਅੰਤ ਵਿਚ ਅਕਾਲੀ ਦਲ ਵੱਲੋਂ ਗੁਰੂ ਦਾ ਬਾਗ ਮੋਰਚਾ ਸ਼ਾਂਤਮਈ ਢੰਗ ਨਾਲ ਜਿੱਤ ਲਿਆ ਗਿਆ।

**(ੲ) ਬੱਬਰ ਅਕਾਲੀ ਲਹਿਰ (Babbar Akali Movement):-** ਬੱਬਰ ਅਕਾਲੀ ਲਹਿਰ ਦਾ ਜਨਮ ਗੁਰਦਵਾਰੇ ਵਿੱਚ ਬੈਠੇ ਮਹੰਤਾਂ ਅਤੇ ਪੁਲਿਸ ਦਾ ਮੁਕਾਬਲਾ ਕਰਨ ਲਈ ਹੋਇਆ। ਬੱਬਰ ਅਕਾਲੀਆਂ ਨੇ ਸਰਕਾਰ ਅਤੇ ਉਸ ਦੇ ਪਿੱਠੂਆਂ ਨਾਲ਼ ਟੱਕਰ ਲੈਣ ਲਈ ਪਹਿਲਾਂ 'ਚੱਕਰਵਰਤੀ' ਜਥਾ ਬਣਾਇਆ। ਜਦੋਂ ਇਹਨਾਂ ਨੇ 'ਬੱਬਰ ਅਕਾਲੀ' ਨਾਂ ਦਾ ਅਖ਼ਬਾਰ ਕੱਢਿਆ ਤਾਂ ਉਹਨਾਂ ਦਾ ਨਾਂ 'ਬੱਬਰ ਅਕਾਲੀ ਜਥਾ' ਬਣ ਗਿਆ। ਇਸ ਜਥੇ ਦੀ ਸਥਾਪਨਾ ਅਗਸਤ 4, 1922 ਈ: ਨੂੰ ਹੋਈ।

ਬੱਬਰ ਅਕਾਲੀਆਂ ਦਾ ਮੁੱਖ ਉਦੇਸ਼ ਮੁਖ਼ਬਰਾਂ ਅਤੇ ਸਰਕਾਰੀ ਪਿੱਠੂਆਂ ਦਾ ਅੰਤ ਕਰਨਾ ਸੀ। ਬੱਬਰਾਂ ਦੀ ਭਾਸ਼ਾ ਵਿੱਚ ਇਸ ਨੂੰ 'ਸੁਧਾਰ ਕਰਨਾ' ਕਹਿੰਦੇ ਸਨ। ਬੱਬਰਾਂ ਨੂੰ ਇਹ ਭਰੋਸਾ ਸੀ ਕਿ ਜੇਕਰ ਸਰਕਾਰ

ਦੇ ਮੁਖਬਰਾਂ ਦਾ ਅੰਤ ਕਰ ਦਿੱਤਾ ਜਾਵੇ ਤਾਂ ਅੰਗਰੇਜ਼ੀ ਸਰਕਾਰ ਫੇਲ੍ਹ ਹੋ ਜਾਵੇਗੀ ਅਤੇ ਭਾਰਤ ਛੱਡ ਕੇ ਵਾਪਸ ਚਲੀ ਜਾਵੇਗੀ।

ਬੱਬਰ ਅਕਾਲੀ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਹਥਿਆਰ ਪ੍ਰਾਪਤ ਕਰਨਾ ਚਾਹੁੰਦੇ ਸਨ। ਉਹਨਾਂ ਦੇ ਆਪਣੇ ਸਿੰਘ ਵੀ ਹਥਿਆਰ ਬਨਾਉਣ ਦੇ ਯਤਨ ਕਰਦੇ ਸਨ। ਹਥਿਆਰਾਂ ਲਈ ਪੈਸੇ ਦੀ ਲੋੜ ਸੀ। ਧਨ ਇੱਕਠਾ ਕਰਨ ਲਈ ਉਹਨਾਂ ਨੇ ਡਾਕੇ ਮਾਰੇ। ਉਹਨਾਂ ਨੇ ਲੋਕਾਂ ਕੋਲੋਂ ਹਥਿਆਰ ਵੀ ਖੋਹੇ। ਉਹਨਾਂ ਨੇ ਪੰਜਾਬੀ ਫ਼ੌਜੀਆਂ ਨੂੰ ਵੀ ਅਪੀਲਾਂ ਕੀਤੀਆਂ ਕਿ ਉਹ ਆਪਣੇ ਹਥਿਆਰ ਲੈ ਕੇ ਫੌਜ ਵਿੱਚੋਂ ਆਜ਼ਾਦੀ ਦੇ ਕਾਰਜ ਵਿੱਚ ਹਿੱਸਾ ਲੈਣ।

ਬੱਬਰਾਂ ਨੇ ਸਾਈਕਲੋਸਟਾਈਲ ਮਸ਼ੀਨ ਨਾਲ਼ ਆਪਣਾ ਅਖ਼ਬਾਰ 'ਬੱਬਰ ਅਕਾਲੀ ਦੁਆਬਾ' ਕੱਢਿਆ। ਉਸ ਅਖ਼ਬਾਰ ਦਾ ਚੰਦਾ ਇਹ ਸੀ ਕਿ ਉਸ ਅਖ਼ਬਾਰ ਨੂੰ ਪੜ੍ਹਨ ਵਾਲ਼ਾ, ਉਸ ਅਖਬਾਰ ਨੂੰ ਅੱਗੇ ਪੰਜਾਂ ਬੰਦਿਆਂ ਨੂੰ ਪੜ੍ਹਾਵੇ। ਉਹਨਾਂ ਨੇ ਅਖਬਾਰ ਵਿੱਚ 179 ਬੰਦਿਆਂ ਦੀ ਸੂਚੀ ਛਾਪੀ ਜਿਨ੍ਹਾਂ ਦਾ ਉਹਨਾਂ ਨੇ ਸੁਧਾਰ ਕਰਨਾ ਸੀ। ਜਿਨ੍ਹਾਂ ਦਾ ਅੰਤਿਮ ਸਮਾਂ ਆ ਗਿਆ ਹੁੰਦਾ ਉਹਨਾਂ ਨੂੰ ਉਹ ਅਖ਼ਬਾਰ ਰਾਹੀਂ ਹੀ ਸੂਚਿਤ ਕਰ ਦਿੰਦੇ। ਦੋ ਤਿੰਨ ਬੱਬਰ ਉਨ੍ਹਾਂ ਦੇ ਪਿੰਡ ਜਾਂਦੇ ਅਤੇ ਪਿੱਠੂਆਂ ਨੂੰ ਕਤਲ ਕਰ ਆਉਂਦੇ। ਉਹ ਸ਼ਰੇਆਮ ਪਿੰਡ ਵਿੱਚ ਖਲ੍ਹੋ ਕੇ ਕਤਲ ਦੀ ਜ਼ੁੰਮੇਵਾਰੀ ਵੀ ਲੈਂਦੇ। ਇਸ ਤਰ੍ਹਾਂ ਉਹਨਾਂ ਨੇ ਅਨੇਕਾਂ ਨੂੰ ਸੋਧਿਆ। ਉਹਨਾਂ ਨੇ ਪੁਲਸ ਨਾਲ਼ ਵੀ ਕਈ ਮੁਕਾਬਲੇ ਕੀਤੇ।

ਸਰਕਾਰ ਨੇ ਬੱਬਰਾਂ ਨੂੰ ਖ਼ਤਮ ਕਰਨ ਦਾ ਨਿਸ਼ਚਾ ਕੀਤਾ। ਉਹਨਾਂ ਦਾ ਪਿੱਛਾ ਕੀਤਾ ਗਿਆ। ਉਹਨਾਂ ਵਿੱਚੋਂ ਕੁਝ ਫੜੇ ਗਏ ਅਤੇ ਮਾਰੇ ਗਏ। ਸੌ ਤੋਂ ਵੱਧ ਬੱਬਰਾਂ ਉੱਤੇ ਮੁਕੱਦਮਾ ਚੱਲਿਆ। 27 ਫਰਵਰੀ, 1926 ਈ: ਨੂੰ ਜਥੇਦਾਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਧਰਮ ਸਿੰਘ ਹਯਾਤਪੁਰਾ, ਕਰਮ ਸਿੰਘ ਮਾਣਕੋ, ਨੰਦ ਸਿੰਘ ਘੁੜਿਆਲ ਅਤੇ ਦਲੀਪ ਸਿੰਘ ਧਾਮੀਆਂ ਨੂੰ ਫ਼ਾਂਸੀ ਦੀ ਸਜ਼ਾ ਸੁਣਾ ਦਿੱਤੀ ਗਈ।

ਭਾਵੇਂ ਬੱਬਰ ਲਹਿਰ ਫੇਲ੍ਹ ਹੋ ਗਈ ਪਰ ਇਸ ਲਹਿਰ ਨੇ ਪੰਜਾਬੀਆਂ ਨੂੰ ਦੇਸ ਦੀ ਅਜ਼ਾਦੀ ਲਈ ਜਾਨਾਂ ਵਾਰਨਾ ਸਿਖਾਇਆ।

## (ਸ) ਜੈਤੋ ਦਾ ਮੋਰਚਾ
## (Morcha of Jaito)

ਰਿਪੁਦਮਨ ਸਿੰਘ, ਮਹਾਰਾਜਾ ਨਾਭਾ ਨੇ ਗਵਰਨਰ ਜਨਰਲ ਦੀ ਕਾਊਂਸਿਲ ਦਾ ਮੈਂਬਰ ਬਣਦਿਆਂ ਹੀ ਆਨੰਦ ਮੈਰਿਜ ਬਿਲ ਪਾਸ ਕਰਵਾਇਆ। ਉਸ ਨੇ ਗੁਰਦੁਆਰਾ ਰਕਾਬ ਗੰਜ ਦੇ ਮੋਰਚੇ ਸਮੇਂ ਸਿੱਖ ਕੌਮ ਦਾ ਸਾਥ ਦਿੱਤਾ। ਇਸ ਨਾਲ਼ ਦੇਸ ਅਤੇ ਕੌਮ ਵਿੱਚ ਉਸ ਦਾ ਸਤਿਕਾਰ ਵਧ ਗਿਆ। ਮਹਾਰਾਜਾ ਦੇ ਮਾਣ ਅਤੇ ਸਤਿਕਾਰ ਵਿਚਲਾ ਵਾਧਾ ਅੰਗਰੇਜ਼ ਸਰਕਾਰ ਨੂੰ ਚੰਗਾ ਨਾ ਲੱਗਿਆ। ਅੰਗਰੇਜ਼ ਸਰਕਾਰ ਹੁਣ ਕਿਸੇ ਨਾ ਕਿਸੇ ਬਹਾਨੇ ਉਸ ਨੂੰ ਜ਼ਲੀਲ ਕਰਨਾ ਚਾਹੁੰਦੀ ਸੀ। ਵਿਸ਼ਵ ਦੇ ਪਹਿਲੇ ਯੁੱਧ ਸਮੇਂ ਅੰਗਰੇਜ਼ਾਂ ਨੂੰ ਉਹ ਮੌਕਾ ਮਿਲ਼ ਗਿਆ, ਕਿਉਂਕਿ ਉਸ ਯੁੱਧ ਵਿੱਚ ਮਹਾਰਾਜਾ ਨਾਭਾ ਨੇ ਆਪਣੀਆਂ ਫ਼ੌਜਾਂ ਭੇਜਣ ਤੋਂ ਇਨਕਾਰ ਕਰ ਦਿੱਤਾ ਸੀ। ਓਧਰ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਅਤੇ ਮਹਾਰਾਜਾ ਰਿਪੁਦਮਨ ਸਿੰਘ ਵਿਚਕਾਰ ਝਗੜਾ ਚੱਲ ਪਿਆ। ਅੰਗਰੇਜ਼ਾਂ ਨੇ ਮਹਾਰਾਜਾ ਪਟਿਆਲਾ ਰਾਹੀਂ ਮਹਾਰਾਜਾ ਨਾਭਾ ਦੇ ਖਿਲਾਫ਼ ਕਈ ਮੁਕੱਦਮੇ ਬਣਾ ਦਿੱਤੇ। ਫਲਸਰੂਪ ਮਹਾਰਾਜਾ ਰਿਪੁਦਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ।

ਮਹਾਰਾਜਾ ਨਾਭਾ ਨੂੰ ਗੱਦੀ ਤੋਂ ਲਾਹੁਣ ਤੇ ਸਿੱਖਾਂ ਵਿੱਚ ਬੜਾ ਗੁੱਸਾ ਪੈਦਾ ਹੋਇਆ। ਸ਼੍ਰੋਮਣੀ ਕਮੇਟੀ ਨੇ ਇਹ ਮਾਮਲਾ ਆਪਣੇ ਹੱਥਾਂ ਵਿੱਚ ਲੈ ਲਿਆ। ਸਿੱਖਾਂ ਨੇ ਰੋਸ ਦਿਵਸ ਮਨਾਉਣ ਦਾ ਫੈਸਲਾ ਕੀਤਾ। ਇਹਨਾਂ ਪ੍ਰੋਗਰਾਮਾਂ ਦੀ ਤਿਆਰੀ ਲਈ ਥਾਂ-ਥਾਂ 'ਤੇ ਦੀਵਾਨ ਕੀਤੇ ਗਏ। ਜੈਤੋ ਵਿਖੇ ਵੀ ਦੀਵਾਨ ਹੋਇਆ। ਪੁਲਿਸ ਨੇ ਬਹੁਤ ਸਾਰੇ ਬੰਦੇ ਫੜ ਲਏ। 13 ਸਤੰਬਰ, 1923 ਈ: ਨੂੰ ਜੈਤੋ ਦੇ ਗੁਰਦਵਾਰਾ ਗੰਗਸਰ ਉੱਤੇ ਕਬਜ਼ਾ ਕਰ ਲਿਆ। ਉਸ ਵੇਲੇ ਉਸ ਗੁਰਦਵਾਰੇ ਵਿੱਚ ਅਖੰਡ ਪਾਠ ਹੋ ਰਿਹਾ ਸੀ। ਸਿੱਟੇ ਵਜੋ ਉਹ ਪਾਠ ਖੰਡਤ ਹੋ ਗਿਆ। ਸਿੱਖਾਂ ਨੇ ਅੰਗਰੇਜ਼ਾਂ ਨਾਲ਼ ਟੱਕਰ ਲਈ ਉੱਥੇ ਆਪਣਾ ਮੋਰਚਾ ਲਾ ਦਿੱਤਾ।

15 ਸਤੰਬਰ, 1923 ਈ: ਨੂੰ ਸਿੱਖਾਂ ਨੇ 25 ਸਿੱਖਾਂ ਦਾ ਆਪਣਾ ਪਹਿਲਾ ਜਥਾ ਜੈਤੋ ਭੇਜਿਆ। ਛੇ ਮਹੀਨੇ 25,25 ਸਿੱਖਾਂ ਦੇ ਜਥੇ ਜੈਤੋਂ ਜਾਂਦੇ ਰਹੇ। ਸਰਕਾਰ ਉਹਨਾਂ ਜਥਿਆਂ ਉੱਤੇ ਅੱਤਿਆਚਾਰ ਕਰਦੀ ਰਹੀ। ਮੋਰਚਾ ਲੰਬਾ ਹੁੰਦਾ ਵੇਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ-ਪੰਜ ਸੌ ਦੇ ਜਥੇ ਭੇਜਣ ਦਾ ਪ੍ਰੋਗਰਾਮ ਬਣਾਇਆ। 500 ਦਾ ਪਹਿਲਾ ਜਥਾ ਜਥੇਦਾਰ ਊਧਮ ਸਿੰਘ ਨਾਗੋਕੇ ਦੀ ਅਗਵਾਈ ਵਿੱਚ ਅਕਾਲ ਤਖ਼ਤ ਤੋਂ ਚੱਲਿਆ। ਜਥੇ ਨਾਲ਼ ਹਜ਼ਾਰਾਂ ਲੋਕ ਮਾਝਾ ਅਤੇ ਮਾਲਵਾ ਹੁੰਦੇ ਹੋਏ ਨਾਭਾ ਰਿਆਸਤ ਦੀ ਹੱਦ ਵਿੱਚ ਦਾਖ਼ਲ ਹੋਏ ਤਾਂ ਸੰਗਤਾਂ ਨੂੰ ਵਾਪਸ ਜਾਣ ਦੀ ਅਪੀਲ ਕੀਤੀ ਗਈ। ਕੋਈ ਵੀ ਸਿੰਘ ਪਿੱਛੇ ਨਾ ਮੁੜਿਆ। ਜਦੋਂ ਇਹ ਜਥਾ ਗੁਰਦੁਆਰਾ ਗੰਗਸਰ ਤੋਂ ਇੱਕ ਫਰਲਾਂਗ ਦੀ ਦੂਰੀ ਤੇ ਸੀ ਤਾਂ ਅੰਗਰੇਜ਼ ਸਰਕਾਰ ਦੀਆਂ ਮਸ਼ੀਨਗਨਾਂ ਨੇ ਗੋਲੀਆਂ ਦਾ ਮੀਂਹ ਬਰਸਾਉਣਾ ਸ਼ੁਰੂ ਕਰ ਦਿੱਤਾ। ਗੋਲੀਆਂ ਤੋਂ ਡਰ ਕੇ ਵੀ ਸਿੰਘ ਪਿੱਛੇ ਨਾ ਮੁੜੇ। ਅਨੇਕਾਂ ਸਿੰਘ ਸ਼ਹੀਦਾਂ ਹੋ ਗਏ।

ਜੈਤੋ ਦਾ ਮੋਰਚਾ ਦੋ ਸਾਲ ਚੱਲਦਾ ਰਿਹਾ। ਪੰਜ-ਪੰਜ ਸੌ ਦੇ ਜਥੇ ਆਉਂਦੇ ਰਹੇ। ਉਹ ਦੇਸ ਅਤੇ ਕੌਮ ਲਈ ਕੁਰਬਾਨੀਆਂ ਕਰਦੇ ਰਹੇ। ਪੰਜਾਬ ਤੋਂ ਬਾਹਰੋਂ ਕਲਕੱਤਾ, ਕਨੇਡਾ, ਸ਼ੰਘਾਈ ਅਤੇ ਹਾਂਗਕਾਂਗ ਤੋਂ ਵੀ ਜੈਤੋਂ ਵਿਖੇ ਜਥੇ ਪੁੱਜੇ। ਅੰਤ ਨੂੰ ਗੁਰਦਵਾਰੇ ਤੋਂ ਪੁਲਿਸ ਦਾ ਪਹਿਰਾ ਹਟਾ ਲਿਆ ਗਿਆ ਅਤੇ 1925 ਈ: ਨੂੰ ਸਰਕਾਰ ਨੂੰ ਗੁਰਦਵਾਰਾ ਐਕਟ ਪਾਸ ਕਰਨਾ ਪਿਆ ਤੇ ਅਕਾਲੀਆਂ ਨੇ ਜੈਤੋਂ ਦਾ ਮੋਰਚਾ ਖ਼ਤਮ ਕਰ ਦਿੱਤਾ।

## 10. ਸਾਈਮਨ ਕਮਿਸ਼ਨ
## (Simon Commission)

1928 ਈ: ਦੇ ਅਰੰਭ ਵਿੱਚ ਅੰਗਰੇਜ਼ ਸਰਕਾਰ ਦੁਆਰਾ ਨਿਯੁਕਤ ਕੀਤਾ ਸੱਤ ਮੈਂਬਰਾਂ ਦਾ ਇੱਕ ਕਮਿਸ਼ਨ ਭਾਰਤ ਵਿੱਚ ਆਇਆ। ਇਸ ਦਾ ਪ੍ਰਧਾਨ ਇੰਗਲੈਂਡ ਦਾ ਪ੍ਰਸਿੱਧ ਵਕੀਲ, ਸਰ ਜਾਨ ਸਾਈਮਨ (Sir John Simon) ਸੀ। ਇਸ ਕਮਿਸ਼ਨ ਦੇ ਸਾਰੇ ਹੀ ਮੈਂਬਰ ਅੰਗਰੇਜ਼ ਸਨ। ਕਿਉਂਕਿ ਇਸ ਕਮਿਸ਼ਨ ਵਿੱਚ ਇੱਕ ਵੀ ਭਾਰਤੀ ਸ਼ਾਮਲ ਨਹੀਂ ਸੀ ਕੀਤਾ ਗਿਆ। ਇਸ ਲਈ ਭਾਰਤੀਆਂ ਨੇ ਇਸ ਕਮਿਸ਼ਨ ਦਾ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ।

30 ਅਕਤੂਬਰ, 1928 ਈ: ਨੂੰ ਸਾਈਮਨ ਕਮਿਸ਼ਨ ਲਾਹੌਰ ਪੁੱਜਾ। ਉਸ ਦਾ ਵਿਰੋਧ ਕਰਨ ਲਈ, ਪੰਜਾਬੀਆਂ ਨੇ, ਜਿਨ੍ਹਾਂ ਦਾ ਨੇਤਾ ਲਾਲਾ ਲਾਜਪਤ ਰਾਏ ਸੀ, ਜ਼ਬਰਦਸਤ ਮੁਜ਼ਾਹਰਾ ਕੀਤਾ। ਪੰਜਾਬੀ ਦੇਸ-ਭਗਤਾਂ ਵੱਲੋਂ ਨਾਅਰੇ ਲਾਏ ਗਏ-ਸਾਈਮਨ ਕਮਿਸ਼ਨ ਵਾਪਸ ਮੁੜ ਜਾਓ। ਵੰਦੇ ਮਾਤਰਮ। ਇਸ ਸਮੇਂ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ਼ ਅੰਗਰੇਜ਼ ਪੁਲਿਸ ਅਧਿਕਾਰੀ ਸਾਂਡਰਸ ਨੇ ਲਾਲਾ ਲਾਜਪਤ ਰਾਏ ਦੀ ਛਾਤੀ ਉੱਤੇ ਲਾਠੀ ਦੇ ਵਾਰ ਕੀਤੇ। ਹੋਰ ਦੇਸ ਭਗਤਾਂ ਉੱਤੇ ਲਾਠੀਆਂ ਮਾਰੀਆਂ ਗਈਆਂ। ਇਸ ਲਾਠੀ ਚਾਰਜ ਵਿੱਚ ਕਈ ਬੁੱਢੇ, ਜਵਾਨ, ਬੱਚੇ ਅਤੇ ਔਰਤਾਂ ਵੀ ਜ਼ਖ਼ਮੀ ਹੋਈਆਂ। ਲਾਠੀਆਂ ਦੀ ਉਸ ਬਰਸਾਤ ਵਿੱਚ ਲਾਲਾ ਲਾਜਪਤ ਰਾਏ ਜੀ ਨੇ ਭਵਿਖਬਾਣੀ ਕੀਤੀ- "ਮੇਰੇ ਸਰੀਰ 'ਤੇ ਪਈ ਲਾਠੀ ਦੀ ਇੱਕ-ਇੱਕ ਸੱਟ ਬਰਤਾਨਵੀ ਸਰਕਾਰ ਦੇ ਕਫ਼ਨ ਵਿੱਚ ਇੱਕ-ਇੱਕ ਕਿੱਲ ਹੋਵੇਗੀ।' ਅੰਗਰੇਜ਼ੀ ਲਾਠੀਆਂ ਦੀਆਂ ਭਿਆਨਕ ਸੱਟਾਂ ਕਾਰਨ ਲਾਲਾ ਲਾਜਪਤ ਰਾਏ ਜੀ 17 ਨਵੰਬਰ, 1928 ਈ: ਨੂੰ ਸ਼ਹੀਦ ਹੋ ਗਏ।

## 11. ਨੌਜਵਾਨ ਭਾਰਤ ਸਭਾ

ਸਰਦਾਰ ਭਗਤ ਸਿੰਘ, ਭਗਵਤੀ ਚਰਣ ਵੋਹਰਾ, ਸੁਖਦੇਵ, ਪ੍ਰਿੰਸੀਪਲ ਛਬੀਲ ਦਾਸ ਅਤੇ ਯਸ਼ਪਾਲ ਆਦਿ ਨੇ 1925-26 ਈ: ਵਿੱਚ ਲਾਹੌਰ ਵਿਖੇ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਕੀਤੀ। ਭਗਤ ਸਿੰਘ ਆਪ ਉਸ ਦਾ ਜਨਰਲ ਸਕੱਤਰ ਨਿਯੁਕਤ ਹੋਇਆ। ਇਸ ਸੰਸਥਾ ਨੂੰ ਗਰਮ ਧੜ੍ਹੇ ਦੇ

ਕਾਂਗਰਸੀ ਨੇਤਾਵਾਂ ਦੀ ਹਮਾਇਤ ਹਾਸਲ ਸੀ। ਇਹ ਸੰਸਥਾ ਜਲਦੀ ਹੀ ਕ੍ਰਾਂਤੀਕਾਰੀਆਂ ਦਾ ਕੇਂਦਰ ਬਣ ਗਈ।

ਇਸ ਸੰਸਥਾ ਦਾ ਉਦੇਸ਼ ਨੌਜਵਾਨਾਂ ਵਿੱਚ ਜਾਗ੍ਰਿਤੀ ਲਿਆਉਣਾ ਸੀ। ਇਸ ਲਈ ਸਮੇਂ-ਸਮੇਂ ਤੇ ਇਹ ਸੰਸਥਾ ਲਾਹੌਰ ਵਿੱਚ ਮੀਟਿੰਗਾਂ ਕਰਕੇ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਉੱਤੇ ਬਹਿਸ ਕਰਦੀ ਸੀ। ਇਸ ਸਭਾ ਵਿੱਚ ਦੂਸਰੇ ਦੇਸਾਂ ਵਿੱਚ ਆਏ ਇਨਕਲਾਬਾਂ ਉੱਤੇ ਵੀ ਵਿਚਾਰ ਕੀਤਾ ਜਾਂਦਾ ਸੀ। ਭਗਤ ਸਿੰਘ ਨੇ 8 ਅਪ੍ਰੈਲ, 1929 ਈ. ਨੂੰ ਅਸੈਂਬਲੀ ਬੰਬ ਕੇਸ ਵਿੱਚ ਹਿੱਸਾ ਲਿਆ ਅਤੇ ਪੁਲਿਸ ਅੱਗੇ ਆਤਮ-ਸਮਰਪਣ ਕਰ ਦਿੱਤਾ। 23 ਮਾਰਚ 1931 ਈ: ਨੂੰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਲਾਹੌਰ ਜੇਲ੍ਹ ਵਿੱਚ ਫ਼ਾਂਸੀ ਦਿੱਤੀ ਗਈ।

## 12. ਪੂਰਨ ਸਵਰਾਜ ਪ੍ਰਸਤਾਵ
## (Complete Independence Resolution)

ਕਾਂਗਰਸ ਨੇ ਆਪਣੇ ਕਲੱਕਤਾ ਦੇ ਇਜਲਾਸ ਵਿੱਚ ਡੁਮੀਨੀਅਨ ਸਟੇਟਸ (Dominion states) ਦੀ ਥਾਂ ਪੂਰਨ ਸਵਰਾਜ ਨੂੰ ਆਪਣਾ ਰਾਜਨੀਤਿਕ ਉਦੇਸ਼ ਘੋਸ਼ਿਤ ਕਰਨ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਦੇ ਅਨੁਸਾਰ 31 ਦਸੰਬਰ, 1929 ਈ: ਨੂੰ ਲਾਹੌਰ ਵਿਖੇ ਕਾਂਗਰਸ ਦਾ ਇਜਲਾਸ ਬੁਲਾਇਆ ਗਿਆ। ਉਸ ਇਜਲਾਸ ਦੇ ਪ੍ਰਧਾਨ ਜਵਾਹਰ ਲਾਲ ਨਹਿਰੂ ਸਨ। ਉਸ ਦਿਨ ਅੱਧੀ ਰਾਤ ਸਮੇਂ ਰਾਵੀ ਦੇ ਕੰਢੇ ਤੇ ਪੂਰਨ ਆਜ਼ਾਦੀ ਦਾ ਮਤਾ ਪਾਸ ਕੀਤਾ ਗਿਆ। ਨਹਿਰੂ ਨੇ 'ਇਨਕਲਾਬ, ਜਿੰਦਾਬਾਦ' ਦੇ ਨਾਅਰਿਆਂ ਵਿੱਚ ਕੌਮੀ ਝੰਡਾ ਲਹਿਰਾਇਆ। ਬਾਅਦ ਵਿੱਚ ਇੱਕਠੇ ਹੋਏ ਦੇਸ-ਭਗਤਾਂ ਨੇ 'ਆਜ਼ਾਦੀ ਦੀ ਪ੍ਰਤਿੱਗਿਆ' ਨੂੰ ਪੜ੍ਹਿਆ। ਕੁਝ ਦਿਨ ਮਗਰੋਂ ਕਾਂਗਰਸ ਵਰਕਿੰਗ ਕਮੇਟੀ ਨੇ ਇਹ ਹੁਕਮ ਵੀ ਜਾਰੀ ਕੀਤਾ ਕਿ 26 ਜਨਵਰੀ, 1930 ਵਾਲੇ ਦਿਨ ਸਾਰੇ ਭਾਰਤ ਵਿੱਚ ਸੁਤੰਤਰਤਾ ਦਿਵਸ ਮਨਾਇਆ ਜਾਵੇ।

## 13. ਪਰਜਾ ਮੰਡਲ ਲਹਿਰ
## (Praja Mandal Movement)

ਪੰਜਾਬ ਵਿੱਚ ਪਟਿਆਲਾ ਦੀ ਰਿਆਸਤ ਪੜ੍ਹਾਈ ਅਤੇ ਉਦਯੋਗ ਵਿੱਚ ਪਛੜੀ ਹੋਈ ਸੀ। ਉਹਨਾਂ ਲੋਕਾਂ ਵਿੱਚ ਰਾਜਨੀਤਿਕ ਜਾਗ੍ਰਿਤੀ ਵੀ ਨਹੀਂ ਸੀ। 1929-1938 ਈ: ਤੱਕ ਮੱਧਵਰਗੀ ਦੇ ਕਿਸਾਨ ਹੀ ਰਾਜਨੀਤਿਕ ਤੌਰ 'ਤੇ ਜਾਗ੍ਰਿਤ ਸਨ।

ਸੇਵਾ ਸਿੰਘ ਠੀਕਰੀਵਾਲਾ ਨੇ ਪਟਿਆਲਾ ਰਿਆਸਤੀ ਦਲ ਕਾਇਮ ਕੀਤਾ ਸੀ। 9 ਜੁਲਾਈ, 1923 ਈ: ਨੂੰ ਉਸ ਨੂੰ ਬੰਦੀ ਬਣਾਇਆ ਗਿਆ। ਜੈਤੋ ਦੇ ਮੋਰਚੇ ਵੇਲੇ ਪਟਿਆਲਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਠੀਕਰੀਵਾਲਾ ਨੂੰ ਆਪਣੇ ਨਾਲ਼ ਮਿਲਾਉਣਾ ਚਾਹਿਆ ਪਰ ਉਹ ਕਿਸੇ ਕੀਮਤ 'ਤੇ ਵੀ ਨਾ ਮੰਨਿਆ। ਮਹਾਰਾਜਾ ਪਟਿਆਲਾ ਨੇ ਉਸ ਨੂੰ ਬੰਦੀ ਬਣਾ ਕੇ ਲਾਹੌਰ ਜੇਲ੍ਹ ਵਿੱਚ ਭੇਜ ਦਿੱਤਾ। ਪਰ ਉਸ ਦੀ ਗੈਰ ਹਾਜ਼ਰੀ ਵਿੱਚ ਉਸ ਨੂੰ ਰਿਆਸਤੀ ਅਕਾਲੀ ਦਲ ਦੇ ਜਥੇਦਾਰ ਅਤੇ ਮਾਲਵਾ ਪ੍ਰਤੀਨਿਧ ਖ਼ਾਲਸਾ ਦਿਵਾਨ ਦਾ ਪ੍ਰਧਾਨ ਚੁਣ ਲਿਆ ਗਿਆ।

1925 ਈ: ਵਿੱਚ ਗੁਰਦਵਾਰਾ ਐਕਟ ਅਨੁਸਾਰ ਸਿੱਖਾਂ ਨੂੰ ਰਿਹਾ ਕੀਤਾ ਗਿਆ। ਪਰ ਸੇਵਾ ਸਿੰਘ ਠੀਕਰੀਵਾਲਾ ਨਾ ਰਿਹਾਅ ਹੋਣ ਵਾਲੇ ਵਿਅਕਤੀਆਂ ਵਿੱਚੋਂ ਇੱਕ ਸੀ। ਜਦੋਂ ਉਹ ਲਾਹੌਰ ਤੋਂ ਰਿਹਾਅ ਹੋਇਆ ਤਾਂ ਚੋਰੀ ਦਾ ਮੁਕੱਦਮਾ ਬਣਾ ਕੇ ਉਸ ਨੂੰ ਫਿਰ ਸਤੰਬਰ, 1926 ਈ: ਵਿੱਚ ਤਿੰਨ ਸਾਲਾਂ ਲਈ ਪਟਿਆਲ਼ਾ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।

ਸੇਵਾ ਸਿੰਘ ਠੀਕਰੀਵਾਲ਼ਾ ਨੂੰ, ਕਿਸੇ ਨਾ ਕਿਸੇ ਬਹਾਨੇ ਪਟਿਆਲ਼ਾ ਸਰਕਾਰ ਅੰਗਰੇਜ਼ ਸਰਕਾਰ ਦੀ

ਸ਼ਹਿ ਹੇਠ ਗ੍ਰਿਫ਼ਤਾਰ ਕਰਦੀ ਰਹੀ। 24 ਅਗਸਤ, 1928 ਈ: ਨੂੰ ਪਟਿਆਲਾ ਜੇਲ੍ਹ ਵਿੱਚੋਂ ਅਜ਼ਾਦ ਹੋਣ ਤੇ ਠੀਕਰੀਵਾਲਾ ਨੂੰ ਪੰਜਾਬ ਪਰਜਾ ਮੰਡਲ ਅਤੇ ਰਿਆਸਤੀ ਪਰਜਾ ਮੰਡਲ ਦਾ ਪ੍ਰਧਾਨ ਚੁਣ ਲਿਆ ਗਿਆ। ਉਸ ਨੇ ਕਿਸਾਨਾਂ ਅਤੇ ਆਮ ਲੋਕਾਂ ਦੇ ਮਸਲਿਆਂ ਲਈ ਕਾਨਫ਼ਰੰਸਾਂ ਸ਼ੁਰੂ ਕਰ ਦਿੱਤੀਆਂ। ਉਸ ਨੇ ਰਿਆਸਤ ਪਟਿਆਲਾ ਵਿੱਚ ਹੋ ਰਹੇ ਜ਼ੁਲਮਾਂ ਵਿਰੁੱਧ ਆਵਾਜ ਉਠਾਈ। ਉਸ ਦਾ ਸਾਥ ਬਾਬਾ ਹੀਰਾ ਸਿੰਘ ਭੱਠਲ, ਹਰਨਾਮ ਸਿੰਘ ਚਮਕ, ਸੰਪੂਰਣ ਸਿੰਘ ਧੌਲਾ, ਤੇਜਾ ਸਿੰਘ ਸੁਤੰਤਰ, ਹਰਦਿੱਤ ਸਿੰਘ ਭੱਠਲ, ਬਾਬਾ ਸੰਦਰ ਸਿੰਘ ਆਦਿ ਨੇ ਦਿੱਤਾ। ਇਹਨਾਂ ਨੇ ਰਿਆਸਤੀ ਹਕੂਮਤ ਅਤੇ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕੀਤਾ।

## 14. ਅਜ਼ਾਦ ਹਿੰਦ ਫੌਜ
## (Indian National Army)

ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 1920 ਈ: ਵਿੱਚ ਆਈ.ਸੀ.ਐਸ.ਦੀ ਪਰੀਖਿਆ ਪਾਸ ਕੀਤੀ। ਉਹ ਉੱਚ ਸਰਕਾਰੀ ਪਦਵੀ ਉੱਤੇ ਨਿਯੁਕਤ ਵੀ ਹੋ ਗਿਆ। ਪਰੰਤੂ ਦੇਸ-ਭਗਤੀ ਦੇ ਜਜ਼ਬੇ ਨੇ ਉਸ ਨੂੰ ਸਰਕਾਰੀ ਨੌਕਰੀ ਛੱਡਣ ਲਈ ਮਜਬੂਰ ਕਰ ਦਿੱਤਾ ਅਤੇ ਉਹ ਕਾਂਗਰਸ ਦਾ ਮੈਂਬਰ ਬਣ ਗਿਆ। ਉਸ ਨੇ ਦੇਸ ਦੀ ਅਜ਼ਾਦੀ ਲਈ ਦੇਸ ਦੇ ਨੇਤਾਵਾਂ ਦਾ ਸਾਥ ਦਿੱਤਾ।

ਦੂਜੇ ਵਿਸ਼ਵ ਯੁੱਧ ਵੇਲੇ ਸਰਕਾਰ ਵਿਰੋਧੀ ਗਤੀਵਿਰੋਧੀਆਂ ਦੇ ਕਾਰਨ ਉਸ ਨੂੰ ਉਸ ਦੇ ਘਰ ਵਿੱਚ ਹੀ ਨਜ਼ਰਬੰਦ ਕਰ ਦਿੱਤਾ। ਪਰ ਉਹ ਉੱਥੋਂ ਨਿਕਲ ਦੇ ਬਰਮਾ ਪੁੱਜ ਗਿਆ। 1943 ਈ: ਨੂੰ ਸੁਭਾਸ਼ ਚੰਦਰ ਬੋਸ ਨੇ ਸਿੰਘਾਪੁਰ ਵਿਖੇ ਭਾਰਤੀਆਂ ਨੂੰ ਇੱਕਠਾ ਕਰ ਕੇ 'ਆਜ਼ਾਦ ਹਿੰਦ ਫੌਜ' ਦੀ ਸਥਾਪਨਾ ਕੀਤੀ। ਜਿਸ ਵਿੱਚ ਜਨਰਲ ਸ਼ਾਹ ਨਿਵਾਜ਼, ਜਨਰਲ ਗੁਰਦਿਆਲ ਸਿੰਘ ਢਿੱਲੋਂ, ਪ੍ਰੇਮ ਸਹਿਗਲ ਅਤੇ ਜਨਰਲ ਮੋਹਣ ਸਿੰਘ ਵਰਗੇ ਪੰਜਾਬੀ ਦੇਸ਼-ਭਗਤ ਸਨ। ਇਸ ਫ਼ੌਜ ਦਾ ਮੁੱਖ ਉਦੇਸ਼ ਅੰਗਰੇਜ਼ਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਣਾ ਸੀ। ਇਸੇ ਲਈ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਭਾਰਤੀ ਨੌਜਵਾਨਾਂ ਕੋਲੋਂ ਬਲੀਦਾਨ ਦੀ ਮੰਗ ਕਰਦੇ ਹੋਏ ਕਿਹਾ- 'ਤੁਸੀਂ ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਅਜ਼ਾਦੀ ਦਿਆਂਗਾਂ।'

ਜਾਪਾਨ ਨੇ ਅਜ਼ਾਦ ਹਿੰਦ ਫੌਜ ਨੂੰ ਸਮਰਥਨ ਦੇਣ ਦਾ ਭਰੋਸਾ ਦਿੱਤਾ। 21 ਅਕਤੂਬਰ, 1943 ਈ: ਨੂੰ ਨੇਤਾ ਜੀ ਨੇ ਸਿੰਘਾਪੁਰ ਵਿਖੇ ਸੁਤੰਤਰ ਸਾਮਰਾਜ ਦੀ ਸਥਾਪਨਾ ਕੀਤੀ।

1 ਮਾਰਚ, 1944 ਈ: ਨੂੰ ਅਜ਼ਾਦ ਹਿੰਦ ਫ਼ੌਜ ਦੇ ਸੈਨਿਕ ਮਨਮਾਰ (ਬਰਮਾ) ਤੋਂ ਹੁੰਦੇ ਹੋਏ ਆਸਾਮ ਪੁੱਜੇ। ਉਹਨਾਂ ਨੇ ਇੰਫਾਲ ਨੂੰ ਘੇਰਾ ਪਾ ਲਿਆ। ਪਰ ਦੂਜੇ ਵਿਸ਼ਵ ਯੁੱਧ ਵਿੱਚ ਜਾਪਾਨ ਦੀ ਹਾਲਤ ਕਮਜ਼ੋਰ ਹੋ ਗਈ। ਅੰਗਰੇਜ਼ੀ ਸੈਨਾ ਨੇ ਮਈ, 1945 ਈ: ਨੂੰ ਰੰਗੂਨ ਉੱਤੇ ਕਬਜ਼ਾ ਕਰ ਲਿਆ। ਬੇਬਸ ਹੋ ਕੇ ਆਜ਼ਾਦ ਹਿੰਦ ਫੌਜ਼ ਦੇ ਸੈਨਿਕਾਂ ਨੂੰ ਵੀ ਆਤਮ-ਸਮਰਪਣ ਕਰਨਾ ਪਿਆ। ਜਨਰਲ ਸ਼ਾਹ ਨਿਵਾਜ਼, ਜਨਰਲ ਗੁਰਦਿਆਲ ਸਿੰਘ ਢਿੱਲੋਂ ਅਤੇ ਪ੍ਰੇਮ ਸਹਿਗਲ ਉੱਤੇ ਦੇਸ-ਧ੍ਰੋਹ ਦਾ ਮੁਕੱਦਮਾ ਚਲਾਇਆ ਗਿਆ।

ਨਵੰਬਰ, 1945 ਈ: ਵਿੱਚ ਦਿੱਲੀ ਦੇ ਲਾਲ ਕਿਲ੍ਹਾ ਵਿਖੇ ਉਪਰੋਕਤ ਤਿੰਨਾਂ ਅਧਿਕਾਰੀਆਂ ਦੇ ਮੁਕੱਦਮੇ ਦੀ ਸੁਣਵਾਈ ਹੋਈ। ਜਵਾਹਰ ਲਾਲ ਨਹਿਰੂ, ਤੇਜ ਬਹਾਦਰ ਸਪ੍ਰੂ, ਭੂਲਾ ਭਾਈ ਦੇਸਾਈ ਆਦਿ ਉੱਘੇ ਵਕੀਲਾਂ ਨੇ ਉਹਨਾਂ ਦੇ ਮੁਕੱਦਮੇ ਦੀ ਪੈਰਵੀ ਕੀਤੀ। ਉਹਨਾਂ ਤਿੰਨਾਂ ਅਧਿਕਾਰੀਆਂ ਨੂੰ ਉਮਰ ਕੈਦ ਹੋਈ ਜਿਹੜੀ ਬਾਅਦ ਵਿੱਚ ਰੱਦ ਹੋ ਗਈ। ਫਿਰ ਵੀ ਦੇਸ ਵਿੱਚ ਰੋਸ ਮੁਜ਼ਾਹਰੇ ਹੋਏ। ਸੈਨਿਕਾਂ ਵਿੱਚ ਵੀ ਵਿਦਰੋਹ ਦੀ ਲਹਿਰ ਫੈਲ ਗਈ। ਇਸ ਨਾਲ਼ ਬ੍ਰਿਟਿਸ਼ ਸਰਕਾਰ ਨੂੰ ਇਹ ਮਹਿਸੂਸ ਹੋਇਆ ਕਿ ਹੁਣ ਭਾਰਤੀਆਂ ਨੂੰ ਬਹੁਤਾ ਸਮਾਂ ਆਪਣੇ ਅਧੀਨ ਨਹੀਂ ਰੱਖਿਆ ਜਾ ਸਕਦਾ।

1947 ਈ: ਵਿੱਚ ਜਦੋਂ ਭਾਰਤ ਦੀ ਵੰਡ ਹੋਈ ਤਾਂ ਉਸ ਸਮੇਂ ਵੀ ਸਭ ਤੋਂ ਵੱਧ ਕਸ਼ਟ ਪੰਜਾਬੀਆਂ ਨੇ ਹੀ ਝੱਲੇ। ਪੰਜਾਬ ਪੱਛਮੀ ਅਤੇ ਪੂਰਬੀ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ। ਹਜ਼ਾਰਾਂ ਮਰਦ, ਔਰਤਾਂ ਅਤੇ ਬੱਚੇ ਆਜ਼ਾਦੀ ਦਾ ਅਨੰਦ ਨਾ ਮਾਣ ਸਕੇ। ਉਹਨਾਂ ਨੇ ਆਪਣੀ ਇੱਜ਼ਤ ਅਤੇ ਜਾਇਦਾਦ ਅਜ਼ਾਦੀ ਦੇ ਲੇਖੇ ਲਾ ਦਿੱਤੀ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ/ਇੱਕ ਵਾਕ (1-15 ਸ਼ਬਦਾਂ) ਵਿੱਚ ਲਿਖੋ—**

1. 1857 ਈ: ਦੀ ਆਜ਼ਾਦੀ ਦੀ ਜੰਗ ਸਮੇਂ ਪੰਜਾਬ ਦੀਆਂ ਕਿਹੜੀਆਂ-ਕਿਹੜੀਆਂ ਛਾਉਣੀਆਂ ਵਿੱਚ ਬਗ਼ਾਵਤ ਹੋਈ?
2. ਸਰਦਾਰ ਅਹਿਮਦ ਖਾਂ ਖਰਲ ਨੇ ਅਜ਼ਾਦੀ ਦੀ ਜੰਗ ਵਿੱਚ ਕੀ ਹਿੱਸਾ ਪਾਇਆ?
3. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਸਰਕਾਰ ਨਾਲ਼ ਨਾ-ਮਿਲਵਰਤਣ ਦੀ ਭਾਵਨਾ ਕਿਵੇਂ ਦਿਖਾਈ?
4. ਕਿਨ੍ਹਾਂ ਕਾਰਨਾਂ ਕਰ ਕੇ ਗਦਰ ਲਹਿਰ ਹੋਂਦ ਵਿੱਚ ਆਈ?
5. ਅਕਾਲੀ ਲਹਿਰ ਦੇ ਹੋਂਦ ਵਿੱਚ ਆਉਣ ਦੇ ਦੋ ਕਾਰਨ ਦੱਸੋ।
6. ਚਾਬੀਆਂ ਵਾਲ਼ਾ ਮੋਰਚਾ ਕਿਉਂ ਲੱਗਾ?
7. ਗੁਰੂ ਦਾ ਬਾਗ਼ ਮੋਰਚਾ ਦੇ ਕਾਰਨ ਦੱਸੋ?
8. ਸਾਈਮਨ ਕਮਿਸ਼ਨ ਭਾਰਤ ਕਦੋਂ ਆਇਆ ਤੇ ਇਸ ਦਾ ਬਾਈਕਾਟ ਕਿਉਂ ਕੀਤਾ ਗਿਆ?

**(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 30-50 ਸ਼ਬਦਾਂ ਵਿੱਚ ਲਿਖੋ—**

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਿਹੜੀਆਂ ਗਤੀਵਿਧੀਆਂ ਤੋਂ ਅੰਗਰੇਜ਼ਾਂ ਨੂੰ ਡਰ ਲੱਗਦਾ ਸੀ?
2. ਨਾਮਧਾਰੀਆਂ ਅਤੇ ਅੰਗਰੇਜ਼ਾਂ ਵਿਚਕਾਰ ਮਲੇਰਕੋਟਲਾ ਵਿਖੇ ਹੋਈ ਦੁਰਘਟਨਾ ਦਾ ਹਾਲ ਲਿਖੋ।
3. ਆਰੀਆ ਸਮਾਜ ਦੇ ਪੰਜਾਬ ਵਿਚਲੇ ਕਾਰਜਾਂ ਦਾ ਵਰਨਣ ਕਰੋ।
4. ਗਦਰ ਪਾਰਟੀ ਨੇ ਪੰਜਾਬ ਵਿੱਚ ਅਜ਼ਾਦੀ ਲਈ ਕੀ-ਕੀ ਯਤਨ ਕੀਤੇ?
5. ਬਾਬਾ ਗੁਰਦਿੱਤ ਸਿੰਘ ਨੇ ਕਨੇਡਾ ਜਾਣ ਵਾਲ਼ੇ ਲੋਕਾਂ ਲਈ ਕੀ-ਕੀ ਕੰਮ ਕੀਤੇ?
6. ਜਲ੍ਹਿਆਂਵਾਲਾ ਬਾਗ ਦੀ ਦੁਰਘਟਨਾ ਦੇ ਕੀ ਕਾਰਨ ਸਨ?
7. ਸ. ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ਼ ਦੁਰਘਟਨਾ ਦਾ ਬਦਲਾ ਕਿਵੇਂ ਲਿਆ?
8. ਖ਼ਿਲਾਫ਼ਤ ਲਹਿਰ ਉੱਤੇ ਨੋਟ ਲਿਖੋ।
9. ਬੱਬਰਾਂ ਦੀਆਂ ਗਤੀਵਿਧੀਆਂ ਨੂੰ ਸੰਖੇਪ ਵਿੱਚ ਬਿਆਨ ਕਰੋ।
10. ਨੌਜਵਾਨ ਭਾਰਤ ਸਭਾ ਉੱਤੇ ਨੋਟ ਲਿਖੋ।
11. ਸਾਈਮਨ ਕਮਿਸ਼ਨ ਉੱਤੇ ਨੋਟ ਲਿਖੋ।
12. ਪਰਜਾ ਮੰਡਲ ਦੇ ਕੰਮਾਂ ਦਾ ਵਰਨਣ ਕਰੋ।

**(ਣ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗਪਗ 100-120 ਸ਼ਬਦਾਂ ਵਿੱਚ ਲਿਖੋ—**

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਰਤ ਦੀ ਅਜ਼ਾਦੀ ਲਈ ਕੀ-ਕੀ ਯਤਨ ਕੀਤੇ?
2. ਆਰੀਆ ਸਮਾਜ ਨੇ ਪੰਜਾਬ ਵਿਖੇ ਅਜ਼ਾਦੀ ਦੀ ਜੰਗ ਵਿੱਚ ਕੀ ਹਿੱਸਾ ਪਾਇਆ?
3. ਗਦਰ ਪਾਰਟੀ ਨੇ ਅਜ਼ਾਦੀ ਦੀ ਜੰਗ ਲਈ ਕੀ-ਕੀ ਯਤਨ ਕੀਤੇ?
4. ਕਾਮਗਾਟਾ ਮਾਰੂ ਜਹਾਜ਼ ਦੀ ਦੁਰਘਟਨਾ ਦਾ ਵਰਣਨ ਕਰੋ।
5. ਜਲ੍ਹਿਆਂਵਾਲਾ ਬਾਗ ਦੁਰਘਟਨਾ ਦਾ ਵਰਨਣ ਕਰੋ।
6. ਅਕਾਲੀ ਲਹਿਰ ਨੇ ਆਜ਼ਾਦੀ ਦੀ ਜੰਗ ਵਿੱਚ ਕੀ ਯੋਗਦਾਨ ਪਾਇਆ?
7. ਜੈਤੋ ਦਾ ਮੋਰਚਾ ਦਾ ਹਾਲ ਲਿਖੋ।
8. ਆਜ਼ਾਦ ਹਿੰਦ ਫੌਜ ਉੱਤੇ ਵਿਸਤਾਰਪੂਰਵਕ ਨੋਟ ਲਿਖੋ।

*****

# ਨਾਗਰਿਕ ਸ਼ਾਸਤਰ

# ਭਾਰਤ ਦਾ ਸੰਵਿਧਾਨ

## ਪ੍ਰਸਤਾਵਨਾ

'ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ ਸੰਪੰਨ ਸਮਾਜਵਾਦੀ,
ਧਰਮ ਨਿਰਪੱਖ, ਪਰਜਾਤੰਤਰੀ, ਗਣਰਾਜ ਬਣਾਉਣ ਲਈ
ਅਤੇ
ਇਸਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਤੇ
ਰਾਜਨੀਤਿਕ ਨਿਆਂ, ਵਿਚਾਰ ਪ੍ਰਗਟਾਉਣ, ਵਿਸ਼ਵਾਸ਼, ਧਰਮ
ਤੇ ਉਪਾਸਨਾ ਦੀ ਸੁੰਤਤਰਤਾ, ਪ੍ਰਤਿਸ਼ਠਤਾ ਦੇ ਅਵਸਰ ਦੀ
ਸਮਾਨਤਾ ਪ੍ਰਾਪਤ ਕਰਾਉਣ ਲਈ
ਅਤੇ
ਉਹਨਾਂ ਸਭਨਾਂ ਵਿੱਚ ਵਿਅਕਤੀ ਦੀ ਗੌਰਵਤਾ ਤੇ
ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਸੁਰਖਿਅਤ
ਕਰਨ ਵਾਲਾ ਭਰਾਤਰੀ ਭਾਵ ਵਧਾਉਣ ਲਈ
ਦ੍ਰਿੜ ਸੰਕਲਪ ਹੋ ਕੇ
ਆਪਣੀ ਇਸ ਸੰਵਿਧਾਨ ਸਭਾ ਵਿੱਚ 26 ਨਵੰਬਰ 1949
ਨੂੰ ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਅਧਿਨਿਯਮਿਤ
ਅਤੇ ਆਤਮ ਸਮਰਪਣ ਕਰਦੇ ਹਾਂ।

# ਨਾਗਰਿਕ ਸ਼ਾਸਤਰ

## ਪਾਠ-10

## ਭਾਰਤੀ ਸੰਵਿਧਾਨ ਦੀਆਂ ਵਿਸ਼ੇਸ਼ਤਾਵਾਂ

## (FEATURES OF THE INDIAN CONSTITUTION)

ਸੰਵਿਧਾਨ ਇੱਕ ਮੌਲਿਕ ਕਨੂੰਨੀ ਦਸਤਾਵੇਜ਼ ਹੁੰਦਾ ਹੈ ਜਿਸਦੇ ਅਨੁਸਾਰ ਦੇਸ਼ ਦੀ ਸਰਕਾਰ ਦਾ ਸੰਚਾਲਨ ਕੀਤਾ ਜਾਂਦਾ ਹੈ। ਦੇਸ਼ ਦਾ ਇਹ ਮੂਲ ਕਨੂੰਨ ਸਰਕਾਰ ਦੇ ਅੰਗਾਂ ਦੇ ਸੰਗਠਨ, ਕਾਰਜਾਂ ਤੇ ਆਪਸੀ ਸੰਬੰਧਾਂ ਦੀ ਵਿਆਖਿਆ ਅਤੇ ਨਾਗਰਿਕ ਦੇ ਮੌਲਿਕ ਅਧਿਕਾਰਾਂ ਦੀ ਹੱਦ-ਬੰਦੀ ਕਰਦਾ ਹੈ। ਸੰਵਿਧਾਨ ਦੇਸ਼ ਦੇ ਦੂਜੇ ਸਾਰੇ ਕਨੂੰਨਾਂ ਤੋਂ ਸ਼੍ਰੇਸ਼ਟ ਹੁੰਦਾ ਹੈ ਤੇ ਕੋਈ ਵੀ ਅਜਿਹਾ ਕਨੂੰਨ ਨਹੀਂ ਬਣਾਇਆ ਜਾ ਸਕਦਾ ਜੋ ਸੰਵਿਧਾਨ ਦੀ ਉਲੰਘਣਾ ਕਰਦਾ ਹੋਵੇ ਜਾਂ ਸੰਵਿਧਾਨ ਅਨੁਸਾਰ ਨਾ ਹੋਵੇ।

ਹਰੇਕ ਦੇਸ਼ ਦੀ ਸਰਕਾਰ, ਸਮਾਜ ਵਿੱਚ ਕਨੂੰਨੀ ਵਿਵਸਥਾ ਅਤੇ ਸ਼ਾਂਤੀ ਸਥਾਪਿਤ ਕਰਦੀ ਹੈ। ਇਸ ਕਾਰਜ ਨੂੰ ਸਰਕਾਰ ਕਨੂੰਨਾਂ ਦਾ ਨਿਰਮਾਣ ਅਤੇ ਵਿਵਸਥਾ ਦੀ ਸਥਾਪਨਾ ਕਰਕੇ ਕਰਦੀ ਹੈ। ਪ੍ਰੰਤੂ ਸਰਕਾਰ ਮਨ-ਮਰਜੀ ਦੇ ਕਨੂੰਨ ਬਣਾ ਕੇ ਆਪਣੀ ਮਨਮਾਨੀ ਅਨੁਸਾਰ ਸ਼ਾਸਨ ਨਹੀਂ ਕਰ ਸਕਦੀ। ਦੇਸ਼ ਦੀ ਸਰਕਾਰ ਸੰਵਿਧਾਨ (ਮੌਲਿਕ ਕਨੂੰਨ) ਅਨੁਸਾਰ ਹੀ ਸ਼ਾਸਨ ਕਰਦੀ ਹੈ। ਇਸ ਪ੍ਰਕਾਰ ਸੰਵਿਧਾਨ ਦੇਸ਼ ਦੇ ਪ੍ਰਸ਼ਾਸਨ ਅਤੇ ਰਾਜ-ਪ੍ਰਬੰਧ ਨੂੰ ਨਿਰਧਾਰਿਤ ਕਰਨ ਵਾਲੇ ਨਿਯਮਾਂ ਦਾ ਮੂਲ ਸਰੋਤ ਹੁੰਦਾ ਹੈ। ਇਹ ਸ਼ਕਤੀ ਦੀ ਦੁਰਵਰਤੋਂ ਕਰਨ ਤੇ ਰੋਕ ਲਗਾਉਂਦਾ ਹੈ। ਜਿਥੇ ਇਹ ਸੰਵਿਧਾਨ, ਸਰਕਾਰ ਦੇ ਅੰਗਾਂ ਦੇ ਆਪਸੀ ਅਤੇ ਨਾਗਰਿਕ ਨਾਲ਼ ਸੰਬੰਧਾਂ ਨੂੰ ਨਿਰਧਾਰਿਤ ਕਰਦਾ ਹੈ, ਉਥੇ ਇਹ ਸਰਕਾਰ ਦੁਆਰਾ ਸ਼ਕਤੀਆਂ ਦੀ ਦੁਰਵਰਤੋਂ ਕਰਨ 'ਤੇ ਰੋਕਾਂ ਵੀ ਲਗਾਉਂਦਾ ਹੈ।

**ਪ੍ਰਸਤਾਵਨਾ (Preamble)**

ਭਾਰਤ ਦਾ ਸੰਵਿਧਾਨ 9 ਦਸੰਬਰ, 1946 ਨੂੰ ਬਣਨਾ ਆਰੰਭ ਹੋਇਆ ਅਤੇ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਦੁਆਰਾ ਅੰਤਿਮ ਰੂਪ ਵਿੱਚ ਪਾਸ ਕਰ ਦਿੱਤਾ ਗਿਆ। 26 ਜਨਵਰੀ, 1950 ਤੋਂ ਇਹ ਸੰਵਿਧਾਨ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤੀ ਸ਼ਾਸਨ ਪ੍ਰਣਾਲੀ ਦੇ ਮੂਲ ਸਿਧਾਂਤਾ ਵੱਲ ਸੰਕੇਤ ਅਤੇ ਉਸਦੇ ਬੁਨਿਆਦੀ ਉਦੇਸ਼ਾਂ ਨੂੰ ਉਲੀਕਿਆ ਗਿਆ ਹੈ। ਪ੍ਰਸਤਾਵਨਾ ਇਸ ਪ੍ਰਕਾਰ ਹੈ–

'ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੁਸੱਤਾ ਸੰਪੰਨ ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਦੀ ਸਥਾਪਨਾ ਕਰਨ, ਉਸਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ, ਚਿੰਤਨ ਤੇ ਵਿਚਾਰ ਪ੍ਰਗਟ ਕਰਨ, ਵਿਸ਼ਵਾਸ, ਧਰਮ ਅਤੇ ਉਪਾਸਨਾਂ ਦੀ ਸੁਤੰਤਰਤਾ ਦੇਣ, ਮੌਕੇ ਅਤੇ ਰੁਤਬੇ ਦੀ ਸਮਾਨਤਾ ਪ੍ਰਾਪਤ ਕਰਨ ਅਤੇ ਸਾਰੇ ਨਾਗਰਿਕਾਂ ਵਿੱਚ ਭਾਈਚਾਰੇ ਦੀ ਭਾਵਨਾ ਦਾ ਵਿਸਕਾਰ ਕਰਨ, ਵਿਅਕਤੀ ਦੀ ਪ੍ਰਤਿਸ਼ਠਤਾ, ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਣ ਲਈ ਦ੍ਰਿੜ ਸੰਕਲਪ ਹੋ ਕੇ, ਆਪਣੀ ਸੰਵਿਧਾਨ ਸਭਾ ਵਿੱਚ 26 ਨਵੰਬਰ, 1949 ਦੇ ਦਿਨ ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਿਤ ਅਤੇ ਆਤਮ-ਸਮੱਰਪਣ ਕਰਦੇ ਹਾਂ।'

ਉਪਰੋਕਤ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੁਤਾਸ਼ਾਲੀ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਐਲਾਨਿਆ ਗਿਆ ਹੈ।

ਭਾਰਤ ਪ੍ਰਭੂੱਸਤਾਧਾਰੀ ਰਾਜ ਤੋਂ ਭਾਵ ਹੈ ਕਿ ਇਹ ਸੰਪੂਰਨ ਸੁਤੰਤਰ ਰਾਜ ਹੈ। ਅੰਦਰੂਨੀ ਮਾਮਲਿਆਂ ਵਿੱਚ ਸਰਵਸ਼੍ਰੇਸ਼ਟ ਅਤੇ ਵਿਦੇਸ਼ੀ ਸੰਬੰਧਾਂ ਲਈ ਦੂਜੇ ਰਾਜਾਂ ਦੇ ਨਿਯੰਤਰਨ ਤੋਂ ਸੁਤੰਤਰ ਹੈ। ਆਪਣੇ ਦੇਸ਼ ਅਤੇ ਵਿਦੇਸ਼ ਨੀਤੀ-ਨਿਰਮਾਣ ਵਿੱਚ ਸਰਬ ਸਮਰਥ ਹੈ।

ਸਮਾਜਵਾਦੀ ਰਾਜ ਦਾ ਭਾਵ ਹੈ ਕਿ ਭਾਰਤ ਵਿੱਚ ਨਾਗਰਿਕਾਂ ਨੂੰ ਆਪਣਾ ਵਿਕਾਸ ਕਰਨ ਲਈ ਸਮਾਨ ਮੌਕੇ ਮਿਲਣਗੇ, ਗਰੀਬ ਤੇ ਅਮੀਰ ਵਿੱਚ ਵਧੇਰੇ ਅੰਤਰ ਨਹੀਂ ਹੋਵੇਗਾ, ਕਿਸੇ ਦਾ ਸ਼ੋਸ਼ਣ ਨਹੀਂ ਕੀਤਾ ਜਾਵੇਗਾ। ਹਰੇਕ ਨਾਗਰਿਕ ਨੂੰ ਬਿਨਾ ਕਿਸੇ ਵਿਤਕਰੇ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਿਆਂ ਮਿਲੇਗਾ।

ਧਰਮ ਨਿਰਪੱਖ ਰਾਜ ਤੋਂ ਭਾਵ ਹੈ ਕਿ ਭਾਰਤ ਰਾਜ ਕਿਸੇ ਵਿਸ਼ੇਸ਼ ਧਰਮ ਦੀ ਸਰਪ੍ਰਸਤੀ ਨਹੀਂ ਕਰੇਗਾ। ਸਾਰੇ ਧਰਮਾਂ ਦਾ ਬਰਾਬਰ ਸਨਮਾਨ ਕੀਤਾ ਜਾਵੇਗਾ ਅਤੇ ਕਿਸੇ ਧਰਮ ਦਾ ਵਿਰੋਧ ਨਹੀਂ ਕੀਤਾ ਜਾਵੇਗਾ। ਧਾਰਮਿਕ ਸਹਿਨਸ਼ੀਲਤਾ ਹੋਵੇਗੀ। ਰਾਜ ਧਰਮ ਦੇ ਆਧਾਰ 'ਤੇ ਨਾਗਰਿਕਾਂ ਵਿੱਚ ਵਿਤਕਰਾ ਨਹੀਂ ਕਰੇਗਾ ਅਤੇ ਹਰੇਕ ਨਾਗਰਿਕ ਨੂੰ ਸਮਾਨ ਅਵਸਰ ਦਿੱਤਾ ਜਾਵੇਗਾ। ਹਰੇਕ ਨਾਗਰਿਕ ਨੂੰ ਆਪਣੀ ਇੱਛਾ ਅਨੁਸਾਰ ਧਰਮ ਅਪਨਾਉਣ ਅਤੇ ਉਸਦੀ ਭਗਤੀ ਕਰਨ ਦੀ ਆਜ਼ਾਦੀ ਹੋਵੇਗੀ।

ਲੋਕ-ਤੰਤਰੀ ਰਾਜ ਤੋਂ ਭਾਵ ਹੈ ਕਿ ਭਾਰਤ ਵਿੱਚ ਸ਼ਾਸਨ ਦੀ ਸਰਵਉੱਚ ਸ਼ਕਤੀ ਕਿਸੇ ਵਰਗ, ਸ਼੍ਰੇਣੀ ਜਾਂ ਦਲ ਦੀ ਥਾਂ ਸਮੁੱਚੀ ਜਨਤਾ ਕੋਲ ਹੈ। ਭਾਰਤ ਦੇ ਲੋਕ ਨਿਯਤਕਾਲੀ ਚੋਣਾਂ ਦੁਆਰਾ ਚੁਣੇ ਹੋਏ ਪ੍ਰਤੀਨਿਧਾਂ ਦੁਆਰਾ ਆਪਣੇ ਸ਼ਾਸਨ ਨੂੰ ਚਲਾਉਂਦੇ ਹਨ ਜੋ ਉਨ੍ਹਾਂ ਪ੍ਰਤੀ ਉੱਤਰਦਾਈ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਸਰਕਾਰ ਆਪਣੇ ਕਰਜਾਂ ਤੇ ਨੀਤੀਆਂ ਲਈ ਲੋਕਾਂ ਸਾਹਮਣੇ ਜ਼ਿੰਮੇਵਾਰ ਹੈ। ਨਾਗਰਿਕਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਮਾਨ ਅਧਿਕਾਰ ਤੇ ਲੋਕ-ਤੰਤਰੀ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ।

ਭਾਰਤ ਦੇ ਗਣਰਾਜ ਹੋਣ ਤੋਂ ਭਾਵ ਹੈ ਕਿ ਰਾਜ ਦਾ ਮੁਖੀ ਰਾਸ਼ਟਰਪਤੀ ਹੋਵੇਗਾ ਜੋ ਬਾਦਸ਼ਾਹ ਦੀ ਤਰ੍ਹਾਂ ਜੱਦੀ ਨਹੀਂ ਸਗੋਂ ਜਨਤਾ ਦੇ ਪ੍ਰਤੀਨਿਧੀਆਂ ਦੁਆਰਾ ਨਿਸਚਤ ਸਮੇਂ ਲਈ ਚੁਣਿਆ ਜਾਵੇਗਾ। ਗਣਰਾਜ ਵਿੱਚ ਸ਼ਾਸਨ ਕਰਨ ਦੀ ਸਰਵਸ੍ਰੇਸ਼ਠ ਸ਼ਕਤੀ ਲੋਕਾਂ ਦੇ ਮਹਾਨ ਸਮੂਹ ਪਾਸ ਹੁੰਦੀ ਹੈ। ਸਰਕਾਰ ਲੋਕਾਂ ਦੀ ਪ੍ਰਸੰਨਤਾ ਜਾਂ ਆਪਣੇ ਚੰਗੇ ਵਰਤਾਓ ਕਾਰਨ ਹੀ ਹੋਂਦ ਵਿੱਚ ਰਹਿੰਦੀ ਹੈ।

ਪ੍ਰਸਤਾਵਨਾ ਵਿੱਚ ਇਹ ਵੀ ਦਰਸਾਇਆ ਗਿਆ ਹੈ ਕਿ ਭਾਰਤੀ ਲੋਕਤੰਤਰ, ਨਾਗਰਿਕਾਂ ਲਈ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਸਮਾਨਤਾਂ, ਸੁਤੰਤਰਤਾ, ਭਾਈਚਾਰਾ, ਸਧਾਰਣ ਵਿਅਕਤੀ ਦੀ ਪ੍ਰਤੀਸ਼ਠਤਾ, ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਸਿਧਾਂਤਾਂ ਤੇ ਅਧਾਰਤ ਹੋਵੇਗਾ।

ਇਥੇ ਇਹ ਦੱਸਣਾ ਜ਼ਰੂਰੀ ਹੈ ਕਿ 'ਸਮਾਜਵਾਦੀ', 'ਧਰਮ ਨਿਰਪੱਖ', ਅਤੇ 'ਰਾਸ਼ਟਰ ਦੀ ਅਖੰਡਤਾ' ਦੇ ਸ਼ਬਦ 1976 ਵਿੱਚ 42ਵੀਂ ਸੰਵਿਧਾਨਿਕ ਸੋਧ ਦੁਆਰਾ ਪ੍ਰਸਤਾਵਨਾ ਵਿੱਚ ਜੋੜੇ ਗਈ ਸਨ।

**ਸੰਵਿਧਾਨ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ (Main Features of the Constitution):-**

1. ਲਿਖਤੀ ਅਤੇ ਵਿਸ਼ਾਲ ਸੰਵਿਧਾਨ
2. ਲਚਕੀਲਾ ਤੇ ਕਠੋਰ ਸੰਵਿਧਾਨ
3. ਸੰਘਾਤਮਕ ਸਰਕਾਰ
4. ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ
5. ਸੰਸਦੀ ਸਰਕਾਰ
6. ਬਾਲਗ ਮੱਤ ਅਧਿਕਾਰ ਅਤੇ ਪ੍ਰਭੂਸੱਤਾ ਜਨਤਾ ਪਾਸ
7. ਮੌਲਿਕ ਅਧਿਕਾਰ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ
8. ਮੌਲਿਕ ਕਰਤੱਵ

9. ਰਾਸ਼ਟਰਪਤੀ ਦੀਆਂ ਸੰਕਟ ਕਾਲੀਨ ਸ਼ਕਤੀਆਂ

10. ਸੰਵਿਧਾਨ ਦੀਆਂ ਵਚਿੱਤਰ ਵਿਸ਼ੇਸ਼ਤਾਵਾਂ

**1. ਲਿਖਤੀ ਅਤੇ ਵਿਸਤ੍ਰਿਤ ਸੰਵਿਧਾਨ (Lengthy and Written Constitution):-** ਭਾਰਤੀ ਸੰਵਿਧਾਨ ਸੰਸਾਰ ਦਾ ਸਭ ਤੋਂ ਵੱਡੇ ਅਕਾਰ ਵਾਲਾ ਅਤੇ ਵਿਸਥਾਰ-ਪੂਰਨ ਹੈ। ਇਸ ਵਿੱਚ 395 ਅਨੁਛੇਦ ਅਤੇ 12 ਅਨੁਸੂਚੀਆਂ ਹੀ ਸੰਵਿਧਾਨ ਦਾ ਆਕਾਰ ਵੱਡਾ ਹੋਣ ਦੇ ਮੁੱਖ ਕਾਰਨ ਹਨ।

ਇਸ ਵਿੱਚ ਸੰਘੀ ਸਰਕਾਰ ਦੀ ਸਥਾਪਨਾ ਦਾ ਵਰਨਣ, ਅਨੁਸੂਚਿਤ ਅਤੇ ਪੱਛੜੀਆਂ ਜਾਤੀਆਂ ਤੇ ਕਬੀਲਿਆਂ ਨਾਲ ਸੰਬੰਧਿਤ ਸਮੱਸਿਆਵਾਂ ਦਾ ਹੱਲ ਕਰਨ ਦਾ ਯਤਨ ਕਰਨਾ ਹੈ। ਇਸ ਤੋਂ ਇਲਾਵਾ ਇਸ ਵਿੱਚ ਮੌਲਿਕ ਅਧਿਕਾਰਾਂ, ਮੌਲਿਕ ਕਰਤੱਵਾਂ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਿਸਥਾਰ-ਪੂਰਵਕ ਵਰਨਣ ਕੀਤਾ ਗਿਆ ਹੈ।

**2. ਲਚਕੀਲਾ ਅਤੇ ਕਠੋਰ ਸੰਵਿਧਾਨ (Rigid and Flexible Constitution):-** ਭਾਰਤ ਦਾ ਸੰਵਿਧਾਨ ਲਚਕੀਲਾ (Flexible) ਅਤੇ ਕਠੋਰ (Rigid) ਵੀ ਹੈ। ਲਚਕੀਲਾ ਸੰਵਿਧਾਨ ਉਹ ਹੁੰਦਾ ਹੈ ਜਿਸ ਨੂੰ ਕਿਸੇ ਵੀ ਸਮੇਂ ਬੜੀ ਅਸਾਨੀ ਨਾਲ ਅਰਥਾਤ ਸਧਾਰਣ ਬਹੁਮਤ ਨਾਲ ਬਦਲਿਆ ਜਾ ਸਕਦਾ ਹੈ। ਕਠੋਰ ਸੰਵਿਧਾਨ ਵਿੱਚ ਸੋਧ ਕਰਨ ਦਾ ਢੰਗ ਔਖਾ ਹੁੰਦਾ ਹੈ। ਇੰਗਲੈਂਡ ਦਾ ਸੰਵਿਧਾਨ ਲਚਕੀਲਾ ਹੈ ਇਸ ਦੇ ਉਲਟ ਅਮਰੀਕਾ ਦਾ ਸੰਵਿਧਾਨ ਬਹੁਤ ਕਠੋਰ ਹੈ। ਭਾਰਤ ਦਾ ਸੰਵਿਧਾਨ ਅਮਰੀਕਾ ਦੇ ਸੰਵਿਧਾਨ ਵਰਗਾ ਕਠੋਰ ਤਾਂ ਨਹੀਂ ਹੈ ਅਤੇ ਨਾ ਹੀ ਇੰਗਲੈਂਡ ਦੇ ਸੰਵਿਧਾਨ ਦੀ ਤਰ੍ਹਾਂ ਬਹੁਤ ਲਚਕੀਲਾ ਹੈ। ਸਾਡੇ ਦੇਸ਼ ਵਿੱਚ ਸੰਵਿਧਾਨਿਕ ਸੋਧ ਕਰਨ ਲਈ ਵਿੱਚਕਾਰਲਾ ਰਸਤਾ ਅਪਣਾਇਆ ਗਿਆ ਹੈ।

**3. ਸੰਘਾਤਮਕ ਸਰਕਾਰ (Federal Government):-** ਸਾਡੇ ਸੰਵਿਧਾਨ ਦੀ ਇੱਕ ਬੜੀ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਇਸ ਦੇ ਅਧੀਨ ਸੰਘੀ ਸ਼ਾਸਨ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਘਾਤਮਕ ਸ਼ਾਸਨ ਲਈ ਹੇਠ ਲਿਖੇ ਲੱਛਣਾਂ ਦਾ ਹੋਣਾ ਜ਼ਰੂਰੀ ਹੈ—

ੳ ਸ਼ਕਤੀਆਂ ਦੀ ਵੰਡ

ਅ ਲਿਖਤੀ ਅਤੇ ਕਠੋਰ ਸੰਵਿਧਾਨ

ੲ ਸੰਵਿਧਾਨ ਦੀ ਸਰਵਉੱਚਤਾ

ਸ ਸੁਤੰਤਰ ਨਿਆਂਪਾਲਿਕਾ

ਹ ਦੋ ਸਦਨੀ ਵਿਧਾਨਪਾਲਿਕਾ

ਇਹ ਸਾਰੀਆਂ ਵਿਸ਼ੇਸ਼ਤਾਵਾਂ ਭਾਰਤੀ ਸੰਵਿਧਾਨ ਵਿੱਚ ਮਿਲਦੀਆਂ ਹਨ ਪਰੰਤੂ ਇਸਦੇ ਨਾਲ-ਨਾਲ ਭਾਰਤ ਦੇ ਸੰਵਿਧਾਨ ਵਿੱਚ ਕੁਝ ਇਕਾਤਮਕ ਤੱਤ ਵੀ ਪਾਏ ਜਾਂਦੇ ਹਨ ਜੋ ਇਸ ਪ੍ਰਕਾਰ ਹਨ—

(i) ਭਾਰਤ ਨੂੰ ਰਾਜਾਂ ਦਾ ਸੰਗਠਨ ਕਿਹਾ ਗਿਆ ਹੈ। ਸੰਵਿਧਾਨ ਵਿੱਚ ਸੰਘ ਸ਼ਬਦ ਦੇ ਮੁਕਾਬਲੇ ਵਿੱਚ ਸੰਗਠਨ ਸ਼ਬਦ ਏਕਤਾ ਦੀ ਭਾਵਨਾ ਵਧੇਰੇ ਦਰਸਾਉਂਦਾ ਹੈ।

(ii) ਸੰਕਟਕਾਲੀਨ ਸਥਿਤੀ ਵਿੱਚ ਰਾਸ਼ਟਰਪਤੀ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਗਏ ਹਨ ਜਿਨ੍ਹਾਂ ਰਾਹੀਂ ਉਹ ਰਾਜਾਂ ਦੇ ਪ੍ਰਬੰਧ ਨੂੰ ਆਪਣੇ ਹੱਥ ਵਿੱਚ ਲੈ ਸਕਦਾ ਹੈ ਅਤੇ ਜਿਸ ਨਾਲ ਰਾਜ ਦਾ ਸਾਰਾ ਢਾਂਚਾ ਇਕਾਤਮਕ ਬਣ ਜਾਂਦਾ ਹੈ।

(iii) ਭਾਰਤ ਵਿੱਚ ਇਕਹਿਰੀ ਨਾਗਰਿਕਤਾ ਦਾ ਸਿਧਾਂਤ ਅਪਣਾਇਆ ਗਿਆ ਹੈ। ਇਸ ਦੇ ਮੁਕਾਬਲੇ ਵਿੱਚ ਵਿਸ਼ਵ ਦੇ ਕਈ ਸੰਘ ਰਾਜਾਂ ਵਿੱਚ ਦੋਹਰੀ ਨਾਗਰਿਕਤਾ ਨੂੰ ਅਪਣਾਇਆ ਗਿਆ ਹੈ ਜਿਵੇਂ ਕਿ ਸੰਯੁਕਤ ਰਾਜ ਅਮਰੀਕਾ ਵਿੱਚ ਹੈ।

(iv) ਸਾਰੇ ਮਹੱਤਵਪੂਰਨ ਵਿਸ਼ੇ ਸੰਘ ਸੂਚੀ ਵਿੱਚ ਸ਼ਾਮਲ ਕੀਤੇ ਗਏ ਹਨ ਅਤੇ ਰਾਜ ਸਰਕਾਰਾਂ ਦੇ ਮੁਕਾਬਲੇ ਵਿੱਚ ਕੇਂਦਰੀ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ।

(v) ਸਾਰੇ ਦੇਸ਼ ਲਈ ਇਕੋ ਹੀ ਸੰਵਿਧਾਨ ਹੈ। ਰਾਜਾਂ ਦੇ ਆਪਣੇ ਵੱਖਰੇ ਸੰਵਿਧਾਨ ਨਹੀਂ ਹਨ।

(vi) ਰਾਜਪਾਲਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ।

(vii) ਵਿੱਤੀ ਸਹਾਇਤਾ ਲਈ ਰਾਜ, ਕੇਂਦਰ ਉੱਤੇ ਨਿਰਭਰ ਹਨ।

(viii) ਭਾਰਤੀ ਸੰਵਿਧਾਨ ਵਿੱਚ ਸੁਤੰਤਰ ਨਿਆਂਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ ਅਤੇ ਨਿਆਂਪਾਲਿਕਾ ਨੂੰ ਨਿਆਂਇਕ ਪੁਨਰ ਨਿਰੀਖਣ (Judicial Review) ਦਾ ਅਧਿਕਾਰ ਵੀ ਦਿੱਤਾ ਗਿਆ ਹੈ। ਇਸ ਅਧਿਕਾਰ ਰਾਹੀਂ ਸੁਪਰੀਮ ਕੋਰਟ ਅਤੇ ਰਾਜਾਂ ਦੀਆਂ ਹਾਈਕੋਰਟਾਂ, ਸੰਸਦ ਜਾਂ ਰਾਜਾਂ ਦੇ ਵਿਧਾਨਮੰਡਲ ਦੁਆਰਾ ਪਾਸ ਕੀਤੇ ਕਿਸੇ ਵੀ ਕਨੂੰਨ ਨੂੰ ਗੈਰ-ਸੰਵਿਧਾਨਿਕ ਘੋਸ਼ਿਤ ਕਰਕੇ ਰੱਦ ਕਰ ਸਕਦੇ ਹਨ ਜੇਕਰ ਉਹ ਸੰਵਿਧਾਨ ਅਨੁਸਾਰ ਨਹੀਂ ਹੈ।

ਉਪਰੋਕਤ ਤੱਥਾਂ ਤੋਂ ਸਿੱਧ ਹੁੰਦਾ ਹੈ ਕਿ ਭਾਰਤ ਦਾ ਸੰਵਿਧਾਨ ਬਣਤਰ ਵਿੱਚ ਤਾਂ ਸੰਘੀ ਹੈ ਪਰ ਭਾਵਨਾ ਵਿੱਚ ਇਕਾਤਮਿਕ ਹੈ। (Federal in Structure but Unitary in Spirit.)

**4. ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ (Independent Judiciary):-** ਸੰਘਾਤਮਕ ਸ਼ਾਸਨ ਪ੍ਰਨਾਲ਼ੀ ਦੀ ਸਫ਼ਲਤਾ ਲਈ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਤੇ ਨਿਆਂ ਲਈ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਦਾ ਹੋਣਾ ਬਹੁਤ ਜ਼ਰੂਰੀ ਹੈ। ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਉਹ ਹੁੰਦੀ ਹੈ ਜਿਹੜੀ ਬਿਨਾਂ ਕਿਸੇ ਲਾਲਚ, ਡਰ, ਪ੍ਰਭਾਵ ਜਾਂ ਦਬਾਅ ਜਾਂ ਪੱਖਪਾਤ ਤੋਂ ਕਨੂੰਨ ਅਨੁਸਾਰ ਫ਼ੈਸਲੇ ਕਰਦੀ ਹੈ। ਸੁਤੰਤਰ ਨਿਆਂਪਾਲਿਕਾ ਕੇਂਦਰ ਦੇ ਰਾਜਾਂ ਦੇ ਆਪਸੀ ਝਗੜੇ ਜਾਂ ਨਾਗਰਿਕ ਅਤੇ ਰਾਜ ਵਿਚਕਾਰ ਹੋਣ ਵਾਲੇ ਝਗੜਿਆਂ ਦੇ ਫ਼ੈਸਲੇ ਸਰਕਾਰੀ ਸ਼ਕਤੀ ਤੋਂ ਬਿਨਾਂ ਪ੍ਰਭਾਵਿਤ ਹੋਏ ਕਰਦੀ ਹੈ। ਭਾਰਤੀ ਸੰਵਿਧਾਨ ਅਧੀਨ ਸੁਪਰੀਮ ਕੋਰਟ, ਹਾਈ ਕੋਰਟਾਂ ਅਤੇ ਕੁਝ ਅਧੀਨ ਕੋਰਟਾਂ ਦਾ ਪ੍ਰਬੰਧ ਕੀਤਾ ਗਿਆ ਹੈ ਜੋ ਅਜ਼ਾਦ ਅਤੇ ਨਿਰਪੱਖ ਹੋ ਕੇ ਫ਼ੈਸਲੇ ਕਰਦੀਆਂ ਹਨ। ਅਜਿਹਾ ਨਿਆਂਇਕ ਪ੍ਰਬੰਧ ਸੰਘਾਤਮਕ ਰਾਜ ਲਈ ਜ਼ਰੂਰੀ ਸ਼ਰਤ ਹੁੰਦੀ ਹੈ।

**5. ਸੰਸਦੀ ਸ਼ਾਸਨ ਪ੍ਰਣਾਲੀ (Parliamentary Form Government):-** ਭਾਰਤ ਵਿੱਚ ਸੰਸਦੀ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਅਜਿਹੀ ਪ੍ਰਨਾਲ਼ੀ ਵਿੱਚ ਕਾਰਜਪਾਲਿਕਾ ਦਾ ਮੁਖੀ (ਰਾਸ਼ਟਰਪਤੀ ਨਾਂ ਮਾਤਰ ਦਾ ਮੁੱਖੀ ਹੁੰਦਾ ਹੈ ਅਤੇ ਸ਼ਾਸਨ ਕਰਨ ਦੀ ਅਸਲੀ ਸ਼ਕਤੀ ਮੰਤਰੀ-ਮੰਡਲ ਪਾਸ ਹੁੰਦੀ ਹੈ ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਕਰਦੇ ਹਨ। ਮੰਤਰੀ-ਮੰਡਲ ਆਪਣੀਆਂ ਨੀਤੀਆਂ, ਕਾਰਜਾਂ ਅਤੇ ਫੈਸਲਿਆਂ ਲਈ ਸੰਸਦ ਦੇ ਹਰਮਨ ਪਿਆਰੇ, ਹੇਠਲੇ ਸਦਨ (ਲੋਕ ਸਭਾ) ਪ੍ਰਤੀ ਉਤਰਦਾਈ ਹੁੰਦਾ ਹੈ। ਇਸ ਪ੍ਰਕਾਰ ਸਰਕਾਰ ਅਪ੍ਰਤੱਖ ਤੋਰ ਤੇ ਜਨਤਾ ਪ੍ਰਤੀ ਉੱਤਰਦਾਈ ਹੁੰਦੀ ਹੈ। ਸੰਸਦੀ ਸਰਕਾਰ ਦਾ ਨਮੂਨਾ ਭਾਰਤ ਨੇ ਇੰਗਲੈਂਡ ਤੋਂ ਗ੍ਰਹਿਣ ਕੀਤਾ ਹੈ। ਵਰਤਮਾਨ ਸਮੇਂ ਵਿੱਚ ਸੰਸਦੀ ਸ਼ਾਸਨ ਪ੍ਰਨਾਲੀ ਜਾਪਾਨ, ਕੈਨੇਡਾ, ਆਸਟ੍ਰੇਲੀਆ, ਬੰਗਲਾ ਦੇਸ਼ ਆਦਿ ਦੇਸ਼ਾਂ ਵਿੱਚ ਵੀ ਚਲ ਰਹੀ ਹੈ।

**6. ਬਾਲਗ ਮੱਤ ਅਧਿਕਾਰ ਅਤੇ ਪ੍ਰਭੁੱਸਤਾ ਜਨਤਾ ਦੇ ਹੱਥ : (Sovereignity with the People and Adult Sufferage):-** ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਦਾ ਆਰੰਭ **'ਅਸੀਂ ਭਾਰਤ ਦੇ ਲੋਕ'** ਸ਼ਬਦਾਂ ਨਾਲ਼ ਹੁੰਦਾ ਹੈ ਜੋ ਇਸ ਗੱਲ ਦੇ ਸੂਚਕ ਹਨ ਕਿ ਇਹ ਸੰਵਿਧਾਨ ਭਾਰਤ ਦੇ ਲੋਕਾਂ ਨੇ ਦਿੱਤਾ ਹੈ। ਹਰੇਕ 18 ਸਾਲਾਂ ਦਾ ਭਾਰਤੀ ਨਾਗਰਿਕ ਬਿਨਾਂ ਕਿਸੇ ਭੇਦ ਭਾਵ ਤੋਂ ਵੋਟ ਪਾਉਣ ਦਾ ਅਧਿਕਾਰ ਰੱਖਦਾ ਹੈ। ਉਹ ਆਪਣੇ ਪ੍ਰਤਿਨਿਧ ਨਿਯਤਕਾਲ ਲਈ ਚੁਣਦਾ ਹੈ ਅਤੇ ਆਪਣੀ ਸਰਕਾਰ ਦੇ ਨਿਰਮਾਣ ਕਰਨ ਵਿੱਚ ਭਾਗ ਲੈਂਦਾ ਹੈ। ਇਹ ਪ੍ਰਤੀਨਿਧ ਦੇਸ਼ ਦੇ ਨਾਗਰਿਕਾਂ ਪ੍ਰਤੀ ਜ਼ਿੰਮੇਵਾਰ ਹੁੰਦੇ ਹਨ। ਇਨ੍ਹਾਂ ਤੱਥਾਂ ਤੋਂ ਸਪਸ਼ਟ ਹੁੰਦਾ ਹੈ ਕਿ ਅੰਤਿਮ ਰੂਪ ਵਿੱਚ ਪ੍ਰਭੁੱਸਤਾ ਲੋਕਾਂ ਦੇ ਹੱਥ ਹੈ, ਲੋਕ ਮਾਲਕ ਹਨ ਅਤੇ ਸਰਕਾਰ ਉਨ੍ਹਾਂ ਦੀ ਸੇਵਕ ਹੈ।

**7. ਮੌਲਿਕ ਅਧਿਕਾਰ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (Fundamental Rights and Directive Principles of the State Policy):-** ਸੰਵਿਧਾਨ ਦੇ ਤੀਜੇ ਅਧਿਆਇ ਵਿੱਚ ਮੌਲਿਕ ਅਧਿਕਾਰਾਂ ਅਤੇ ਚੌਥੇ ਅਧਿਆਇ ਵਿੱਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ ਵਰਨਣ ਕੀਤਾ ਗਿਆ ਹੈ। ਸਮਾਨਤਾ, ਸੁਤੰਤਰਤਾ, ਧਰਮ ਦੀ ਆਜ਼ਾਦੀ, ਸ਼ੋਸ਼ਣ ਦੇ ਵਿਰੁੱਧ ਅਧਿਕਾਰ, ਸਭਿਆਚਾਰਕ ਅਤੇ ਸਿੱਖਿਆ

ਸੰਬੰਧੀ ਅਧਿਕਾਰ, ਸੰਵਿਧਾਨਿਕ ਉਪਾਵਾਂ ਦੇ ਅਧਿਕਾਰਾਂ ਦਾ ਵਿਸਥਾਰ ਨਾਲ਼ ਵਰਨਣ ਕੀਤਾ ਗਿਆ ਹੈ। ਸੰਵਿਧਾਨ ਵਿਚ 86ਵੀਂ ਸੋਧ ਰਾਹੀਂ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਦੀ ਸਿੱਖਿਆ ਦਾ ਅਧਿਕਾਰ ਵੀ ਮੌਲਿਕ ਅਧਿਕਾਰਾਂ ਦੀ ਸ਼੍ਰੇਣੀ ਵਿੱਚ ਅਨੁਛੇਦ 21-ਏ ਅਧੀਨ ਦਰਜ ਕੀਤਾ ਗਿਆ ਹੈ। ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (ਸਮਾਜਵਾਦੀ, ਗਾਂਧੀਵਾਦੀ ਅਤੇ ਉਦਾਰਵਾਦੀ) ਭਾਰਤ ਵਿੱਚ ਸਮਾਜਿਕ ਅਤੇ ਆਰਥਿਕ ਲੋਕ-ਤੰਤਰ ਦੀ ਸਥਾਪਨਾ ਲਈ ਸੰਵਿਧਾਨ ਵਿੱਚ ਅੰਕਿਤ ਕੀਤੇ ਗਏ ਹਨ।

**8. ਨਾਗਰਿਕਾਂ ਦੇ ਮੌਲਿਕ ਕਰੱਤਵ (Fundamental duties of the Citizens):-** ਮੌਲਿਕ ਸੰਵਿਧਾਨ ਵਿੱਚ ਭਾਰਤੀ ਨਾਗਰਿਕਾਂ ਦੇ ਕਰੱਤਵਾਂ ਦਾ ਵਰਣਨ ਨਹੀਂ ਕੀਤਾ ਗਿਆ ਸੀ। ਸੰਵਿਧਾਨ ਦੀ 42ਵੀਂ ਸੋਧ 1976 ਰਾਹੀਂ ਸੰਵਿਧਾਨ ਵਿੱਚ ਇੱਕ ਨਵਾਂ ਭਾਗ IV-A ਦਰਜ ਕੀਤਾ ਗਿਆ ਅਤੇ 51A ਨੰਬਰ ਦੇ ਇਕ ਨਵੇਂ ਅਨੁਛੇਦ ਦੇ ਅਧੀਨ ਭਾਰਤੀ ਨਾਗਰਿਕਾਂ ਦੇ ਦੱਸ ਕਰਤੱਵ ਅੰਕਿਤ ਕੀਤੇ ਗਏ ਹਨ ਅਤੇ 86ਵੀਂ ਸੰਵਿਧਾਨਿਕ ਸੋਧ ਰਾਹੀਂ ਇੱਕ ਨਵਾਂ ਕਰਤੱਵ ਹੋਰ ਸ਼ਾਮਿਲ ਕੀਤਾ ਗਿਆ ਹੈ।

**9. ਰਾਸ਼ਟਰਪਤੀ ਦੀਆਂ ਸੰਕਟਕਾਲੀ ਸ਼ਕਤੀਆਂ (Emergency Powers of the President):-** ਭਾਰਤੀ ਸੰਵਿਧਾਨ ਅਧੀਨ ਰਾਸ਼ਟਰਪਤੀ ਨੂੰ ਤਿੰਨ ਪ੍ਰਕਾਰ ਦੀਆਂ ਸੰਕਟਕਾਲੀ ਸ਼ਕਤੀਆਂ ਸੌਂਪੀਆਂ ਗਈਆਂ ਹਨ- ਰਾਸ਼ਟਰੀ ਸੰਕਟਕਾਲੀ, ਰਾਜ ਦਾ ਸੰਵਿਧਾਨਿਕ ਸੰਕਟ ਅਤੇ ਵਿੱਤੀ ਸੰਕਟਕਾਲੀ ਸ਼ਕਤੀਆਂ। ਭਾਰਤ ਦੇ ਇਤਿਹਾਸਿਕ ਪਿੱਛੋਕੜ ਅਤੇ ਸਮਾਜ ਦੀ ਬਣਤਰ ਦੇ ਸੰਬੰਧ ਵਿੱਚ ਸੰਵਿਧਾਨ ਨਿਰਮਾਤਾਵਾਂ ਨੇ ਵੇਖਿਆ ਕਿ ਕਿਸੇ ਸਮੇਂ ਅਜਿਹੇ ਨਾਜ਼ੁਕ ਤੇ ਖਤਰਨਾਕ ਹਾਲਾਤ ਪੈਦਾ ਹੋ ਸਕਦੇ ਹਨ ਜਿਨ੍ਹਾਂ ਅਧੀਨ ਸਧਾਰਣ ਸਮੇਂ ਵਾਂਗ ਸਰਕਾਰ ਦਾ ਸਹੀ ਸੰਚਾਲਨ ਨਾ ਕੀਤਾ ਜਾ ਸਕੇ। ਅਜਿਹੀ ਔਖੀ ਸਥਿਤੀ ਨੂੰ ਨਜਿੱਠਣ ਲਈ ਰਾਸ਼ਟਰਪਤੀ ਨੂੰ ਸੰਕਟਕਾਲੀ ਸ਼ਕਤੀਆਂ ਦਿੱਤੀਆਂ ਗਈਆਂ ਹਨ। ਦੇਸ਼ 'ਤੇ ਹਮਲਾ ਹੋਣ ਜਾਂ ਹਮਲੇ ਦਾ ਡਰ ਹੋਣ ਜਾਂ ਹਥਿਆਰ-ਬੰਦ ਵਿਦਰੋਹ ਹੋਣ ਦੀ ਸਥਿਤੀ ਵਿੱਚ ਰਾਸ਼ਟਰਪਤੀ ਦੁਆਰਾ ਰਾਸ਼ਟਰੀ ਸੰਕਟ ਦੀ ਘੋਸ਼ਣਾ ਕੀਤੀ ਜਾ ਸਕਦੀ ਹੈ। ਅਜਿਹੇ ਸਮੇਂ ਨਾਗਰਿਕਾਂ ਦੇ ਅਧਿਕਾਰਾਂ ਨੂੰ ਸੀਮਿਤ ਕਰਕੇ ਸੰਘਾਤਮਕ ਸਰਕਾਰ ਨੂੰ ਇੱਕਾਤਮਕ ਵਿੱਚ ਬਦਲਿਆ ਜਾ ਸਕਦਾ ਹੈ। ਰਾਜ ਦੀ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋਣ ਦੀ ਅਵੱਸਥਾ ਵਿੱਚ ਰਾਜਾਂ ਦਾ ਸ਼ਾਸਨ ਪ੍ਰਬੰਧ ਰਾਸ਼ਟਰਪਤੀ ਦੇ ਆਦੇਸ਼ਾਂ ਅਨੁਸਾਰ ਚਲਾਇਆ ਜਾਂਦਾ ਹੈ ਅਤੇ ਰਾਜ ਸਰਕਾਰ ਭੰਗ ਕਰ ਦਿੱਤੀ ਜਾਂਦੀ ਹੈ। ਦੇਸ਼ 'ਤੇ ਵਿੱਤੀ ਸੰਕਟ ਆਉਣ ਜਾਂ ਵਿੱਤੀ ਸਥਿਤੀ ਖਰਾਬ ਹੋਣ ਦੀ ਅਵਸਥਾ ਵਿੱਚ ਰਾਸ਼ਟਰਪਤੀ ਵਿੱਤੀ ਸੁਧਾਰਾਂ ਲਈ ਲੋੜੀਂਦੇ ਕਦਮ ਚੁੱਕ ਸਕਦਾ ਹੈ ਅਤੇ ਦੇਸ਼ ਦੀ ਵਿੱਤੀ ਪ੍ਰਨਾਲੀ ਨੂੰ ਮਜ਼ਬੂਤ ਬਣਾ ਸਕਦਾ ਹੈ।

**10. ਵਿਲੱਖਣ ਵਿਸ਼ੇਸ਼ਤਾਵਾਂ (Unique Features):-** ਭਾਰਤੀ ਸੰਵਿਧਾਨ ਦੀਆਂ ਕੁਝ ਵਚਿੱਤਰ ਵਿਸ਼ੇਸ਼ਤਾਵਾਂ ਹਨ- ਇਕਹਿਰੀ ਨਾਗਰਿਕਤਾ ਦੇਣਾ, ਇਕਹਿਰੀ-ਨਿਆਂ ਪਾਲਿਕਾ ਦੀ ਵਿਵਸਥਾ ਕਰਨੀ, ਹਿੰਦੀ ਨੂੰ ਦੇਵ-ਨਾਗਰੀ ਲਿੱਪੀ ਵਿੱਚ ਕੇਂਦਰੀ ਸਰਕਾਰ ਦੀ ਭਾਸ਼ਾ ਪ੍ਰਵਾਨ ਕਰਨਾ ਅਤੇ ਬਾਕੀ 22 ਪ੍ਰਮੁੱਖ ਭਾਸ਼ਾਵਾਂ ਨੂੰ ਮਾਨਤਾ ਦੇਣੀ, ਦਲ-ਬਦਲੀ ਦੀ ਮਨਾਹੀ ਕਰਨੀ, ਛੂਤ-ਛਾਤ ਨੂੰ ਸਮਾਪਤ ਕਰਨਾ, ਕਠੋਰਤਾ ਅਤੇ ਲਚਕੀਲੇਪਨ ਦਾ ਮਿਸ਼ਰਣ ਕਰਨਾ, ਕਈ ਸ਼ਰਤਾਂ ਤੋਂ ਸੰਵਿਧਾਨ ਘੜਨਾ ਆਦਿ ਸਾਡੇ ਸੰਵਿਧਾਨ ਦੀਆਂ ਵਚਿੱਤਰ ਵਿਸ਼ੇਸ਼ਤਾਵਾਂ ਹਨ।

ਭਾਰਤ ਇਕ ਬਹੁਵਾਦੀ ਸਮਾਜ ਹੈ। ਇਸ ਵਿੱਚ ਅਨੇਕਾਂ ਧਰਮਾਂ ਨੂੰ ਮੰਨਣ ਵਾਲੇ, ਬੋਲੀਆਂ ਬੋਲਣ ਵਾਲੇ, ਭਿੰਨ-ਭਿੰਨ ਜਾਤੀਆਂ ਅਤੇ ਨਸਲਾਂ ਦੇ ਅਤੇ ਵੱਖ-ਵੱਖ ਸਭਿਆਚਾਰਾਂ ਵਾਲੇ ਲੋਕ ਰਹਿੰਦੇ ਹਨ। ਇਥੇ ਕਈ ਘਟ ਗਿਣਤੀਆਂ ਅਤੇ ਭਿੰਨ-ਭਿੰਨ ਵਰਗਾਂ ਦੇ ਲੋਕ ਰਹਿੰਦੇ ਹਨ। ਸੰਵਿਧਾਨ ਇਨ੍ਹਾਂ ਘਟ-ਗਿਣਤੀਆਂ ਦੇ ਲੋਕਾਂ ਅਤੇ ਵਰਗਾਂ ਨੂੰ ਆਪਣੀ ਹਸਤੀ ਬਣਾਏ ਰੱਖਣ ਅਤੇ ਵਿਕਾਸ ਕਰਨ ਦੇ ਸਮਾਨ ਮੌਕੇ ਪ੍ਰਦਾਨ ਕਰਨ ਦੀ ਗਾਰੰਟੀ ਦਿੰਦਾ ਹੈ। ਇਹ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਜ਼ਰੂਰੀ ਵੀ ਹੈ।

**ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰ (Fundamental Rights of Indian Citizens):-** ਭਾਰਤੀ ਸੰਵਿਧਾਨ ਦੇ ਤੀਸਰੇ ਭਾਗ ਵਿੱਚ ਅਨੁਛੇਦ 14 ਤੋਂ 32 ਤੱਕ ਨਾਗਰਿਕਾਂ ਦੇ ਮੌਲਿਕ ਅਧਿਕਾਰ ਦਿੱਤੇ

ਗਏ ਹਨ। ਇਹ ਮੌਲਿਕ ਅਧਿਕਾਰ ਸਭ ਨਾਗਰਿਕਾਂ ਲਈ ਸਮਾਨ ਹਨ। ਇਹਨਾਂ ਨੂੰ ਮੌਲਿਕ ਅਧਿਕਾਰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਸੰਵਿਧਾਨ ਵਿੱਚ ਦਰਜ ਕੀਤੇ ਗਏ ਹਨ। ਜਿੱਥੇ ਆਮ **ਸਧਾਰਨ ਅਧਿਕਾਰਾਂ ਨੂੰ ਸਧਾਰਨ ਕਨੂੰਨੀ ਪ੍ਰਕਿਰਿਆ ਦੁਆਰਾ ਬਦਲ ਸਕਦੇ ਹਾਂ ਉਥੇ ਮੌਲਿਕ ਅਧਿਕਾਰਾਂ ਵਿੱਚ ਐਨੀ ਅਸਾਨੀ ਨਾਲ ਤਬਦੀਲੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਹਨਾਂ ਦੇ ਪਿੱਛੇ ਕਨੂੰਨੀ ਸੰਵਿਧਾਨਿਕ ਗਾਰੰਟੀ ਹੁੰਦੀ ਹੈ।**

ਭਾਰਤੀ ਨਾਗਰਿਕਾਂ ਨੂੰ ਸੰਵਿਧਾਨ ਰਾਹੀਂ ਹੇਠ ਲਿਖੇ ਕਨੂੰਨੀ ਅਧਿਕਾਰ ਦਿੱਤੇ ਗਏ ਹਨ-

1. **ਸਮਾਨਤਾ ਦਾ ਅਧਿਕਾਰ (ਅਨੁਛੇਦ 14 ਤੋਂ 18)** ਸੰਵਿਧਾਨ ਨਿਰਮਾਤਾਵਾਂ ਨੇ ਸਮਾਨਤਾ ਦੇ ਅਧਿਕਾਰ ਨੂੰ ਇਸ ਲਈ ਪਹਿਲ ਦਿੱਤੀ ਕਿਉਂਕਿ ਉਸ ਸਮੇਂ ਭਾਰਤੀ ਸਮਾਜ ਵਿੱਚ ਭਿੰਨ-ਭਿੰਨ ਅਸਮਾਨਤਾਵਾਂ ਦੀ ਭਰਮਾਰ ਸੀ। ਇਸ ਲਈ, ਇਸ ਅਧਿਕਾਰ ਅਧੀਨ ਨਾਗਰਿਕਾਂ ਨੂੰ ਹੇਠ ਲਿਖੀਆਂ ਸਮਾਨਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ।

(ੳ) **ਕਨੂੰਨ ਦੇ ਸਾਹਮਣੇ ਸਮਾਨਤਾ** :- ਸਾਰੇ ਭਾਰਤੀ ਨਾਗਰਿਕ ਕਨੂੰਨ ਦੇ ਸਾਹਮਣੇ ਸਮਾਨ ਹਨ ਅਤੇ ਉਨ੍ਹਾਂ ਤੇ ਸਮਾਨ ਕਨੂੰਨ ਲਾਗੂ ਹੁੰਦੇ ਹਨ।

(ਅ) **ਵਿਤਕਰੇ ਦੀ ਮਨਾਹੀ** :- ਰਾਜ ਕਿਸੇ ਨਾਗਰਿਕ ਨਾਲ ਕੋਈ ਵਿਤਕਰਾ ਨਹੀਂ ਕਰਦਾ।

(ੲ) **ਮੌਕਿਆਂ ਦੀ ਸਮਾਨਤਾ** :- ਰਾਜ ਅਧੀਨ ਰੁਜ਼ਗਾਰ ਜਾਂ ਪਦਵੀਆਂ ਤੇ ਨਿਯੁੱਕਤੀ ਲਈ ਸਾਰੇ ਨਾਗਰਿਕਾਂ ਨੂੰ ਸਮਾਨ ਮੌਕੇ ਦਿੱਤੇ ਜਾਣਗੇ ਅਤੇ ਇਨ੍ਹਾਂ ਲਈ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ, ਨਸਲ, ਲਿੰਗ, ਵੰਸ਼, ਜਨਮ-ਸਥਾਨ ਜਾਂ ਨਿਵਾਸ-ਸਥਾਨ ਦੇ ਅਧਾਰ ਤੇ ਵਿੱਤਕਰਾ ਨਹੀਂ ਕੀਤਾ ਜਾਵੇਗਾ।

(ਸ) **ਛੂਤ-ਛਾਤ ਦੀ ਮਨਾਹੀ** :- ਸਦੀਆਂ ਤੋਂ ਚਲੀ ਆ ਰਹੀ ਛੂਤ-ਛਾਤ ਦੀ ਬਿਮਾਰੀ ਨੂੰ ਸਮਾਪਤ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਕਿਸੇ ਵੀ ਰੂਪ ਵਿੱਚ ਅਮਲ ਵਿੱਚ ਲਿਆਉਣਾ ਭਾਰਤੀ ਸੰਵਿਧਾਨ ਵੱਲੋਂ ਵਰਜਿਤ ਹੈ।

(ਹ) **ਉਪਾਧੀਆਂ ਜਾਂ ਖਿਤਾਬਾਂ ਦੀ ਸਮਾਪਤੀ** :- ਸੰਵਿਧਾਨ ਅਨੁਸਾਰ ਸੈਨਿਕ ਅਤੇ ਵਿੱਦਿਅਕ ਉਪਾਧੀਆਂ ਨੂੰ ਛੱਡ ਕੇ ਰਾਜ ਦੁਆਰਾ ਹੋਰ ਕੋਈ ਵੀ ਉਪਾਧੀ ਨਹੀਂ ਦਿੱਤੀ ਜਾਵੇਗੀ। ਭਾਰਤ ਦਾ ਨਾਗਰਿਕ ਕਿਸੇ ਵਿਦੇਸ਼ੀ ਰਾਜ ਤੋਂ ਉਪਾਧੀ ਪ੍ਰਾਪਤ ਨਹੀਂ ਕਰੇਗਾ।

2. **ਅਜ਼ਾਦੀ ਦਾ ਅਧਿਕਾਰ (ਅਨੁਛੇਦ 19 ਤੋਂ 22) ਸਮਾਨਤਾ ਤੋਂ ਬਾਅਦ ਸੰਵਿਧਾਨ ਰਚਨਹਾਰਿਆਂ ਨੇ ਸੁਤੰਤਰਤਾ ਦੇ ਅਧਿਕਾਰ ਨੂੰ ਮਹੱਤਵ ਦਿੱਤਾ ਹੈ। ਸੁਤੰਤਰਤਾ ਦਾ ਅਧਿਕਾਰ ਲੋਕਤੰਤਰ ਦਾ ਮੁੱਖ ਥੰਮ੍ਹ ਹੈ। ਸੰਵਿਧਾਨ ਦੇ 19ਵੇਂ** ਅਨੁਛੇਦ ਅਧੀਨ ਹੇਠ ਲਿਖੀਆਂ ਸੁਤੰਤਰਤਾਵਾਂ ਨਾਗਰਿਕ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ—

1. ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ।
2. ਹਥਿਆਰਾਂ ਤੋਂ ਬਿਨਾਂ ਸ਼ਾਂਤਮਈ ਰੂਪ ਵਿੱਚ ਇਕੱਤਰ ਹੋਣ ਦੀ ਅਜ਼ਾਦੀ।
3. ਸਮੂਹ ਜਾਂ ਸੰਘ ਸਥਾਪਿਤ ਕਰਨ ਦੀ ਅਜ਼ਾਦੀ।
4. ਸਮੁੱਚੇ ਭਾਰਤ ਵਿੱਚ ਤੁਰਨ-ਫਿਰਨ ਦੀ ਅਜ਼ਾਦੀ।
5. ਦੇਸ਼ ਦੇ ਕਿਸੇ ਭਾਗ ਵਿੱਚ ਰਹਿਣ ਦੀ ਤੇ ਨਿਵਾਸ ਅਸਥਾਨ ਬਣਾਉਣ ਦੀ ਸੁਤੰਤਰਤਾ।
6. ਕੋਈ ਵੀ ਕਾਰੋਬਾਰ ਕਰਨ ਦੀ ਅਜ਼ਾਦੀ।

3. **ਸ਼ੋਸ਼ਣ ਦੇ ਵਿਰੁੱਧ ਅਧਿਕਾਰ (ਅਨੁਛੇਦ 23 ਤੇ 24)** ਭਾਰਤੀ ਸੰਵਿਧਾਨ ਵਿੱਚ ਮਨੁੱਖ ਦਾ ਵਪਾਰ ਅਤੇ ਬਿਨਾਂ ਵੇਤਨ ਜਬਰੀਂ ਕੰਮ ਕਰਾਉਣ ਦੀ ਮਨਾਹੀ ਕੀਤੀ ਗਈ ਹੈ। ਇਸ ਦੀ ਉਲੰਘਣਾ ਕਰਨ ਵਾਲੇ ਨੂੰ ਕਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਕਾਰਖ਼ਾਨੇ ਵਿੱਚ ਕਿਸੇ ਅਜਿਹੇ ਕੰਮ 'ਤੇ ਨਹੀਂ ਲਗਾਇਆ ਜਾ ਸਕਦਾ ਜਿੱਥੇ ਉਹਨਾਂ ਦਾ ਵਿਕਾਸ ਰੁਕ ਜਾਵੇ।

**4. ਧਾਰਮਿਕ ਸੁਤੰਤਰਤਾ ਦਾ ਅਧਿਕਾਰ (ਅਨੁਛੇਦ 25 ਤੋਂ 28)** ਸੰਵਿਧਾਨ ਦੁਆਰਾ ਭਾਰਤ ਨੂੰ ਧਰਮ ਨਿਰਪੱਖ ਰਾਜ ਕਿਹਾ ਗਿਆ ਹੈ। ਧਰਮ ਨਿਰਪੱਖ ਰਾਜ ਉਹ ਹੁੰਦਾ ਹੈ ਜਿਥੇ ਕਿਸੇ ਇੱਕ ਧਰਮ ਨੂੰ ਪਹਿਲ ਨਹੀਂ ਦਿੱਤੀ ਜਾਂਦੀ ਸਗੋਂ ਸਾਰੇ ਧਰਮਾਂ ਦਾ ਇਕੋ ਜਿਹਾ ਸਤਿਕਾਰ ਕੀਤਾ ਜਾਂਦਾ ਹੈ। ਅਜਿਹਾ ਰਾਜ ਕਿਸੇ ਵੀ ਧਰਮ ਵਿੱਚ ਦਖ਼ਲ ਨਹੀਂ ਦਿੰਦਾ ਅਤੇ ਨਾ ਹੀ ਧਰਮ ਦੇ ਅਧਾਰ 'ਤੇ ਫੈਸਲੇ ਕਰਦਾ ਹੈ। ਹਰੇਕ ਨਾਗਰਿਕ ਨੂੰ ਕੋਈ ਵੀ ਧਰਮ ਅਪਨਾਉਣ, ਉਸ ਦਾ ਪ੍ਰਚਾਰ ਕਰਨ ਦੀ ਜਾਂ ਧਰਮ ਦੇ ਨਾਂ 'ਤੇ ਚੰਦਾ ਇਕੱਠਾ ਕਰਨ ਦੀ ਖੁੱਲ੍ਹ ਹੁੰਦੀ ਹੈ।

**5. ਵਿੱਦਿਅਕ ਅਤੇ ਸਭਿਆਚਾਰਕ ਅਧਿਕਾਰ (ਅਨੁਛੇਦ 29 ਤੇ 30)** ਭਾਰਤ ਇੱਕ ਬਹੁਧਰਮੀ, ਬਹੁ ਭਾਸ਼ਾਈ ਅਤੇ ਬਹੁ ਸਭਿਆਚਾਰਾਂ ਵਾਲੇ ਲੋਕਾਂ ਦਾ ਦੇਸ਼ ਹੈ। ਇਸ ਲਈ ਘੱਟ ਗਿਣਤੀ ਵਾਲੇ ਲੋਕਾਂ ਦੇ ਹਿੱਤਾਂ ਲਈ ਹੇਠ ਲਿਖੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ—

(ੳ) ਹਰੇਕ ਸੰਪਰਦਾਇ ਨੂੰ ਆਪਣੀ ਭਾਸ਼ਾ ਜਾਂ ਲਿਪੀ ਦੀ ਸੁਰੱਖਿਆ ਅਤੇ ਵਿਕਾਸ ਕਰਨ ਦਾ ਅਧਿਕਾਰ ਹੈ।

(ਅ) ਸਰਕਾਰੀ ਵਿਦਿਅਕ ਸੰਸਥਾਵਾਂ ਜਾ ਰਾਜ ਵੱਲੋਂ ਦਿੱਤੀ ਸਹਾਇਤਾ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਵਿੱਚ ਕਿਸੇ ਨੂੰ ਧਰਮ, ਭਾਸ਼ਾ ਜਾ ਜਾਤੀ ਦੇ ਅਧਾਰ ਤੇ ਦਾਖਲਾ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

(ੲ) ਧਰਮ ਦੇ ਅਧਾਰ 'ਤੇ ਘੱਟ ਗਿਣਤੀਆਂ ਨੂੰ ਆਪਣੀ ਇੱਛਾ ਅਨੁਸਾਰ ਵਿਦਿਅਕ ਸੰਸਥਾਵਾਂ ਸਥਾਪਤ ਕਰਨ ਦਾ ਅਧਿਕਾਰ ਹੈ।

**6. ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ (ਅਨੁਛੇਦ 32)** ਸੰਵਿਧਾਨ ਦੁਆਰਾ ਨਾਗਰਿਕਾਂ ਨੂੰ ਅਧਿਕਾਰ ਪ੍ਰਦਾਨ ਕਰਨੇ ਹੀ ਕਾਫ਼ੀ ਨਹੀਂ ਹਨ। ਇਹਨਾਂ ਅਧਿਕਾਰ ਦਾ ਸਤਿਕਾਰ ਕਰਨਾ ਅਤੇ ਲਾਗੂ ਕਰਵਾਉਣਾ ਵਧੇਰੇ ਮਹੱਤਵਪੂਰਨ ਹੈ। ਜੇਕਰ ਸਮੇਂ ਦੀ ਸਰਕਾਰ, ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ ਤਾਂ ਨਾਗਰਿਕਾਂ ਕੋਲ ਉਨ੍ਹਾਂ ਦੇ ਵਿਰੁੱਧ ਕਨੂੰਨੀ ਉਪਾਅ (Constitutional Remedies) ਹੋਣੇ ਚਾਹੀਦੇ ਹਨ। ਭਾਰਤੀ ਸੰਵਿਧਾਨ ਅਧੀਨ ਨਾਗਰਿਕਾਂ ਦੇ ਅਧਿਕਾਰਾਂ ਦੇ ਵਿਰੁੱਧ ਕੀਤੇ ਰਾਜ ਦੇ ਕਾਰਜਾਂ ਨੂੰ ਅਦਾਲਤਾਂ ਵਿੱਚ ਚੁਣੌਤੀ ਦਿੱਤੀ ਜਾ ਸਕਦੀ ਹੈ। ਭਾਰਤੀ ਨਾਗਰਿਕਾਂ ਦੇ ਇਸ ਅਧਿਕਾਰ ਨੂੰ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਕਿਹਾ ਗਿਆ ਹੈ। 86ਵੀਂ ਸੰਵਿਧਾਨਿਕ ਸੋਧ ਰਾਹੀਂ 6 ਤੋਂ 14 ਸਾਲ ਤੱਕ ਦੇ ਬੱਚਿਆਂ ਦੀ ਸਿਖਿਆ ਦੇ ਅਧਿਕਾਰ ਨੂੰ ਵੀ ਅਨੁਛੇਦ 21-A ਅਧੀਨ ਮੌਲਿਕ ਅਧਿਕਾਰਾਂ ਦੀ ਸ਼੍ਰੇਣੀ ਵਿੱਚ ਦਰਜ ਕਰ ਦਿੱਤਾ ਗਿਆ ਹੈ।

**ਸੰਵਿਧਾਨ ਦੁਆਰਾ ਦਿੱਤੇ ਗਏ ਇਹਨਾਂ ਮੌਲਿਕ ਅਧਿਕਾਰਾਂ ਬਾਰੇ ਕੁਝ ਲੋਕਾਂ ਦਾ ਵਿਚਾਰ ਹੈ ਕਿ ਇਹਨਾਂ ਅਧਿਕਾਰਾਂ ਤੇ ਸਰਕਾਰ ਨੂੰ ਜੋ ਬੰਦਸ਼ਾਂ ਲਗਾਉਣ ਦਾ ਅਧਿਕਾਰ ਸੌਂਪਿਆ ਹੈ ਉਸ ਨਾਲ ਇਹਨਾਂ ਦਾ ਮਹੱਤਵ ਬਹੁਤ ਘੱਟ ਹੋ ਗਿਆ ਹੈ।**

**ਭਾਰਤੀ ਨਾਗਰਿਕਾਂ ਦੇ ਕਰਤੱਵ (Fundamental Duties of Indian Citizens):-** ਅਧਿਕਾਰ ਅਤੇ ਕਰਤੱਵ ਇਕ ਹੀ ਸਿੱਕੇ ਦੇ ਦੋ ਪਾਸੇ ਹੁੰਦੇ ਹਨ। ਅਧਿਕਾਰ ਅਤੇ ਕਰਤੱਵ ਨਾਲ਼-ਨਾਲ਼ ਚਲਦੇ ਹਨ। ਅਧਿਕਾਰਾਂ ਦੀ ਹੋਂਦ ਲਈ ਕਰਤੱਵ ਜ਼ਰੂਰੀ ਹਨ। ਦੂਜੇ ਸ਼ਬਦਾਂ ਵਿੱਚ ਕਰਤੱਵਾਂ ਤੋਂ ਬਿਨਾਂ ਅਧਿਕਾਰ ਹੋਂਦ ਵਿੱਚ ਨਹੀਂ ਰਹਿ ਸਕਦੇ। ਇਸ ਲਈ ਬਹੁਤ ਸਾਰੇ ਦੇਸ਼ਾਂ ਨੇ ਆਪਣੇ ਨਾਗਰਿਕਾਂ ਦੇ ਅਧਿਕਾਰਾਂ ਨਾਲ ਸੰਵਿਧਾਨ ਵਿੱਚ ਉਨ੍ਹਾਂ ਦੇ ਮੂਲ ਕਰਤੱਵ ਵੀ ਅੰਕਿਤ ਕੀਤੇ ਹੋਏ ਹਨ। ਭਾਰਤ ਦੇ ਮੌਲਿਕ ਸੰਵਿਧਾਨ ਵਿੱਚ ਨਾਗਰਿਕਾਂ ਦੇ ਕਰਤੱਵਾਂ ਦੀ ਵਿਵਸਥਾ ਨਹੀਂ ਕੀਤੀ ਗਈ ਸੀ। 1976 ਵਿੱਚ 42ਵੀਂ ਸੰਵਿਧਾਨਿਕ ਸੋਧ ਦੁਆਰਾ ਨਵਾਂ ਭਾਗ IVA ਜੋੜ ਕੇ ਨਾਗਰਿਕਾਂ ਦੇ ਹੇਠ ਲਿਖੇ ਦੱਸ ਕਰਤੱਵ ਸੰਵਿਧਾਨ ਵਿੱਚ ਅੰਕਿਤ ਕੀਤੇ ਗਏ ਹਨ।

1. ਸੰਵਿਧਾਨ ਦੀ ਪਾਲਣਾ ਇਸ ਦੇ ਆਦਰਸ਼ਾ, ਸੰਸਥਾਵਾਂ, ਰਾਸ਼ਟਰੀ ਝੰਡੇ ਅਤੇ ਰਾਸ਼ਟਰੀ ਗੀਤ ਦਾ ਸਨਮਾਨ ਕਰਨਾ।

2. ਅਜ਼ਾਦੀ ਲਈ ਕੀਤੇ ਗਏ ਰਾਸ਼ਟਰੀ ਸੰਘਰਸ਼ ਨੂੰ ਉਤਸਾਹਿਤ ਕਰਨ ਵਾਲੇ ਆਦਰਸ਼ਾਂ ਦਾ ਸਨਮਾਨ ਤੇ ਪਾਲਣਾ ਕਰਨਾ।
3. ਭਾਰਤ ਦੀ ਪ੍ਰਭੂਸੱਤਾ, ਏਕਤਾ ਤੇ ਅਖੰਡਤਾਂ ਦਾ ਸਮਰਥਨ ਅਤੇ ਰੱਖਿਆ ਕਰਨੀ।
4. ਦੇਸ਼ ਦੀ ਰੱਖਿਆ ਅਤੇ ਲੋੜ ਪੈਣ ਤੇ ਰਾਸ਼ਟਰੀ ਸੇਵਾ ਕਰਨੀ।
5. ਧਾਰਮਿਕ, ਭਾਸ਼ਾਈ, ਖੇਤਰ ਜਾਂ ਵਰਗੀ ਭਿੰਨਤਾਵਾਂ ਤੋਂ ਉੱਤੇ ਉੱਠ ਕੇ ਭਾਰਤ ਦੇ ਸਾਰੇ ਲੋਕਾਂ ਵਿੱਚ ਮੇਲ-ਮਿਲਾਪ ਅਤੇ ਸਾਂਝੇ ਭਾਈਚਾਰੇ ਦੀ ਭਾਵਨਾ ਵਿਕਸਿਤ ਕਰਨਾ ਅਤੇ ਇਸਤਰੀਆਂ ਦੇ ਗੌਰਵ ਦੀ ਨਿਰਾਦਰੀ ਕਰਨ ਵਾਲੀਆਂ ਪ੍ਰਥਾਵਾਂ ਦਾ ਤਿਆਗ ਕਰਨਾ।
6. ਸਾਂਝੇ ਸਭਿਆਚਾਰ ਦੇ ਸ਼ਾਨਦਾਰ ਵਿਰਸੇ ਦਾ ਆਦਰ ਕਰਨਾ ਅਤੇ ਇਸ ਨੂੰ ਕਾਇਮ ਰੱਖਣਾ।
7. ਜੰਗਲਾਂ, ਝੀਲਾਂ, ਨਦੀਆਂ, ਜੰਗਲੀ ਜੀਵਨ ਅਤੇ ਕੁਦਰਤੀ ਵਾਤਾਵਰਨ ਦੀ ਰੱਖਿਆ ਕਰਨੀ ਅਤੇ ਜੀਵ-ਜੰਤੂਆਂ ਪ੍ਰਤੀ ਦਯਾ ਕਰਨੀ।
8. ਵਿਗਿਆਨਿਕ ਸਭਾ, ਮਾਨਵਤਾਵਾਦ, ਜਾਂਚ ਕਰਨ ਅਤੇ ਸੁਧਾਰ ਕਰਨ ਦੀ ਭਾਵਨਾ ਦਾ ਵਿਕਾਸ ਕਰਨਾ।
9. ਜਨਤਕ ਸੰਪਤੀ ਦੀ ਰੱਖਿਆ ਕਰਨਾ ਅਤੇ ਹਿੰਸਾ ਦਾ ਤਿਆਗ ਕਰਨਾ।
10. ਵਿਅਕਤੀਗਤ ਅਤੇ ਸਮੂਹਿਕ ਗਤੀਵਿਧੀਆਂ ਦੇ ਹਰੇਕ ਖੇਤਰ ਵਿੱਚ ਉਤਮਤਾ ਹਾਸਲ ਕਰਨਾ।
11. ਜੇ ਮਾਤਾ-ਪਿਤਾ ਜਾਂ ਸਰਪ੍ਰਸਤ ਹੈ, ਛੇ ਸਾਲ ਤੋਂ ਚੌਦਾਂ ਸਾਲ ਤੱਕ ਦੀ ਉਮਰ ਵਾਲੇ ਆਪਣੇ, ਜਿਹੋ ਜਿਹੀ ਵੀ ਸਥਿਤੀ ਹੋਵੇ, ਬਾਲਕ ਜਾਂ ਪ੍ਰਤੀਪਾਲਕ ਨੂੰ ਸਿੱਖਿਆ ਦੇ ਮੌਕੇ ਪ੍ਰਦਾਨ ਕਰੋ।

ਇਹਨਾਂ ਕਰਤੱਵਾਂ ਦੇ ਪਿੱਛੇ ਕਨੂੰਨੀ ਸ਼ਕਤੀ ਨਹੀਂ ਹੈ ਪਰ ਨੈਤਿਕ ਸ਼ਕਤੀ ਇਨ੍ਹਾਂ ਦਾ ਮੂਲ ਅਧਾਰ ਹੈ। ਕਰਤੱਵਾਂ ਦੇ ਖੇਤਰ ਵਿੱਚ ਨੈਤਿਕ ਸ਼ਕਤੀ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੁੰਦੀ ਹੈ। ਕਰਤੱਵਾਂ ਦੀ ਪਾਲਣਾ ਵਿਅਕਤੀ ਦੇ ਸੰਸਕਾਰਾਂ, ਉਸ ਦੀ ਜ਼ਿੰਮੇਵਾਰੀ ਦੀ ਭਾਵਨਾ ਅਤੇ ਆਤਮਾ 'ਤੇ ਨਿਰਭਰ ਕਰਦੀ ਹੈ।

## ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (Directive Principles of the State Policy)

ਸਰ ਬੀ.ਐਨ.ਰਾਓ ਦੇ ਸੁਝਾਅ ਅਨੁਸਾਰ ਅਤੇ ਆਇਰਲੈਂਡ ਦੇ ਸੰਵਿਧਾਨ ਤੋਂ ਪ੍ਰੇਰਿਤ ਹੋ ਕੇ, ਭਾਰਤੀ ਸੰਵਿਧਾਨ ਨਿਰਮਾਤਿਆਂ ਨੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਚੌਥੇ ਅਧਿਆਇ ਵਿੱਚ ਅੰਕਿਤ ਕੀਤੇ ਹਨ। ਇਨ੍ਹਾਂ ਸਿਧਾਤਾਂ ਦੁਆਰਾ ਸੰਵਿਧਾਨ ਨਿਰਮਾਤਾਵਾਂ ਨੇ ਭਵਿੱਖ ਵਿੱਚ ਆਉਣ ਵਾਲੀਆਂ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਕੁਝ ਵਡਮੁੱਲੇ ਨਿਰਦੇਸ਼ ਦਿੱਤੇ ਹਨ। ਇਨ੍ਹਾਂ ਸਿਧਾਂਤਾ ਦੇ ਆਧਾਰ 'ਤੇ ਕੇਂਦਰ ਤੇ ਰਾਜ ਸਰਕਾਰਾਂ ਨੂੰ ਆਪਣੀਆਂ ਨੀਤੀਆਂ, ਕਾਰਜਕ੍ਰਮ ਅਤੇ ਪ੍ਰੋਗਰਾਮ ਬਣਾਉਣ ਲਈ ਨਿਰਦੇਸ਼ ਦਿੱਤਾ ਗਿਆ ਹੈ।

ਜੇਕਰ ਭਾਰਤ ਵਿੱਚ ਰਾਜਨੀਤਿਕ ਲੋਕ-ਤੰਤਰ ਦੀ ਸਥਾਪਨਾ ਦੇ ਮੰਤਵ ਨਾਲ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ ਤਾਂ ਸਮਾਜਿਕ ਅਤੇ ਆਰਥਿਕ ਲੋਕ-ਤੰਤਰ ਦੀ ਸਥਾਪਨਾ ਕਰਨ ਦੇ ਉਦੇਸ਼ ਨਾਲ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਸੰਵਿਧਾਨ ਵਿੱਚ ਦਰਜ ਕੀਤੇ ਗਏ ਹਨ।

ਸੰਵਿਧਾਨ ਨਿਰਮਾਤਾ ਕਿਤੇ ਇਕ ਵਿਸ਼ੇਸ਼ ਵਿਚਾਰਧਾਰਾ ਨਾਲ ਬੱਝੇ ਹੋਏ ਨਹੀਂ ਸਨ। ਉਨ੍ਹਾਂ ਦੀ ਸੋਚ ਤੇ ਵਿਚਾਰ ਸਮਾਜਵਾਦੀ, ਉਦਾਰਵਾਦੀ ਅਤੇ ਗਾਂਧੀਵਾਦੀ ਵਿਚਾਰ ਧਾਰਾਵਾਂ ਤੋਂ ਪ੍ਰਭਾਵਿਤ ਸੀ। ਉਨ੍ਹਾਂ ਨੇ ਭਾਰਤ ਵਾਸੀਆਂ ਦੇ ਕਲਿਆਣ ਨੂੰ ਮੁੱਖ ਰੱਖਦੇ ਹੋਏ ਹਰ ਸੰਭਵ ਵਿਚਾਰਧਾਰਾ ਦਾ ਪ੍ਰਯੋਗ ਕੀਤਾ ਹੈ।

ਸਮਾਜਵਾਦੀ ਸਿਧਾਂਤ—

1. ਰਾਜ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਅਜਿਹੇ ਸਮਾਜ ਦੀ ਸਥਾਪਨਾ ਕੀਤੀ ਜਾਵੇ ਜਿਸ ਦਾ ਉਦੇਸ਼ ਜਨਤਕ ਭਲਾਈ ਹੋਵੇ ਅਤੇ ਕੌਮੀ ਜੀਵਨ ਦੇ ਹਰੇਕ ਖੇਤਰ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਮਿਲੇ।

2. ਸਮਾਜ ਵਿੱਚ ਹਰੇਕ ਨਾਗਰਿਕ ਨੂੰ ਆਪਣੀ ਰੋਜ਼ੀ ਕਮਾਉਣ ਦਾ ਅਧਿਕਾਰ ਪ੍ਰਾਪਤ ਹੋਵੇ।
3. ਦੇਸ਼ ਦੇ ਭੌਤਿਕ ਸਾਧਨਾਂ ਦੀ ਵੰਡ ਅਜਿਹੀ ਹੋਵੇ ਜਿਸ ਨਾਲ ਵੱਧ ਤੋਂ ਵੱਧ ਜਨ ਕਲਿਆਣ ਹੋ ਸਕੇ।
4. ਆਰਥਿਕ ਢਾਂਚਾ ਇਸ ਤਰ੍ਹਾਂ ਦਾ ਹੋਵੇ ਕਿ ਧਨ ਅਤੇ ਉੱਪਜ ਦੇ ਸਾਧਨ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥਾਂ ਵਿੱਚ ਕੇਂਦਰਿਤ ਨਾ ਹੋ ਜਾਣ।
5. ਇਸਤਰੀਆਂ ਅਤੇ ਪੁਰਸ਼ਾਂ ਨੂੰ ਇਕੋ ਜਿਹੇ ਕੰਮ ਲਈ ਇਕੋ ਜਿਹੀ ਤਨਖਾਹ ਮਿਲੇ।
6. ਬਿਮਾਰੀ, ਬੇਕਾਰੀ, ਬੁਢਾਪਾ ਤੇ ਅੰਗਹੀਣ ਹੋਣ ਦੀ ਅਵੱਸਥਾ ਵਿੱਚ ਰਾਜ ਆਪਣੀ ਸ਼ਕਤੀ ਅਨੁਸਾਰ ਨਾਗਰਿਕਾਂ ਦੀ ਸਹਾਇਤਾ ਕਰੇ।
7. ਰਾਜ ਹਰੇਕ ਸ਼੍ਰੇਣੀ ਦੇ ਮਜ਼ਦੂਰਾ ਲਈ ਚੰਗੀ ਤਨਖ਼ਾਹ, ਚੰਗਾ ਜੀਵਨ ਪੱਧਰ ਅਤੇ ਲੋੜੀਂਦੀਆਂ ਛੁੱਟੀਆਂ ਦਾ ਪ੍ਰਬੰਧ ਕਰੇ।
8. 6-14 ਸਾਲ ਦੇ ਬੱਚਿਆਂ ਲਈ ਲਾਜ਼ਮੀ ਤੇ ਮੁਫ਼ਤ ਵਿੱਦਿਆ ਦਾ ਪ੍ਰਬੰਧ ਕਰੇ।
9. ਰਾਜ ਆਮਦਨ ਦੀਆਂ ਅਸਮਾਨਤਾਵਾਂ ਘੱਟ ਕਰਨ ਦਾ ਯਤਨ ਕਰੇ।

**ਗਾਂਧੀਵਾਦੀ ਸਿਧਾਂਤ**— ਸੰਵਿਧਾਨ ਨਿਰਮਾਤਾ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੇ ਆਦਰਸ਼ ਰਾਜ ਜਾਂ ਰਾਮ ਰਾਜ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ। ਗਾਂਧੀ ਜੀ ਨੇ ਜਿਸ ਨਵੇਂ ਸਮਾਜ ਦੀ ਸਥਾਪਨਾ ਕਰਨ ਦਾ ਸੁਪਨਾ ਲਿਆ ਸੀ ਉਸ ਦੀ ਸਾਨੂੰ ਇਕ ਛੋਟੀ ਝਲਕ ਹੇਠ ਲਿਖੇ ਗਏ ਸਿਧਾਤਾਂ ਵਿੱਚ ਮਿਲਦੀ ਹੈ-

1. ਰਾਜ ਨੂੰ ਪਿੰਡਾਂ ਵਿੱਚ ਪੰਚਾਇਤਾਂ ਸਥਾਪਿਤ ਕਰਕੇ ਉਨ੍ਹਾਂ ਨੂੰ ਅਜਿਹੀਆਂ ਸ਼ਕਤੀਆਂ ਦੇਣੀਆਂ ਚਾਹੀਦੀਆਂ ਹਨ ਜਿਸ ਨਾਲ ਉਹ ਇਕ ਸਵਰਾਜ ਦੀ ਇਕਾਈ ਦੇ ਰੂਪ ਵਿੱਚ ਕੰਮ ਕਰ ਸਕਣ।
2. ਰਾਜ ਪਿੰਡਾਂ ਵਿੱਚ ਨਿੱਜੀ ਸਹਿਕਾਰੀ ਘਰੇਲੂ ਉਦਯੋਗਾਂ ਨੂੰ ਉਤਸ਼ਾਹ ਦੇਵੇ।
3. ਰਾਜ ਕਮਜ਼ੋਰ ਵਰਗਾਂ ਨੂੰ ਵਿਸ਼ੇਸ਼ ਕਰਕੇ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਕਬੀਲਿਆਂ ਨੂੰ ਵਿੱਦਿਅਕ ਸਹੂਲਤਾਂ ਪ੍ਰਦਾਨ ਕਰੇ।
4. ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਕਬੀਲਿਆਂ ਨੂੰ ਸਮਾਜਿਕ ਅਨਿਆਂ ਅਤੇ ਹਰ ਪ੍ਰਕਾਰ ਦੀ ਲੁਟ-ਖਸੁੱਟ ਤੋਂ ਬਚਾਵੇ।
5. ਰਾਜ ਸ਼ਰਾਬ ਅਤੇ ਹੋਰ ਨਸ਼ੀਲੀਆਂ ਵਸਤਾਂ ਉੱਤੇ ਜੋ ਸਿਹਤ ਲਈ ਹਾਨੀਕਾਰਕ ਹਨ ਤੇ ਪਾਬੰਦੀ ਲਗਾਉਣ ਦਾ ਯਤਨ ਕਰੇ।
6. ਰਾਜ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁਕਣ ਅਤੇ ਸਿਹਤ ਸੁਧਾਰਨ ਨੂੰ ਆਪਣਾ ਲਾਜ਼ਮੀ ਕਰਤੱਵ ਸਮਝੇ।

**ਉਦਾਰਵਾਦੀ ਅਤੇ ਆਮ ਸਿਧਾਂਤ**—

1. ਰਾਜ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਸਮੁੱਚੇ ਭਾਰਤ ਵਿੱਚ ਇੱਕ ਸਮਾਨ ਅਸੈਨਿਕ ਵਿਹਾਰ ਨਿਯਮ (Uniform Civil Code) ਲਾਗੂ ਕਰਨ ਦਾ ਯਤਨ ਕਰੇ।
2. ਰਾਜ ਨਿਆਂਪਾਲਿਕਾ ਅਤੇ ਕਾਰਜਪਾਲਿਕਾ ਨੂੰ ਵੱਖ ਕਰਨ ਲਈ ਯੋਗ ਕਾਰਵਾਈ ਕਰੇ।
3. ਰਾਜ ਆਧੁਨਿਕ ਵਿਗਿਆਨਿਕ ਅਧਾਰ 'ਤੇ ਖੇਤੀਬਾੜੀ ਦਾ ਪ੍ਰਬੰਧ ਕਰੇ।
4. ਰਾਜ ਪਸ਼ੂ ਪਾਲਣ ਵਿੱਚ ਸੁਧਾਰ ਅਤੇ ਪਸ਼ੂਆਂ ਦੀ ਨਸ਼ਲ ਦੀ ਨਸ਼ਲ ਸੁਧਾਰਨ ਦਾ ਯਤਨ ਕਰੇ।
5. ਰਾਜ ਗਊਆਂ, ਵੱਛਿਆਂ ਅਤੇ ਦੁੱਧ ਦੇਣ ਵਾਲੇ ਪਸ਼ੂਆਂ ਦੀ ਨਸਲ ਸੁਧਾਰਨ ਦਾ ਯਤਨ ਕਰੇ।
6. ਰਾਜ ਵਾਤਾਵਰਨ ਦੀ ਰੱਖਿਆ ਤੇ ਸੁਧਾਰ ਲਈ ਦੇਸ਼ ਦੇ ਜੰਗਲੀ ਜੀਵਨ ਦੀ ਰੱਖਿਆ ਲਈ ਯਤਨ ਕਰੇ।

7. ਦੇਸ਼ ਵਿੱਚ ਸਥਿਤ ਇਤਿਹਾਸਿਕ ਅਤੇ ਕਲਾਤਮਕ ਰੁੱਚੀ ਦੇ ਸਥਾਨਾਂ ਜਾਂ ਵਸਤੂਆਂ ਨੂੰ ਨਸ਼ਟ ਹੋਣ ਤੋਂ ਬਚਾਅ ਕਰੇ।

ਕੁਝ ਅਲੋਚਕਾਂ ਦੁਆਰਾ ਨਿਰਦੇਸ਼ਕ ਸਿਧਾਂਤਾਂ ਨੂੰ ਥੋਥੇ ਵਾਇਦੇ ਅਤੇ ਪਵਿੱਤਰ ਐਲਾਨ ਦੱਸਿਆ ਗਿਆ ਹੈ। ਬਹੁਤ ਸਾਰੇ ਸਿਧਾਂਤ ਨਾ ਤਾਂ ਤਰਕਪੂਰਨ ਹਨ ਅਤੇ ਨਾ ਹੀ ਅਮਲ ਯੋਗ ਹਨ। ਆਲੋਚਨਾ ਦੇ ਬਾਵਜੂਦ ਇਨ੍ਹਾਂ ਨਿਰਦੇਸ਼ਕ ਸਿਧਾਂਤਾਂ ਨੂੰ ਬਿਲਕੁਲ ਵਿਅਰਥ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਵਿੱਚ ਬਹੁਤ ਸਾਰੇ ਮੌਲਿਕ ਸਿਧਾਂਤ ਹਨ ਜੋ ਅਦਾਲਤਾਂ ਲਈ ਰਾਹ ਦਰਸਾਊ ਅਤੇ ਸਰਕਾਰ ਲਈ ਕੱਲਿਆਣਕਾਰੀ ਰਾਜ ਦੀ ਸਥਾਪਨਾ ਲਈ ਚਾਨਣ-ਮੁਨਾਰਾ ਬਣ ਕੇ ਅਗਵਾਈ ਕਰ ਸਕਦੇ ਹਨ। ਲੋਕਾਂ ਲਈ ਇਹ ਸਿਧਾਂਤ ਸਰਕਾਰ ਦੀ ਕਾਰ-ਗੁਜਾਰੀ ਜਾਂ ਪ੍ਰਾਪਤੀਆ ਨੂੰ ਪਰਖਣ ਦੀ ਕਸਵੱਟੀ ਦਾ ਕੰਮ ਕਰਦੇ ਹਨ ਜਿਹੜੀ ਸਰਕਾਰ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾਂ ਨਹੀਂ ਕਰਦੀ, ਲੋਕ ਚੋਣਾਂ ਸਮੇਂ ਅਜਿਹੀ ਸਰਕਾਰ ਨੂੰ ਹਰਾ ਕੇ ਕਰੜਾ ਸਬਕ ਸਿਖਾਉਂਦੇ ਹਨ।

**ਮੌਲਿਕ ਅਧਿਕਾਰਾਂ ਅਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਅੰਤਰ**

ਸੰਵਿਧਾਨ ਦੇ ਤੀਜੇ ਅਤੇ ਚੌਥੇ ਅਧਿਆਇਆਂ ਵਿੱਚ ਨਾਗਰਿਕ ਦੇ ਮਹੱਤਵਪੂਰਨ ਮੌਲਿਕ ਅਧਿਕਾਰ ਤੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਅੰਕਿਤ ਕੀਤੇ ਗਏ ਹਨ। ਇਨ੍ਹਾਂ ਦੋਹਾਂ ਵਿੱਚ ਕੁਝ ਮੂਲ ਅੰਤਰ ਹਨ—

1. ਮੌਲਿਕ ਅਧਿਕਾਰ ਨਿਆਂ ਯੋਗ ਹਨ, ਪਰ ਨਿਰਦੇਸ਼ਕ ਸਿਧਾਂਤ ਨਿਆਂਯੋਗ ਨਹੀਂ ਸਨ। ਇਸ ਦੀ ਨੀਤੀ ਨਿਰਦੇਸ਼ਕ ਸਿਧਾਂਤ ਤੋਂ ਭਾਵ ਹੈ ਕਿ ਮੌਲਿਕ ਅਧਿਕਾਰਾਂ ਦੀ ਤਰ੍ਹਾਂ ਸਰਕਾਰ ਨੂੰ ਨਿਰਦੇਸ਼ਕ ਸਿਧਾਂਤਾਂ ਦੀ ਪਾਲਨਾ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ। ਉਦਾਹਰਣ ਲਈ ਜੇਕਰ ਕੋਈ ਨਾਗਰਿਕ ਬੇਰੁਜ਼ਗਾਰ ਹੈ ਤਾਂ ਉਹ ਰਾਜ ਨੂੰ ਨਿਰਦੇਸ਼ਕ ਸਿਧਾਂਤਾਂ ਦੀ ਪਾਲਣਾ ਅਧੀਨ ਕੰਮ ਦੇਣ ਲਈ ਅਦਾਲਤ ਦੁਆਰਾ ਮਜ਼ਬੂਰ ਨਹੀਂ ਕਰ ਸਕਦਾ। ਜਦ ਕਿ ਸਰਕਾਰ ਨੂੰ ਅਦਾਲਤਾਂ ਦੇ ਮੌਲਿਕ ਅਧਿਕਾਰਾਂ ਸੰਬੰਧੀ ਨਿਰਦੇਸ਼ ਜਾਂ ਹੁਕਮ ਮੰਨਣੇ ਪੈਂਦੇ ਹਨ।
2. ਮੌਲਿਕ ਅਧਿਕਾਰ ਨਿੱਖੇਧ-ਆਤਮਕ ਅਤੇ ਨਿਰਦੇਸ਼ਕ ਸਿਧਾਂਤ ਨਿਸ਼ਚਾਤਮਕ ਸਰੂਪ ਦੇ ਹਨ। ਨਿਖੇਧ-ਆਤਮਕ ਦਾ ਭਾਵ ਹੈ ਕਿ ਰਾਜ ਦੀਆਂ ਸ਼ਕਤੀਆਂ 'ਤੇ ਪਾਬੰਦੀ ਲਗਾਉਂਦੇ ਹਨ। ਨਿਸ਼ਚਾਤਮਕ ਦਾ ਭਾਵ ਹੈ ਕਿ ਕੋਈ ਨਿਸ਼ਚਿਤ ਕੰਮ ਕਰਨ ਦੀ ਪ੍ਰੇਰਨਾ ਦਿੰਦੇ ਹਨ।
3. ਕੁਝ ਨਿਰਦੇਸ਼ਕ ਸਿਧਾਂਤ ਮੌਲਿਕ ਅਧਿਕਾਰਾਂ ਤੋਂ ਸ਼੍ਰੇਸ਼ਟ ਹਨ ਕਿਉਂਕਿ ਉਹ ਵਿਅਕਤੀ ਦੀ ਥਾਂ ਸਮੁੱਚੇ ਸਮਾਜ 'ਤੇ ਸਰਬੱਤ ਦੇ ਭਲੇ ਲਈ ਹਨ।
4. ਜੇ ਮੌਲਿਕ ਅਧਿਕਾਰਾਂ ਦਾ ਮੰਤਵ ਭਾਰਤ ਵਿੱਚ ਰਾਜਨੀਤਿਕ ਲੋਕ-ਤੰਤਰ ਦੀ ਸਥਾਪਨਾ ਕਰਨਾ ਹੈ ਤਾਂ ਨਿਰਦੇਸ਼ਕ ਸਿਧਾਤਾਂ ਦਾ ਨਿਸ਼ਾਨਾ ਸਮਾਜਿਕ ਅਤੇ ਆਰਥਿਕ ਲੋਕ-ਤੰਤਰ ਦੀ ਸਥਾਪਨਾ ਕਰਦਾ ਹੈ। ਸਾਡੇ ਵਿਚਾਰ ਅਨੁਸਾਰ ਇਨ੍ਹਾਂ ਦੋਹਾਂ ਦੇ ਮਿਲਾਪ ਨਾਲ ਹੀ ਭਾਰਤ ਵਿੱਚ ਸੱਚੇ ਲੋਕ-ਤੰਤਰ ਦੀ ਸਥਾਪਨਾ ਕੀਤੀ ਜਾ ਸਕਦੀ ਹੈ।

## ਅਭਿਆਸ

(ੳ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1–15 ਸ਼ਬਦਾਂ ਵਿੱਚ ਦਿਓ—

1. ਸੰਵਿਧਾਨ ਤੋਂ ਤੁਹਾਡਾ ਕੀ ਭਾਵ ਹੈ?
2. ਪ੍ਰਸਤਾਵਨਾ ਕਿਨ੍ਹਾਂ ਸ਼ਬਦਾਂ ਨਾਲ ਆਰੰਭ ਹੁੰਦੀ ਹੈ?
3. ਭਾਰਤੀ ਸੰਵਿਧਾਨ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਦੱਸੋ?
4. ਸੰਘਾਤਮਕ ਸੰਵਿਧਾਨ ਦੀ ਇੱਕ ਵਿਸ਼ੇਸ਼ਤਾ ਦੱਸੋ।
5. ਭਾਰਤੀ ਨਾਗਰਿਕਾਂ ਦੇ ਕੋਈ ਇੱਕ ਮੌਲਿਕ ਅਧਿਕਾਰ ਲਿਖੋ?
6. ਭਾਰਤੀ ਨਾਗਰਿਕਾਂ ਦਾ ਕੋਈ ਇੱਕ ਮੌਲਿਕ ਫਰਜ਼ ਦੱਸੋ।

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1. ਭਾਰਤ ਇਕ ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਹੈ। ਵਿਆਖਿਆ ਕਰੋ।
2. ਪ੍ਰਸਤਾਵਨਾ ਵਿੱਚ ਦਰਸਾਏ ਉਦੇਸ਼ਾਂ ਦਾ ਸੰਖੇਪ ਵਰਨਣ ਕਰੋ।
3. ਹੇਠ ਲਿਖੇ ਅਧਿਕਾਰਾਂ ਵਿੱਚੋਂ ਕਿਸੇ ਇਕ ਦੀ ਸੰਖੇਪ ਵਿਆਖਿਆ ਕਰੋ—
   (ੳ) ਸਮਾਨਤਾ ਦਾ ਅਧਿਕਾਰ
   (ਅ) ਸੁਤੰਤਰਤਾ ਦਾ ਅਧਿਕਾਰ
   (ੲ) ਸ਼ੋਸ਼ਣ ਦੇ ਵਿਰੁੱਧ ਅਧਿਕਾਰ
   (ਸ) ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ
4. ਹੇਠ ਲਿਖੇ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚੋਂ ਕਿਸੇ ਇਕ ਦੀ ਸੰਖੇਪ ਵਿਆਖਿਆ ਕਰੋ—
   (ੳ) ਸਮਾਜਵਾਦੀ
   (ਅ) ਗਾਂਧੀਵਾਦੀ
   (ੲ) ਉਦਾਰਵਾਦੀ
5. ਮੌਲਿਕ ਅਧਿਕਾਰਾਂ ਅਤੇ ਰਾਜਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿੱਚ ਮੂਲ ਭੇਦ ਦੱਸੋ।
6. ਭਾਰਤੀ ਨਾਗਰਿਕਾਂ ਦੇ ਫ਼ਰਜਾਂ ਨੂੰ ਕਿਉਂ ਅਤੇ ਕਦੋਂ ਸੰਵਿਧਾਨ ਵਿੱਚ ਸ਼ਾਮਿਲ ਕੀਤਾ ਗਿਆ ਹੈ?
7. ਭਾਰਤੀ ਸੰਵਿਧਾਨ ਦੀ ਵਿਸ਼ਾਲਤਾ ਦੇ ਕੋਈ ਦੋ ਕਾਰਨਾਂ ਦਾ ਸੰਖੇਪ ਵਰਨਣ ਕਰੋ।
8. ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾ ਦਾ ਕੀ ਮਹੱਤਵ ਹੈ।
9. ਸ਼ੋਸ਼ਣ ਦੇ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।

*****

# ਪਾਠ-11

# ਕੇਂਦਰੀ ਸਰਕਾਰ

# (CENTRAL GOVERNMENT)

ਸੰਵਿਧਾਨ ਅਧੀਨ ਭਾਰਤ ਵਿੱਚ ਸੰਸਦੀ ਲੋਕਤੰਤਰੀ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਭਾਰਤ ਦੀ ਕੇਂਦਰੀ ਸਰਕਾਰ ਦੇ ਤਿੰਨ ਮੁੱਖ ਅੰਗ ਹਨ, ਕੇਂਦਰੀ ਵਿਧਾਨਪਾਲਿਕਾ ਸੰਸਦ (ਲੋਕ ਸਭਾ ਤੇ ਰਾਜ ਸਭਾ) ਕਾਰਜਪਾਲਿਕਾ (ਰਾਸ਼ਟਰਪਤੀ, ਪ੍ਰਧਾਨ-ਮੰਤਰੀ ਤੇ ਮੰਤਰੀ ਪਰਿਸ਼ਦ) ਅਤੇ ਨਿਆਂਪਾਲਿਕਾ (ਸੁਪਰੀਮ ਕੋਰਟ) **ਭਾਰਤ ਵਿੱਚ ਮੰਤਰੀ ਪਰਿਸ਼ਦ (ਕਾਰਜਪਾਲਿਕਾ) ਲੋਕ ਸਭਾ ਪ੍ਰਤੀ ਆਪਣੀਆਂ ਨੀਤੀਆਂ, ਕੰਮਾਂ ਅਤੇ ਕਾਰਜਕ੍ਰਮਾਂ ਲਈ ਜ਼ਿੰਮੇਵਾਰ ਹੈ। ਦੇਸ਼ ਦਾ ਪ੍ਰਧਾਨ ਰਾਸ਼ਟਰਪਤੀ, ਦੇਸ਼ ਦਾ ਨਾਂ ਮਾਤਰ ਕਾਰਜਪਾਲਿਕਾ ਮੁੱਖੀ ਹੈ ਪਰੰਤੂ ਅਸਲੀ ਕਾਰਜਪਾਲਿਕ ਸ਼ਕਤੀਆਂ ਪ੍ਰਧਾਨ-ਮੰਤਰੀ ਸਹਿਤ ਮੰਤਰੀ ਪਰਿਸ਼ਦ ਪਾਸ ਹੁੰਦੀਆਂ ਹਨ।**

**ਅਸੀਂ ਇਸ ਅਧਿਆਇ ਵਿੱਚ ਕੇਂਦਰੀ ਸਰਕਾਰ ਦੇ ਤਿੰਨਾਂ ਅੰਗਾਂ ਦੀ ਬਣਤਰ ਤੇ ਸ਼ਕਤੀਆਂ ਦਾ ਅਧਿਐਨ ਕਰਾਂਗੇ।**

## ਸੰਘੀ ਵਿਧਾਨਪਾਲਿਕਾ (ਸੰਸਦ)

## (Parliament)

### ਸੰਸਦ ਦਾ ਸੰਗਠਨ

ਭਾਰਤੀ ਸੰਸਦ ਦੇ ਦੋ ਸਦਨ ਹਨ— ਲੋਕ ਸਭਾ ਅਤੇ ਰਾਜ ਸਭਾ। ਲੋਕ ਸਭਾ ਨੂੰ ਹੇਠਲਾ ਅਤੇ ਰਾਜ ਸਭਾ ਨੂੰ ਉੱਪਰਲਾ ਸਦਨ ਕਿਹਾ ਜਾਂਦਾ ਹੈ।

## ਲੋਕ ਸਭਾ

## (Lok Sabha)

ਲੋਕ ਸਭਾ ਦੇ ਮੈਂਬਰ ਬਣਨ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ—

1. ਉਹ ਭਾਰਤ ਦਾ ਨਾਗਰਿਕ ਹੋਵੇ।
2. 25 ਸਾਲ ਜਾਂ ਵੱਧ ਉਮਰ ਦਾ ਹੋਵੇ।
3. ਸਰਕਾਰੀ ਅਹੁਦੇ 'ਤੇ ਨਾ ਤਾਇਨਾਤ ਹੋਵੇ।
4. ਨਾਗਰਿਕਤਾ ਤੋਂ ਵਾਂਝਿਆਂ ਨਾ ਕੀਤਾ ਗਿਆ ਹੋਵੇ।
5. ਪਾਗਲ ਜਾਂ ਦਿਵਾਲੀਆ ਨਾ ਹੋਵੇ ਜਾਂ ਅਦਾਲਤ ਦੁਆਰਾ ਇਸ ਪਦਵੀ ਲਈ ਅਯੋਗ ਕਰਾਰ ਨਾ ਦਿੱਤਾ ਗਿਆ ਹੋਵੇ।

### ਲੋਕ ਸਭਾ ਦੀ ਬਣਤਰ

ਲੋਕ ਸਭਾ ਦੇ ਵੱਧ ਤੋਂ ਵੱਧ ਮੈਂਬਰ 550 ਹੋ ਸਕਦੇ ਸਨ ਪਰੰਤੂ 1973 ਵਿੱਚ 31ਵੇਂ ਸੰਵਿਧਾਨ ਸੋਧ ਦੁਆਰਾ ਇਹਨਾਂ ਦੀ ਸੰਖਿਆ 545 ਕਰ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 530 ਮੈਂਬਰ ਭਾਰਤ ਦੇ ਰਾਜਾਂ ਦੇ ਲੋਕਾਂ ਦੀ ਅਤੇ 13 ਮੈਂਬਰ ਕੇਂਦਰੀ ਸ਼ਾਸਤ ਖੇਤਰਾਂ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਰਾਸ਼ਟਰਪਤੀ

ਲੋਕ ਸਭਾ ਵਿੱਚ ਦੋ ਐਂਗਲੋਇੰਡੀਅਨ ਮੈਂਬਰ ਨਾਮਜਦ ਕਰ ਸਕਦਾ ਹੈ। ਲੋਕ ਸਭਾ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ। ਇਸ ਨੂੰ ਸਮੇਂ ਤੋਂ ਪਹਿਲਾਂ ਵੀ ਰਾਸ਼ਟਰਪਤੀ, ਮੰਤਰੀ ਪਰਿਸ਼ਦ ਦੀ ਸਿਫਾਰਸ਼ 'ਤੇ ਭੰਗ ਕਰ ਸਕਦਾ ਹੈ। ਸੰਕਟਕਾਲ ਦੌਰਾਨ ਲੋਕ ਸਭਾ ਦਾ ਕਾਰਜਕਾਲ ਇਕ ਸਮੇਂ ਵਿੱਚ ਸੰਸਦ ਦੁਆਰਾ ਇਕ ਸਾਲ ਲਈ ਵਧਾਇਆ ਵੀ ਜਾ ਸਕਦਾ ਹੈ। ਲੋਕ ਸਭਾ ਦੇ ਮੈਂਬਰਾਂ ਦੀ ਤਨਖਾਹ, ਭੱਤੇ ਅਤੇ ਸਹੂਲਤਾਂ ਸੰਸਦ, ਸਮੇਂ-ਸਮੇਂ 'ਤੇ ਨਿਸ਼ਚਿਤ ਕਰਦੀ ਰਹਿੰਦੀ ਹੈ। ਲੋਕ ਸਭਾ ਵਿੱਚ ਰਾਜਾਂ ਅਤੇ ਕੇਂਦਰੀ ਖੇਤਰਾਂ ਦੇ ਮੈਂਬਰਾਂ ਦੀ ਸੰਖਿਆ ਵਰਤਮਾਨ ਸਮੇਂ ਵਿੱਚ ਹੇਠ ਲਿਖੇ ਟੇਬਲ ਵਿੱਚ ਦਰਸਾਈ ਜਾਂਦੀ ਹੈ।

| ਲੋਕ ਸਭਾ ਵਿੱਚ ਰਾਜਾਂ ਦੇ ਮੈਂਬਰਾਂ ਦੀ ਗਿਣਤੀ | | | | ਕੇਂਦਰੀ ਖੇਤਰਾਂ ਦੇ ਮੈਂਬਰਾਂ ਦੀ ਗਿਣਤੀ | |
|---|---|---|---|---|---|
| 1. ਉੱਤਰ ਪ੍ਰਦੇਸ਼ | 80 | 15. ਹਰਿਆਣਾ | 10 | 1. ਦਿੱਲੀ | 7 |
| 2. ਬਿਹਾਰ | 40 | 16. ਹਿਮਾਚਲ | 4 | 2. ਚੰਡੀਗੜ੍ਹ | 1 |
| 3. ਮਹਾਂਰਾਸ਼ਟਰ | 48 | 17. ਮਣੀਪੁਰ | 2 | 3. ਲਕਸ਼ਦੀਪ | 1 |
| 4. ਆਂਧਰਾ ਪ੍ਰਦੇਸ਼ | 25 | 18. ਮੇਘਾਲਿਆ | 2 | 4. ਪੁੱਡੂਚੇਰੀ | 1 |
| 5. ਪੱਛਮੀ ਬੰਗਾਲ | 42 | 19. ਤ੍ਰਿਪੁਰਾ | 2 | 5. ਦਾਦਰ ਤੇ ਨਗਰ ਹਵੇਲੀ | 2 |
| 6. ਮੱਧ ਪ੍ਰਦੇਸ਼ | 29 | 20. ਗੋਆ | 2 | ਅਤੇ ਦਮਨ ਤੇ ਦਿਊ | |
| 7. ਤਾਮਿਲਨਾਡੂ | 39 | 21. ਅਰੁੱਣਾਚਲ ਪ੍ਰਦੇਸ਼ | 2 | 6. ਅੰਡੇਮਾਨ ਅਤੇ ਨਿਕੋਬਾਰ | 1 |
| 8. ਕਰਨਾਟਕ | 28 | 22. ਸਿੱਕਿਮ | 1 | 7. ਜੰਮੂ ਤੇ ਕਸ਼ਮੀਰ | 6 |
| 9. ਗੁਜਰਾਤ | 26 | 23. ਮਿਜ਼ੋਰਮ | 1 | 8. ਲਦਾਖ | |
| 10. ਰਾਜਸਥਾਨ | 25 | 24. ਨਾਗਾਲੈਂਡ | 1 | ਕੁੱਲ ਮੈਂਬਰ - | 19 |
| 11. ਓਡੀਸ਼ਾ | 21 | 25. ਛਤੀਸਗੜ੍ਹ | 11 | ਰਾਜਾਂ ਦੀਆਂ ਸੀਟਾਂ | 524 |
| 12. ਕੇਰਲ | 20 | 26. ਉਤਰਾਖੰਡ | 5 | ਨਾਮਜ਼ਦ ਮੈਂਬਰ | 2 |
| 13. ਆਸਾਮ | 14 | 27. ਝਾਰਖੰਡ | 14 | ਸਾਰੀਆਂ ਸੀਟਾਂ ਦਾ | |
| 14. ਪੰਜਾਬ | 13 | 28. ਤੇਲੰਗਾਨਾ | 17 | ਕੁੱਲ ਜੋੜ - | 545 |
| | | ਕੁੱਲ ਮੈਂਬਰ | 524 | | |

ਲੋਕ ਸਭਾ ਵਿੱਚ ਰਾਜਾਂ ਅਤੇ ਕੇਂਦਰੀ ਖੇਤਰਾਂ ਦੇ ਕੁੱਲ ਮੈਂਬਰ 524+19=543+2 ਐਂਗਲੋਇੰਡੀਅਨ- 545

ਵਰਤਮਾਨ ਲੋਕ ਸਭਾ ਦੇ 545 ਮੈਂਬਰ ਹਨ। ਅੱਜ ਤਕ ਲੋਕ ਸਭਾ ਦੀਆਂ 16 ਚੋਣਾਂ ਹੋ ਚੁੱਕੀਆਂ ਹਨ। 1952, 57, 62, 67, 71, 77, 80, 84, 89, 91, 1996, 1998, 1999, 2004, 2009 ਅਤੇ 2014

**ਸਪੀਕਰ** : ਚੋਣਾਂ ਤੋਂ ਬਾਅਦ ਨਵੀਂ ਲੋਕ ਸਭਾ ਆਪਣੇ ਹੀ ਮੈਂਬਰਾਂ ਵਿੱਚੋਂ ਸਪੀਕਰ ਤੇ ਡਿਪਟੀ ਸਪੀਕਰ ਦੀ ਚੋਣ ਕਰਦੀ ਹੈ। ਸਪੀਕਰ ਲੋਕ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਅਤੇ ਇਸ ਸਦਨ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ। ਸਾਰੇ ਮੈਂਬਰ ਸਪੀਕਰ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹਨ। ਸਾਧਾਰਣ ਤੌਰ ਤੇ ਸਪੀਕਰ ਬਹੁਮੱਤ ਦਲ ਦਾ ਹੀ ਵਿਅਕਤੀ ਹੁੰਦਾ ਹੈ। ਪਰ ਚੁਣੇ ਜਾਣ ਮਗਰੋਂ ਉਹ ਸਦਨ ਦੀ ਕਾਰਵਾਈ ਨਿਰਪੱਖਤਾ ਨਾਲ ਕਰਨ ਦਾ ਯਤਨ ਕਰਦਾ ਹੈ।

ਸਦਨ ਦੇ ਹਰੇਕ ਮੈਂਬਰ ਨੂੰ ਸਦਨ ਦੇ ਸੈਸ਼ਨ ਸਮੇਂ ਬੋਲਣ ਲਈ ਸਪੀਕਰ ਦੀ ਆਗਿਆ ਲੈਣੀ ਪੈਂਦੀ ਹੈ। ਸਦਨ ਦੀ ਕਾਰਵਾਈ ਦਾ ਸੰਚਾਲਨ ਉਸ ਦੇ ਫੈਸਲਿਆਂ (Rulings) ਅਨੁਸਾਰ ਹੀ ਕੀਤਾ ਜਾਂਦਾ ਹੈ। ਸਪੀਕਰ ਦੀ ਗੈਰ ਹਾਜ਼ਰੀ ਵਿੱਚ ਡਿਪਟੀ ਸਪੀਕਰ ਉਸ ਦੇ ਸਾਰੇ ਕਾਰਜ ਕਰਦਾ ਹੈ। ਅਜਿਹਾ ਕਰਨ ਸਮੇਂ ਡਿਪਟੀ ਸਪੀਕਰ ਨੂੰ ਸਪੀਕਰ ਦੀਆਂ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

## ਰਾਜ ਸਭਾ
## (Rajya Sabha)

ਰਾਜ ਸਭਾ, ਸੰਸਦ ਦਾ ਉੱਪਰਲਾ ਜਾਂ ਦੂਜਾ ਸਦਨ ਹੈ। ਰਾਜ ਸਭਾ ਦੇ ਮੈਂਬਰ ਰਾਜਾਂ ਅਤੇ ਕੇਂਦਰੀ ਸ਼ਾਸਤ ਖੇਤਰਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਨੁਪਾਤਿਕ ਚੋਣ ਪ੍ਰਣਾਲੀ ਰਾਹੀਂ ਚੁਣੇ ਜਾਂਦੇ ਹਨ। ਇਸ ਪ੍ਰਕਾਰ ਰਾਜ ਸਭਾ ਦੇ ਮੈਂਬਰਾਂ ਦੀਆਂ ਚੋਣਾਂ ਅਪ੍ਰਤੱਖ ਢੰਗ ਨਾਲ ਹੁੰਦੀਆਂ ਹਨ।

ਰਾਜ ਸਭਾ ਦੇ ਵੱਧ ਤੋਂ ਵੱਧ 250 ਮੈਂਬਰ ਹੋ ਸਕਦੇ ਹਨ। ਇਨ੍ਹਾਂ ਵਿੱਚੋਂ 238 ਮੈਂਬਰ ਰਾਜਾਂ ਅਤੇ ਕੇਂਦਰੀ ਸ਼ਾਸਤ ਖੇਤਰਾਂ ਦੀ ਪ੍ਰਤਿਨਿਧਤਾ ਕਰਦੇ ਹਨ। 12 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ। ਰਾਸ਼ਟਰਪਤੀ ਇਸ ਸਦਨ ਦੇ ਲਈ ਉਨ੍ਹਾਂ ਲੋਕਾਂ ਨੂੰ ਨਾਮਜ਼ਦ ਕਰਦਾ ਹੈ ਜਿਨ੍ਹਾਂ ਨੇ ਸਾਹਿਤ, ਕਲਾ ਜਾਂ ਸਮਾਜ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਕੀਤੀ ਹੋਵੇ।

ਰਾਜ ਸਭਾ ਇਕ ਸਥਾਈ ਸਦਨ ਹੈ। ਇਸ ਦੇ ਇਕ ਤਿਹਾਈ ਮੈਂਬਰ ਹਰ ਦੋ ਸਾਲਾਂ ਬਾਅਦ ਰਿਟਾਇਰ ਹੋ ਜਾਂਦੇ ਹਨ। ਇਸ ਪ੍ਰਕਾਰ ਰਾਜ ਸਭਾ ਦੇ ਮੈਂਬਰ ਦਾ ਕਾਰਜਕਾਲ ਛੇ ਸਾਲ ਹੁੰਦਾ ਹੈ। ਰਾਜ ਸਭਾ ਦਾ ਮੈਂਬਰ ਬਣਨ ਲਈ ਇਕ ਨਾਗਰਿਕ ਨੂੰ ਘੱਟ ਤੋਂ ਘੱਟ 30 ਸਾਲ ਦਾ ਹੋਣਾ ਜ਼ਰੂਰੀ ਹੈ। ਉੱਪ ਰਾਸ਼ਟਰਪਤੀ ਆਪਣੀ ਪਦਵੀ ਵਜੋਂ ਇਸ ਦਾ ਪ੍ਰਧਾਨ (ਚੇਅਰਮੈਨ) ਹੁੰਦਾ ਹੈ। ਇਹ ਚੇਅਰਮੈਨ ਰਾਜ ਸਭਾ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ।

ਰਾਜ ਸਭਾ ਆਪਣੇ ਹੀ ਮੈਂਬਰਾਂ ਵਿੱਚੋਂ ਇੱਕ ਨੂੰ ਉਪ-ਪ੍ਰਧਾਨ (ਡਿਪਟੀ ਚੇਅਰਮੈਨ) ਚੁਣਦੀ ਹੈ ਜੋ ਚੇਅਰਮੈਨ ਦੀ ਗੈਰ ਹਾਜ਼ਰੀ ਵਿੱਚ ਸਦਨ ਦੀ ਕਾਰਵਾਈ ਦਾ ਸੰਚਾਲਨ ਕਰਦਾ ਹੈ। ਅਜਿਹੀ ਸਥਿਤੀ ਵਿੱਚ ਡਿਪਟੀ ਚੇਅਰਮੈਨ ਨੂੰ ਪ੍ਰਧਾਨ (ਚੇਅਰਮੈਨ) ਦੀਆਂ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

## ਸੰਸਦ ਦੀਆਂ ਸ਼ਕਤੀਆਂ
## (Powers of the Parliament)

ਭਾਰਤੀ ਰਾਜਨੀਤਿਕ ਪ੍ਰਣਾਲੀ ਵਿੱਚ ਸੰਸਦ ਸਰਕਾਰ ਦਾ ਸਰਵਸ੍ਰੇਸ਼ਠ ਅੰਗ ਹੈ। ਸੰਸਦ ਨੂੰ ਸੰਵਿਧਾਨ ਦੇ ਵੱਖ-ਵੱਖ ਅਨੁਛੇਦਾਂ ਦੁਆਰਾ ਮਹੱਤਵਪੂਰਨ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ—

- **ਵਿਧਾਨਿਕ ਸ਼ਕਤੀਆਂ (Legislative Powers)**

ਸੰਸਦ ਸੰਘੀ ਅਤੇ ਸਮਵਰਤੀ ਸੂਚੀਆਂ ਵਿੱਚ ਅੰਕਿਤ ਵਿਸ਼ਿਆਂ ਉੱਤੇ ਕਨੂੰਨਾਂ ਦਾ ਨਿਰਮਾਣ ਕਰ ਸਕਦੀ ਹੈ। ਵਿਸ਼ੇਸ਼ ਹਾਲਤਾਂ ਵਿੱਚ ਸੰਵਿਧਾਨ ਅਨੁਸਾਰ ਰਾਜ ਸੂਚੀ ਵਿੱਚ ਅੰਕਿਤ ਵਿਸ਼ਿਆਂ 'ਤੇ ਵੀ ਸੰਸਦ

ਕਨੂੰਨ ਬਣਾ ਸਕਦੀ ਹੈ। ਸੰਖੇਪ ਵਿੱਚ ਸੰਸਦ ਦੇਸ ਲਈ ਨਵੇਂ ਕਨੂੰਨਾਂ ਦਾ ਨਿਰਮਾਣ, ਪੁਰਾਣੇ ਕਨੂੰਨਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਸਮਾਪਤ ਵੀ ਕਰ ਸਕਦੀ ਹੈ।

- **ਕਾਰਜਕਾਰੀ ਸ਼ਕਤੀਆਂ (Executive Powers)**

ਭਾਰਤੀ ਸੰਸਦ ਨੂੰ ਸੰਵਿਧਾਨ ਦੁਆਰਾ ਬਹੁਤ ਸਾਰੀਆਂ ਸ਼ਕਤੀਆਂ ਕਾਰਜਪਾਲਿਕਾ ਨੂੰ ਨਿਯੰਤ੍ਰਣ ਵਿੱਚ ਰੱਖਣ ਲਈ ਸੌਂਪੀਆਂ ਗਈਆਂ ਹਨ। ਪ੍ਰਧਾਨ ਮੰਤਰੀ ਅਤੇ ਮੰਤਰੀ ਪਰਿਸ਼ਦ ਦੇ ਮੈਂਬਰਾਂ ਨੂੰ ਸੰਸਦ ਦਾ ਮੈਂਬਰ ਹੋਣਾ ਜ਼ਰੂਰੀ ਹੈ। ਜੇਕਰ ਕੋਈ ਮੰਤਰੀ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਨਹੀਂ ਤਾਂ ਉਸ ਲਈ ਛੇ ਮਹੀਨਿਆਂ ਦੇ ਅੰਦਰ ਮੈਂਬਰ ਬਣਨਾ ਜ਼ਰੂਰੀ ਹੈ। ਜੇਕਰ ਕੋਈ ਮੰਤਰੀ ਸੰਸਦ ਦੇ ਕਿਸੇ ਸਦਨ ਦਾ ਮੈਂਬਰ ਬਣਨ ਵਿੱਚ ਅਸਮਰਥ ਹੁੰਦਾ ਹੈ ਤਾਂ ਉਸ ਨੂੰ ਆਪਣਾ ਤਿਆਗ ਪੱਤਰ ਦੇਣਾ ਪੈਂਦਾ ਹੈ।

ਸਾਧਾਰਨ ਤੌਰ 'ਤੇ ਲੋਕ ਸਭਾ ਦੇ ਬਹੁਮੱਤ ਦਲ ਦੇ ਨੇਤਾ ਨੂੰ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਨਿਯੁੱਕਤ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਅਤੇ ਉਸ ਦੀ ਮੰਤਰੀ ਪਰਿਸ਼ਦ ਆਪਣੇ ਕਾਰਜਾਂ ਨੀਤੀਆਂ ਅਤੇ ਫੈਸਲਿਆਂ ਲਈ ਲੋਕ ਸਭਾ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਇਸ ਦਾ ਭਾਵ ਹੈ ਕਿ ਲੋਕ ਸਭਾ ਦੁਆਰਾ ਅਵਿਸ਼ਵਾਸ ਦਾ ਮਤਾ ਪਾਸ ਕਰਨ ਤੇ ਮੰਤਰੀ ਪਰਿਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਕਦੇ-ਕਦੇ ਮੰਤਰੀ ਪਰਿਸ਼ਦ, ਲੋਕ ਸਭਾ ਦੇ ਸਾਹਮਣੇ ਭਰੋਸੇ ਦਾ ਪ੍ਰਸਤਾਵ ਰੱਖਦੀ ਹੈ। ਇਸ ਦੇ ਫੈਸਲੇ ਦੇ ਅਧਾਰ 'ਤੇ ਸਰਕਾਰ ਦੀ ਹੋਂਦ ਨਿਸਚਿਤ ਹੁੰਦੀ ਹੈ।

ਅਵਿਸ਼ਵਾਸ ਜਾਂ ਵਿਸ਼ਵਾਸ ਦੇ ਪ੍ਰਸਤਾਵਾਂ ਤੋਂ ਇਲਾਵਾ ਹੋਰ ਵੀ ਕਈ ਵਿਧੀਆਂ ਹਨ। ਜਿਨ੍ਹਾਂ ਦੁਆਰਾ ਸੰਸਦ ਮੰਤਰੀ ਪਰਿਸ਼ਦ ਨੂੰ ਨਿਯੰਤ੍ਰਣ ਵਿੱਚ ਰੱਖਦੀ ਹੈ। ਸੰਸਦ ਦੇ ਮੈਂਬਰ ਮੰਤਰੀਆਂ ਤੋਂ ਪ੍ਰਸ਼ਨ ਪੁੱਛ ਕੇ ਤੱਥਾਂ ਬਾਰੇ ਸਪੱਸ਼ਟੀਕਰਣ ਮੰਗ ਸਕਦੇ ਹਨ। ਧਿਆਨ ਦਿਵਾਊ ਮਤੇ ਰਾਹੀਂ ਸਰਕਾਰ ਦਾ ਧਿਆਨ ਕਿਸੇ ਜ਼ਰੂਰੀ ਘਟਨਾ ਵਲ ਦਿਵਾ ਸਕਦੇ ਹਨ। ਸਧਾਰਨ ਪ੍ਰਸਤਾਵ ਦੁਆਰਾ ਸਦਨ ਵਿੱਚ ਬਹਿਸ ਦੌਰਾਨ ਕਿਸੇ ਜਨਤਕ ਮਹਾਨਤਾ ਵਾਲੇ ਵਿਸ਼ੇ 'ਤੇ ਬਹਿਸ ਕਰਨ ਲਈ ਮਤਾ ਪੇਸ਼ ਕਰ ਸਕਦੇ ਹਨ। ਨਿੰਦਾ ਮਤੇ ਦੁਆਰਾ, ਕਿਸੇ ਇਕ ਮੰਤਰੀ ਵਿਰੁੱਧ ਕਿਸੇ ਵਿਸ਼ੇਸ਼ ਕੰਮ ਦੀ ਨਿਖੇਧੀ ਵੀ ਕਰ ਸਕਦੇ ਹਨ। ਇਹ ਮਤਾ ਪਾਸ ਹੋਣ 'ਤੇ ਸਮੁੱਚੀ ਪਰਿਸ਼ਦ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ।

- **ਵਿੱਤੀ ਸ਼ਕਤੀਆਂ (Financial Powers)**

ਸੰਸਦ ਦਾ ਵਿੱਤੀ ਮਾਮਲਿਆਂ ਅਤੇ ਬਜਟ ਤੇ ਪੂਰਾ ਨਿਯੰਤ੍ਰਣ ਹੁੰਦਾ ਹੈ। ਸਰਕਾਰ ਦੇ ਖਰਚੇ 'ਤੇ ਇਹ ਪੂਰੀ ਨਿਗਰਾਨੀ ਰੱਖਦੀ ਹੈ। ਸਾਰੇ ਨਵੇਂ ਕਰ ਇਸ ਦੀ ਇੱਛਾ ਅਨੁਸਾਰ ਲਾਏ ਜਾਂਦੇ ਹਨ। ਪੁਰਾਣੇ ਕਰਾਂ ਨੂੰ ਸੋਧ ਜਾਂ ਸਮਾਪਤ ਕਰ ਸਕਦੀ ਹੈ। ਸੰਸਦ ਦੀ ਮਨਜ਼ੂਰੀ ਤੋਂ ਬਿਨਾਂ ਸਰਕਾਰ ਨਾ ਤਾਂ ਸਰਕਾਰੀ ਖਜ਼ਾਨੇ ਵਿੱਚੋਂ ਧਨ ਕਢਾ ਸਕਦੀ ਹੈ ਅਤੇ ਨਾ ਹੀ ਉਸ ਵਿੱਚ ਧਨ ਪਾ ਸਕਦੀ ਹੈ। ਸੰਖੇਪ ਵਿੱਚ, ਸੰਸਦ ਦਾ ਰਾਸ਼ਟਰੀ ਧਨ 'ਤੇ ਪੂਰਾ ਨਿਯੰਤ੍ਰਣ ਹੁੰਦਾ ਹੈ। ਅਮਰੀਕੀ ਵਿਦਵਾਨ ਮੈਡੀਸਨ ਅਨੁਸਾਰ ਜਿਸ ਪਾਸ ਧਨ ਹੈ ਉਸ ਪਾਸ ਸ਼ਕਤੀ ਹੁੰਦੀ ਹੈ। ਇਸ ਅਧਾਰ 'ਤੇ ਭਾਰਤੀ ਸੰਸਦ ਸ਼ਕਤੀ ਦਾ ਸੋਮਾ ਹੈ।

- **ਨਿਆਂਇਕ ਸ਼ਕਤੀਆਂ (Judicial Powers)**

ਭਾਰਤੀ ਸੰਸਦ ਨੂੰ ਹੇਠ ਲਿਖੀਆਂ ਨਿਆਂਇਕ ਸ਼ਕਤੀਆਂ ਪ੍ਰਾਪਤ ਹਨ—

1. ਸੰਸਦ ਦੁਆਰਾ ਰਾਸ਼ਟਰਪਤੀ ਵਿਰੁੱਧ ਨਿਸਚਿਤ ਅਨੁਸਾਰ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਉਸ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਇਸ ਪ੍ਰਕਿਰਿਆ ਦੁਆਰਾ ਇਕ ਸਦਨ ਦੋਸ਼ ਲਗਾਉਂਦਾ ਹੈ ਅਤੇ ਦੂਜਾ ਸਦਨ ਛਾਣ-ਬੀਣ ਕਰਕੇ ਲਗਾਏ ਗਏ ਦੋਸ਼ਾਂ ਦੇ ਪੱਖ ਵਿੱਚ ਦੋ ਤਿਹਾਈ ਬਹੁਮੱਤ ਨਾਲ ਮਤਾ ਪਾਸ ਕਰ ਸਕਦਾ ਹੈ।

2. ਜੇਕਰ ਸੰਸਦ ਦੇ ਦੋਵੇਂ ਸਦਨ ਆਪਣੇ ਅਲੱਗ-ਅਲੱਗ ਮਤਿਆਂ ਦੁਆਰਾ ਸੁਪਰੀਮ ਕੋਰਟ ਅਤੇ ਹਾਈਕਰੋਟ ਦੇ ਜੱਜਾਂ ਵਿਰੁੱਧ ਦੋਸ਼ ਦੇ ਮਤੇ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਜੱਜਾਂ ਨੂੰ ਹਟਾਉਣ ਦਾ ਆਦੇਸ਼ ਜਾਰੀ ਕਰਦਾ ਹੈ।

3. ਜੇਕਰ ਸੰਸਦ ਮੁੱਖ ਚੋਣ ਕਮਿਸ਼ਨਰ, ਐਟੋਰਨੀ ਜਨਰਲ, ਕੰਪਟਰੋਲਰ ਅਤੇ ਆਡੀਟਰ ਜਨਰਲ ਵਿਰੁੱਧ ਦੋਸ਼ੀ ਹੋਣ ਦਾ ਮਤਾ ਪਾਸ ਕਰ ਦੇਣ ਤਾਂ ਰਾਸ਼ਟਰਪਤੀ ਇਹਨਾਂ ਸੰਬੰਧਤ ਅਧਿਕਾਰੀਆਂ ਨੂੰ ਹਟਾ ਵੀ ਸਕਦੇ ਹਨ।

## ਵਿਧਾਨਿਕ ਵਿਧੀ
## (Procedure of Law Making)

ਮੁੱਖ ਰੂਪ ਨਾਲ ਬਿੱਲ ਦੋ ਪ੍ਰਕਾਰ ਦੇ ਹੁੰਦੇ ਹਨ— ਸਧਾਰਨ ਬਿੱਲ ਅਤੇ ਵਿੱਤ ਬਿੱਲ। ਜਿਨ੍ਹਾਂ ਬਿੱਲਾਂ ਦਾ ਸੰਬੰਧ ਧਨ ਨਾਲ ਨਹੀਂ ਹੁੰਦਾ, ਉਨ੍ਹਾਂ ਨੂੰ ਸਧਾਰਨ ਬਿੱਲ ਕਿਹਾ ਜਾਂਦਾ ਹੈ। ਵਿੱਤ ਬਿਲ ਉਹ ਹੁੰਦੇ ਹਨ ਜਿਸ ਦਾ ਸੰਬੰਧ ਸਰਕਾਰ ਦੇ ਖਰਚੇ, ਕਰ ਲਗਾਉਣ ਜਾਂ ਉਨ੍ਹਾਂ ਵਿੱਚ ਸੋਧ ਕਰਨ ਜਾਂ ਸਮਾਪਤ ਕਰਨ ਜਾਂ ਕਰਜਾ ਲੈਣ ਨਾਲ਼ ਹੁੰਦਾ ਹੈ। ਇਨ੍ਹਾਂ ਦੋਵਾਂ ਪ੍ਰਕਾਰ ਦੇ ਬਿੱਲਾਂ ਨੂੰ ਪੇਸ਼ ਤੇ ਪਾਸ ਕਰਨ ਦੀਆਂ ਵੱਖੋ-ਵੱਖ ਵਿਧੀਆਂ ਹਨ।

**(i) ਸਧਾਰਨ ਬਿੱਲ (Ordinary Bill)**

ਸਧਾਰਨ ਬਿੱਲ ਨੂੰ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਸਦਨ ਦੇ ਕਿਸੇ ਵੀ ਕਨੂੰਨ ਸੰਬੰਧੀ ਪ੍ਰਸਤਾਵ ਨੂੰ ਬਿੱਲ ਕਿਹਾ ਜਾਂਦਾ ਹੈ। ਬਿੱਲ ਕਿਸੇ ਮੰਤਰੀ ਜਾਂ ਮੈਂਬਰ ਵੱਲੋਂ ਪੇਸ਼ ਕੀਤਾ ਜਾ ਸਕਦਾ ਹੈ। ਬਿੱਲ ਪੇਸ਼ ਹੋਣ 'ਤੇ ਇਸ ਨੂੰ ਕਈ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ ਅਤੇ ਹਰ ਪੜਾਅ 'ਤੇ ਇਸ ਬਾਰੇ ਵਿਚਾਰ ਹੁੰਦੀ ਹੈ। ਵੱਖ-ਵੱਖ ਦਲਾਂ ਦੇ ਮੈਂਬਰ ਬਿੱਲ 'ਤੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਅਤੇ ਸੁਝਾਅ ਦਿੰਦੇ ਹਨ।

ਸਧਾਰਨ ਬਿੱਲ ਨੂੰ ਪਾਸ ਹੋਣ ਤੋਂ ਪਹਿਲਾਂ ਕੁਝ ਪੜਾਵਾਂ ਤੋਂ ਲੰਘਣਾ ਪੈਂਦਾ ਹੈ। ਬਿੱਲ ਦਾ ਪੇਸ਼ ਹੋਣਾ ਅਤੇ ਇਸ ਦੀ ਪਹਿਲੀ ਪੜ੍ਹਤ ਇਸ ਦਾ ਪਹਿਲਾ ਪੜਾਅ ਹੈ। ਜਦੋਂ ਸਦਨ ਵਿੱਚ ਬਿੱਲ ਪੇਸ਼ ਕੀਤਾ ਜਾਂਦਾ ਹੈ 'ਤਾਂ ਇਸ ਦੇ ਉਦੇਸ਼ ਅਤੇ ਪੇਸ਼ ਕਰਨ ਦੇ ਕਾਰਨ ਦੱਸੇ ਜਾਂਦੇ ਹਨ। ਬਿੱਲ ਦੇ ਇਸ ਪੜਾਅ 'ਤੇ ਬਹਿਸ ਨਹੀਂ ਹੁੰਦੀ। ਅਗਰ ਸਦਨ ਬਿੱਲ 'ਤੇ ਸਹਿਮਤ ਹੋ ਜਾਂਦਾ ਹੈ ਤਾਂ ਬਿੱਲ ਅਗਲੇ ਪੜਾਅ (stage) ਵਲ ਵੱਧਦਾ ਹੈ। ਇਸ ਪ੍ਰਕਿਰਿਆ ਨੂੰ ਬਿੱਲ ਦੀ ਪਹਿਲੀ ਪੜ੍ਹਤ ਕਿਹਾ ਜਾਂਦਾ ਹੈ।

ਬਿੱਲ ਦੀ ਦੂਜੀ ਪੜ੍ਹਤ ਦੌਰਾਨ ਇਸ 'ਤੇ ਬਹਿਸ ਹੁੰਦੀ ਹੈ। ਬਿੱਲ ਦੇ ਹਰੇਕ ਅਨੁਛੇਦ ਜਾਂ ਧਾਰਾ 'ਤੇ ਵਿਸਤਾਰ ਨਾਲ ਬਹਿਸ ਕੀਤੀ ਜਾਂਦੀ ਹੈ। ਇਸ ਪੜਾਅ ਉੱਤੇ ਬਿੱਲ ਵਿੱਚ ਕੁਝ ਪਰਿਵਰਤਨ ਵੀ ਕੀਤੇ ਜਾਂਦੇ ਹਨ। ਕਈ ਵਾਰੀ ਬਿੱਲ ਵਿਸ਼ੇਸ਼ ਜਾਂ ਕਿਸੇ ਛੋਟੀ ਕਮੇਟੀ ਕੋਲ਼ ਭੇਜ ਦਿੱਤਾ ਜਾਂਦਾ ਹੈ, ਜੋ ਬਿੱਲ ਦੀਆਂ ਧਾਰਾਵਾਂ ਧਿਆਨ ਨਾਲ ਘੋਖ ਕੇ ਆਪਣੀਆਂ ਸਿਫ਼ਾਰਸ਼ਾਂ ਸਹਿਤ ਸਦਨ ਨੂੰ ਪੇਸ਼ ਕਰਦੀ ਹੈ। ਕਮੇਟੀ ਪਾਸੋਂ ਬਿੱਲ ਵਾਪਸ ਆਉਣ 'ਤੇ ਸਦਨ ਵਿੱਚ ਬਿੱਲ ਦੇ ਹਰੇਕ ਅਨੁਛੇਦ ਉੱਤੇ ਬਹਿਸ ਹੁੰਦੀ ਹੈ। ਇਸ ਉਪਰੰਤ ਬਿੱਲ ਦੀ ਤੀਜੀ ਪੜ੍ਹਤ ਹੁੰਦੀ ਹੈ। ਇਸ ਪੜ੍ਹਾਅ ਤੇ ਸਮੁੱਚੇ ਤੌਰ 'ਤੇ ਬਿੱਲ ਉੱਤੇ ਵੋਟਾਂ ਪਾਈਆਂ ਜਾਂਦੀਆਂ ਹਨ। ਜੇਕਰ ਸਦਨ ਦਾ ਬਹੁਮੱਤ ਬਿੱਲ ਪਾਸ ਕਰ ਦੇਵੇ ਤਾਂ ਇਹ ਬਿੱਲ ਸਦਨ ਵੱਲੋਂ ਪਾਸ ਹੋ ਜਾਂਦਾ ਹੈ।

ਇਕ ਸਦਨ ਵਿੱਚੋਂ ਪਾਸ ਹੋਣ ਉਪਰੰਤ ਬਿੱਲ ਦੂਜੇ ਸਦਨ ਵਿੱਚ ਵਿਚਾਰ ਕਰਨ ਲਈ ਭੇਜਿਆ ਜਾਂਦਾ ਹੈ। ਦੂਜੇ ਸਦਨ ਵਿੱਚ ਬਿੱਲ ਨੂੰ ਉਨ੍ਹਾਂ ਹੀ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ। ਜਿਨ੍ਹਾਂ ਵਿੱਚੋਂ ਉਹ ਪਹਿਲੇ ਸਦਨ ਵਿੱਚੋਂ ਨਿਕਲ ਕੇ ਆਇਆ। ਅਗਰ ਇਹ ਸਦਨ ਵੀ ਪਾਸ ਕਰ ਦਿੰਦਾ ਹੈ ਤਾਂ ਬਿੱਲ ਰਾਸ਼ਟਰਪਤੀ ਦੀ ਮੰਨਜੂਰੀ ਲਈ ਪੇਸ਼ ਕੀਤਾ ਜਾਂਦਾ ਹੈ। ਰਾਸ਼ਟਰਪਤੀ ਦੀ ਮੰਨਜੂਰੀ ਤੋਂ ਬਾਅਦ ਇਹ ਬਿੱਲ ਕਨੂੰਨ ਬਣ ਜਾਂਦਾ ਹੈ। ਇਸ

ਕਨੂੰਨ ਨੂੰ ਭਾਰਤ ਦੀ ਕਨੂੰਨ ਪੁਸਤਕ ਵਿੱਚ ਦਰਜ ਕਰ ਦਿੱਤਾ ਜਾਂਦਾ ਹੈ ਅਤੇ ਇਹ ਬਿੱਲ ਦੇਸ ਦਾ ਕਨੂੰਨ ਬਣ ਜਾਂਦਾ ਹੈ।

**(ii) ਵਿੱਤ ਬਿੱਲ (Money Bill)**

ਸੰਵਿਧਾਨ ਵਿੱਚ ਧਨ ਬਿੱਲ ਨੂੰ ਪਾਸ ਕਰਨ ਦੀ ਵਿੱਧੀ ਦਾ ਵਰਣਨ ਕੀਤਾ ਗਿਆ ਹੈ। ਧਨ ਬਿੱਲ ਕਰ ਲਗਾਉਣ, ਸਮਾਪਤ ਕਰਨ, ਘਟ ਕਰਨ ਜਾਂ ਧਨ ਉਧਾਰ ਲੈਣ ਜਾਂ ਦੇਣ ਨਾਲ, ਸਚਿੰਤ ਨਿਧੀ ਵਿੱਚੋਂ ਧਨ ਕੱਢਣ ਜਾਂ ਪਾਉਣ ਨਾਲ ਜਾਂ ਧਨ ਮਦਾਂ ਨਾਲ ਸੰਬੰਧਿਤ ਹੁੰਦਾ ਹੈ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਨੂੰ ਹਰੇਕ ਸਾਲ ਬਜਟ ਨੂੰ ਤਿਆਰ ਕਰਾਉਣ ਅਤੇ ਸੰਸਦ ਦੇ ਦੋਹਾਂ ਸਦਨਾਂ ਸਾਹਮਣੇ ਪੇਸ਼ ਕਰਾਉਣਾ ਜ਼ਰੂਰੀ ਹੈ। ਬਜਟ ਆਮ ਤੌਰ 'ਤੇ ਵਿੱਤ ਮੰਤਰੀ ਵਲੋਂ ਫ਼ਰਵਰੀ ਦੇ ਅਖੀਰਲੇ ਹਫ਼ਤੇ ਪੇਸ਼ ਕੀਤਾ ਜਾਂਦਾ ਸੀ। ਬਜਟ ਪੇਸ਼ ਹੋਣ 'ਤੇ ਤਿੰਨ ਦਿਨਾਂ ਮਗਰੋਂ ਬਜਟ ਉੱਤੇ ਦੋਹਾਂ ਸਦਨਾਂ ਵਿੱਚ ਆਮ ਬਹਿਸ ਹੁੰਦੀ ਹੈ। ਵਿੱਤ ਮੰਤਰੀ ਦੇਸ ਦੀ ਵਿੱਤੀ ਨੀਤੀ ਬਾਰੇ ਪੂਰੀ ਰੌਸ਼ਨੀ ਪਾਉਂਦਾ ਹੈ। ਬਜਟ ਉੱਪਰ ਆਮ ਬਹਿਸ ਅਤੇ ਵੱਖ-ਵੱਖ ਮੰਗਾਂ ਉੱਤੇ ਵਿਚਾਰ ਕਰਨ ਮਗਰੋਂ ਇਹ ਪਾਸ ਕੀਤਾ ਜਾਂਦਾ ਹੈ। ਇਨ੍ਹਾਂ ਮੰਗਾਂ ਨੂੰ ਘਟ ਕਰਨ ਜਾਂ ਨਾ ਮੰਨਜ਼ੂਰ ਕਰਨ ਦਾ ਮਤਾ ਵੀ ਲੋਕ ਸਭਾ ਪਾਸ ਕਰ ਸਕਦੀ ਹੈ। ਸਦਨ ਵੱਲੋਂ ਕਿਸੇ ਮੰਗ ਨੂੰ ਰੱਦ ਕਰਨ ਦੀ ਅਵਸਥਾ ਵਿੱਚ ਮੰਤਰੀ ਪਰਿਸ਼ਦ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ।

ਪਹਿਲਾਂ ਲੋਕ ਸਭਾ ਵਿੱਚ ਸਾਰੀਆਂ ਮੰਗਾਂ ਉੱਤੇ ਵਿਚਾਰ ਵਟਾਂਦਰਾ ਹੁੰਦਾ ਹੈ। ਪਾਸ ਕੀਤੀਆਂ ਮੰਗਾਂ ਨੂੰ ਅਤੇ ਸੰਚਿਤ ਨਿਧੀ ਵਿੱਚੋਂ ਕੀਤੇ ਜਾਣ ਵਾਲੇ ਖਰਚੇ ਨੂੰ ਇਕ ਥਾਂ ਤੇ ਇੱਕਠਾ ਕਰਕੇ ਬਿੱਲ ਨੂੰ ਇੱਕ ਰੂਪ ਦਿੱਤਾ ਜਾਂਦਾ ਹੈ। ਇਸ ਨੂੰ ਨਮਿੱਤਣ ਬਿੱਲ ਕਿਹਾ ਜਾਂਦਾ ਹੈ। ਇਸ ਬਿੱਲ ਨੂੰ ਫਿਰ ਲੋਕ ਸਭਾ ਵਿੱਚ ਪੇਸ਼ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਸਾਰੇ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ ਜਿਨ੍ਹਾਂ ਵਿੱਚੋਂ ਸਧਾਰਨ ਬਿੱਲ ਨਿਕਲ ਕੇ ਆਉਂਦਾ ਹੈ।

ਲੋਕ ਸਭਾ ਤੋਂ ਪਾਸ ਹੋਣ ਉਪਰੰਤ ਬਿੱਲ ਰਾਜ ਸਭਾ ਕੋਲ ਸਿਫਾਰਸ਼ ਕਰਨ ਲਈ ਭੇਜ ਦਿੱਤਾ ਜਾਂਦਾ ਹੈ। ਰਾਜ ਸਭਾ ਨੇ 14 ਦਿਨਾਂ ਦੇ ਅੰਦਰ ਹੀ ਆਪਣਿਆਂ ਸਿਫ਼ਾਰਸ਼ਾਂ ਸਹਿਤ ਬਿੱਲ ਨੂੰ ਵਾਪਿਸ ਭੇਜਣਾ ਹੁੰਦਾ ਹੈ। ਲੋਕ ਸਭਾ ਇਨ੍ਹਾਂ ਸਿਫਾਰਸ਼ਾਂ ਨੂੰ ਮੰਨਣ ਲਈ ਪਾਬੰਦ ਨਹੀਂ ਹੈ। ਜੇਕਰ ਰਾਜ ਸਭਾ 14 ਦਿਨਾਂ ਅੰਦਰ ਨਮਿੱਤਣ ਬਿੱਲ ਵਾਪਸ ਲੋਕ ਸਭਾ ਨੂੰ ਨਹੀਂ ਭੇਜਦੀ ਤਾਂ ਇਹ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਭੇਜ ਦਿੱਤਾ ਜਾਂਦਾ ਹੈ। ਰਾਸ਼ਟਰਪਤੀ ਨੂੰ ਬਿੱਲ ਤੇ ਪ੍ਰਵਾਨਗੀ ਦੇਣੀ ਪੈਂਦੀ ਹੈ ਕਿਉਂਕਿ ਉਸ ਨੇ ਇਸ ਦੀ ਅਗੇਤਰੀ ਪ੍ਰਵਾਨਗੀ ਵੀ ਦਿੱਤੀ ਹੁੰਦੀ ਹੈ। ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਧਨ ਬਿੱਲ ਵਿੱਤੀ ਕਨੂੰਨ ਬਣ ਜਾਂਦਾ ਹੈ।

ਇਥੇ ਇਹ ਦਸਣਾ ਜ਼ਰੂਰੀ ਹੈ ਕਿ ਸੰਵਿਧਾਨ ਅਨੁਸਾਰ ਵਿੱਤੀ ਬਿੱਲ ਕੇਵਲ ਲੋਕ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹਨ। ਰਾਜ ਸਭਾ ਕੋਲ ਇਹ ਪਾਸ ਹੋਣ ਲਈ ਨਹੀਂ ਬਲਕਿ ਉਸ ਦੀਆਂ ਸਿਫ਼ਾਰਸ਼ਾਂ ਕਰਨ ਲਈ ਭੇਜਿਆ ਜਾਂਦਾ ਹੈ। ਇਨ੍ਹਾਂ ਸਿਫ਼ਾਰਸ਼ਾਂ ਨੂੰ ਮੰਨਣਾ ਜਾਂ ਅਪ੍ਰਵਾਨ ਕਰ ਦੇਣਾ ਲੋਕ ਸਭਾ ਦੀ ਆਪਣੀ ਇੱਛਾ ਹੈ।

## ਸੰਘੀ ਕਾਰਜਪਾਲਿਕਾ
## (Union Executive)

ਭਾਰਤ ਵਿੱਚ ਸੰਸਦੀ ਲੋਕ ਤੰਤਰੀ ਸਰਕਾਰ ਹੈ। ਸੰਸਦੀ ਸਰਕਾਰ ਵਿੱਚ ਕਾਰਜਪਾਲਿਕਾ ਦੇ ਦੋ ਭਾਗ ਹੁੰਦੇ ਹਨ— ਨਾਂ-ਮਾਤਰ ਅਤੇ ਅਸਲੀ ਕਾਰਜਪਾਲਿਕਾ। ਰਾਸ਼ਟਰਪਤੀ ਨਾਂ-ਮਾਤਰ ਦੀ ਕਾਰਜਪਾਲਿਕਾ ਹੈ। ਮੰਤਰੀ ਪਰਿਸ਼ਦ, ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਅਸਲੀ ਕਾਰਜਪਾਲਿਕਾ ਹੈ।

## ਭਾਰਤ ਦਾ ਰਾਸ਼ਟਰਪਤੀ
## (President of India)

ਸਰਕਾਰ ਦੇ ਸਾਰੇ ਕਾਰਜ ਤੇ ਫੈਸਲੇ ਰਾਸ਼ਟਰਪਤੀ ਦੇ ਨਾਂ 'ਤੇ ਜਾਰੀ ਕੀਤੇ ਜਾਂਦੇ ਹਨ। ਸੰਵਿਧਾਨ ਦੁਆਰਾ ਕਾਰਜਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆਂ ਗਈਆਂ ਹਨ। ਰਾਸਟਰਪਤੀ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ ਜਦਕਿ ਪ੍ਰਸ਼ਾਸਨ ਸੰਬੰਧੀ ਸਾਰੇ ਫੈਸਲੇ ਮੰਤਰੀ ਪਰਿਸ਼ਦ ਹੀ ਕਰਦੀ ਹੈ। ਰਾਸ਼ਟਰਪਤੀ ਉਨ੍ਹਾਂ ਤੇ ਕੇਵਲ ਹਸਤਾਖਰ ਕਰਦਾ ਹੈ। ਸੰਖੇਪ ਵਿੱਚ ਭਾਰਤ ਦਾ ਰਾਸ਼ਟਰਪਤੀ ਦੇਸ਼ ਦੀ ਕਾਰਜਪਾਲਿਕਾ ਦਾ ਸੰਵਿਧਾਨਿਕ ਮੁੱਖੀ ਹੁੰਦਾ ਹੈ। ਜਦਕਿ ਪ੍ਰਧਾਨ ਮੰਤਰੀ ਸ਼ਮੇਤ ਮੰਤਰੀ ਪਰਿਸ਼ਦ ਦੇਸ਼ ਦੀ ਵਾਸਤਵਿਕ ਕਾਰਜਪਾਲਿਕਾ ਹੈ।

**ਰਾਸ਼ਟਰਪਤੀ ਦੀ ਚੋਣ ਵਿਧੀ—** ਭਾਰਤ ਦਾ ਰਾਸ਼ਟਰਪਤੀ ਜਨਤਾ ਦੇ ਪ੍ਰਤੀਨਿਧੀਆਂ ਦੁਆਰਾ ਅਪ੍ਰੱਤਖ ਢੰਗ ਨਾਲ ਚੁਣਿਆ ਜਾਂਦਾ ਹੈ। ਸੰਵਿਧਾਨ ਅਨੁਸਾਰ ਰਾਸ਼ਟਰਪਤੀ ਬਣਨ ਲਈ ਉਮੀਦਵਾਰ ਦੀਆਂ ਇਹ ਯੋਗਤਾਵਾਂ ਹੋਣੀਆਂ ਜ਼ਰੂਰੀ ਹਨ—

1. ਉਹ ਭਾਰਤ ਦਾ ਨਾਗਰਿਕ ਹੋਵੇ।
2. 35 ਸਾਲ ਤੋਂ ਵੱਧ ਉਮਰ ਦਾ ਹੋਵੇ।
3. ਕਿਸੇ ਸਰਕਾਰੀ ਲਾਹੇਵੰਦ ਅਹੁਦੇ 'ਤੇ ਨਾ ਹੋਵੇ।
4. ਲੋਕ ਸਭਾ ਦਾ ਮੈਂਬਰ ਬਣਨ ਦੀ ਯੋਗਤਾ ਰੱਖਦਾ ਹੋਵੇ।

**ਚੋਣ ਮੰਡਲ—** ਰਾਸ਼ਟਰਪਤੀ ਇੱਕ ਚੋਣ ਮੰਡਲ ਦੁਆਰਾ ਚੁਣਿਆ ਜਾਂਦਾ ਹੈ। ਚੋਣ ਮੰਡਲ ਵਿੱਚ ਸੰਸਦ ਦੇ ਦੋਹਾਂ ਸਦਨਾਂ ਦੇ ਚੁਣੇ ਹੋਏ ਮੈਂਬਰ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰ ਸ਼ਾਮਿਲ ਹੁੰਦੇ ਹਨ। ਸੰਸਦ ਦੇ ਇੱਕ ਮੈਂਬਰ ਅਤੇ ਵਿਧਾਨ ਸਭਾ ਦੇ ਇਕ ਮੈਂਬਰ ਦੀਆਂ ਵੋਟਾਂ ਦੀ ਸੰਖਿਆਂ ਸੰਵਿਧਾਨ ਦੁਆਰਾ ਨਿਸਚਿਤ ਫਾਰਮੂਲੇ ਦੁਆਰਾ ਤੈਅ ਕੀਤੀ ਜਾਂਦੀ ਹੈ। ਇਹ ਚੋਣ ਅਨੁਪਾਤਿਕ ਪ੍ਰਤੀਨਿਧਤਾ ਦੇ ਸਿਧਾਂਤ ਅਨੁਸਾਰ ਕੀਤੀ ਜਾਂਦੀ ਹੈ।

ਰਾਸ਼ਟਰਪਤੀ ਦਾ ਕਾਰਜਕਾਲ ਪੰਜ ਸਾਲ ਹੁੰਦਾ ਹੈ। ਉਮੀਦਵਾਰ ਰਾਸ਼ਟਰਪਤੀ ਦੇ ਪੱਦ ਲਈ ਦੂਜੀ ਵਾਰ ਵੀ ਚੋਣ ਲੜ ਸਕਦਾ ਹੈ। ਰਾਸ਼ਟਰਪਤੀ ਤੇ ਸੰਵਿਧਾਨ ਦੀ ਉਲੰਘਣਾ ਕਰਨ ਤੇ ਮਹਾਂਦੋਸ਼ ਦਾ ਮੁਕੱਦਮਾ ਚਲਾ ਕੇ ਨਿਸ਼ਚਿਤ ਸਮੇਂ ਤੋਂ ਪਹਿਲਾਂ ਵੀ ਹਟਾਇਆ ਜਾ ਸਕਦਾ ਹੈ।

ਰਾਸ਼ਟਰਪਤੀ ਨੂੰ 5 ਲੱਖ ਰੁਪਏ ਮਹੀਨਾ ਤਨਖਾਹ ਮਿਲਦੀ ਹੈ। ਰਿਹਾਇਸ਼ ਲਈ ਸਜਿਆ ਸਜਾਇਆਂ ਰਾਸ਼ਟਰਪਤੀ ਭਵਨ ਮਿਲਦਾ ਹੈ। ਸੇਵਾਮੁਕਤ (ਰਿਟਾਇਰ) ਹੋਣ ਮਗਰੋਂ ਨਿਯਮਾਂ ਅਨੁਸਾਰ ਪੈਨਸ਼ਨ ਮਿਲਦੀ ਹੈ।

## ਰਾਸ਼ਟਰਪਤੀ ਦੀਆਂ ਸ਼ਕਤੀਆਂ
## (Powers of the President)

ਰਾਸ਼ਟਰਪਤੀ ਦੇਸ਼ ਦਾ ਮੁਖੀ ਹੁੰਦਾ ਹੈ। ਦੇਸ਼ ਦਾ ਸ਼ਾਸਨ ਉਸ ਦੇ ਨਾਂ 'ਤੇ ਚਲਾਇਆ ਜਾਂਦਾ ਹੈ। ਰਾਸ਼ਟਰਪਤੀ ਦੇਸ਼ ਦਾ ਮੁੱਖ ਕਾਰਜਪਾਲਕ ਹੁੰਦਾ ਹੈ। ਰਾਸ਼ਟਰਪਤੀ ਨੂੰ ਸੰਵਿਧਾਨ ਵੱਲੋਂ ਹੇਠ ਲਿਖੀਆਂ ਸ਼ਕਤੀਆਂ ਸੌਂਪੀਆਂ ਗਈਆਂ ਹਨ। ਸ਼ਕਤੀਆਂ ਦਾ ਪ੍ਰਯੋਗ ਰਾਸ਼ਟਰਪਤੀ, ਮੰਤਰੀ ਪਰਿਸ਼ਦ ਦੀ ਸਲਾਹ ਨਾਲ ਹੀ ਕਰਦਾ ਹੈ।

- **ਕਾਰਜਕਾਰੀ ਸ਼ਕਤੀਆਂ (Executive Powers)**

ਰਾਸ਼ਟਰਪਤੀ ਸੰਘ ਦਾ ਸਰਵਉੱਚ ਕਾਰਜਪਾਲਕ ਹੈ। ਸੰਵਿਧਾਨ ਵਲੋਂ ਸੰਘ ਦੀਆਂ ਸਮੁੱਚੀਆਂ ਕਾਰਜਕਾਰੀ ਸ਼ਕਤੀਆਂ ਉਸ ਨੂੰ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ, ਲੋਕ ਸਭਾ ਵਿੱਚ ਬਹੁਮੱਤ ਦਲ ਦੇ ਨੇਤਾ ਭਾਵ ਲੋਕ ਸਭਾ ਵਿੱਚ ਬਹੁਮੱਤ ਪ੍ਰਾਪਤ ਨੇਤਾ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਨਿਯੁਕਤ ਕਰਦਾ ਹੈ। ਪ੍ਰਧਾਨ ਮੰਤਰੀ ਦੀ ਸਿਫਾਰਿਸ਼ ਤੇ ਬਾਕੀ ਦੇ ਮੰਤਰੀਆਂ ਦੀ ਨਿਯੁੱਕਤੀ ਕਰਦਾ ਹੈ। ਮੰਤਰੀ ਪਰਿਸ਼ਦ, ਰਾਸ਼ਟਰਪਤੀ ਦੀ ਇੱਛਾ ਅਨੁਸਾਰ ਹੀ ਅਹੁਦੇ 'ਤੇ ਰਹਿ ਸਕਦੀ ਹੈ। ਪਰ ਅਸਲ ਵਿੱਚ ਮੰਤਰੀ ਪਰਿਸ਼ਦ ਲੋਕ ਸਭਾ ਦਾ ਵਿਸ਼ਵਾਸ ਪ੍ਰਾਪਤ ਕਰਨ ਤਕ ਹੀ ਅਹੁਦੇ 'ਤੇ ਰਹਿੰਦੀ ਹੈ। ਭਾਰਤ ਦਾ ਅਟਾਰਨੀ ਜਨਰਲ, ਕੰਪਟਰੋਲਰ ਤੇ ਆਡੀਟਰ ਜਨਰਲ, ਮੁੱਖ ਚੋਣ ਕਮਿਸ਼ਨਰ ਤੇ ਚੋਣ ਕਮਿਸ਼ਨਰ, ਯੂਨੀਅਨ ਪਬਲਿਕ ਲੋਕ ਸੇਵਾ ਆਯੋਗ ਦੇ ਚੇਅਰਮੈਨ ਤੇ ਮੈਂਬਰ, ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਮੁੱਖ ਨਿਆਂਧੀਸ਼ ਤੇ ਜੱਜ, ਰਾਜਾਂ ਦੇ ਰਾਜਪਾਲ ਅਤੇ ਕੇਂਦਰੀ ਖੇਤਰਾਂ ਦੇ ਉਪ-ਰਾਜਪਾਲ, ਦੇਸ ਦੇ ਵਿਦੇਸ਼ਾਂ ਵਿੱਚ ਰਾਜਦੂਤ ਆਦਿ ਉੱਚ ਅਧਿਕਾਰੀਆਂ ਦੀ ਨਿਯੁੱਕਤੀ ਕਰਦਾ ਹੈ। ਦੂਜੇ ਦੇਸਾਂ ਦੇ ਰਾਜਦੂਤ ਆਪਣਾ ਪ੍ਰਮਾਣ ਪੱਤਰ ਰਾਸ਼ਟਰਪਤੀ ਨੂੰ ਪੇਸ਼ ਕਰਨ ਉਪਰੰਤ ਹੀ ਭਾਰਤ ਵਿੱਚ ਵਸ ਸਕਦੇ ਹਨ।

ਰਾਸ਼ਟਰਪਤੀ ਭਾਰਤੀ ਸੈਨਾ ਦਾ ਸੁਪਰੀਮ ਕਮਾਂਡਰ ਹੁੰਦਾ ਹੈ। ਸੈਨਾਪਤੀਆਂ ਅਤੇ ਜਰਨੈਲਾਂ ਦੀਆਂ ਨਿਯੁੱਕਤੀਆਂ ਅਤੇ ਤਬਾਦਲੇ ਰਾਸ਼ਟਰਪਤੀ ਹੀ ਕਰਦਾ ਹੈ। ਸ਼ਾਂਤੀ ਤੇ ਯੁੱਧ ਦਾ ਐਲਾਨ ਵੀ ਰਾਸ਼ਟਰਪਤੀ ਹੀ ਕਰ ਸਕਦਾ ਹੈ।

- **ਵਿਧਾਨਿਕ ਸ਼ਕਤੀਆਂ (Legislative Powers)**

ਸੰਸਦੀ ਸਰਕਾਰ ਵਿੱਚ ਦੇਸ ਦਾ ਮੁਖੀ, ਰਾਸ਼ਟਰਪਤੀ ਸੰਸਦ ਦਾ ਇੱਕ ਮਹੱਤਵਪੂਰਨ ਅੰਗ ਹੁੰਦਾ ਹੈ। ਉਸ ਨੂੰ ਸੰਸਦ ਅਤੇ ਕਨੂੰਨੀ ਸੰਬੰਧੀ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ। ਰਾਸ਼ਟਰਪਤੀ ਸੰਸਦ ਦੀਆਂ ਬੈਠਕਾਂ ਬੁਲਾਉਂਦਾ ਹੈ ਅਤੇ ਸਥਗਿਤ ਕਰਦਾ ਹੈ। ਜਦੋਂ ਸੰਸਦ ਦਾ ਇਜਲਾਸ ਬੁਲਾਉਣਾ ਹੁੰਦਾ ਹੈ ਤਾਂ ਦੋਹਾਂ ਸਦਨਾਂ ਦੀ ਸਾਂਝੀ ਬੈਠਕ ਵਿੱਚ ਉਹ ਆਪਣਾ ਭਾਸ਼ਣ ਦੇ ਕੇ ਇਜਲਾਸ ਦਾ ਉਦਘਾਟਨ ਕਰਦਾ ਹੈ। ਰਾਸ਼ਟਰਪਤੀ ਦੇ ਇਸ ਭਾਸ਼ਣ ਵਿੱਚੋਂ ਸਰਕਾਰ ਦੀਆਂ ਨੀਤੀਆਂ ਦੀ ਮੁੱਖ ਰੂਪ ਰੇਖਾ ਝਲਕਦੀ ਹੈ।

ਸੰਸਦ ਦੁਆਰਾ ਪਾਸ ਕੀਤੇ ਜਾਣ ਵਾਲਾ ਬਿੱਲ ਰਾਸ਼ਟਰਪਤੀ ਦੇ ਹਸਤਾਖਰ ਹੋਣ ਉਪਰੰਤ ਕਨੂੰਨ ਬਣਦਾ ਹੈ। ਰਾਸ਼ਟਰਪਤੀ ਬਿੱਲ ਨੂੰ ਮੁੜ ਵਿਚਾਰ ਕਰਨ ਲਈ ਸੰਸਦ ਪਾਸ ਭੇਜ ਸਕਦਾ ਹੈ। ਅਜਿਹਾ ਉਹ ਇਕੋ ਵਾਰ ਹੀ ਕਰ ਸਕਦਾ ਹੈ ਜੇ ਕਰ ਸੰਸਦ ਉਸ ਬਿੱਲ ਨੂੰ ਪਾਸ ਕਰਕੇ ਭੇਜ ਦਿੰਦੀ ਹੈ ਤਾਂ ਉਸ ਨੂੰ ਬਿੱਲ 'ਤੇ ਹਸਤਾਖਰ ਕਰਨੇ ਹੀ ਪੈਂਦੇ ਹਨ।

ਜਦੋਂ ਸੰਸਦ ਦੀ ਬੈਠਕ ਨਾ ਹੋ ਰਹੀ ਹੋਵੇ ਤਾਂ ਉਸ ਸਮੇਂ ਅਨੁਸਾਰ ਰਾਸ਼ਟਰਪਤੀ ਅਧਿਆਦੇਸ਼ ਜਾਰੀ ਕਰ ਸਕਦਾ ਹੈ। ਇਹ ਅਧਿਆਦੇਸ਼ ਕਨੂੰਨ ਵਾਂਗ ਹੀ ਮੰਨਿਆ ਜਾਂਦਾ ਹੈ। ਪਰੰਤੂ ਇਹ ਅਧਿਆਦੇਸ਼ ਛੇ ਮਹੀਨਿਆਂ ਤੋਂ ਵੱਧ ਹੋਂਦ ਵਿੱਚ ਨਹੀਂ ਰਹਿ ਸਕਦਾ। ਸੰਸਦ ਦੀ ਬੈਠਕ ਆਰੰਭ ਹੋਣ ਤੋਂ ਛੇ ਹਫਤਿਆਂ ਅੰਦਰ ਹੀ ਇਸ ਦੀ ਸੰਸਦ ਤੋਂ ਪ੍ਰਵਾਨਗੀ ਲੈਣੀ ਜਰੂਰੀ ਹੈ ਜੇਕਰ ਸੰਸਦ ਪ੍ਰਵਾਨਗੀ ਨਹੀਂ ਦਿੰਦੀ ਤਾਂ ਇਹ ਸਮਾਪਤ ਹੋ ਜਾਂਦਾ ਹੈ।

- **ਵਿੱਤੀ ਸ਼ਕਤੀਆਂ (Financial Powers)**

ਰਾਸ਼ਟਰਪਤੀ ਸੰਸਦ ਦੇ ਸਾਹਮਣੇ ਸਰਕਾਰ ਦਾ ਸਾਲਾਨਾ ਵਿੱਤੀ ਵੇਰਵਾ ਪੇਸ਼ ਕਰਦਾ ਹੈ। ਰਾਸ਼ਟਰਪਤੀ ਬਜਟ ਤਿਆਰ ਕਰਵਾ ਕੇ ਸੱਸਦ ਦੇ ਸਾਹਮਣੇ ਪੇਸ਼ ਕਰਾਉਂਦਾ ਹੈ। ਬਜਟ ਵਿੱਚ ਸਰਕਾਰ

ਦੇ ਖਰਚੇ ਅਤੇ ਆਮਦਨ ਦੀ ਸੰਭਾਵਿਤ ਰਾਸ਼ੀ ਹੁੰਦੀ ਹੈ। ਰਾਸ਼ਟਰਪਤੀ ਦੀ ਅਗੇਤਰੀ ਪ੍ਰਵਾਨਗੀ, ਉਪਰੰਤ ਹੀ ਵਿੱਤ ਬਿੱਲ ਲੋਕ ਸਭਾ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਰਾਸ਼ਟਰਪਤੀ ਸੰਚਿਤ ਅਤੇ ਅਚਨਚੇਤ ਫ਼ੰਡ ਵਿੱਚੋਂ ਧਨ ਰਾਸ਼ੀ ਕੱਢ ਸਕਦਾ ਹੈ। ਪਰ ਇਸ ਲਈ ਸੰਸਦ ਵੀ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ।

- **ਨਿਆਂਇਕ ਸ਼ਕਤੀਆਂ (Judicial Powers)**

ਸੰਵਿਧਾਨ ਵਲੋਂ ਰਾਸ਼ਟਰਪਤੀ ਨੂੰ ਕੁਝ ਨਿਆਂਇਕ ਸ਼ਕਤੀਆਂ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਕਿਸੇ ਵੀ ਅਦਾਲਤ ਵਿੱਚ ਉਸ ਦੇ ਵਿਰੁੱਧ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ। ਰਾਸ਼ਟਰਪਤੀ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਘਟਾ ਸਕਦਾ ਹੈ ਜਾਂ ਬਿਲਕੁੱਲ ਵੀ ਮੁਆਫ਼ ਕਰ ਸਕਦਾ ਹੈ। ਜੇਕਰ ਰਾਸ਼ਟਰਪਤੀ ਮਹਿਸੂਸ ਕਰਦਾ ਹੈ ਕਿ ਕੋਈ ਜਨਤਕ ਮਹੱਤਵ ਜਾਂ ਕਨੂੰਨੀ ਮਹੱਤਵ ਦਾ ਪ੍ਰਸ਼ਨ ਉੱਤਪੰਨ ਹੋ ਗਿਆ ਹੈ ਤਾਂ ਉਹ ਸੁਪਰੀਮ ਕੋਰਟ ਤੋਂ ਅਜਿਹੇ ਮਾਮਲੇ 'ਤੇ ਸਲਾਹ ਲੈ ਸਕਦਾ ਹੈ। ਇਹ ਸਲਾਹ ਉਸ ਲਈ ਮੰਨਣੀ ਜ਼ਰੂਰੀ ਨਹੀਂ ਹੈ।

ਰਾਸ਼ਟਰਪਤੀ ਸੁਪਰੀਮ ਕੋਰਟ ਦੇ ਮੁੱਖ ਜੱਜ ਦੀ ਨਿਯੁੱਕਤੀ ਕਰਦਾ ਹੈ ਅਤੇ ਉਸ ਦੀ ਸਲਾਹ ਨਾਲ਼ ਬਾਕੀ ਦੇ ਜੱਜਾਂ ਨੂੰ ਨਿਯੁੱਕਤ ਕਰਦਾ ਹੈ। ਰਾਜਾਂ ਦੇ ਹਾਈਕੋਰਟਾਂ ਦੇ ਮੁੱਖ ਜੱਜਾਂ ਦੀ ਨਿਯੁੱਕਤੀ ਰਾਜ ਦੇ ਗਵਰਨਰ ਅਤੇ ਭਾਰਤ ਦੇ ਮੁੱਖ ਜੱਜ ਦੀ ਸਲਾਹ ਨਾਲ ਕਰਦਾ ਹੈ। ਹਾਈ ਕੋਰਟਾਂ ਦੇ ਬਾਕੀ ਜੱਜਾਂ ਦੀ ਨਿਯੁੱਕਤੀ ਭਾਰਤ ਦੇ ਮੁੱਖ-ਜੱਜ ਰਾਜ ਦੇ ਮੁੱਖ ਅਤੇ ਗਵਰਨਰ ਦੀ ਸਲਾਹ ਨਾਲ ਕਰਦਾ ਹੈ।

- **ਸੰਕਟਕਾਲੀਨ ਸ਼ਕਤੀਆਂ (Emergency Powers)**

ਮਨੁੱਖੀ ਜੀਵਨ ਵਾਂਗ ਦੇਸ ਦੇ ਜੀਵਨ ਵਿੱਚ ਵੀ ਸੰਕਟ ਆ ਸਕਦਾ ਹੈ। ਅਜਿਹੀ ਸਥਿਤੀ ਨੂੰ ਨਜਿੱਠਣ ਲਈ ਭਾਰਤੀ ਸੰਵਿਧਾਨ ਵਿੱਚ ਪ੍ਰਬੰਧ ਕੀਤਾ ਗਿਆ ਹੈ। ਸੰਕਟਕਾਲੀਨ ਹਾਲਾਤ ਦੇਸ ਦੇ ਬਾਹਰਲੇ ਹਮਲੇ ਜਾਂ ਅੰਦਰੂਨੀ ਹਥਿਆਰਬੰਦ ਵਿਦਰੋਹ ਜਾਂ ਗੜਬੜ ਕਾਰਨ ਹੋ ਸਕਦੇ ਹਨ। ਸਾਡੇ ਦੇਸ਼ ਵਿੱਚ ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਸੰਕਟਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਮੰਤਰੀ ਪਰਿਸ਼ਦ ਦੀ ਸਲਾਹ ਅਤੇ ਸੰਸਦ ਦੀ ਪ੍ਰਵਾਨਗੀ ਨਾਲ ਕਰਦਾ ਹੈ। ਰਾਸ਼ਟਰਪਤੀ ਨੂੰ ਭਾਰਤੀ ਸੰਵਿਧਾਨ ਦੁਆਰਾ ਤਿੰਨ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਸੌਂਪੀਆਂ ਗਈਆਂ ਹਨ।

**1. ਰਾਸ਼ਟਰੀ (ਕੌਮੀ) ਸੰਕਟ (National Emergency Due to External Aggression)**

ਜਦੋਂ ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਦੇਸ਼ 'ਤੇ ਹਮਲੇ ਜਾਂ ਯੁੱਧ ਹਥਿਆਰਬੰਦ ਵਿਦਰੋਹ ਕਾਰਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਗਿਆ ਹੋਵੇ ਤਾਂ ਉਹ ਸਾਰੇ ਦੇਸ਼ ਵਿੱਚ ਜਾਂ ਦੇਸ਼ ਦੇ ਕਿਸੇ ਇਕ ਹਿੱਸੇ ਵਿੱਚ ਸੰਕਟਕਾਲ ਦੀ ਘੋਸ਼ਣਾ ਕਰ ਸਕਦੀ ਹੈ। ਅਜਿਹੇ ਸਮੇਂ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਮੁਲਤਵੀ ਕੀਤਾ ਜਾ ਸਕਦਾ ਹੈ ਜਾਂ ਉਨ੍ਹਾਂ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। 1975 ਦੇ ਅੰਦਰੂਨੀ ਸੰਕਟਕਾਲ ਦੇ ਐਲਾਨ ਸਮੇਂ ਅਜਿਹਾ ਕੀਤਾ ਗਿਆ ਸੀ। ਇਸ ਦੇ ਭਿਆਨਕ ਸਿੱਟੇ ਨਿਕਲੇ, ਸੰਕਟਕਾਲੀਨ ਘੋਸ਼ਣਾ ਦਾ ਦੂਜਾ ਮਾੜਾ ਪ੍ਰਭਾਵ ਸੰਘਾਤਮਕ ਢਾਂਚੇ 'ਤੇ ਪੈਂਦਾ ਹੈ। ਸੰਕਟਕਾਲੀਨ ਸ਼ਕਤੀ ਦੁਆਰਾ ਰਾਸ਼ਟਰਪਤੀ ਸੰਘਾਤਮਕ ਸਰਕਾਰ ਨੂੰ ਇਕਾਤਮਕ ਸਰਕਾਰ ਵਿੱਚ ਬਦਲ ਸਕਦਾ ਹੈ।

### 2. ਰਾਜ ਦਾ ਸੰਵਿਧਾਨਿਕ ਸੰਕਟ (Constitutional Emergency)

ਜੇਕਰ ਰਾਸ਼ਟਰਪਤੀ ਨੂੰ ਰਾਜਪਾਲ ਦੁਆਰਾ ਭੇਜੀ ਗਈ ਰਿਪੋਰਟ ਜਾਂ ਕਿਸੇ ਹੋਰ ਸਾਧਨ ਤੋਂ ਸੂਚਨਾ ਮਿਲਣ ਤੇ ਇਹ ਭਰੋਸਾ ਹੋ ਜਾਏ ਕਿ ਰਾਜ ਵਿੱਚ ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋ ਗਈ ਹੈ, ਜਦੋਂ ਰਾਜ ਦੇ ਸ਼ਾਸਨ ਨੂੰ ਸੰਵਿਧਾਨ ਅਨੁਸਾਰ ਨਾ ਚਲਾਇਆ ਜਾ ਰਿਹਾ ਹੋਵੇ ਤਾਂ ਰਾਸ਼ਟਰਪਤੀ ਉਸ ਰਾਜ ਵਿੱਚ ਸੰਕਟ ਕਾਲ ਦੀ ਘੋਸ਼ਣਾ ਕਰ ਸਕਦੀ ਹੈ। ਅਜਿਹੀ ਘੋਸ਼ਣਾ ਕਰਨ ਉਪਰੰਤ ਰਾਸ਼ਟਰਪਤੀ ਰਾਜ ਦੀ ਕਾਰਜਪਾਲਿਕਾ ਦੇ ਸਾਰੇ ਕੰਮਾਂ ਤੇ ਸ਼ਕਤੀਆਂ ਨੂੰ ਆਪਣੇ ਹੱਥਾਂ ਵਿੱਚ ਲੈ ਲੈਂਦਾ ਹੈ। ਰਾਜ ਦੀ ਮੰਤਰੀ ਪਰਿਸ਼ਦ ਨੂੰ ਭੰਗ ਕਰ ਦਿੱਤਾ ਜਾਂਦਾ ਹੈ। ਅਜਿਹੇ ਸਮੇਂ ਰਾਸ਼ਟਰਪਤੀ ਰਾਜ ਦੀ ਵਿਧਾਨ ਸਭਾ ਨੂੰ ਮੁਲਤਵੀ ਜਾਂ ਭੰਗ ਵੀ ਕਰ ਸਕਦਾ ਹੈ। ਅਜਿਹੀ ਸਥਿਤੀ ਵਿੱਚ ਰਾਜਪਾਲ, ਰਾਸ਼ਟਰਪਤੀ ਦੇ ਨਾਂ ਦਾ ਪ੍ਰਸ਼ਾਸਨ ਚਲਾਉਂਦਾ ਹੈ ਅਤੇ ਸੰਸਦ ਰਾਜ ਲਈ ਕਨੂੰਨਾਂ ਦਾ ਨਿਰਮਾਣ ਕਰਦੀ ਹੈ।

ਸਧਾਰਨ ਤੌਰ 'ਤੇ ਰਾਸ਼ਟਰਪਤੀ ਰਾਜ ਵਿੱਚ ਅਜਿਹਾ ਸ਼ਾਸਨ ਛੇ ਮਹੀਨਿਆਂ ਲਈ ਹੀ ਚਲਾ ਸਕਦਾ ਹੈ। ਜੇਕਰ ਸੰਸਦ ਪ੍ਰਵਾਨਗੀ ਦੇ ਦੇਵੇ ਤਾਂ ਇਹ ਸਮਾਂ ਛੇ ਮਹੀਨੇ ਲਈ ਹੋਰ ਵਧਾਇਆ ਜਾ ਸਕਦਾ ਹੈ।

### 3. ਵਿੱਤੀ ਸੰਕਟ (Financial Emergency)

ਜੇਕਰ ਦੇਸ਼ ਦੀ ਆਰਥਿਕ ਸਥਿਤੀ ਅਜਿਹੀ ਹੋਵੇ ਜਿਸ ਨਾਲ ਆਰਥਿਕ ਸਥਿਰਤਾ ਲਈ ਖਤਰਾ ਪੈਦਾ ਹੋ ਸਕੇ ਤਾਂ ਰਾਸ਼ਟਰਪਤੀ ਵਿੱਤੀ ਸੰਕਟ ਦੀ ਘੋਸ਼ਣਾ ਕਰ ਸਕਦਾ ਹੈ। ਵਿੱਤੀ ਸੰਕਟ ਕਾਲ ਵਿੱਚ ਰਾਸ਼ਟਰਪਤੀ ਸਾਰੇ ਸਰਕਾਰੀ ਕਰਮਚਾਰੀਆਂ ਜਿਨ੍ਹਾਂ ਵਿੱਚ ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜ ਵੀ ਸ਼ਾਮਲ ਹਨ, ਤਨਖਾਹ ਜਾਂ ਭੱਤੇ ਘਟ ਕਰਨ ਦਾ ਆਦੇਸ਼ ਜਾਰੀ ਕਰ ਸਕਦਾ ਹੈ। ਰਾਜ ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਧਨ ਬਿੱਲ ਰਾਸ਼ਟਰਪਤੀ ਦੀ ਮੰਨਜ਼ੂਰੀ ਲਈ ਭੇਜੇ ਜਾਂਦੇ ਹਨ। ਰਾਜਾਂ ਵਿੱਚਕਾਰ ਆਮਦਨ ਦੀ ਸਧਾਰਨ ਵੰਡ ਵਿੱਚ ਵੀ ਪਰਿਵਰਤਨ ਕਰ ਸਕਦਾ ਹੈ। ਭਾਰਤ ਵਿੱਚ ਅਜ ਤਕ ਅਜਿਹੇ ਵਿੱਤੀ ਸੰਕਟਕਾਲ ਦਾ ਐਲਾਨ ਨਹੀਂ ਕੀਤਾ ਗਿਆ ਹੈ।

ਰਾਸ਼ਟਰਪਤੀ ਦੀਆਂ ਇਹਨਾਂ ਸੰਕਟ ਕਾਲੀਨ ਸ਼ਕਤੀਆਂ ਦੀ ਕਰੜੀ ਆਲੋਚਨਾ ਕੀਤੀ ਗਈ ਹੈ। ਰਾਸ਼ਟਰਪਤੀ ਕਲਮ ਦੇ ਇਕ ਝਟਕੇ ਨਾਲ ਹੀ ਸ਼ਾਸਨ ਦਾ ਰੂਪ ਸੰਘਾਤਮਕ ਤੋਂ ਇਕਾਤਮਕ ਵਿੱਚ ਬਦਲ ਸਕਦਾ ਹੈ। ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰਕੇ ਸੱਤਾਵਾਦੀ ਸ਼ਾਸਨ ਦੀ ਸਥਾਪਨਾ ਕਰ ਸਕਦਾ ਹੈ। ਪਰ ਇਹ ਸ਼ੰਕਾਵਾਂ ਹੀ ਹਨ ਕਿਉਂਕਿ ਰਾਸ਼ਟਰਪਤੀ ਕੇਵਲ ਸੰਵਿਧਾਨਿਕ ਮੁਖੀ ਹੀ ਹੈ।

## ਉਪ-ਰਾਸ਼ਟਰਪਤੀ
## (Vice President)

ਉਪ ਰਾਸ਼ਟਰਪਤੀ ਰਾਜ ਸਭਾ ਦਾ ਸਭਾ ਪਤੀ ਹੁੰਦੀ ਹੈ। ਰਾਸ਼ਟਰਪਤੀ ਦੀ ਬਿਮਾਰੀ ਜਾਂ ਵਿਦੇਸ਼ ਵਿੱਚ ਜਾਣ ਕਾਰਨ ਜਾਂ ਉਸ ਦੀ ਗੈਰ ਹਾਜ਼ਰੀ ਦੀ ਅਵਸਥਾ ਵਿੱਚ ਉਪ-ਰਾਸ਼ਟਰਪਤੀ ਉਸ ਦੇ ਅਹੁਦੇ ਨੂੰ ਸੰਭਾਲਦਾ ਹੈ ਅਤੇ ਸਦਨ ਦੀ ਕਾਰਵਾਈ ਨੂੰ ਨਿਯਮਾਂ ਅਨੁਸਾਰ ਚਲਾਉਂਦਾ ਹੈ। ਜਦੋਂ ਰਾਸ਼ਟਰਪਤੀ ਅਸਤੀਫਾ ਦਿੰਦਾ ਹੈ ਜਾਂ ਮੌਤ ਹੋ ਜਾਣ ਦੀ ਸੂਰਤ ਵਿੱਚ ਉਪ-ਰਾਸ਼ਟਰਪਤੀ ਨਵੇਂ ਰਾਸ਼ਟਰਪਤੀ ਦੀ ਚੋਣ ਤੱਕ ਜਿਹੜੀ ਛੇ ਮਹੀਨਿਆਂ ਅੰਦਰ ਹੋਣੀ ਜ਼ਰੂਰੀ ਹੁੰਦੀ ਹੈ, ਰਾਸ਼ਟਰਪਤੀ ਦੇ ਅਹੁਦੇ ਦਾ ਸਾਰਾ ਕਾਰਜ ਸੰਭਾਲਦਾ ਹੈ।

ਉਪ-ਰਾਸ਼ਟਰਪਤੀ ਰਾਜ ਸਭਾ ਦਾ ਸਭਾ ਪਤੀ ਹੁੰਦੀ ਹੈ ਉਹ ਸਦਨ ਦੀ ਕਾਰਵਾਈ ਨਿਯਮਾਂ ਅਨੁਸਾਰ ਚਲਾਉਂਦਾ ਹੈ। ਉਪ-ਰਾਸ਼ਟਰਪਤੀ ਦੀ ਚੋਣ ਰਾਸ਼ਟਰਪਤੀ ਤੋਂ ਭਿੰਨ ਹੁੰਦਾ ਹੈ। ਉਪ-ਰਾਸ਼ਟਰਪਤੀ

ਇਕ ਚੋਣ ਮੰਡਲ ਦੁਆਰਾ ਚੁਣਿਆ ਜਾਂਦਾ ਹੈ ਜਿਸ ਦੇ ਵਿੱਚ ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਹੁੰਦੇ ਹਨ। ਉਪ-ਰਾਸ਼ਟਰਪਤੀ ਪੰਜਾਂ ਸਾਲਾਂ ਲਈ ਚੁਣਿਆ ਜਾਂਦਾ ਹੈ। ਪੰਜ ਸਾਲਾਂ ਤੋਂ ਪਹਿਲਾਂ ਵੀ ਸੰਸਦ ਆਪਣੇ ਬਹੁਮੱਤ ਨਾਲ ਉਪ-ਰਾਸ਼ਟਰਪਤੀ ਨੂੰ ਹਟਾ ਸਕਦੀ ਹੈ। ਉਪ-ਰਾਸ਼ਟਰਪਤੀ ਨੂੰ ਤਨਖ਼ਾਹ ਬਤੌਰ ਰਾਜ ਸਭਾ ਦੇ ਚੇਅਰਮੈਨ ਵਜੋਂ ਮਿਲਦੀ ਹੈ।

## ਭਾਰਤ ਦਾ ਪ੍ਰਧਾਨ ਮੰਤਰੀ
## (Prime Minister of India)

ਸੰਸਦੀ ਸਰਕਾਰ ਵਿੱਚ ਪ੍ਰਧਾਨ ਮੰਤਰੀ ਦਾ ਅਹੁਦਾ ਸਭ ਤੋਂ ਵੱਧ ਸ਼ਕਤੀਸ਼ਾਲੀ ਅਤੇ ਮਹੱਤਵਪੂਰਨ ਹੁੰਦਾ ਹੈ। ਸਾਡੇ ਦੇਸ਼ ਦੀ ਸੰਸਦੀ ਸ਼ਾਸਨ ਪ੍ਰਨਾਲੀ ਵਿੱਚ ਪ੍ਰਧਾਨ ਮੰਤਰੀ ਹੀ ਸੰਸਦ, ਮੰਤਰੀ ਪਰਿਸ਼ਦ ਪ੍ਰਸ਼ਾਸਨ ਅਤੇ ਆਪਣੇ ਰਾਜਨੀਤਿਕ ਦਲ ਵਿੱਚ ਸਰਵਸ੍ਰੇਸ਼ਟ ਹੈ। ਡਾ. ਅੰਬੇਦਕਰ ਦੇ ਸ਼ਬਦਾਂ ਵਿੱਚ ਜੇਕਰ ਸਾਡੇ ਸੰਵਿਧਾਨ ਵਿੱਚ ਕਿਸੇ ਅਧਿਕਾਰੀ ਦੀ ਤੁਲਨਾ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਨਾਲ ਕੀਤੀ ਜਾ ਸਕਦੀ ਹੈ ਤਾਂ ਉਹ ਪ੍ਰਧਾਨ ਮੰਤਰੀ ਹੀ ਹੈ ਰਾਸ਼ਟਰਪਤੀ ਨਹੀਂ। ਇਸ ਸੰਦਰਭ ਵਿੱਚ ਸਾਡੇ ਦੇਸ਼ ਦਾ ਪ੍ਰਧਾਨ ਮੰਤਰੀ ਵਿਸ਼ਵ ਦੇ ਸਿਰਕੱਢ ਲੋਕਤੰਤਰੀ ਅਹੁਦਿਆਂ ਵਿੱਚੋਂ ਇੱਕ ਹੈ।

**ਨਿਯੁਕਤੀ—** ਭਾਰਤੀ ਸੰਵਿਧਾਨ ਅਨੁਸਾਰ ਪ੍ਰਧਾਨ ਮੰਤਰੀ ਦੀ ਨਿਯੁਕਤੀ ਰਾਸ਼ਟਰਪਤੀ ਕਰਦਾ ਹੈ। ਅਸਲ ਵਿੱਚ ਰਾਸ਼ਟਰਪਤੀ ਅਜਿਹੇ ਵਿਅਕਤੀ ਨੂੰ ਪ੍ਰਧਾਨ ਮੰਤਰੀ ਨਿਯੁੱਕਤ ਕਰਦੇ ਹਨ ਜਿਹੜਾ ਲੋਕ ਸਭਾ ਵਿੱਚ ਬਹੁਮਤ ਦਲ ਦਾ ਨੇਤਾ ਹੋਵੇ ਜਾਂ ਜਿਸਨੂੰ ਲੋਕ ਸਭਾ ਦਾ ਬਹੁਮੱਤ ਪ੍ਰਾਪਤ ਹੋਵੇ। ਪ੍ਰਧਾਨ ਮੰਤਰੀ ਅਤੇ ਮੰਤਰੀ ਰਾਸ਼ਟਰਪਤੀ ਦੀ ਖੁਸ਼ੀ ਤਕ ਹੀ ਪਦੱਵੀ 'ਤੇ ਰਹਿ ਸਕਦੇ ਹਨ।

**ਪ੍ਰਧਾਨ ਮੰਤਰੀ ਦੀਆਂ ਸ਼ਕਤੀਆਂ (Powers of the Prime Minister):-** ਭਾਰਤੀ ਸੰਵਿਧਾਨ ਅਨੁਸਾਰ ਭਾਰਤ ਦੇ ਪ੍ਰਧਾਨ ਮੰਤਰੀ ਦੀਆਂ ਮੁੱਖ ਸ਼ਕਤੀਆਂ ਹੇਠ ਲਿਖੀਆਂ ਹਨ—

1. **ਮੰਤਰੀ ਪਰਿਸ਼ਦ ਦਾ ਨਿਰਮਾਣ—** ਰਾਸ਼ਟਰਪਤੀ, ਪ੍ਰਧਾਨ ਮੰਤਰੀ ਨੂੰ ਨਿਯੁਕਤ ਕਰਨ ਸਮੇਂ ਸਰਕਾਰ ਨਿਰਮਾਣ ਕਰਨ ਦਾ ਸੱਦਾ ਦਿੰਦਾ ਹੈ। ਪ੍ਰਧਾਨ ਮੰਤਰੀ ਆਪਣੇ ਸਾਥੀ ਮੰਤਰੀਆਂ ਦੀ ਸੂਚੀ ਰਾਸ਼ਟਰਪਤੀ ਨੂੰ ਪੇਸ਼ ਕਰਦਾ ਹੈ। ਰਾਸ਼ਟਰਪਤੀ ਇਸੇ ਸੂਚੀ ਦੇ ਅਧਾਰ 'ਤੇ ਮੰਤਰੀ ਨਿਯੁੱਕਤ ਕਰਦਾ ਹੈ। ਕਿਸੇ ਨੂੰ ਕੈਬਨਿਟ ਮੰਤਰੀ, ਰਾਜ ਮੰਤਰੀ ਜਾਂ ਉਪ-ਮੰਤਰੀ ਬਣਾਉਣ ਦਾ ਅਧਿਕਾਰ ਪ੍ਰਧਾਨ ਮੰਤਰੀ ਨੂੰ ਹੀ ਹੈ। ਪ੍ਰਧਾਨ ਮੰਤਰੀ ਚਾਹੇ ਤਾਂ ਆਪਣੇ ਕਿਸੇ ਸਾਥੀ ਨੂੰ ਉਪ-ਪ੍ਰਧਾਨ ਵੀ ਨਿਯੁੱਕਤ ਕਰ ਸਕਦਾ ਹੈ।

2. **ਵਿਭਾਗਾਂ ਦੀ ਵੰਡ—** ਪ੍ਰਧਾਨ ਮੰਤਰੀ ਕੋਲ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਨ ਦੀ ਮਹੱਤਵਪੂਰਨ ਸ਼ਕਤੀ ਹੈ। ਵਿਭਾਗਾਂ ਦੀ ਵੰਡ ਸੰਬੰਧੀ ਪ੍ਰਧਾਨ ਮੰਤਰੀ ਸੰਵਿਧਾਨਿਕ ਤੌਰ 'ਤੇ ਪੂਰਨ ਸੁਤੰਤਰ ਹੈ। ਇਹ ਪ੍ਰਧਾਨ ਮੰਤਰੀ ਫੈਸਲਾ ਕਰਦਾ ਹੈ ਕਿ ਕਿਸ ਮੰਤਰੀ ਤੇ ਮਹੱਤਵਪੂਰਨ ਵਿਭਾਗ ਦੇ ਪ੍ਰਸ਼ਾਸਨ ਦਾ ਸੰਚਾਲਨ ਕਰਨਾ ਹੈ। ਪਾਰਟੀ ਦੇ ਪ੍ਰਭਾਵਸ਼ਾਲੀ ਨੇਤਾ, ਪ੍ਰਧਾਨ ਮੰਤਰੀ ਤੇ ਮਹੱਤਵਪੂਰਨ ਵਿਭਾਗ ਦੇ ਮੰਤਰੀ ਨਿਯੁੱਕਤ ਕਰਾਉਣ ਲਈ ਦਬਾਅ ਪਾਉਂਦੇ ਹਨ ਪਰ ਇਸ ਸੰਬੰਧੀ ਅੰਤਿਮ ਫੈਸਲਾ ਪ੍ਰਧਾਨ ਮੰਤਰੀ ਦਾ ਹੀ ਹੁੰਦਾ ਹੈ।

3. **ਪੁਨਰਗਠਨ—** ਪ੍ਰਧਾਨ ਮੰਤਰੀ ਪ੍ਰਸ਼ਾਸਨ ਨੂੰ ਕੁਸ਼ਲਤਾ ਸਹਿਤ ਚਲਾਉਣ ਲਈ ਅਤੇ ਸਾਂਝੀ ਜਿੰਮੇਵਾਰੀ ਕਾਰਨ ਮੰਤਰੀ ਪਰਿਸ਼ਦ ਦਾ ਪੁਨਰਗਠਨ ਕਰ ਸਕਦਾ ਹੈ। ਇਸ ਦਾ ਭਾਵ ਹੈ ਕਿ ਪੁਰਾਣੇ ਮੰਤਰੀਆਂ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਨਵੇਂ ਮੰਤਰੀ ਨਿਯੁੱਕਤ ਕਰ ਸਕਦਾ ਹੈ ਜਾਂ ਮੰਤਰੀਆਂ ਵਿੱਚ ਵਿਭਾਗਾਂ ਦੀ ਨਵੇਂ ਸਿਰੇ ਤੋਂ ਵੰਡ ਜਾਂ ਅਦਲਾ-ਬਦਲੀ ਕਰ ਸਕਦਾ ਹੈ।

**4. ਮੰਤਰੀ ਮੰਡਲ ਦੀ ਅਗਵਾਈ—** ਪ੍ਰਧਾਨ ਮੰਤਰੀ, ਮੰਤਰੀ ਮੰਡਲ ਦਾ ਮੁੱਖੀ ਹੁੰਦਾ ਹੈ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਮੰਤਰੀ ਮੰਡਲ ਦੀਆਂ ਬੈਠਕਾਂ ਦੀ ਕਾਰਜ ਸੂਚੀ (Agenda) ਤਿਆਰ ਕਰਦਾ ਹੈ ਅਤੇ ਉਨ੍ਹਾਂ ਦੀ ਮਿਤੀ, ਸਮਾਂ ਤੇ ਸਥਾਨ ਨਿਸ਼ਚਿਤ ਕਰਦਾ ਹੈ। ਮੰਤਰੀਆਂ ਦੇ ਆਪਸੀ ਮਤਭੇਦਾਂ ਨੂੰ ਦੂਰ ਕਰਦਾ ਹੈ ਅਤੇ ਉਨ੍ਹਾਂ ਵਿੱਚ ਤਾਲਮੇਲ ਪੈਦਾ ਕਰਦਾ ਹੈ। ਹਰੇਕ ਮੰਤਰੀ ਨਿੱਜੀ ਤੌਰ 'ਤੇ ਆਪਣੇ ਵਿਭਾਗ ਦੇ ਸੰਚਾਲਨ ਲਈ ਪ੍ਰਧਾਨ ਮੰਤਰੀ ਪ੍ਰਤੀ ਜ਼ਿੰਮੇਵਾਰ ਹੈ।

**5. ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿੱਚ ਕੜੀ—** ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਮੰਤਰੀ ਮੰਡਲ ਵਿੱਚ ਇਕ ਕੜੀ ਦੀ ਭੂਮਿਕਾ ਨਿਭਾਉਂਦਾ ਹੈ। ਮੰਤਰੀ ਮੰਡਲ ਦੇ ਫੈਸਲਿਆਂ ਦੀ ਰਾਸ਼ਟਰਪਤੀ ਨੂੰ ਸੂਚਨਾ ਦੇਣੀ ਉਸ ਦਾ ਸੰਵਿਧਾਨਿਕ ਕਰਤੱਵ ਹੈ। ਰਾਸ਼ਟਰਪਤੀ ਆਪ ਵੀ ਕਿਸੇ ਵਿਭਾਗ ਬਾਰੇ ਸੂਚਨਾ ਪ੍ਰਧਾਨ ਮੰਤਰੀ ਤੋਂ ਪ੍ਰਾਪਤ ਕਰ ਸਕਦਾ ਹੈ। ਜੇਕਰ ਕੋਈ ਮੰਤਰੀ, ਰਾਸ਼ਟਰਪਤੀ ਨੂੰ ਮਿਲਣਾ ਚਾਹੇ ਜਾਂ ਸਲਾਹ ਲੈਣਾ ਚਾਹੇ ਤਾਂ ਉਹ ਪ੍ਰਧਾਨ ਮੰਤਰੀ ਰਾਹੀਂ ਹੀ ਅਜਿਹਾ ਕਰ ਸਕਦਾ ਹੈ। ਸੰਖੇਪ ਵਿੱਚ ਰਾਸ਼ਟਰਪਤੀ ਅਤੇ ਮੰਤਰੀ ਮੰਡਲ ਦੇ ਮੈਂਬਰਾਂ ਵਿੱਚ ਉਹ ਵਿਚੋਲੇ ਦਾ ਕੰਮ ਕਰਦਾ ਹੈ।

**6. ਸਦਨ ਦਾ ਨੇਤਾ—** ਪ੍ਰਧਾਨ ਮੰਤਰੀ ਨੂੰ ਲੋਕ ਸਭਾ ਦਾ ਨੇਤਾ ਮੰਨਿਆ ਜਾਂਦਾ ਹੈ। ਲੋਕ ਸਭਾ ਹਰ ਔਕੜ ਵਿੱਚ ਪ੍ਰਧਾਨ ਮੰਤਰੀ ਤੋਂ ਅਗਵਾਈ ਦੀ ਆਸ ਕਰਦੀ ਹੈ। ਪ੍ਰਧਾਨ ਮੰਤਰੀ ਦੀ ਇੱਛਾ ਵਿਰੁੱਧ ਲੋਕ ਸਭਾ ਕੁਝ ਵੀ ਨਹੀਂ ਕਰ ਸਕਦੀ ਕਿਉਂਕਿ ਉਸ ਨੂੰ ਲੋਕ ਸਭਾ ਦੇ ਬਹੁਮੱਤ ਦਾ ਸਮਰਥਨ ਪ੍ਰਾਪਤ ਹੁੰਦਾ ਹੈ। ਸਰਕਾਰ ਦੀਆਂ ਨੀਤੀਆਂ ਤੇ ਫੈਸਲਿਆਂ ਦੀ ਘੋਸ਼ਣਾ ਪ੍ਰਧਾਨ ਮੰਤਰੀ ਲੋਕ ਸਭਾ ਵਿੱਚ ਕਰਦਾ ਹੈ। ਸਪੀਕਰ, ਪ੍ਰਧਾਨ ਮੰਤਰੀ ਨਾਲ ਮਿਲ ਕੇ ਸਦਨ ਦਾ ਪ੍ਰੋਗਰਾਮ ਨਿਸ਼ਚਿਤ ਕਰਦਾ ਹੈ।

**7. ਸਰਕਾਰ ਦਾ ਮੁੱਖੀ—** ਰਾਸ਼ਟਰਪਤੀ ਦੇਸ ਦਾ ਮੁੱਖੀ ਹੈ, ਪਰੰਤੂ ਪ੍ਰਧਾਨ ਮੰਤਰੀ ਸਰਕਾਰ ਦਾ ਮੁੱਖੀ ਹੈ। ਪ੍ਰਧਾਨ ਮੰਤਰੀ ਭਾਰਤ ਸਰਕਾਰ ਦਾ ਮੁੱਖ ਬੁਲਾਰਾ ਤੇ ਪ੍ਰਤਿਨਿਧ ਹੁੰਦਾ ਹੈ। ਸੰਸਦ ਅਤੇ ਜਨਤਾ ਦੇ ਸਾਹਮਣੇ ਮੰਤਰੀ ਮੰਡਲ ਤੇ ਸਰਕਾਰ ਦੀ ਨੀਤੀ ਤੇ ਫੈਸਲਿਆਂ ਦਾ ਐਲਾਨ ਪ੍ਰਧਾਨ ਮੰਤਰੀ ਵਲੋਂ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਯੋਜਨਾ ਆਯੋਗ ਦਾ ਚੇਅਰਮੈਨ ਹੈ ਅਤੇ ਉਸ ਦੀ ਅਗਵਾਈ ਹੇਠ ਦੇਸ ਦੀ ਆਰਥਿਕ ਯੋਜਨਾਬੰਦੀ ਹੁੰਦੀ ਹੈ। ਸੰਖੇਪ ਵਿੱਚ ਪ੍ਰਧਾਨ ਮੰਤਰੀ ਸਰਕਾਰ ਦਾ ਮੁਖੀ ਹੈ ਅਤੇ ਦੇਸ ਦਾ ਅਸਲੀ ਸ਼ਾਸਕ ਹੈ।

## ਮੰਤਰੀ ਪਰਿਸ਼ਦ

## (Council of Ministers)

ਸੰਵਿਧਾਨ ਅਨੁਸਾਰ ਕੇਂਦਰੀ ਕਾਰਜਪਾਲਿਕਾ ਦੀਆਂ ਸ਼ਕਤੀਆਂ ਰਾਸ਼ਟਰਪਤੀ ਨੂੰ ਸੌਂਪੀਆ ਗਈਆਂ ਹਨ। ਰਾਸ਼ਟਰਪਤੀ ਦੀਆਂ ਇਹ ਸ਼ਕਤੀਆਂ ਰਸਮੀ ਹਨ ਅਤੇ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਰਾਸ਼ਟਰਪਤੀ, ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ। ਸੰਘੀ ਮੰਤਰੀ ਪਰਿਸ਼ਦ ਕੇਂਦਰ ਦੀ ਅਸਲੀ ਕਾਰਜ ਪਾਲਿਕਾ ਹੈ। ਇਹ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਦੇਸ ਦੇ ਪ੍ਰਸ਼ਾਸਨ ਦਾ ਸੰਚਾਲਨ ਕਰਦੀ ਹੈ।

**ਮੰਤਰੀ ਪਰਿਸ਼ਦ ਦੀ ਨਿਯੁਕਤੀ—** ਰਾਸ਼ਟਰਪਤੀ ਪਹਿਲਾਂ ਪ੍ਰਧਾਨ ਮੰਤਰੀ ਦੀ ਨਿਯੁੱਕਤੀ ਕਰਦਾ ਹੈ ਅਤੇ ਫਿਰ ਪ੍ਰਧਾਨ ਮੰਤਰੀ ਦੀ ਸਲਾਹ ਅਨੁਸਾਰ ਦੂਜੇ ਮੰਤਰੀਆਂ ਦੀ ਨਿਯੁੱਕਤੀ ਕਰਦਾ ਹੈ। ਪ੍ਰਧਾਨ ਮੰਤਰੀ ਆਪਣੇ ਸਹਿਯੋਗੀ ਮੰਤਰੀਆ ਦੀ ਇਕ ਸੂਚੀ ਰਾਸ਼ਟਰਪਤੀ ਨੂੰ ਪੇਸ਼ ਕਰਦਾ ਹੈ। ਇਸ ਸੂਚੀ ਵਿੱਚ ਸਾਮਿਲ ਵਿਅਕਤੀਆਂ ਨੂੰ ਰਾਸ਼ਟਰਪਤੀ ਮੰਤਰੀ ਨਿਯੁੱਕਤ ਕਰਦਾ ਹੈ। ਰਾਸ਼ਟਰਪਤੀ ਆਪਣੇ ਵੱਲੋਂ ਨਾ ਤਾਂ ਕਿਸੇ ਵਿਅਕਤੀ ਨੂੰ ਮੰਤਰੀ ਨਿਯੁੱਕਤ ਕਰਨ ਤੋਂ ਇਨਕਾਰ ਕਰ ਸਕਦਾ ਹੈ। ਮੰਤਰੀਆਂ ਦੀ ਨਿਯੁੱਕਤੀ ਸੰਬੰਧੀ ਪ੍ਰਧਾਨ ਮੰਤਰੀ ਦਾ ਫੈਸਲਾ ਅੰਤਿਮ ਹੁੰਦਾ ਹੈ।

ਸਧਾਰਨ ਤੌਰ 'ਤੇ ਮੰਤਰੀ ਪਰਿਸ਼ਦ ਵਿੱਚ ਦੋ ਤਰ੍ਹਾਂ ਦੇ ਮੰਤਰੀ ਹੀ ਨਿਯੁੱਕਤ ਕੀਤੇ ਜਾਂਦੇ ਹਨ– ਕੈਬਨਿਟ ਮੰਤਰੀ ਤੇ ਰਾਜ ਮੰਤਰੀ। ਕੈਬਨਿਟ ਮੰਤਰੀ ਸਭ ਤੋਂ ਉੱਚੇ ਪੱਧਰ ਦੇ ਮੰਤਰੀ ਹੁੰਦੇ ਹਨ ਜੋ ਮੰਤਰੀ ਪਰਿਸ਼ਦ ਦੀ ਅੰਤਰਿਮ ਕਮੇਟੀ (ਮੰਤਰੀ ਮੰਡਲ) ਦੇ ਮੈਂਬਰ ਹੁੰਦੇ ਹਨ। ਇਹ ਪ੍ਰਸ਼ਾਸਕੀ ਵਿਭਾਗਾਂ ਦੇ ਸੁਤੰਤਰ ਮੁਖੀ ਹੁੰਦੇ ਹਨ। ਸਰਕਾਰ ਦੀ ਹਰੇਕ ਤਰ੍ਹਾਂ ਦੀ ਨੀਤੀ ਨਿਰਮਾਣ ਇਹ ਮੰਤਰੀ ਕਰਦੇ ਹਨ। ਰਾਜ ਮੰਤਰੀ, ਕੈਬਨਿਟ ਤੋਂ ਹੇਠ ਪੱਧਰ ਦੇ ਮੰਤਰੀ ਹੁੰਦੇ ਹਨ ਜੋ ਕੈਬਨਿਟ ਦੀਆਂ ਬੈਠਕਾਂ ਵਿੱਚ ਭਾਗ ਨਹੀਂ ਲੈਂਦੇ। ਆਮ ਤੌਰ ਤੇ ਰਾਜ ਮੰਤਰੀ ਕੈਬਨਿਟ ਮੰਤਰੀ ਦੀ ਸਹਾਇਤਾ ਲਈ ਲਗਾਏ ਜਾਂਦੇ ਹਨ ਜਾਂ ਕਿਸੇ ਸਮੇਂ ਰਾਜ ਮੰਤਰੀ ਨੂੰ ਵਿਭਾਗ ਦਾ ਸੁਤੰਤਰ ਚਾਰਜ ਵੀ ਦਿੱਤਾ ਜਾਂਦਾ ਹੈ। ਪਹਿਲਾਂ ਉਪ ਮੰਤਰੀ, ਕੈਬਨਿਟ ਮੰਤਰੀ ਅਤੇ ਰਾਜ ਮੰਤਰੀ ਦੀ ਸਹਾਇਤਾ ਲਈ ਨਿਯੁੱਕਤ ਕੀਤੇ ਜਾਂਦੇ ਸਨ। ਇਹ ਕੈਬਨਿਟ ਜਾਂ ਰਾਜ ਮੰਤਰੀਆਂ ਵਲੋਂ ਸੌਂਪੇ ਗਏ ਕੰਮਾਂ ਦੀ ਦੇਖ ਭਾਲ ਕਰਦੇ ਸਨ। ਸੰਸਦੀ ਸਕੱਤਰ ਅਸਲ ਵਿੱਚ ਮੰਤਰੀ ਨਹੀਂ ਸਨ ਹੁੰਦੇ। ਸੰਵਿਧਾਨਿਕ ਤੌਰ 'ਤੇ ਉਨ੍ਹਾਂ ਨੂੰ ਕੋਈ ਪ੍ਰਸ਼ਾਸਕੀ ਜ਼ਿੰਮੇਵਾਰੀ ਨਹੀਂ ਸੀ ਸੌਂਪੀ ਜਾ ਸਕਦੀ। ਇਹਨਾਂ ਦਾ ਮੁੱਖ ਕੰਮ ਮਹੱਤਵਪੂਰਨ ਵਿਭਾਗਾਂ ਦੇ ਮੰਤਰੀਆਂ ਦੀ ਸੰਸਦ ਵਿੱਚ ਸਹਾਇਤਾ ਕਰਨਾ ਸੀ। ਕਈ ਵਾਰੀ ਪ੍ਰਧਾਨ ਮੰਤਰੀ ਨੂੰ ਉਪ-ਪ੍ਰਧਾਨ ਮੰਤਰੀ ਨਿਯੁੱਕਤ ਕਰਨਾ ਪੈਂਦਾ ਹੈ ਜਿਸ ਦੀ ਸਥਿਤੀ ਕੈਬਨਿਟ ਮੰਤਰੀਆਂ ਵਾਂਗ ਹੀ ਹੁੰਦੀ ਹੈ।

**ਮੰਤਰੀ ਪਰਿਸ਼ਦ ਦੇ ਕੰਮ**— ਮੰਤਰੀ ਮੰਡਲ ਦੇਸ਼ ਦੀ ਅਸਲ ਕਾਰਜਪਾਲਿਕਾ ਹੈ। ਇਹ ਰਾਸ਼ਟਰ ਦੀ ਘਰੇਲੂ ਤੇ ਵਿਦੇਸ਼ ਨੀਤੀ ਦਾ ਨਿਰਮਾਣ ਕਰਦੀ ਹੈ। ਦੇਸ਼ ਦੀਆਂ ਸਾਰੀਆਂ ਮਹੱਤਵਪੂਰਨ ਨਿਯੁੱਕਤੀਆਂ ਰਾਸ਼ਟਰਪਤੀ ਇਸ ਦੀ ਸਿਫ਼ਾਰਿਸ਼ 'ਤੇ ਕਰਦਾ ਹੈ। ਸੰਸਦ ਦੇ ਸਮਾਗਮ ਨੂੰ ਬੁਲਾਉਣ ਦਾ ਨਿਰਣਾ ਵੀ ਮੰਤਰੀ ਪਰਿਸ਼ਦ ਕਰਦੀ ਹੈ। ਰਾਸ਼ਟਰਪਤੀ ਵਲੋਂ ਸੰਸਦ ਦਿੱਤੇ ਜਾਣ ਵਾਲੇ ਭਾਸ਼ਣ ਵੀ ਤਿਆਰ ਕਰਦੀ ਹੈ। ਇਤਨਾ ਹੀ ਨਹੀਂ ਮੰਤਰੀ ਮੰਡਲ ਦਾ ਰਾਸ਼ਟਰ ਦੀ ਵਿਤੀ 'ਤੇ ਵੀ ਕੰਟਰੋਲ ਹੁੰਦਾ ਹੈ। ਵਿਤ ਮੰਤਰੀ ਲੋਕ ਸਭਾ ਵਿੱਚ ਹਰੇਕ ਸਾਲ ਬਜਟ ਪੇਸ਼ ਕਰਦਾ ਹੈ। ਨਵੇਂ ਕਰ ਲਗਾਉਣ ਜਾਂ ਪੁਰਾਣੇ ਕਰਾਂ ਵਿੱਚ ਸੋਧ ਜਾਂ ਸਮਾਪਤ ਕਰਨ ਦਾ ਅੰਤਮ ਫੈਸਲਾ ਵੀ ਮੰਤਰੀ-ਪਰਿਸ਼ਦ ਦੁਆਰਾ ਕੀਤਾ ਜਾਂਦਾ ਹੈ। ਸੰਸਦ ਤਾਂ ਇਸ ਦੀ ਰਸਮੀ ਪ੍ਰਵਾਨਗੀ ਦਿੰਦੀ ਹੈ।

**ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿੱਚ ਅੰਤਰ**— ਆਮ ਤੌਰ 'ਤੇ ਮੰਤਰੀ ਪਰਿਸ਼ਦ ਅਤੇ ਮੰਤਰੀ ਮੰਡਲ ਵਿੱਚ ਕੋਈ ਅੰਤਰ ਨਹੀਂ ਸਮਝਿਆ ਜਾਂਦਾ, ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਮੰਤਰੀ ਪਰਿਸ਼ਦ ਇਕ ਵੱਡੀ ਸੰਸਥਾ ਹੈ। ਜਿਸ ਵਿੱਚ ਸਾਰੀਆਂ ਸ਼੍ਰੇਣੀਆਂ ਦੇ ਮੰਤਰੀ ਸ਼ਾਮਲ ਹੁੰਦੇ ਹਨ। ਜਦੋਂ ਕਿ ਮੰਤਰੀ ਮੰਡਲ, ਮੰਤਰੀ ਪਰਿਸ਼ਦ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ। ਜਿਸ ਵਿੱਚ ਕੇਵਲ ਕੈਬਨਿਟ ਦਰਜੇ ਦੇ ਮੰਤਰੀ ਹੀ ਸ਼ਾਮਲ ਹੁੰਦੇ ਹਨ। ਸਾਰੇ ਮਹੱਤਵਪੂਰਨ ਫੈਸਲੇ ਮੰਤਰੀ ਮੰਡਲ ਵਿੱਚ ਕੀਤੇ ਜਾਂਦੇ ਹਨ। ਮੰਤਰੀ ਪਰਿਸ਼ਦ ਨੀਤੀ ਨਿਰਮਾਣ ਵਿੱਚ ਹਿੱਸਾ ਨਹੀਂ ਲੈਂਦੀ। ਸੰਖੇਪ ਵਿੱਚ ਮੰਤਰੀ ਮੰਡਲ ਦੇ ਮੈਂਬਰ ਮੰਤਰੀ ਪਰਿਸ਼ਦ ਦੇ ਮੁਕਾਬਲੇ ਵਧੇਰੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਹੁੰਦੇ ਹਨ।

## ਭਾਰਤ ਦੀ ਸਰਬ-ਉੱਚ ਅਦਾਲਤ (ਸੁਪਰੀਮ ਕੋਰਟ)
## (Supreme Court of India)

ਲੋਕਤੰਤਰੀ ਅਤੇ ਸੰਘਾਤਮਕ ਸ਼ਾਸਨ ਪ੍ਰਨਾਲੀ ਦੀ ਸਫਲਤਾ ਲਈ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਾਡੇ ਦੇਸ਼ ਵਿੱਚ ਸੰਘੀ ਲੋਕਤੰਤਰੀ ਸ਼ਾਸਨ ਪ੍ਰਨਾਲੀ ਹੈ। ਇਸ ਵਿੱਚ ਨਿਆਂਪਾਲਿਕਾ ਦੋ ਢੰਗਾਂ ਰਾਹੀਂ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੰਵਿਧਾਨ ਅਨੁਸਾਰ ਸੰਘੀ ਲੋਕਤੰਤਰੀ ਸਰਕਾਰ ਦੀ ਸਥਾਪਨਾ ਕੀਤੀ ਗਈ ਹੈ ਅਤੇ ਨਾਗਰਿਕਾਂ ਨੂੰ ਕੁਝ

ਮਹੱਤਵਪੂਰਨ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ। ਲੋਕਤੰਤਰੀ ਸਰਕਾਰ ਵਿੱਚ ਇਕ ਅਜਿਹੀ ਸੱਤਾ ਹੋਣੀ ਚਾਹੀਦੀ ਹੈ। ਜਿਹੜੀ ਇਹ ਯਕੀਨੀ ਬਣਾਏ ਕਿ ਸਰਕਾਰ ਨਾਗਰਿਕ ਦੇ ਅਧਿਕਾਰਾਂ ਦਾ ਸਤਿਕਾਰ ਕਰੇ ਅਤੇ ਸੰਵਿਧਾਨ ਵਲੋਂ ਨਿਰਧਾਰਿਤ ਹੱਦਾਂ ਅਤੇ ਸ਼ਕਤੀਆਂ ਨੂੰ ਪਾਰ ਨਾ ਕਰੇ। ਸਾਡੇ ਦੇਸ਼ ਵਿੱਚ ਸੰਵਿਧਾਨ ਅਨੁਸਾਰ ਸੰਘਾਤਮਕ ਪ੍ਰਨਾਲ਼ੀ ਦੀ ਸਥਾਪਨਾ ਕੀਤੀ ਗਈ ਹੈ। ਜਿਸ ਅਨੁਸਾਰ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਭਾਵੇਂ ਇਨ੍ਹਾਂ ਸ਼ਕਤੀਆਂ ਦੀ ਵੰਡ ਸਪਸ਼ਟ ਹੈ ਪਰ ਫਿਰ ਵੀ ਦੋਹਾਂ ਵਿੱਚ ਝਗੜੇ ਉਤਪੰਨ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਨਿਆਂਪਾਲਿਕਾ ਹੀ ਝਗੜਿਆ ਦਾ ਨਿਪਟਾਰਾ ਕਰਦੀ ਹੈ। ਇਸ ਸੰਬੰਧ ਵਿੱਚ ਸਾਡੇ ਦੇਸ਼ ਦੀ ਸੁਪਰੀਮ ਕੋਰਟ ਸੰਵਿਧਾਨ ਅਨੁਸਾਰ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਨਿਆਂਪਾਲਿਕਾ ਦੀ ਸੁਤੰਤਰਤਾ ਲਈ ਮੂਲ ਸਿਧਾਂਤ ਹੈ ਕਿ ਨਿਆਂਪਾਲਿਕਾ ਨੂੰ, ਵਿਧਾਨ ਪਾਲਿਕਾ ਅਤੇ ਕਾਰਜਪਾਲਿਕਾ ਤੋਂ ਸੁਤੰਤਰ ਰੱਖਿਆ ਜਾਵੇ। ਮੌਨਟੇਸਕਿਊ ਨੇ ਇਸ ਦਾ ਨਾਂ ਸ਼ਕਤੀ ਦੀ ਅਲਹਿਦਗੀ (Separation of Powers) ਦਾ ਸਿਧਾਂਤ ਰੱਖਿਆ ਹੈ। ਜੇਕਰ ਅਸੀਂ ਚਾਹੁੰਦੇ ਹਾਂ ਕਿ ਨਿਆਂਪਾਲਿਕਾ ਸੁਤੰਤਰ ਤੇ ਨਿਰਪੱਖ ਹੋ ਕੇ ਕੰਮ ਕਰੇ ਤਾਂ ਇਹ ਜ਼ਰੂਰੀ ਹੈ ਕਿ ਇਸ ਨੂੰ ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਦੇ ਨਿਯੰਤ੍ਰਣ 'ਤੇ ਪ੍ਰਭਾਵ ਤੋਂ ਮੁਕਤ ਰੱਖਿਆ ਜਾਵੇ। ਅਜਿਹਾ ਯਤਨ ਭਾਰਤ ਦੇ ਸੰਵਿਧਾਨ ਵਿੱਚ ਕੀਤਾ ਗਿਆ ਹੈ। ਭਾਰਤ ਦੀ ਸੁਪਰੀਮ ਕੋਰਟ ਬਿਨਾਂ ਪੱਖਪਾਤ ਤੋਂ ਅਤੇ ਸਰਕਾਰ ਦੇ ਕਿਸੇ ਅੰਗ ਦੇ ਪ੍ਰਭਾਵ ਤੋਂ ਸੁਤੰਤਰ ਹੋ ਕੇ ਫੈਸਲੇ ਕਰ ਸਕਦੀ ਹੈ।

**ਸੁਪਰੀਮ ਕੋਰਟ ਦਾ ਸੰਗਠਨ—** ਸਾਡੇ ਦੇਸ਼ ਵਿੱਚ ਇਕਹਿਰੀ ਨਿਆਂ ਪ੍ਰਣਾਲੀ ਹੈ। ਸੁਪਰੀਮ ਕੋਰਟ ਦੇਸ਼ ਦੀ ਸਭ ਤੋਂ ਵੱਡੀ ਅਤੇ ਸਿਖਰ ਦੀ ਅਦਾਲਤ ਹੈ। ਇਸ ਦੇ ਫੈਸਲੇ ਅੰਤਿਮ ਹੁੰਦੇ ਹਨ ਅਤੇ ਉਨ੍ਹਾਂ ਦੇ ਵਿਰੁੱਧ ਕਿਧਰੇ ਹੋਰ ਅਪੀਲ ਨਹੀਂ ਕੀਤੀ ਜਾ ਸਕਦੀ। ਇਸ ਦੇ ਇਲਾਵਾ ਸੁਪਰੀਮ ਕੋਰਟ ਆਪਣੀਆਂ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਦੇ ਵਿਰੁੱਧ ਅਪੀਲਾਂ ਸੁਣਦੀ ਹੈ ਅਤੇ ਫੈਸਲੇ ਕਰਦੀ ਹੈ।

ਸੁਪਰੀਮ ਕੋਰਟ ਵਿੱਚ ਅਜਕਲ੍ਹ ਮੁੱਖ ਜੱਜ ਸਮੇਤ 34 ਜੱਜ ਹਨ। ਜੱਜ ਬਣਨ ਲਈ ਹੇਠ ਲਿਖੀਆਂ ਯੋਗਤਾਵਾਂ ਜ਼ਰੂਰੀ ਹਨ—

1. ਭਾਰਤ ਦਾ ਨਾਗਰਿਕ ਹੋਵੇ।
2. ਘੱਟੋ ਘੱਟ ਪੰਜ ਸਾਲ ਕਿਸੇ ਇੱਕ ਜਾਂ ਦੋ ਉੱਚ ਅਦਾਲਤਾਂ ਵਿੱਚ ਲਗਾਤਾਰ ਜੱਜ ਰਿਹਾ ਹੋਵੇ ਜਾਂ ਅਜਿਹੀਆਂ ਅਦਾਲਤਾਂ ਵਿੱਚ ਦਸ ਸਾਲ ਲਗਾਤਾਰ ਵਕੀਲ ਰਿਹਾ ਹੋਵੇ।
3. ਰਾਸ਼ਟਰਪਤੀ ਦੇ ਵਿਚਾਰ ਅਨੁਸਾਰ ਕਨੂੰਨੀ ਮਾਹਿਰ ਹੋਵੇ।

ਜੱਜ ਆਪਣੇ ਔਹੁਦੇ ਤੇ 65 ਸਾਲ ਦੀ ਉਮਰ ਤਕ ਕੰਮ ਕਰ ਸਕਦੇ ਹਨ। ਜੱਜਾਂ ਨੂੰ ਆਪਣੇ ਕਾਰਜਕਾਲ ਤੋਂ ਪਹਿਲਾਂ ਵੀ ਹਟਾਇਆ ਜਾ ਸਕਦਾ ਹੈ। ਇਸ ਲਈ ਜੇਕਰ ਸੰਸਦ ਦੇ ਦੋਵੇਂ ਸਦਨ ਆਪਣੇ ਕੁਲ ਮੈਂਬਰਾਂ ਦੇ ਬਹੁਮੱਤ ਨਾਲ, ਪਰ ਹਾਜ਼ਰ ਅਤੇ ਵੋਟਾਂ ਪਾਉਣ ਵਾਲਿਆਂ ਦੇ 2/3 ਬਹੁਮੱਤ ਨਾਲ ਮਤਾ ਪਾਸ ਕਰਕੇ ਰਾਸ਼ਟਰਪਤੀ ਨੂੰ ਭੇਜਣ ਤਾਂ ਰਾਸ਼ਟਰਪਤੀ ਜੱਜ ਨੂੰ ਹਟਾਉਣ ਦਾ ਆਦੇਸ਼ ਜਾਰੀ ਕਰ ਸਕਦਾ ਹੈ। ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖਾਹ 250,000/- ਰੁਪਏ ਮਹੀਨਾ ਅਤੇ ਮੁੱਖ ਜੱਜ ਦੀ ਤਨਖਾਹ 280000 ਰੁਪਏ ਮਹੀਨਾ ਹੁੰਦੀ ਹੈ। ਰਿਟਾਇਰ (Retire) ਹੋਣ ਤੋਂ ਬਾਅਦ ਜੱਜ ਕਿਸੀ ਅਦਾਲਤ ਵਿੱਚ ਜਾਂ ਸਰਕਾਰੀ ਅਦਾਰੇ ਵਿੱਚ ਕੰਮ ਨਹੀਂ ਕਰ ਸਕਦਾ ਇਹ ਸ਼ਰਤ ਉਨ੍ਹਾਂ ਦੀ ਨਿਰਪੱਖਤਾ ਅਤੇ ਸੁਤੰਤਰਤਾ ਲਈ ਜ਼ਰੂਰੀ ਸਮਝੀ ਗਈ ਹੈ।

**ਸਰਬ-ਉੱਚ ਅਦਾਲਤ (ਸੁਪਰੀਮ ਕਰੋਟ) ਦੀਆਂ ਸ਼ਕਤੀਆਂ (Powers of the Supreme Court)**

ਸੁਪਰੀਮ ਕੋਰਟ ਨੂੰ ਸੰਵਿਧਾਨ ਵਲੋਂ ਕਈ ਪ੍ਰਕਾਰ ਦੀਆਂ ਸ਼ਕਤੀਆਂ ਮਿਲੀਆਂ ਹੋਈਆਂ ਹਨ। ਇਨ੍ਹਾਂ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ—

**(i) ਮੁਢਲਾ ਅਧਿਕਾਰ ਖੇਤਰ (Origional Jurisdiction):-** ਜਿਹੜੇ ਮੁਕੱਦਮੇ ਸਿੱਧੇ ਇਸ ਅਦਾਲਤ ਵਿੱਚ ਹੀ ਪੇਸ਼ ਕੀਤੇ ਜਾਂਦੇ ਹਨ ਉਹਨਾਂ ਨੂੰ ਮੁਢਲਾ ਅਧਿਕਾਰ ਖੇਤਰ ਕਿਹਾ ਜਾਂਦਾ ਹੈ। ਹੇਠ ਲਿਖੇ ਮੁਕੱਦਮੇ ਇਸ ਦੇ ਮੁਢਲੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ।

(ੳ) ਭਾਰਤ ਸਰਕਾਰ ਅਤੇ ਦੂਜੇ ਪਾਸੇ ਇੱਕ ਜਾਂ ਇੱਕ ਤੋਂ ਵੱਧ ਰਾਜ ਵਿਚ ਝਗੜਾ ਹੋਣ ਤੇ।

(ਅ) ਇੱਕ ਪਾਸੇ ਭਾਰਤ ਸਰਕਾਰ ਨਾਲ ਇੱਕ ਜਾਂ ਵੱਧ ਰਾਜਾਂ ਅਤੇ ਦੂਜੇ ਪਾਸੇ ਇੱਕ ਜਾਂ ਵੱਧ ਰਾਜ ਹੋਣ।

(ੲ) ਦੋ ਜਾਂ ਵਧੇਰੇ ਰਾਜਾਂ ਦਾ ਆਪਸ ਵਿੱਚ ਝਗੜਾ ਹੋਣ ਤੇ।

(ਸ) ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਝਗੜੇ।

(ਹ) ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਦੀਆਂ ਚੋਣਾਂ ਸੰਬੰਧੀ ਝਗੜੇ।

**(ii) ਅਪੀਲੀ ਅਧਿਕਾਰ ਖੇਤਰ (Appellate Jurisdiction)**

ਸੁਪਰੀਮ ਕੋਰਟ ਨੂੰ ਅਪੀਲਾਂ ਸੁਣਨ ਦਾ ਅਧਿਕਾਰ ਬਹੁਤ ਵਿਸ਼ਾਲ ਹੈ। ਇਹ ਹਾਈ ਕੋਰਟ ਦੇ ਫੈਸਲਿਆਂ ਵਿਰੁੱਧ ਸੰਵਿਧਾਨਿਕ, ਦਿਵਾਨੀ ਤੇ ਫੌਜਦਾਰੀ ਮੁਕਦੱਮਿਆਂ ਸੰਬੰਧੀ ਅਪੀਲਾਂ ਸੁਣ ਸਕਦੀ ਹੈ। ਸੁਪਰੀਮ ਕੋਰਟ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਦੇ ਦਿੱਤੇ ਨਿਰਣੇ ਵਿਰੁੱਧ ਅਪੀਲ ਸੁਣਨ ਲਈ ਵਿਸ਼ੇਸ਼ ਆਗਿਆ ਦੇ ਸਕਦਾ ਹੈ।

**(iii) ਸਲਾਹਕਾਰੀ ਸ਼ਕਤੀ (Advisory Jurisdiction)**

ਭਾਰਤ ਦਾ ਰਾਸ਼ਟਰਪਤੀ ਕਿਸੇ ਵੀ ਕਨੂੰਨੀ ਜਾਂ ਸੰਵਿਧਾਨਿਕ ਮਾਮਲੇ ਸੰਬੰਧੀ ਸੁਪਰੀਮ ਕੋਰਟ ਦੀ ਸਲਾਹ ਲੈ ਸਕਦਾ ਹੈ। ਪੰਜ ਜੱਜਾਂ ਦੀ ਬੈਂਚ ਹੀ ਅਜਿਹੀ ਸਲਾਹ ਦੇ ਸਕਦੀ ਹੈ। ਇਸ ਸਲਾਹ ਨੂੰ ਮੰਨਣਾ ਰਾਸ਼ਟਰਪਤੀ ਦੀ ਇੱਛਾ 'ਤੇ ਨਿਰਭਰ ਕਰਦਾ ਹੈ।

**(iv) ਅਭਿਲੇਖ ਅਦਾਲਤ (Court of Record)**

ਸੁਪਰੀਮ ਕੋਰਟ ਇਕ ਅਭਿਲੇਖ ਅਦਾਲਤ ਹੈ। ਇਸ ਦਾ ਭਾਵ ਹੈ ਕਿ ਸੁਪਰੀਮ ਕੋਰਟ ਦੀ ਸੰਪੂਰਨ ਕੋਰਟ ਤੇ ਫੈਸਲੇ ਪ੍ਰਮਾਣ ਦੇ ਤੌਰ 'ਤੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਨ੍ਹਾਂ ਫੈਸਲਿਆਂ ਨੂੰ ਦ੍ਰਿਸ਼ਟਾਂਤ ਦੇ ਰੂਪ ਵਿੱਚ ਮੰਨਣਾ ਜ਼ਰੂਰੀ ਹੈ। ਜਦੋਂ ਕਿਸੇ ਅਦਾਲਤ ਨੂੰ ਅਭਿਲੇਖ ਅਦਾਲਤ ਦਾ ਦਰਜਾ ਪ੍ਰਾਪਤ ਹੋ ਜਾਂਦਾ ਹੈ ਤਾਂ ਉਸ ਅਦਾਲਤ ਦਾ ਅਪਮਾਨ ਕਰਨ ਵਾਲੇ ਵਿਅਕਤੀ ਨੂੰ ਸਜਾ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ।

**(v) ਨਿਆਂਇਕ ਪੁੱਨਰ ਨਿਰੀਖਣ ਦੀ ਸ਼ਕਤੀ (Judicial Review)**

ਸੁਪਰੀਮ ਕੋਰਟ ਪਾਸ ਨਿਆਂਇਕ ਪੁੱਨਰ ਨਿਰੀਖਣ ਦੀ ਮਹੱਤਵਪੂਰਨ ਸ਼ਕਤੀ ਹੈ। ਨਿਆਂਇਕ ਪੁੱਨਰ ਨਿਰੀਖਣ ਸ਼ਕਤੀ ਦਾ ਭਾਵ ਹੈ ਕਿ ਕਾਰਜਪਾਲਿਕਾ ਦੇ ਆਦੇਸ਼ਾਂ ਅਤੇ ਵਿਧਾਨਪਾਲਿਕਾ ਦੇ ਕਨੂੰਨਾਂ ਨੂੰ ਸੁਪਰੀਮ ਕੋਰਟ ਸੰਵਿਧਾਨਿਕ ਕਸਵੱਟੀ 'ਤੇ ਪਰਖਦੀ ਹੈ। ਜੇਕਰ ਕਾਰਜਪਾਲਿਕਾ ਦੁਆਰਾ ਦਿੱਤਾ ਗਿਆ ਕੋਈ ਆਦੇਸ਼ ਜਾਂ ਰਾਜਾਂ ਦੀਆਂ ਵਿਧਾਨ ਪਾਲਿਕਾਵਾਂ ਜਾਂ ਭਾਰਤੀ ਸੰਸਦ ਦੁਆਰਾ ਪਾਸ ਕੀਤਾ ਗਿਆ ਕੋਈ ਵੀ ਕਨੂੰਨ ਸੰਵਿਧਾਨ ਅਨੁਸਾਰ ਨਹੀਂ ਹੈ ਜਾਂ ਸੰਵਿਧਾਨ ਦੀ ਉਲੰਘਣਾ ਕਰਦਾ ਹੈ ਤਾਂ ਸੁਪਰੀਮ ਕੋਰਟ ਅਜਿਹੇ ਆਦੇਸ਼ ਜਾਂ ਕਨੂੰਨ ਨੂੰ ਅਸੰਵਿਧਾਨਿਕ ਜਾਂ ਰੱਦ ਘੋਸ਼ਿਤ ਕਰ ਸਕਦੀ ਹੈ। ਇਸ ਸ਼ਕਤੀ ਨੂੰ ਨਿਆਂਇਕ ਪੁੱਨਰ ਨਿਰੀਖਣ

ਦੀ ਸ਼ਕਤੀ ਕਿਹਾ ਜਾਂਦਾ ਹੈ। ਇਸ ਸ਼ਕਤੀ ਕਾਰਨ ਹੀ ਸੁਪਰੀਮ ਕੋਰਟ ਨੂੰ ਸੰਸਦ ਦਾ ਤਾਜੀ ਸਦਨ ਕਿਹਾ ਜਾਂਦਾ ਹੈ।

ਸਾਡੇ ਵਿਚਾਰ ਅਨੁਸਾਰ ਭਾਰਤ ਦੀ ਸਰਵਉੱਚ ਅਦਾਲਤ ਆਪਣੀ ਨਿਆਂਇਕ ਪੁੱਨਰ ਨਿਰੀਖਣ ਸ਼ਕਤੀ ਦੁਆਰਾ ਭਾਰਤੀ ਲੋਕਤੰਤਰ, ਸੰਘ ਸ਼ਾਸਨ ਪ੍ਰਣਾਲੀ ਅਤੇ ਨਾਗਰਿਕਾਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਵਿੱਚ ਸਮਰੱਥ ਸਿੱਧ ਹੋਈ ਹੈ। ਸ਼੍ਰੀ ਅਲਾਦੀ ਕ੍ਰਿਸ਼ਨਾ ਸਵਾਮੀ ਆਈਗਰ ਅਨੁਸਾਰ- ਵਿਸ਼ਵ ਦੇ ਕਿਸੇ ਵੀ ਸੰਘਾਤਮਕ ਰਾਜ ਦੀ ਉਚ ਅਦਾਲਤ ਤੋਂ ਭਾਰਤੀ ਸੁਪਰੀਮ ਕੋਰਟ ਦਾ ਅਧਿਕਾਰ ਖੇਤਰ ਵਧੇਰੇ ਹੈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 1-15 ਸ਼ਬਦਾਂ ਵਿੱਚ ਦਿਓ—**

1.(ੳ) ਲੋਕ ਸਭਾ ਦਾ ਕਾਰਜਕਾਲ ਕਿੰਨਾ ਹੁੰਦਾ ਹੈ?

(ਅ) ਲੋਕ ਸਭਾ ਦੇ ਕੁਲ ਕਿੰਨੇ ਮੈਂਬਰ ਹੁੰਦੇ ਹਨ?

(ੲ) ਲੋਕ ਸਭਾ ਦੇ ਸਪੀਕਰ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

(ਸ) ਅਵਿਸ਼ਵਾਸ ਪ੍ਰਸਤਾਵ ਤੋਂ ਤੁਹਾਡਾ ਕੀ ਭਾਵ ਹੈ?

(ਹ) ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ ਕਿੰਨੀ ਹੋਣੀ ਚਾਹੀਦੀ ਹੈ?

(ਕ) ਰਾਸ਼ਟਰਪਤੀ ਲੋਕ ਸਭਾ ਵਿੱਚ ਕਦੋਂ ਅਤੇ ਕਿੰਨੇ ਐਂਗਲੋ ਇੰਡੀਅਨ ਮੈਂਬਰ ਨਾਮਜ਼ਦ ਕਰ ਸਕਦਾ ਹੈ?

2. ਰਾਜ ਸਭਾ ਬਾਰੇ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਦਿਓ—

(ੳ) ਰਾਜ ਸਭਾ ਦੇ ਕੁੱਲ ਕਿੰਨੇ ਮੈਂਬਰ ਹੋ ਸਕਦੇ ਹਨ?

(ਅ) ਰਾਸ਼ਟਰਪਤੀ ਰਾਜ ਸਭਾ ਵਿੱਚ ਕਿੰਨੇ ਮੈਂਬਰ ਅਤੇ ਕਿਹੜੇ ਖੇਤਰਾਂ ਵਿੱਚੋਂ ਨਾਮਜ਼ਦ ਕਰਦਾ ਹੈ?

(ੲ) ਰਾਜ ਸਭਾ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?

(ਸ) ਰਾਜ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਕਿੰਨੀ ਉਮਰ ਹੋਣੀ ਚਾਹੀਦੀ ਹੈ?

(ਹ) ਰਾਜ ਸਭਾ ਦੇ ਮੈਂਬਰਾਂ ਦਾ ਕਾਰਜਕਾਲ ਕਿੰਨਾ ਹੁੰਦਾ ਹੈ?

(ਕ) ਰਾਜ ਸਭਾ ਦੇ ਮੈਂਬਰਾਂ ਦੀ ਚੋਣ ਕਿਵੇਂ ਹੁੰਦੀ ਹੈ ?

3. ਹੇਠ ਲਿਖਿਆਂ ਦੀ ਵਿਆਖਿਆ ਕਰੋ—

(ੳ) ਮਹਾਂਦੋਸ਼ ਦਾ ਮੁਕਦਮਾ

(ਅ) ਮੰਤਰੀ ਮੰਡਲ ਦੀ ਸਮੂਹਿਕ ਜ਼ਿੰਮੇਵਾਰੀ ਜਾਂ ਵਿਅਕਤੀਗਤ ਜ਼ਿੰਮੇਵਾਰੀ

(ੲ) ਰਾਸ਼ਟਰਪਤੀ ਰਾਜ ਦਾ ਨਾਂ-ਮਾਤਰ ਮੁੱਖੀ

4. ਹੇਠ ਲਿਖਿਆਂ ਦਾ ਉੱਤਰ ਦਿਓ—

(ੳ) ਪ੍ਰਧਾਨ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

(ਅ) ਰਾਸ਼ਟਰਪਤੀ ਦੀਆਂ ਕਿੰਨੇ ਪ੍ਰਕਾਰ ਦੀਆਂ ਸੰਕਟਕਾਲੀਨ ਸ਼ਕਤੀਆਂ ਹਨ?

(ੲ) ਸਰਵ-ਉੱਚ ਅਦਾਲਤ (ਸੁਪਰੀਮ ਕੋਰਟ) ਦੇ ਜੱਜਾਂ ਦੀ ਨਿਯੁਕਤੀ ਕਿਵੇਂ ਹੁੰਦੀ ਹੈ?

(ਸ) ਸੁਪਰੀਮ ਕੋਰਟ ਦੇ ਜੱਜਾਂ ਦਾ ਕਾਰਜਕਾਲ ਕਿੰਨਾ ਹੁੰਦਾ ਹੈ?

5. ਹੇਠ ਲਿਖਿਆਂ ਦੀ ਵਿਆਖਿਆ ਕਰੋ—

(ੳ) ਸੁਤੰਤਰ ਨਿਆਂਪਾਲਿਕਾ

(ਅ) ਸਲਾਹਕਾਰੀ ਅਧਿਕਾਰ ਖੇਤਰ

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ—**

1. ਸੰਸਦ ਵਿੱਚ ਇਕ ਬਿੱਲ ਕਨੂੰਨ ਕਿਵੇਂ ਬਣਦਾ ਹੈ?
2. ਸੰਸਦ ਦੀਆਂ ਕਿਸੇ ਚਾਰ ਸ਼ਕਤੀਆਂ ਦਾ ਵਰਨਣ ਕਰੋ।
3. ਲੋਕ ਸਭਾ ਦੇ ਸਪੀਕਰ ਦੀ ਲੋਕ ਸਭਾ ਵਿੱਚ ਨਿਭਾਈ ਜਾਂਦੀ ਭੂਮਿਕਾ ਬਾਰੇ ਨੋਟ ਲਿਖੋ।
4. ਕੇਂਦਰੀ ਮੰਤਰੀ ਪਰਿਸ਼ਦ ਵਿੱਚ ਕਿੰਨੇ ਪ੍ਰਕਾਰ ਦੇ ਮੰਤਰੀ ਹੁੰਦੇ ਹਨ?
5. ਪ੍ਰਧਾਨ ਮੰਤਰੀ ਦੇ ਕੋਈ ਤਿੰਨ ਮਹੱਤਵਪੂਰਨ ਕੰਮਾਂ ਦਾ ਵੇਰਵਾ ਦਿਓ?
6. ਭਾਰਤ ਦੇ ਉਪ-ਰਾਸ਼ਟਰਪਤੀ ਦੇ ਅਹੁਦੇ ਦਾ ਸੰਖੇਪ ਵੇਰਵਾ ਦਿਓ?
7. ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ ਦਾ ਸੰਖੇਪ ਵੇਰਵਾ ਦਿਓ?

*****

# ਪਾਠ-12

# ਰਾਜ ਸਰਕਾਰ

## (STATE GOVERNMENT)

ਭਾਰਤ ਵਿੱਚ ਸੰਘਾਤਮਕ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਘਾਤਮਕ ਪ੍ਰਨਾਲੀ ਵਿੱਚ ਸਰਕਾਰਾਂ ਦੋ ਵੱਖ-ਵੱਖ ਪੱਧਰਾਂ ਤੇ ਕੰਮ ਕਰਦੀਆਂ ਹਨ—ਕੇਂਦਰੀ ਪੱਧਰ ਤੇ। ਸੰਘੀ ਜਾਂ ਕੇਂਦਰੀ ਸਰਕਾਰ ਸਮੁੱਚੇ ਦੇਸ਼ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਰਾਜ ਸਰਕਾਰਾਂ ਆਪਣੇ ਨਿਸ਼ਚਤ ਖੇਤਰ ਵਿੱਚ ਸ਼ਾਸਨ ਪ੍ਰਬੰਧ ਕਰਦੀਆਂ ਹਨ। ਭਾਰਤੀ ਸੰਵਿਧਾਨ ਦੁਆਰਾ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਕੇਂਦਰੀ ਸਰਕਾਰ, ਕੇਂਦਰੀ ਸੂਚੀ ਉੱਤੇ ਅਤੇ ਰਾਜ ਸਰਕਾਰਾਂ ਰਾਜ ਸੂਚੀ ਤੇ ਕਨੂੰਨ ਬਣਾ ਸਕਦੀਆਂ ਹਨ।

ਭਾਰਤ ਵਿੱਚ ਇਸ ਸਮੇਂ 28 ਰਾਜ ਸਰਕਾਰਾਂ ਕੰਮ ਕਰਦੀਆਂ ਹਨ। ਇਹਨਾਂ 28 ਰਾਜਾਂ ਤੋਂ ਇਲਾਵਾ 8 ਸੰਘੀ ਖੇਤਰ ਵੀ ਹਨ। ਇਨ੍ਹਾਂ ਵਿੱਚੋਂ ਦਿੱਲੀ ਨੂੰ ਰਾਸ਼ਟਰੀ ਰਾਜਧਾਨੀ ਖੇਤਰ ਐਲਾਨ ਦਿੱਤਾ ਗਿਆ ਹੈ। ਦਿੱਲੀ ਦੀ ਆਪਣੀ ਵਿਧਾਨ ਸਭਾ ਹੈ ਜਿਸ ਦੇ 70 ਮੈਂਬਰ ਹਨ। ਦਿੱਲੀ ਦੇ ਮੁੱਖ ਮੰਤਰੀ ਦੀ ਅਗਵਾਈ ਹੇਠ ਸੱਤ ਮੈਂਬਰੀ, ਮੰਤਰੀ ਪਰਿਸ਼ਦ ਹੈ। ਦਿੱਲੀ ਕੇਂਦਰੀ ਸ਼ਾਸਤ ਪ੍ਰਦੇਸ਼ ਤੋਂ ਇਲਾਵਾ ਪਾਂਡੀਚਰੀ ਅਤੇ ਜੰਮੂ ਕਸ਼ਮੀਰ ਨੂੰ ਕੇਂਦਰੀ ਪ੍ਰਸ਼ਾਸਨ ਦੇਣ ਲਈ ਵਿਧਾਨਸਭਾ ਦਾ ਵਿਵਸਥਾ ਕੀਤੀ ਗਈ ਹੈ। ਬਾਕੀ ਦੇ ਸੰਘੀ ਖੇਤਰਾਂ ਦੇ ਪ੍ਰਸ਼ਾਸਨ ਪੂਰੀ ਤਰ੍ਹਾਂ ਕੇਂਦਰੀ ਸਰਕਾਰ ਦੇ ਨਿਯੰਤ੍ਰਣ ਅਧੀਨ ਹਨ। ਕੁਝ ਸੰਘੀ ਖੇਤਰਾਂ ਦੇ ਪ੍ਰਸ਼ਾਸਨ ਦਾ ਮੁੱਖੀ ਉਪ-ਰਾਜਪਾਲ ਹੈ ਅਤੇ ਕੁਝ ਦਾ ਚੀਫ਼-ਕਮਿਸ਼ਨਰ ਹੁੰਦਾ ਹੈ।

| ਭਾਰਤੀ ਸੰਘ ਦੇ ਰਾਜ | | ਸੰਘੀ ਖੇਤਰ |
|---|---|---|
| 1. ਉੱਤਰ ਪ੍ਰਦੇਸ਼ | 15. ਹਰਿਆਣਾ | 1. ਦਿੱਲੀ |
| 2. ਬਿਹਾਰ | 16. ਹਿਮਾਚਲ ਪ੍ਰਦੇਸ਼ | 2. ਚੰਡੀਗੜ੍ਹ |
| 3. ਮਹਾਂਰਾਸ਼ਟਰ | 17. ਮਣੀਪੁਰ | 3. ਲਕਸ਼ਦੀਪ |
| 4. ਆਂਧਰਾ ਪ੍ਰਦੇਸ਼ | 18. ਮੇਘਾਲਿਆ | 4. ਪੁੱਡੂਚੇਰੀ |
| 5. ਪੱਛਮੀ ਬੰਗਾਲ | 19. ਤ੍ਰਿਪੁਰਾ | 5. ਦਾਦਰ ਤੇ ਨਗਰ ਹਵੇਲੀ ਅਤੇ ਦਮਨ ਤੇ ਦਿਊ |
| 6. ਮੱਧ ਪ੍ਰਦੇਸ਼ | 20. ਗੋਆ | |
| 7. ਤਾਮਿਲਨਾਡੂ | 21. ਅਰੁਣਾਚਲ ਪ੍ਰਦੇਸ਼ | 6. ਅੰਡੇਮਾਨ ਅਤੇ ਨਿਕੋਬਾਰ |
| 8. ਕਰਨਾਟਕ | 22. ਸਿੱਕਿਮ | 7. ਜੰਮੂ ਤੇ ਕਸ਼ਮੀਰ |
| 9. ਗੁਜਰਾਤ | 23. ਮਿਜ਼ੋਰਮ | 8. ਲਦਾਖ |
| 10. ਰਾਜਸਥਾਨ | 24. ਨਾਗਾਲੈਂਡ | |
| 11. ਓਡੀਸ਼ਾ | 25. ਛਤੀਸਗੜ੍ਹ | |
| 12. ਕੇਰਲ | 26. ਉਤਰਾਖੰਡ | |
| 13. ਆਸਾਮ | 27. ਝਾਰਖੰਡ | |
| 14. ਪੰਜਾਬ | 28. ਤੇਲੰਗਾਨਾ | |

# ਰਾਜ ਵਿਧਾਨਪਾਲਿਕਾ
# (STATE-LEGISLATURE)

ਭਾਰਤ ਸੰਵਿਧਾਨ ਅਧੀਨ ਰਾਜ ਦੇ ਲੋਕਾਂ ਲਈ ਕਨੂੰਨ ਬਣਾਉਣ ਲਈ ਰਾਜ ਵਿਧਾਨ ਪਾਲਿਕਾ ਦਾ ਪ੍ਰਬੰਧ ਕੀਤਾ ਗਿਆ ਹੈ। ਬਿਹਾਰ, ਉੱਤਰ ਪ੍ਰਦੇਸ਼, ਕਰਨਾਟਕ ਅਤੇ ਮਹਾਰਾਸ਼ਟਰ ਸਮੇਤ 4 ਰਾਜਾਂ ਵਿੱਚ ਦੋ ਸਦਨੀ ਵਿਧਾਨਪਾਲਿਕਾ ਹੈ। ਬਾਕੀ ਦੇ ਸਾਰੇ ਰਾਜਾਂ ਵਿੱਚ ਇਕ ਸਦਨੀ ਵਿਧਾਨਪਾਲਿਕਾ ਹੈ। ਰਾਜਾਂ ਦੇ ਹੇਠਲੇ ਸਦਨ ਨੂੰ ਵਿਧਾਨ ਸਭਾ ਅਤੇ ਉਪਰਲੇ ਸਦਨ ਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਵਿਧਾਨ ਸਭਾ ਰਾਜ ਦੇ ਲੋਕਾਂ ਦੁਆਰਾ ਪ੍ਰਤੱਖ ਅਤੇ ਵਿਧਾਨ-ਪਰਿਸ਼ਦ ਅਪ੍ਰਤਖ ਸੰਵਿਧਾਨਿਕ ਢੰਗ ਨਾਲ ਚੁਣੀ ਜਾਂਦੀ ਹੈ।

## ਵਿਧਾਨ ਸਭਾ

ਮੌਲਿਕ ਸੰਵਿਧਾਨ ਅਨੁਸਾਰ ਰਾਜ ਵਿਧਾਨ ਸਭਾ ਦੇ ਘਟੋ ਘੱਟ 60 ਅਤੇ ਵੱਧ ਤੋਂ ਵੱਧ 500 ਮੈਂਬਰ ਹੋ ਸਕਦੇ ਹਨ। ਇਸ ਸਮੇਂ ਪੰਜਾਬ ਦੀ ਵਿਧਾਨ ਸਭਾ ਦੇ 117 ਮੈਂਬਰ ਹਨ। ਵਿਧਾਨ ਸਭਾ ਦੇ ਮੈਂਬਰਾਂ ਦੀ ਚੋਣ ਪ੍ਰਤੱਖ ਰੂਪ ਨਾਲ ਲੋਕਾਂ ਦੁਆਰਾ ਕੀਤੀ ਜਾਂਦੀ ਹੈ। ਵਿਧਾਨ ਸਭਾ ਦਾ ਮੈਂਬਰ ਬਣਨ ਲਈ ਹੇਠ ਲਿਖੀਆਂ ਯੋਗਤਾਵਾਂ ਹੋਣੀਆਂ ਚਾਹੀਦੀਆਂ ਹਨ।

1. ਭਾਰਤ ਦਾ ਨਾਗਰਿਕ ਹੋਵੇ।
2. ਘੱਟੋ ਘਟ 25 ਸਾਲ ਦੀ ਉਮਰ ਹੋਵੇ।
3. ਉਹ ਪਾਗਲ ਜਾਂ ਦਿਵਾਲ਼ੀਆ ਨਾ ਹੋਵੇ।
4. ਕੇਂਦਰੀ ਜਾਂ ਰਾਜ ਸਰਕਾਰ ਅਧੀਨ ਕਿਸੇ ਲਾਭਕਾਰੀ ਅਹੁਦੇ ਤੇ ਕੰਮ ਨਾ ਕਰਨਾ ਹੋਵੇ।

ਵਿਧਾਨ ਸਭਾ ਦਾ ਕਾਰਜਕਾਲ 5 ਸਾਲ ਹੁੰਦਾ ਹੈ। ਰਾਜਪਾਲ ਇਸ ਕਾਰਜਕਾਲ ਤੋਂ ਪਹਿਲਾਂ ਵੀ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ। ਰਾਸ਼ਟਰਪਤੀ, ਰਾਸ਼ਟਰੀ ਸੰਕਟਕਾਲ ਸਮੇਂ ਇਸ ਦੀ ਮਿਆਦ ਇਕ ਸਾਲ ਵਧਾ ਵੀ ਸਕਦੀ ਹੈ। ਰਾਜ ਵਿਧਾਨ ਸਭਾ ਦੀ ਕਾਰਵਾਈ ਚਲਾਉਣ ਲਈ ਕੁਲ ਮੈਂਬਰਾਂ ਦਾ 1/10 ਭਾਗ ਇਸਦਾ ਕੋਰਮ ਨਿਸਚਤ ਕੀਤਾ ਗਿਆ ਹੈ।

**ਵਿਧਾਨ ਪਰਿਸ਼ਦ—** ਰਾਜ ਦੀ ਵਿਧਾਨਪਾਲਿਕਾ ਦੇ ਉਪਰਲੇ ਸਦਨ ਨੂੰ ਵਿਧਾਨ ਪਰਿਸ਼ਦ ਕਿਹਾ ਜਾਂਦਾ ਹੈ। ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਘੱਟ ਤੋਂ ਘਟ ਸੱਖਿਆ 40 ਨਿਸਚਤ ਕੀਤੀ ਗਈ ਹੈ। ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀ ਸੰਖਿਆ ਵਿਧਾਨ ਸਭਾ ਦੇ ਮੈਂਬਰਾਂ ਦੇ ਇਕ ਤਿਹਾਈ ਤੋਂ ਵੱਧ ਨਹੀਂ ਹੋਣੀ ਚਾਹੀਦੀ। ਵਿਧਾਨ ਪਰਿਸ਼ਦ ਦੇ ਇਕ ਤਿਹਾਈ ਮੈਂਬਰ ਨਗਰ ਪਰਿਸ਼ਦ, ਜ਼ਿਲਾ ਪਰਿਸ਼ਦ ਅਤੇ ਸੰਸਦ ਦੁਆਰਾ ਨਿਰਧਾਰਿਤ ਸਥਾਨਿਕ ਸੰਸਥਾਵਾਂ ਦੇ ਮੈਂਬਰਾਂ ਦੁਆਰਾ, ਇਕ ਤਿਹਾਈ ਭਾਗ ਰਾਜ ਵਿਧਾਨ ਸਭਾ ਦੇ ਮੈਂਬਰਾਂ ਦੁਆਰਾ, 1/12 ਭਾਗ ਰਾਜ ਦੇ ਸਨਾਤਕਾਂ (graduates) ਦੁਆਰਾ ਜਿਨ੍ਹਾਂ ਨੂੰ ਡਿਗਰੀ ਪ੍ਰਾਪਤ ਕੀਤਿਆਂ ਘੱਟੋ ਘਟ ਤਿੰਨ ਸਾਲ ਹੋ ਗਏ ਹੋਣ। 1/12 ਹਿੱਸਾ ਸੀਨੀਅਰ ਸੈਕੰਡਰੀ ਅਤੇ ਉੱਚ ਵਿਦਿਅਕ ਸੰਸਥਾਵਾਂ ਦੇ ਅਧਿਆਪਕਾਂ ਦੁਆਰਾ ਵਿਧਾਨ ਪਰਿਸ਼ਦ ਦੇ ਮੈਂਬਰ ਚੁਣੇ ਜਾਂਦੇ ਹਨ। ਬਾਕੀ ਦੇ 1/6 ਮੈਂਬਰ ਰਾਜਪਾਲ ਦੁਆਰਾ ਕਲਾ ਸਾਹਿਤ ਵਿਗਿਆਨ, ਸਮਾਜਿਕ ਸੇਵਾ ਦੇ ਖੇਤਰ ਵਿੱਚ ਪ੍ਰਸਿੱਧੀ ਪ੍ਰਾਪਤ ਕਰਨ ਵਾਲੇ ਵਿਅਕਤੀਆਂ ਵਿੱਚੋਂ ਨਾਮਜ਼ਦ ਕੀਤੇ ਜਾਂਦੇ ਹਨ।

ਵਿਧਾਨ ਪਰਿਸ਼ਦ ਦੇ ਮੈਂਬਰਾਂ ਦੀਆਂ ਯੋਗਤਾਵਾਂ ਵੀ ਵਿਧਾਨ ਸਭਾ ਦੇ ਮੈਂਬਰਾਂ ਵਾਲੀਆਂ ਹਨ। ਸਿਰਫ ਇਨ੍ਹਾਂ ਦੀ ਘੱਟੋ ਘਟ ਉਮਰ 30 ਸਾਲ ਹੋਣੀ ਚਾਹੀਦੀ ਹੈ। ਇਹ ਇਕ ਸਥਾਈ ਸਦਨ ਹੈ ਇਸ

ਦੇ 1/3 ਮੈਂਬਰ ਹਰ ਦੋ ਸਾਲ ਬਾਅਦ ਰਿਟਾਇਰ ਹੋ ਜਾਂਦੇ ਹਨ। ਵਿਧਾਨ ਪਰਿਸ਼ਦ ਦੇ ਮੈਂਬਰਾ ਦਾ ਕਾਰਜਕਾਲ ਛੇ ਸਾਲ ਹੈ। ਵਿਧਾਨ ਪਰਿਸ਼ਦ ਆਪਣੇ ਮੈਂਬਰਾਂ ਵਿੱਚੋਂ ਹੀ ਸਦਨ ਦੀ ਕਾਰਵਾਈ ਚਲਾਉਣ ਲਈ ਸਭਾਪਤੀ ਅਤੇ ਉਪ ਸਭਾਪਤੀ ਚੁਣਦੀ ਹੈ। ਸਭਾਪਤੀ ਦੀ ਗ਼ੈਰ ਹਾਜ਼ਰੀ ਵਿੱਚ ਉਪ ਸਭਾਪਤੀ ਹੀ ਉਸ ਦੇ ਕਾਰਜ ਸੰਭਾਲਦਾ ਹੈ।

**ਵਿਧਾਨ ਪਾਲਿਕਾ ਦੀਆਂ ਸ਼ਕਤੀਆਂ (Powers of state legislature)** ਰਾਜ ਵਿਧਾਨ ਸਭਾ ਦੀਆਂ ਸ਼ਕਤੀਆਂ ਹੇਠ ਲਿਖੀਆਂ ਹਨ:

1. **ਵਿਧਾਨਿਕ ਸ਼ਕਤੀਆਂ (Legislative powers):** ਰਾਜ ਦੀ ਵਿਧਾਨ ਪਾਲਿਕਾ ਨੂੰ ਕਨੂੰਨੀ, ਵਿੱਤੀ, ਕਾਰਜ ਪਾਲਿਕਾ, ਸੰਵਿਧਾਨਿਕ ਸੋਧਾਂ, ਚੋਣਾਂ ਅਤੇ ਸੰਬੰਧੀ ਮਹੱਤਵਪੂਰਨ ਸ਼ਕਤੀਆਂ ਪ੍ਰਾਪਤ ਹਨ। ਰਾਜ ਸੂਚੀ ਅਤੇ ਸਮਵਰਤੀ ਸੂਚੀ ਵਿੱਚ ਦਿੱਤੇ ਗਏ ਵਿਸ਼ਿਆਂ ਤੇ ਇਹ ਕਨੂੰਨ ਬਣਾ ਸਕਦੀ ਹੈ। ਸਮਵਰਤੀ ਸੂਚੀ ਤੇ ਬਣਾਇਆ ਗਿਆ ਇਸ ਦਾ ਕਨੂੰਨ ਜੇਕਰ ਸੰਸਦੀ ਕਨੂੰਨ ਨਾਲ ਟਕਰਾਉਂਦਾ ਹੈ ਤਾਂ ਰਾਜ ਦਾ ਕਨੂੰਨ ਉਸ ਹੱਦ ਤਕ ਰੱਦ ਕਰ ਦਿੱਤਾ ਜਾਂਦਾ ਹੈ ਜਿਸ ਹੱਦ ਤੱਕ ਉਹ ਸੰਸਦੀ ਕਨੂੰਨ ਨਾਲ ਟਕਰਾਉਂਦਾ ਹੈ।

2. **ਵਿੱਤੀ ਸ਼ਕਤੀਆਂ (Financial powers):-** ਰਾਜ ਦੇ ਵਿੱਤੀ ਮਾਮਲਿਆਂ ਤੇ ਵਿਧਾਨ ਸਭਾ ਦਾ ਪੂਰਾ ਨਿਯੰਤ੍ਰਣ ਹੁੰਦਾ ਹੈ। ਹਰ ਸਾਲ ਰਾਜ ਦਾ ਬਜਟ ਵਿਧਾਨ ਸਭਾ ਦਾ ਸਾਹਮਣੇ ਸਰਕਾਰ ਵਲੋਂ ਪੇਸ਼ ਕੀਤਾ ਜਾਂਦਾ ਹੈ। ਇਸ ਬਜਟ ਰਾਹੀਂ ਵਿਧਾਨ ਸਭਾ ਸਰਕਾਰੀ ਖਜ਼ਾਨੇ ਵਿੱਚੋਂ ਧਨ ਕਢਾਉਣ ਅਤੇ ਉਸ ਦੇ ਵਿੱਚ ਧਨ ਪਾਉਣ ਦੀ ਪ੍ਰਵਾਨਗੀ ਦਿੰਦੀ ਹੈ। ਕਰ ਲਗਾਉਣ, ਘਟਾਉਣ ਜਾਂ ਸਮਾਪਤ ਕਰਨ ਦੀ ਸ਼ਕਤੀ ਵਿਧਾਨ ਸਭਾ ਕੋਲ਼ ਹੁੰਦੀ ਹੈ। ਵਿਧਾਨ ਸਭਾ ਦੁਆਰਾ ਪਾਸ ਕੀਤੇ ਬਜਟ ਨੂੰ ਵਿਧਾਨ ਪਰਿਸ਼ਦ ਵੱਲੋਂ 14 ਦਿਨਾਂ ਅੰਦਰ ਵਾਪਸ ਭੇਜਣਾ ਹੁੰਦਾ ਹੈ।

3. **ਕਾਰਜਪਾਲਿਕਾ ਤੇ ਕੰਟਰੋਲ (Control over executive):-** ਸੰਵਿਧਾਨ ਅਨੁਸਾਰ ਰਾਜ ਦੀ ਮੰਤਰੀ ਪਰਿਸ਼ਦ ਆਪਣੇਂ ਕੰਮਾਂ ਕਾਜਾਂ ਅਤੇ ਨੀਤੀਆਂ ਲਈ ਵਿਧਾਨ ਸਭਾ ਦੇ ਪ੍ਰਤੀ ਜ਼ਿੰਮੇਵਾਰ ਹੁੰਦੀ ਹੈ। ਜ਼ਿੰਮੇਵਾਰੀ ਦਾ ਭਾਵ ਹੈ ਕਿ ਵਿਧਾਨ ਸਭਾ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਮੰਤਰੀ ਪਰਿਸ਼ਦ ਨੂੰ ਅਹੁਦੇ ਤੋਂ ਹਟਾ ਸਕਦੀ ਹੈ। ਮੰਤਰੀਆਂ ਤੋਂ ਪ੍ਰਸ਼ਨ ਪੁੱਛ ਕੇ, ਸਥਗਨ ਅਤੇ ਧਿਆਨ ਦਿਵਾਊ ਮਤੇ ਅਤੇ ਨਿੰਦਾ ਪ੍ਰਸਤਾਵ ਦੁਆਰਾ ਵਿਧਾਨ ਸਭਾ ਕਾਰਜਪਾਲਿਕਾ ਤੇ ਨਿਯੰਤ੍ਰਣ ਰਖਦੀ ਹੈ।

4. **ਮਿਲੇਜੁਲੇ ਕੰਮ (Miscellaneous):-** ਸੰਵਿਧਾਨ ਵਿੱਚ ਕੀਤੀਆਂ ਜਾਣ ਵਾਲੀਆਂ ਕੁਝ ਸੋਧਾਂ ਅਜਿਹਿਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਾਸ ਕਰਨ ਲਈ ਭਾਰਤ ਦੇ ਰਾਜਾਂ ਦੀਆਂ ਘੱਟੋ-ਘੱਟ ਅਧੇ ਰਾਜਾਂ ਦੀਆਂ ਵਿਧਾਨ-ਸਭਾਵਾਂ ਦੁਆਰਾ ਮਤਾ ਪਾਸ ਕਰਨਾ ਜ਼ਰੂਰੀ ਹੁੰਦਾ ਹੈ। ਰਾਜ ਵਿਧਾਨ ਸਭਾ ਦੇ ਮੈਂਬਰ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਦੀ ਚੋਣ ਵਿੱਚ ਭਾਗ ਲੈਂਦੇ ਹਨ। ਵਿਧਾਨ ਸਭਾ ਆਪਣੇਂ ਸਪੀਕਰ ਅਤੇ ਡਿਪਟੀ ਸਪੀਕਰ ਦੀ ਚੋਣ ਕਰਦੀ ਹੈ। ਵਿਧਾਨ ਸਭਾ ਆਪਣੇ ਮੈਂਬਰਾਂ ਦੇ ਵਿਰੁੱਧ ਸਦਨ ਦੀ ਮਰਿਆਦਾ ਭੰਗ ਕਰਨ ਜਾਂ ਦਰਸ਼ਕਾਂ ਦੁਆਰਾ ਸਦਨ ਦਾ ਨਿਰਾਦਰ ਕਰਨ ਤੇ ਅਨੁਸ਼ਾਸਨੀ ਕਾਰਵਾਈ ਕਰ ਸਕਦੀ ਹੈ।

**ਦੋਹਾਂ ਸਦਨਾਂ ਦੇ ਆਪਸੀ ਸੰਬੰਧ:-** ਸੰਸਦ ਦੇ ਦੋਹਾਂ ਸਦਨਾਂ ਦੀ ਤਰ੍ਹਾਂ ਰਾਜ ਵਿਧਾਨਪਾਲਿਕਾ ਦੇ ਵੀ ਦੋਵੇਂ ਸਦਨਾਂ ਦੀਆਂ ਸ਼ਕਤੀਆਂ ਵੀ ਬਰਾਬਰ ਨਹੀਂ ਹਨ। ਵਿੱਤੀ ਬਿੱਲ ਕੇਵਲ ਵਿਧਾਨ ਸਭਾ ਵਿੱਚ ਹੀ ਪੇਸ਼ ਕੀਤੇ ਜਾ ਸਕਦੇ ਹੈ। ਵਿਧਾਨਸਭਾ ਦੁਆਰਾ ਪਾਸ, ਵਿੱਤੀ ਬਿੱਲ ਕੇਵਲ ਉਸ ਦੀਆਂ

ਸਿਫ਼ਾਰਸ਼ਾਂ ਲਈ ਹੀ ਭੇਜਿਆ ਜਾਂਦਾ ਹੈ। ਇਨ੍ਹਾਂ ਸ਼ਿਫ਼ਾਰਿਸ਼ਾਂ ਨੂੰ ਵਿਧਾਨ ਸਭਾ ਪ੍ਰਵਾਨ ਜਾਂ ਅਪ੍ਰਵਾਨ ਕਰ ਸਕਦੀ ਹੈ। ਉਸਦੀਆਂ ਸਿਫ਼ਾਰਿਸ਼ਾਂ ਸਹਿਤ 14 ਦਿਨਾਂ ਅੰਦਰ ਹੀ ਵਿਧਾਨ ਸਭਾ ਕੋਲ ਭੇਜੀਆਂ ਜਾਂਦੀਆਂ ਹਨ। ਜੇਕਰ ਇਹ ਸਮਾਂ ਬਿਨਾਂ ਫ਼ੈਸਲਾ ਲੰਘ ਜਾਂਦਾ ਹੈ ਤਾਂ ਵਿੱਤ ਬਿੱਲ ਵਿਧਾਨ ਪਰਿਸ਼ਦ ਵੱਲੋਂ ਪਾਸ ਸਮਝਿਆ ਜਾਂਦਾ ਹੈ ਅਤੇ ਗਵਰਨਰ ਦੀ ਮਨਜ਼ੂਰੀ ਪਿੱਛੋਂ ਵਿੱਤ ਬਿੱਲ ਕਨੂੰਨ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਧਾਰਨ ਬਿੱਲ ਰਾਜ ਵਿਧਾਨ ਪਾਲਿਕਾ ਦੇ ਕਿਸੇ ਵੀ ਸਦਨ ਵਿੱਚ ਪੇਸ਼ ਹੋ ਸਕਦਾ ਹੈ। ਵਿਧਾਨ ਸਭਾ ਦੁਆਰਾ ਪਾਸ ਹੋਣ ਤੋਂ ਬਾਅਦ ਬਿੱਲ ਵਿਧਾਨ ਪਰਿਸ਼ਦ ਕੋਲ ਭੇਜਿਆ ਜਾਂਦਾ ਹੈ। (1) ਜੇਕਰ ਵਿਧਾਨ ਪਰਿਸ਼ਦ ਬਿੱਲ ਨੂੰ ਰੱਦ ਕਰ ਦੇਵੇ ਜਾਂ (2) ਉਸ ਵਿੱਚ ਪਰਿਵਰਤਨ ਕਰ ਦੇਵੇ ਤੇ ਇਸ ਨੂੰ ਪਾਸ ਕਰਕੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਵਿਧਾਨ ਸਭਾ ਕੋਲ ਵਾਪਸ ਨਾ ਭੇਜੇ ਤਾਂ ਹੇਠਲਾ ਸਦਨ ਉਸ ਬਿੱਲ ਨੂੰ ਦੁਬਾਰਾ ਪਾਸ ਕਰਕੇ ਰਾਜਪਾਲ ਦੇ ਦਸਤਖ਼ਤ ਲਈ ਭੇਜ ਸਕਦਾ ਹੈ। ਵਿਧਾਨ ਪਾਲਿਕਾ ਦੁਆਰਾ ਪਾਸ ਕੀਤੇ ਬਿੱਲ ਨੂੰ ਰਾਜਪਾਲ ਰਾਸ਼ਟਰਪਤੀ ਦੀ ਸਲਾਹ ਲਈ ਭੇਜ ਸਕਦਾ ਹੈ। ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਅਜਿਹਾ ਬਿੱਲ ਕਨੂੰਨ ਬਣਦਾ ਹੈ।

ਸੰਵਿਧਾਨ ਅਨੁਸਾਰ ਰਾਜ ਦੀ ਮੰਤਰੀ ਪਰਿਸ਼ਦ, ਵਿਧਾਨ ਸਭਾ ਸਾਹਮਣੇ ਜਵਾਬਦੇਹ ਹੈ। ਵਿਹਾਰ ਵਿੱਚ ਮੰਤਰੀ ਪਰਿਸ਼ਦ ਉਦੋਂ ਤਕ ਆਪਣੀ ਪਦਵੀ ਤੇ ਰਹਿੰਦੀ ਹੈ ਜਦੋਂ ਤਕ ਉਸ ਨੂੰ ਵਿਧਾਨ ਸਭਾ ਵਿੱਚ ਬਹੁਮੱਤ ਦਾ ਸਮਰਥਨ ਪ੍ਰਾਪਤ ਹੈ। ਵਿਧਾਨ ਸਭਾ, ਅਵਿਸ਼ਵਾਸ ਦਾ ਮਤਾ ਪਾਸ ਕਰਕੇ ਵੀ ਮੰਤਰੀ ਪਰਿਸ਼ਦ ਨੂੰ ਭੰਗ ਕਰ ਸਕਦੀ ਹੈ। ਵਿਧਾਨ ਪਰਿਸ਼ਦ ਨੂੰ ਕੇਵਲ ਮੰਤਰੀ ਪਰਿਸ਼ਦ ਦੀਆਂ ਨੀਤੀਆਂ ਤੇ ਕਾਰਜਾਂ ਦੀ ਆਲੋਚਨਾ ਕਰਨ ਦਾ ਅਧਿਕਾਰ ਹੈ।

## ਰਾਜ ਦੀ ਕਾਰਜਪਾਲਿਕਾ
## (State- Executive)

ਰਾਜਾਂ ਦੀ ਕਾਰਜਪਾਲਿਕਾ ਕੇਂਦਰੀ ਕਾਰਜਪਾਲਿਕਾ ਨਾਲ ਮਿਲਦੀ ਜੁਲਦੀ ਹੈ। ਕੇਂਦਰ ਦੀ ਕਾਰਜਪਾਲਿਕਾ ਵਾਂਗ ਇਹ ਵੀ ਸੰਸਦੀ ਪ੍ਰਨਾਲ਼ੀ ਦੇ ਸਿਧਾਂਤਾਂ ਅਤੇ ਅਧਾਰਿਤ ਹੈ। ਰਾਜ ਵਿੱਚ ਵੀ ਕੇਂਦਰ ਵਾਂਗ ਦੋ ਤਰ੍ਹਾਂ ਦੀ ਨਾਂ-ਮਾਤਰ ਅਤੇ ਅਸਲੀ ਕਾਰਜਪਾਲਿਕ ਹੁੰਦੀ ਹੈ। ਰਾਜਾਂ ਦੇ ਰਾਜਪਾਲ, ਨਾਂ-ਮਾਤਰ ਕਾਰਜਪਾਲਿਕਾ ਹਨ। ਮੁੱਖ ਮੰਤਰੀ ਸਹਿਤ ਮੰਤਰੀ ਪਰਿਸ਼ਦ ਰਾਜ ਦੀ ਅਸਲੀ ਕਾਰਜ ਪਾਲਿਕਾ ਹੈ। ਸੰਵਿਧਾਨ ਅਨੁਸਾਰ ਰਾਜਾਂ ਵਿੱਚ ਕਾਰਜਪਾਲਿਕਾ ਸ਼ਕਤੀਆਂ ਰਾਜਪਾਲ ਨੂੰ ਸੌਂਪੀਆਂ ਗਈਆਂ ਹਨ। ਰਾਜਪਾਲ ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ। ਰਾਜ ਦੀ ਕਾਰਜਪਾਲਿਕਾ ਵਿੱਚ ਰਾਜਪਾਲ, ਮੁੱਖ ਮੰਤਰੀ ਪਰਿਸ਼ਦ ਸ਼ਾਮਿਲ ਹਨ।

## ਰਾਜਪਾਲ
## (Governor)

ਰਾਜ ਦਾ ਸੰਵਿਧਾਨਿਕ ਮੁਖੀ ਰਾਜਪਾਲ ਹੁੰਦਾ ਹੈ। ਰਾਜਪਾਲ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਪੰਜ ਸਾਲਾਂ ਲਈ ਕੀਤੀ ਜਾਂਦੀ ਹੈ। ਰਾਸ਼ਟਰਪਤੀ ਪੰਜਾਂ ਸਾਲਾਂ ਤੋਂ ਪਹਿਲਾਂ ਵੀ ਰਾਜਪਾਲ ਨੂੰ ਪਦਵੀ ਤੋਂ ਹਟਾ ਸਕਦਾ ਹੈ ਅਤੇ ਪੰਜ ਸਾਲਾਂ ਤੋਂ ਵੱਧ ਸਮੇਂ ਲਈ ਵੀ ਉਸ ਨੂੰ ਅਹੁਦੇ 'ਤੇ ਰੱਖ ਸਕਦਾ ਹੈ। ਰਾਜਪਾਲ ਸੰਵਿਧਾਨ ਅਨੁਸਾਰ ਰਾਸ਼ਟਰਪਤੀ ਦੀ ਖ਼ੁਸ਼ੀ ਤਕ ਅਹੁਦੇ 'ਤੇ ਰਹਿੰਦਾ ਹੈ।

ਰਾਸ਼ਟਰਪਤੀ ਇਕ ਵਿਅਕਤੀ ਨੂੰ ਇਕ ਤੋਂ ਵੱਧ ਰਾਜਾਂ ਦਾ ਰਾਜਪਾਲ ਨਿਯੁਕਤ ਕਰ ਸਕਦਾ ਹੈ। ਵਰਤਮਾਨ ਸਮੇਂ ਵਿੱਚ ਰਾਜਪਾਲ ਦੀ ਤਨਖਾਹ ਤਿੰਨ ਲੱਖ ਪੰਜਾਹ ਹਜ਼ਾਰ ਰੁਪਏ ਮਹੀਨਾ ਹੈ। ਰਾਜਪਾਲ ਨੂੰ ਰਿਹਾਇਸ਼ ਲਈ ਮੁਫ਼ਤ ਰਾਜ ਭਵਨ ਅਤੇ ਹੋਰ ਕਈ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਰਾਜਪਾਲ ਬਣਨ ਲਈ ਹੇਠ ਲਿਖੀਆਂ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ: ਭਾਰਤ ਦਾ ਨਾਗਰਿਕ ਹੋਵੇ, 35 ਸਾਲਾਂ ਦੀ ਉਮਰ ਤੋਂ ਵੱਧ ਦਾ ਹੋਵੇ ਅਤੇ ਕਿਸੇ ਲਾਹੇਵੰਦ ਅਹੁਦੇ 'ਤੇ ਕੰਮ ਨਾ ਕਰਦਾ ਹੋਵੇ।

**ਰਾਜਪਾਲ ਦੀਆਂ ਸ਼ਕਤੀਆਂ (Powers of the Governor)**

ਰਾਜਪਾਲ ਨੂੰ ਰਾਜ ਦਾ ਸੰਵਿਧਾਨਿਕ ਮੁਖੀ ਹੋਣ ਦੇ ਨਾਤੇ ਹੇਠ ਲਿਖੀਆਂ ਸ਼ਕਤੀਆਂ ਪ੍ਰਾਪਤ ਹਨ:

1. **ਕਾਰਜਕਾਰੀ ਸ਼ਕਤੀਆਂ (Executive Powers):-** ਰਾਜ ਦਾ ਮੁੱਖ ਕਾਰਜ ਸਾਧਕ ਹੋਣ ਦੇ ਨਾਤੇ ਰਾਜ ਦਾ ਪ੍ਰਬੰਧ ਉਸ ਦੇ ਨਾਂ 'ਤੇ ਚਲਾਇਆ ਜਾਂਦਾ ਹੈ। ਰਾਜ ਦੇ ਸ਼ਾਸਨ ਨੂੰ ਚਲਾਉਣ ਲਈ ਉਹ ਜ਼ਿੰਮੇਵਾਰ ਹੈ। ਰਾਜ ਵਿੱਚ ਸ਼ਾਂਤੀ ਤੇ ਕਾਨੂੰਨੀ-ਪ੍ਰਬੰਧ ਬਣਾਈ ਰੱਖਣੇ ਉਸ ਦੀ ਮੁੱਖ ਜ਼ਿੰਮੇਵਾਰੀ ਹੈ। ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਉਸ ਨੂੰ ਸਲਾਹ ਤੇ ਸਹਾਇਤਾ ਦੇਣ ਲਈ ਮੁੱਖ-ਮੰਤਰੀ ਸਹਿਤ ਮੰਤਰੀ-ਪਰਿਸ਼ਦ ਹੁੰਦੀ ਹੈ। ਰਾਜਪਾਲ ਅਜਿਹੇ ਵਿਅਕਤੀ ਨੂੰ ਮੁੱਖ-ਮੰਤਰੀ ਨਿਯੁਕਤ ਕਰਦਾ ਹੈ ਜੋ ਵਿਧਾਨ ਸਭਾ ਵਿੱਚ ਬਹੁਮੱਤ ਦਲ ਦਾ ਨੇਤਾ ਹੁੰਦਾ ਹੈ ਜਾਂ ਜਿਸ ਨੂੰ ਵਿਧਾਨ ਸਭਾ ਦਾ ਬਹੁਮੱਤ ਪ੍ਰਾਪਤ ਹੁੰਦਾ ਹੈ। ਵਿੱਰਲੀ ਸਥਿਤੀ ਵਿੱਚ ਹੀ ਰਾਜਪਾਲ ਨੂੰ ਆਪਣੀ ਵਿਵੇਕਸ਼ੀਲ (Discretionary) ਸ਼ਕਤੀ ਰਾਹੀਂ ਮੁੱਖ ਮੰਤਰੀ ਨਿਯੁਕਤ ਕਰਨ ਦਾ ਮੌਕਾ ਮਿਲਦਾ ਹੈ। ਮੁੱਖ ਮੰਤਰੀ ਦੀ ਸਲਾਹ ਤੇ ਰਾਜਪਾਲ ਬਾਕੀ ਦੇ ਮੰਤਰੀ ਨਿਯੁਕਤ ਕਰਦਾ ਹੈ। ਰਾਜਪਾਲ ਰਾਜ ਵਿੱਚ ਐਡਵੋਕੇਟ ਜਨਰਲ, ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ, ਰਾਜ ਦੀਆਂ ਕਾਰਪੋਰੇਸ਼ਨਾਂ ਤੇ ਬੋਰਡਾਂ ਦੇ ਚੇਅਰਮੈਨਾਂ ਅਤੇ ਮੈਂਬਰਾਂ ਆਦਿ ਦੀ ਨਿਯੁਕਤੀ ਮੰਤਰੀ-ਪਰਿਸ਼ਦ ਦੀ ਸਲਾਹ ਨਾਲ ਕਰਦਾ ਹੈ। ਰਾਸ਼ਟਰਪਤੀ ਰਾਜ ਦੀ ਹਾਈਕੋਰਟ ਵਿੱਚ ਜੱਜ ਨਿਯੁਕਤ ਕਰਨ ਸਮੇਂ ਰਾਜਪਾਲ ਦੀ ਸਲਾਹ ਲੈਂਦੇ ਹਨ।

2. **ਵਿਧਾਨਿਕ ਸ਼ਕਤੀਆਂ (Legislative powers):-** ਰਾਜਪਾਲ ਰਾਜ ਦੀ ਵਿਧਾਨਪਾਲਿਕਾ ਦਾ ਇੱਕ ਅੰਗ ਹੁੰਦਾ ਹੈ। ਉਸ ਨੂੰ ਕਈ ਪ੍ਰਕਾਰ ਦੀਆਂ ਵਿਧਾਨਕ ਸ਼ਕਤੀਆਂ ਪ੍ਰਾਪਤ ਹਨ। ਰਾਜ ਦੀ ਵਿਧਾਨਪਾਲਿਕਾ ਦੇ ਅਧਿਵੇਸ਼ਨ ਬੁਲਾਉਂਦਾ ਅਤੇ ਸਮਾਪਤ ਕਰਦਾ ਹੈ। ਅਧਿਵੇਸ਼ਨ ਦੇ ਸਮੇਂ ਵਿੱਚ ਵਾਧਾ ਕਰ ਸਕਦਾ ਹੈ। ਹਰ ਸਾਲ ਰਾਜਪਾਲ ਵਿਧਾਨ ਮੰਡਲ ਦੇ ਸੈਸ਼ਨ ਦੇ ਅਰੰਭ ਵਿੱਚ ਉਦਘਾਟਨੀ ਭਾਸ਼ਨ ਦਿੰਦਾ ਹੈ। ਇਸ ਭਾਸ਼ਨ ਵਿੱਚ ਸਰਕਾਰ ਦੇ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਕੰਮਾਂ, ਲਾਗੂ ਕੀਤੀਆਂ ਜਾਣ ਵਾਲੀਆਂ ਨੀਤੀਆਂ ਅਤੇ ਕਾਰਜ ਕ੍ਰਮਾਂ ਦਾ ਵੇਰਵਾ ਹੁੰਦਾ ਹੈ। ਰਾਜਪਾਲ ਵਿਧਾਨਪਾਲਿਕਾ ਦੇ ਵਿਚਾਰ ਅਧੀਨ ਮਾਮਲੇ ਸੰਬੰਧੀ ਜਾਂ ਕਿਸੇ ਹੋਰ ਵਿਸ਼ੇ ਨਾਲ ਸੰਬੰਧਿਤ ਸੰਦੇਸ਼ ਭੇਜ ਸਕਦਾ ਹੈ। ਵਿਧਾਨ ਪਰਿਸ਼ਦ ਵਿੱਚ 1/6 ਮੈਂਬਰ ਨਾਮਜ਼ਦ ਕਰਦਾ ਹੈ। ਵਿਧਾਨ ਪਾਲਿਕਾ ਦੁਆਰਾ ਪਾਸ ਹਰੇਕ ਬਿੱਲ ਨੂੰ ਰਾਜਪਾਲ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਜ਼ਰੂਰੀ ਹੁੰਦੀ ਹੈ। ਰਾਜਪਾਲ ਬਿੱਲ 'ਤੇ ਦੁਬਾਰਾ ਵਿਚਾਰ ਕਰਨ ਲਈ ਵਿਧਾਨਪਾਲਿਕਾ ਨੂੰ ਵਾਪਸ ਭੇਜ ਸਕਦਾ ਹੈ। ਪਰ ਜੇਕਰ ਬਿੱਲ ਦੁਬਾਰਾ ਪਾਸ ਹੋ ਕੇ ਆ ਜਾਵੇ ਤਾਂ ਉਸ ਨੂੰ ਇਸ ਤੇ ਹਸਤਾਖਰ ਕਰਨੇ ਪੈਂਦੇ ਹਨ। ਉਹ ਕੁਝ ਬਿੱਲ ਰਾਸ਼ਟਰਪਤੀ ਦੀ ਸਲਾਹ ਲਈ ਵੀ ਭੇਜ ਸਕਦਾ ਹੈ। ਅਜਿਹੇ ਬਿੱਲ ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਹੀ ਪਾਸ ਸਮਝੇ ਜਾਂਦੇ ਹਨ।

ਜਦੋਂ ਵਿਧਾਨਪਾਲਿਕਾ ਦਾ ਸੈਸ਼ਨ ਨਾ ਚੱਲ ਰਿਹਾ ਹੋਵੇ ਤਾਂ ਰਾਜਪਾਲ ਲੋੜ ਪੈਣ ਤੇ ਅਧਿਆਦੇਸ਼ ਵੀ ਜਾਰੀ ਕਰ ਸਕਦਾ ਹੈ। ਇਹ ਅਧਿਆਦੇਸ਼ (Ordinance) ਵਿਧਾਨ ਪਾਲਿਕਾ ਦੁਆਰਾ ਬਣਾਏ ਕਨੂੰਨ ਦੇ ਸਮਾਨ ਹੀ ਲਾਗੂ ਹੁੰਦਾ ਹੈ। ਵਿਧਾਨਪਾਲਿਕਾ ਦਾ ਸੈਸ਼ਨ ਸ਼ੁਰੂ ਹੋਣ ਦੇ ਛੇ ਹਫਤਿਆਂ ਵਿੱਚ ਹੀ ਅਜਿਹੇ ਅਧਿਆਦੇਸ਼ ਦੀ ਪ੍ਰਵਾਨਗੀ ਹੁੰਦੀ ਹੈ ਤਾਂ ਅਧਿਆਦੇਸ਼ ਕਨੂੰਨ ਬਣ ਜਾਂਦਾ ਹੈ। ਰਾਜਪਾਲ ਵਿਧਾਨ ਸਭਾ ਨੂੰ ਇਸ ਦੇ ਕਾਰਜਕਾਲ ਸਮਾਪਤ ਹੋਣ ਤੋਂ ਪਹਿਲਾਂ ਵੀ ਭੰਗ ਕਰ ਸਕਦਾ ਹੈ।

**3. ਵਿੱਤੀ ਤੇ ਨਿਆਂਇਕ ਸ਼ਕਤੀਆਂ (Financial and Judicial powers):-** ਰਾਜਪਾਲ ਦੀ ਅਗੇਤਰੀ ਪ੍ਰਵਾਨਗੀ ਨਾਲ ਵਿਧਾਨ ਸਭਾ ਵਿੱਚ ਬਿੱਲ ਪੇਸ਼ ਕੀਤਾ ਜਾਂਦਾ ਹੈ। ਹਰੇਕ ਸਾਲ ਰਾਜਪਾਲ ਰਾਜ ਦਾ ਬਜਟ ਵਿਧਾਨ ਸਭਾ ਵਿੱਚ ਪੇਸ਼ ਕਰਾਉਂਦਾ ਹੈ। ਰਾਜਪਾਲ ਨੂੰ ਧਨ ਬਿੱਲ ਪਾਸ ਹੋਣ ਉਪਰੰਤ ਪ੍ਰਵਾਨਗੀ ਦੇਣੀ ਪੈਂਦੀ ਹੈ। ਇਸ ਦਾ ਰਾਜ ਦੇ ਅਚਨਚੇਤ ਫੰਡ ਉੱਤੇ ਨਿਯੰਤ੍ਰਣ ਹੁੰਦਾ ਹੈ। ਇਸ ਫੰਡ ਵਿੱਚੋਂ ਆਪਣੀ ਇੱਛਾ ਅਨੁਸਾਰ ਧਨ ਖਰਚ ਕਰ ਸਕਦਾ ਹੈ।

ਸ਼ੈਸਨ ਜੱਜ ਅਤੇ ਅਧੀਨ ਜੱਜਾਂ ਦੀ ਨਿਯੁਕਤੀ ਤਰੱਕੀ ਅਤੇ ਬਦਲੀ ਰਾਜਪਾਲ ਦੇ ਹੱਥਾਂ ਵਿੱਚ ਹੁੰਦੀ ਹੈ। ਰਾਜਪਾਲ ਰਾਜ ਦੇ ਕਨੂੰਨ ਤੋੜਨ ਵਾਲਿਆਂ ਦੀ ਸਜ਼ਾ ਨੂੰ ਘਟਾ ਜਾਂ ਪੂਰਨ ਮੁਆਫ਼ ਕਰ ਸਕਦਾ ਹੈ। ਉਹ ਰਾਜਨੀਤਿਕ ਕੈਦੀਆਂ ਨੂੰ ਅਜ਼ਾਦ ਕਰ ਸਕਦਾ ਹੈ।

**4. ਵਿਵੇਕਸ਼ੀਲ (ਇਛੱਤ) ਸ਼ਕਤੀਆਂ (Discretionary powers):-** ਰਾਜਪਾਲ ਨੂੰ ਕੁਝ ਮਹੱਤਵਪੂਰਨ ਵਿਵੇਕਸ਼ੀਲ ਸ਼ਕਤੀਆਂ ਪ੍ਰਾਪਤ ਹਨ। ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਰਾਜਪਾਲ ਆਪਣੀ ਇੱਛਾ ਅਨੁਸਾਰ ਕਰਦਾ ਹੈ। ਰਾਜਪਾਲ ਹੇਠ ਲਿਖੇ ਮਾਮਲਿਆਂ ਵਿੱਚ ਵਿਵੇਕਸ਼ੀਲ ਸ਼ਕਤੀਆਂ ਦੀ ਵਰਤੋਂ ਕਰਦਾ ਹੈ:

(ੳ) ਮੁੱਖ ਮੰਤਰੀ ਦੀ ਨਿਯੁਕਤੀ ਸਮੇਂ ਜਦੋਂ ਵਿਧਾਨ ਸਭਾ ਵਿੱਚ ਕਿਸੇ ਵੀ ਦਲ ਨੂੰ ਬਹੁਮਤ ਪ੍ਰਾਪਤ ਨਹੀਂ ਹੁੰਦਾ।

(ਅ) ਇਹ ਫ਼ੈਸਲਾ ਕਰਨ ਸਮੇਂ ਕਿ ਰਾਜ ਸਰਕਾਰ ਸੰਵਿਧਾਨ ਅਨੁਸਾਰ ਚਲ ਰਹੀ ਹੈ ਜਾਂ ਨਹੀਂ।

(ੲ) ਕੇਂਦਰੀ ਸਰਕਾਰ ਦੀਆਂ ਅੱਖਾਂ, ਕੰਨ, ਮੂੰਹ, ਅਤੇ ਬਾਹਾਂ ਦੇ ਰੂਪ ਵਿੱਚ ਕੰਮ ਕਰਨ ਸਮੇਂ।

(ਸ) ਵੱਖ-ਵੱਖ ਵਿਭਾਗਾਂ ਬਾਰੇ ਜਾਣਕਾਰੀ ਲੈਣ ਸਮੇਂ।

ਰਾਜਪਾਲ ਦੇ ਸੰਬੰਧ ਮੰਤਰੀ ਪਰਿਸ਼ਦ ਨਾਲ ਉਸ ਤਰ੍ਹਾਂ ਹੀ ਹਨ ਜਿਵੇਂ ਰਾਸ਼ਟਰਪਤੀ ਦੇ ਆਪਣੀ ਕੇਂਦਰੀ ਮੰਤਰੀ ਪਰਿਸ਼ਦ ਨਾਲ ਹਨ ਪਰ ਦੋਹਾਂ ਵਿੱਚ ਇੱਕ ਮੌਲਿਕ ਭੇਦ ਹੈ। ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦਾ ਪ੍ਰਯੋਗ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਕਰਦਾ ਹੈ ਪਰ ਰਾਜਪਾਲ ਲਈ ਕੁਝ ਪ੍ਰਸਥਿਤਿਆਂ ਵਿੱਚ ਅਜਿਹਾ ਕਰਨਾ ਜ਼ਰੂਰੀ ਨਹੀਂ। ਰਾਜਪਾਲ ਆਪਣੀਆਂ ਵਿਵੇਕਸ਼ੀਲ ਸ਼ਕਤੀਆਂ ਦੀ ਵਰਤੋਂ ਆਪਣੀ ਇੱਛਾ ਅਨੁਸਾਰ ਕਰ ਸਕਦਾ ਹੈ। ਰਾਸ਼ਟਰਪਤੀ ਪਾਸ ਅਜਿਹੀਆਂ ਵਿਵੇਕਸ਼ੀਲ ਸ਼ਕਤੀਆਂ ਨਹੀਂ ਹਨ।

**ਰਾਸ਼ਟਰਪਤੀ ਸ਼ਾਸਨ**:- ਸੰਵਿਧਾਨ ਅਨੁਸਾਰ ਜੇਕਰ ਰਾਜਪਾਲ ਰਾਸ਼ਟਰਪਤੀ ਨੂੰ ਇਹ ਰਿਪੋਰਟ ਕਰੇ ਜਾਂ ਰਾਸ਼ਟਰਪਤੀ ਨੂੰ ਕਿਸੇ ਹੋਰ ਭਰੋਸੇ ਯੋਗ ਵਸੀਲੇ ਤੋਂ ਸੂਚਨਾ ਮਿਲੇ ਕਿ ਰਾਜ ਸਰਕਾਰ ਸੰਵਿਧਾਨਿਕ ਨਿਯਮਾਂ ਦੇ ਅਨੁਸਾਰ ਨਹੀਂ ਚਲ ਰਹੀ ਤਾਂ ਉਹ ਰਾਸ਼ਟਰਪਤੀ ਸ਼ਾਸਨ ਦਾ ਐਲਾਨ ਕਰ ਸਕਦਾ ਹੈ। ਅਜਿਹੇ ਐਲਾਨ ਉਪਰੰਤ ਰਾਸ਼ਟਰਪਤੀ, ਰਾਜ ਦੀ ਮੰਤਰੀ ਪਰਿਸ਼ਦ ਨੂੰ ਤੋੜ ਦਿੰਦਾ ਹੈ ਅਤੇ ਵਿਧਾਨ ਸਭਾ ਨੂੰ ਭੰਗ ਕਰ ਸਕਦਾ ਹੈ ਜਾਂ ਮੁਲਤਵੀ ਕਰ ਸਕਦਾ ਹੈ। ਰਾਸ਼ਟਰਪਤੀ ਸ਼ਾਸਨ ਦੇ ਦੌਰਾਨ

ਰਾਜਪਾਲ ਰਾਜ ਦਾ ਅਸਲੀ ਕਾਰਜਸਾਧਕ ਹੋ ਜਾਂਦਾ ਹੈ, ਭਾਵੇਂ ਉਹ ਕੇਂਦਰੀ ਸਰਕਾਰ ਦੇ ਨੁਮਾਇੰਦੇ ਦੇ ਰੂਪ ਵਿੱਚ ਕੰਮ ਕਰਦਾ ਹੈ। ਸੰਵਿਧਾਨਿਕ ਮਸ਼ੀਨਰੀ ਫੇਲ੍ਹ ਹੋਣ ਦੌਰਾਨ ਰਾਜ ਦੀਆਂ ਸਾਰੀਆਂ ਕਾਰਜਪਾਲਿਕਾ ਸ਼ਕਤੀਆਂ ਰਾਸ਼ਟਰਪਤੀ ਨੂੰ ਪ੍ਰਾਪਤ ਹੁੰਦੀਆਂ ਹਨ ਅਤੇ ਵਿਧਾਨਿਕ ਸ਼ਕਤੀਆਂ ਸੰਸਦ ਨੂੰ ਮਿਲ ਜਾਂਦੀਆਂ ਹਨ।

ਸੰਵਿਧਾਨ ਅਨੁਸਾਰ ਰਾਸ਼ਟਰਪਤੀ ਵੱਲੋਂ ਕੀਤੀ ਗਈ ਸੰਕਟਕਾਲੀਨ ਘੋਸ਼ਣਾ ਸੰਸਦ ਵੱਲੋਂ ਇਕ ਮਹੀਨੇ ਅੰਦਰ ਪ੍ਰਵਾਨ ਕੀਤੀ ਜਾਣੀ ਚਾਹੀਦੀ ਹੈ। ਸਧਾਰਨ ਤੌਰ 'ਤੇ ਇਹ ਆਪਤੀਕਾਲ ਛੇ ਮਹੀਨਿਆਂ ਲਈ ਹੁੰਦਾ ਹੈ, ਪਰ ਸੰਸਦ ਇਸ ਨੂੰ ਅਗਲੇ ਛੇ ਮਹੀਨਿਆਂ ਲਈ ਵਧਾ ਸਕਦੀ ਹੈ। ਜੇਕਰ ਸੰਕਟਕਾਲ ਨੂੰ ਇਕ ਸਾਲ ਤੋਂ ਵੱਧ ਲਈ ਵਧਾਉਣਾ ਜ਼ਰੂਰੀ ਹੋ ਜਾਏ ਤਾਂ ਸੰਵਿਧਾਨ ਵਿੱਚ ਸੋਧ ਕਰਕੇ ਹੀ ਅਜਿਹਾ ਕੀਤਾ ਜਾ ਸਕਦਾ ਹੈ।

## ਰਾਜ ਦਾ ਮੁੱਖ-ਮੰਤਰੀ
## (Chief Minister)

ਸੰਵਿਧਾਨ ਅਨੁਸਾਰ ਰਾਜਪਾਲ ਨੂੰ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਣ ਲਈ, ਉਸ ਦੀ ਸਹਾਇਤਾ ਤੇ ਸਲਾਹ ਲਈ ਮੁੱਖ-ਮੰਤਰੀ ਸਹਿਤ ਮੰਤਰੀ ਪਰਿਸ਼ਦ ਦਾ ਪ੍ਰਬੰਧ ਕੀਤਾ ਗਿਆ ਹੈ। ਸਧਾਰਨ ਚੋਣਾਂ ਤੋਂ ਬਾਅਦ ਰਾਜਪਾਲ ਵਿਧਾਨ ਸਭਾ ਵਿੱਚ ਬਹੁਮੱਤ ਦਲ ਦੇ ਨੇਤਾ ਨੂੰ ਜਾਂ ਅਜਿਹੇ ਨੇਤਾ ਨੂੰ ਜਿਸਨੂੰ ਵਿਧਾਨ ਸਭਾ ਵਿੱਚ ਬਹੁਮੱਤ ਪ੍ਰਾਪਤ ਹੋਵੇ, ਸਰਕਾਰ ਬਣਾਉਣ ਦਾ ਸੱਦਾ ਪੱਤਰ ਦਿੰਦਾ ਹੈ। ਅਜਿਹੇ ਵਿਅਕਤੀ ਨੂੰ ਰਾਜਪਾਲ ਵੱਲੋਂ ਮੁੱਖ-ਮੰਤਰੀ ਨਿਯੁੱਕਤ ਕੀਤਾ ਜਾਂਦਾ ਹੈ। ਮੁੱਖ-ਮੰਤਰੀ ਦੀ ਸਿਫ਼ਾਰਿਸ਼ 'ਤੇ ਰਾਜਪਾਲ ਬਾਕੀ ਦੇ ਮੰਤਰੀਆਂ ਦੀ ਨਿਯੁੱਕਤੀ ਕਰਦਾ ਹੈ। ਸਧਾਰਨ ਤੌਰ ਤੇ ਰਾਜਪਾਲ ਮੁੱਖ-ਮੰਤਰੀ ਸਹਿਤ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਹੀ ਸਰਕਾਰੀ ਕੰਮ ਕਾਜ ਕਰਦਾ ਹੈ। ਮੁੱਖ ਮੰਤਰੀ ਅਤੇ ਮੰਤਰੀ ਪਰਿਸ਼ਦ ਆਪਣੇ ਕਾਰਜਾਂ ਅਤੇ ਨੀਤੀਆਂ ਲਈ ਵਿਧਾਨ ਸਭਾ ਸਾਹਮਣੇ ਜ਼ਿੰਮੇਵਾਰ ਹੁੰਦੀ ਹੈ। ਇਹ ਉਦੋਂ ਤੱਕ ਅਹੁਦੇ 'ਤੇ ਰਹਿੰਦੇ ਹਨ ਜਦੋਂ ਤੱਕ ਇਨ੍ਹਾਂ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਹੁੰਦਾ ਹੈ। ਵਿਧਾਨ ਸਭਾ ਮੰਤਰੀ ਪਰਿਸ਼ਦ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰਕੇ ਇਸ ਨੂੰ ਪਦਵੀ ਤੋਂ ਹਟਾ ਸਕਦੀ ਹੈ।

**ਮੰਤਰੀ ਪਰਿਸ਼ਦ ਦਾ ਧੁਰਾ:-** ਰਾਜ ਦੇ ਸ਼ਾਸਨ ਪ੍ਰਬੰਧ ਦਾ ਅਸਲੀ ਕਰਤਾ ਧਰਤਾ ਮੁੱਖ-ਮੰਤਰੀ ਹੀ ਹੁੰਦਾ ਹੈ। ਮੁੱਖ-ਮੰਤਰੀ ਆਪਣੀ ਪਾਰਟੀ ਦਾ ਸਰਵ-ਸ੍ਰੇਸ਼ਟ ਨੇਤਾ, ਵਿਧਾਨ ਸਭਾ ਅਤੇ ਸਰਕਾਰ ਦੀ ਅਗਵਾਈ ਕਰਨ ਵਾਲਾ ਅਤੇ ਰਾਜ ਦਾ ਸਿਰਕੱਢ ਨੇਤਾ ਹੁੰਦਾ ਹੈ। ਮੁੱਖ ਮੰਤਰੀ ਪਰਿਸ਼ਦ ਵਿੱਚ ਸੂਰਜ ਵਾਂਗ ਹੁੰਦਾ ਹੈ ਜਿਸ ਦੇ ਆਲ਼ੇ-ਦੁਆਲ਼ੇ ਮੰਤਰੀ ਚੱਕਰ ਲਗਾਉਂਦੇ ਹਨ। ਮੰਤਰੀਆਂ ਦੀ ਨਿਯੁੱਕਤੀ ਅਤੇ ਉਨ੍ਹਾਂ ਵਿੱਚ ਵਿਭਾਗਾਂ ਦੀ ਵੰਡ ਰਾਜਪਾਲ, ਮੁੱਖ-ਮੰਤਰੀ ਦੀ ਸਿਫ਼ਾਰਿਸ਼ ਅਨੁਸਾਰ ਹੀ ਕਰਦਾ ਹੈ। ਮੁੱਖ-ਮੰਤਰੀ ਹਾਲਤਾਂ ਅਤੇ ਜ਼ਰੂਰਤ ਅਨੁਸਾਰ ਮੰਤਰੀ ਪਰਿਸ਼ਦ ਦਾ ਪੁਨਰਗਠਨ ਕਰ ਸਕਦਾ ਹੈ। ਇਸ ਪ੍ਰਕਿਰਿਆ ਵਿੱਚ ਵਰਤਮਾਨ ਮੰਤਰੀਆਂ ਨੂੰ ਹਟਾਇਆ ਜਾ ਸਕਦਾ ਹੈ ਅਤੇ ਉਨ੍ਹਾਂ ਦੀ ਥਾਂ ਨਵੇਂ ਮੰਤਰੀ ਨਿਯੁੱਕਤ ਕੀਤੇ ਜਾ ਸਕਦੇ ਹਨ ਜਾ ਮੰਤਰੀਆਂ ਦੇ ਆਪਸੀ ਵਿਭਾਗਾਂ ਵਿੱਚ ਪੁਨਰ ਵੰਡ ਕੀਤੀ ਜਾ ਸਕਦੀ ਹੈ। ਮੁੱਖ-ਮੰਤਰੀ, ਮੰਤਰੀਆਂ ਵਿੱਚ ਤਾਲਮੇਲ ਤੇ ਸਹਿਯੋਗ ਦੀ ਭਾਵਨਾ ਪੈਦਾ ਕਰਦਾ ਹੈ। ਉਸ ਮੰਤਰੀ ਪਰਿਸ਼ਦ ਦੀਆਂ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ। ਮੁੱਖ ਮੰਤਰੀ, ਰਾਜਪਾਲ ਅਤੇ ਮੰਤਰੀ ਪਰਿਸ਼ਦ ਵਿੱਚ ਇਕ ਕੜੀ ਦੀ ਭੂਮਿਕਾ ਨਿਭਾਉਂਦਾ ਹੈ। ਮੁੱਖ ਮੰਤਰੀ, ਰਾਜਪਾਲ ਦਾ ਮੁੱਖ ਸਲਾਹਕਾਰ ਹੁੰਦਾ ਹੈ ਅਤੇ ਰਾਜ ਦੇ ਸਮੁੱਚੇ ਸ਼ਾਸਨ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

ਰਾਜ ਸਰਕਾਰ ਅਧੀਨ ਉੱਚ ਨੌਕਰੀਆਂ ਦੀ ਨਿਯੁਕਤੀ ਰਾਜਪਾਲ ਮੁੱਖ ਮੰਤਰੀ ਦੀ ਸਲਾਹ ਨਾਲ ਕਰਦਾ ਹੈ। ਪਬਲਿਕ ਸਰਵਿਸ ਕਮਿਸ਼ਨ ਦੇ ਚੇਅਰਮੈਨ ਤੇ ਮੈਂਬਰਾਂ ਅਤੇ ਹੋਰ ਕਈ ਬੋਰਡਾਂ ਤੇ ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਅਤੇ ਮੈਂਬਰਾਂ ਦੀ ਨਿਯੁੱਕਤੀ ਰਾਜਪਾਲ, ਮੁੱਖ ਮੰਤਰੀ ਦੀ ਸਿਫ਼ਾਰਿਸ਼ 'ਤੇ ਕਰਦਾ ਹੈ। ਸੰਖੇਪ ਵਿੱਚ ਮੁੱਖ ਮੰਤਰੀ ਰਾਜ ਪ੍ਰਸ਼ਾਸਨ ਦਾ ਇਕ ਧੁਰਾ ਹੈ ਜਿਸ ਦੇ ਆਲ਼ੇ-ਦੁਆਲ਼ੇ ਰਾਜ ਦਾ ਸਾਰਾ ਪ੍ਰਸ਼ਾਸਨ ਘੁੰਮਦਾ ਹੈ।

## ਮੰਤਰੀ ਪਰਿਸ਼ਦ

## (Council of Ministers)

ਸੰਵਿਧਾਨ ਅਨੁਸਾਰ ਰਾਜਪਾਲ ਨੂੰ ਉਸਦੇ ਪ੍ਰਸ਼ਾਸਨਿਕ ਕਾਰਜਾਂ ਵਿੱਚ ਸਲਾਹ ਅਤੇ ਸਹਾਇਤਾ ਕਰਨ ਲਈ ਮੁੱਖ-ਮੰਤਰੀ ਸਹਿਤ, ਮੰਤਰੀ ਪਰਿਸ਼ਦ ਹੋਏਗੀ। ਮੰਤਰੀ ਪਰਿਸ਼ਦ ਅਤੇ ਮੁੱਖ-ਮੰਤਰੀ ਰਾਜ ਦੀ ਅਸਲੀ ਕਾਰਜਪਾਲਿਕਾ ਅਤੇ ਰਾਜਪਾਲ ਇਸ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ। ਰਾਜਪਾਲ ਆਪਣੀਆਂ ਵਿਵੇਕਸ਼ੀਲ ਸ਼ਕਤੀਆਂ ਨੂੰ ਛਡਕੇ ਬਾਕੀ ਸਾਰੇ ਪ੍ਰਸ਼ਾਸਨਿਕ ਕੰਮ ਮੰਤਰੀ ਪਰਿਸ਼ਦ ਦੀ ਸਲਾਹ ਅਨੁਸਾਰ ਹੀ ਕਰਦਾ ਹੈ। ਅਸਲ ਵਿੱਚ ਮੰਤਰੀ ਪਰਿਸ਼ਦ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਮੁੱਖ-ਮੰਤਰੀ ਦੀ ਸਿਫ਼ਾਰਿਸ਼ 'ਤੇ ਹੀ ਰਾਜਪਾਲ ਤੇ ਮੰਤਰੀ ਪਰਿਸ਼ਦ ਹੀ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਂਦੀ ਹੈ। ਮੁੱਖ-ਮੰਤਰੀ ਦੀ ਸਿਫ਼ਾਰਿਸ਼ 'ਤੇ ਹੀ ਰਾਜਪਾਲ, ਮੰਤਰੀ ਪਰਿਸ਼ਦ ਦੇ ਮੈਂਬਰਾਂ ਦੀ ਨਿਯੁੱਕਤੀ ਕਰਦੇ ਹਨ ਜਾਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਂਦੇ ਹਨ।

ਮੰਤਰੀ ਪਰਿਸ਼ਦ ਦਾ ਕੋਈ ਨਿਸ਼ਚਿਤ ਕਾਰਜਕਾਲ ਨਹੀਂ ਹੁੰਦਾ। ਇਹ ਰਾਜਪਾਲ ਦੀ ਖੁਸ਼ੀ ਤੱਕ ਅਹੁਦੇ 'ਤੇ ਰਹਿੰਦੀ ਹੈ ਜਾਂ ਜਦੋਂ ਤੱਕ ਉਸ ਨੂੰ ਵਿਧਾਨ ਸਭਾ ਦਾ ਵਿਸ਼ਵਾਸ ਪ੍ਰਾਪਤ ਰਹਿੰਦਾ ਹੈ। ਮੰਤਰੀ ਪਰਿਸ਼ਦ ਦੇ ਮੈਂਬਰਾਂ ਦੀ ਗਿਣਤੀ ਵਿਧਾਨਸਭਾ ਦੇ ਕੁੱਲ ਮੈਂਬਰਾਂ ਦੀ ਗਿਣਤੀ ਤੋਂ 15% ਤੋਂ ਵੱਧ ਨਹੀਂ ਹੋ ਸਕਦੀ। ਸਾਧਾਰਨ ਤੌਰ 'ਤੇ ਮੰਤਰੀ ਪਰਿਸ਼ਦ ਵਿੱਚ ਕੁਝ ਕੈਬਨਿਟ ਮੰਤਰੀ ਤੇ ਰਾਜ ਮੰਤਰੀ ਹੁੰਦੇ ਹਨ।

ਮੰਤਰੀ ਪਰਿਸ਼ਦ ਦਾ ਪ੍ਰਮੁੱਖ ਕਾਰਜ ਰਾਜ ਦਾ ਸ਼ਾਸਨ ਪ੍ਰਬੰਧ ਚਲਾਉਣਾ ਹੈ। ਰਾਜ ਦੇ ਪ੍ਰਸ਼ਾਸਨ ਨੂੰ ਚਲਾਉਣ ਅਤੇ ਰਾਜ ਦੇ ਵਿਕਾਸ ਲਈ ਮੰਤਰੀ ਪਰਿਸ਼ਦ ਨੀਤੀਆਂ ਦਾ ਨਿਰਮਾਣ ਕਰਦੀ ਹੈ। ਸਰਕਾਰ ਲਈ ਲੋੜੀਂਦੇ ਕਨੂੰਨ ਘੜਨ ਅਤੇ ਵਿਧਾਨਪਾਲਿਕਾ ਤੋਂ ਪਾਸ ਕਰਾਉਣ ਦਾ ਕੰਮ ਕਰਦੀ ਹੈ। ਵਿੱਤ ਮੰਤਰੀ ਤੋਂ ਬਜਟ ਤਿਆਰ ਕਰਵਾ ਕੇ ਵਿਧਾਨ ਸਭਾ ਵਿੱਚ ਪੇਸ਼ ਕਰਾਉਂਦੀ ਹੈ ਅਤੇ ਫਿਰ ਇਸ ਨੂੰ ਉਸ ਤੋਂ ਪਾਸ ਕਰਾਉਂਦੀ ਹੈ। ਰਾਜ ਦੀਆਂ ਸਾਰੀਆਂ ਉਚੇਰੀਆਂ ਨਿਯੁੱਕਤੀਆਂ ਰਾਜਪਾਲ ਇਸ ਦੀ ਸਿਫ਼ਾਰਿਸ਼ ਤੇ ਕਰਦਾ ਹੈ। ਸੰਖੇਪ ਵਿੱਚ ਮੰਤਰੀ ਪਰਿਸ਼ਦ ਰਾਜ ਦੇ ਸ਼ਾਸਨ ਪ੍ਰਬੰਧ ਦਾ ਇਕ ਧੁਰਾ ਹੁੰਦਾ ਹੈ। ਇਸ ਤਰ੍ਹਾਂ ਇਹ ਰਾਜ ਸਰਕਾਰ ਦਾ ਸਭ ਤੋਂ ਮਹੱਤਵਪੂਰਨ ਅੰਗ ਹੁੰਦੀ ਹੈ।

## ਮੰਤਰੀ-ਪਰਿਸ਼ਦ ਅਤੇ ਵਿਧਾਨਪਾਲਿਕਾ ਦੇ ਆਪਸੀ ਸੰਬੰਧ

## (Relationship between Council of Ministers and State Legislature)

ਸੰਸਦੀ ਸ਼ਾਸਨ ਪ੍ਰਨਾਲੀ ਅਧੀਨ ਵਿਧਾਨ ਪਾਲਿਕਾ ਅਤੇ ਮੰਤਰੀ ਪਰਿਸ਼ਦ ਵਿਚ ਗੂੜ੍ਹਾ ਸੰਬੰਧ ਹੁੰਦਾ ਹੈ। ਵਿਧਾਨ ਪਾਲਿਕਾ ਦੇ ਮੈਂਬਰ ਹੀ ਮੰਤਰੀ ਪਰਿਸ਼ਦ ਦੇ ਮੈਂਬਰ ਬਣ ਸਕਦੇ ਹਨ। ਜੇਕਰ ਕੋਈ ਮੰਤਰੀ ਵਿਧਾਨ ਪਾਲਿਕਾ ਦਾ ਮੈਂਬਰ ਨਹੀਂ ਹੁੰਦਾ ਤਾਂ ਉਸ ਨੂੰ ਛੇ ਮਹੀਨਿਆਂ ਅੰਦਰ-ਅੰਦਰ ਹੀ ਇਸ ਦਾ ਮੈਂਬਰ ਬਣਨਾ ਪੈਂਦਾ ਹੈ, ਨਹੀਂ ਤਾਂ ਉਹ ਮੰਤਰੀ ਪੱਦ 'ਤੇ ਨਹੀਂ ਰਹਿ ਸਕਦਾ। ਸੰਵਿਧਾਨ ਅਨੁਸਾਰ

ਮੰਤਰੀ ਪਰਿਸ਼ਦ ਵਿਧਾਨ ਸਭਾ ਦੇ ਸਾਹਮਣੇ ਜ਼ਿੰਮੇਵਾਰ ਹੁੰਦੀ ਹੈ। ਇਹ ਉਦੋਂ ਤਕ ਅਹੁਦੇ 'ਤੇ ਰਹਿੰਦੀ ਹੈ ਜਦੋਂ ਤਕ ਇਸਨੂੰ ਵਿਧਾਨ ਸਭਾ ਦਾ ਬਹੁਮਤ ਪ੍ਰਾਪਤ ਹੋਵੇ।

ਵਿਧਾਨ ਸਭਾ ਦੇ ਮੈਂਬਰ ਮੰਤਰੀ ਪਰਿਸ਼ਦ ਕੋਲੋਂ ਰਾਜ ਦੇ ਪ੍ਰਸ਼ਾਸਨ ਬਾਰੇ ਕੋਈ ਵੀ ਪ੍ਰਸ਼ਨ ਪੁੱਛ ਸਕਦੇ ਹਨ ਜਾਂ ਰਾਜ ਪ੍ਰਬੰਧ ਬਾਰੇ ਜ਼ਰੂਰੀ ਜਾਣਕਾਰੀ ਲੈ ਸਕਦੇ ਹਨ। ਮੰਤਰੀ ਪਰਿਸ਼ਦ ਨੂੰ ਆਪਣੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਲਈ ਵਿਧਾਨ ਸਭਾ ਤੋਂ ਪ੍ਰਵਾਨਗੀ ਲੈਣੀ ਪੈਂਦੀ ਹੈ।

ਸੰਖੇਪ ਵਿੱਚ ਰਾਜ ਵਿੱਚ ਮੰਤਰੀ ਪਰਿਸ਼ਦ ਅਤੇ ਵਿਧਾਨ ਪਾਲਿਕਾ ਵਿੱਚ ਬਹੁਤ ਗੂੜ੍ਹਾ ਸੰਬੰਧ ਹੁੰਦਾ ਹੈ।

## ਰਾਜ ਦੀ ਉੱਚ-ਅਦਾਲਤ
## (High Court)

ਭਾਰਤ ਦੇ ਨਿਆਂਇਕ ਪ੍ਰਬੰਧ ਅਧੀਨ ਹਰੇਕ ਰਾਜ ਵਿੱਚ ਇੱਕ ਹਾਈ ਕੋਰਟ ਦੀ ਵਿਵਸਥਾ ਕੀਤੀ ਗਈ ਹੈ। ਸਧਾਰਨ ਤੌਰ 'ਤੇ ਇਕ ਰਾਜ ਲਈ ਇਕ ਹਾਈ ਕੋਰਟ ਹੁੰਦਾ ਹੈ। ਪਰੰਤੂ ਸੰਸਦ, ਕਨੂੰਨ ਦੁਆਰਾ ਦੋ ਜਾਂ ਦੋ ਤੋਂ ਵੱਧ ਰਾਜਾਂ ਅਤੇ ਕੇਂਦਰੀ ਪ੍ਰਸ਼ਾਸਿਤ ਖੇਤਰਾਂ ਲਈ ਸਾਂਝੀ ਹਾਈ ਕੋਰਟ ਦੀ ਵਿਵਸਥਾ ਵੀ ਕਰ ਸਕਦੀ ਹੈ। ਉਦਾਹਰਣ ਲਈ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਲਈ ਇਕ ਸਾਂਝੀ ਹਾਈ ਕੋਰਟ ਹੈ। ਗੁਹਾਟੀ ਹਾਈ ਕੋਰਟ ਚਾਰ ਰਾਜਾਂ-ਅਸਾਮ, ਅਰੁਣਾਚਲ ਪ੍ਰਦੇਸ਼, ਨਾਗਾਲੈਂਡ, ਅਤੇ ਮਿਜ਼ੋਰਮ ਲਈ ਸਥਾਪਿਤ ਕੀਤੀ ਗਈ ਹੈ।

ਸੰਵਿਧਾਨ ਅਨੁਸਾਰ ਹਾਈ ਕੋਰਟ ਵਿੱਚ ਇਕ ਮੁੱਖ ਜੱਜ ਅਤੇ ਕੁਝ ਹੋਰ ਜੱਜ ਹੁੰਦੇ ਹਨ। ਹਾਈ ਕੋਰਟ ਦੇ ਜੱਜਾਂ ਦੀ ਸੰਖਿਆ ਨਿਸਚਿਤ ਨਹੀਂ ਹੈ। ਹਾਈ ਕੋਰਟ ਦੇ ਜੱਜਾਂ ਦੀ ਸੰਖਿਆ ਰਾਸ਼ਟਰਪਤੀ ਦੀ ਇੱਛਾ 'ਤੇ ਛੱਡ ਦਿੱਤੀ ਗਈ ਹੈ। ਇਸ ਲਈ ਰਾਜਾਂ ਦੇ ਹਾਈ ਕੋਰਟਾਂ ਦੇ ਜੱਜਾਂ ਦੀ ਸੰਖਿਆ ਸਮਾਨ ਨਹੀਂ ਹੈ। ਉਦਾਹਰਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਜੱਜਾਂ ਦੀ ਸੰਖਿਆ 48 ਹੈ, ਜਦਕਿ ਹਿਮਾਚਲ ਪ੍ਰਦੇਸ਼ ਦੀ ਹਾਈਕੋਰਟ ਵਿੱਚ 13 ਜੱਜ ਹਨ। ਹਾਈ ਕੋਰਟ ਦੇ ਜੱਜਾਂ ਦੀ ਨਿਯੁੱਕਤੀ ਭਾਰਤ ਦੇ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਹਾਈ ਕੋਰਟ ਦੇ ਮੁੱਖ ਜੱਜ ਦੀ ਨਿਯੁਕਤੀ ਕਰਨ ਸਮੇਂ ਰਾਸ਼ਟਰਪਤੀ ਭਾਰਤ ਦੇ ਮੁੱਖ ਜੱਜ ਅਤੇ ਰਾਜ ਦੇ ਗਵਰਨਰ ਦੀ ਸਲਾਹ ਲੈਂਦੇ ਹਨ। ਬਾਕੀ ਦੇ ਜੱਜਾਂ ਦੀ ਨਿਯੁਕਤੀ ਕਰਨ ਸਮੇਂ ਉਪਰੋਕਤ ਦੋ ਅਧਿਕਾਰੀਆਂ ਤੋਂ ਇਲਾਵਾ ਰਾਸ਼ਟਰਪਤੀ ਦੁਆਰਾ ਹਾਈਕੋਰਟ ਦੇ ਮੁੱਖ ਜੱਜ ਦੀ ਸਲਾਹ ਵੀ ਲਈ ਜਾਂਦੀ ਹੈ।

**ਹਾਈ ਕੋਰਟ ਦਾ ਜੱਜ ਬਣਨ ਲਈ ਲੋੜੀਂਦੀਆਂ ਯੋਗਤਾਵਾਂ ਇਹ ਹਨ:**

(i) ਭਾਰਤ ਦਾ ਨਾਗਿਰਕ ਹੋਵੇ।

(ii) ਦਸ ਸਾਲ ਤਕ ਕਿਸੇ ਅਧੀਨ ਅਦਾਲਤ ਵਿੱਚ ਜੱਜ ਰਿਹਾ ਹੋਵੇ ਜਾਂ ਕਿਸੇ ਹਾਈ ਕੋਰਟ ਵਿੱਚ ਦਸ ਸਾਲ ਤਕ ਵਕਾਲਤ ਕੀਤੀ ਹੋਵੇ।

ਹਾਈ ਕੋਰਟ ਦਾ ਜੱਜ ਨਿਯੁਕਤ ਹੋ ਜਾਣ ਤੋਂ ਬਾਅਦ 62 ਸਾਲਾਂ ਦੀ ਉਮਰ ਤਕ ਆਪਣੇ ਅਹੁਦੇ 'ਤੇ ਰਹਿ ਸਕਦਾ ਹੈ। ਹਾਈ ਕੋਰਟ ਦੇ ਮੁੱਖ ਜੱਜ ਦੀ ਤਨਖਾਹ 2,50,000 ਰੁਪਏ ਅਤੇ ਬਾਕੀ ਜੱਜਾਂ ਦੀ ਤਨਖਾਹ 2,25,000 ਰੁਪਏ ਹੁੰਦੀ ਹੈ। ਜੱਜਾਂ ਦੀ ਇਹ ਤਨਖਾਹ ਨੌਕਰੀ ਦੌਰਾਨ ਘਟਾਈ ਨਹੀਂ ਜਾ ਸਕਦੀ। ਜੱਜਾਂ ਨੂੰ ਮੁਫਤ ਨਿਵਾਸ ਸਥਾਨ ਅਤੇ ਕੁਝ ਹੋਰ ਸਹੂਲਤਾਂ ਵੀ ਪ੍ਰਾਪਤ ਹੁੰਦੀਆਂ

ਹਨ। ਜੇਕਰ ਰਾਸ਼ਟਰਪਤੀ ਉਚਿਤ ਸਮਝੇ ਤਾਂ ਹਾਈ ਕੋਰਟ ਵਿੱਚ ਦੋ ਸਾਲਾਂ ਦੇ ਸਮੇਂ ਲਈ ਵਾਧੂ ਜੱਜਾਂ ਦੀ ਨਿਯੁਕਤੀ ਕਰ ਸਕਦਾ ਹੈ। ਹਾਈ ਕੋਰਟ ਦੇ ਜੱਜਾਂ ਨੂੰ ਦੂਜੇ ਰਾਜਾਂ ਦੀਆਂ ਹਾਈ ਕੋਰਟਾਂ ਵਿੱਚ ਬਦਲਿਆ ਜਾ ਸਕਦਾ ਹੈ।

**ਉੱਚ-ਅਦਾਲਤ ਦੀਆਂ ਸ਼ਕਤੀਆਂ (Powers of the High Court)**

ਹਾਈ ਕੋਰਟ ਨੂੰ ਹੇਠ ਲਿਖੀਆਂ ਮੁੱਖ ਸ਼ਕਤੀਆਂ ਜਾਂ ਅਧਿਕਾਰ ਖੇਤਰ ਪ੍ਰਾਪਤ ਹਨ: ਮੌਲਿਕ, ਅਪੀਲੀ ਅਤੇ ਪ੍ਰਸ਼ਾਸਨਿਕ। ਇਨ੍ਹਾਂ ਸ਼ਕਤੀਆਂ ਦਾ ਵਰਣਨ ਇਸ ਪ੍ਰਕਾਰ ਹੈ:

1. **ਮੌਲਿਕ ਸ਼ਕਤੀਆਂ (Original Jurisdiction):-** ਹਾਈ ਕੋਰਟ ਨੂੰ ਕੁਝ ਮਹੱਤਵਪੂਰਨ ਮਾਮਲਿਆਂ ਉੱਤੇ ਮੌਲਿਕ ਸ਼ਕਤੀਆਂ ਪ੍ਰਾਪਤ ਹਨ। ਮੌਲਿਕ ਸ਼ਕਤੀਆਂ ਤੋਂ ਭਾਵ ਹੈ ਕਿ ਕੁਝ ਮਾਮਲਿਆਂ ਸੰਬੰਧੀ ਮੁਕੱਦਮੇ ਸਿੱਧੇ ਹਾਈ ਕੋਰਟ ਵਿੱਚ ਦਰਜ ਕੀਤੇ ਜਾਂਦੇ ਹਨ। ਜਿਵੇਂ ਕਿ ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਕੋਈ ਵੀ ਮੁਕੱਦਮਾ ਸਿੱਧਾ ਹੋਈ ਕੋਰਟ ਵਿੱਚ ਹੀ ਲਿਜਾਇਆ ਜਾ ਸਕਦਾ ਹੈ। ਹਾਈ ਕੋਰਟ ਪੰਜ ਪ੍ਰਕਾਰ ਦੇ ਆਦੇਸ਼ਾਂ ਦੁਆਰਾ ਨਾਗਰਿਕ ਦੇ ਅਧਿਕਾਰਾਂ ਦੀ ਰੱਖਿਆ ਕਰਦੀ ਹੈ। ਸੰਵਿਧਾਨਿਕ ਉਲੰਘਣਾ ਵਾਲੇ ਮਾਮਲੇ ਸਿੱਧੇ ਹਾਈ ਕੋਰਟ ਵਿਚ ਹੀ ਲਿਜਾਏ ਜਾ ਸਕਦੇ ਹਨ। ਜੇਕਰ ਹਾਈ ਕੋਰਟ ਸਮਝੇ ਕਿ ਸੰਸਦੀ ਜਾਂ ਰਾਜ ਵਿਧਾਨ ਪਾਲਿਕਾ ਦਾ ਕੋਈ ਕਨੂੰਨ ਜਾਂ ਕੇਂਦਰੀ ਜਾਂ ਰਾਜ ਦੀ ਕਾਰਜਪਾਲਿਕਾ ਦਾ ਕੋਈ ਆਦੇਸ਼ ਸੰਵਿਧਾਨ ਦੇ ਕਿਸੇ ਅਨੁਛੇਦ ਦੀ ਉਲੰਘਣਾ ਕਰਦਾ ਹੈ ਜਾਂ ਸੰਵਿਧਾਨ ਦੇ ਵਿਰੁਧ ਹੈ ਤਾਂ ਅਜਿਹੇ ਕਨੂੰਨ ਜਾਂ ਆਦੇਸ਼ ਨੂੰ ਹਾਈ ਕੋਰਟ ਗੈਰ-ਸੰਵਿਧਾਨਿਕ ਕਰਾਰ ਦੇ ਕੇ ਰੱਦ ਕਰ ਸਕਦੀ ਹੈ।

2. **ਅਪੀਲੀ ਸ਼ਕਤੀਆਂ (Appellate Jurisdiction):-** ਹਾਈ ਕੋਰਟ ਨੂੰ ਆਪਣੇ ਅਧੀਨ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਤਿੰਨ ਪ੍ਰਕਾਰ ਦੀਆਂ ਅਪੀਲਾਂ ਸੁਣਨ ਦਾ ਅਧਿਕਾਰ ਹੈ; ਦੀਵਾਨੀ, ਫ਼ੌਜਦਾਰੀ ਅਤੇ ਸੰਵਿਧਾਨਿਕ। ਦੀਵਾਨੀ ਅਪੀਲ ਉਨ੍ਹਾਂ ਮਾਮਲਿਆਂ ਵਿੱਚ ਸੁਣਦੀ ਹੈ ਜਿਨ੍ਹਾਂ ਵਿੱਚ ਪੰਜ ਹਜ਼ਾਰ ਤੋਂ ਵੱਧ ਰਕਮ ਜਾਂ ਸੰਪਤੀ ਦਾ ਪ੍ਰਸ਼ਨ ਸੰਬੰਧਿਤ ਹੋਵੇ। ਫੌਜਦਾਰੀ ਅਪੀਲਾਂ ਉਸ ਨੂੰ ਕਿਹਾ ਜਾਂਦਾ ਹੈ ਜਿਥੇ ਹੇਠਲੀ ਅਦਾਲਤ ਨੇ ਕਿਸੇ ਦੋਸ਼ੀ ਨੂੰ ਚਾਰ ਸਾਲ ਤੋਂ ਵੱਧ ਦੀ ਕੈਦ ਜਾਂ ਮੌਤ ਦੀ ਸਜ਼ਾ ਦਿੱਤੀ ਹੈ। ਸੰਵਿਧਾਨ ਦੀ ਉਲੰਘਣਾ ਦਾ ਪ੍ਰਸ਼ਨ ਜਾਂ ਵਿਆਖਿਆ ਦੇ ਪ੍ਰਦੇਸ਼ ਨਾਲ ਸਬੰਧਤ ਮਾਮਲਿਆਂ ਦੀਆਂ ਅਪੀਲਾਂ ਵੀ ਸਿਧੀਆਂ ਹਾਈ ਕੋਰਟ ਕੋਲ ਜਾਂਦੀਆਂ ਹਨ।

3. **ਪ੍ਰਸ਼ਾਸਨਿਕ ਸ਼ਕਤੀਆਂ (Administrative Powers):-** ਹਾਈ ਕੋਰਟ ਨੂੰ ਬਹੁਤ ਸਾਰੀਆਂ ਪ੍ਰਸ਼ਾਸਨਿਕ ਸ਼ਕਤੀਆਂ ਵੀ ਪ੍ਰਾਪਤ ਹਨ। ਹਾਈ ਕੋਰਟ ਆਪਣੇ ਅਧੀਨ ਸਾਰੀਆਂ ਅਦਾਲਤਾਂ ਦੀ ਕਾਰਵਾਈ ਤੇ ਨਿਗਰਾਨੀ ਅਤੇ ਪ੍ਰਸ਼ਾਸਨਿਕ ਨਿਯੰਤ੍ਰਣ ਰਖਦੀ ਹੈ। ਉਨ੍ਹਾਂ ਦੀ ਕਾਰਜ ਪ੍ਰਣਾਲੀ, ਰਿਕਾਰਡ, ਹਿਸਾਬ-ਕਿਤਾਬ ਸੰਬੰਧੀ ਨਿਯਮ ਬਣਾਉਂਦੀ ਹੈ। ਉਨ੍ਹਾਂ ਤੋਂ ਰਿਕਾਰਡ ਮੰਗਵਾ ਕੇ ਜਾਂਚ ਪੜਤਾਲ ਕਰ ਸਕਦੀ ਹੈ ਜਾਂ ਜੱਜ, ਆਪ ਅਧੀਨ ਅਦਾਲਤਾਂ, ਵਿੱਚ ਜਾ ਕੇ ਉਨ੍ਹਾਂ ਦੇ ਕਾਰਜਾਂ ਦੀ ਜਾਂਚ ਪੜਤਾਲ ਕਰਦੇ ਹਨ। ਹਾਈ ਕੋਰਟ ਆਪਣੀਆਂ ਅਧੀਨ ਅਦਾਲਤਾਂ ਵਿੱਚ ਮੁਕੱਦਮਿਆਂ ਦੀ ਅਦਲਾ-ਬਦਲੀ ਕਰ ਸਕਦੀ ਹੈ।

4. **ਰਿਕਾਰਡ ਕੋਰਟ (Court of Record):-** ਹਾਈ ਕੋਰਟ ਨੂੰ ਰਿਕਾਰਡ ਕੋਰਟ ਮੰਨਿਆਂ ਜਾਂਦਾ ਹੈ। ਇਸ ਦਾ ਭਾਵ ਹੈ ਕਿ ਹਾਈ ਕੋਰਟ ਦੇ ਫ਼ੈਸਲੇ ਲਿਖਿਤ ਰੂਪ ਵਿੱਚ ਰਿਕਾਰਡ ਕੀਤੇ ਜਾਂਦੇ ਹਨ ਅਤੇ ਹੇਠਲੀਆਂ ਅਦਾਲਤਾਂ ਲਈ ਅਜਿਹੇ ਫ਼ੈਸਲੇ ਦ੍ਰਿਸ਼ਟਾਂਤ ਹੁੰਦੇ ਹਨ ਜਿਨ੍ਹਾਂ ਦੇ ਅਧਾਰ 'ਤੇ ਆਉਣ ਵਾਲੇ ਸਮੇਂ ਵਿੱਚ ਵੀ ਫ਼ੈਸਲੇ ਕੀਤੇ ਜਾਂਦੇ ਹਨ।

## ਅਧੀਨ ਅਦਾਲਤਾਂ

## (Subordinate Courts)

ਭਾਰਤ ਦੇ ਰਾਜਾਂ ਵਿੱਚ ਅਧੀਨ ਅਦਾਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਲੋਕਾਂ ਨੂੰ ਨਿਆਂ ਦੁਆਉਣ ਲਈ ਅਧੀਨ ਅਦਾਲਤਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਇਸ ਲਈ ਲੋਕਾਂ ਦਾ ਇਨ੍ਹਾਂ ਅਦਾਲਤਾਂ ਦੀ ਨਿਰਪੱਖਤਾ ਅਤੇ ਸੁਤੰਤਰਤਾ ਵਿੱਚ ਵਿਸ਼ਵਾਸ ਹੋਣਾ ਤੇ ਬਣਿਆ ਰਹਿਣਾ ਬਹੁਤ ਜ਼ਰੂਰੀ ਹੈ।

ਜ਼ਿਲ੍ਹਾ ਪੱਧਰ ਤੇ ਸੈਸ਼ਨ ਜੱਜ ਦੀ ਅਦਾਲਤ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ ਜਿਸ ਦਾ ਮੁਖੀ ਸੈਸ਼ਨ ਜੱਜ ਹੁੰਦਾ ਹੈ। ਸੈਸ਼ਨ ਜੱਜ ਦੀ ਨਿਯੁਕੱਤੀ ਰਾਜਪਾਲ, ਹਾਈ ਕੋਰਟ ਦੇ ਮੁੱਖ ਜੱਜ ਦੀ ਸਲਾਹ ਨਾਲ ਕਰਦਾ ਹੈ। ਰਾਜ ਨਿਆਂਇਕ ਸੇਵਾ ਵਿੱਚ ਆਉਣ ਲਈ ਇੱਕ ਉਮੀਦਵਾਰ ਨੂੰ ਘਟੋ ਘਟ ਤਿੰਨ ਸਾਲ ਦੀ ਵਕਾਲਤ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਇਨ੍ਹਾਂ ਚੁਣੇ ਹੋਏ ਨਿਆਂਇਕ ਅਧਿਕਾਰੀਆਂ ਨੂੰ ਪਹਿਲਾਂ ਟ੍ਰੇਨਿੰਗ ਦਿੱਤੀ ਜਾਂਦੀ ਹੈ ਅਤੇ ਫਿਰ ਉਨ੍ਹਾਂ ਨੂੰ ਅਹੁਦੇ 'ਤੇ ਨਿਯੁਕਤ ਕੀਤਾ ਜਾਂਦਾ ਹੈ।

ਸੈਸ਼ਨ ਜੱਜ ਅਤੇ ਹੋਰ ਰਾਜ ਨਿਆਂਇਕ ਸੇਵਾ ਦੇ ਜੱਜ ਹਾਈ ਕੋਰਟ ਦੀ ਨਿਗਰਾਨੀ ਹੇਠ ਕੰਮ ਕਰਦੇ ਹਨ। ਹਾਈ ਕੋਰਟ ਇਨ੍ਹਾਂ ਸਾਰੇ ਅਧੀਨ ਜੱਜਾਂ ਨੂੰ ਨਿਯੰਤ੍ਰਣ ਵਿੱਚ ਰੱਖਦੀ ਹੈ। ਇਨ੍ਹਾਂ ਜੱਜਾਂ ਦੀਆਂ ਬਦਲੀਆਂ ਤਰੱਕੀਆਂ ਜਾਂ ਇਨ੍ਹਾਂ ਦੀਆਂ ਸੇਵਾਵਾਂ ਨਾਲ਼ ਸੰਬੰਧਿਤ ਹੋਰ ਮਾਮਲਿਆਂ ਉੱਤੇ ਹਾਈ ਕੋਰਟ ਫੈਸਲੇ ਕਰਦੀ ਹੈ। ਭਾਰਤ ਦੇ ਸਾਰੇ ਰਾਜਾਂ ਵਿੱਚ ਅਧੀਨ ਅਦਾਲਤਾਂ ਦਾ ਲਗਭਗ ਇਹੀ ਨਮੂਨਾ ਹੈ।

## ਲੋਕ ਅਦਾਲਤਾਂ

## (Lok Adalat)

ਗਰੀਬ, ਸ਼ੋਸ਼ਿਤ ਅਤੇ ਲਤਾੜੇ ਗਏ ਭਾਰਤੀ ਲੋਕਾਂ ਨੂੰ ਛੇਤੀ ਨਿਆਂ ਦਿਵਾਉਣ ਦੇ ਉਦੇਸ਼ ਨਾਲ ਸਾਡੇ ਦੇਸ਼ ਵਿੱਚ ਕੁਝ ਸਮਾਂ ਪਹਿਲਾਂ ਲੋਕ ਅਦਾਲਤਾਂ ਹੋਂਦ ਵਿੱਚ ਆਈਆਂ ਹਨ। ਮਾਨਯੋਗ ਮੁੱਖ ਨਿਆਂਧੀਸ਼ ਪੀ.ਐਨ.ਭਗਵਤੀ ਲੋਕ ਅਦਾਲਤਾਂ ਦੀ ਧਾਰਨਾ ਦੇ ਬਾਨੀ ਮੰਨੇ ਜਾਂਦੇ ਹਨ। ਉਹ ਜਦੋਂ ਗੁਜਰਾਤ ਹਾਈ ਕੋਰਟ ਦੇ ਮੁੱਖ ਜੱਜ ਸਨ ਤਾਂ ਉਨ੍ਹਾਂ ਨੇ ਗਰੀਬਾਂ ਅਤੇ ਦਲਿਤ ਲੋਕਾਂ ਲਈ ਮੁਫ਼ਤ ਕਨੂੰਨੀ ਸਹਾਇਤਾ ਦੀ ਯੋਜਨਾ ਬਣਾਈ ਸੀ। ਇਸੇ ਯੋਜਨਾ ਅਧੀਨ ਗੁਜਰਾਤ ਵਿੱਚ ਲੋਕ ਅਦਾਲਤਾਂ ਦੀ ਪ੍ਰਨਾਲ਼ੀ ਪ੍ਰਚਲਿਤ ਹੋਈ। 6 ਅਕਤੂਬਰ 1985 ਨੂੰ ਪਹਿਲੀ ਲੋਕ ਅਦਾਲਤ ਦੀ ਮੀਟਿੰਗ ਦਿੱਲੀ ਵਿਖੇ ਹੋਈ। ਇਸ ਲੋਕ ਅਦਾਲਤ ਨੇ ਇੱਕ ਦਿਨ ਵਿੱਚ 150 ਹਾਦਸਿਆਂ ਸਬੰਧੀ ਮਾਮਲਿਆਂ ਨੂੰ ਮੁਆਵਜ਼ੇ ਦੇ ਕੇ ਨਜਿੱਠਿਆ।

ਅਗਸਤ 1987 ਤਕ ਇਨ੍ਹਾਂ ਅਦਾਲਤਾਂ ਨੂੰ ਕੋਈ ਕਨੂੰਨੀ ਮਾਨਤਾ ਪ੍ਰਾਪਤ ਨਹੀਂ ਸੀ। ਇਸ ਲਈ ਇਹ ਅਦਾਲਤਾਂ ਨਿਆਂ ਪ੍ਰਨਾਲੀ ਦਾ ਭਾਗ ਨਹੀਂ ਸਮਝੀਆਂ ਜਾਂਦੀਆਂ ਸਨ। ਲੋਕ ਅਦਾਲਤਾਂ ਕਿਸੇ ਨਿਸਚਿਤ ਕਨੂੰਨ ਅਨੁਸਾਰ ਮੁਕੱਦਮਿਆਂ ਦਾ ਨਿਰਣਾ ਨਹੀਂ ਕਰਦੀਆਂ ਸਨ।

ਅਗਸਤ 1987 ਵਿੱਚ ਭਾਰਤੀ ਸੰਸਦ ਨੇ 'ਕਨੂੰਨੀ ਸੇਵਾਵਾਂ ਦੀਆ ਸੰਸਥਾਵਾਂ ਦਾ ਕਨੂੰਨ' ਪਾਸ ਕੀਤਾ, ਜਿਸ ਅਧੀਨ ਤਿੰਨ ਸੂਤਰੀ ਕਨੂੰਨੀ ਸੰਸਥਾਵਾਂ ਦੀ ਵਿਵਸਥਾ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ:-

1. ਰਾਸ਼ਟਰੀ ਕਨੂੰਨੀ ਸੇਵਾ ਸੰਸਥਾ
2. ਰਾਜ ਕਨੂੰਨੀ ਸੇਵਾ ਸੰਸਥਾ
3. ਜ਼ਿਲ੍ਹਾ ਕਨੂੰਨੀ ਸੇਵਾ ਸੰਸਥਾ

ਇਥੇ ਇਹ ਵਰਨਣ ਯੋਗ ਹੈ ਕਿ 1987 ਦੇ ਸੰਸਦੀ ਕਨੂੰਨ ਨੇ ਲੋਕ ਅਦਾਲਤਾਂ ਸੰਬੰਧੀ ਨਿਯਮ ਬਣਾਉਣ ਦੀ ਸ਼ਕਤੀ ਕੇਂਦਰੀ ਅਤੇ ਰਾਜ ਸਰਕਾਰ ਨੂੰ ਦਿੱਤੀ ਹੈ। ਜਿਹੜੇ ਨਿਯਮ ਕੇਂਦਰੀ ਸਰਕਾਰ ਦੁਆਰਾ ਬਣਾਏ ਜਾਣਗੇ ਉਨ੍ਹਾਂ ਨੂੰ ਸੰਸਦ ਦੇ ਸਾਹਮਣੇਂ ਪੇਸ਼ ਕਰਨਾ ਜ਼ਰੂਰੀ ਹੈ। ਜਿਹੜੇ ਨਿਯਮ ਰਾਜ ਸਰਕਾਰ ਦੁਆਰਾ ਲੋਕ ਅਦਾਲਤਾਂ ਸੰਬੰਧੀ ਬਣਾਏ ਜਾਂਦੇ ਹਨ ਉਨ੍ਹਾਂ ਨੂੰ ਰਾਜ ਵਿਧਾਨ ਮੰਡਲ ਦੇ ਸਾਹਮਣੇ ਪੇਸ਼ ਕਰਨਾ ਜ਼ਰੂਰੀ ਹੈ।

## ਕੇਂਦਰ ਅਤੇ ਰਾਜਾਂ ਦੇ ਸੰਬੰਧ

## (Centre-State Relations)

ਸੰਵਿਧਾਨ ਅਨੁਸਾਰ ਭਾਰਤ ਰਾਜਾਂ ਦੀ ਇਕ ਯੂਨੀਅਨ ਹੈ। ਭਾਵੇਂ ਸੰਘ ਸ਼ਬਦ ਦੀ ਵਰਤੋਂ ਭਾਰਤੀ ਸੰਵਿਧਾਨ ਵਿੱਚ ਨਹੀਂ ਕੀਤੀ ਗਈ ਪਰ ਫਿਰ ਵੀ ਭਾਰਤ ਨੂੰ ਸੰਘ ਰਾਜ ਮੰਨਿਆ ਜਾਂਦਾ ਹੈ। ਭਾਰਤੀ-ਸੰਵਿਧਾਨ ਵਿੱਚ ਉਹ ਸਾਰੀਆਂ ਵਿਸ਼ੇਸ਼ਤਾਵਾਂ ਮੌਜੂਦ ਹਨ ਜੋ ਕਿ ਸੰਘ ਰਾਜ ਵਿੱਚ ਹੁੰਦੀਆਂ ਹਨ, ਜਿਵੇਂ ਕਿ ਲਿਖਤੀ ਅਤੇ ਕਠੋਰ ਸੰਵਿਧਾਨ, ਦੋਹਰਾ ਸ਼ਾਸਨ ਪ੍ਰਬੰਧ, ਦੋ ਸਦਨੀ ਵਿਧਾਨ ਮੰਡਲ, ਕੇਂਦਰ ਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਅਤੇ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ। ਸੰਘਾਤਮਕ ਸਰਕਾਰ ਵਿੱਚ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਸ਼ਕਤੀਆਂ ਦੀ ਵੰਡ ਬਹੁਤ ਜ਼ਰੂਰੀ ਹੈ। ਭਾਰਤ ਦੇ ਸੰਵਿਧਾਨ ਦੇ 11ਵੇਂ ਅਤੇ 12ਵੇਂ ਭਾਗ ਵਿੱਚ ਸੰਘ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਹਨਾਂ ਦੇ ਸੰਬੰਧ ਤਿੰਨ ਤਰ੍ਹਾਂ ਦੇ ਹੁੰਦੇ ਹਨ।

**1. ਵਿਧਾਨਕ ਸੰਬੰਧ (Legislative Relations):-** ਸੰਵਿਧਾਨ ਦੀ ਸਤਵੀਂ ਅਨੁਸੂਚੀ ਅਨੁਸਾਰ ਵਿਸ਼ਿਆਂ ਨੂੰ ਤਿੰਨ ਸੂਚੀਆਂ ਵਿੱਚ ਵੰਡਿਆ ਗਿਆ ਹੈ ਸੰਘ ਸੂਚੀ, ਰਾਜ ਸੂਚੀ ਅਤੇ ਸਮਵਰਤੀ ਸੂਚੀ।

(ੳ) ਸੰਘ ਸੂਚੀ ਵਿੱਚ ਕੌਮੀ ਮਹੱਤਵ ਦੇ 97 ਵਿਸ਼ੇ ਸ਼ਾਮਿਲ ਹਨ। ਇਹਨਾਂ ਤੇ ਕੇਵਲ ਕੇਂਦਰੀ ਸਰਕਾਰ ਹੀ ਕਨੂੰਨ ਬਣਾ ਸਕਦੀ ਹੈ। ਇਹ ਮਹੱਤਵਪੂਰਨ ਵਿਸ਼ੇ ਜਿਹਾ ਕਿ ਵਿਦੇਸ਼ੀ ਸੰਬੰਧ, ਯੁੱਧ ਤੇ ਸ਼ਾਂਤੀ, ਰੇਲਵੇ, ਐਟਮੀ ਸ਼ਕਤੀ, ਡਾਕਤਾਰ ਤੇ ਟੈਲੀਫੋਨ ਆਦਿ ਹਨ।

(ਅ) ਰਾਜ ਸੂਚੀ ਵਿੱਚ 61 ਵਿਸ਼ੇ ਰੱਖੇ ਗਏ ਹਨ। ਇਨ੍ਹਾਂ ਵਿਸ਼ਿਆਂ ਤੇ ਕੇਵਲ ਰਾਜ ਸਰਕਾਰਾਂ ਹੀ ਕਨੂੰਨ ਬਣਾ ਸਕਦੀਆਂ ਹਨ। ਇਹ ਵਿਸ਼ੇ: ਖੇਤੀਬਾੜੀ, ਜਨਤਕ ਸਿਹਤ, ਸੜਕਾਂ ਦੇ ਪੁਲ, ਜੇਲ੍ਹਾਂ, ਸਥਾਨਕ ਪ੍ਰਸ਼ਾਸਨ ਆਦਿ ਹਨ। ਰਾਜ ਸਭਾ ਦੇ ਪ੍ਰਸਤਾਵ ਪਾਸ ਕਰਨ 'ਤੇ, ਵਿਧਾਨ ਮੰਡਲਾਂ ਬੇਨਤੀ ਕਰਨ ਅੰਤਰਰਾਸ਼ਟਰੀ ਸੰਧੀਆਂ ਜਾਂ ਸਮਝੌਤਿਆਂ ਨੂੰ ਲਾਗੂ ਕਰਨ ਤੇ, ਰਾਸ਼ਟਰੀ ਜਾਂ ਸੰਵਿਧਾਨਿਕ ਸੰਕਟ ਸਮੇਂ; ਸੰਸਦ (ਕੇਂਦਰੀ ਵਿਧਾਨਪਾਲਿਕਾ) ਵੀ ਰਾਜ ਸੂਚੀ ਵਿੱਚ ਦਰਜ ਵਿਸ਼ਿਆਂ 'ਤੇ ਕਨੂੰਨ ਬਣਾ ਸਕਦੀ ਹੈ।

(ੲ) ਸਮਵਰਤੀ ਸੂਚੀ ਵਿੱਚ 52 ਵਿਸ਼ੇ ਹਨ। ਸਿੱਖਿਆ ਪਰਿਵਾਰ ਨਿਯੋਜਨ, ਨਾਪ ਤੋਲ, ਵਸੀਅਤ, ਪੁਸਤਕਾਂ, ਪ੍ਰੈਸ, ਮਜ਼ਦੂਰ ਕਲਿਆਣ ਆਦਿ ਵਿਸ਼ੇ ਇਸ ਸੂਚੀ ਵਿੱਚ ਸ਼ਾਮਿਲ ਹਨ। ਇਨ੍ਹਾਂ ਵਿਸ਼ਿਆਂ ਤੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਦੋਵੇਂ ਹੀ ਕਨੂੰਨ ਬਣਾ ਸਕਦੀਆਂ ਹਨ। ਸੰਵਿਧਾਨ ਅਨੁਸਾਰ ਜੇਕਰ ਕੇਂਦਰ ਅਤੇ ਰਾਜ ਸਰਕਾਰ ਦਾ ਕਿਸੇ ਕਨੂੰਨ ਤੇ ਟਕਰਾਅ ਹੋ ਜਾਵੇ ਤਾਂ ਕੇਂਦਰੀ ਸਰਕਾਰ ਦਾ ਕਨੂੰਨ ਅੰਤਮ ਮੰਨਿਆ ਜਾਵੇਗਾ। ਇਨ੍ਹਾਂ ਤਿੰਨਾਂ ਸੂਚੀਆਂ ਤੋਂ ਇਲਾਵਾ ਬਾਕੀ ਦੀਆਂ ਬਚੀਆਂ ਸ਼ਕਤੀਆਂ ਕੇਂਦਰੀ ਸਰਕਾਰ ਨੂੰ ਸੌਂਪੀਆਂ ਗਈਆਂ ਹਨ।

2. **ਪ੍ਰਸ਼ਾਸਨਿਕ ਸੰਬੰਧ (Administrative Relations):-** ਸੰਵਿਧਾਨ ਦੁਆਰਾ ਕੇਂਦਰ ਅਤੇ ਰਾਜ ਸਰਕਾਰਾਂ ਵਿੱਚ ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਪ੍ਰਸ਼ਾਸਕੀ ਸ਼ਕਤੀਆਂ ਦੀ ਵੰਡ ਕਰਨ ਸਮੇਂ ਕੇਂਦਰੀ ਸਰਕਾਰ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਇਆ ਗਿਆ ਹੈ। ਰਾਸ਼ਟਰੀ ਹਿਤਾਂ ਨੂੰ ਮੁੱਖ ਰਖਦੇ ਹੋਏ ਰਾਜ ਸਰਕਾਰਾਂ ਦੇ ਪ੍ਰਸ਼ਾਸਨ ਤੇ ਕੇਂਦਰੀ ਸਰਕਾਰ ਦਾ ਪੂਰਾ ਕੰਟਰੋਲ ਸਥਾਪਿਤ ਕੀਤਾ ਗਿਆ ਹੈ। ਉਦਾਹਰਣ ਵਜੋਂ ਰਾਜਪਾਲ ਦੀ ਨਿਯੁਕਤੀ ਕੇਂਦਰ ਦੁਆਰਾ ਕੀਤੀ ਜਾਂਦੀ ਹੈ। ਜਿਥੇ ਰਾਜਪਾਲ ਰਾਜ ਦਾ ਸੰਵਿਧਾਨਿਕ ਮੁਖੀ ਹੁੰਦਾ ਹੈ ਉਥੇ ਉਹ ਸੰਘ ਸਰਕਾਰ ਦੀ ਪ੍ਰਤੀਨਿਧਤਾ ਵੀ ਕਰਦਾ ਹੈ। ਇਸੇ ਤਰ੍ਹਾਂ ਸਰਵ ਭਾਰਤੀ ਸੇਵਾਵਾਂ ਦੀ ਨਿਯੁਕਤੀ ਵੀ ਕੇਂਦਰੀ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਕੇਂਦਰੀ ਸਰਕਾਰ, ਕੇਂਦਰੀ ਜਾਇਦਾਦ ਰੇਲ ਮਾਰਗਾਂ ਤੇ ਸੰਚਾਰ ਦੇ ਸਾਧਨਾਂ ਦੀ ਸੰਭਾਲ ਲਈ ਰਾਜ ਸਰਕਾਰਾਂ ਨੂੰ ਨਿਰਦੇਸ਼ ਜਾਰੀ ਕਰ ਸਕਦੀ ਹੈ ਜਿਨ੍ਹਾਂ ਦਾ ਪਾਲਣ ਕਰਨਾ ਰਾਜ ਸਰਕਾਰ ਲਈ ਜ਼ਰੂਰੀ ਹੁੰਦਾ ਹੈ।

3. **ਵਿੱਤੀ ਸੰਬੰਧ (Financial Relations):-** ਸੰਵਿਧਾਨ ਨੇ ਕੇਂਦਰੀ ਅਤੇ ਰਾਜ ਸਰਕਾਰਾਂ ਵਿੱਚ ਵਿੱਤੀ ਸੋਮਿਆਂ ਦੀ ਵੰਡ ਕੀਤੀ ਹੈ। ਸੰਘ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ 'ਤੇ ਕੇਂਦਰੀ ਸਰਕਾਰ ਅਤੇ ਰਾਜ ਸੂਚੀ ਵਿੱਚ ਸ਼ਾਮਿਲ ਵਿਸ਼ਿਆਂ 'ਤੇ ਰਾਜ ਸਰਕਾਰਾਂ ਕਰ ਲਗਾਉਂਦੀਆਂ ਹਨ। ਕੇਂਦਰੀ ਸਰਕਾਰ ਦੀ ਆਮਦਨ ਦੇ ਸਾਧਨ ਰਾਜ ਸਰਕਾਰਾਂ ਨਾਲੋਂ ਵਧੇਰੇ ਹੁੰਦੇ ਹਨ। ਸੰਘੀ ਸਰਕਾਰ ਪਾਸ ਕਾਫ਼ੀ ਧਨ ਹੁੰਦਾ ਹੈ। ਕੁਝ ਕਰਾਂ ਦੀ ਵੰਡ ਇਹ ਰਾਜ ਸਰਕਾਰਾਂ ਵਿੱਚ ਕਰਦੀ ਹੈ। ਭਾਰਤ ਦੇ ਸਾਰੇ ਰਾਜ ਵਿੱਤੀ ਸਹਾਇਤਾ ਲਈ ਕੇਂਦਰ ਦੇ ਅਨੁਦਾਨ 'ਤੇ ਨਿਰਭਰ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਆਪਣੀ ਆਮਦਨ ਨਾਲ ਗੁਜ਼ਾਰਾ ਨਹੀਂ ਹੁੰਦਾ। ਸੰਵਿਧਾਨ ਅਨੁਸਾਰ ਰਾਜਾਂ ਨੂੰ ਗ੍ਰਾਂਟਾਂ ਦੇਣ ਤੇ ਕਰਜ਼ੇ ਲੈਣ, ਰਾਸ਼ਟਰਪਤੀ ਵੱਲੋਂ ਵਿੱਤੀ ਸੰਕਟ ਦੇ ਐਲਾਨ ਕਰਨ, ਵਿੱਤੀ ਅਯੋਗ ਦੀ ਸਥਾਪਨਾ ਕਰਨ ਆਦਿ ਦੀ ਵਿਵਸਥਾ ਕੀਤੀ ਗਈ ਹੈ। ਸੰਵਿਧਾਨ ਬਨਾਉਣ ਵਾਲਿਆਂ ਨੇ ਕੇਂਦਰ ਦੀ ਰਾਜਾਂ ਉੱਤੇ ਵਿੱਤੀ ਮਾਮਲਿਆਂ ਵਿੱਚ ਸ੍ਰੇਸ਼ਠਤਾ ਸਥਾਪਿਤ ਕੀਤੀ ਹੈ। ਵਰਤਮਾਨ ਸਮੇਂ ਵਿੱਚ ਭਾਰਤ ਦੇ ਸਾਰੇ ਰਾਜਾਂ ਦਾ ਵਿਕਾਸ ਕੇਂਦਰ ਦੀ ਵਿੱਤੀ ਸਹਾਇਤਾ 'ਤੇ ਨਿਰਭਰ ਕਰਦਾ ਹੈ।

ਸੰਖੇਪ ਵਿੱਚ ਰਾਜ ਦੇ ਮੁਕਾਬਲੇ ਕੇਂਦਰ ਨੂੰ ਵਿਧਾਨਕ, ਪ੍ਰਸ਼ਾਸਨਕੀ ਅਤੇ ਵਿੱਤੀ ਖੇਤਰ ਵਿੱਚ ਵਧੇਰੇ ਸ਼ਕਤੀਸ਼ਾਲੀ ਬਣਾਇਆ ਹੈ। ਅੱਜ-ਕਲ੍ਹ ਕੁਝ ਰਾਜ ਨੇਤਾ ਅਤੇ ਵਿਦਵਾਨ, ਕੇਂਦਰ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਤੇ ਪੁਨਰਵਿਚਾਰ ਕਰਨ ਲਈ ਜ਼ੋਰ ਪਾ ਰਹੇ ਹਨ। ਇਹਨਾਂ ਦਾ ਵਿਚਾਰ ਹੈ ਕਿ ਨਵੀਆਂ ਪ੍ਰਸਥਿਤੀਆਂ ਦੇ ਆਧਾਰ 'ਤੇ ਕੇਂਦਰ ਅਤੇ ਰਾਜ ਦੇ ਸੰਬੰਧਾਂ ਨੂੰ ਮੁੜ ਨਿਰਧਾਰਿਤ ਕਰਨਾ ਚਾਹੀਦਾ ਹੈ। ਜਿਸ ਦੇ ਅਧਾਰ 'ਤੇ ਇੱਕ ਸੱਚੇ ਅਤੇ ਸਹਿਯੋਗੀ ਸੰਘ ਦੀ ਸਥਾਪਨਾ ਹੋ ਸਕੇ।

## ਅਭਿਆਸ

(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ (1-15 ਸ਼ਬਦਾਂ) ਵਿੱਚ ਦਿਓ:-

1. ਰਾਜ ਵਿਧਾਨ ਮੰਡਲ ਦੇ ਕਿੰਨੇ ਸਦਨ ਹੁੰਦੇ ਹਨ? ਉਨ੍ਹਾਂ ਦੇ ਨਾਂ ਦੱਸੋ।
2. ਰਾਜ ਵਿਧਾਨ ਸਭਾ ਬਾਰੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ :
   (ੳ) ਮੈਂਬਰ ਬਣਨ ਲਈ ਕੀ ਯੋਗਤਾਵਾਂ ਹਨ?
   (ਅ) ਇਸ ਦੇ ਘੱਟ ਤੋਂ ਘੱਟ ਤੇ ਵੱਧ ਤੋਂ ਵੱਧ ਕਿੰਨੇ ਮੈਂਬਰ ਹੋ ਸਕਦੇ ਹਨ?
   (ੲ) ਸਧਾਰਨ ਬਿੱਲ ਨੂੰ ਕਾਨੂੰਨ ਬਨਣ ਲਈ ਕਿਨ੍ਹਾਂ ਪ੍ਰਸਥਿਤੀਆਂ ਵਿੱਚੋਂ ਲੰਘਣਾ ਪੈਂਦਾ ਹੈ?

(ਸ) ਵਿਧਾਨ ਸਭਾ ਦਾ ਮੈਂਬਰ ਬਣਨ ਦੀ ਘੱਟੋ-ਘੱਟ ਉਮਰ ਕਿੰਨੀ ਹੈ?

(ਹ) ਸਪੀਕਰ ਕਿਵੇਂ ਚੁਣਿਆ ਜਾਂਦਾ ਹੈ?

3. ਰਾਜ ਦੀ ਵਿਧਾਨ ਪਰਿਸ਼ਦ ਬਾਰੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ—

(ੳ) ਵਿਧਾਨ ਪਰਿਸ਼ਦ ਦੇ ਕਿੰਨੇ ਮੈਂਬਰ ਹੋ ਸਕਦੇ ਹਨ?

(ਅ) ਵਿਧਾਨ ਪਰਿਸ਼ਦ ਦੇ ਮੈਂਬਰਾ ਦਾ ਕਾਰਜ ਕਾਲ ਦੱਸੋ।

4. ਰਾਜ ਵਿਧਾਨ ਮੰਡਲ ਦੀਆਂ ਚਾਰ ਸ਼ਕਤੀਆਂ ਦਾ ਵਰਣਨ ਕਰੋ।

5. ਰਾਜ ਦੇ ਰਾਜਪਾਲ ਦੀ ਨਿਯੁਕਤੀ ਕਿਵੇਂ ਕੀਤੀ ਜਾਂਦੀ ਹੈ?

6. ਮੁੱਖ ਮੰਤਰੀ ਦੀ ਨਿਯੁਕਤੀ ਕਿਵੇਂ ਅਤੇ ਕਿਸ ਦੁਆਰਾ ਕੀਤੀ ਜਾਂਦੀ ਹੈ?

7. ਸੰਵਿਧਾਨਿਕ ਸੰਕਟ ਸਮੇਂ ਰਾਜਪਾਲ ਦੀ ਕੀ ਸਥਿਤੀ ਹੁੰਦੀ ਹੈ?

8. ਰਾਜਪਾਲ ਦਾ ਕਾਰਜਕਾਲ ਕਿੰਨਾ ਹੁੰਦਾ ਹੈ?

9. **ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ ਜਾਂ ਲਾਈਨ ਵਿੱਚ ਦਿਓ:-**

(ੳ) ਹਾਈਕੋਰਟ ਦੇ ਜੱਜਾਂ ਦਾ ਕਾਰਜਕਾਲ ਕਿੰਨਾਂ ਹੁੰਦਾ ਹੈ?

(ਅ) ਹਾਈਕੋਰਟ ਦੇ ਜੱਜ ਬਨਣ ਲਈ ਕੀ ਯੋਗਤਾਵਾਂ ਹਨ?

(ੲ) ਹਾਈਕੋਰਟ ਦੇ ਵਿੱਚ ਕਿੰਨੇ ਜੱਜ ਹੁੰਦੇ ਹਨ?

(ਸ) ਲੋਕ ਅਦਾਲਤਾਂ ਤੋਂ ਤੁਹਾਡਾ ਕੀ ਭਾਵ ਹੈ?

(ਹ) ਕੀ ਤੁਹਾਡੇ ਰਾਜ ਵਿੱਚ ਦੋ ਸਦਨੀ ਵਿਧਾਨ ਪਾਲਿਕਾ ਹੈ?

**(ਅ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ:-**

1. ਰਾਜ ਦੇ ਰਾਜਪਾਲ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਦਾ ਵੇਰਵਾ ਦਿਓ।
2. ਰਾਜ ਦੇ ਮੁੱਖ-ਮੰਤਰੀ ਦੀ ਨਿਯੁਕਤੀ ਦਾ ਵਰਨਣ ਕਰੋ।
3. ਵਿਧਾਨ ਮੰਡਲ ਦੀਆਂ ਚਾਰ ਸ਼ਕਤੀਆਂ ਦਾ ਵਰਨਣ ਕਰੋ।
4. ਰਾਜਪਾਲ ਦੀਆਂ ਇੱਛਕ ਸ਼ਕਤੀਆਂ ਦਾ ਵਰਨਣ ਕਰੋ।
5. ਮੰਤਰੀ-ਮੰਡਲ ਦੇ ਚਾਰ ਕਾਰਜਾਂ ਦੀ ਵਿਆਖਿਆ ਕਰੋ।
6. ਸੰਵਿਧਾਨਿਕ ਸੰਕਟ ਦੀ ਘੋਸ਼ਣਾ ਸਮੇਂ ਰਾਜ ਦੇ ਪ੍ਰਸ਼ਾਸਨ 'ਤੇ ਕੀ ਅਸਰ ਪੈਂਦਾ ਹੈ?
7. ਲੋਕ ਅਦਾਲਤਾਂ ਦੇ ਕਾਰਜਾਂ/ਸ਼ਕਤੀਆਂ ਦੀ ਵਿਆਖਿਆ ਕਰੋ।
8. ਕੇਂਦਰ ਅਤੇ ਰਾਜਾਂ ਦੇ ਵਿਧਾਨਿਕ, ਪ੍ਰਬੰਧਕੀ ਅਤੇ ਵਿੱਤੀ ਸੰਬੰਧਾਂ ਦਾ ਵਰਨਣ ਕਰੋ।
9. ਹਾਈਕੋਰਟ ਨੂੰ ਅਭਿਲੇਖਾ ਅਦਾਲਤ ਕਿਉਂ ਕਿਹਾ ਜਾਂਦਾ ਹੈ?
10. ਹਾਈਕੋਰਟ ਦੇ ਅਪੀਲੀ ਅਧਿਕਾਰ ਖੇਤਰ ਦਾ ਵਰਨਣ ਕਰੋ।

*****

# ਪਾਠ-13

# ਭਾਰਤੀ ਲੋਕਤੰਤਰ ਦਾ ਸਰੂਪ

## (INDIAN DEMOCRACY AT WORK)

ਅਜ਼ਾਦੀ ਤੋਂ ਬਾਅਦ ਭਾਰਤ ਵਿੱਚ ਸੰਵਿਧਾਨ ਅਧੀਨ ਲੋਕਤੰਤਰੀ ਸ਼ਾਸਨ ਪ੍ਰਨਾਲੀ ਦੀ ਸਥਾਪਨਾ ਕੀਤੀ ਗਈ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂਤਾਸ਼ਾਲੀ, ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ, ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰ ਨੂੰ ਅੰਗਰੇਜ਼ੀ ਵਿੱਚ ਡੈਮੋਕ੍ਰੇਸੀ ਕਿਹਾ ਜਾਂਦਾ ਹੈ। ਡੈਮੋਕ੍ਰੇਸੀ ਗਰੀਕ ਭਾਸ਼ਾ ਦੇ ਦੋ ਸ਼ਬਦਾਂ-ਡਿਮੋਸ ਅਤੇ ਕ੍ਰੇਤੀਆ ਨਾਲ ਮਿਲ ਕੇ ਬਣਿਆ ਹੈ। ਡਿਮੋਸ ਦਾ ਅਰਥ ਲੋਕ ਅਤੇ ਕ੍ਰੇਤੀਆ ਦਾ ਭਾਵ ਸ਼ਾਸਨ ਹੁੰਦਾ ਹੈ। ਡੈਮੋਕ੍ਰੇਸੀ ਦਾ ਸ਼ਾਬਦਿਕ ਅਰਥ ਲੋਕਾਂ ਦਾ ਸ਼ਾਸਨ ਹੈ। ਸੰਖੇਪ ਵਿੱਚ, ਲੋਕ-ਤੰਤਰ ਵਿੱਚ ਲੋਕ ਆਪਣੇ ਆਪ 'ਤੇ ਸ਼ਾਸਨ ਕਰਦੇ ਹਨ। ਲਿੰਕਨ ਅਨੁਸਾਰ ਲੋਕ-ਤੰਤਰ ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸ਼ਾਸਨ ਹੁੰਦਾ ਹੈ।

ਲੋਕਤੰਤਰ, ਸੁਤੰਤਰਤਾ, ਸਮਾਨਤਾ, ਭਾਈਚਾਰਾ, ਕਨੂੰਨ ਦਾ ਸ਼ਾਸਨ, ਉੱਤਰਦਾਈ ਸਰਕਾਰ, ਨੀਯਤਕਾਲੀ ਚੋਣਾਂ, ਬਹੁਮੱਤ ਦਾ ਸ਼ਾਸਨ, ਨਾਗਰਿਕਾਂ ਦੇ ਅਧਿਕਾਰ ਅਤੇ ਸੁਤੰਤਰ ਦੇ ਨਿਰਪੱਖ ਨਿਆਂਪਾਲਿਕਾ ਦੀ ਸਥਾਪਨਾ ਦੇ ਸਿਧਾਂਤਾਂ 'ਤੇ ਆਧਾਰਿਤ ਹੈ।

ਲੋਕਤੰਤਰ ਦੇ ਦੋ ਰੂਪ ਹਨ— ਪ੍ਰਤੱਖ ਅਤੇ ਅਪ੍ਰਤੱਖ। ਪ੍ਰਤੱਖ ਲੋਕਤੰਤਰ ਵਿੱਚ ਲੋਕ ਆਪਣੇ 'ਤੇ ਆਪ ਸ਼ਾਸਨ ਕਰਦੇ ਹਨ। ਇਸ ਵਿੱਚ ਜਨਤਾ ਤੇ ਸਰਕਾਰ ਇਕ ਹੁੰਦੇ ਹਨ ਅਤੇ ਉਨ੍ਹਾਂ ਵਿੱਚ ਕੋਈ ਅੰਤਰ ਨਹੀਂ ਹੁੰਦਾ। ਅਪ੍ਰਤੱਖ ਲੋਕਤੰਤਰ ਵਿੱਚ ਲੋਕ ਆਪਣੇ ਪ੍ਰਤੀਨਿਧੀਆਂ ਰਾਹੀਂ ਸ਼ਾਸਨ ਕਰਦੇ ਹਨ। ਸੰਸਾਰ ਦੇ ਸਾਰੇ ਰਾਸ਼ਟਰੀ ਰਾਜਾਂ ਵਿੱਚ ਜਿਥੇ ਕਿਤੇ ਵੀ ਲੋਕਤੰਤਰੀ ਸਰਕਾਰ ਦੀ ਸਥਾਪਨਾ ਹੋਈ ਹੈ, ਉੱਥੇ ਅਪ੍ਰਤੱਖ ਲੋਕਤੰਤਰ ਹੀ ਹੈ। ਅਜਿਹੇ ਲੋਕਤੰਤਰ ਵਿੱਚ ਲੋਕ ਆਪਣੇ ਪ੍ਰਤੀਨਿਧਾਂ ਦੀ ਚੋਣ ਸਮੇਂ-ਸਮੇਂ 'ਤੇ ਕਰਦੇ ਰਹਿੰਦੇ ਹਨ। ਇਹ ਪ੍ਰਤੀਨਿੰਧ ਲੋਕਾਂ ਲਈ ਕਨੂੰਨ ਦਾ ਨਿਰਮਾਣ ਅਤੇ ਸਰਕਾਰ ਦਾ ਸੰਚਾਲਨ ਕਰਦੇ ਹਨ। ਅਜਿਹੀ ਸਰਕਾਰ ਨੂੰ ਪ੍ਰਤੀਨਿਧ ਲੋਕਤੰਤਰੀ ਸਰਕਾਰ ਕਿਹਾ ਜਾਂਦਾ ਹੈ।

### ਲੋਕਤੰਤਰ ਦੀ ਸਫਲਤਾ ਲਈ ਸ਼ਰਤਾਂ

ਲੋਕਤੰਤਰੀ ਸ਼ਾਸਨ ਪ੍ਰਨਾਲੀ ਸਭ ਤੋਂ ਉੱਤਮ ਸਮਝੀ ਜਾਂਦੀ ਹੈ। ਵਰਤਮਾਨ ਸਮੇਂ ਵਿੱਚ ਸੰਸਾਰ ਦੇ ਬਹੁਤੇ ਦੇਸ਼ਾਂ ਨੇ ਲੋਕਤੰਤਰੀ ਸ਼ਾਸਨ ਪ੍ਰਨਾਲੀ ਨੂੰ ਅਪਣਾਇਆ ਹੈ। ਲੋਕਤੰਤਰੀ ਸਰਕਾਰ ਬਹੁਤ ਹੀ ਹਰਮਨ ਪਿਆਰੀ ਬਣ ਚੁਕੀ ਹੈ। ਪਰ ਲੋਕਤੰਤਰੀ ਸ਼ਾਸਨ ਪ੍ਰਨਾਲੀ ਹਰੇਕ ਦੇਸ਼ ਵਿੱਚ ਪੂਰਨ ਤੌਰ 'ਤੇ ਸਫਲ ਨਹੀਂ ਹੋਈ। ਇਸ ਦਾ ਮੁੱਖ ਕਾਰਨ ਹੈ ਕਿ ਲੋਕਤੰਤਰ ਦੀ ਸਫਲਤਾ ਲਈ ਵਿਸ਼ੇਸ਼ ਵਾਤਾਵਰਨ ਅਤੇ ਸ਼ਰਤਾਂ ਦੀ ਹੋਂਦ ਦੀ ਲੋੜ ਹੈ। ਲੋਕਤੰਤਰ ਦੀ ਸਫਲਤਾ ਲਈ ਸਮਾਜ ਵਿੱਚ ਵਿਸ਼ੇਸ਼ ਪ੍ਰਕਾਰ ਦਾ ਵਾਤਾਵਰਣ ਤੇ ਪ੍ਰਸਥਿਤੀਆਂ: ਉਚ ਕੋਟੀ ਦੇ ਨੇਤਾ, ਉਨ੍ਹਾਂ ਦੀ ਉਚੀ ਸੋਚ ਤੇ ਸੁੱਚਾ ਵਿਹਾਰ ਅਤੇ ਚੇਤਨ ਅਤੇ ਸੁਲਝੇ ਹੋਏ ਨਾਗਰਿਕ ਹੋਣੇ ਜ਼ਰੂਰੀ ਹਨ।

ਲੋਕਤੰਤਰ ਦੀ ਸਫਲਤਾ ਲਈ ਹਰੇਕ ਨਾਗਰਿਕ ਚੰਗੇ ਆਚਰਨ ਵਾਲਾ, ਚੇਤੰਨ ਤੇ ਬੁੱਧੀਵਾਲਾ, ਪੜ੍ਹਿਆ-ਲਿਖਿਆ, ਵਿਵੇਕਸ਼ੀਲ ਤੇ ਸਮਝਦਾਰ, ਜਿੰਮੇਵਾਰ ਅਤੇ ਜਨਤਕ ਮਾਮਲਿਆਂ ਵਿੱਚ ਦਿਲਚਸਪੀ ਰਖਣ ਵਾਲਾ ਹੋਣਾ ਚਾਹੀਦਾ ਹੈ। ਸਮਾਜ ਵਿੱਚ ਚੰਗੇ ਤੇ ਯੋਗ ਨੇਤਾ, ਸਮਾਜਿਕ ਅਤੇ ਆਰਥਿਕ ਸਮਾਨਤਾ, ਸੁਤੰਤਰ ਤੇ ਨਿਰਪੱਖ ਪ੍ਰੈੱਸ (ਮੀਡੀਆ) ਅਤੇ ਨਿਆਂਪਾਲਿਕਾ, ਚੰਗੇ ਰਾਜਨੀਤਿਕ ਸੰਗਠਿਤ ਦਲ

ਅਤੇ ਨਾਗਰਿਕਾਂ ਵਿੱਚ ਸਹਿਣਸ਼ੀਲਤਾ ਅਤੇ ਸਹਿਯੋਗ ਦਾ ਹੋਣਾ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ ਹਨ। ਜੇ ਐਸ. ਮਿੱਲ ਅਨੁਸਾਰ ਲੋਕਤੰਤਰ ਨੂੰ ਸਫਲ ਬਣਾਉਣ ਲਈ ਲੋਕਾਂ ਵਿੱਚ ਲੋਕਤੰਤਰੀ ਸ਼ਾਸਨ ਨੂੰ ਕਾਇਮ ਕਰਨ ਦੀ ਇੱਛਾ ਅਤੇ ਉਸ ਨੂੰ ਚਲਾਉਣ ਦੀ ਯੋਗਤਾ, ਲੋਕਤੰਤਰ ਦੀ ਰੱਖਿਆ ਲਈ ਸਦਾ ਯਤਨਸ਼ੀਲ ਰਹਿਣਾ ਅਤੇ ਨਾਗਰਿਕਾਂ ਵਿੱਚ ਅਧਿਕਾਰਾਂ ਦੀ ਰੱਖਿਆ ਅਤੇ ਕਰਤੱਵਾਂ ਦੀ ਪਾਲਣਾ ਕਰਨ ਦੀ ਇੱਛਾ ਬੇਹੱਦ ਜ਼ਰੂਰੀ ਹਨ।

## ਭਾਰਤੀ ਲੋਕਤੰਤਰ ਦੀ ਸਫ਼ਲਤਾ

ਲੰਮੀ ਗੁਲਾਮੀ ਅਤੇ ਰਜਵਾੜਾ ਸ਼ਾਹੀ ਦੇ ਸ਼ਾਸਨ ਤੋਂ ਬਾਅਦ ਅਤੇ ਦੇਸ਼ ਦੀ ਅਜਾਦੀ ਪਿਛੋਂ ਭਾਰਤ ਵਿੱਚ ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਦੀ ਸਥਾਪਨਾ ਕੀਤੀ ਗਈ। ਭਾਰਤ ਅਤੇ ਦੂਜੇ ਦੇਸਾਂ ਦੇ ਰਾਜਨੀਤੀਵਾਨਾਂ ਨੇ ਭਾਰਤੀ ਲੋਕਤੰਤਰ ਦੀ ਸਫਲਤਾ ਤੇ ਭਵਿੱਖ ਸੰਬੰਧੀ ਸ਼ੰਕਾ ਪ੍ਰਗਟਾਈ। ਭਾਰਤ ਤੇ ਲੋਕਾਂ ਵਿੱਚ ਅਗਿਆਨਤਾ, ਅਨਪੜ੍ਹਤਾ, ਫਿਰਕਾਪ੍ਰੱਸਤੀ, ਜਾਤਵਾਦ, ਪ੍ਰਾਂਤਵਾਦ, ਭਾਸ਼ਾਵਾਦ, ਆਰਥਿਕ ਅਤੇ ਸਮਾਜਿਕ ਅਸਮਾਨਤਾ ਤੇ ਗਰੀਬੀ ਆਦਿ ਬੁਰਾਈਆਂ ਦੀ ਭਰਮਾਰ ਸੀ। ਲੋਕਤੰਤਰ ਨੂੰ ਅਸਫਲ ਕਰਨ ਦੇ ਸਾਰੇ ਤੱਤ ਤੇ ਤੱਥ ਭਾਰਤ ਵਿੱਚ ਮੌਜੂਦ ਸਨ। ਲੋਕਤੰਤਰ ਨੂੰ ਸਫਲ ਬਣਾਉਣ ਲਈ ਲੋੜੀਂਦੀਆਂ ਪ੍ਰਸਥਿਤੀਆਂ ਅਤੇ ਸ਼ਰਤਾਂ ਨਾਂਹ ਵਰਗੀਆਂ ਸਨ। ਇਹਨਾਂ ਨਾਂਹ ਪਖੀ ਤੱਤਾਂ ਦੇ ਬਾਵਜੂਦ ਭਾਰਤ ਦੇ ਲੋਕਤੰਤਰ ਦੀ 67 ਸਾਲ ਦੀ ਕਾਰਜਸ਼ੀਲਤਾ ਵਿੱਚ ਭਾਰਤੀ ਲੋਕਤੰਤਰ ਦੀ ਸਫਲਤਾ ਦਾ ਸੰਕੇਤ ਮਿਲਦਾ ਹੈ। ਭਾਰਤ ਦੇ ਲੋਕਾਂ ਦੀ ਜਾਗਰੂਕਤਾ, ਲੋਕਤੰਤਰ ਪ੍ਰਤੀ ਪਿਆਰ ਤੇ ਸਤਿਕਾਰ, ਸੱਤਾਵਾਦੀ ਸ਼ਾਸਨ ਪ੍ਰਤੀ ਘਿਰਣਾ, ਭਾਰਤ ਦੀ ਧਰਮ ਨਿਰਪੱਖਤਾ ਦੀ ਭਾਵਨਾ ਆਦਿ ਨੇ ਭਾਰਤੀ ਲੋਕਤੰਤਰ ਨੂੰ ਸਫਲ ਬਣਾਉਣ ਵਿੱਚ ਲੋੜੀਂਦੀ ਭੂਮਿਕਾ ਨਿਭਾਈ ਹੈ।

ਨਿਰਸੰਦੇਹ ਭਾਰਤ ਦੇ ਲੋਕਤੰਤਰ ਵਿੱਚ ਬਹੁਤ ਸਾਰੀਆਂ ਊਣਤਾਈਆਂ ਹਨ। ਭਾਰਤੀ ਲੋਕਤੰਤਰ ਦੀਆਂ ਕੁਝ ਊਣਤਾਈਆਂ ਬਹੁਤ ਖਤਰਨਾਕ ਵੀ ਹਨ ਪਰ ਇਸ ਦੇ ਬਾਵਜੂਦ ਭਾਰਤੀ ਲੋਕਤੰਤਰ ਸਥਿਰ ਅਤੇ ਮਜ਼ਬੂਤ ਹੈ। ਜਦੋਂ ਅਸੀਂ ਭਾਰਤ ਦੇ ਗੁਆਂਢ ਦੇ ਨਜ਼ਦੀਕੀ ਦੇਸਾਂ ਵਿੱਚ ਲੋਕਤੰਤਰ ਦਾ ਜਨਾਜਾ ਨਿਕਲਦਾ ਅਤੇ ਵਿਕਾਸਸ਼ੀਲ ਦੇਸਾਂ ਵਿੱਚ ਲੋਕਤੰਤਰ ਨੂੰ ਲੜਖੜਾਉਦੇ ਦੇਖਦੇ ਹਾਂ ਅਤੇ ਦੂਜੇ ਪਾਸੇ ਜਦੋਂ ਅਸੀਂ ਭਾਰਤੀ ਲੋਕਤੰਤਰ ਨੂੰ ਸਥਿਰ ਅਤੇ ਸਫਲਤਾ ਨਾਲ ਵਿਚਰਦਾ ਦੇਖਦੇ ਹਾਂ ਤਾਂ ਸਾਡਾ ਦਿਲ ਖ਼ੁਸ਼ੀ ਤੇ ਗੌਰਵ ਨਾਲ ਭਰ ਜਾਂਦਾ ਹੈ।

## ਭਾਰਤੀ ਲੋਕਤੰਤਰੀ ਸਰੂਪ ਦੀਆਂ ਵਿਸ਼ੇਸ਼ਤਾਵਾਂ:-

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਭਾਰਤ ਨੂੰ ਪ੍ਰਭੂੱਤਸ਼ਾਲੀ, ਸਮਾਜਵਾਦੀ, ਧਰਮ ਨਿਰਪੱਖ ਲੋਕਤੰਤਰੀ, ਗਣਰਾਜ ਘੋਸ਼ਿਤ ਕੀਤਾ ਗਿਆ ਹੈ। ਲੋਕਤੰਤਰੀ ਸ਼ਾਸਨ ਪ੍ਰਣਾਲੀ ਦੇ ਸਿਧਾਂਤਾਂ ਅਨੁਸਾਰ ਕਈ ਵਿਵਸਥਾਵਾਂ ਸੰਵਿਧਾਨ ਵਿੱਚ ਕੀਤੀਆਂ ਗਈਆਂ ਹਨ। ਉਨ੍ਹਾਂ ਵਿਵਸਥਾਵਾਂ ਨੇ ਹੀ ਭਾਰਤੀ ਸ਼ਾਸਨ ਵਿਵਸਥਾ (Indian Polity) ਨੂੰ ਲੋਕਤੰਤਰੀ ਸਰੂਪ ਪ੍ਰਦਾਨ ਕੀਤਾ ਹੈ। ਸ਼ਾਸਨ ਵਿਵਸਥਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਭਾਰਤ ਦੇ ਅਸਲੀ ਲੋਕਤੰਤਰੀ ਸਰੂਪ ਨੂੰ ਦਰਸਾਉਂਦੀਆਂ ਹਨ:

1. **ਲੋਕਤੰਤਰੀ ਸੰਵਿਧਾਨ:-** ਭਾਰਤ ਵਿੱਚ ਲੋਕਤੰਤਰੀ ਸੰਵਿਧਾਨ ਦੀ ਵਿਵਸਥਾ ਕੀਤੀ ਗਈ ਹੈ। ਲੋਕਤੰਤਰ ਦੇ ਮਹੱਤਵਪੂਰਨ ਸਿਧਾਂਤ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਅੰਕਿਤ ਕੀਤੇ ਗਏ ਹਨ। ਪ੍ਰਸਤਾਵਨਾ ਵਿੱਚ ਭਾਰਤ ਨੂੰ ਲੋਕਤੰਤਰੀ ਗਣਰਾਜ ਐਲਾਨ ਕੀਤਾ ਗਿਆ ਹੈ। ਪ੍ਰਸਤਾਵਨਾ ਵਿੱਚ ਲੋਕਾਂ ਨੂੰ ਸਮਾਜਿਕ, ਨਾਗਰਿਕਾਂ ਨੂੰ ਰੁੱਤਬੇ ਅਤੇ ਅਵਸਰ ਦੀ ਸਮਾਨਤਾ, ਮਨੁੱਖੀ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਆਦਿ ਦਾ ਵਿਸ਼ਵਾਸ ਦਿਵਾਇਆ ਗਿਆ ਹੈ। ਪ੍ਰਸਤਾਵਨਾ ਦੀਆਂ ਇਹ ਸਾਰੀਆਂ ਵਿਸ਼ੇਸ਼ਤਾਵਾਂ ਲੋਕਤੰਤਰੀ ਸਰੂਪ ਦਰਸਾਉਂਦੀਆਂ ਹਨ।

(ੳ) **ਸਮਾਨਤਾ:-** ਲੋਕਤੰਤਰ ਦਾ ਮੁੱਖ ਸਿਧਾਂਤ ਨਾਗਰਿਕਾਂ ਦੀ ਸਮਾਨਤਾ ਹੈ। ਭਾਰਤੀ ਸੰਵਿਧਾਨ ਨਾਗਰਿਕਾਂ ਨੂੰ ਸਮਾਜਿਕ, ਆਰਥਿੱਕ ਅਤੇ ਰਾਜਨੀਤਿਕ ਸਮਾਨਤਾ ਦੇਣ ਲਈ ਵਚਨਬੱਧ ਹੈ। ਸਮਾਜਿਕ ਸਮਾਨਤਾ ਤੋਂ ਭਾਵ ਹੈ ਕਿ ਰਾਜ ਕਿਸੇ ਵਿਅਕਤੀ ਨਾਲ ਨਸਲ, ਰੰਗ, ਧਰਮ, ਜਨਮ, ਜਾਤ, ਭਾਸ਼ਾ, ਲਿੰਗ ਆਦਿ ਦੇ ਅਧਾਰ 'ਤੇ ਕੋਈ ਵਿੱਤਕਰਾ ਨਹੀਂ ਕਰੇਗਾ। ਆਰਥਿਕ ਸਮਾਨਤਾ ਦਾ ਭਾਵ ਹੈ ਕਿ ਸਾਰੇ ਨਾਗਰਿਕਾਂ ਦੀਆਂ ਘੱਟੋ-ਘੱਟ ਭੌਤਿਕ ਲੋੜਾਂ ਨੂੰ ਪੂਰਾ ਕਰਨ ਦੇ ਯਤਨ ਕੀਤੇ ਜਾਣਗੇ। ਭਾਰਤੀ ਸੰਵਿਧਾਨ ਹਰੇਕ ਨਾਗਰਿਕ ਨੂੰ ਕੰਮ ਕਰਨ ਦੇ ਅਧਿਕਾਰ ਨੂੰ ਦੇਣ ਦਾ ਵਾਇਦਾ ਕਰਦਾ ਹੈ। ਰਾਜਨੀਤਿਕ ਸਮਾਨਤਾ ਤੋਂ ਭਾਵ ਹੈ ਕਿ ਸੰਵਿਧਾਨ ਅਨੁਸਾਰ ਸਾਰੇ ਨਾਗਰਿਕ ਸਮਾਨ ਹਨ ਅਤੇ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਵਿਤਕਰੇ ਦੇ ਸਮਾਨ ਰਾਜਨੀਤਿਕ ਅਧਿਕਾਰ ਦਿਤੇ ਗਏ ਹਨ।

(ਅ) **ਸੁਤੰਤਰਤਾ:-** ਸੁਤੰਤਰਤਾ ਲੋਕਤੰਤਰ ਦਾ ਮੂਲ ਸਿਧਾਂਤ ਹੈ। ਭਾਰਤ ਸੰਵਿਧਾਨ ਅਨੁਸਾਰ ਨਾਗਰਿਕਾਂ ਨੂੰ ਉਹ ਸਾਰੀਆਂ ਸੁਤੰਤਰਤਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ ਜੋ ਉਦਾਰਵਾਦੀ ਲੋਕਤੰਤਰ ਲਈ ਜ਼ਰੂਰੀ ਹਨ। ਉਦਾਹਰਣ ਲਈ ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟਾਉਣ, ਬਿਨਾਂ ਹਥਿਆਰਾਂ ਦੇ ਸ਼ਾਂਤਮਈ ਰੂਪ ਵਿੱਚ ਇੱਕਠੇ ਹੋਣ, ਸੰਘ ਬਨਾਉਣ, ਸਮੁੱਚੇ ਭਾਰਤ ਵਿੱਚ ਤੁਰਨ-ਫਿਰਨ ਅਤੇ ਨਿਵਾਸ ਕਰਨ ਦੀ ਅਜਾਦੀ, ਵਪਾਰ ਜਾਂ ਕਿੱਤਾ ਕਰਨ ਦੀ ਅਜਾਦੀ ਆਦਿ ਦੇ ਅਧਿਕਾਰ ਭਾਰਤੀ ਨਾਗਰਿਕਾਂ ਨੂੰ ਦਿੱਤੇ ਗਏ ਹਨ। ਭਾਰਤੀ ਨਾਗਰਿਕਾਂ ਨੂੰ ਸਰਕਾਰ ਦੀ ਅਲੋਚਨਾ ਅਤੇ ਵਿਰੋਧ ਕਰਨ ਦੀ ਅਜ਼ਾਦੀ ਪ੍ਰਾਪਤ ਹੈ।

(ੲ) **ਭਾਈਚਾਰੇ ਦੀ ਭਾਵਨਾ:-** ਲੋਕਤੰਤਰ, ਨਾਗਰਿਕਾਂ ਦੇ ਭਾਈਚਾਰੇ ਦੇ ਸਿਧਾਂਤ 'ਤੇ ਅਧਾਰਿਤ ਹੁੰਦਾ ਹੈ। ਇਸ ਦਾ ਭਾਵ ਹੈ ਕਿ ਦੇਸ ਵਿੱਚ ਵਸਦੇ ਲੋਕ ਭਾਵੇ ਵੱਖ-ਵੱਖ ਜਾਤੀਆਂ, ਨਸਲਾਂ, ਧਰਮਾਂ ਅਤੇ ਭਾਸ਼ਾਵਾਂ ਨਾਲ ਸੰਬੰਧਿਤ ਹੋਣ, ਪਰ ਉਨ੍ਹਾਂ ਵਿੱਚ ਭਾਈਚਾਰੇ ਦੀ ਭਾਵਨਾ ਦਾ ਸੰਚਾਰ ਹੋਣਾ ਚਾਹੀਦਾ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਇਹ ਅੰਕਿਤ ਕੀਤਾ ਗਿਆ ਹੈ ਕਿ ਸਾਰੇ ਨਾਗਰਿਕਾਂ ਵਿੱਚ ਭਾਈਚਾਰੇ ਦੀ ਭਾਵਨਾ ਵਿਕਸਿਤ ਕੀਤੀ ਜਾਵੇਗੀ ਅਤੇ ਹਰੇਕ ਵਿਅੱਕਤੀ ਦੇ ਗੌਰਵ ਨੂੰ ਯਕੀਨੀ ਬਣਾਇਆ ਜਾਵੇਗਾ।

2. **ਬਾਲਗ ਮਤ ਅਧਿਕਾਰ:-** ਲੋਕਤੰਤਰ ਦਾ ਬਾਲਗ ਵੋਟ ਦਾ ਅਧਾਰ ਤੇ ਪ੍ਰਤੱਖ ਚੋਣਾਂ ਇਸ ਦਾ ਮੂਲ ਸਿਧਾਂਤ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਸਾਰੇ ਨਾਗਰਿਕਾਂ ਨੂੰ ਬਿਨਾਂ ਕਿਸੇ ਭੇਦ ਭਾਵ ਤੋਂ ਬਾਲਗਾਂ ਨੂੰ ਮੱਤ ਦਾ ਅਧਿਕਾਰ ਪ੍ਰਦਾਨ ਕੀਤਾ ਗਿਆ ਹੈ। ਹਰੇਕ ਭਾਰਤੀ ਬਾਲਗ ਜਿਸ ਦੀ ਉਮਰ 18 ਸਾਲ ਦੀ ਹੈ, ਉਹ ਆਪਣੇ ਪ੍ਰਤੀਨਿਧਾਂ ਦੀ ਚੋਣ ਵਿੱਚ ਭਾਗ ਲੈਂਦਾ ਹੈ। ਰਾਜ ਦੀਆਂ ਵਿਧਾਨ ਸਭਾਵਾਂ ਅਤੇ ਭਾਰਤੀ ਸੰਸਦ ਦੀਆਂ ਚੋਣਾਂ ਬਾਲਗ ਮੱਤ ਅਧਿਕਾਰ ਅਨੁਸਾਰ ਪ੍ਰਤੱਖ ਤੌਰ 'ਤੇ ਕਰਵਾਈਆਂ ਜਾਂਦੀਆਂ ਹਨ।

3. **ਸੰਯੁਕਤ ਚੋਣ ਪ੍ਰਣਾਲੀ:-** ਭਾਰਤੀ ਸੰਵਿਧਾਨ ਸੰਪਰਦਾਇਕ ਚੋਣ ਪ੍ਰਨਾਲ਼ੀ ਦੀ ਥਾਂ ਸੰਯੁਕਤ ਚੋਣ ਪ੍ਰਨਾਲ਼ੀ ਦੀ ਵਿਵਸਥਾ ਕਰਦਾ ਹੈ। ਕਿਸੇ ਵੀ ਧਾਰਮਿਕ ਵਰਗ ਨੂੰ ਚੋਣ ਪ੍ਰਨਾਲ਼ੀ ਵਿੱਚ ਕੋਈ ਵਿਸ਼ੇਸ਼ ਸਹੂਲਤ ਨਹੀਂ ਦਿੱਤੀ ਗਈ। ਬਰਤਾਨਵੀ ਸ਼ਾਸਨ ਕਾਲ ਦੌਰਾਨ ਸੰਪਰਦਾਇਕ ਚੋਣ ਪ੍ਰਨਾਲ਼ੀ ਦੀ ਵਿਵਸਥਾ ਕੀਤੀ ਗਈ ਸੀ। ਇਸ ਦਾ ਭਾਵ ਸੀ ਕਿ ਹਿੰਦੂ ਨੂੰ ਹਿੰਦੂ, ਮੁਸਲਮਾਨ ਨੂੰ ਮੁਸਲਮਾਨ ਅਤੇ ਸਿੱਖ ਨੂੰ ਸਿਖ ਵੋਟਾਂ ਪਾਉਂਦਾ ਸੀ। ਇਸ ਪ੍ਰਨਾਲ਼ੀ ਦੀ ਥਾਂ ਭਾਰਤ ਸੰਵਿਧਾਨ ਨੇ ਸੰਯੁਕਤ ਚੋਣ ਪ੍ਰਨਾਲ਼ੀ ਦੀ ਵਿਵਸਥਾ ਕੀਤੀ ਹੈ। ਸੰਖੇਪ ਵਿੱਚ ਇਸ ਪ੍ਰਨਾਲ਼ੀ ਅਧੀਨ ਸਾਰੇ ਧਰਮਾਂ, ਨਸਲਾਂ, ਭਾਸ਼ਾਵਾਂ ਆਦਿ ਦੇ ਲੋਕ ਆਪਣੇ ਇਲਾਕੇ ਦੇ ਸਾਝੇਂ ਉਮੀਦਵਾਰ ਦੀ ਚੋਣ ਕਰਦੇ ਹਨ।

**4. ਰਾਜਨੀਤਿਕ ਅਧਿਕਾਰ:-** ਲੋਕਤੰਤਰ ਲਈ ਰਾਜਨੀਤਿਕ ਅਧਿਕਾਰ ਇਸ ਦੀ ਜਿੰਦ-ਜਾਨ ਹੁੰਦੇ ਹਨ। ਭਾਰਤੀ ਸੰਵਿਧਾਨ ਦੁਆਰਾ ਨਾਗਰਿਕ ਜੋ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹੈ ਉਸ ਨੂੰ ਵੋਟ ਦੇਣ ਦਾ ਅਧਿਕਾਰ ਦਿੱਤਾ ਗਿਆ ਹੈ। ਪਿੰਡ ਦੀ ਪੰਚਾਇਤ ਤੋਂ ਲੈ ਕੇ ਭਾਰਤੀ ਸੰਸਦ ਤਕ ਸਾਰੀਆਂ ਪ੍ਰਤੀਨਿੱਧ ਸੰਸਥਾਵਾਂ ਨੂੰ ਚੁਣਨ ਦਾ ਅਧਿਕਾਰ ਭਾਰਤੀ ਬਾਲਗਾਂ ਨੂੰ ਦਿੱਤਾ ਗਿਆ ਹੈ। ਰਾਜਨੀਤਿਕ ਅਧਿਕਾਰ ਹੀ ਲੋਕਤੰਤਰ ਦੀ ਰੂਹ ਹੁੰਦੇ ਹਨ।

**5. ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ:-** ਭਾਰਤੀ ਸੰਵਿਧਾਨ ਅਨੁਸਾਰ ਸਾਡੇ ਦੇਸ ਦੀ ਨਿਆਂਪਾਲਿਕਾ ਨੂੰ ਸੁਤੰਤਰ ਅਤੇ ਨਿਰਪੱਖ ਬਣਾਉਣ ਦੀ ਵਿਵਸਥਾ ਕੀਤੀ ਹੈ।

**6. ਧਰਮ ਨਿਰਪੱਖਤਾ:-** ਲੋਕਤੰਤਰੀ ਰਾਜ, ਨਾਗਰਿਕ ਦੇ ਧਾਰਮਿਕ ਮਾਮਲਿਆਂ ਵਿੱਚ ਦਖਲ ਨਹੀਂ ਦਿੰਦਾ। ਭਾਰਤ ਇਕ ਅਜਿਹਾ ਦੇਸ ਹੈ ਜਿਸ ਵਿੱਚ ਵੱਖ-ਵੱਖ ਧਰਮਾਂ, ਜਾਤਾਂ ਤੇ ਨਸਲਾਂ ਦੇ ਲੋਕ ਵਸਦੇ ਹਨ। ਸੰਵਿਧਾਨ ਨੇ ਭਾਰਤ ਨੂੰ ਧਰਮ ਨਿਰਪੱਖ ਰਾਜ ਬਣਾਇਆ ਹੈ ਕਿਉਂਕਿ ਭਾਰਤ ਵਿੱਚ ਕਿਸੇ ਧਰਮ ਨੂੰ ਰਾਜ ਧਰਮ ਦਾ ਰੁੱਤਬਾ ਨਹੀਂ ਦਿੱਤਾ ਗਿਆ। ਭਾਵ ਕਿਸੇ ਵੀ ਧਰਮ ਨੂੰ ਸਰਕਾਰ ਦੀ ਸਰਪ੍ਰਸਤੀ ਪ੍ਰਦਾਨ ਨਹੀਂ ਕੀਤੀ ਗਈ।

**7. ਨਿਸਚਿਤਕਾਲੀਨ ਤੇ ਸੁਤੰਤਰ ਚੋਣਾਂ:-** ਲੋਕਤੰਤਰੀ ਸਿਧਾਤਾਂ ਅਨੁਸਾਰ ਨਿਸਚਿਤਕਾਲੀ ਅਤੇ ਸੁੰਤਤਰ ਚੋਣਾਂ ਬਹੁਤ ਜ਼ਰੂਰੀ ਹਨ। ਸਾਡੇ ਦੇਸ ਵਿੱਚ ਹਰ ਪੰਜ ਸਾਲ ਪਿਛੋਂ ਸੰਸਦ ਅਤੇ ਰਾਜ ਵਿਧਾਨ ਮੰਡਲਾਂ ਦੀਆਂ ਚੋਣਾਂ ਕਰਾਈਆਂ ਜਾਂਦੀਆਂ ਹਨ। ਨਿਸਚਤ ਸਮੇਂ ਪਿਛੋਂ ਚੋਣ ਕਰਾਉਣ ਨਾਲ ਲੋਕਾਂ ਦਾ ਵਿਸ਼ਵਾਸ ਸਰਕਾਰ ਵਿੱਚ ਬਣਿਆ ਰਹਿੰਦਾ ਹੈ। ਲੋਕ ਅਜਿਹੀ ਸਰਕਾਰ ਨੂੰ ਆਪਣੀ ਸਰਕਾਰ ਸਮਝਦੇ ਹਨ ਅਤੇ ਉਸ ਦੀ ਉਚਿਤਤਾ ਨੂੰ ਸਵੀਕਾਰ ਕਰਦੇ ਹਨ। ਭਾਰਤ ਵਿੱਚ ਹੁਣ ਤਕ 17 ਆਮ ਚੋਣਾਂ ਕਰਾਈਆਂ ਜਾ ਚੁਕੀਆਂ ਹਨ। ਸੰਵਿਧਾਨ ਅਨੁਸਾਰ ਇਕ ਸੁਤੰਤਰ ਚੋਣ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ ਜੋ ਕਿ ਸੁਤੰਤਰ ਅਤੇ ਨਿਰਪੱਖ ਚੋਣਾਂ ਕਰਾਉਣ ਲਈ ਜ਼ਿੰਮੇਵਾਰ ਹੈ ਅਤੇ ਅਜਿਹੀਆਂ ਹੀ ਚੋਣਾਂ ਕਰਾਉਣ ਲਈ ਯਤਨਸ਼ੀਲ ਰਹਿੰਦਾ ਹੈ।

**8. ਗਣਰਾਜੀ ਸ਼ਾਸਨ ਪ੍ਰਣਾਲੀ:-** ਸੰਵਿਧਾਨ ਦੀ ਪ੍ਰਸਤਾਵਨਾ ਅਨੁਸਾਰ ਭਾਰਤ ਨੂੰ ਲੋਕਤੰਤਰੀ ਗਣਰਾਜ ਬਣਾਇਆ ਗਿਆ ਹੈ। ਇਥੇ ਸਰਵਉੱਚੀ ਸ਼ਕਤੀ ਕਿਸੇ ਇਕ ਵਿਅਕਤੀ ਜਾਂ ਕੁਝ ਵਿਅਕਤੀਆਂ ਕੋਲ ਨਹੀਂ ਹੈ ਸਗੋਂ ਸਮੁੱਚੀ ਜਨਤਾ ਦੇ ਹੱਥ ਹੈ, ਸਰਕਾਰ ਲੋਕਾਂ ਪ੍ਰਤੀ ਜ਼ਿੰਮੇਵਾਰ ਹੈ। ਭਾਰਤ ਦਾ ਮੁਖੀ ਰਾਸ਼ਟਰਪਤੀ ਹੈ ਜੋ ਜਨਤਾ ਦੁਆਰਾ ਅਪ੍ਰੱਤਖ ਰੂਪ ਨਾਲ ਨਿਸ਼ਚਤ ਸਮੇਂ ਲਈ ਚੁਣਿਆ ਜਾਂਦਾ ਹੈ। ਗਣਰਾਜ ਵਿੱਚ ਰਾਜ ਦੇ ਮੁਖੀ ਦਾ ਅਧਾਰ ਚੋਣਾਂ ਹੁੰਦੀਆਂ ਹਨ ਵਿਰਸਾ ਨਹੀਂ।

ਭਾਰਤੀ ਲੋਕਤੰਤਰ ਦੀਆਂ ਵਿਸ਼ੇਸਤਾਵਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਇਕ ਲੋਕਤੰਤਰੀ ਰਾਜ ਹੈ। ਲੋਕਤੰਤਰੀ ਪ੍ਰਕਿਰਿਆ ਦਾ ਤਜ਼ਰਬਾ 1952 ਵਿੱਚ ਪਹਿਲੀਆਂ ਆਮ ਚੋਣਾਂ ਤੋਂ ਕੀਤਾ ਗਿਆ ਸੀ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਸਫ਼ਲਤਾ ਪੂਰਵਕ ਚਲ ਰਹੀ ਹੈ।

## ਭਾਰਤੀ ਚੋਣ-ਵਿਧੀ ਤੇ ਪ੍ਰਕਿਰਿਆ

## (Indian Election and Election Process)

ਵਰਤਮਾਨ ਵਿੱਚ ਵਿਸ਼ਵ ਭਰ ਵਿੱਚ ਰਾਸ਼ਟਰੀ ਰਾਜਾਂ ਦੀ ਸਥਾਪਨਾ ਹੋ ਚੁੱਕੀ ਹੈ। ਇਨ੍ਹਾਂ ਦੀ ਆਬਾਦੀ ਅਤੇ ਖੇਤਰ ਦੀ ਵਿਸ਼ਾਲਤਾ ਕਾਰਨ ਇਨ੍ਹਾਂ ਵਿੱਚ ਪ੍ਰਤੱਖ ਲੋਕਤੰਤਰ ਦੀ ਸਥਾਪਨਾ ਕਰਨੀ ਅਸੰਭਵ ਹੈ। ਇਕ ਰਾਸ਼ਟਰ ਦੇ ਸਾਰੇ ਲੋਕ ਇਕ ਥਾਂ ਤੇ ਇਕੱਠੇ ਹੋ ਕੇ ਕਨੂੰਨ ਨਹੀਂ ਬਣਾ ਸਕਦੇ ਹਨ। ਇਸ ਲਈ ਵਰਤਮਾਨ

ਰਾਜ ਦਾ ਨਾਗਰਿਕ ਆਪਣੇ ਪ੍ਰਤੀਨਿਧਾਂ ਰਾਹੀਂ ਕਨੂੰਨ ਬਣਾਉਂਦਾ ਅਤੇ ਉਨ੍ਹਾਂ ਰਾਹੀਂ ਹੀ ਸ਼ਾਸਨ ਕਰਦਾ ਹੈ। ਅਜਿਹੀ ਵਿਵਸਥਾ ਨੂੰ ਪ੍ਰਤੀਨਿਧੀ ਸਰਕਾਰ ਕਿਹਾ ਜਾਂਦਾ ਹੈ।

**ਚੋਣ ਪ੍ਰਕਿਰਿਆ**




## ਚੋਣ-ਵਿਧੀਆਂ

ਹਰੇਕ ਲੋਕਤੰਤਰੀ ਰਾਜ ਵਿੱਚ ਦੋ ਪ੍ਰਮੁੱਖ ਚੋਣ ਪ੍ਰਨਾਲ਼ੀਆਂ ਹਨ: ਪ੍ਰਤੱਖ ਅਤੇ ਅਪ੍ਰਤੱਖ ਚੋਣ ਪ੍ਰਨਾਲ਼ੀ। ਪ੍ਰਤੱਖ. ਚੋਣ ਪ੍ਰਨਾਲ਼ੀ ਵਿੱਚ ਮੱਤਦਾਤਾ ਆਪ ਪ੍ਰਤੱਖ ਰੂਪ ਵਿੱਚ ਪੋਲਿੰਗ ਸਟੇਸ਼ਨ 'ਤੇ ਜਾ ਕੇ ਆਪਣੀ ਇੱਛਾ ਅਨੁਸਾਰ ਉਮੀਦਵਾਰ ਨੂੰ ਵੋਟ ਪਾ ਕੇ ਆਪਣੇ ਪ੍ਰਤੀਨਿਧ ਚੁਣਦੇ ਹਨ। ਭਾਰਤ, ਇੰਗਲੈਂਡ, ਸੰਯੁਕਤ ਰਾਜ ਅਮਰੀਕਾ, ਜਰਮਨੀ, ਫਰਾਂਸ, ਜਾਪਾਨ ਆਦਿ ਦੇਸਾਂ ਵਿੱਚ ਮੱਤਦਾਤਾ ਆਪਣੇ ਵਿਧਾਨ ਮੰਡਲਾਂ ਦੀ ਚੋਣ ਇਸ ਪ੍ਰਤੱਖ ਚੋਣ ਪ੍ਰਨਾਲ਼ੀ ਰਾਹੀਂ ਹੀ ਕਰਦੇ ਹਨ।

ਅਪ੍ਰਤੱਖ ਚੋਣ ਪ੍ਰਣਾਲੀ ਵਿੱਚ ਲੋਕ ਆਪਣੇ ਪ੍ਰਤੀਨਿਧਾਂ ਨੂੰ ਸਿੱਧੇ ਤੌਰ 'ਤੇ ਨਹੀਂ ਚੁਣਦੇ। ਉਦਾਹਰਣ ਲਈ ਭਾਰਤ ਵਿੱਚ ਪਹਿਲਾਂ ਮੱਤਦਾਤਾ ਆਪਣੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰ ਚੁਣਦੇ ਹਨ ਅਤੇ ਇਹ ਵਿਧਾਨ ਸਭਾ ਦੇ ਮੈਂਬਰ ਆਪਣੇ ਰਾਜ ਦੇ ਰਾਜ ਸਭਾ ਦੇ ਮੈਂਬਰਾਂ ਨੂੰ ਚੁਣਦੇ ਹਨ। ਭਾਰਤ ਦੇ ਰਾਸ਼ਟਰਪਤੀ ਨੂੰ ਲੋਕਾਂ ਦੁਆਰਾ ਚੁਣੇ ਗਏ ਵਿਧਾਨ ਸਭਾਵਾਂ ਦੇ ਮੈਂਬਰ ਅਤੇ ਸੰਸਦ ਦੇ ਮੈਂਬਰ ਚੁਣਦੇ ਹਨ ਅਤੇ ਉਪਰਾਸ਼ਟਰਪਤੀ ਨੂੰ ਲੋਕਾਂ ਦੁਆਰਾ ਚੁਣੇ ਹੋਏ ਸੰਸਦ ਦੇ ਮੈਂਬਰ ਚੁਣਦੇ ਹਨ। ਇਸ ਪ੍ਰਕਾਰ ਰਾਜ ਸਭਾ, ਰਾਸ਼ਟਰਪਤੀ ਅਤੇ ਉਪਰਾਸ਼ਟਰਪਤੀ ਦੀ ਚੋਣ ਪ੍ਰਨਾਲ਼ੀ ਅਪ੍ਰਤੱਖ ਚੋਣ ਪ੍ਰਨਾਲੀ ਹੈ।

## ਭਾਰਤ ਵਿੱਚ ਚੋਣ ਪ੍ਰਕਿਰਿਆ

## (Election Process in India)

ਜਿਸ ਢੰਗ ਨਾਲ ਦੇਸ ਵਿੱਚ ਚੋਣਾਂ ਕਰਵਾਈਆਂ ਜਾਂਦੀਆਂ ਹਨ ਉਸ ਸਾਰੀ ਚੋਣ ਪ੍ਰਨਾਲ਼ੀ ਨੂੰ ਚੋਣ ਪ੍ਰਕਿਰਿਆ ਕਿਹਾ ਜਾਂਦਾ ਹੈ। ਭਾਰਤ ਵਿੱਚ ਚੋਣ ਪ੍ਰਕਿਰਿਆ ਦੇ ਹੇਠ ਲਿਖੇ ਪੜਾਅ ਹੁੰਦੇ ਹਨ:-

**ਚੋਣ ਖੇਤਰ ਨਿਸਚਿਤ ਕਰਨ:-** ਚੋਣ ਪ੍ਰਕਿਰਿਆ ਵਿੱਚ ਸਭ ਤੋਂ ਪਹਿਲਾਂ ਕੰਮ ਚੋਣ ਖੇਤਰ ਨਿਸ਼ਚਿਤ ਕਰਨਾ ਹੁੰਦਾ ਹੈ। ਲੋਕ ਸਭਾ ਵਿੱਚ ਚੁਣੇ ਜਾਣ ਵਾਲੇ ਮੈਂਬਰਾਂ ਦੇ ਚੋਣ ਖੇਤਰਾਂ ਨੂੰ ਲਗਪਗ ਬਰਾਬਰ ਭਾਗਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਹੀ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਰਾਜ ਨੂੰ ਬਰਾਬਰ ਜਨਸੰਖਿਆ ਵਾਲੇ ਖੇਤਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ ਅਤੇ ਹਰੇਕ ਖੇਤਰ ਵਿੱਚੋਂ ਇੱਕ ਪ੍ਰਤੀਨਿਧੀ ਚੁਣਿਆ ਜਾਂਦਾ ਹੈ।

**ਮੱਤਦਾਤਾ ਸੂਚੀ:-** ਚੋਣਾਂ ਕਰਾਉਣ ਲਈ ਹਰੇਕ ਚੋਣ ਖੇਤਰ ਦੀ ਮੱਤਦਾਤਾ ਸੂਚੀ ਤਿਆਰ ਕੀਤੀ ਜਾਂਦੀ ਹੈ। ਉਹ ਹੀ ਮੱਤਦਾਤਾ ਵੋਟ ਪਾ ਸਕਦਾ ਹੈ ਜਿਸ ਦਾ ਨਾਂ ਚੋਣ ਖੇਤਰ ਦੀ ਵੋਟਰ ਸੂਚੀ ਵਿੱਚ ਦਰਜ ਹੈ।

**ਚੋਣ ਮਿਤੀ ਦਾ ਐਲਾਨ:-** ਚੋਣ ਕਮਿਸ਼ਨ, ਚੋਣਾਂ ਦਾ ਐਲਾਨ ਕਰਨ ਉਪਰੰਤ ਚੋਣਾਂ ਦਾ ਪੂਰਾ ਪ੍ਰੋਗਰਾਮ ਉਲੀਕਦਾ ਹੈ— ਨਾਮਜ਼ੱਦਗੀ ਫਾਰਮ ਭਰਨ ਦੀ ਮਿੱਤੀ, ਨਾਮ ਵਾਪਸ ਲੈਣ ਦੀ ਮਿਤੀ ਅਤੇ ਛਾਣ-ਬੀਣ ਕਰਨ ਦੀ ਮਿਤੀ ਨਿਸਚਿਤ ਕਰਦਾ ਹੈ। ਫਿਰ ਚੋਣਾਂ ਦਾ ਦਿਨ, ਸਮਾਂ ਅਤੇ ਵੋਟਾਂ ਦੀ ਗਿਣਤੀ ਕਰਨ ਅਤੇ ਨਤੀਜਿਆਂ ਦਾ ਐਲਾਨ ਕਰਨ ਦੀ ਮਿੱਤੀ ਨਿਰਧਾਰਿਤ ਕਰਦਾ ਹੈ।

**ਨਾਮਜ਼ਦਗੀ ਫਾਰਮ ਭਰਨਾ:-** ਚੋਣ ਆਯੋਗ (ਕਮਿਸ਼ਨ) ਇਕ ਮਿਤੀ ਨਿਸ਼ਚਿਤ ਕਰਦਾ ਹੈ ਜੋ ਉਮੀਦਵਾਰ ਚੋਣ ਲੜਨਾ ਚਾਹੁੰਦੇ ਹਨ ਉਹ ਆਪਣਾ ਨਾਮਜ਼ਦੱਗੀ ਫਾਰਮ ਉਸ ਮਿਤੀ ਤਕ ਭਰ ਦੇਣ। ਇਹ ਨਾਮਜ਼ਦੱਗੀ ਫ਼ਾਰਮ ਛਪਿਆ ਹੁੰਦਾ ਹੈ ਜਿਸ 'ਤੇ ਉਮੀਦਵਾਰ ਆਪਣੀ ਪ੍ਰਵਾਨਗੀ ਦਿੰਦਾ ਹੈ। ਇਸ ਨਾਮਜ਼ਦੱਗੀ ਫ਼ਾਰਮ ਤੇ ਦੋ ਮੱਤਦਾਤਿਆਂ ਰਾਹੀਂ ਨਾਮ ਪੇਸ਼ ਕਰਾਉਣਾ ਜ਼ਰੂਰੀ ਹੁੰਦਾ ਹੈ। ਇਕ ਮੱਤਦਾਤਾ ਨਾਮ ਪੇਸ਼ ਕਰਨ ਦਾ ਪ੍ਰਸਤਾਵ ਰਖਦਾ ਹੈ ਅਤੇ ਦੂਜਾ ਮੱਤਦਾਤਾ ਉਸ ਦਾ ਸਮਰਥਨ ਕਰਦਾ ਹੈ। ਨਾਮਜ਼ਦਗੀ ਫ਼ਾਰਮ ਰਿਟਰਨਿੰਗ ਅਫਸਰ ਨੂੰ ਨਿਸ਼ਚਿਤ ਮਿਤੀ ਅਤੇ ਸਮੇਂ ਤਕ ਪੇਸ਼ ਕਰਨੇ ਜ਼ਰੂਰੀ ਹੁੰਦੇ ਹਨ।

**ਨਾਮ ਵਾਪਸੀ:-** ਸਾਰੇ ਉਮੀਦਵਾਰਾਂ ਦੀ ਨਾਮਜ਼ਦਗੀ ਦੇ ਫਾਰਮਾਂ ਦੀ ਜਾਂਚ ਪੜਤਾਲ ਕਰਨ ਉਪਰੰਤ ਇਕ ਨਿਸਚਿਤ ਮਿਤੀ ਤਕ ਆਪਣੇ ਨਾਂ ਵਾਪਸ ਲੈਣ ਦਾ ਅਧਿਕਾਰ ਹੁੰਦਾ ਹੈ। ਜੇਕਰ ਕੋਈ

ਉਮੀਦਵਾਰ ਆਪਣਾ ਨਾਂ ਵਾਪਸ ਲੈ ਲੈਂਦਾ ਹੈ ਤਾਂ ਉਸ ਦੀ ਜਮ੍ਹਾਂ-ਜਮਾਨਤ ਰਾਸ਼ੀ ਵਾਪਸ ਕਰ ਦਿੱਤੀ ਜਾਂਦੀ ਹੈ।

**ਚੋਣ ਨਿਸ਼ਾਨ:-** ਚੋਣਾਂ ਵਿੱਚ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਚੋਣ ਆਯੋਗ (ਕਮਿਸ਼ਨ) ਵਲੋਂ ਅਲਾਟ ਕੀਤੇ ਜਾਂਦੇ ਹਨ। ਰਾਜਨੀਤਿਕ ਦਲਾਂ ਨੂੰ ਵਿਸ਼ੇਸ਼ ਅਤੇ ਪ੍ਰਸਿੱਧ ਚਿੰਨ੍ਹ ਅਲਾਟ ਕੀਤੇ ਜਾਂਦੇ ਹਨ। ਸਾਡੇ ਦੇਸ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਨੂੰ ਹੱਥ, ਭਾਰਤੀ ਸਾਮਵਾਦੀ ਪਾਰਟੀ ਨੂੰ ਦਾਤੀ ਤੇ ਬਲੀ, ਭਾਰਤੀ ਮਾਰਕਸਵਾਦੀ ਸਮਾਵਾਦੀ ਪਾਰਟੀ ਨੂੰ ਦਾਤੀ ਹਥੋੜਾ ਤੇ ਸਿਤਾਰਾ, ਭਾਰਤੀ ਜਨਤਾ ਪਾਰਟੀ ਨੂੰ ਕਮਲ, ਸਮਾਜਵਾਦੀ ਪਾਰਟੀ ਨੂੰ ਸਾਈਕਲ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਤੱਕੜੀ ਆਦਿ ਦੇ ਚਿੰਨ੍ਹ ਕਮਿਸ਼ਨ ਵੱਲੋਂ ਅਲਾਟ ਕੀਤੇ ਗਏ ਹਨ।

**ਚੋਣ ਮੁਹਿੰਮ:-** ਚੋਣ ਪ੍ਰਕਿਰਿਆ ਦਾ ਅਗਲਾ ਪੜਾਅ ਚੋਣ ਮੁਹਿੰਮ ਹੈ। ਚੋਣ ਮੁਹਿੰਮ ਨਿਯਮਾਂ ਤੇ ਕਨੂੰਨਾ ਅਨੁਸਾਰ ਹੀ ਕੀਤੀ ਜਾਂਦੀ ਹੈ। ਚੋਣ ਮੁਹਿੰਮ ਦੇ ਅਰੰਭ ਅਤੇ ਸਮਾਪਤ ਕਰਨ ਦੀਆਂ ਮਿਤੀਆਂ ਚੋਣ ਕਮਿਸ਼ਨ ਵੱਲੋਂ ਪਹਿਲਾਂ ਹੀ ਨਿਸਚਿਤ ਕਰ ਦਿੱਤੀਆਂ ਜਾਂਦੀਆਂ ਹਨ। ਹਰੇਕ ਰਾਜਨੀਤਿਕ ਦਲ ਜਾਂ ਉਮੀਦਵਾਰ ਚੋਣਾਂ ਤੋਂ ਪਹਿਲਾਂ ਹੀ ਚੋਣ ਲੜਨ ਤੇ ਜਿੱਤਣ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ। ਉਹ ਮੱਤਦਾਤਿਆਂ ਨਾਲ ਸੰਪਰਕ ਕਾਇਮ ਕਰਦੇ ਹਨ ਅਤੇ ਉਹਨਾਂ ਨੂੰ ਆਪਣੇ ਪੱਖ ਵਿੱਚ ਮੱਤ ਪਾਉਣ ਲਈ ਪ੍ਰੇਰਦੇ ਹਨ। ਚੋਣ ਮੁਹਿੰਮ ਭਿੰਨ-ਭਿੰਨ ਸਾਧਨਾਂ ਦੁਆਰਾ ਚਲਾਈ ਜਾਂਦੀ ਹੈ। ਇਸ ਕਾਰਵਾਈ ਵਿੱਚ ਇਸ਼ਤਿਹਾਰ ਲਗਾਉਣੇ ਗਲੀ, ਮੁਹੱਲਾ ਮੀਟਿੰਗਾਂ ਕਰਨੀਆਂ, ਭਾਸ਼ਨ ਦੇਣ, ਜਲਸੇ ਕਰਨੇ ਤੇ ਜਲੂਸ ਕਢਣੇ ਅਤੇ ਘਰ-ਘਰ ਵਿੱਚ ਸਮੱਰਥਕਾ ਵੱਲੋਂ ਪ੍ਰਚਾਰ ਕਰਨਾ ਸ਼ਾਮਲ ਹੈ।

**ਚੋਣ ਮਨੋਰਥ ਪੱਤਰ:-**ਅਜਕਲ ਲੋਕਾਂ ਸਾਹਮਣੇ ਚੋਣ ਮਨੋਰਥ ਪੱਤਰ ਪੇਸ਼ ਕਰਨਾ ਚੋਣ ਮੁਹਿੰਮ ਤੇ ਪ੍ਰਚਾਰ ਦਾ ਇਕ ਵੱਡਾ ਸਾਧਨ ਬਣ ਗਿਆ ਹੈ। ਰਾਜਨੀਤਕ ਦਲ ਚੋਣ ਮਨੋਰਥ ਪੱਤਰ ਤਿਆਰ ਕਰਕੇ ਤੇ ਜਨਤਾ ਦੇ ਸਾਹਮਣੇ ਪੇਸ਼ ਕਰਦੇ ਹਨ। ਇਸ ਚੋਣ ਮਨੋਰਥ ਪੱਤਰ ਦੁਆਰਾ ਦਲ ਦੀਆਂ ਮਾਨਤਾਵਾਂ ਪ੍ਰਮੁੱਖ ਵਿਚਾਰ ਨੀਤੀਆਂ ਦੇ ਕਾਰਜਕ੍ਰਮ ਤੇ ਕੁਝ ਵਾਇਦੇ ਜਨਤਾ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਸੰਖੇਪ ਵਿੱਚ ਚੋਣ ਮਨੋਰਥ ਪੱਤਰ ਮਹੱਤਵਪੂਰਨ ਦਸਤਾਵੇਜ ਹੁੰਦਾ ਹੈ ਜਿਸ ਰਾਹੀਂ ਆਮ ਜਨਤਾ ਪਾਰਟੀਆਂ ਬਾਰੇ ਆਪਣੇ ਵਿਚਾਰ ਬਣਾਉਂਦੀ ਹੈ। ਚੋਣ ਮੁਹਿੰਮ ਤੇ ਪ੍ਰਚਾਰ ਅਸਲੀ ਮਤਦਾਨ ਸ਼ੁਰੂ ਹੋਣ ਵਾਲੀ ਘੜੀ ਤੋਂ 48 ਘੰਟੇ ਪਹਿਲਾਂ ਸਮਾਪਤ ਹੋ ਜਾਂਦੇ ਹਨ।

**ਪੋਲਿੰਗ ਸਟੇਸ਼ਨ ਤੇ ਵੋਟਾਂ:-** ਚੋਣ ਆਯੋਗ (ਕਮਿਸ਼ਨ) ਵਲੋਂ ਹਰੇਕ ਖੇਤਰ ਵਿੱਚ ਮਤਦਾਤਿਆਂ ਦੀ ਸਹੂਲਤ ਲਈ ਅਨੇਕਾਂ ਮਤਦਾਨ ਕੇਂਦਰ ਸਥਾਪਤ ਕੀਤੇ ਜਾਂਦੇ ਹਨ। ਮਤਦਾਨ ਕੇਂਦਰ ਇਸ ਢੰਗ ਨਾਲ ਸਥਾਪਿਤ ਕੀਤੇ ਜਾਂਦੇ ਹਨ ਕਿ ਮਤਦਾਤਿਆਂ ਨੂੰ ਵੋਟ ਪਾਉਣ ਲਈ ਬਹੁਤੀ ਦੂਰ ਨਾ ਜਾਣਾ ਪਵੇ। ਹਰੇਕ ਮਤਦਾਨ ਕੇਂਦਰ ਵਿੱਚ ਇਕ ਨਿਸਚਤ ਗਿਣਤੀ ਤਕ ਮਤਦਾਤਾ ਰੱਖੇ ਜਾਂਦੇ ਹਨ।

**ਮੱਤਾਂ ਦੀ ਗਿਣਤੀ ਤੇ ਨਤੀਜੇ:-** ਵੋਟਾਂ ਪਾਉਣ ਦਾ ਸਮਾਂ ਸਮਾਪਤ ਹੋਣ ਅਤੇ ਮੱਤਦਾਨ ਸਟੇਸ਼ਨ ਅੰਦਰ ਹਾਜ਼ਰ ਸਾਰੇ ਮੱਤਦਾਤਿਆਂ ਦੀਆਂ ਵੋਟਾਂ ਦੇ ਭੁਗਤਾਨ ਤੋਂ ਬਾਅਦ ਰਿਟਰਨਿੰਗ ਅਫਸਰ ਅਤੇ ਉਸ ਦੇ ਸਾਥੀ ਕਰਮਚਾਰੀ ਮੱਤ ਪੇਟੀਆਂ ਨੂੰ ਸੀਲ ਕਰਕੇ ਰਿਟਰਨਿੰਗ ਅਫਸਰ ਦੇ ਦਫਤਰ ਵਿੱਚ ਜਮ੍ਹਾਂ ਕਰਵਾ ਦਿੰਦੇ ਹਨ।

ਚੋਣ ਆਯੋਗ ਵੱਲੋਂ ਨਿਸਚਿਤ ਦਿਨ ਨੂੰ ਰਿਟਰਨਿੰਗ ਅਫਸਰ ਆਪਣੇ ਸਹਾਇਕ ਕਰਮਚਾਰੀਆਂ ਅਤੇ ਡਿਊਟੀ 'ਤੇ ਤੈਨਾਤ ਅਧਿਕਾਰੀਆਂ ਦੀ ਸਹਾਇਤਾ ਨਾਲ ਉਮੀਦਵਾਰਾਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ

ਦੇ ਸਾਹਮਣੇ ਮਤਾਂ ਦੀ ਗਿਣਤੀ ਕਰਾਉਂਦਾ ਹੈ। ਸਾਰੇ ਉਮੀਦਵਾਰਾਂ ਦੀਆਂ ਵੋਟਾਂ ਗਿਣਨ ਉਪਰੰਤ, ਜਿਸ ਉਮੀਦਵਾਰ ਦੀਆਂ ਸਭ ਤੋਂ ਵੱਧ ਵੋਟਾਂ ਹੁੰਦੀਆਂ ਹਨ ਉਸ ਨੂੰ ਰਿਟਰਨਿੰਗ ਅਫ਼ਸਰ ਜੇਤੂ ਐਲਾਨ ਕਰਦਾ ਹੈ।

**ਚੋਣ ਖਰਚੇ ਦਾ ਵੇਰਵਾ:-** ਹਰੇਕ ਉਮੀਦਵਾਰ ਨੂੰ ਚੋਣ ਸਮਾਪਤ ਹੋਣ ਤੋਂ 45 ਦਿਨਾਂ ਦੇ ਅੰਦਰ ਚੋਣ ਵਿੱਚ ਖਰਚ ਕੀਤੇ ਜਾਣ ਵਾਲੇ ਧਨ ਦਾ ਵੇਰਵਾ ਚੋਣ ਆਯੋਗ (ਕਮਿਸ਼ਨ) ਨੂੰ ਭੇਜਣਾ ਪੈਂਦਾ ਹੈ। ਚੋਣ ਵਿੱਚ ਖਰਚ ਕੀਤੇ ਜਾਣ ਲਈ ਧਨ ਰਾਸ਼ੀ ਨਿਸਚਿਤ ਕੀਤੀ ਹੋਈ ਹੈ। ਇਹ ਇਸ ਲਈ ਕੀਤਾ ਗਿਆ ਹੈ ਕਿ ਧਨਾਢ ਵਿਅਕਤੀ ਹੀ ਧਨ ਦੇ ਜ਼ੋਰ ਨਾਲ ਚੋਣਾਂ ਨਾ ਜਿੱਤ ਜਾਣ ਅਤੇ ਗਰੀਬ ਵਿਅਕਤੀ ਉਨ੍ਹਾਂ ਦਾ ਮੁਕਾਬਲਾ ਕਰ ਸਕਣ।

**ਚੋਣ ਵਿਰੁੱਧ ਅਪੀਲ:-** ਜੇਕਰ ਕੋਈ ਉਮੀਦਵਾਰ ਚੋਣ ਨਤੀਜੇ ਦੇ ਐਲਾਨ ਤੋਂ ਬਾਅਦ ਇਹ ਮਹਿਸੂਸ ਕਰੇ ਕਿ ਚੋਣ ਵਿੱਚ ਪੱਖਪਾਤ ਹੋਇਆ ਹੈ ਜਾਂ ਗੈਰ-ਕਨੂੰਨੀ ਸਾਧਨਾਂ ਦੀ ਵਰਤੋਂ ਕਰਕੇ ਚੋਣ ਜਿੱਤ ਲਈ ਗਈ ਹੈ ਤਾਂ ਉਹ ਚੋਣ ਵਿਰੁੱਧ ਉੱਚ ਅਦਾਲਤ ਜਾਂ ਸਰਵਉੱਚ ਅਦਾਲਤ ਵਿੱਚ ਅਪੀਲ ਕਰ ਸਕਦਾ ਹੈ। ਅਦਾਲਤ ਇਸ ਗਲ ਦੀ ਜਾਂਚ-ਪੜਤਾਲ ਕਰਦੀ ਹੈ ਅਤੇ ਜੇਕਰ ਲਾਏ ਗਏ ਦੋਸ਼ ਸਿੱਧ ਹੋ ਜਾਣ ਤਾਂ ਜੇਤੂ ਉਮੀਦਵਾਰ ਦੀ ਚੋਣ ਰੱਦ ਕਰ ਦਿੱਤੀ ਜਾਂਦੀ ਹੈ। ਅਜਿਹਾ ਬਹੁਤ ਘੱਟ ਵਾਰ ਹੁੰਦਾ ਹੈ ਕਿਉਂਕਿ ਦੋਸ਼ ਸਿੱਧ ਕਰਨੇ ਬਹੁਤ ਮੁਸ਼ਕਲ ਹੁੰਦੇ ਹਨ।

**ਭਾਰਤੀ ਚੋਣ ਆਯੋਗ ਜਾਂ ਚੋਣ ਕਮਿਸ਼ਨ:-**ਭਾਰਤੀ ਸੰਵਿਧਾਨ ਨਿਰਮਾਤਾ ਅਜ਼ਾਦ ਤੇ ਨਿਰਪੱਖ ਚੋਣਾਂ ਦੇ ਮਹੱਤਵ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਇਸ ਲਈ ਸੁਤੰਤਰ ਤੇ ਨਿਰਪੱਖ ਚੋਣਾਂ ਕਰਾਉਣ ਦੀ ਜ਼ਿੰਮੇਵਾਰੀ ਭਾਰਤ ਵਿੱਚ ਇਕ ਸੁਤੰਤਰ ਚੋਣ ਆਯੋਗ (ਕਮਿਸ਼ਨ) ਨੂੰ ਸੌਂਪੀ ਗਈ ਹੈ। ਵਰਤਮਾਨ ਚੋਣ ਆਯੋਗ ਤਿੰਨ ਮੈਂਬਰੀ ਹੈ ਇਨ੍ਹਾਂ ਮੈਂਬਰਾਂ ਦੀ ਨਿਯੁੱਕਤੀ ਰਾਸ਼ਟਰਪਤੀ ਦੁਆਰਾ ਛੇ ਸਾਲਾਂ ਲਈ ਕੀਤੀ ਜਾਂਦੀ ਹੈ। ਚੋਣ ਆਯੋਗ ਦੇ ਮੁੱਖ ਚੋਣ ਕਮਿਸ਼ਨਰ ਨੂੰ ਆਪਣੀ ਪੱਦਵੀ ਤੋਂ ਉਸੇ ਤਰ੍ਹਾਂ ਹੀ ਹਟਾਇਆ ਜਾ ਸਕਦਾ ਹੈ ਜਿਵੇਂ ਕਿ ਇਕ ਸੁਪਰੀਮ ਕੋਰਟ ਦੇ ਜੱਜ ਨੂੰ ਹਟਾਇਆ ਜਾਂਦਾ ਹੈ।

ਚੋਣ ਆਯੋਗ (ਕਮਿਸ਼ਨ) ਰਾਸ਼ਟਰਪਤੀ, ਉਪ ਰਾਸ਼ਟਰਪਤੀ, ਸੰਸਦ ਅਤੇ ਰਾਜ ਵਿਧਾਨ ਮੰਡਲਾਂ ਦੀਆਂ ਚੋਣਾਂ ਦਾ ਪ੍ਰਬੰਧ, ਸੰਚਾਲਨ ਅਤੇ ਨਿਗਰਾਨੀ ਕਰਦਾ ਹੈ। ਚੋਣ ਆਯੋਗ (ਕਮਿਸ਼ਨ) ਇਨ੍ਹਾਂ ਚੋਣਾਂ ਨੂੰ ਹਰ ਸੰਭਵ ਤਰੀਕੇ ਨਾਲ ਅਜਾਦ ਅਤੇ ਨਿਰਪੱਖ ਹੋ ਕੇ ਕਰਵਾਉਂਦਾ ਹੈ। ਟੀ. ਐਨ. ਸੇਸ਼ਨ ਅਤੇ ਸ: ਐਮ. ਐਸ. ਗਿੱਲ ਦੀ ਅਗਵਾਈ ਹੇਠ ਭਾਰਤੀ ਚੋਣ ਆਯੋਗ (ਕਮਿਸ਼ਨ) ਨੇ ਆਪਣੀ ਨਿਰਪੱਖਤਾ ਤੇ ਸੁਤੰਤਰ ਹੋ ਕੇ ਦੇਸ ਦੀਆਂ ਚੋਣਾਂ ਕਰਵਾ ਕੇ ਸਾਰੇ ਵਿਸ਼ਵ ਵਿੱਚ ਧਾਕ ਜਮਾਈ ਸੀ।

## ਲੋਕ-ਮੱਤ


## (Public Opinion)

ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਲੋਕ ਇੱਛਾ ਅਤੇ ਲੋਕ ਮੱਤ 'ਤੇ ਅਧਾਰਿਤ ਹੁੰਦਾ ਹੈ। ਕੋਈ ਵੀ ਸ਼ਾਸਨ ਲੋਕ ਇੱਛਾ ਅਤੇ ਲੋਕ ਮੱਤ ਦੀ ਨਿਰਾਦਰੀ ਕਰਕੇ ਆਪਣਾ ਸ਼ਾਸਨ ਸਥਾਈ ਰੂਪ ਨਾਲ ਸਥਾਪਿਤ ਨਹੀਂ ਰੱਖ ਸਕਦਾ ਹੈ। ਰੂਸੋ ਅਨੁਸਾਰ ਜਨਤਾ ਦੀ ਆਵਾਜ਼ ਪ੍ਰਮਾਤਮਾ ਦੀ ਆਵਾਜ਼ ਹੁੰਦੀ ਹੈ। ਇਸ ਆਵਾਜ਼ ਨੂੰ ਅਣਸੁਣੀ ਕਰਨਾ ਖੱਤਰੇ ਤੋਂ ਖਾਲੀ ਨਹੀਂ।

ਲੋਕਮੱਤ ਦੀ ਪਰਿਭਾਸ਼ਾ ਬਾਰੇ ਵਿਦਵਾਨਾਂ ਦਾ ਇੱਕ ਮਤ ਨਹੀਂ ਹੈ। ਕੁਝ ਵਿਦਵਾਨ ਬਹੁਗਿਣਤੀ ਦੀ ਰਾਏ ਨੂੰ ਹੀ ਲੋਕਮੱਤ ਕਹਿ ਦਿੰਦੇ ਹਨ ਪਰ ਇਹ ਉਚਿਤ ਨਹੀਂ ਹੈ ਕਿਉਂਕਿ ਬਹੁ-ਗਿਣਤੀ ਦੀ ਰਾਏ ਸੁਆਰਥੀ ਭਾਵਨਾ ਵਾਲੀ ਜਾਂ ਖੁਦਗਰਜ਼ੀ ਵਾਲੀ ਹੋ ਸਕਦੀ ਹੈ। ਸਰਵੰਸਮਤੀ ਵਾਲੇ ਮੱਤ ਨੂੰ ਅਸੀਂ ਉਦੋਂ ਤਕ ਲੋਕਮਤ ਨਹੀਂ ਕਰ ਸਕਦੇ ਜਦ ਤਕ ਉਸ ਦਾ ਉਦੇਸ਼ ਸਰਵਜਨਕ ਭਲਾਈ ਨਾ ਹੋਵੇ। ਇਸ ਤਰ੍ਹਾਂ ਲੋਕ ਮੱਤ ਲਈ ਨਾ ਕੇਵਲ ਬਹੁ-ਮੱਤ ਕਾਫੀ ਹੈ ਅਤੇ ਨਾ ਹੀ ਸਰਵਸੰਮਤੀ ਜ਼ਰੂਰੀ ਹੈ। ਲੋਕਮਤ ਇਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ ਜਿਸ ਨਾਲ ਘੱਟ ਗਿਣਤੀ ਵਾਲਾ ਵਰਗ ਸਹਿਮਤ ਨਾ ਹੁੰਦਿਆਂ ਹੋਇਆ ਵੀ ਇਸ ਨੂੰ ਦੇਸ ਦੇ ਹਿਤ ਲਈ ਠੀਕ ਸਮਝ ਕੇ ਪ੍ਰਵਾਨ ਕਰ ਲਏ ਅਤੇ ਇਹ ਲੋਕ ਕਲਿਆਣਕਾਰੀ ਹੋਵੇ। ਸਰਬਤ ਦਾ ਭਲਾ ਚਾਹੁਣ ਵਾਲਾ ਮਤ ਹੀ ਲੋਕ ਮੱਤ ਹੁੰਦਾ ਹੈ।

## ਨਿਰਮਾਣ ਅਤੇ ਪ੍ਰਗਟਾਵੇ ਦੇ ਸਾਧਨ

ਸਮਾਜ ਵਿੱਚ ਲੋਕ ਮੱਤ ਨਾ ਤਾਂ ਆਪਣੇ ਆਪ ਬਣਦਾ ਹੈ ਅਤੇ ਨਾ ਹੀ ਪ੍ਰਗਟ ਹੁੰਦਾ ਹੈ। ਲੋਕ ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਸੁਚੇਤ, ਇਛੁੱਕ ਅਤੇ ਗੰਭੀਰ ਯਤਨ ਕਰਨੇ ਪੈਂਦੇ ਹਨ। ਲੋਕ ਮੱਤ ਦਾ ਨਿਰਮਾਣ ਕਰਨ ਲਈ ਸਮਾਂ ਤੇ ਸ਼ਕਤੀ ਲਗਦੀ ਹੈ। ਲੋਕ ਮੱਤ ਦੇ ਨਿਰਮਾਣ ਲਈ ਕਈ ਤੱਥ ਅਤੇ ਤੱਤ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਲੋਕਤੰਤਰੀ ਸ਼ਾਸਨ ਪ੍ਰਨਾਲੀ ਵਿੱਚ ਲੋਕ ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਕਈ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਸਾਧਨਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ।



# ਲੋਕਮੱਤ ਦਾ ਨਿਰਮਾਣ ਕਰਨ ਦੇ ਸਾਧਨ

• **ਜਨਤਕ ਸਭਾਵਾਂ**:- ਲੋਕ ਮੱਤ ਦੇ ਨਿਰਮਾਣ ਲਈ ਜਨਤਕ ਸਭਾਵਾਂ ਇਕ ਮਹੱਤਵਪੂਰਨ ਸਾਧਨ ਹਨ। ਸਮੇਂ ਸਮੇਂ ਤੇ ਸ਼ਾਸਕ ਦਲ ਅਤੇ ਵਿਰੋਧੀ ਧਿਰ ਜਨਤਕ ਸਭਾਵਾਂ ਕਰਦੇ ਹਨ। ਇਨ੍ਹਾਂ ਸਭਾਵਾਂ ਵਿੱਚ ਉੱਘੇ ਨੇਤਾ, ਲੋਕਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਨੂੰ ਹੱਲ ਕਰਨ ਬਾਰੇ ਵਿਚਾਰ ਪ੍ਰਗਟ ਕਰਦੇ ਹਨ। ਆਪਣੇ ਦਲ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਦੀ ਸਪਸ਼ਟ ਵਿਆਖਿਆ ਕਰਦੇ ਹਨ। ਸ਼ਾਸਨ ਅਤੇ ਵਿਰੋਧੀ ਦਲ ਇਨ੍ਹਾਂ ਜਨਤਕ ਸਭਾਵਾਂ ਵਿੱਚ ਇੱਕ ਦੂਜੇ ਦੀ ਖੁਲ੍ਹੇ ਆਮ ਅਲੋਚਨਾ ਕਰਦੇ ਹਨ।

ਇਨ੍ਹਾਂ ਜਨਤਕ ਸਭਾਵਾਂ ਦਾ ਅਨਪੜ੍ਹ ਅਤੇ ਅਨਜਾਣ ਲੋਕਾਂ ਦੇ ਮਨਾਂ ਤੇ ਵਧੇਰੇ ਪ੍ਰਭਾਵ ਪੈਂਦਾ ਹੈ। ਕਿਉਂਕਿ ਉਹ ਸਮਾਚਾਰ ਪੱਤਰ ਜਾਂ ਰਾਜਨੀਤਿਕ ਸਾਹਿਤ ਨਹੀਂ ਪੜ੍ਹ ਸਕਦੇ। ਅਜਿਹੇ ਵਿਅਕਤੀ ਆਪਣੇ ਵਿਚਾਰ ਜਾਂ ਮਤ ਨੇਤਾਵਾਂ ਦੇ ਭਾਸ਼ਣ ਸੁਣ ਕੇ ਹੀ ਬਣਾਉਂਦੇ ਹਨ। ਸੰਖੇਪ ਵਿੱਚ ਜਨਤਕ ਸਭਾਵਾਂ ਲੋਕਮਤ ਦੇ ਪ੍ਰਗਟਾਵੇ ਦਾ ਸਾਧਨ ਸਿੱਧ ਹੁੰਦੀਆਂ ਹਨ।

• **ਰਾਜਨੀਤਿਕ ਦਲ**:- ਹਰੇਕ ਰਾਜਨੀਤਿਕ ਦਲ ਦਾ ਉਦੇਸ਼ ਸਰਕਾਰ 'ਤੇ ਨਿਯੰਤ੍ਰਣ ਕਰਨਾ ਹੁੰਦਾ ਹੈ। ਜੇਕਰ ਕੋਈ ਦਲ ਸੱਤਾ ਵਿੱਚ ਆਉਣਾ ਚਾਹੁੰਦਾ ਹੈ ਤਾਂ ਉਸ ਲਈ ਜਨਮੱਤ ਨੂੰ ਆਪਣੇ ਪੱਖ ਵਿੱਚ ਕਰਕੇ ਵੱਧ ਤੋਂ ਵੱਧ ਲੋਕਾਂ ਦਾ ਸਮਰਥਨ ਪ੍ਰਾਪਤ ਕਰਨਾ ਜ਼ਰੂਰੀ ਹੁੰਦਾ ਹੈ। ਸੰਖੇਪ ਵਿੱਚ ਰਾਜਨੀਤਿਕ ਦਲ ਲੋਕ ਮੱਤ ਦਾ ਨਿਰਮਾਣ ਅਤੇ ਪ੍ਰਗਟ ਕਰਨ ਦਾ ਮਹੱਤਵਪੂਰਨ ਸਾਧਨ ਹੁੰਦੇ ਹਨ।

• **ਚੋਣਾਂ**:- ਲੋਕਤੰਤਰ ਵਿੱਚ ਜਨਮੱਤ ਪ੍ਰਗਟ ਕਰਨ ਲਈ ਚੋਣਾਂ ਬਹੁਤ ਸਾਧਨ ਹੁੰਦੀਆਂ ਹਨ। ਚੋਣਾਂ ਸਮੇਂ ਰਾਜਨੀਤਿਕ ਦਲ ਦੇਸ ਦੀਆਂ ਸਮਸਿਆਵਾਂ ਜਨਤਾ ਦੇ ਸਾਹਮਣੇ ਪੇਸ਼ ਕਰਦੇ ਹਨ। ਚੋਣਾਂ ਦੇ ਦੌਰਾਨ ਕਾਫੀ ਰਾਜਨੀਤਿਕ ਸਾਹਿਤ ਤੇ ਇਸ਼ਤਿਹਾਰ ਵੰਡੇ ਜਾਂਦੇ ਹਨ। ਜਲੂਸਾਂ, ਜਲਸਿਆਂ ਅਤੇ ਵੱਖ-ਵੱਖ ਸਮਾਗਮਾਂ ਦੁਆਰਾ ਚੋਣਾਂ ਦੌਰਾਨ ਰਾਜਨੀਤਿਕ ਦਲ ਲੋਕ ਮੱਤ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

• **ਵਿਧਾਨ ਮੰਡਲ**:- ਵਿਧਾਨ ਮੰਡਲ ਨੂੰ ਲੋਕਾਂ ਦੀ ਇੱਛਾ ਦਾ ਦਰਪਣ ਕਿਹਾ ਜਾਂਦਾ ਹੈ ਕਿਉਂਕਿ ਵਿਧਾਨ ਮੰਡਲ ਦੇ ਮੈਂਬਰ ਵੱਖ-ਵੱਖ ਦਲਾਂ ਅਤੇ ਦ੍ਰਿਸ਼ਟੀ ਕੋਣਾਂ ਦੀ ਪ੍ਰਤੀਨਿਧਤਾ ਕਰਦੇ ਹਨ। ਵਿਧਾਨ ਮੰਡਲ ਦੀ ਕਾਰਵਾਈ ਲੋਕਾਂ ਤਕ ਸਮਾਚਾਰ-ਪੱਤਰਾਂ, ਰੇਡਿਓ ਤੇ ਦੂਰਦਰਸ਼ਨ ਦੁਆਰਾ ਪਹੁੰਚਾਈ ਜਾਂਦੀ ਹੈ। ਵਿਧਾਨ ਮੰਡਲ ਜਨਤੱਕ ਸ਼ਿਕਾਇਤ ਪ੍ਰਗਟਾਉਣ ਦਾ ਇੱਕ ਮੰਚ ਹੁੰਦਾ ਹੈ।

• **ਸਿੱਖਿਆ ਸੰਸਥਾਵਾਂ**:- ਵਿੱਦਿਅਕ ਸੰਸਥਾਵਾਂ ਸਕੂਲ, ਕਾਲਜ ਤੇ ਵਿਸ਼ਵ ਵਿਦਿਆਲੇ ਲੋਕ ਮੱਤ ਦੇ ਨਿਰਮਾਣ ਲਈ ਮਹੱਤਵਪੂਰਨ ਸਾਧਨ ਹਨ। ਸਾਧਾਰਨ ਵਿਦਿਆਰਥੀ ਆਪਣੇ ਅਧਿਆਪਕਾਂ ਦੇ ਵਿਚਾਰਾਂ ਤੇ ਆਚਰਣ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ। ਚੰਗੇ ਅਧਿਆਪਕ ਸਮਾਜ ਦੇ ਰਾਜ ਦੀਆਂ ਸਮੱਸਿਆਵਾਂ ਪ੍ਰਤੀ ਸੁਚੇਤ ਹੁੰਦੇ ਹਨ ਅਤੇ ਸਮੇਂ ਸਮੇਂ 'ਤੇ ਉਨ੍ਹਾਂ ਬਾਰੇ ਆਪਣੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਂਦੇ ਅਤੇ ਲੋਕ ਮਤ ਦੇ ਨਿਰਮਾਣ ਦਾ ਸਾਧਨ ਬਣਦੇ ਹਨ।

• **ਰਾਜਨੀਤਿਕ ਸਾਹਿਤ**:- ਵਰਤਮਾਨ ਸਮੇਂ ਵਿੱਚ ਕਾਫੀ ਰਾਜਨੀਤਿਕ ਸਾਹਿਤ ਲਿਖਿਆ ਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਰਾਜਨੀਤਿਕ ਪੁਸਤਕਾਂ, ਵਿਸ਼ੇਸ਼ ਮਾਹਿਰਾਂ ਦੁਆਰਾ ਛੋਟੀਆਂ ਪੁਸਤਕਾਵਾਂ (Booklets), ਸੰਪਾਦਕੀ ਲੇਖ ਅਤੇ ਵਿਦਵਾਨਾਂ ਦੁਆਰਾ ਪ੍ਰਤੀ ਦਿਨ ਲਿਖੇ ਲੇਖ ਪ੍ਰਕਾਸ਼ਿਤ ਹੁੰਦੇ

ਰਹਿੰਦੇ ਹਨ। ਰਾਜਨੀਤਿਕ ਦਲ ਵੀ ਲੋਕ ਮੱਤ ਪ੍ਰਭਾਵਿਤ ਕਰਨ ਲਈ ਸਮੇਂ ਸਮੇਂ ਤੇ ਰਾਜਨੀਤਿਕ ਸਾਹਿਤ ਪ੍ਰਕਾਸ਼ਿਤ ਕਰਦੇ ਰਹਿੰਦੇ ਹਨ। ਇਹ ਸਾਰਾ ਰਾਜਨੀਤਿਕ ਸਾਹਿਤ ਲੋਕਮਤ ਦੇ ਨਿਰਮਾਣ ਲਈ ਪ੍ਰਭਾਵਸ਼ਾਲੀ ਸਾਧਨ ਸਿੱਧ ਹੁੰਦਾ ਹੈ।

• **ਸਿਨੇਮਾ:-** ਸਿਨੇਮਾ ਅਜਕਲ੍ਹ ਜਨਮੱਤ ਬਣਾਉਣ ਲਈ ਇੱਕ ਮਹੱਤਵਪੂਰਨ ਸਾਧਨ ਬਣ ਗਿਆ ਹੈ। ਚੰਗੀਆਂ ਤੇ ਕਲਾਤਮਕ ਫਿਲਮਾਂ ਸਮਾਜ ਤੇ ਰਾਜ ਦੀਆਂ ਜੀਉਂਦੀਆਂ ਜਾਗਦੀਆਂ ਸਮੱਸਿਆਵਾਂ ਨੂੰ ਜਨਤਾ ਦੇ ਸਾਹਮਣੇ ਪੇਸ਼ ਕਰਦੀਆਂ ਹਨ। ਉਦਾਹਰਣ ਲਈ ਜਾਤ-ਪਾਤ, ਛੂਤ-ਛਾਤ, ਫਿਰਕਾਪ੍ਰਸਤੀ, ਗਰੀਬੀ, ਬੇਕਾਰੀ, ਆਰਥਿਕ ਅਸਮਾਨਤਾ, ਨਸ਼ਾ, ਦਹੇਜ ਆਦਿ ਬੁਰਾਈਆਂ ਨੂੰ ਸਮਾਪਤ ਕਰਨ ਲਈ ਜਨਮੱਤ ਤਿਆਰ ਕਰਦੀਆਂ ਹਨ।

• **ਪ੍ਰੈਸ ਜਾਂ ਸਮਾਚਾਰ ਪੱਤਰ:-** ਲੋਕ ਮੱਤ ਦਾ ਨਿਰਮਾਣ ਕਰਨ ਅਤੇ ਪ੍ਰਗਟਾਉਣ ਲਈ ਪ੍ਰੈਸ ਜਾਂ ਸਮਾਚਾਰ ਪੱਤਰ ਪ੍ਰਮੁੱਖ ਸਾਧਨ ਹੁੰਦੇ ਹਨ। ਅਜਾਦ, ਨਿਰਪੱਖ ਤੇ ਇਮਾਨਦਾਰ ਪ੍ਰੈਸ ਲੋਕਤੰਤਰ ਲਈ ਢਾਲ ਅਤੇ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ। ਪ੍ਰੈਸ ਵਿੱਚ ਦੈਨਿਕ ਸਮਾਚਾਰ ਪੱਤਰ, ਸਪਤਾਹਿਕ ਤੇ ਮਾਸਿਕ ਪੱਤਰ, ਰਸਾਲੇ ਅਤੇ ਅਨੇਕਾਂ ਜਨਤੱਕ ਮਾਮਲਿਆਂ ਨਾਲ ਸਬੰਧਿਤ ਪੁਸਤਕਾਂ ਤੇ ਸਾਹਿਤ ਸ਼ਾਮਿਲ ਹੈ। ਇਨ੍ਹਾਂ ਸਾਰਿਆਂ ਵਿੱਚੋਂ ਦੈਨਿਕ ਸਮਾਚਾਰ ਪੱਤਰ ਲੋਕ ਮੱਤ ਦੇ ਨਿਰਮਾਣ ਤੇ ਪ੍ਰਗਟਾਵੇ ਲਈ ਸਰਵ ਉੱਤਮ ਸਾਧਨ ਹਨ। ਇਨ੍ਹਾਂ ਸਮਾਚਾਰ ਪੱਤਰਾਂ ਵਿੱਚ ਦੇਸ ਅਤੇ ਵਿਦੇਸਾਂ ਨਾਲ ਸੰਬੰਧਿਤ ਸਮਾਚਾਰ ਛਪਦੇ ਹਨ, ਸ਼ਾਸਕ ਅਤੇ ਵਿਰੋਧੀ ਧਿੱਰ ਦੇ ਨੇਤਾਵਾਂ ਦੇ ਵਿਚਾਰ ਛਪਦੇ ਹਨ। ਸੰਖੇਪ ਵਿਚ ਸਮਾਚਾਰ ਪੱਤਰਾਂ ਵਿੱਚ ਪ੍ਰਕਾਸ਼ਿਤ ਖਬਰਾਂ, ਸੰਪਾਦਕੀ, ਪਾਠਕਾਂ ਦੇ ਵਿਚਾਰ ਤੇ ਵਿਦਵਾਨਾਂ ਦੇ ਲੇਖ ਆਦਿ ਲੋਕ ਮੱਤ ਦਾ ਨਿਰਮਾਣ ਅਤੇ ਪ੍ਰਗਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

• **ਬਿਜਲਈ ਸਾਧਨ:-** ਬਿਜਲਈ ਸਾਧਨਾਂ ਵਿੱਚੋਂ ਅਤੇ ਦੂਰਦਰਸ਼ਨ ਲੋਕ-ਮੱਤ ਦੇ ਨਿਰਮਾਣ ਅਤੇ ਪ੍ਰਗਟਾਵੇ ਲਈ ਮਹੱਤਵਪੂਰਣ ਸਾਧਨ ਹਨ। ਆਕਾਸ਼ਵਾਣੀ ਅਤੇ ਦੂਰਦਰਸ਼ਨ ਨਾ ਸਿਰਫ ਮਨੋਰੰਜਨ ਦੇ ਸਾਧਨ ਹਨ ਬਲਕਿ ਇਨ੍ਹਾਂ ਰਾਹੀਂ ਸਮਾਚਾਰ ਤੇ ਵਿਚਾਰ ਜਨਤਾ ਤਕ ਪਹੁੰਚਾਏ ਜਾਂਦੇ ਹਨ। ਇਨ੍ਹਾਂ ਰਾਹੀਂ ਲੋਕਾਂ ਵਿੱਚ ਜਾਗਰਤੀ ਪੈਦਾ ਕੀਤੀ ਜਾਂਦੀ ਹੈ ਅਤੇ ਲੋਕਮਤ ਦਾ ਨਿਰਮਾਣ ਕੀਤਾ ਜਾਂਦਾ ਹੈ। ਸਮਾਜਿਕ ਮੀਡੀਆ ਵੀ ਹੁਣ ਲੋਕ ਮੱਤ ਨਿਰਮਾਣ ਵਿੱਚ ਅਹਿਮ ਰੋਲ ਅਦਾ ਕਰਦਾ ਹੈ।

ਇਨ੍ਹਾਂ ਉਪਰੋਕਤ ਵਿਚਾਰਾਂ ਤੋਂ ਅਸੀਂ ਇਸ ਨਤੀਜੇ 'ਤੇ ਪੁਜਦੇ ਹਾਂ ਕਿ ਨਿਰਪੱਖ ਤੇ ਸੁਤੰਤਰ ਪ੍ਰੈਸ, ਬਿਜਲਈ ਸਾਧਨ, ਵਿਦਿਅਕ ਸੰਸਥਾਵਾਂ, ਚੰਗੇ ਰਾਜਨੀਤਿਕ ਦਲ, ਸਿਨੇਮਾ, ਸੁਚੇਤ ਅਤੇ ਨਿਆਂਸ਼ੀਲ ਵਿਧਾਨ ਮੰਡਲ ਆਦਿ ਸਵੱਛ ਲੋਕਮਤ ਨਿਰਮਾਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

**ਲੋਕਤੰਤਰ ਵਿੱਚ ਲੋਕਮਤ ਦਾ ਮਹੱਤਵ (Significance of Public Opinion in Democracy)** ਲੋਕ-ਮਤ ਅਤੇ ਲੋਕਤੰਤਰ ਵਿੱਚ ਡੂੰਘਾ ਸੰਬੰਧ ਹੁੰਦਾ ਹੈ। ਲੋਕਮਤ, ਲੋਕਤੰਤਰ ਦਾ ਅਧਾਰ ਹੁੰਦਾ ਹੈ। ਅੱਜ ਦਾ ਯੁਗ ਲੋਕਤੰਤਰ ਦਾ ਯੁਗ ਹੈ ਅਤੇ ਲੋਕਤੰਤਰ ਦਾ ਮੰਤਵ ਲੋਕਾਂ ਦਾ ਕਲਿਆਣ ਕਰਨਾ ਹੁੰਦਾ ਹੈ। ਲੋਕਮਤ ਸਹੀ ਅਰਥਾਂ ਵਿੱਚ ਲੋਕਤੰਤਰੀ ਸਰਕਾਰ ਦੀ ਆਤਮਾ ਹੁੰਦੀ ਹੈ। ਕਿਉਂਕਿ ਲੋਕਤੰਤਰੀ ਸਰਕਾਰ ਆਪਣੀ ਸਾਰੀ ਸ਼ਕਤੀ ਜਨਮਤ ਤੋਂ ਹੀ ਪ੍ਰਾਪਤ ਕਰਦੀ ਹੈ ਅਤੇ ਇਸ ਦੇ ਸਹਾਰੇ 'ਤੇ ਹੀ ਕਾਇਮ ਰਹਿੰਦੀ ਹੈ। ਅਜਿਹੀ ਸਰਕਾਰ ਦਾ ਸਦਾ ਇਹ ਯਤਨ ਹੁੰਦਾ ਹੈ ਕਿ ਲੋਕਮਤ ਸਦਾ ਹੀ ਉਸ ਦੇ ਪੱਖ ਵਿੱਚ ਰਹੇ,

ਭਾਵ ਉਸ ਦੇ ਵਿਰੁੱਧ ਨਾ ਹੋ ਜਾਵੇ। ਇਸ ਪ੍ਰਕਾਰ ਅਸੀਂ ਲੋਕਮਤ ਨੂੰ ਕਲਿਆਣਕਾਰੀ ਰਾਜ ਦੀ ਆਤਮਾ ਵੀ ਕਹਿ ਸਕਦੇ ਹਾਂ। ਇਸ ਤੋਂ ਇਲਾਵਾਂ ਲੋਕਤੰਤਰੀ ਸਰਕਾਰ ਵਿੱਚ ਸਰਕਾਰ ਨੂੰ ਸਿੱਧੇ ਰਾਹ ਤੇ ਚਲਾਉਣ ਲਈ ਜਾਗਰਤ ਜਨਮਤ ਦੀ ਬਹੁਤ ਲੋੜ ਹੈ। ਲੋਕਤੰਤਰ ਲੋਕਾਂ ਦਾ ਸ਼ਾਸਨ ਹੁੰਦਾ ਹੈ।

ਅਜਿਹਾ ਸ਼ਾਸਨ ਜਨਤਾ ਦੀਆਂ ਇੱਛਾਵਾਂ ਅਤੇ ਆਦੇਸ਼ਾਂ 'ਤੇ ਚਲਦਾ ਹੈ। ਆਮ ਤੌਰ ਤੇ ਇਹ ਦੇਖਿਆ ਗਿਆ ਹੈ ਕਿ ਆਮ ਚੋਣਾਂ ਕਾਫੀ ਲੰਬੇ ਸਮੇਂ ਪਿੱਛੋਂ ਹੁੰਦੀਆਂ ਹਨ ਜਿਸ ਦੇ ਫਲਸਰੂਪ ਸਰਕਾਰ ਦਾ ਜਨਤਾ ਨਾਲ ਸੰਪਰਕ ਟੁੱਟ ਜਾਂਦਾ ਹੈ। ਸਰਕਾਰ ਦੇ ਨਿਰੰਕੁਸ਼ ਬਣ ਜਾਣ ਦੀ ਸੰਭਾਵਨਾ ਪੈਦਾ ਹੋ ਜਾਂਦੀ ਹੈ ਅਤੇ ਲੋਕ ਰਾਜ ਹੋਂਦ ਖਤਰੇ ਵਿੱਚ ਪੈ ਸਕਦੀ ਹੈ। ਇਸ ਲਈ ਜਨਮਤ ਹੀ ਲੋਕਤੰਤਰੀ ਸਰਕਾਰ ਦੀ ਸਫਲਤਾ ਦਾ ਬੁਨਿਆਦੀ ਆਧਾਰ ਬਣ ਜਾਂਦਾ ਹੈ। ਲੋਕਮੱਤ ਲੋਕਤੰਤਰ ਸਰਕਾਰ ਤੇ ਇਕ ਲਟਕਦੀ ਹੋਈ ਤਲਵਾਰ ਦਾ ਵੀ ਕੰਮ ਕਰਦੀ ਹੈ ਜੋ ਸ਼ਾਸਕਾਂ ਨੂੰ ਸਹੀ ਕੰਮ ਕਰਨ ਲਈ ਪ੍ਰੇਰਦੀ ਹੈ। ਇਸ ਤਰ੍ਹਾਂ ਲੋਕਮਤ ਸ਼ਾਸਕਾਂ ਨੂੰ ਮਨਮਰਜ਼ੀ ਕਰਨ ਤੋਂ ਰੋਕਦੀ ਹੈ। ਕਨੂੰਨ ਬਨਾਉਣ ਸਮੇਂ ਅਤੇ ਉਨ੍ਹਾਂ ਨੂੰ ਲਾਗੂ ਕਰਦੇ ਸਮੇਂ ਲੋਕਤੰਤਰੀ ਸਰਕਾਰ ਹਮੇਸ਼ਾਂ ਹੀ ਜਨਤਕ ਰਾਏ ਨੂੰ ਮੁੱਖ ਰਖਦੀ ਹੈ। ਸੰਖੇਪ ਵਿੱਚ ਲੋਕਮਤ, ਲੋਕਤੰਤਰੀ ਸ਼ਾਸਨ ਦਾ ਮਾਰਗ ਦਰਸ਼ਨ ਕਰਦਾ ਹੈ।

## ਭਾਰਤੀ ਲੋਕਤੰਤਰ ਅਤੇ ਪ੍ਰਮੁੱਖ ਰਾਜਨੀਤਿਕ ਦਲ

## (Indian Democracy and Main Political Parties)

ਬਰਾਈਸ ਅਨੁਸਾਰ ਰਾਜਨੀਤਿਕ ਦਲ ਲੋਕਤੰਤਰੀ ਸਰਕਾਰ ਦੇ ਸੰਚਾਲਨ ਲਈ ਮਹੱਤਵਪੂਰਨ ਯੰਤਰ ਹਨ। ਇਹ ਜਨਮਤ ਦਾ ਨਿਰਮਾਣ ਅਤੇ ਪ੍ਰਗਟਾਵਾ ਕਰਦੇ ਹਨ। ਚੋਣਾਂ ਵਿੱਚ ਭਾਗ ਲੈਂਦੇ ਹਨ ਉਮੀਦਵਾਰਾਂ ਨੂੰ ਨਾਮਜੱਦ ਕਰਦੇ ਹਨ। ਲੋਕਾਂ ਨੂੰ ਚੋਣਾਂ ਲਈ ਤਿਆਰ ਕਰਕੇ ਰਾਜਨੀਤਿਕ ਸਿੱਖਿਆ ਦਿੰਦੇ ਹਨ। ਪ੍ਰਤੀਨਿਧਾਂ ਦੀ ਚੋਣ ਕਰਦੇ ਹਨ, ਸਰਕਾਰ ਬਣਾਉਂਦੇ ਹਨ, ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਨ ਅਤੇ ਲੋੜ ਪੈਣ ਤੇ ਇਕ ਬਦਲਵੀਂ ਸਰਕਾਰ ਦਾ ਪ੍ਰਬੰਧ ਵੀ ਕਰਦੇ ਹਨ। ਸੰਖੇਪ ਵਿੱਚ ਵਰਤਮਾਨ ਲੋਕਤੰਤਰੀ ਯੁਗ ਵਿੱਚ ਸੱਤਾ ਲਈ ਸੰਘਰਸ਼ ਲੁੱਕ—ਛੁੱਪ ਕੇ ਨਹੀਂ ਸਗੋਂ ਖੁੱਲ੍ਹੇ ਆਮ ਹੁੰਦਾ ਹੈ ਜਿਸ ਵਿੱਚ ਰਾਜਨੀਤਿਕ ਦਲ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਲੋਕਤੰਤਰੀ ਸਰਕਾਰ ਦੀ ਸਫ਼ਲਤਾ ਰਾਜਨੀਤਕ ਦਲਾਂ ਦੀ ਕਾਰਗੁਜਾਰੀ 'ਤੇ ਨਿਰਭਰ ਕਰਦੀ ਹੈ।

## ਭਾਰਤ ਵਿੱਚ ਰਾਜਨੀਤਿਕ ਦਲ

ਭਾਰਤੀ ਰਾਜਨੀਤਿਕ ਦਲਾਂ ਦਾ ਜਨਮ ਤੇ ਵਿਕਾਸ ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ। ਅਜ਼ਾਦੀ ਤੋਂ ਪਹਿਲਾਂ ਇੰਡੀਅਨ ਨੈਸ਼ਨਲ ਕਾਂਗਰਸ ਦੇਸ ਦੀ ਆਜ਼ਾਦੀ ਦੇ ਚਾਹਵਾਨਾਂ ਦਾ ਇਕ ਸਰਬ ਸਾਂਝਾ ਸੰਗਠਨ ਸੀ। ਇਸ ਦਲ ਦਾ ਮੂਲ ਮੰਤਵ ਦੇਸ ਲਈ ਪੂਰਨ ਸਵਰਾਜ ਜਾਂ ਅਜ਼ਾਦੀ ਪ੍ਰਾਪਤ ਕਰਨਾ ਸੀ। ਇਸ ਲਈ ਭਾਰਤ ਦੀਆਂ ਸਾਰੀਆਂ ਰਾਸ਼ਟਰੀ ਸ਼ਕਤੀਆਂ ਨੇ ਕਾਂਗਰਸ ਦੀ ਅਜ਼ਾਦੀ ਲਈ ਜੱਦੋ ਜਹਿਦ ਕੀਤੀ। ਦੇਸ ਦੀ ਅਜਾਦੀ ਪਿਛੋਂ ਸਥਿਤੀ ਬਦਲ ਗਈ। ਵਰਤਮਾਨ ਸਮੇਂ ਵਿੱਚ ਹਰੇਕ ਰਾਜਨਿਤਿਕ ਦਲ ਆਪਣੀ ਸੋਚ ਅਤੇ ਵਿਚਾਰਾਂ ਅਨੁਸਾਰ ਭਾਰਤੀ ਸਮਾਜ ਦੀਆਂ ਸਮਸਿਆਵਾਂ ਨੂੰ ਨਿਸ਼ਚਿਤ ਕਰਨ ਅਤੇ ਸੁਲਝਾਉਣ ਲਈ ਯਤਨਸ਼ੀਲ ਹੋ ਗਿਆ ਹੈ।

**ਅਜਾਦੀ ਤੋਂ ਪੂਰਵ ਦਲ:-** ਭਾਰਤੀ ਦੀ ਅਜ਼ਾਦੀ ਸਮੇਂ ਪੰਜ ਪ੍ਰਮੁੱਖ ਰਾਜਨੀਤਿਕ ਦਲ ਸਨ:– ਕਾਂਗਰਸ, ਮੁਸਲਿਮ ਲੀਗ, ਹਿੰਦੂ ਮਹਾਂ ਸਭਾ, ਕਮਿਊਨਿਸਟ ਪਾਰਟੀ ਅਤੇ ਅਕਾਲੀ ਪਾਰਟੀ (ਖੇਤਰੀ

ਪਾਰਟੀ) । ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ 1885 ਵਿੱਚ ਇਕ ਅੰਗਰੇਜ਼ ਅਧਿਕਾਰੀ ਏ.ਓ. ਹਿਊਮ ਦੀ ਅਗਵਾਈ ਹੇਠ ਹੋਇਆ। ਮੁਸਲਿਮ ਲੀਗ ਪਾਰਟੀ ਦੀ ਸਥਾਪਨਾ ਸਰ ਸੱਯਦ ਅਹਿਮਦ ਤੇ ਆਗਾ ਖਾਂ ਦੀ ਅਵਗਾਈ ਹੇਠ 1906 ਵਿੱਚ ਹੋਈ। ਮੁਸਲਿਮ ਲੀਗ ਦੇ ਪ੍ਰਤਿਕਰਮ ਵਜੋਂ ਹਿੰਦੂ ਮਹਾਂ ਸਭਾ ਦੀ ਸਥਾਪਨਾ 1907 ਵਿੱਚ ਹੋਈ। ਸੰਨ 1920 ਵਿੱਚ ਗੁਰਦਵਾਰਿਆਂ ਦਾ ਕੰਟਰੋਲ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਤੋਂ ਛੁਡਵਾਉਣ ਲਈ ਸੁਧਾਰ ਲਹਿਰ ਚੱਲੀ ਜਿਸ ਵਿਚੋਂ ਅਕਾਲੀ ਪਾਰਟੀ ਹੋਂਦ ਵਿੱਚ ਆਈ। ਭਾਰਤੀ ਰਾਸ਼ਟਰੀ ਕਾਂਗਰਸ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਹੋ ਕੇ ਰੂਸ ਦੀ ਕ੍ਰਾਂਤੀ ਦੇ ਮਾਰਕਸਵਾਦ ਤੋਂ ਪ੍ਰਭਾਵਿਤ ਭਾਰਤੀ ਨੌਜਵਾਨਾਂ ਨੇ 1924 ਵਿੱਚ ਕਾਨਪੁਰ ਵਿੱਚ ਇੱਕਠੇ ਹੋ ਕੇ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ। ਕਾਂਗਰਸ ਦੀਆਂ ਆਰਥਿਕ ਨੀਤੀਆਂ ਨਾਲ ਅਸਹਿਮਤ ਨੇਤਾ ਅਛੂੱਤ ਪੱਟਵਰਧਨ, ਅਚਾਰਿਆ ਨਰਿੰਦਰ ਦੇਵ, ਸ੍ਰੀ ਜੈ ਪ੍ਰਕਾਸ਼ ਨਰਾਇਣ ਅਤੇ ਡਾ. ਰਾਮ ਮਨੋਹਰ ਲੋਹੀਆ ਆਦਿ ਨੇ 1934 ਵਿੱਚ ਭਾਰਤੀ ਸਮਾਜਵਾਦੀ ਪਾਰਟੀ ਦੀ ਸਥਾਪਨਾ ਕੀਤੀ।

**ਅਜ਼ਾਦੀ ਤੋਂ ਬਾਅਦ ਦੇ ਦਲ**:- ਭਾਰਤ ਦੀ ਅਜਾਦੀ ਤੋਂ ਬਾਅਦ ਕਈ ਰਾਜਨੀਤਿਕ ਦਲਾਂ ਦਾ ਵਿਘਟਨ ਹੋਇਆ ਤੇ ਕਈ ਨਵੇਂ ਦਲ ਹੋਂਦ ਵਿੱਚ ਆਏ। 1964 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੋ ਪਾੜ ਹੋ ਗਈ। ਭਾਰਤੀ ਕਮਿਊਨਿਸਟ ਪਾਰਟੀ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਹੋਂਦ ਵਿੱਚ ਆ ਗਈਆਂ। 1952 ਵਿੱਚ ਭਾਰਤੀ ਜਨਸੰਘ ਪਾਰਟੀ ਹੋਂਦ ਵਿੱਚ ਆਈ। 1974 ਵਿੱਚ ਚੌਧਰੀ ਚਰਨ ਸਿੰਘ ਦੇ ਯਤਨਾਂ ਨਾਲ ਲੋਕਦਲ ਸਥਾਪਤ ਕੀਤਾ ਗਿਆ। 1977 ਵਿੱਚ ਕਾਂਗਰਸ (ਸ), ਜਨਸੰਘ, ਭਾਰਤੀ ਲੋਕਦਲ ਅਤੇ ਸਮਾਜਵਾਦੀ ਦਲ ਨੇ ਮਿਲ ਕੇ ਜਨਤਾ ਪਾਰਟੀ ਦਾ ਗਠਨ ਕੀਤਾ ਜੋ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਬਣੀ। 1979-80 ਵਿੱਚ ਜਨਤਾ ਪਾਰਟੀ ਦੋ ਵਾਰੀ ਵੰਡੀ ਗਈ। ਜਨਸੰਘ ਧੜੇ ਨੇ ਸ੍ਰੀ ਅੱਟਲ ਬਿਹਾਰੀ ਵਾਜਪਈ ਅਤੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਈ ਹੇਠ ਨਵੀਂ ਭਾਰਤੀ ਜਨਤਾ ਪਾਰਟੀ ਨੂੰ ਜਨਮ ਦਿੱਤਾ। 1988 ਵਿੱਚ ਸ੍ਰੀ ਵੀ. ਪੀ. ਸਿੰਘ ਦੀ ਅਗਵਾਈ ਹੇਠ ਲੋਕਦਲ, ਜਨਤਾ ਪਾਰਟੀ ਅਤੇ ਜਨ ਮੋਰਚਾ ਨੇ ਮਿਲ ਕੇ ਜਨਤਾ ਦਲ ਨੂੰ ਸਧਾਪਿਤ ਕੀਤਾ। ਅਗਸਤ 1988 ਵਿੱਚ ਸੱਤ ਰਾਜਨੀਤਿਕ ਦਲਾਂ ਨੇ ਮਿਲ ਕੇ ਰਾਸ਼ਟਰੀ ਮੋਰਚੇ ਦਾ ਨਿਰਮਾਣ ਕੀਤਾ। 1996 ਵਿੱਚ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ ਹਮਜੋਲੀ ਪਾਰਟੀਆਂ ਦੇ ਨਾਲ ਰਾਸ਼ਟਰੀ ਮੋਰਚੇ ਨੇ ਦੂਜੇ ਰਾਸ਼ਟਰੀ ਤੇ ਖੇਤਰੀ ਦਲਾਂ ਨਾਲ ਮਿਲ ਕੇ ਕੇਂਦਰ ਵਿੱਚ ਸਰਕਾਰ ਦਾ ਨਿਰਮਾਣ ਕੀਤਾ।

## (ੳ) ਕੌਮੀ ਪੱਧਰ 'ਤੇ ਰਾਜਨੀਤਿਕ ਦਲ

## (National Political Parties)

**ਇੰਡੀਅਨ ਨੈਸ਼ਨਲ ਕਾਂਗਰਸ (ਕਾਂਗਰਸ ਪਾਰਟੀ)**

ਇੰਡੀਅਨ ਨੈਸ਼ਨਲ ਕਾਂਗਰਸ ਦਾ ਇਤਿਹਾਸ ਭਾਰਤ ਦੇ ਰਾਸ਼ਟਰੀ ਅੰਦੋਲਨ ਦੇ ਇਤਿਹਾਸ ਨਾਲ ਜੁੜਿਆ ਹੋਇਆ ਹੈ। ਭਾਰਤੀ ਰਾਸ਼ਟਰਵਾਦ ਦੇ ਵਿਕਾਸ ਦੌਰਾਨ 28 ਦਸੰਬਰ 1885 ਵਿੱਚ ਇਸ ਦੀ ਸਥਾਪਨਾ ਬ੍ਰਿਟਿਸ਼ ਅਧਿਕਾਰੀ ਸਰ ਏ.ਓ.ਹਿਊਮ ਤੇ ਹੋਰ ਦੇਸ਼ ਭਗਤ ਨੇਤਾਵਾਂ ਦੀ ਸਰਪ੍ਰਸਤੀ ਹੇਠ ਕੀਤੀ ਗਈ। ਇਸ ਦੀ ਅਗਵਾਈ ਹੇਠ ਦੇਸ ਵਾਸੀਆਂ ਨੇ ਅਜਾਦੀ ਦੀ ਲੜਾਈ ਲੜੀ, ਜਿੱਤੀ ਅਤੇ ਦੇਸ ਨੂੰ 15 ਅਗਸਤ 1947 ਨੂੰ ਆਜ਼ਾਦ ਕਰਵਾਇਆ। ਅਜਾਦੀ ਤੋਂ ਪਿੱਛੋਂ ਥੋੜੇ ਸਮੇਂ ਨੂੰ ਛੱਡਕੇ, ਇਸ ਨੇ ਭਾਰਤ ਦੇ ਸ਼ਾਸਨ ਦੀ ਵਾਗਡੋਰ ਸੰਭਾਲੀ ਹੈ। 1968 ਅਤੇ 1978 ਵਿੱਚ ਦੋ ਵਾਰੀ ਇਹ ਪਾਰਟੀ ਵੰਡੀ ਗਈ ਹੈ।

ਕਾਂਗਰਸ ਪਾਰਟੀ ਦੀ ਅਗਵਾਈ ਸਦਾ ਮੱਧ ਅਤੇ ਉੱਚ ਮਧਵਰਗ ਦੇ ਹੱਥਾਂ ਵਿੱਚ ਰਹੀ ਹੈ। ਇਸ ਨੂੰ ਗਰੀਬ ਅਤੇ ਅਨਪੜ੍ਹ ਲੋਕਾਂ, ਮਜਦੂਰਾਂ, ਪਛੜੀਆਂ ਜਾਤਾਂ, ਧਾਰਮਿਕ ਘੱਟ ਗਿਣਤੀਆਂ ਤੇ ਇਸਤਰੀਆਂ ਦਾ ਸਹਿਯੋਗ ਮਿਲਦਾ ਰਿਹਾ ਹੈ। ਅਲਕ੍ਰਲ ਇਸ ਦਾ ਚੋਣ ਨਿਸ਼ਾਨ ਹੱਥ ਹੈ।

**ਦਲ ਦੀ ਵਿਚਾਰਧਾਰਾ**:- ਲੋਕਤੰਤਰ ਤੇ ਧਰਮ ਨਿਰਪੱਖਤਾ ਵਿੱਚ ਇਸ ਦਾ ਦ੍ਰਿੜ ਵਿਸ਼ਵਾਸ਼ ਹੈ। ਪੰਡਿਤ ਨਹਿਰੂ ਨੇ ਕਾਂਗਰਸ ਨੂੰ ਸਮਾਜਵਾਦੀ ਵਿਚਾਰਾਂ 'ਤੇ ਅਧਾਰਿਤ ਕਰਨ ਦਾ ਯਤਨ ਕੀਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਨੇ 42 ਵੇਂ ਸੰਵਿਧਾਨਿਕ ਸੋਧ ਰਾਹੀਂ ਸਮਾਜਵਾਦ ਦੀ ਸਥਾਪਨਾ ਕਰਨ ਦਾ ਟੀਚਾ ਦੇਸ ਦੇ ਸਾਹਮਣੇ ਰੱਖਿਆ। ਸਮਾਜਵਾਦ ਦੇ ਨਾਲ ਹੀ ਆਰਥਿਕ ਉਦਾਰਵਾਦ ਵਿੱਚ ਕਾਂਗਰਸ ਪਾਰਟੀ ਦਾ ਵਿਸ਼ਵਾਸ ਐਲਾਨਿਆ ਗਿਆ। ਜੂਨ 1991 ਵਿੱਚ ਕਾਂਗਰਸ ਪਾਰਟੀ ਦੇ ਸੱਤਾ ਵਿੱਚ ਆਉਣ ਪਿਛੋਂ ਸ੍ਰੀ ਨਰਸਿੰਮਹਾ ਰਾਉ ਨੇ ਸ੍ਰ: ਮਨਮੋਹਨ ਸਿੰਘ ਦੀ ਅਗਵਾਈ ਹੇਠ ਭਾਰਤੀ ਆਰਥਿਕ ਪ੍ਰਣਾਲੀ ਨੂੰ ਨਵ-ਉਦਾਰਵਾਦ 'ਤੇ ਅਧਾਰਿਤ ਕਰਦੇ ਹੋਏ ਇਕ ਕ੍ਰਾਂਤੀਕਾਰੀ ਮੋੜ ਦਿੱਤਾ। ਅੰਤਰਰਾਸ਼ਟਰੀ ਖੇਤਰ ਵਿੱਚ ਪੰਡਿਤ ਨਹਿਰੂ ਦੁਆਰਾ ਅਪਣਾਈ ਗਈ ਗੁਟ-ਨਿਰਪੱਖਤਾ ਦੀ ਨੀਤੀ ਨੂੰ ਭਾਰਤ ਦਾ ਸਮਰਥਨ ਅੱਜ ਤੱਕ ਬਣਿਆ ਹੋਇਆ ਹੈ।

ਕਾਂਗਰਸ ਪਾਰਟੀ ਖੇਤੀ ਬਾੜੀ ਅਤੇ ਉਦਯੋਗਿਕ ਖੇਤਰ ਵਿੱਚ ਕ੍ਰਾਂਤੀਕਾਰੀ ਸੁਧਾਰ ਕਰਨਾ ਚਾਹੁੰਦੀ ਹੈ। ਖੇਤੀ ਦਾ ਆਧੁਨਿਕੀਕਰਨ ਕਰਨਾ, ਛੋਟੇ ਕਿਸਾਨਾਂ ਨੂੰ ਅਸਾਨ ਕਿਸ਼ਤਾਂ 'ਤੇ ਘਟ ਵਿਆਜ ਤੇ ਕਰਜ਼ਾ ਦੇਣਾ, ਜਿਨਸ ਲਈ ਉੱਚਿਤ ਕੀਮਤਾਂ ਦੁਆਉਣੀਆਂ, ਫਸਲਾਂ ਤੇ ਪਸ਼ੂਆਂ ਦਾ ਬੀਮਾ ਕਰਾਉਣਾ ਆਦਿ ਇਸ ਦੀਆਂ ਖੇਤੀਬਾੜੀ ਬਾਰੇ ਨੀਤੀਆਂ ਹਨ। ਉਦਯੋਗਿਕ ਖੇਤਰ ਵਿੱਚ ਆਰਥਿਕ ਉਦਾਰਵਾਦੀ ਨੀਤੀ ਅਪਣਾਈ ਗਈ ਹੈ। ਉਦਯੋਗਾਂ ਨੂੰ ਪ੍ਰਬੰਧਕੀ ਤੇ ਕਨੂੰਨੀ ਕੰਟਰੋਲ ਤੋਂ ਮੁਕਤ ਕਰਨਾ, ਲਾਇਸੈਂਸ ਪ੍ਰਣਾਲੀ ਤੋਂ ਮੁਕਤ ਕਰਨਾ, ਪੂੰਜੀਨਿਵੇਸ਼ ਨੂੰ ਉਤਸ਼ਾਹ, ਘਰੇਲੂ ਉਦਯੋਗਾਂ ਨੂੰ ਸਹਾਇਤਾ ਤੇ ਸੁਰੱਖਿਆ, ਸਰਵਜਨਿਕ ਖੇਤਰਾਂ ਵਿੱਚ ਲਗੇ ਉਦਯੋਗਾਂ 'ਤੇ ਪੁਨਰਵਿਚਾਰ ਕਰਨਾ ਆਦਿ ਕਾਂਗਰਸ ਦੀਆਂ ਉਦਯੋਗਿਕ ਨੀਤੀਆਂ ਹਨ।

ਕਾਂਗਰਸ ਦੇਸ ਵਿੱਚ ਗਰੀਬੀ ਨੂੰ ਘਟਾਉਣ ਲਈ ਵਚਨ ਬੱਧ ਹੈ। ਇਸ ਲਈ ਬੇ-ਰੁਜ਼ਗਾਰਾਂ ਨੂੰ ਰੁਜ਼ਗਾਰ ਦੇਣਾ, ਮਜਦੂਰਾਂ ਦੀ ਹਾਲਤ ਵਿੱਚ ਸੁਧਾਰ ਕਰਨਾ, ਪਛੜੀਆਂ ਜਾਤੀਆਂ ਤੇ ਕਮਜ਼ੋਰ ਵਰਗਾਂ ਦੀ ਮਾਇਕ ਸਹਾਇਤਾ ਕਰਨੀ ਆਦਿ ਕਾਂਗਰਸ ਦੇ ਕਾਰਜਕ੍ਰਮ ਹਨ। ਘਟ ਗਿਣਤੀਆਂ ਤੇ ਇਸਤਰੀਆਂ ਦੀ ਰੱਖਿਆ ਕਰਨੀ, ਵਿਗਿਆਨਿਕ ਅਤੇ ਤਕਨੀਕੀ ਵਿਕਾਸ ਕਰਨਾ, ਵਿਦਿਆ ਪ੍ਰਨਾਲੀ ਵਿੱਚ ਸੁਧਾਰ ਕਰਨਾ, ਕਰ-ਪ੍ਰਨਾਲੀ ਵਿੱਚ ਸੁਧਾਰ ਕਰਨਾ, ਪਰਿਵਾਰ ਕਲਿਆਣ ਅਤੇ ਚੰਗੀ ਸਹਿਤ ਦਾ ਪ੍ਰਬੰਧ ਕਰਨਾ ਆਦਿ ਕਾਂਗਰਸ ਪਾਰਟੀ ਦੀਆਂ ਹੋਰ ਕੁਝ ਮੁੱਖ ਨੀਤੀਆਂ ਐਲਾਨੀਆਂ ਗਈਆਂ ਹਨ।

ਕਾਂਗਰਸ ਪਾਰਟੀ ਦੀ ਵਿਦੇਸ਼ ਨੀਤੀ ਗੁਟ-ਨਿਰਲੇਪਤਾ 'ਤੇ ਅਧਾਰਿਤ ਹੈ। ਗੁਟ-ਨਿਰਲੇਪ ਲਹਿਰ ਨੂੰ ਪ੍ਰਭਾਵਸ਼ਾਲੀ ਬਨਾਉਣ, ਦੱਖਣੀ ਏਸ਼ੀਆਂ ਖੇਤਰੀ ਸਹਿਯੋਗ ਸੰਗਠਨ (SAARC) ਨੂੰ ਹਰ ਸੰਭਵ ਯਤਨ ਨਾਲ ਮਜ਼ਬੂਤ ਕਰਨਾ, ਸੰਯੁਕਤ ਰਾਜ ਅਮਰੀਕਾ ਨਾਲ ਸਹਿਯੋਗ ਦਾ ਯਤਨ ਕਰਨੇ। ਜਾਪਾਨ, ਕੈਨੇਡਾ, ਆਸਟ੍ਰੇਲੀਆ, ਜਰਮਨੀ ਵਰਗੇ ਅਰਥ-ਵਿਵਸਥਾ ਵਿੱਚ ਸਫਲ ਰਾਸ਼ਟਰਾਂ ਨਾਲ ਗੂੜੇ ਸੰਬੰਧ ਕਾਇਮ ਕਰਨੇ ਅਤੇ ਵਿਸ਼ਵਸ਼ਾਂਤੀ ਤੇ ਵਿਵਸਥਾ ਸਥਾਪਿਤ ਕਰਨ ਵਿੱਚ ਸਹਿਯੋਗ ਦੇਣਾ ਆਦਿ ਕਾਂਗਰਸ ਪਾਰਟੀ ਦੀ ਵਿਦੇਸ਼ ਨੀਤੀ ਦੀਆਂ ਕੁਝ ਮਹੱਤਵਪੂਰਨ ਵਿਸ਼ੇਸ਼ਤਾਵਾਂ ਹਨ।

# ਭਾਰਤੀ ਜਨਤਾ ਪਾਰਟੀ
# (B.J.P)

ਭਾਰਤੀ ਜਨਤਾ ਪਾਰਟੀ ਨੂੰ ਜਨਸੰਘ ਦਾ ਦੂਜਾ ਰੂਪ ਹੀ ਸਮਝਿਆ ਜਾਂਦਾ ਹੈ। ਜਨਸੰਘ ਪਾਰਟੀ ਦੇ ਜਨਮਦਾਤਾ ਹਿੰਦੂ ਮਹਾਂ ਸਭਾ ਦੇ ਪ੍ਰਸਿੱਧ ਨੇਤਾ ਡਾ. ਸ਼ਿਆਮਾ ਪ੍ਰਸ਼ਾਦ ਮੁੱਕਰਜੀ ਸਨ। 21 ਅਕਤੂਬਰ 1951 ਨੂੰ ਕੁਝ ਪ੍ਰਸਿੱਧ ਨੇਤਾ ਦਿੱਲੀ ਵਿਖੇ ਇਕੱਠੇ ਹੋਏ ਅਤੇ ਇਸ ਸੰਮੇਲਨ ਉਪਰੰਤ ਹਿੰਦੂ ਮਹਾਂ ਸਭਾ ਵਿੱਚੋਂ ਜਨਸੰਘ ਹੋਂਦ ਵਿੱਚ ਆਇਆ। ਇਕ ਵਿਚਾਰ ਇਹ ਵੀ ਹੈ ਕਿ ਜਨਸੰਘ ਦਾ ਜਨਮ ਰਾਸ਼ਟਰੀ ਸਵੈ-ਸੇਵਕ ਸੰਘ ਵਿੱਚੋਂ ਹੋਇਆ ਕਿਉਂਕਿ ਜਨਸੰਘ ਦੇ ਪ੍ਰਮੁੱਖ ਨੇਤਾ ਰਾਸ਼ਟਰੀ ਸਵੈ-ਸੇਵਕ ਸੰਘ ਦੇ ਮੈਂਬਰ ਵੀ ਸਨ। ਰਾਸ਼ਟਰੀ ਸਵੈ-ਸੇਵਕ ਸੰਘ ਜਨਸੰਘ ਲਈ ਨੇਤਾ ਸਿਖਿੱਅਤ ਤੇ ਤਿਆਰ ਕਰਦੀ ਸੀ।

6 ਅਪ੍ਰੈਲ, 1980 ਨੂੰ ਭਾਰਤੀ ਜਨਤਾ ਪਾਰਟੀ ਨਾਂ ਦਾ ਵੱਖਰਾ ਰਾਜਨੀਤਿਕ ਦਲ ਹੋਂਦ ਵਿੱਚ ਆਇਆ ਅਤੇ ਸ੍ਰੀ ਅੱਟਲ ਬਿਹਾਰੀ ਵਾਜਪਾਈ ਨੂੰ ਸਰਵ-ਸੰਪਤੀ ਨਾਲ ਇਸ ਦਲ ਦਾ ਪ੍ਰਧਾਨ ਚੁਣਿਆ ਗਿਆ। ਭਾਰਤੀ ਜਨਤਾ ਪਾਰਟੀ ਦਾ ਝੰਡਾ ਹਰੇ ਅਤੇ ਕੇਸਰੀ ਰੰਗਾਂ ਵਿੱਚ 1:2 ਦੀ ਅਨੁਪਾਤ ਨਾਲ ਹੈ ਅਤੇ ਝੰਡੇ ਦੇ ਉਪਰਲੇ ਹਿਸੇ ਵਿੱਚ ਪਾਰਟੀ ਦਾ ਚੋਣ ਨਿਸ਼ਾਨ ਕਮਲ ਦਾ ਫੁੱਲ ਨੀਲੇ ਰੰਗ ਵਿੱਚ ਅੰਕਿਤ ਹੈ।

**ਵਿਚਾਰਾਤਮਿਕ ਆਧਾਰ**:- ਭਾਰਤੀ ਜਨਤਾ ਪਾਰਟੀ ਦੇ ਸੰਵਿਧਾਨ ਦੀ ਧਾਰਾ 2 ਵਿੱਚ ਦਲ ਦਾ ਵਿਚਾਰਾਤਮਕ ਅਧਾਰ ਇਨਾਂ ਸ਼ਬਦਾਂ ਅਨੁਸਾਰ ਹੈ "ਰਾਸ਼ਟਰੀ ਏਕਤਾ, ਲੋਕਤੰਤਰ, ਸਾਕਾਰਤਮਕ ਧਰਮ ਨਿਰਪੱਖਤਾ, ਗਾਂਧੀਵਾਦੀ ਸਮਾਜਵਾਦ ਸਿਧਾਂਤਾਂ ਉੱਤੇ ਅਧਾਰਿਤ ਰਾਜਨੀਤੀ, ਆਰਥਿਕ ਅਤੇ ਰਾਜਨੀਤਕ ਵਿਕੇਂਦਰੀ ਕਰਣ। ਭਾਰਤੀ ਜਨਤਾ ਪਾਰਟੀ ਦੇਸ ਦੀ ਏਕਤਾ ਅਤੇ ਅਖੰਡਤਾ, ਲੋਕਤੰਤਰੀ ਸੰਸਥਾਵਾਂ ਦਾ ਵਿਕਾਸ ਅਤੇ ਫਾਸਸਿਸਟ ਪ੍ਰਵਿਰਤੀ ਦੇ ਵਿਰੁੱਧ ਨਿਰੰਤਰ ਸੰਘਰਸ਼ ਕਰਨ, ਸਾਕਾਰਤਮਕ, ਧਰਮ ਨਿਰਪੱਖਤਾ ਅਤੇ ਗਾਂਧੀਵਾਦ ਅਤੇ ਸਮਾਜਵਾਦ ਆਦਿ ਵਿੱਚ ਅਤੁੱਟ ਵਿਸ਼ਵਾਸ ਪ੍ਰਗਟ ਕਰਦੀ ਹੈ। ਇਹ ਦਲ ਅਪਵਿਤੱਰ ਸਮਝੋਤਿਆਂ ਮੋਕਾ-ਪ੍ਰਸਤੀ, ਭ੍ਰਿਸ਼ਟਾਚਾਰ ਅਤੇ ਹਿੰਸਕ ਅਪਰਾਧੀ ਰਾਜਨੀਤੀ ਦਾ ਭਰਪੂਰ ਖੰਡਰ ਕਰਦਾ ਹੈ। ਰਾਜਨੀਤੀ ਨੂੰ ਚੰਗੇ ਸਥਾਪਿਤ ਤੇ ਨੈਤਿਕ ਸਿਧਾਂਤਾਂ ਉੱਤੇ ਅਧਾਰਤ ਕਰਨ ਦੀ ਚਾਹਵਾਨ ਹੋਣ ਦਾ ਐਲਾਨ ਕਰਦਾ ਹੈ।

## ਰਾਸ਼ਟਰੀ ਲੋਕਤੰਤਰੀ ਗਠਬੰਧਨ:-

1998 ਦੀਆਂ ਚੋਣਾਂ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੇ 16 ਹਮਖਿਆਲੀ ਦਲਾਂ ਨਾਲ ਮਿਲ ਕੇ ਸ੍ਰੀ ਅਟੱਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਕੇਂਦਰ ਵਿੱਚ ਸਰਕਾਰ ਬਣਾਈ ਜੋ ਮਿੱਤਰ ਦਲਾਂ ਦੀ ਘੋੜਾ ਦੌੜੀ ਕਾਰਨ 13 ਮਹੀਨਿਆਂ ਬਾਅਦ ਢਹਿ ਢੇਰੀ ਹੋ ਗਈ। ਪਰ ਮੁੜ ਤੇਰਵੀਂ ਲੋਕ ਸਭਾ ਚੋਣ ਹੋਣ ਉਪਰੰਤ ਭਾਰਤੀ ਜਨਤਾ ਪਾਰਟੀ ਦਾ ਅਗਵਾਈ ਹੇਠ ਰਾਸ਼ਟਰੀ ਲੋਕਤੰਤਰੀ ਗਠਬੰਧਨ ਹੋਂਦ ਵਿੱਚ ਆਇਆ

ਭਾਰਤੀ ਜਨਤਾ ਪਾਰਟੀ ਨੇ ਥੋੜ੍ਹੇ ਸਮੇਂ ਵਿੱਚ ਹੀ ਭਾਰਤੀ ਰਾਜਨੀਤੀ ਵਿੱਚ ਇੱਕ ਵਿਸ਼ੇਸ਼ ਸਥਾਨ ਬਣਾ ਲਿਆ। ਅੱਜ ਇਹ ਪਾਰਟੀ ਭਾਰਤ ਦੇ ਰਾਜ ਭਾਗ ਦੀ ਮਜ਼ਬੂਤ ਦਾਵੇਦਾਰ ਹੈ। ਇਹ ਪਾਰਟੀ ਮਜ਼ਬੂਤ ਸਰਕਾਰ ਪ੍ਰਦਾਨ ਕਰ ਚੁੱਕੀ ਹੈ ਤੇ ਕਰ ਰਹੀ ਹੈ। ਇਸ ਦੇ ਸਾਹਮਣੇ ਕੁਝ ਸ਼ਕਤੀਸ਼ਾਲੀ ਵੰਗਾਰਾਂ ਹਨ ਜਿਨ੍ਹਾਂ ਨਾਲ ਇਸ ਨੂੰ ਮੁਕਾਬਲਾ ਕਰਨਾ ਜ਼ਰੂਰੀ ਹੈ। ਸਭ ਤੋਂ ਪਹਿਲਾਂ ਇਸ ਪਾਰਟੀ ਨੂੰ ਫਿਰਕੂ ਦਲ ਦੇ ਤੌਰ 'ਤੇ

ਸਮਝੇ ਜਾਣ ਤੋਂ ਬਚਾਉਣਾ ਹੈ ਵੱਖ ਵੱਖ ਧਰਮਾਂ ਦੇ ਘੱਟ ਗਿਣਤੀ ਦਾ ਵਿਸ਼ਵਾਸ ਜਿੱਤਣਾ ਹੈ। ਸਭ ਧਰਮਾਂ ਦੇ ਲੋਕਾਂ ਨੂੰ ਇਸ ਦਲ ਵਿੱਚ ਸ਼ਾਮਿਲ ਕਰਨਾ ਇਸ ਦਲ ਲਈ ਇਕ ਵੱਡੀ ਵੰਗਾਰ ਹੈ। ਇਸ ਦਲ ਲਈ ਦੱਖਣੀ ਅਤੇ ਉੱਤਰ-ਪੂਰਬੀ ਭਾਰਤ ਵਿੱਚ ਆਪਣੀਆਂ ਕਮਜ਼ੋਰ ਜੜ੍ਹਾਂ ਨੂੰ ਮਜਬੂਤ ਕਰਨਾ ਜ਼ਰੂਰੀ ਹੈ। ਸੰਖੇਪ ਵਿੱਚ ਸਾਰੇ ਭਾਰਤੀ ਲੋਕਾਂ ਦੇ ਮਨਾਂ ਨੂੰ ਜਿੱਤਣਾ ਜ਼ਰੂਰੀ ਹੈ।

## ਭਾਰਤੀ ਕਮਿਊਨਿਸਟ ਪਾਰਟੀ

## (Communist Party of India)

ਵੀਹਵੀਂ ਸਦੀ ਦੇ ਅਰੰਭ ਤੋਂ ਹੀ ਭਾਰਤੀ ਰਾਸ਼ਟਰੀ ਕਾਂਗਰਸ ਵਿੱਚ ਇਕ ਨੌਜਵਾਨ ਧੜਾ ਇਸ ਦੀਆਂ ਨੀਤੀਆਂ ਤੋਂ ਅਸੰਤੁਸ਼ਟ ਸੀ ਕਿਉਂਕਿ ਕਾਂਗਰਸ ਸੰਪੂਰਨ ਸੁਤੰਤਰਤਾ ਦੀ ਥਾਂ ਪ੍ਰਤੀਨਿਧ ਸੰਸਥਾਵਾਂ ਦੀ ਸਥਾਪਨਾ ਕਰਾਉਣ ਲਈ ਯਤਨਸ਼ੀਲ ਸੀ। ਸੰਨ 1917 ਵਿੱਚ ਲੈਨਿਨ ਦੀ ਅਗਵਾਈ ਹੇਠ ਰੂਸੀ ਕ੍ਰਾਂਤੀ ਨੇ ਭਾਰਤੀ ਨੌਜਵਾਨਾਂ ਨੂੰ ਬ੍ਰਿਟਿਸ਼ ਮਿੰਨਤ-ਮੁਥਾਜੀ ਦੀ ਥਾਂ ਕ੍ਰਾਂਤੀਕਾਰੀ ਸਾਧਨਾਂ ਦੁਆਰਾ ਰਾਸ਼ਟਰੀ ਅਜ਼ਾਦੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ। ਭਾਰਤੀ ਨੌਜਵਾਨਾਂ ਨੇ ਕਮਿਊਨਵਾਦੀ ਜਥੇਬੰਦੀਆਂ ਸਥਾਪਿਤ ਕੀਤੀਆਂ 1924 ਵਿੱਚ ਇਨ੍ਹਾਂ ਜਥੇਬੰਦੀਆਂ ਨੇ ਕਾਨਪੁਰ ਵਿਖੇ ਇਕ ਸੰਮੇਲਨ ਕੀਤਾ ਅਤੇ ਸ੍ਰੀ ਮਨਵਿੰਦਰ ਨਾਥ ਰਾਏ ਦੀ ਅਗਵਾਈ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ।

ਅਜ਼ਾਦੀ ਸੰਗਰਾਮ ਦੌਰਾਨ ਇਸ ਪਾਰਟੀ ਦਾ ਦ੍ਰਿੜ ਵਿਸ਼ਵਾਸ ਸੀ ਕਿ ਭਾਰਤੀ ਸਮਸਿਆਵਾਂ ਦਾ ਹੱਲ ਕਮਿਊਨਵਾਦੀ ਤੇ ਮਾਰਕਸਵਾਦੀ ਵਿਚਾਰਧਾਰਾਵਾਂ ਨਾਲ ਕੀਤਾ ਜਾ ਸਕਦਾ ਹੈ ਅਤੇ ਭਾਰਤ ਨੂੰ ਬ੍ਰਿਟਿਸ਼ ਸਾਮਰਾਜ ਤੋਂ ਛੁਡਵਾਉਣ ਲਈ ਕ੍ਰਾਂਤੀਕਾਰੀ ਸਾਧਨਾਂ ਦੀ ਵਰਤੋਂ ਕਰਨੀ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਕਰਕੇ ਬ੍ਰਿਟਿਸ਼ ਸਰਕਾਰ ਨੇ ਇਸ ਪਾਰਟੀ ਨੂੰ ਗੈਰ-ਕਨੂੰਨੀ ਐਲਾਨ ਦਿੱਤਾ। ਦੂਜੇ ਮਹਾਂਯੁੱਧ ਵਿੱਚ ਸੋਵੀਅਤ ਸੰਘ ਜਦੋਂ ਇੰਗਲੈਂਡ ਦੇ ਪੱਖ ਵਿੱਚ ਸ਼ਾਮਿਲ ਹੋਇਆ ਤਾਂ ਭਾਰਤੀ ਕਮਿਊਨਿਸਟਾਂ ਨੇ ਬ੍ਰਿਟਿਸ਼ ਸਰਕਾਰ ਵੱਲ ਆਪਣਾ ਰੁਖ ਬਦਲਿਆ ਅਤੇ ਇਸ ਨੂੰ ਸਮਰਥਨ ਦਿੱਤਾ। ਬ੍ਰਿਟਿਸ਼ ਸਰਕਾਰ ਨੇ ਇਸ ਪਾਰਟੀ 'ਤੇ ਰੋਕ ਸਮਾਪਤ ਕਰ ਦਿੱਤੀ।

ਸੁਤੰਤਰਤਾ ਤੋਂ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਦਾ ਇਤਿਹਾਸ ਦਿਲਚਸਪ ਹੈ। 1952 ਦੀ ਪਹਿਲੀ ਭਾਰਤੀ ਆਮ ਚੋਣ ਸਮੇਂ ਇਸ ਪਾਰਟੀ ਨੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਸ਼ਾਂਤੀਪੂਰਨ ਅਤੇ ਸੰਵਿਧਾਨਿਕ ਸਾਧਨਾਂ ਦਾ ਪ੍ਰਯੋਗ ਕਰਨ ਦਾ ਵਾਇਦਾ ਕੀਤਾ। 1952, 57, 62, 67 ਅਤੇ 71 ਦੀਆਂ ਚੋਣਾਂ ਵਿੱਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ। 1957 ਵਿੱਚ ਇਸ ਪਾਰਟੀ ਨੂੰ ਕੇਰਲ ਦੀ ਵਿਧਾਨ ਸਭਾ ਵਿੱਚ ਬਹੁਮਤ ਪ੍ਰਾਪਤ ਹੋਇਆ ਅਤੇ ਪਹਿਲੀ ਵਾਰ ਭਾਰਤ ਦੇ ਕਿਸੇ ਰਾਜ ਵਿੱਚ ਗੈਰ ਕਾਂਗਰਸੀ ਸਰਕਾਰ ਦੀ ਸਥਾਪਨਾ ਹੋਈ।

**ਵਿਚਾਰਧਾਰਾ:-** ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ– ਲੈਨਿਨਵਾਦੀ ਵਿਚਾਰਧਾਰਾ 'ਤੇ ਆਧਾਰਿਤ ਹੈ। ਇਸ ਪਾਰਟੀ ਦਾ ਉਦੇਸ਼ ਹੈ ਭਾਰਤ ਦੀ ਪੁਰਾਣੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਵਿਵਸਥਾ ਨੂੰ ਬਦਲਕੇ ਇਕ ਅਜਿਹੇ ਸਮਾਜ ਦੀ ਸਥਾਪਨਾ ਕਰਨਾ ਹੈ ਜਿਹੜਾ ਕਾਰਲ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ 'ਤੇ ਅਧਾਰਿਤ ਹੋਵੇ। ਗਰੀਬ ਨੂੰ ਸ਼ੋਸ਼ਣ ਤੋਂ ਮੁਕਤ ਕਰਾਉਣਾ ਅਤੇ ਉਨ੍ਹਾਂ ਨੂੰ ਸਮਾਨ

ਮੌਕੇ ਦਿਵਾਉਣਾ ਇਸ ਦਾ ਮੂਲ ਮੰਤਵ ਹੈ। ਭਾਰਤ ਵਿੱਚ ਇਹ ਪਰਿਵਰਤਨ ਸੰਵਿਧਾਨਿਕ ਅਤੇ ਸ਼ਾਤਮਈ ਢੰਗਾਂ ਨਾਲ, ਭਾਵ ਲੋਕਤੰਤਰੀ ਪ੍ਰਨਾਲੀ ਦੁਆਰਾ ਲਿਆਉਣਾ ਚਾਹੁੰਦੀ ਹੈ। ਲੋਕਤੰਤਰੀ ਧਰਮ ਨਿਰਪੱਖ ਰਾਜ ਵਿੱਚ ਇਸ ਦਾ ਵਿਸ਼ਵਾਸ ਹੈ। ਅਗਸਤ, 1999 ਦੀਆਂ ਲੋਕ ਸਭਾ ਦੀਆਂ ਚੋਣਾਂ ਸਮੇਂ ਇਸਨੇ ਆਪਣਾ ਚੋਣ ਮਨੋਰਥ ਪੱਤਰ ਜਾਰੀ ਕੀਤਾ। ਇਹ ਪਾਰਟੀ ਇਕ ਅਜਿਹੀ ਸਮਾਜਿਕ ਵਿਵਸਥਾ ਦੀ ਇੱਛਾ ਐਲਾਨਦੀ ਹੈ ਜਿਸ ਵਿੱਚ ਅਸਮਾਨਤਾ, ਜਾਤਪਾਤ, ਸ਼ੋਸ਼ਣ ਅਤੇ ਸਮਾਜਿਕ ਕੁਰੀਤੀਆਂ ਲਈ ਕੋਈ ਥਾਂ ਨਹੀਂ ਹੋਵੇਗੀ। ਹਰੇਕ ਵਿਅਕਤੀ ਨੂੰ ਰੁਜ਼ਗਾਰ ਦੇ ਮੌਕੇ, ਸਮਾਜਿਕ ਸਮਾਨਤਾ ਅਤੇ ਆਰਥਿਕ ਸੁਰੱਖਿਆ ਦਿੱਤੀ ਜਾਵੇਗੀ।

## ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ
## (Communist Party of India–Maxist)

ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ 1946 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਵੰਡ ਅਤੇ ਫੁੱਟ ਦਾ ਸਿੱਟਾ ਹੈ। 1964 ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਫੁੱਟ ਤੇ ਵੰਡ ਕੁਝ ਤਤਕਾਲੀ ਘਟਨਾਵਾਂ ਦਾ ਹੀ ਸਿੱਟਾ ਨਹੀ ਸੀ ਸਗੋਂ ਇਸ ਦਾ ਇਕ ਲੰਬਾ ਪਿਛੋਕੜ ਸੀ। ਸੁਤੰਤਰਤਾ ਤੋਂ ਬਾਅਦ ਛੇਤੀ ਹੀ ਪਾਰਟੀ ਵਿੱਚ ਵਿਚਾਰਾਤਮਕ ਮੱਤਭੇਦ ਉਭਰ ਆਏ। ਇਨ੍ਹਾਂ ਮਤਭੇਦਾਂ ਦਾ ਮੂਲ ਕਾਰਨ ਕਾਂਗਰਸ ਪਾਰਟੀ ਅਤੇ ਪੰਡਿਤ ਨਹਿਰੂ ਦੀ ਸਰਕਾਰ ਪ੍ਰਤੀ ਪਾਰਟੀ ਦਾ ਦ੍ਰਿਸ਼ਟੀਕੋਣ ਸੀ।

ਭਾਰਤੀ ਕਮਿਊਨਿਸਟ ਪਾਰਟੀ ਦੀ ਵੰਡ ਦਾ ਤੱਤਕਾਲੀ ਕਾਰਨ 1962 ਚੀਨ ਦੁਆਰਾ ਭਾਰਤ 'ਤੇ ਹਮਲਾ ਕਰਨਾ ਸੀ। ਭਾਰਤੀ ਕਮਿਊਨਿਸਟ ਪਾਰਟੀ ਨੇ ਇਕ ਮਤੇ ਰਾਹੀਂ ਚੀਨ ਦੇ ਇਸ ਹਮਲੇ ਦੀ ਨਿਖੇਧੀ ਕੀਤੀ ਪਰ ਪਾਰਟੀ ਦੇ ਇਕ ਧੜੇ ਨੇ ਇਸ ਨਖੇਧੀ ਮਤੇ ਨੂੰ ਪਸੰਦ ਨਾ ਕੀਤਾ। ਅਪ੍ਰੈਲ 1964 ਵਿੱਚ ਦਲ ਦੀ ਸਲਾਨਾ ਬੈਠਕ ਵਿੱਚ ਪਾਰਟੀ ਦੀ ਰਾਸ਼ਟਰੀ (ਕੌਮੀ) ਪਰਿਸ਼ਦ ਦੇ 106 ਮੈਂਬਰਾਂ ਵਿੱਚੋਂ 32 ਮੈਂਬਰ ਪਾਰਟੀ ਤੋਂ ਵੱਖ ਹੋ ਗਏ। ਇਨ੍ਹਾਂ ਵੱਖ ਹੋਏ ਪਾਰਟੀ ਮੈਂਬਰਾਂ ਨੇ 8 ਸਤੰਬਰ 1964 ਨੂੰ ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕਰ ਲਈ ਅਤੇ ਇਸ ਨੂੰ ਚੋਣ ਕਮਿਸ਼ਨ ਨੇ ਪ੍ਰਵਾਨ ਕਰ ਲਿਆ।

**ਵਿਚਾਰਧਾਰਾ, ਨੀਤੀਆਂ ਤੇ ਪ੍ਰੋਗਰਾਮ:-** ਭਾਰਤੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਮਾਰਕਸ ਅਤੇ ਲੈਨਿਨ ਦੇ ਵਿਚਾਰਾਂ ਤੋਂ ਪ੍ਰੇਰਿਤ ਹੈ। ਮਾਰਕਸਵਾਦੀ ਵਿਚਾਰਧਾਰਾ, ਪੂੰਜੀਵਾਦੀ ਸਮਾਜ ਦੀ ਕਰੜੀ ਵਿਰੋਧਤਾ ਕਰਦੀ ਹੈ। ਇਹ ਪਾਰਟੀ ਸਮਾਜ ਦੀ ਪੂੰਜੀਵਾਦੀ ਪ੍ਰਨਾਲ਼ੀ ਨੂੰ ਸਮਾਪਤ ਕਰਕੇ ਇਕ ਨਵੇਂ ਵਰਗ ਰਹਿਤ ਅਤੇ ਰਾਜ ਰਹਿਤ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੀ ਹੈ।

ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਕਾਇਮ ਰਖਣਾ, ਅਲੱਗਵਾਦੀ ਅਤੇ ਫਿਰਕੂ ਤਾਕਤਾਂ ਨੂੰ ਸਮਾਪਤ ਕਰਨਾ, ਭਾਰਤ ਨੂੰ ਕਮਜ਼ੋਰ ਬਣਾਉਣ ਵਾਲੀਆਂ ਵਿਦੇਸ਼ੀ ਸ਼ਕਤੀਆਂ ਜਾਂ ਵਿਦੇਸ਼ੀ ਯਤਨਾਂ ਨੂੰ ਅਸਫਲ ਬਨਾਉਣਾ, ਭਾਰਤੀ ਕਿਸਾਨਾਂ ਅਤੇ ਕਿਰਤੀ ਵਰਗਾਂ ਦੇ ਹਿਤਾਂ ਦੀ ਰਖਵਾਲੀ ਕਰਨੀ ਆਦਿ ਇਸ ਦੇ ਮੂਲ ਸਿਧਾਂਤ ਬਣ ਗਏ ਹਨ। ਇਸ ਦਲ ਨੇ ਚੋਣਾਂ ਦੀ ਰਾਜਨੀਤੀ ਅਤੇ ਸੰਸਦੀ ਲੋਕਤੰਤਰ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ। ਇਹ ਦਲ ਲੋਕਤੰਤਰ, ਗੁੱਟ ਨਿਰਲੇਪਤਾ ਅਤੇ ਧਰਮ ਨਿਰਪੱਖਤਾ ਦਾ ਸਮਰਥਕ ਹੈ ਅਤੇ ਬਸਤੀਵਾਦ ਨਵ-ਬਸਤੀਵਾਦ ਅਤੇ ਪੂੰਜੀਵਾਦੀ ਵਿਸਥਾਰ ਦਾ ਕਟੱੜ ਵਿਰੋਧੀ ਹੈ।

ਮਾਰਕਸਵਾਦੀ ਪਾਰਟੀ ਨੇ ਥੋੜ੍ਹੇ ਹੀ ਸਮੇਂ ਵਿੱਚ ਭਾਰਤ ਦੀ ਰਾਜਨੀਤੀ ਵਿੱਚ ਇੱਕ ਵਿਸ਼ੇਸ਼ ਸਥਾਨ ਬਣਾ ਲਿਆ ਅਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਸ ਪਾਰਟੀ ਨੇ ਖਬੇਪੱਖੀ ਲਹਿਰ ਦੀ ਵਾਗਡੋਰ ਭਾਰਤੀ ਕਮਿਊਨਿਸਟ ਪਾਰਟੀ ਤੋਂ ਖੋਹ ਕੇ ਆਪਣੇ ਹੱਥਾਂ ਵਿੱਚ ਲੈ ਲਈ ਹੈ। ਪੱਛਮੀ ਬੰਗਾਲ, ਕੇਰਲ, ਤ੍ਰਿਪੁਰਾ ਰਾਜਾਂ ਵਿੱਚ ਇਸ ਪਾਰਟੀ ਦੀ ਵਾਗ ਪੱਖੀ ਦਲਾਂ ਨਾਲ ਮਿਲ ਕੇ ਜਾਂ ਸੁਤੰਤਰ ਤੌਰ 'ਤੇ ਵੀ ਸਰਕਾਰਾਂ ਬਣਾਈਆਂ ਹਨ। ਆਂਧਰਾ ਪ੍ਰਦੇਸ਼ ਵਿੱਚ ਇਸ ਦਾ ਹਮੇਸ਼ਾ ਕਾਫੀ ਪ੍ਰਭਾਵ ਰਿਹਾ ਹੈ।

ਰਾਸ਼ਟਰੀ ਏਕਤਾ ਤੇ ਅਖੰਡਤਾ, ਦੇਸ ਦੀ ਸੁਰੱਖਿਆ, ਕਿਸਾਨਾਂ, ਖੇਤੀ ਤੇ ਉਦਯੋਗ ਮਜ਼ਦੂਰਾਂ ਅਤੇ ਅਸੰਗਠਤ ਮਜ਼ਦੂਰਾਂ, ਦਲਿਤਾਂ, ਪਛੜੀਆਂ ਸ਼੍ਰੇਣੀਆਂ ਅਨੁਸੂਚਿਤ ਜਾਤੀਆਂ ਤੇ ਕਬੀਲਿਆਂ, ਘਟ ਗਿਣਤੀਆਂ, ਔਰਤਾਂ, ਨੌਜਵਾਨਾਂ ਤੇ ਵਿਦਿਆਰਥੀਆਂ, ਮੱਧ ਵਰਗ ਅਤੇ ਬੁੱਧੀਜੀਵੀਆਂ ਆਦਿ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਇਹ ਪਾਰਟੀ ਵਚੱਨਬਧ ਹੈ।

## (ਅ) ਖੇਤਰੀ ਸਿਆਸੀ ਦਲ-ਸ਼੍ਰੋਮਣੀ ਅਕਾਲੀ ਦਲ

## (Regional Political Party-Shiromani Akali Dal)

ਸ਼੍ਰੋਮਣੀ ਅਕਾਲੀ ਦਲ ਨੂੰ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਹੋਂਦ ਵਿੱਚ ਆਉਣ ਦਾ ਮਾਣ ਪ੍ਰਾਪਤ ਹੈ। ਇਸ ਦਲ ਦੀ ਸਥਾਪਨਾ 1920 ਵਿੱਚ ਮਾਸਟਰ ਤਾਰਾ ਸਿੰਘ ਅਤੇ ਬਾਬਾ ਖੜਕ ਸਿੰਘ ਦੇ ਯਤਨਾਂ ਨਾਲ ਹੋਈ। ਆਰੰਭ ਵਿੱਚ ਇਸ ਦਲ ਦਾ ਉਦੇਸ਼ ਪਵਿੱਤਰ ਗੁਰਧਾਮਾਂ ਨੂੰ ਮਹੰਤਾਂ ਕਬਜ਼ੇ ਵਿੱਚੋਂ ਛੁਡਾਉਣਾ ਅਤੇ ਉਨ੍ਹਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ ਸੀ। ਗੁਰਦਵਾਰਿਆਂ ਦੀ ਪਵਿੱਤਰਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮਾਨ ਨੂੰ ਕਾਇਮ ਰੱਖਣ ਲਈ ਅਕਾਲੀ ਦਲ ਨੇ ਵੱਡ-ਪੱਧਰੀ ਅੰਦੋਲਨ ਚਲਾਇਆ। ਹਜ਼ਾਰਾਂ ਸਿੱਖ ਜੇਲਾਂ ਵਿੱਚ ਗਏ ਅਤੇ ਸੈਂਕੜੇ ਸਿੱਖਾਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਅੰਤ ਵਿੱਚ ਸਰਕਾਰ ਨੂੰ ਝੁਕਣਾ ਪਿਆ ਅਤੇ 1920 ਵਿੱਚ ਗੁਰਦਵਾਰਿਆਂ ਦੇ ਪ੍ਰਬੰਧ ਲਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਕੀਤੀ ਗਈ। ਇਸ ਨਾਲ ਅਕਾਲੀ ਦਲ ਜਿਹੜਾ ਕਿ ਨਿਰੋਲ ਧਾਰਮਿਕ ਸੰਗਠਨ ਸੀ, ਨੂੰ ਰਾਜਨੀਤੀਕ ਦਲ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋ ਗਈ ਸੁਤੰਤਰਤਾ ਸੰਗਰਾਮ ਦੌਰਾਨ ਅਕਾਲੀ ਦਲ ਨੂੰ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਪ੍ਰਾਪਤ ਹੋਇਆ।

ਭਾਰਤ ਦੀ ਅਜ਼ਾਦੀ ਤੋਂ ਪਿਛੋਂ ਅਕਾਲੀ ਦਲ ਨੇ ਪੰਜਾਬ ਅਤੇ ਇਸ ਦੇ ਨਾਲ ਲਗਦੇ ਰਾਜਾਂ ਦੀ ਰਾਜਨੀਤੀ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 1952 ਵਿੱਚ ਦੇਸ ਦੀਆਂ ਪਹਿਲੀਆਂ ਚੋਣਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਨੇ ਇਕ ਸੰਯੁਕਤ ਦਲ ਦੇ ਰੂਪ ਵਿੱਚ ਭਾਗ ਲਿਆ ਅਤੇ ਪੰਜਾਬ ਤੇ ਪੈਪਸੂ ਰਾਜਾਂ ਵਿੱਚ ਮਹੱਤਵਪੂਰਨ ਜਿੱਤਾਂ ਪ੍ਰਾਪਤ ਕੀਤੀਆਂ। 1957 ਦੀਆਂ ਚੋਣਾਂ ਵਿੱਚ ਅਕਾਲੀ ਦਲ ਨੇ ਕਾਂਗਰਸ ਨਾਲ ਮਿਲਕੇ ਪੰਜਾਬ ਵਿੱਚ ਚੋਣਾਂ ਲੜੀਆਂ ਅਤੇ ਇਸ ਦੇ 26 ਉਮੀਦਵਾਰ ਸਫਲ ਹੋਏ। ਕਾਂਗਰਸ ਨਾਲ ਇਹ ਸਮਝੌਤਾ ਸਥਿਰ ਨਾ ਰਹਿ ਸਕਿਆ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਅਧੀਨ ਸ਼੍ਰੋਮਣੀ ਅਕਾਲੀ ਦਲ ਇਕ ਵੱਖਰੇ ਦਲ ਦੇ ਰੂਪ ਵਿੱਚ ਕੰਮ ਕਰਨ ਲੱਗਾ। ਉਸ ਸਮੇਂ ਅਕਾਲੀ ਦਲ ਦਾ ਮੁੱਖ ਰਾਜਨੀਤਿਕ ਉਦੇਸ਼ ਪੰਜਾਬੀ ਬੋਲੀ ਦੇ ਆਧਾਰ 'ਤੇ ਵਖਰੇ ਸੂਬੇ ਦੀ ਸਥਾਪਨਾ ਕਰਾਉਣਾ ਸੀ।

1 ਨਵੰਬਰ 1966 ਵਿੱਚ ਭਾਸ਼ਾ ਦੇ ਆਧਾਰ 'ਤੇ ਪੰਜਾਬ ਦਾ ਪੁਨਰਗਠਨ ਕੀਤਾ ਗਿਆ ਅਤੇ ਇਕ ਲੰਮੇ ਸਮੇਂ ਤੋਂ ਚਲੀ ਆ ਰਹੀ ਇਹ ਪੰਜਾਬੀਆਂ ਦੀ ਮੰਗ ਮੰਨੀ ਤਾਂ ਗਈ ਪਰ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਇਸ ਪੁਨਰ-ਗਠਨ ਨਾਲ ਸੰਤੁਸ਼ਟ ਨਹੀਂ ਹੋਇਆ ਕਿਉਂਕਿ ਬਹੁਤ ਸਾਰੇ ਪੰਜਾਬੀ ਬੋਲਣ ਵਾਲੇ ਇਲਾਕੇ ਪੰਜਾਬ

ਤੋਂ ਬਾਹਰ ਕੱਢ ਦਿੱਤੇ ਗਏ ਸਨ ਤੇ ਰਾਜਧਾਨੀ ਵਜੋਂ ਉਸਾਰੇ ਸ਼ਹਿਰ ਚੰਡੀਗੜ੍ਹ ਨੂੰ ਕੇਂਦਰੀ ਪ੍ਰਸ਼ਾਸਿਤ ਇਲਾਕਾ ਬਣਾ ਦਿੱਤਾ ਗਿਆ। ਮਈ 1997 ਵਿੱਚ ਹੋਇਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸ੍ਰੋਮਣੀ ਅਕਾਲੀ ਦਲ ਨੂੰ ਭਾਰੀ ਬਹੁਮਤ ਪ੍ਰਾਪਤ ਹੋਇਆ ਅਤੇ ਸ੍ਰ: ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਸਰਕਾਰ ਦਾ ਨਿਰਮਾਣ ਹੋਇਆ। ਸੰਨ 1999 ਵਿੱਚ ਅਕਾਲੀ ਦਲ ਮੁੜ ਦੋ ਭਾਗਾਂ ਅਕਾਲੀ ਦਲ (ਬਾਦਲ) ਅਤੇ ਸਰਬ-ਹਿੰਦ ਅਕਾਲੀ ਦਲ (ਟੌਹੜਾ) ਵਿੱਚ ਵੰਡਿਆ ਗਿਆ। ਪਾਰਟੀ ਵਿੱਚ ਟੁੱਟਣਾ-ਜੁੜਨਾ ਲਗਾਤਾਰ ਚਲਦਾ ਰਿਹਾ ਹੈ ਤੇ ਕਈ ਗੁੱਟ ਬਣਦੇ ਰਹੇ ਹਨ।

## ਸ਼੍ਰੋਮਣੀ ਅਕਾਲੀ ਦਲ ਦੇ ਮੂਲ ਮੰਤਵ

2 ਸਤੰਬਰ, 1947 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਜਿਹੜਾ ਵਿਧਾਨ ਇਸ ਦਲ ਲਈ ਸਵੀਕਾਰ ਕੀਤਾ ਸੀ ਉਸ ਵਿਧਾਨ ਵਿੱਚ ਅਕਾਲੀ ਦਲ ਦੇ ਹੇਠ ਲਿਖੇ ਮੰਤਵ ਵਰਨਣ ਕੀਤੇ ਗਏ ਸਨ:

(ੳ) ਗੁਰਮਤਿ ਤੇ ਰਹਿਤ ਮਰਿਯਾਦਾ ਦਾ ਪ੍ਰਚਾਰ ਅਤੇ ਨਾਸਤਿਕਤਾ ਤੇ ਮਨਮਤ ਵਿਰੁੱਧ ਪ੍ਰਚਾਰ ਤੇ ਗੁਰਦਵਾਰਿਆਂ ਦੇ ਪ੍ਰਬੰਧ ਦੇ ਸੁਧਾਰ ਅਤੇ ਸੇਵਾ ਸੰਭਾਲ ਲਈ ਉਦਮ ਕਰਨਾ।

(ਅ) ਸਿੱਘਾਂ ਵਿੱਚ ਵੱਖਰੀ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰਖਣਾ ਅਤੇ ਅਜਿਹੇ ਦੇਸ ਦਾ ਨਿਰਮਾਣ ਕਰਨਾ ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਉ ਪੂਰਨ ਤੌਰ 'ਤੇ ਪ੍ਰਕਾਸ਼ਮਾਨ ਹੋ ਸਕੇ।

(ੲ) ਕੰਗਾਲੀ, ਥੁੜ੍ਹ ਤੇ ਭੁਖ-ਨੰਗ ਨੂੰ ਦੂਰ ਕਰਨਾ ਤੇ ਵਧੇਰੇ ਨਿਆਂਕਾਰੀ ਆਰਥਿਕ ਨਜ਼ਾਮ ਨੂੰ ਕਾਇਮ ਕਰਨ ਲਈ ਦੌਲਤ ਵਧਾਉਣਾ ਅਤੇ ਮੌਜੂਦਾ ਕਾਣੀ ਵੰਡ ਤੇ ਲੁਟਖਸੁੱਟ ਨੂੰ ਦੂਰ ਕਰਨਾ ਅਤੇ ਗਰੀਬ ਤੇ ਅਮੀਰ ਤੇ ਅੰਤਰ ਨੂੰ ਦੂਰ ਕਰਨਾ।

(ਸ) ਗੁਰਮਤਿ ਦੇ ਆਸ਼ੇ ਅਨੁਸਾਰ ਅਨਪੜ੍ਹਤਾ, ਛੂਤ-ਛਾਤ ਤੇ ਜਾਤ-ਪਾਤ ਦੇ ਵਿੱਤਕਰੇ ਨੂੰ ਹਟਾਉਣਾ।

(ਹ) ਮੰਦੀ ਸਿਹਤ ਤੇ ਬਿਮਾਰੀ ਨੂੰ ਦੂਰ ਕਰਨ ਦੇ ਉਪਾਅ, ਨਸ਼ਿਆਂ ਦੀ ਵਰਤੋਂ 'ਤੇ ਬੰਧਸ਼ ਤੇ ਸਰੀਰਿਕ ਅਰੋਗਤਾ ਦਾ ਵਾਧਾ, ਜਿਸ ਨਾਲ ਕੌਮ ਵਿੱਚ ਉਤਸ਼ਾਹ ਜਾਗੇ ਅਤੇ ਉਹ ਕੌਮੀ ਬੱਚਾਅ ਲਈ ਤਿਆਰ ਹੋ ਸਕੇ।

## ਨੀਤੀਆਂ ਤੇ ਕਾਰਜਕ੍ਰਮ

ਸ਼੍ਰੋਮਣੀ ਅਕਾਲੀ ਦਲ ਦਾ ਬਾਦਲ ਗੁੱਟ ਖੇਤਰੀ ਦਲ ਹੋਣ ਕਰਕੇ ਵਿਸ਼ੇਸ਼ ਤੌਰ 'ਤੇ ਪੰਜਾਬ ਤੇ ਪੰਜਾਬੀਅਤ ਦੇ ਹਿਤਾਂ ਦੀ ਰਾਖੀ ਕਰਨ ਦਾ ਐਲਾਨ ਕਰਦਾ ਹੈ। ਇਹ ਦਲ ਪੰਜਾਬੀਅਤ ਦੀ ਧਾਰਨਾ ਦਾ ਸਮਰਥਕ ਹੈ ਪਰ ਫਿਰ ਵੀ ਸ੍ਰੋਮਣੀ ਅਕਾਲੀ ਦਲ ਭਾਰਤ ਦੀਆਂ ਵੱਖ-ਵੱਖ ਕੌਮਾਂ ਅਤੇ ਫਿਰਕਿਆਂ ਵਿੱਚ ਸ਼ਾਂਤੀ, ਆਪਸੀ ਪ੍ਰੇਮ ਭਾਵ, ਭਾਈਚਾਰਾ, ਮਿੱਤਰਤਾ ਅਤੇ ਸਰਬਤ ਦੇ ਭਲੇ ਵਿੱਚ ਦ੍ਰਿੜ ਵਿਸ਼ਵਾਸ ਰੱਖਣ ਦਾ ਐਲਾਨ ਕਰਦਾ ਹੈ। ਇਹ ਦਲ ਵਿਚਾਰਾਤਮਕ ਸਾਂਝ ਰਖਣ ਵਾਲੇ ਦਲਾਂ ਨਾਲ ਮਿਲਕੇ ਸ਼ਕਤੀਆਂ ਪ੍ਰਦਾਨ ਕਰਨ ਅਤੇ ਰਾਜਾਂ ਦੇ ਹੱਕ ਵਿੱਚ ਵਿੱਤੀ ਸਾਧਨਾਂ ਦੀ ਪੁਨਰ ਵੰਡ ਕਰਨ ਲਈ ਆਪਣੀ ਵਚਨਬੱਧ ਹੋਣ ਦਾ ਐਲਾਨ ਕਰਦਾ ਹੈ। ਮੁੱਖ ਰੂਪ ਵਿੱਚ ਕੇਂਦਰ ਅਤੇ ਰਾਜਾਂ ਵਿੱਚ ਰਚਨਾਤਮਕ ਸਹਿਯੋਗ, ਸਾਂਝ ਅਤੇ ਮਿਲਵਰਤਨ ਇਸ ਪਾਰਟੀ ਦਾ ਮੰਤਵ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਮੂਲ ਨੀਤੀ ਪੰਜਾਬ ਦੇ ਹਿੱਤਾਂ ਦੀ ਸੁਰੱਖਿਆ ਕਰਨੀ, ਪੰਜਾਬੀਅਤ ਤੇ ਇਸ ਦੇ ਸਭਿਆਚਾਰਿਕ ਵਿਰਸੇ ਦੀ ਸਾਂਭ ਸੰਭਾਲ ਤੇ ਰੱਖਿਆ ਕਰਨੀ ਹੈ। ਗੁਰੂ ਨਾਨਕ ਸਾਹਿਬ

ਦਾ ਫੁਰਮਾਨ 'ਸਰਬੱਤ ਦਾ ਭਲਾ' ਇਸ ਦੀ ਸੋਚ ਤੇ ਨੀਤੀਆਂ ਦਾ ਮੂਲ ਅਧਾਰ ਹੈ। ਇਹ ਦਲ ਹੁਣ ਖੇਤਰੀ ਦਲ ਹੈ ਤੇ ਗੁਟਾਂ ਵਿੱਚ ਵੰਡਿਆ ਗਿਆ ਹੈ ਪਰ ਇਹ ਭਾਰਤ ਦੀਆਂ ਵੱਖ ਵੱਖ ਕੌਮਾਂ ਅਤੇ ਫ਼ਿਰਕਿਆਂ ਵਿੱਚ ਸਦਭਾਵਨਾ ਤੇ ਸ਼ਾਂਤੀ, ਆਪਸੀ ਪ੍ਰੇਮ ਭਾਵ ਤੇ ਸਹਿਯੋਗ, ਭਾਈਚਾਰਾ ਤੇ ਮਿੱਤਰਤਾ ਦੀ ਸਥਾਪਨਾ ਕਰਨ ਵਿੱਚ ਦ੍ਰਿੜ ਵਿਸ਼ਵਾਸ ਦਿਸਦੇ ਗੁਟਾਂ ਦਾ ਸਰਬ ਪ੍ਰਵਾਣਿਤ ਮਨੋਰਥ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਗੁੱਟ ਵਿਚਾਰਧਾਰਕ ਸਾਂਝ ਰੱਖਣ ਵਾਲੇ ਦਲਾਂ ਨਾਲ ਮਿਲਕੇ ਪੰਜਾਬ ਤੇ ਦੇਸ ਵਿੱਚ ਨਵੀਨ ਸਮਾਜਿਕ, ਆਰਥਿਕ ਤੇ ਪ੍ਰਸ਼ਾਸਨਿਕ ਵਿਵਸਥਾ ਦੀ ਸਥਾਪਨਾ ਕਰਨ ਲਈ ਸਮਰਪਿਤ ਹਨ। ਰਾਜਾਂ ਨੂੰ ਵਧੇਰੇ ਸ਼ਕਤੀਆਂ ਪ੍ਰਦਾਨ ਕਰਨ ਅਤੇ ਰਾਜਾਂ ਦੇ ਕੇਂਦਰ ਵਿੱਚ ਵਿੱਤੀ ਸਾਧਨਾਂ ਦੀ ਪੁਨਰ ਵੰਡ ਕਰਨ ਲਈ ਵਚਨਬੱਧ ਰਹੇ ਹਨ। ਮੁੱਖ ਰੂਪ ਵਿੱਚ ਸਹਿਕਾਰੀ ਸੰਘਾਤਮਕ ਸ਼ਾਸਨ ਪ੍ਰਨਾਲੀ ਦੇ ਹਾਮੀ ਅਤੇ ਕੇਂਦਰ ਨਾਲ ਰਚਨਾਤਮਕ ਸਹਿਯੋਗ, ਮਿਲਵਰਤਨ ਤੇ ਸਾਂਝ ਲਈ ਵੀ ਚਾਹਵਾਨ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਪੰਜਾਬ ਵਿੱਚ ਹਰੀ ਕ੍ਰਾਂਤੀ ਨੂੰ ਉਤਸ਼ਾਹਿਤ ਕਰਦੀਆਂ ਰਹੀਆਂ ਹਨ। ਖੇਤੀਬਾੜੀ ਨੂੰ ਵਿਗਿਆਨਿਕ ਢੰਗਾਂ ਤੇ ਅਧਾਰਿਤ ਕਰਨ, ਉਪਜ ਵਧਾਉਣ, ਕਿਸਾਨਾਂ ਨੂੰ ਜਿਨਸ ਦੀਆਂ ਉੱਚਿਤ ਕੀਮਤਾਂ ਨਿਸ਼ਚਿਤ ਕਰਨ ਤੇ ਦਵਾਉਣ, ਭੂਮੀ ਸੁਧਾਰ ਕਰਨ ਅਤੇ ਕਿਸਾਨਾ ਦੀ ਹਰ ਸੰਭਵ ਸਹਾਇਤਾ ਕਰਨੀ ਹੈ ਇਨ੍ਹਾਂ ਦੇ ਮੁੱਖ ਟੀਚੇ ਰਹੇ ਹਨ। ਪੇਂਡੂ ਇਲਾਕਿਆਂ ਦੇ ਕਮਜ਼ੋਰ ਵਰਗਾਂ, ਬੇਜ਼ਮੀਨੇ ਮੁਜ਼ਾਰਿਆਂ ਤੇ ਮਜ਼ਦੂਰਾਂ, ਗਰੀਬ ਤੇ ਮੱਧ ਸ਼੍ਰੇਣੀ ਦੇ ਕਿਸਾਨਾਂ ਦੀ ਸਹਾਇਤਾ ਕਰਨੀ ਅਕਾਲੀ ਸਰਕਾਰਾਂ ਦੀ ਨੀਤੀ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਤੇ ਦੇਸ ਦੇ ਆਰਥਿਕ ਪ੍ਰਬੰਧ ਵਿੱਚ ਸੁਧਾਰ ਲਈ ਵਚਨਬੱਧ ਰਿਹਾ ਹੈ। ਇਹ ਦਲ ਬੁਨਿਆਦੀ ਉਦਯੋਗਾਂ ਨੂੰ ਪਬਲਿਕ ਅਦਾਰਿਆਂ ਵਿੱਚ ਲਿਆਉਣਾ ਜ਼ਰੂਰੀ ਖਪਤ ਦੀਆਂ ਵਸਤਾਂ ਨਾਲ ਸੰਬੰਧਤ ਉਦਯੋਗਾਂ ਦਾ ਕੌਮੀਕਰਣ ਅਤੇ ਕੀਮਤਾਂ ਤੇ ਕਾਬੂ ਪਾਉਣ ਦਾ ਹਾਮੀ ਹੈ। ਟੈਕਸ ਢਾਂਚੇ ਨੂੰ ਸੁਖਾਲਾ ਤੇ ਪ੍ਰਭਾਵਸ਼ਾਲੀ ਬਨਾਉਣ ਲਈ ਸੁਧਾਰ ਕਰਨ, ਕਾਲੇ ਧਨ ਨੂੰ ਸਮਾਪਤ ਕਰਨ ਅਤੇ ਸਰਕਾਰੀ ਕਰਮਚਾਰੀਆਂ ਦੀ ਰਹਿਣੀ-ਬਹਿਣੀ ਵਿੱਚ ਸੁਧਾਰ ਕਰਨ ਦੇ ਪੱਖ ਵਿੱਚ ਰਿਹਾ ਹੈ। ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚੋਂ ਅਮੀਰ ਤੇ ਗਰੀਬ ਵਿੱਚ ਅੰਤਰ-ਘਟਾਉਣ, ਪੂੰਜੀਪਤੀਆਂ, ਸ਼ਾਹੂਕਾਰਾਂ ਦੀ ਆਰਥਿਕ ਤੇ ਰਾਜਨੀਤਿਕ ਅਦਾਰੇਦਾਰੀ ਤੋੜਨ, ਗਰੀਬ ਕਿਸਾਨਾਂ, ਮਜਦੂਰਾਂ ਤੇ ਕਮਜੋਰ ਤੇ ਪੱਛੜੇ ਵਰਗਾਂ ਨੂੰ ਸ਼ੋਸਣ ਤੋਂ ਬਚਾਉਣ ਲਈ ਸ਼੍ਰੋਮਣੀ ਅਕਾਲੀ ਨੇ ਆਪਣਾ ਨਿਸ਼ਾਨਾ ਐਲਾਨਿਆ ਹੋਇਆ ਹੈ।

ਪਿਛਲੇ ਕੁਝ ਸਮੇਂ ਤੋਂ ਸ੍ਰੋਮਣੀ ਅਕਾਲੀ ਦਲ ਨੇ ਵਿਦਿਅਕ ਅਤੇ ਸਭਿਆਚਾਰਿਕ ਪੱਖਾਂ ਵੱਲ ਧਿਆਨ ਦੇਣ ਦੀ ਨੀਤੀ ਵੀ ਅਪਣਾਈ ਹੈ। ਇਹ ਦਲ ਪੰਜਾਬੀਆਂ ਦਾ ਵਿਸ਼ੇਸ਼ ਤੌਰ 'ਤੇ ਸਿੱਖ ਕੌਮ ਨੂੰ ਮਜ਼ਬੂਤ, ਸਿਖਿਅਤ ਤੇ ਪੜੀ ਲਿਖੀ, ਸਿਆਣੀ, ਸੂਝ-ਬੂਝ ਤੇ ਵੱਖੋਂ ਵੱਖ ਹੁਨਰਾਂ ਵਿੱਚ ਮਾਹਿਰ ਦੇ ਰੂਪ ਵਿੱਚ ਦੇਖਣ ਦਾ ਚਾਹਵਾਨ ਹੋਣ ਦਾ ਦਾਅਵਾ ਕਰਦਾ ਹੈ।

ਭਾਰਤ ਵਿੱਚ ਸਹਿਕਾਰੀ ਸੰਘਾਤਮਕ ਸਰਕਾਰ ਦੀ ਧਾਰਨਾ ਦੇ ਜਨਮ ਮਗਰੋਂ। ਸ਼੍ਰੋਮਣੀ ਅਕਾਲੀ ਦਲ ਦੇ ਬਾਦਲ ਗੁੱਟ ਅਤੇ ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ) ਨੇ ਕੇਂਦਰ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਨੂੰ ਵਖਰੀ ਸੇਧ ਦੇ ਕੇ ਇਕ ਨਵਾਂ ਸਿਆਸੀ ਪ੍ਰਬੰਧ ਅਰੰਭ ਕੀਤਾ ਸੀ।

ਰਾਸ਼ਟਰੀ ਭਾਵਨਾਵਾਂ ਦੇ ਨਾਲ ਅਕਾਲੀ ਦਲ ਦੀ ਮੰਗ ਰਹੀ ਕਿ ਕੇਂਦਰੀ ਸਰਕਾਰ ਸਮੁੱਚੇ ਭਾਰਤ ਵਿੱਚ ਖੇਤਰੀ ਭਾਸ਼ਾਵਾਂ ਅਤੇ ਸਭਿਆਚਾਰਾਂ ਦਾ ਵਿਕਾਸ ਕਰੇ। ਆਰਥਿਕ ਵਿਕਾਸ ਲਈ ਪੰਜਾਬ ਨੂੰ ਵਿਸ਼ੇਸ਼

ਖੇਤਰ ਮੰਨਿਆ ਜਾਵੇ ਅਤੇ ਪੰਜਾਬ ਵਿੱਚ ਵੱਡੇ ਵੱਡੇ ਉਦਯੋਗ ਲਗਾਕੇ ਪੰਜਾਬ ਵਿੱਚ ਉਦਯੋਗਿਕ ਵਿਕਾਸ ਕੀਤਾ ਜਾਵੇ। ਗਵਰਨਰ ਦੀ ਨਿਯੁਕਤੀ ਸਮੇਂ ਸਬੰਧਤ ਰਾਜ ਦੇ ਮੁੱਖ ਮੰਤਰੀ ਦੀ ਸਹਿਮਤੀ ਵੀ ਇਸ ਦੀ ਇਕ ਮੰਗ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਬਾਰੇ ਆਮ ਤੌਰ ਤੇ ਦਸਿਆ ਜਾਂਦਾ ਹੈ ਕਿ ਇਸ ਦਲ ਦੇ ਮੈਂਬਰਾਂ ਦੀ ਆਪਸੀ ਫੁੱਟ ਅਤੇ ਅੰਦਰੂਨੀ ਮਤਭੇਦਾਂ ਦੇ ਕਾਰਨ ਕਈ ਵਾਰੀ ਇਸ ਦਲ ਦੀਆਂ ਸਰਕਾਰਾਂ ਬਣਦੀਆਂ ਅਤੇ ਟੁੱਟਦੀਆਂ ਰਹੀਆਂ ਹਨ ਅਤੇ ਆਪਣਾ ਕਾਰਜ ਕਾਲ ਪੂਰਾ ਨਹੀਂ ਕਰ ਸਕਦੀਆਂ। ਪਰੰਤੂ ਇਸ ਵਿੱਚ  ਵੀ ਕੇਂਦਰੀ ਸਰਕਾਰ ਦੀ ਦਖਲ ਅੰਦਾਜੀ ਅਤੇ ਰਾਜਾਂ ਪ੍ਰਤੀ ਥੋੜ ਦਿਲੀ ਦਾ ਵਤੀਰਾ ਵੀ ਜ਼ਿੰਮੇਵਾਰ ਕਹੇ ਜਾ ਸਕਦੇ ਹਨ।

## ਵਿਰੋਧੀ ਦਲ ਦੀ ਭੂਮਿਕਾ
## (Role of Opposition Party)

ਅਜੋਕੇ ਲੋਕਤੰਤਰੀ ਯੁਗ ਵਿੱਚ ਰਾਜਨੀਤਿਕ ਦਲ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸ਼ਾਸਨ ਉੱਤੇ ਜਿਸ ਦਲ ਦਾ ਨਿਯੰਤ੍ਰਣ ਹੁੰਦਾ ਹੈ ਉਸ ਨੂੰ ਸੱਤਾਧਾਰੀ ਦਲ ਕਿਹਾ ਜਾਂਦਾ ਹੈ ਅਤੇ ਬਾਕੀ ਦੇ ਦਲਾਂ ਨੂੰ ਵਿਰੋਧੀ ਦਲ ਕਿਹਾ ਜਾਂਦਾ ਹੈ। ਲੋਕਤੰਤਰੀ ਸ਼ਾਸਨ ਪ੍ਰਨਾਲੀ ਵਿੱਚ ਵਿਰੋਧੀ ਦਲ ਦੀ ਮਹੱਤਤਾ ਸ਼ਾਸਿਤ ਦਲ ਨਾਲੋਂ ਘੱਟ ਨਹੀਂ ਹੁੰਦੀ। ਵਿਰੋਧੀ ਦਲ ਸਰਕਾਰ ਦੀਆਂ ਗਲਤ ਨੀਤੀਆਂ ਦੀ ਆਲੋਚਨਾ ਕਰਦਾ ਹੈ ਅਤੇ ਲੋਕਮੱਤ ਦਾ ਨਿਰਮਾਣ ਕਰਨ ਵਿੱਚ ਸਹਾਈ ਹੁੰਦਾ ਹੈ। ਲੋੜ ਪੈਣ ਤੇ ਵਿਰੋਧੀ ਦਲ ਬਦਲਵੀਂ ਸਰਕਾਰ ਦਾ ਗਠਨ ਕਰਦਾ ਹੈ ਅਤੇ ਦੇਸ ਨੂੰ ਰਾਜਨੀਤਿਕ ਸੰਕਟ ਤੋਂ ਬਚਾਉਂਦਾ ਹੈ। ਲੋਕਤੰਤਰ ਵਿੱਚ ਵਿਰੋਧੀ ਦਲ ਦੀ ਭੂਮਿਕਾ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਰਣਨ ਕੀਤਾ ਜਾ ਸਕਦਾ ਹੈ।

• **ਸਰਕਾਰ ਦੀ ਆਲੋਚਨਾ:-** ਵਿਰੋਧੀ ਦਲ ਦਾ ਮੁੱਖ ਕੰਮ ਸਰਕਾਰ ਦੀਆਂ ਗਲਤ ਨੀਤੀਆਂ ਤੇ ਕਾਰਜਾਂ ਦੀ ਆਲੋਚਨਾ ਕਰਨਾ ਹੈ ਜਿਨ੍ਹਾਂ ਨੂੰ ਇਹ ਲੋਕਾਂ ਦੇ ਹਿਤਾਂ ਦੇ ਵਿਰੁੱਧ ਸਮਝਦੀ ਹੈ। ਵਿਰੋਧੀ ਦਲ ਇਹ ਅਲੋਚਨਾ ਵਿਧਾਨ ਪਾਲਿਕਾ ਦੇ ਅੰਦਰ ਜਾਂ ਇਸ ਤੋਂ ਬਾਹਰ ਵੀ ਕਰ ਸਕਦਾ ਹੈ। ਵਿਰੋਧੀ ਦਲ ਦੇ ਮੈਂਬਰ ਮੰਤਰੀਆਂ ਤੋਂ ਪ੍ਰਸ਼ਨ ਪੁਛ ਕੇ ਜਾਂ ਪ੍ਰਸਤਾਵ ਪੇਸ਼ ਕਰਕੇ ਜਾਂ ਵਾਦ-ਵਿਵਾਦ ਦੁਆਰਾ ਸਰਕਾਰ ਦੀ ਆਲੋਚਨਾ ਕਰ ਸਕਦੇ ਹਨ। ਵਿਸ਼ਵਾਸ ਜਾਂ ਅਵਿਸ਼ਵਾਸ ਦੇ ਪ੍ਰਸਤਾਵ ਸਮੇਂ ਵਿਰੋਧੀ ਦਲ ਸਰਕਾਰ ਦੀ ਅਲੋਚਣਾ ਕਰ ਸਕਦਾ ਹੈ। ਇਥੇ ਇਹ ਵਰਣਨ ਯੋਗ ਹੈ ਕਿ ਵਿਰੋਧੀ ਦਲਾਂ ਨੂੰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੇਵਲ ਆਲੋਚਨਾ ਦੇ ਉਦੇਸ਼ ਨਾਲ ਹੀ ਨਹੀਂ ਕਰਨੀ ਚਾਹੀਦੀ ਸਗੋਂ ਆਲੋਚਨਾ ਦਾ ਮੰਤਵ ਸਰਕਾਰ ਦੀਆਂ ਨੀਤੀਆਂ ਦੇ ਦੋਸ਼ਾਂ ਅਤੇ ਸਰਕਾਰ ਦੀ ਦੋਸ਼ ਪੂਰਨ ਕਾਰਗੁਜਾਰੀ ਨੂੰ ਲੋਕਾਂ ਸਾਹਮਣੇ ਲਿਆਉਣਾ, ਹੋਣਾ ਚਾਹੀਦਾ ਹੈ। ਸੰਖੇਪ ਵਿੱਚ, ਸੱਤਾਧਾਰੀ ਦਲ ਨੂੰ ਸ਼ਾਸਨ ਸੁਚੱਜੇ ਢੰਗ ਨਾਲ ਚਲਾਉਣ ਲਈ ਵਿਰੋਧੀ ਦਲਾਂ ਵਲੋਂ ਸੁਝਾਅ ਦਿੱਤੇ ਜਾਂਦੇ ਹਨ ਅਤੇ ਕਈ ਵਾਰ ਇਹ ਸੁਝਾਅ ਮੰਨ ਵੀ ਲਏ ਜਾਂਦੇ ਹਨ।

• **ਸਰਕਾਰ ਨਾਲ ਸਹਿਯੋਗ:-** ਸ਼ਾਸਿਤ ਦਲ ਅਤੇ ਵਿਰੋਧੀ ਦਲਾਂ ਦੀਆਂ ਰਾਜਨੀਤਿਕ ਵਿਚਾਰਧਾਰਾਵਾਂ ਜਾਂ ਦ੍ਰਿਸ਼ਟੀਕੋਣ ਪ੍ਰਸਪਰ ਵਿਰੋਧੀ ਹੋ ਸਕਦੇ ਹਨ ਪਰ ਰਾਸ਼ਟਰੀ ਮਾਮਲਿਆਂ ਸੰਬੰਧੀ ਰਾਜਨੀਤਿਕ ਦਲਾਂ ਦੇ ਦ੍ਰਿਸ਼ਟੀਕੋਣ ਦੇਸ ਵਿਰੋਧੀ ਨਹੀਂ ਹੁੰਦੇ। ਸੱਤਾਧਾਰੀ ਦਲ ਦਾ ਇਹ ਰਾਸ਼ਟਰੀ ਫਰਜ਼ ਹੈ ਕਿ ਉਹ ਸਰਕਾਰ ਦੇ

ਸੰਚਾਲਨ ਸੰਬੰਧੀ ਸਮੇਂ-ਸਮੇਂ ਤੇ ਵਿਰੋਧੀ ਦਲਾਂ ਨਾਲ ਵਿਚਾਰ-ਵਟਾਂਦਰਾ ਕਰੇ ਤੇ ਰਾਸ਼ਟਰੀ ਸਮੱਸਿਆਵਾਂ ਸੰਬੰਧੀ ਉਨਾ ਦਾ ਸਹਿਯੋਗ ਪ੍ਰਾਪਤ ਕਰੇ। ਵਿਰੋਧੀ ਦਲਾਂ ਦਾ ਵੀ ਇਹ ਰਾਸ਼ਟਰੀ ਫਰਜ ਹੈ ਕਿ ਉਹ ਸਰਕਾਰ ਨਾਲ ਰਚਨਾਤਮ ਸਹਿਯੋਗ ਕਰਨ ਅਤੇ ਮਹੱਤਵਪੂਰਨ ਰਾਸ਼ਟਰੀ ਮਾਮਲਿਆਂ ਸੰਬੰਧੀ ਆਪਣੀ ਸਾਕਾਰਾਤਮਕ ਰਾਈ ਸਮੇਂ-ਸਮੇਂ ਤੇ ਸਰਕਾਰ ਨੂੰ ਦਿੰਦੇ ਰਹਿਣ।

• **ਲੋਕਾਂ ਨੂੰ ਰਾਜਨੀਤਿਕ ਸਿਖਿਆ:-** ਲੋਕਤੰਤਰ ਦੀ ਸਫਲਤਾ ਲੋਕਾਂ ਦੀ ਰਾਜਨੀਤਿਕ ਜਾਗਰਤੀ 'ਤੇ ਨਿਰਭਰ ਕਰਦੀ ਹੈ। ਲੋਕਾਂ ਨੂੰ ਰਾਜਨੀਤਿਕ ਤੌਰ 'ਤੇ ਸਿਖਿਅਤ ਕਰਨ ਦਾ ਸਰਵ ਉੱਤਮ ਸਾਧਨ ਰਾਜਨੀਤਿਕ ਦਲ ਹੀ ਹਨ। ਵਿਰੋਧੀ ਦਲ ਸਭਾਵਾਂ ਗੋਸ਼ਟੀਆਂ, ਪ੍ਰਚਾਰ ਅਤੇ ਪ੍ਰੈਸ ਰਾਹੀਂ ਲੋਕਾਂ ਨੂੰ ਸਰਵਜਨਕ ਮਾਮਲਿਆਂ ਸੰਬੰਧੀ ਜਾਣਕਾਰੀ ਦੇ ਕੇ ਲੋਕਾਂ ਅੰਦਰ ਰਾਜਨੀਤਿਕ ਚੇਤੰਨਤਾ ਪੈਦਾ ਕਰਦੇ ਹਨ ਅਤੇ ਲੋਕਾਂ ਨੂੰ ਸਰਕਾਰ ਤੇ ਸ਼ਾਸ਼ਨ ਸੰਬੰਧੀ ਕੰਮਾਂ ਪ੍ਰਤੀ ਸੁਚੇਤ ਕਰਦੇ ਹਨ। ਵਿਰੋਧੀ ਦਲ ਦੀ ਅਜਿਹੀ ਭੂਮਿਕਾ ਦੁਆਰਾ ਲੋਕਾਂ ਨੂੰ ਰਾਜਨੀਤਿਕ ਸਿਖਿਆ ਮਿਲਦੀ ਹੈ।

**ਲੋਕ-ਮੱਤ ਦਾ ਨਿਰਮਾਣ:-** ਦੇਸ਼ ਦੀਆਂ ਵੱਖ-ਵੱਖ ਸਮਸਿਆਵਾਂ ਅਤੇ ਉਨਾਂ ਦੇ ਹੱਲ ਸੰਬੰਧੀ ਲੋਕਾਂ ਦੇ ਵਿਚਾਰ ਇਕੋ ਜਿਹੇ ਨਹੀਂ ਹੁੰਦੇ। ਸਧਾਰਣ ਲੋਕ ਇਨ੍ਹਾਂ ਨੂੰ ਸਮਝਣ ਵਿੱਚ ਅਸਮਰੱਥ ਹੁੰਦੇ ਹਨ। ਵਿਰੋਧੀ ਦਲ ਇਨ੍ਹਾਂ ਸਮਸਿਆਵਾਂ ਦੇ ਹੱਲ ਸੰਬੰਧੀ ਲੋਕਾਂ ਵਿੱਚ ਇਕ ਮੱਤ ਨੂੰ ਵਿਕਸਿਤ ਕਰਨ ਵਿੱਚ ਸਹਾਈ ਹੁੰਦੇ ਹਨ।

ਵਿਰੋਧੀ ਦਲ ਸਰਕਾਰ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਦੀ ਰਚਨਾਤਮਕ ਆਲੋਚਨਾ ਕਰਕੇ ਲੋਕਮਤ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦੇ ਹਨ। ਸੰਖੇਪ ਵਿੱਚ ਵਿਰੋਧੀ ਦਲ ਸਵੱਸਥ ਲੋਕਮਤ ਦਾ ਨਿਰਮਾਣ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

• **ਸਰਕਾਰ ਨੂੰ ਨਿਰੰਕੁਸ਼ ਬਣਨ ਤੋਂ ਰੋਕਣਾ:-** ਵਿਰੋਧੀ ਦਲ ਸਰਕਾਰ ਨੂੰ ਸੱਤਾ ਦਾ ਦੁਰਉਪਯੋਗ ਕਰਨ ਤੋਂ ਰੋਕਦੇ ਹਨ। ਵਿਧਾਨ ਮੰਡਲ ਅਤੇ ਇਸ ਤੋਂ ਬਾਹਰ ਵਿਰੋਧੀ ਦਲ ਸਰਕਾਰ ਦੀ ਆਲੋਚਨਾ ਕਰਕੇ ਇਸ ਦੀਆਂ ਨਿਰੰਕੁਸ਼ ਸ਼ਕਤੀਆਂ 'ਤੇ ਬੰਧਨ ਲਗਾਉਂਦਾ ਹੈ।

• **ਜਨਤਕ ਸ਼ਿਕਾਇਤਾਂ ਨੂੰ ਪ੍ਰਗਟ ਕਰਨਾ:-** ਜਨਤਾ ਨੂੰ ਸ਼ਾਸਨ ਸਬੰਧੀ ਕਈ ਪ੍ਰਕਾਰ ਦੀਆਂ ਸ਼ਿਕਾਇਤਾਂ ਹੁੰਦੀਆਂ ਹਨ। ਵਿਰੋਧੀ ਦਲ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਸਰਕਾਰ ਤਕ ਪਹੁੰਚਾਉਂਦੇ ਹਨ। ਸ਼ਿਕਾਇਤਾਂ ਨੂੰ ਦੂਰ ਕਰਨ ਲਈ ਵਿਰੋਧੀ ਦਲ ਸਰਕਾਰ 'ਤੇ ਦੱਬਾਅ ਪਾਉਂਦੇ ਹਨ। ਇਸ ਪ੍ਰਕਾਰ ਵਿਰੋਧੀ ਦੱਲ ਲੋਕਾਂ ਦੀਆਂ ਸ਼ਿਕਾਇਤਾਂ ਹੱਲ ਕਰਨ ਵਿੱਚ ਸਹਾਈ ਹੁੰਦੇ ਹਨ।

• **ਵਿਧਾਨਿਕ ਕੰਮਾਂ ਵਿੱਚ ਭੂਮਿਕਾ:-** ਵਿਧਾਨਿਕ ਕੰਮਾਂ ਵਿੱਚ ਵਿਰੋਧੀ ਦਲ ਮਹੱਤਵ ਪੂਰਨ ਭੂਮਿਕਾ ਨਿਭਾਉਂਦੇ ਹਨ। ਵਿਰੋਧੀ ਦਲ ਦੇ ਮੈਂਬਰ ਕਿਸੇ ਕਨੂੰਨ ਦੀ ਲੋੜ ਅਤੇ ਉਚਿਤਤਾ ਸੰਬੰਧੀ ਸ਼ਾਸਕ ਦਲ ਨੂੰ ਸੁਚੇਤ ਕਰਦੇ ਹਨ। ਸੰਸਦ ਵਿੱਚ ਪੇਸ਼ ਹੋਏ ਬਿਲਾਂ ਦੀ ਛਾਣਬੀਣ ਕਰਨ ਲਈ ਸੰਸਦੀ ਸਮਿਤੀਆਂ ਨਿਯੁੱਕਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਸਮਿਤੀਆਂ ਵਿੱਚ ਵਿਰੋਧ ਦਲਾਂ ਦੇ ਮੈਂਬਰ ਬਿਲਾਂ ਦੀ ਛਾਣਬੀਣ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ।

• **ਬਦਲਵੀਂ ਸਰਕਾਰ ਦਾ ਪ੍ਰਬੰਧ:-** ਵਿਰੋਧੀ ਦਲ ਰਾਜਨੀਤਿਕ ਸੰਕਟ ਆਉਣ ਜਾਂ ਸ਼ਾਸਕ ਦਲ ਦੁਆਰਾ ਤਿਆਗ ਪੱਤਰ ਦੇਣ ਕਾਰਨ ਬਦਲਵੀਂ ਸਰਕਾਰ ਦਾ ਨਿਰਮਾਣ ਕਰਨ ਦੀ ਭੂਮਿਕਾ ਨਿਭਾਉਂਦਾ ਹੈ। ਜਦੋਂ ਸੱਤਾਧਾਰੀ ਦਲ ਆਪਣਾ ਬਹੁਮੱਤ ਬੈਠੇ ਤਾਂ ਉਸ ਨੂੰ ਤਿਆਗ ਪੱਤਰ ਦੇਣਾ ਪੈਂਦਾ ਹੈ। ਅਜਿਹੀ

ਸਥਿਤੀ ਵਿੱਚ ਰਾਜ ਦਾ ਮੁੱਖੀ ਵਿਰੋਧੀ ਧਿਰ ਦੇ ਨੇਤਾ ਨੂੰ ਸਰਕਾਰ ਬਣਾਉਣ ਦਾ ਸਦਾ ਦਿੰਦਾ ਹੈ। ਜੇਕਰ ਵਿਰੋਧੀ ਦਲ ਦਾ ਨੇਤਾ ਬਹੁਮਤ ਹਾਸਲ ਕਰ ਲਵੇ ਤਾਂ ਉਹ ਸਰਕਾਰ ਬਣਾ ਲੈਂਦਾ ਹੈ। ਜੇਕਰ ਉਹ ਬਹੁਮਤ ਪ੍ਰਾਪਤ ਨਹੀ ਕਰ ਸਕਦਾ ਤਾਂ ਦੇਸ਼ ਵਿੱਚ ਨਵੀਆਂ ਚੋਣਾਂ ਕਰਵਾ ਕੇ ਨਵੀਂ ਸਰਕਾਰ ਬਣਾਈ ਜਾਂਦੀ ਹੈ।

ਭਾਰਤ ਵਿੱਚ ਵਿਰੋਧੀ ਦਲ ਕੁਝ ਸਾਲਾਂ ਤੋਂ ਆਪਣੀ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਪਰ ਇਸ ਸਮੇਂ ਕਿਸੇ ਸੰਗਠਤ ਵਿਰੋਧੀ ਦਲ ਦੀ ਘਾਟ ਕਾਰਨ ਸਾਡੇ ਦੇਸ਼ ਵਿੱਚ ਸਹਿਕਾਰੀ ਧਾਰਨਾ ਨੇ ਜਨਮ ਲਿਆ ਹੈ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਇੱਕ ਸ਼ਬਦ (1-15 ਸ਼ਬਦਾਂ) ਵਿੱਚ ਦਿਓ:-**

1. ਲੋਕਤੰਤਰ ਤੋਂ ਤੁਸੀਂ ਕੀ ਸਮਝਦੇ ਹੋ?
2. ਭਾਰਤੀ ਲੋਕਤੰਤਰ ਦੀ ਇੱਕ ਵਿਸ਼ੇਸ਼ਤਾ ਦੱਸੋ।
3. ਚੋਣ ਵਿਧੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ?
4. ਲੋਕਮਤ ਤੋਂ ਤੁਹਾਡਾ ਕੀ ਭਾਵ ਹੈ?
5. ਭਾਰਤੀ ਰਾਸ਼ਟਰੀ ਕਾਂਗਰਸ ਦਾ ਜਨਮ ਕਦੋਂ ਅਤੇ ਕਿਸ ਦੀ ਅਗਵਾਈ ਹੇਠ ਹੋਇਆ?

**(ਅ) ਹੇਠ ਲਿਖਿਆਂ ਉੱਤੇ 50-60 ਸ਼ਬਦਾਂ ਵਿੱਚ ਲਿਖੋ:-**

(ੳ) ਭਾਰਤ ਵਿੱਚ ਧਰਮ ਨਿਰਪੱਖਤਾ

(ਅ) ਸ਼੍ਰੋਮਣੀ ਅਕਾਲੀ ਦਲ ਦੀ ਪ੍ਰਮੁੱਖ ਵਿਚਾਰਧਾਰਾ

(ੲ) ਭਾਰਤ ਦੇ ਕਿਸੇ ਇੱਕ ਰਾਸ਼ਟਰੀ ਦਲ ਤੇ ਸੰਖੇਪ ਨੋਟ ਲਿਖੋ।

(ਸ) ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਚਾਰਧਾਰਾ

(ਹ) ਭਾਰਤੀ ਜਨਤਾ ਪਾਰਟੀ ਦੀ ਮੂਲ ਵਿਚਾਰਧਾਰਾ

**(ੲ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ:-**

1. ਲੋਕਤੰਤਰ ਦੀ ਚੋਣ ਵਿਧੀ ਪ੍ਰਕਿਰਿਆ ਦਾ ਸੰਖੇਪ ਵੇਰਵਾ ਦਿਓ।
2. ਲੋਕ-ਮੱਤ ਦੀ ਭੂਮਿਕਾ ਦੱਸੋ।

**(ਸ) ਹੇਠ ਲਿਖਿਆਂ ਦੇ ਬਾਰੇ 50-60 ਸ਼ਬਦਾਂ ਵਿੱਚ ਵਿਚਾਰ ਪ੍ਰਗਟ ਕਰੋ:-**

(ੳ) ਸ਼੍ਰੋਮਣੀ ਅਕਾਲੀ ਦਲ ਦੇ ਮੂਲ ਮੰਤਵ

(ਅ) ਭਾਰਤੀ ਜਨਤਾ ਪਾਰਟੀ ਦੀ ਸਥਾਪਨਾ 'ਤੇ ਨੋਟ ਲਿਖੋ।

(ੲ) ਭਾਰਤੀ ਰਾਸ਼ਟਰੀ ਕਾਂਗਰਸ ਦੀ ਵਿਦੇਸ਼ ਨੀਤੀ ਤੇ ਨੋਟ ਲਿਖੋ।

(ਸ) ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਤੇ ਨੋਟ ਲਿਖੋ।

(ਹ) ਵਿਰੋਧੀ ਦਲ ਦੀ ਭੂਮਿਕਾ

(ਕ) ਲੋਕਤੰਤਰ ਨੂੰ ਸਫਲ ਬਣਾਉਣ ਦੀਆਂ ਸ਼ਰਤਾਂ

(ਖ) ਭਾਰਤੀ ਲੋਕਤੰਤਰ ਦੀਆਂ ਮਹੱਤਵਪੂਰਨ ਵਿਸ਼ੇਸ਼ਤਾਵਾਂ

*****

## ਪਾਠ-14

# ਭਾਰਤ ਦੀ ਵਿਦੇਸ਼ ਨੀਤੀ ਅਤੇ ਸੰਯੁਕਤ ਰਾਸ਼ਟਰ

## (INDIA'S FOREIGN POLICY AND UNITED NATION)

ਹਰੇਕ ਦੇਸ ਦੀ ਵਿਦੇਸ਼ ਨੀਤੀ ਦੇ ਕੁਝ ਸਿਧਾਂਤ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਇਹ ਵਿਸ਼ੇਸ਼ਤਾਵਾਂ ਅਤੇ ਸਿਧਾਂਤ ਹਮੇਸ਼ਾ ਲਈ ਇਕੋ ਜਿਹੇ ਨਹੀਂ ਰਹਿੰਦੇ। ਘਰੇਲੂ ਅਤੇ ਅੰਤਰਰਾਸ਼ਟਰੀ ਵਾਤਾਵਰਨ ਵਿੱਚ ਪ੍ਰੀਵਰਤਨ ਆਉਣ ਨਾਲ ਬਦਲਦੇ ਰਹਿੰਦੇ ਹਨ। ਹਰੇਕ ਦੇਸ ਦੀ ਕੋਸ਼ਿਸ਼ ਹੁੰਦੀ ਹੈ ਕਿ ਆਪਣੀ ਵਿਦੇਸ ਨੀਤੀ ਨੂੰ ਘਰੇਲੂ ਅਤੇ ਅੰਤਰਰਾਸ਼ਟਰੀ ਪ੍ਰਸਥਿਤੀਆਂ ਅਨੁਸਾਰ ਅਨੁਕੂਲ ਬਣਾਇਆ ਜਾਵੇ। ਭਾਰਤ ਦੀ ਵਰਤਮਾਨ ਵਿਦੇਸ ਨੀਤੀ ਦੇ ਬਾਨੀ (Founder) ਪੰਡਿਤ ਜਵਾਹਰ ਲਾਲ ਨਹਿਰੂ ਸਨ। ਉਨ੍ਹਾਂ ਨੇ ਦੇਸ ਦੇ ਹਿੱਤਾਂ, ਪ੍ਰਸਥਿਤੀਆਂ ਅਤੇ ਅੰਤਰਰਾਸ਼ਟਰੀ ਵਾਤਾਵਰਨ ਨੂੰ ਧਿਆਨ ਵਿੱਚ ਰਖਦੇ ਹੋਏ ਦੇਸ ਦੀ ਵਿਦੇਸ਼ ਨੀਤੀ ਦਾ ਨਿਰਮਾਣ ਕੀਤਾ ਸੀ। ਪੰਡਿਤ ਨਹਿਰੂ ਦੁਆਰਾ ਸਥਾਪਿਤ ਵਿਦੇਸ਼ ਨੀਤੀ ਨੂੰ ਅੱਜ ਤਕ ਕਾਇਮ ਰਖਣ ਦਾ ਯਤਨ ਕੀਤਾ ਗਿਆ ਹੈ। ਭਾਰਤ ਦੀ ਵਿਦੇਸ਼ ਨੀਤੀ ਦੇ ਮੁੱਖ ਸਿਧਾਂਤਾਂ ਅਤੇ ਵਿਸ਼ੇਸ਼ਤਾਵਾਂ ਨੂੰ ਹੇਠ ਲਿਖੇ ਸਿਰਲੇਖਾਂ ਅਧੀਨ ਵਰਨਣ ਕੀਤਾ ਜਾ ਸਕਦਾ ਹੈ:

1. **ਗੁੱਟ ਨਿਰਲੇਪਤਾ:—** ਭਾਰਤ ਨੇ ਗੁੱਟ ਨਿਰਲੇਪਤਾ ਨੂੰ ਆਪਣੀ ਵਿਦੇਸ ਨੀਤੀ ਦਾ ਬੁਨਿਆਦੀ ਸਿਧਾਂਤ ਬਣਾਇਆ ਹੈ। ਜਦੋਂ ਭਾਰਤ ਅਜਾਦ ਹੋਇਆ ਤਾਂ ਸਾਰਾ ਸੰਸਾਰ ਦੋ ਗੁਟਾਂ ਵਿੱਚ ਵੰਡਿਆ ਹੋਇਆ ਸੀ-ਰੂਸ ਅਤੇ ਐਂਗਲੋਂ ਅਮਰੀਕਨ ਗੁਟ। ਭਾਰਤ ਦੀ ਵਿਦੇਸ ਨੀਤੀ ਦੇ ਨਿਰਮਾਤਾ ਪੰਡਿਤ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਰਾਸ਼ਟਰ ਦਾ ਨਿਰਮਾਣ ਕਰਨ ਲਈ ਭਾਰਤ ਨੂੰ ਸ਼ਕਤੀ ਗੁਟਾਂ ਦੇ ਸੰਘਰਸ਼ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਲਈ ਪੰਡਿਤ ਨਹਿਰੂ ਨੇ ਗੁੱਟ-ਨਿਰਲੇਪਤਾ ਦੀ ਨੀਤੀ ਨੂੰ ਅਪਨਾਇਆ। ਗੁੱਟ-ਨਿਰਲੇਪਤਾ ਦਾ ਅਰਥ ਹੈ ਕਿ ਪ੍ਰਤਿਯੋਗੀ ਸ਼ਕਤੀ ਗੁਟਾਂ ਤੋਂ ਜਾਣ ਬੁਝ ਕੇ ਦੂਰ ਰਹਿਣਾ, ਕਿਸੇ ਦੇਸ ਪ੍ਰਤੀ ਵੈਰ-ਵਿਰੋਧ ਦੀ ਭਾਵਨਾ ਨਾ ਰਖਣਾ ਅਤੇ ਅੰਤਰਰਾਸ਼ਟਰੀ ਸਮਸਿਆਵਾਂ ਨੂੰ ਗੁਣ ਦੇ ਅਧਾਰ 'ਤੇ ਨਿਰਣਾ ਕਰਨ ਅਤੇ ਸੁਤੰਤਰ ਨੀਤੀ ਨੂੰ ਅਪਨਾਉਣ। ਭਾਰਤ ਦੇ ਯਤਨਾ ਦੁਆਰਾ ਹੀ ਗੁਟ ਨਿਰਲੇਪਤਾ ਅੰਦੋਲਨ, ਸਮੁੱਚੇ ਵਿਸ਼ਵ ਵਿੱਚ ਇੱਕ ਸ਼ਕਤੀਸ਼ਾਲੀ ਦੇ ਪ੍ਰਭਾਵਸ਼ਾਲੀ ਅੰਦੋਲਨ ਬਣ ਗਿਆ ਹੈ।

2. **ਪੰਚਸ਼ੀਲ ਵਿੱਚ ਵਿਸ਼ਵਾਸ:—** ਭਾਰਤ ਦੇ ਪ੍ਰਧਾਨ ਮੰਤਰੀ, ਪੰਡਤ ਨਹਿਰੂ ਅਤੇ ਚੀਨ ਦੇ ਪ੍ਰਧਾਨ ਮੰਤਰੀ ਚਾਓ-ਏਨ-ਲਾਈ ਦੇ ਸਾਂਝੇ ਬਿਆਨ ਦੁਆਰਾ ਤਿੱਬਤ ਦੇ ਖੇਤਰ ਸੰਬੰਧੀ ਸਮਝੌਤੇ ਦੇ ਅਧਾਰ 'ਤੇ 29 ਅਪ੍ਰੈਲ, 1954 ਨੂੰ ਪੰਜ ਸਿਧਾਂਤਾਂ ਨੂੰ ਅਪਨਾਇਆ ਗਿਆ। ਇਨ੍ਹਾਂ ਸਿਧਾਂਤਾਂ ਨੂੰ ਪੰਚਸ਼ੀਲ ਕਿਹਾ ਗਿਆ। ਇਹ ਪੰਜ ਸਿਧਾਂਤ ਇਸ ਪ੍ਰਕਾਰ ਹਨ:

(1) ਪ੍ਰਸਪਰ ਦੇਸਾਂ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਸਨਮਾਨ।

(2) ਪ੍ਰਸਪਰ ਹਮਲਾ ਨਾ ਕਰਨਾ।

(3) ਇਕ ਦੂਜੇ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਾ ਦੇਣਾ

(4) ਸਮਾਨਤਾ ਅਤੇ ਸਹਿਯੋਗ।

(5) ਸ਼ਾਂਤਮਈ ਸਹਿਹੋਂਦ।

ਪੰਚਸ਼ੀਲ ਸਿਧਾਂਤਾ ਦੀ ਮਹੱਤਤਾ ਦਸਦੇ ਹੋਏ ਪੰ. ਨਹਿਰੂ ਨੇ ਕਿਹਾ ਸੀ ਕਿ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰਨ ਨਾਲ ਸਥਾਈ ਰੂਪ ਵਿੱਚ ਵਿਸ਼ਵਸ਼ਾਂਤੀ ਸਥਾਪਿਤ ਹੋ ਸਕਦੀ ਹੈ। ਇਸ ਲਈ ਉਨ੍ਹਾਂ ਨੇ ਸੰਸਾਰ ਦੇ ਸਾਰੇ ਦੇਸ਼ਾਂ ਨੂੰ ਇਨ੍ਹਾਂ ਸਿਧਾਂਤਾਂ ਦੀ ਪਾਲਣਾ ਕਰ ਲਈ ਉਤਸ਼ਾਹਿਤ ਕੀਤਾ। 14 ਦਸੰਬਰ 1959 ਨੂੰ 82 ਦੇਸ਼ਾਂ ਦੇ ਸੰਯੁਕਤ ਰਾਸ਼ਟਰ ਸੰਘ ਦੀ ਮਹਾਂ ਸਭਾ ਵਿੱਚ ਇਨ੍ਹਾਂ ਸਿਧਾਂਤਾਂ ਨੂੰ ਮਾਨਤਾ ਦਿੱਤੀ। ਜਿਸ ਦੇ ਸਿੱਟੇ ਵਜੋਂ ਪੰਚਸ਼ੀਲ ਸਿਧਾਂਤਾਂ ਨੂੰ ਸੰਪੂਰਣ ਵਿਸ਼ਵ ਦੀ ਮਾਨਤਾ ਪ੍ਰਾਪਤ ਹੋ ਗਈ।

3. **ਸੰਯੁਕਤ ਰਾਸ਼ਟਰ ਵਿੱਚ ਪੂਰਨ ਵਿਸ਼ਵਾਸ** :— ਭਾਰਤ ਨੂੰ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਵਿੱਚ ਪੂਰਨ ਵਿਸ਼ਵਾਸ ਹੈ। ਸੰਯੁਕਤ ਰਾਸ਼ਟਰ ਸੰਘ ਨੂੰ ਹਰ ਸੰਭਵ ਤਰੀਕੇ ਨਾਲ ਪ੍ਰਭਾਵਸ਼ਾਲੀ ਬਣਾਉਣਾ ਭਾਰਤ ਦੀ ਵਿਦੇਸ਼ ਨੀਤੀ ਦਾ ਮੁੱਖ ਸਿਧਾਂਤ ਰਿਹਾ ਹੈ। ਭਾਰਤ ਵੱਖ-ਵੱਖ ਦੇਸ਼ਾਂ ਵਿਚਕਾਰ ਪੈਦਾ ਹੋਏ ਝਗੜਿਆਂ ਅਤੇ ਸਮਸਿਆਵਾਂ ਦਾ ਹੱਲ ਸੰਯੁਕਤ ਰਾਸ਼ਟਰ ਦੁਆਰਾ ਕਰਨ ਵਿੱਚ ਵਿਸ਼ਵਾਸ ਰਖਦਾ ਹੈ। ਇਸ ਦੇ ਵਿਸ਼ਵਸ਼ਾਂਤੀ ਨੂੰ ਕਾਇਮ ਰਖਣ ਸੰਬੰਧੀ ਕੰਮਾਂ ਨੂੰ ਅਮਲ ਵਿੱਚ ਲਿਆਉਣ ਲਈ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਹੀ ਹੈ, ਭਾਰਤ ਸੰਯੁਕਤ ਰਾਸ਼ਟਰ ਨੂੰ ਹਰ ਸੰਭਵ ਸਹਾਇਤਾ ਅਤੇ ਸਹਿਯੋਗ ਦੇਣ ਲਈ ਵਚਨਬੱਧ ਹੈ।

4. **ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀ ਵਿਰੋਧਤਾ**:— ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀ ਵਿਰੋਧਤਾ ਕਰਨੀ ਭਾਰਤੀ ਵਿਦੇਸ਼ ਨੀਤੀ ਦਾ ਮੁੱਖ ਸਿਧਾਂਤ ਹੈ। ਭਾਰਤ ਆਪ ਲੰਮੇ ਸਮੇਂ ਤੱਕ ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦਾ ਸ਼ਿਕਾਰ ਰਿਹਾ ਹੈ। ਇਸ ਲਈ ਭਾਰਤ ਦਾ ਦ੍ਰਿੜ ਵਿਸ਼ਵਾਸ ਹੈ ਕਿ ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਨੂੰ ਸਮਾਪਤ ਕੀਤੇ ਬਿਨਾਂ ਵਿਸ਼ਵਸ਼ਾਂਤੀ ਦੀ ਸਥਾਪਨਾ ਨਹੀਂ ਕੀਤੀ ਜਾ ਸਕਦੀ। ਭਾਰਤ ਨੇ ਹਮੇਸ਼ਾ ਹੀ ਸਾਮਰਾਜਵਾਦੀ ਅਤੇ ਉਪਨਿਵੇਸ਼ਕ ਗਤੀਵਿਧੀਆਂ ਦੀ ਰੁਚੀ ਦੀ ਵਿਰੋਧਤਾ ਕੀਤੀ ਹੈ। ਉਨ੍ਹਾਂ ਦੇਸ਼ਾਂ ਪ੍ਰਤੀ ਭਾਰਤ ਦੀ ਹਮਦਰਦੀ ਰਹੀ ਹੈ ਜਿਨ੍ਹਾਂ ਨੇ ਆਪਣੇ ਆਪ ਨੂੰ ਸਾਮਰਾਜਵਾਦ ਅਤੇ ਉਪਨਿਵੇਸ਼ਵਾਦ ਦੀਆਂ ਜੰਜੀਰਾਂ ਨੂੰ ਤੋੜ ਕੇ ਅਜਾਦ ਹੋਣ ਲਈ ਸੰਘਰਸ਼ ਕੀਤਾ ਹੈ।

5. **ਨਸਲਵਾਦ ਦਾ ਵਿਰੋਧ**:— ਭਾਰਤ ਦੀ ਜਨਤਾ ਅਤੇ ਇਸ ਦੇ ਨੇਤਾ ਨਸਲੀ ਵਿਤਕਰੇ ਦੇ ਸ਼ਿਕਾਰ ਰਹੇ ਹਨ। ਇਸ ਲਈ ਅਜਾਦੀ ਪ੍ਰਾਪਤੀ ਤੋਂ ਬਾਅਦ ਭਾਰਤ ਦੇ ਨਸਲੀ ਅਤੇ ਰੰਗ-ਭੇਦ ਦੀ ਨੀਤੀ ਦੀ ਅੰਤਰ-ਰਾਸ਼ਟਰੀ ਪੱਧਰ ਅਤੇ ਸੰਯੁਕਤ ਰਾਸ਼ਟਰ ਵਿੱਚ ਹਮੇਸ਼ਾ ਵਿਰੋਧਤਾ ਕੀਤੀ ਹੈ। ਆਪਣੀ ਇਸ ਨੀਤੀ ਦੇ ਕਾਰਨ ਹੀ ਭਾਰਤ ਨੇ ਰੁਡੇਸ਼ੀਆ ਦੱਖਣੀ ਅਫਰੀਕਾ ਅਤੇ ਅਮਰੀਕਾ ਵਿੱਚ ਨਸਲੀ ਅਤੇ ਰੰਗ ਭੇਦ ਦੇ ਅਧਾਰ 'ਤੇ ਕੀਤੇ ਜਾਣ ਵਾਲੇ ਵਿੱਤਕਰੇ ਦੀ ਵਿਰੋਧਤਾ ਕੀਤੀ ਹੈ। ਭਾਰਤ ਅਨੁਸਾਰ ਰੰਗ-ਭੇਦ ਦੀ ਨੀਤੀ ਅਤੇ ਨਸਲੀ ਵਿੱਤਕਰੇ ਦੀ ਹੋਂਦ ਨਾ ਕੇਵਲ ਲੋਕਾਂ ਦੀ ਸੁਤੰਤਰਤਾ ਨੂੰ ਨਸ਼ਟ ਕਰਦੀ ਹੈ, ਸਗੋਂ ਮਨੁੱਖਤਾ ਵਿਰੋਧੀ ਹੈ।

6. **ਨਿਸ਼ਸਤਰੀਕਰਨ ਦਾ ਸਮਰਥਨ**:— ਭਾਰਤ ਹਮੇਸ਼ਾ ਸ਼ਾਂਤੀ ਪਸੰਦ ਦੇਸ ਰਿਹਾ ਹੈ। ਭਾਰਤ ਹਥਿਆਰਬੰਦੀ ਅਤੇ ਸੈਨਿਕ ਸ਼ਕਤੀ ਨੂੰ ਵਿਸ਼ਵਸ਼ਾਂਤੀ ਲਈ ਭਾਰੀ ਖਤਰਾ ਸਮਝਦਾ ਹੈ। ਇਸ ਲਈ ਸਮੁੱਚੀ ਮਾਨਵਤਾ ਦੀ ਰੱਖਿਆ ਅਤੇ ਵਿਸ਼ਵਸ਼ਾਂਤੀ ਲਈ ਜ਼ਰੂਰੀ ਹੈ ਕਿ ਹਥਿਆਰਾਂ ਦੀ ਦੌੜ ਨੂੰ ਘਟਾਇਆ ਜਾਵੇ। ਭਾਰਤ ਸ਼ੁਰੂ ਤੋਂ ਹੀ ਮਾਰੂ ਹਥਿਆਰਾਂ ਦੀ ਦੌੜ ਦੀ ਵਿਰੋਧਤਾ ਕਰਦਾ ਆ ਰਿਹਾ ਹੈ। ਇਹੀ ਕਾਰਨ ਹੈ ਕਿ ਨਿਸ਼ਸਤ੍ਰੀਕਰਨ ਭਾਰਤ ਦੀ ਵਿਦੇਸ਼ ਨੀਤੀ ਦਾ ਇਕ ਮੂਲ ਸਿਧਾਂਤ ਰਿਹਾ ਹੈ। ਵਰਤਮਾਨ ਸਮੇਂ ਵਿੱਚ ਭਾਰਤ ਦੀ ਇਸ ਸਿਧਾਂਤ ਸੰਬੰਧੀ ਸੋਚ ਦੀ ਝਲਕ ਮਿਲਦੀ ਹੈ।

7. **ਖੇਤਰੀ ਸਹਿਯੋਗ ਵਿੱਚ ਵਿਸ਼ਵਾਸ**:— ਭਾਰਤ ਸਦਾ ਤੋਂ ਹੀ ਆਪਣੇ ਗੁਆਂਢੀ ਦੇਸ਼ਾਂ ਨਾਲ ਮਿੱਤਰਤਾ ਵਾਲੇ ਸੰਬੰਧ ਸਥਾਪਿਤ ਕਰਨ ਲਈ ਚਾਹਵਾਨ ਰਿਹਾ ਹੈ। ਭਾਰਤ ਨੇ ਪਾਕਿਸਤਾਨ, ਨੇਪਾਲ, ਭੂਟਾਨ,

ਬੰਗਲਾ ਦੇਸ਼, ਸ੍ਰੀ ਲੰਕਾ ਅਤੇ ਮਾਲਦੀਵ ਆਦਿ ਗੁਆਂਢੀ ਦੇਸਾਂ ਨਾਲ ਖੇਤਰੀ ਸਹਿਯੋਗ, ਮਿੱਤਰਤਾ, ਸਦਭਾਵਨਾ, ਆਤਮ-ਨਿਰਭਰਤਾ ਅਤੇ ਸਮਾਜਿਕ ਤੇ ਆਰਥਿਕ ਵਿਕਾਸ ਕਰਨ ਲਈ 7 ਦਸੰਬਰ 1985 ਨੂੰ ਦਖੱਣੀ ਏਸ਼ੀਆ ਖੇਤਰੀ ਸਹਿਯੋਗ ਸੰਗਠਨ ਜਿਸ ਨੂੰ ਸਾਰਕ ਕਿਹਾ ਜਾਂਦਾ ਹੈ, ਦੀ ਰਸਮੀ ਤੌਰ ਤੇ ਸਥਾਪਨਾ ਕੀਤੀ ਗਈ। ਸੰਖੇਪ ਵਿੱਚ ਭਾਰਤ ਦੀ ਵਿਦੇਸ਼ ਨੀਤੀ ਗੁਆਂਢੀ ਦੇਸਾਂ ਅਤੇ ਖੇਤਰੀ ਸਹਿਯੋਗ ਤੇ ਅਧਾਰਿਤ ਹੈ।

8. **ਭਾਰਤੀ ਦੀ ਪਰਮਾਣੂ ਨੀਤੀ:—** ਪਰਮਾਣੂ ਸ਼ਕਤੀ ਦੀ ਰਚਨਾਤੱਮਕ ਕੰਮਾਂ ਅਤੇ ਸ਼ਾਂਤੀਪੂਨ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤੋਂ ਕਰਨਾ ਭਾਰਤ ਦੀ ਪਰਮਾਣੂ ਨੀਤੀ ਦਾ ਅੰਰਭ ਤੋਂ ਹੀ ਅਧਾਰ ਰਿਹਾ ਹੈ। ਭਾਰਤ ਨੇਂ ਪਰਮਾਣੂ ਸ਼ਕਤੀ ਦੀ ਵਰਤੋਂ ਦਾ ਵਿਨਾਸ਼ਕਾਰੀ ਮੰਤਵਾਂ ਲਈ ਹਮੇਸ਼ਾ ਵਿਰੋਧ ਕੀਤਾ ਹੈ।

ਭਾਰਤ ਨੇ ਆਪਣੀ ਪਰਮਾਣੂ ਨੀਤੀ ਬਾਰੇ ਅੰਤਰ-ਰਾਸ਼ਟਰੀ ਮੰਚਾਂ ਉੱਤੇ ਕਈ ਵਾਰੀ ਇਹ ਘੋਸ਼ਣਾ ਕੀਤੀ ਹੈ ਕਿ ਭਾਰਤ ਪਰਮਾਣੂ ਹਥਿਆਰ ਬਣਾਉਣ ਦੇ ਵਿਰੁੱਧ ਹੈ ਪਰ ਆਪਣੀ ਸੁਰੱਖਿਆ ਨੂੰ ਮੁੱਖ ਰਖਦੇ ਹੋਏ ਭਾਰਤ ਆਪਣੀ ਪਰਮਾਣੂ ਨੀਤੀ ਵਿੱਚ ਪਰਿਵਰਤਨ ਵੀ ਕਰ ਸਕਦਾ ਹੈ। ਚੀਨ ਪਰਮਾਣੂ ਬੰਬ ਬਣਾ ਚੁਕਾ ਹੈ ਅਤੇ ਪਾਕਿਸਤਾਨ ਪਰਮਾਣੂ ਬੰਬ ਬਣਾਉਣ ਵਿੱਚ ਸਫਲ ਹੋ ਗਿਆ ਹੈ। ਇਸ ਸੰਦਰਭ ਵਿੱਚ ਭਾਰਤ ਨੇ ਪੋਖਰਨ (ਰਾਜਸਥਾਨ) ਵਿਖੇ ਇਕ ਪਰਮਾਣੂ ਧਮਾਕਾ ਕੀਤਾ, ਜਿਸ ਨੇ ਸੰਸਾਰ ਦੀਆਂ ਵੱਡੀਆਂ ਸ਼ਕਤੀਆਂ ਨੂੰ ਹੈਰਾਨ ਕਰ ਦਿੱਤਾ। 1998 ਵਿੱਚ ਪੋਖਰਨ ਵਿੱਚ ਪਰਮਾਣੂ ਬੰਬਾਂ ਦੇ ਤਜਰਬੇ ਕਰਕੇ ਭਾਰਤ ਪਰਮਾਣੂ ਸ਼ਕਤੀਆਂ ਦੇ ਪਰਿਵਾਰ ਦਾ ਮੈਂਬਰ ਬਣ ਗਿਆ ਹੈ।

9. **ਰਾਸ਼ਟਰ ਮੰਡਲ ਦੀ ਮੈਂਬਰੀ:—** ਭਾਰਤ ਨੇਂ ਰਾਸ਼ਟਰ ਮੰਡਲ ਦੀ ਮੈਂਬਰਸ਼ਿਪ 17 ਮਈ 1945 ਨੂੰ ਆਪਣੀ ਸਵੈ-ਇੱਛਾ ਅਨੁਸਾਰ ਪ੍ਰਾਪਤ ਕੀਤੀ ਸੀ ਅਤੇ ਇਸ ਮੈਂਬਰ-ਸ਼ਿਪ ਨੂੰ ਆਪਣੀ ਇੱਛਾ ਅਨੁਸਾਰ ਤਿਆਗ ਸਕਦਾ ਹੈ। ਇਸ ਦੀ ਮੈਂਬਰਸ਼ਿਪ ਪ੍ਰਾਪਤ ਕਰਨ ਦਾ ਮੁੱਖ ਉਦੇਸ਼ ਏਸ਼ੀਆਈ ਅਤੇ ਅਫਰੀਕੀ ਦੇਸਾਂ ਨਾਲ ਏਕਤਾ ਅਤੇ ਸਹਿਯੋਗ ਸਥਾਪਿਤ ਕਰਨਾ ਹੈ ਕਿਉਂਕਿ ਇਨ੍ਹਾਂ ਦਾ ਇਤਿਹਾਸਿਕ ਪਿਛੋਕੜ ਭਾਰਤ ਨਾਲ ਮਿਲਦਾ ਜੁਲਦਾ ਹੈ। ਇਹ ਦੇਸ ਵੀ ਭਾਰਤ ਦੀ ਤਰ੍ਹਾਂ ਬ੍ਰਿਟਿਸ਼ ਸਮਰਾਜਵਾਦ ਬਸਤੀਵਾਦ ਅਤੇ ਨਸਲਵਾਦ ਦੇ ਸ਼ਿਕਾਰ ਰਹੇ ਹਨ। ਰਾਸ਼ਟਰ ਮੰਡਲ ਦਾ ਨਿਰਮਾਣ ਅਫਰੀਕਾ ਅਤੇ ਏਸ਼ੀਆ ਦੇ ਦੇਸਾਂ ਨੂੰ ਬ੍ਰਿਟਿਸ਼ ਰਾਜ ਦੀ ਅਗਵਾਈ ਹੇਠ ਕੀਤਾ। ਭਾਰਤ ਦਾ ਰਾਸ਼ਟਰ ਮੰਡਲ ਵਿੱਚ ਰਹਿਣਾ ਭਾਰਤੀ ਵਿਦੇਸ਼ ਨੀਤੀ ਇੱਕ ਲੱਛਣ ਮੰਨਿਆ ਜਾਂਦਾ ਹੈ।

ਭਾਰਤ ਦੀ ਵਿਦੇਸ਼ ਨੀਤੀ ਦੇ ਗੁੱਟ-ਨਿਰਲੇਪਤਾ ਅਤੇ ਪੰਚਸ਼ੀਲ ਬੁਨਿਆਦੀ ਸਿਧਾਂਤ ਹਨ। ਭਾਰਤ ਨੇ ਸਾਮਰਾਜਵਾਦ, ਬਸਤੀਵਾਦ, ਨਸਲਵਾਦ ਅਤੇ ਰੰਗ-ਵਾਦ ਦੀ ਨੀਤੀ ਦੀ ਵਿਰੋਧਤਾ ਕਰਨਾ ਆਪਣੀ ਵਿਦੇਸ਼ ਨੀਤੀ ਦਾ ਅਧਾਰ ਬਣਾਇਆ ਹੈ।

## ਭਾਰਤ ਦੀ ਗੁੱਟ-ਨਿਰਲੇਪਤਾ ਦੀ ਨੀਤੀ
## (Policy of Non-Alignment)

ਭਾਰਤ ਦੀ ਅਜਾਦੀ ਸਮੇ ਸਾਰਾ ਸੰਸਾਰ ਲਗਭਗ ਦੋ ਮੁੱਖ ਸ਼ਕਤੀ ਗੁੱਟਾਂ ਐਂਗਲੋਂ ਅਮਰੀਕਨ ਸ਼ਕਤੀ ਗੁੱਟ ਅਤੇ ਰੂਸੀ ਸ਼ਕਤੀ ਗੁੱਟ ਵਿੱਚ ਵੰਡਿਆ ਹੋਇਆ ਸੀ। ਸੰਸਾਰ ਦੀ ਸਾਰੀ ਰਾਜਨੀਤੀ ਇਨ੍ਹਾਂ ਦੋਹਾਂ ਸ਼ਕਤੀ ਗੁੱਟਾਂ ਦੇ ਆਲੇ-ਦੁਆਲੇ ਘੁੰਮ ਰਹੀ ਸੀ। ਇਨ੍ਹਾਂ ਸ਼ਕਤੀ ਗੁਟਾਂ ਵਿੱਚ ਸ਼ੀਤ-ਯੁੱਧ ਚਲ ਰਿਹਾ ਸੀ। ਭਾਰਤ ਦੀ ਵਿਦੇਸ਼ ਨੀਤੀ ਦੇ ਨਿਰਮਾਤਾ ਪੰ. ਜਵਾਹਰ ਲਾਲ ਨਹਿਰੂ ਨੇ ਇਹ ਮਹਿਸੂਸ ਕੀਤਾ ਕਿ ਰਾਸ਼ਟਰ ਦਾ ਨਿਰਮਾਣ ਤਦ ਹੀ ਹੋ ਸਕਦਾ ਹੈ ਜੇਕਰ ਭਾਰਤ ਇਨ੍ਹਾਂ ਸ਼ਕਤੀਗੁਟਾਂ ਦੇ ਆਪਸੀ ਸੰਘਰਸ਼ ਤੋਂ ਦੂਰ ਰਹੇ। ਇਸ ਲਈ ਪੰ. ਨਹਿਰੂ ਨੇ ਗੁਟ-ਨਿਰਲੇਪਤਾ ਦੀ ਨੀਤੀ ਨੂੰ ਭਾਰਤ ਦੀ ਵਿਦੇਸ਼ ਨੀਤੀ ਦਾ ਬੁਨਿਆਦੀ ਸਿਧਾਂਤ ਬਣਾਇਆ।

**ਗੁੱਟ ਨਿਰਲੇਪਤਾ ਦਾ ਅਰਥ:—** ਪੰ. ਨਹਿਰੂ ਦੇ ਸ਼ਬਦਾਂ ਵਿੱਚ– "ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਸਾਡੀ ਨੀਤੀ ਗੁਟ-ਨਿਰਲੇਪਤਾ ਦੀ ਨੀਤੀ ਹੈ, ਸਾਡਾ ਭਾਵ ਸੈਨਿਕ ਗੁਟਾਂ ਨਾਲੋਂ ਗੁਟ ਨਿਰਲੇਪਤਾ ਹੈ। ਇਹ ਨਾਕਾਰਾਤਮਕ ਨੀਤੀ ਨਹੀਂ ਹੈ। ਇਹ ਸਕਾਰਾਤਮਕ ਨਿਸ਼ਚਿਤ ਅਤੇ ਗਤੀਸ਼ੀਲ ਨੀਤੀ ਹੈ। ਪਰ ਜਿਥੋਂ ਤੱਕ ਅੱਜ ਦੇ ਸੈਨਿਕ ਗੁੱਟਾਂ ਅਤੇ ਸ਼ੀਤ-ਯੁੱਧ ਦਾ ਸੰਬੰਧ ਹੈ ਅਸੀਂ ਆਪਣੇ ਆਪ ਨੂੰ ਕਿਸੇ ਵੀ ਗੁਟ ਨਾਲ ਜੋੜਦੇ ਨਹੀਂ ਹਾਂ।"

ਗੁੱਟ-ਨਿਰਲੇਪਤਾ ਤੋਂ ਭਾਵ ਨਿਰਪੇਖਤਾ ਦੀ ਨੀਤੀ ਨਹੀਂ ਹੈ ਅਤੇ ਨਾ ਹੀ ਇਹ ਤਿਆਗ ਜਾਂ ਅੰਤਰ-ਰਾਸ਼ਟਰੀ ਸਮਸਿਆਵਾਂ ਪ੍ਰਤੀ ਦਰਸ਼ਕ ਬਣੇ ਰਹਿਣ ਦੀ ਨੀਤੀ ਹੈ। ਇਹ ਅੰਤਰ ਰਾਸ਼ਟਰੀ ਰਾਜ ਨੀਤੀ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਅਤੇ ਅੰਤਰਰਾਸ਼ਟਰੀ ਸਮਸਿਆਵਾਂ ਸੰਬੰਧੀ ਸੁਤੰਤਰਤਾ ਪੂਰਵਕ ਗੁਣ, ਦੇ ਅਧਾਰ 'ਤੇ ਨਿਰਣੇ ਲੈਣ ਦੀ ਨੀਤੀ ਹੈ। ਇਹ ਸਮਾਨਤਾ ਦੇ ਅਧਾਰ ਤੇ ਮਿੱਤਰਤਾ ਵਾਲੇ ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਿਕ ਸਬੰਧ ਬਣਾਉਣ ਅਤੇ ਸੈਨਿਕ ਜਾਂ ਦੂਜੇ ਗੁਟਾਂ ਤੋਂ ਦੂਰ ਰਹਿਣ ਦੀ ਨੀਤੀ ਹੈ।

## ਸੰਯੁਕਤ ਰਾਸ਼ਟਰ
## (United Nations)

ਦੂਜਾ ਮਹਾਂ ਯੁੱਧ 1939 ਤੋਂ ਅਰੰਭ ਹੋ ਕੇ 1945 ਵਿੱਚ ਸਮਾਪਤ ਹੋਇਆ। ਇਸ ਯੁੱਧ ਦੁਆਰਾ ਮਨੁੱਖੀ ਤੇ ਭੌਤਿਕ ਭਿਆਨਕ ਤਬਾਹੀ ਹੋਈ। ਸਮੁੱਚਾ ਸੰਸਾਰ ਇਸ ਭਿਆਨਕ ਤਬਾਹੀ ਤੋਂ ਭੈ-ਭੀਤ ਹੋ ਉਠਿਆ। ਉਸ ਸਮੇਂ ਦੇ ਵਿਸ਼ਵ ਦੇ ਉੱਘੇ ਨੇਤਾਵਾਂ ਨੇ ਅਜਿਹੇ ਭਿਆਨਕ ਯੁੱਧਾਂ ਤੋਂ ਮਨੁੱਖਤਾ ਨੂੰ ਮੁਕਤ ਕਰਨ ਅਤੇ ਸੁਰੱਖਿਅਤ ਰਖਣ ਲਈ ਸੰਕਲਪ ਕੀਤਾ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਅਜਿਹੀ ਅੰਤਰ-ਰਾਸ਼ਟਰੀ ਪ੍ਰਭਾਵਸ਼ਾਲੀ ਸੰਸਥਾ ਦੀ ਸਥਾਪਨਾ ਕੀਤੀ ਜਾਣੀ ਚਾਹੀਦੀ ਹੈ ਜਿਸ ਦਾ ਪਰਮ ਉਦੇਸ਼ ਯੁੱਧਾਂ ਨੂੰ ਰੋਕਣਾ ਅਤੇ ਵਿਸ਼ਵ ਸ਼ਾਂਤੀ ਨੂੰ ਯਕੀਨੀ ਬਣਾਉਣਾ ਹੋਵੇ। ਸੰਯੁਕਤ ਰਾਜ ਅਮਰੀਕਾ, ਬਰਤਾਨੀਆ, ਸੋਵੀਅਤ ਰੂਸ, ਚੀਨ ਅਤੇ ਫਰਾਂਸ ਤੋਂ ਇਲਾਵਾ ਕੁਝ ਦੂਜੇ ਦੇਸਾਂ ਦੇ ਨੇਤਾਵਾਂ ਨੇ ਵੀ ਅਜਿਹੀ ਸੰਸਥਾ ਦੀ ਸਥਾਪਨਾ ਲਈ ਯਤਨ ਕੀਤੇ। ਸੰਸਾਰ ਦੇ ਨੇਤਾਵਾਂ ਦੇ ਅਜਿਹੇ ਯਤਨ ਉੱਦੋਂ ਸਫਲ ਹੋਏ ਜਦੋਂ 26 ਜੂਨ 1945 ਨੂੰ ਸਾਨਫਰਾਂਸਿਸਕੋ ਵਿਖੇ 51 ਦੇਸਾਂ ਦੇ ਪ੍ਰਤੀਨਿਧਾਂ ਨੇ ਸੰਯੁਕਤ ਰਾਸ਼ਟਰ ਸੰਘ ਦਾ ਚਾਰਟਰ ਪ੍ਰਵਾਨ ਕਰ ਲਿਆ। ਸੰਯੁਕਤ ਰਾਸ਼ਟਰ ਸੰਘ ਨਿਯਮਿਤ ਤੌਰ ਤੇ 24 ਅਕਤੂਬਰ 1945 ਨੂੰ ਉਸ ਸਮੇਂ ਹੋਂਦ ਵਿੱਚ ਆਇਆ ਜਦੋਂ ਸੰਯੁਕਤ ਰਾਜ ਅਮਰੀਕਾ, ਬਰਤਾਨੀਆਂ, ਫਰਾਂਸ, ਸਾਬਕਾ (Former) ਸੋਵੀਅਤ ਸੰਘ ਅਤੇ ਚੀਨ ਦੀਆਂ ਸਰਕਾਰਾਂ ਤੋਂ ਇਲਾਵਾ 14 ਦੂਜੇ ਦੀਆਂ ਸਰਕਾਰਾਂ ਨੇ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਨੂੰ ਪ੍ਰਵਾਨਗੀ ਦੇ ਦਿੱਤੀ।

ਸੰਯੁਕਤ ਰਾਸ਼ਟਰ ਦੀ ਸਥਾਪਨਾ ਸਮੇਂ ਇਸ ਦੇ 51 ਮੌਲਿਕ ਮੈਂਬਰ ਸਨ ਜਿਨ੍ਹਾਂ ਵਿੱਚੋਂ ਇੱਕ ਭਾਰਤ ਵੀ ਮੈਂਬਰ ਸੀ। ਵਰਤਮਾਨ ਸਮੇਂ ਵਿੱਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਹਨ।

## ਸੰਯੁਕਤ ਰਾਸ਼ਟਰ ਦੇ ਅੰਗ

**ਸੰਯੁਕਤ ਰਾਸ਼ਟਰ ਦੇ ਹੇਠ ਲਿਖੇ ਮੁੱਖ ਅੰਗ ਹਨ:—**

1. **ਮਹਾਂਸਭਾ** (General Asembly):- ਇਸ ਸਭਾ ਵਿੱਚ ਸੰਯੁਕਤ ਰਾਸਟਰ ਦੇ ਸਾਰੇ ਮੈਂਬਰ ਦੇਸ ਸਾਮਿਲ ਹੁੰਦੇ ਹਨ। ਹਰ ਦੇਸ ਇਸਲਈ 5 ਮੈਂਬਰ ਭੇਜ ਸਕਦਾ ਹੈ। ਇਹ ਸਭਾ ਸੰਯੁਕਤ ਰਾਸ਼ਟਰ ਸੰਘ ਦੀ ਸੰਸਦ

ਹੈ। ਇਹ ਸਭਾ ਅਨੇਕ ਪ੍ਰਕਾਰ ਦੇ ਅੰਤਰ-ਰਾਸ਼ਟਰੀ ਕੰਮਾਂ ਵਿੱਚ ਭਾਗ ਲੈਂਦੀ ਹੈ। ਮਹਾਂ ਸਭਾ ਇਕ ਅਜਿਹਾ ਮੰਚ ਪ੍ਰਦਾਨ ਕਰਦੀ ਹੈ ਜਿਥੇ ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ 'ਤੇ ਵਿਚਾਰ ਕਰਕੇ ਹੱਲ ਲਭੱਣ ਦਾ ਯਤਨ ਕੀਤਾ ਜਾਂਦਾ ਹੈ।

2. **ਸੁਰੱਖਿਆ ਪਰਿਸ਼ਦ** (Security council):- ਸੁਰੱਖਿਆ ਪਰਿਸ਼ਦ ਸੰਯੁਕਤ ਰਾਸ਼ਟਰ ਦੀ ਕਾਰਜਪਾਲਿਕਾ ਸਮਾਨ ਹੈ। ਇਹ ਪਰਿਸ਼ਦ ਵਿੱਚ ਕੁੱਲ 15 ਮੈਂਬਰ ਹਨ। ਇਨ੍ਹਾਂ ਵਿੱਚੋਂ 5 ਸਥਾਈ ਅਤੇ 10 ਅਸਥਾਈ ਮੈਂਬਰ ਹਨ। ਸੰਯੁਕਤ ਰਾਜ ਅਮਰੀਕਾ, ਇੰਗਲੈਂਡ, ਰੂਸ, ਚੀਨ ਅਤੇ ਫਰਾਂਸ ਇਸ ਪਰਿਸ਼ਦ ਦੇ ਸਥਾਈ ਮੈਂਬਰ ਹਨ। ਸੁਰੱਖਿਆ ਪਰਿਸ਼ਦ ਦੇ ਪੰਜ ਸਥਾਈ ਮੈਂਬਰਾਂ ਦੀ ਸਹਿਮਤੀ ਤੋਂ ਬਿਨਾਂ ਕੋਈ ਵੀ ਫੈਸਲਾ ਨਹੀਂ ਲਿਆ ਜਾ ਸਕਦਾ। ਇਸ ਨੂੰ ਮੈਂਬਰਾ ਦੀ ਵੀਟੋ ਸ਼ਕਤੀ ਕਿਹਾ ਜਾਂਦਾ ਹੈ। ਵਿਸ਼ਵ ਸ਼ਾਂਤੀ ਨੂੰ ਕਾਇਮ ਰਖਣ ਵਿੱਚ ਸੁਰੱਖਿਆ ਪਰਿਸ਼ਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

3. **ਆਰਥਿਕ ਅਤੇ ਸਮਾਜਿਕ ਪਰਿਸ਼ਦ** (Economic & Social council):- ਇਸ ਪਰਿਸ਼ਦ ਦੇ ਕੁਲ 54 ਮੈਂਬਰ ਹਨ। ਇਨ੍ਹਾਂ ਮੈਂਬਰਾਂ ਦੀ ਚੋਣ ਮਹਾਂ ਸਭਾ ਦੁਆਰਾ ਤਿੰਨ ਸਾਲਾਂ ਲਈ ਕੀਤੀ ਜਾਂਦੀ ਹੈ। ਵੱਖ-ਵੱਖ ਦੇਸਾਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਇਹ ਪਰਿਸ਼ਦ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

4. **ਟਰੱਸਟੀਸ਼ਿਪ ਪਰਿਸ਼ਦ** (Trusteeship Council):- ਇਸ ਪਰਿਸ਼ਦ ਦੇ ਮੈਂਬਰਾਂ ਦੀ ਸੰਖਿਆ ਨਿਸ਼ਚਿਤ ਨਹੀਂ ਹੈ। ਇਸ ਪਰਿਸ਼ਦ ਦੇ ਕੁਝ ਮੈਂਬਰ ਮਹਾਂ ਸਭਾ ਦੁਆਰਾ ਚੁਣੇਂ ਜਾਂਦੇ ਹਨ ਅਤੇ ਇਸ ਵਿੱਚ ਉਹ ਦੇਸ ਵੀ ਸ਼ਾਮਿਲ ਹੁੰਦੇ ਹਨ ਜੋ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਅਧੀਨ ਅਮਾਨਤੀ ਖੇਤਰਾਂ ਦਾ ਰਾਜ ਪ੍ਰਬੰਧ ਕਰਦੇ ਹਨ। ਅਮਾਨਤੀ ਖੇਤਰ ਉਹ ਸਨ ਜਿਹੜੇ ਦੂਜੇ ਯੁੱਧ ਮਗਰੋਂ ਅਜਾਦ ਹੋ ਕੇ ਸ਼ਕਤੀਸ਼ਾਲੀ ਰਾਸ਼ਟਰਾਂ ਅਧੀਨ ਸਨ।

ਪਰਿਸ਼ਦ ਆਪਣਾ ਇਕ ਸਭਾਪਤੀ ਆਪਣੇ ਮੈਂਬਰਾਂ ਵਿੱਚੋਂ ਹੀ ਇਕ ਸਾਲ ਲਈ ਚੁਣਦੀ ਹੈ। ਇੱਕ ਸਾਲ ਵਿੱਚ ਇਸ ਦੀਆਂ ਦੋ ਬੈਠਕਾਂ ਹੁੰਦੀਆਂ ਹਨ ਅਤੇ ਇਸ ਵਿੱਚ ਫੈਸਲੇ ਸਧਾਰਨ ਬਹੁਮੱਤ ਨਾਲ ਕੀਤੇ ਜਾਂਦੇ ਹਨ।

5. **ਅੰਤਰ-ਰਾਸ਼ਟਰੀ ਨਿਆਂਇਕ ਅਦਾਲਤ** (International Court of Justice):- ਅੰਤਰ-ਰਾਸ਼ਟਰੀ ਅਦਾਲਤਾਂ ਵਿੱਚ ਕੁਲ 15 ਜੱਜ ਹੁੰਦੇ ਹਨ। ਜੱਜਾਂ ਦੀ ਚੋਣ ਮਹਾਂ ਸਭਾ ਅਤੇ ਸੁਰੱਖਿਆ ਪਰਿਸ਼ਦ ਦੁਆਰਾ 9 ਸਾਲਾਂ ਲਈ ਕੀਤੀ ਜਾਂਦੀ ਹੈ। ਹਰ ਤਿੰਨ ਸਾਲਾਂ ਪਿਛੋਂ ਇਸ ਦੇ ਇਕ ਤਿਹਾਈ ਜੱਜ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਜੱਜਾਂ ਦੀ ਦੁਬਾਰਾ ਚੋਣ ਵੀ ਹੋ ਸਕਦੀ ਹੈ। ਅੰਤਰ-ਰਾਸ਼ਟਰੀ ਅਦਾਲਤ ਦੇ ਜੱਜ ਆਪਣੇ ਵਿੱਚੋਂ ਹੀ ਤਿੰਨ ਸਾਲਾਂ ਲਈ ਇੱਕ ਨੂੰ ਸਭਾਪਤੀ ਅਤੇ ਦੂਜੇ ਨੂੰ ਉਪ ਸਭਾਪਤੀ ਚੁਣਦੇ ਹਨ। ਇਸ ਅਦਾਲਤ ਨੂੰ ਕੋਈ ਮੁੱਢਲਾ ਅਧਿਕਾਰ ਖੇਤਰ ਨਹੀਂ ਹੈ। ਇਹ ਕੇਵਲ ਉਨ੍ਹਾਂ ਮਾਮਲਿਆਂ 'ਤੇ ਵਿਚਾਰ ਕਰਦੀ ਹੈ ਜੋ ਇਸ ਅਦਾਲਤ ਦੇ ਸਾਹਮਣੇ ਪੇਸ਼ ਕੀਤੇ ਜਾਂਦੇ ਹਨ। ਇਸ ਅਦਾਲਤ ਦਾ ਮੁੱਖ ਕੰਮ ਵੱਖ-ਵੱਖ ਰਾਜਾਂ ਦੇ ਆਪਸੀ ਝਗੜਿਆਂ ਦਾ ਨਿਰਣਾ ਕਰਨਾ ਹੈ। ਇਹ ਅਦਾਲਤ ਸੰਯੁਕਤ ਰਾਸ਼ਟਰ ਸੰਘ ਦੇ ਵੱਖ-ਵੱਖ ਅੰਗਾਂ ਨੂੰ ਕਨੂੰਨੀ ਸਲਾਹ ਵੀ ਦਿੰਦੀ ਹੈ। ਇਸ ਅਦਾਲਤ ਦਾ ਮੁੱਖ ਦਫਤਰ Hague (Holland) ਵਿਚ ਸਥਿਤ ਹੈ।

6. **ਸਕੱਤਰੇਤ** (Secretariat) :- ਸੰਯੁਕਤ ਰਾਸ਼ਟਰ ਸੰਘ ਦਾ ਇੱਕ ਸਕੱਤਰੇਤ ਹੈ ਜੋ ਇਸ ਸੰਸਥਾ ਦਾ ਸਾਰਾ ਦਫ਼ਤਰੀ ਕੰਮ ਕਰਦਾ ਹੈ। ਸਕੱਤਰੇਤ ਦੇ ਮੁੱਖੀ ਨੂੰ ਮਹਾਂ-ਸਕੱਤਰ ਕਿਹਾ ਜਾਂਦਾ ਹੈ। ਮਹਾਂ-ਸਕੱਤਰ ਦੀ ਨਿਯੁਕਤੀ ਸੁਰੱਖਿਆ ਪਰਿਸ਼ਦ ਦੀ ਸਿਫਾਰਿਸ਼ ਉੱਤੇ ਮਹਾਂ ਸਭਾ ਦੁਆਰਾ ਪੰਜ ਸਾਲਾਂ ਲਈ ਕੀਤੀ ਜਾਂਦੀ ਹੈ। ਸੁਰੱਖਿਆ ਪਰਿਸ਼ਦ ਦੀ ਸਿਫਾਰਿਸ਼ ਇਸ ਦੇ ਪੰਜ ਸਥਾਈ ਮੈਂਬਰਾਂ ਸਮੇਤ ਨੌਂ ਮੈਂਬਰਾਂ ਦਾ ਬਹੁਮਤ ਜ਼ਰੂਰੀ ਹੈ।

# ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ
# (India's Role in United Nations)

ਭਾਰਤ ਸੰਯੁਕਤ ਰਾਸ਼ਟਰ ਦੇ ਮੁੱਢਲੇ 51 ਮੈਂਬਰਾਂ ਵਿੱਚੋਂ ਇੱਕ ਹੈ। ਸੰਯੁਕਤ ਰਾਸ਼ਟਰ ਦੇ ਜਨਮ ਤੋਂ ਲੈ ਕੇ ਵਰਤਮਾਨ ਸਮੇਂ ਤਕ ਇਸ ਦੇ ਸਾਰੇ ਅੰਗਾਂ ਅਤੇ ਏਜੰਸੀਆਂ ਵਿੱਚ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਦਾ ਸ਼ੁਰੂ ਤੋਂ ਹੀ ਸੰਯੁਕਤ ਰਾਸ਼ਟਰ ਦੇ ਉਦੇਸ਼ਾਂ ਅਤੇ ਸਿਧਾਂਤਾਂ ਪ੍ਰਤੀ ਅਟੁੱਟ ਵਿਸ਼ਵਾਸ ਰਿਹਾ ਹੈ। ਤਿੰਨ ਨਵੰਬਰ 1948 ਨੂੰ ਸੰਯੁਕਤ ਰਾਸ਼ਟਰ ਸੰਘ ਦੀ ਮਹਾਂਸਭਾ ਨੂੰ ਸੰਬੋਧਨ ਕਰਦਿਆਂ ਪੰ: ਨਹਿਰੂ ਨੇ ਕਿਹਾ: "ਇਸ ਮਹਾਂ ਸਭਾ ਵਿੱਚ ਮੈਂ ਆਪਣੇ ਦੇਸ ਦੇ ਲੋਕਾਂ ਅਤੇ ਆਪਣੀ ਸਰਕਾਰ ਵੱਲੋਂ ਕਹਿਣਾ ਚਾਹਵਾਂਗਾ ਕਿ ਅਸੀਂ ਸੰਯੁਕਤ ਰਾਸ਼ਟਰ ਦੇ ਸਿਧਾਂਤਾਂ ਅਤੇ ਉਦੇਸ਼ਾਂ ਦੀ ਪੂਰਨ ਤੌਰ 'ਤੇ ਪਾਲਣਾ ਕਰਦੇ ਹਾਂ ਅਤੇ ਇਨ੍ਹਾਂ ਦੀ ਪੂਰਤੀ ਲਈ ਅਸੀਂ ਪੂਰਨ ਯੋਗਤਾ ਸਹਿਤ ਯਤਨ ਕਰਾਂਗੇ।" ਸੰਯੁਕਤ ਰਾਸ਼ਟਰ ਵਿੱਚ ਆਪਣੇ ਵਿਸ਼ਵਾਸ ਨੂੰ ਦੁਹਰਾਉਂਦਿਆਂ ਹੋਇਆ ਭਾਰਤ ਨੇ ਆਪਣੇ ਸੰਵਿਧਾਨ ਵਿੱਚ ਅੰਤਰ-ਰਾਸ਼ਟਰੀ ਸ਼ਾਂਤੀ ਅਤੇ ਸਹਿਯੋਗ ਵਿੱਚ ਵਾਧਾ ਕਰਨ ਸੰਬੰਧੀ ਨੀਤੀ ਨੂੰ ਅਪਨਾਇਆ ਹੈ। ਹੇਠ ਲਿਖੇ ਸਿਰਲੇਖਾਂ ਦੁਆਰਾ ਭਾਰਤ ਦੀ ਸੰਯੁਕਤ ਰਾਸ਼ਟਰ ਅਤੇ ਇਸ ਦੀਆਂ ਏਜੰਸੀਆਂ ਵਿੱਚ ਕ੍ਰਿਆਸ਼ੀਲ ਭੂਮਿਕਾ ਦਾ ਵਰਣਨ ਕੀਤਾ ਜਾਂਦਾ ਹੈ:—

**ਉਪਨਿਵੇਸ਼ਵਾਦ, ਬਸਤੀਵਾਦ ਅਤੇ ਸਾਮਰਾਜਵਾਦੀ ਵਿਰੋਧਤਾ:-** ਸੰਯੁਕਤ ਰਾਸ਼ਟਰ ਨੇ ਉਪਨਿਵੇਸ਼ਵਾਦ ਅਤੇ ਸਾਮਰਾਜਵਾਦ ਦੇ ਵਿਰੁੱਧ ਨੀਤੀ ਅਪਨਾਈ ਹੈ ਅਤੇ ਭਾਰਤ ਨੇ ਹਮੇਸ਼ਾ ਇਸ ਨੀਤੀ ਦਾ ਸਮੱਰਥਨ ਕੀਤਾ। ਭਾਰਤ ਨੇ ਹੋਰ ਦੇਸਾਂ ਨਾਲ ਮਿਲ ਕੇ 1950 ਵਿੱਚ ਲੋਕਾਂ ਨੂੰ ਉਪਨਿਵੇਸ਼ਵਾਦ ਅਤੇ ਸਾਮਾਜਵਾਦ ਤੋਂ ਮੁੱਕਤ ਕਰਾਉਣ ਲਈ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਵਿੱਚ ਇਕ ਮੱਤਾ ਪਾਸ ਕਰਵਾਇਆ। ਭਾਰਤ ਨੇ ਅਫਰੀਕਾ ਅਤੇ ਏਸ਼ਿਆਈ ਸੰਮੇਲਨਾਂ ਵਿੱਚ ਉਪਨਿਵੇਸ਼ਕ ਅਤੇ ਸਾਮਰਾਜਵਾਦੀ ਸ਼ਕਤੀਆਂ ਦੀ ਦ੍ਰਿੜ੍ਹੱਤਾ ਨਾਲ ਵਿਰੋਧਤਾ ਕੀਤੀ ਉਦਾਹਰਣ ਵਜੋਂ ਮਈ 1986 ਵਿੱਚ ਜਦੋਂ ਦਖਣੀ ਅਫਰੀਕਾ ਨੇ ਆਪਣੇ ਤਿੰਨ ਗੁਆਂਢੀ ਦੇਸਾ 'ਤੇ ਹਮਲਾ ਕੀਤਾ ਤਾਂ ਭਾਰਤ ਨੇ ਦੱਖਣੀ ਅਫਰੀਕਾ ਦੀ ਗੋਰੀ ਸਰਕਾਰ ਦੇ ਵਿਰੁੱਧ ਆਰਥਿਕ ਪ੍ਰਤੀਬੰਧ ਲਗਾਉਣ ਦੀ ਮੰਗ ਕੀਤੀ।

**ਨਸਲੀ ਵਿਤਕਰੇ ਅਤੇ ਰੰਗ-ਭੇਦ ਦਾ ਵਿਰੋਧ:** ਭਾਰਤ ਨੇ ਸੰਯੁਕਤ ਰਾਸ਼ਟਰ ਦੀ ਨਸਲੀ ਵਿੱਤਕਰੇ ਅਤੇ ਰੰਗ ਭੇਦ ਦੇ ਵਿਰੁੱਧ ਅਪਨਾਈ ਗਈ ਨੀਤੀ ਦਾ ਹਮੇਸ਼ਾ ਖੁੱਲ੍ਹ ਕੇ ਸਮਰਥਨ ਕੀਤਾ ਹੈ। 1952 ਵਿੱਚ ਭਾਰਤ ਨੇ ਦੂਜੇ 12 ਦੇਸਾਂ ਨਾਲ ਮਿਲ ਕੇ ਦੱਖਣੀ ਅਫਰੀਕਾ ਦੇ ਨਸਲੀ ਵਿੱਤਕਰੇ ਵਿਰੁੱਧ ਮਹਾਂ ਸਭਾ ਵਿੱਚ ਆਵਾਜ ਉਠਾਈ ਸੀ ਅਤੇ 1962 ਵਿੱਚ ਦੱਖਣੀ ਅਫਰੀਕਾ ਨੂੰ ਆਪਣੀ ਨਸਲੀ ਵਿੱਤਕਰੇ ਦੀ ਨੀਤੀ ਨੂੰ ਤਿਆਗਣ ਲਈ ਮਜਬੂਤ ਕਰਨ ਲਈ ਭਾਰਤ ਨੇ ਮਹਾਂ ਸਭਾ ਵਿੱਚ ਪ੍ਰਸਤਾਵ ਪੇਸ਼ ਕੀਤਾ ਸੀ। ਦਖਣੀ ਅਫਰੀਕਾ ਵਿੱਚ ਨਸਲੀ ਜਾਂ ਰੰਗ ਭੇਦ ਦੇ ਵਿਤਕਰੇ ਦੀ ਨੀਤੀ ਸਮਾਪਤ ਕਰਾਉਣ ਵਿੱਚ ਭਾਰਤ ਨੇ ਸੰਯੁਕਤ ਰਾਸ਼ਟਰ ਦੇ ਮੰਚ ਦੁਆਰਾ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**ਮਨੁੱਖੀ ਅਧਿਕਾਰਾਂ ਅਤੇ ਸੁਤੰਤਰਤਾਵਾਂ ਦੀ ਰੱਖਿਆ:** ਮਨੁੱਖੀ ਅਧਿਕਾਰਾਂ, ਸੁਤੰਤਰਤਾਵਾਂ ਦੀ ਰੱਖਿਆ ਕਰਨਾ ਅਤੇ ਵਿਅਕੱਤੀ ਦਾ ਸਨਮਾਨ ਕਰਨਾ, ਸੰਯੁਕਤ ਰਾਸ਼ਟਰ ਦਾ ਮੁੱਖ ਉਦੇਸ਼ ਹੈ। 10 ਦਸੰਬਰ 1948 ਨੂੰ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਨੇ ਮਨੁੱਖੀ ਅਧਿਕਾਰਾਂ ਦੀ ਸਰਵ-ਵਿਆਪੀ ਘੋਸ਼ਣਾ ਕੀਤੀ ਸੀ। ਇਸ ਘੋਸ਼ਣਾ ਵਿੱਚ ਕੁਲ 30 ਅਨੁਛੇਦ ਹਨ ਅਤੇ ਇਨ੍ਹਾਂ ਵਿੱਚ ਨਿੱਜੀ, ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਿਕ ਮਨੁੱਖੀ ਅਧਿਕਾਰਾਂ ਦੀ ਸੂਚੀ ਦਿੱਤੀ ਗਈ ਹੈ। ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਆਪਣੇ ਲੋਕਾਂ ਨੂੰ ਇਹ ਅਧਿਕਾਰ ਪ੍ਰਦਾਨ ਕਰਨ। ਭਾਰਤ ਇਹ ਚਾਹੁੰਦਾ ਹੈ ਕਿ ਸੰਯੁਕਤ ਰਾਸ਼ਟਰ ਦੁਆਰਾ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਸੰਬੰਧ ਵਿੱਚ ਵਿਆਪਕ ਪੱਧਰ ਤੇ ਨਿਯਮ

ਅਤੇ ਸੰਸਥਾਵਾਂ ਬਣਾਈਆਂ ਜਾਣ ਜੋ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਨੂੰ ਰੋਕ ਸਕਣ। ਜਦੋਂ ਵੀ ਕਿਸੇ ਦੇਸ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਤਾਂ ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਉਸ ਦੇ ਵਿਰੁੱਧ ਆਵਾਜ ਉਠਾਈ ਹੈ।

**ਵਿਸ਼ਵ ਸ਼ਾਂਤੀ ਦੀ ਸਥਾਪਨਾ ਲਈ ਭੂਮਿਕਾ:** ਵਿਸ਼ਵਸ਼ਾਂਤੀ, ਸੁਰੱਖਿਆ ਨੂੰ ਬਣਾਈ ਰਖਣਾ ਅਤੇ ਮਾਨਵ ਜਾਤੀ ਨੂੰ ਯੁੱਧਾਂ ਦੇ ਭਿਆਨਕ ਵਿਨਾਸ਼ ਤੋਂ ਬਚਾਈ ਰਖਣਾ ਸੰਯੁਕਤ ਰਾਸ਼ਟਰ ਦਾ ਮੂਲ ਉਦੇਸ਼ ਹੈ। ਜਦੋਂ ਕਦੇ ਵੀ ਵਿਸ਼ਵ ਦੇ ਕਿਸੇ ਭਾਗ ਵਿੱਚ ਸ਼ਾਂਤੀ ਭੰਗ ਹੋਣ ਦਾ ਖਤਰਾ ਪੈਦਾ ਹੋਇਆ ਤਾਂ ਭਾਰਤ ਨੇ ਉਸ ਖਤਰੇ ਤੋਂ ਬਚਾਉਣ ਲਈ ਪੂਰਨ ਸਹਿਯੋਗ ਅਤੇ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ।

**ਸੰਯੁਕਤ ਰਾਸ਼ਟਰ ਦੇ ਅੰਗਾਂ ਅਤੇ ਏਜੰਸੀਆਂ ਵਿੱਚ ਭਾਰਤ ਦੀ ਭੂਮਿਕਾ:—** ਵੱਖ-ਵੱਖ ਸਮੇਂ ਵਿੱਚ ਭਾਰਤ ਸੰਯੁਕਤ ਰਾਸ਼ਟਰ ਦੇ ਅੰਗਾਂ ਅਤੇ ਏਜੰਸੀਆਂ ਦਾ ਮੈਂਬਰ ਰਿਹਾ ਹੈ ਅਤੇ ਇਸ ਨੇ ਇਨ੍ਹਾਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਤਨਦੇਹੀ ਨਾਲ ਯਤਨ ਕੀਤਾ ਹੈ ਜਿਵੇਂ ਕਿ :—

1. ਭਾਰਤ ਸੁਰੱਖਿਆ ਪਰਿਸ਼ਦ ਦਾ ਅਸਥਾਈ ਮੈਂਬਰ 1963, 67, 72, 77, 84 ਅਤੇ 91 ਵਿੱਚ ਚੁਣਿਆ ਗਿਆ।
2. ਭਾਰਤ ਆਰਥਿਕ ਅਤੇ ਸਮਾਜਿਕ ਪਰਿਸ਼ਦ ਦਾ ਥੋੜੇ ਸਮੇਂ ਨੂੰ ਛੱਡ ਕੇ ਅਰੰਭ ਤੋਂ ਹੀ ਮੈਂਬਰ ਚੁਣਿਆ ਜਾਂਦਾ ਰਿਹਾ ਹੈ।
3. 1954 ਵਿੱਚ ਭਾਰਤ ਦੀ ਸ੍ਰੀ ਮਤੀ ਵਿਜੈ ਲਕਸ਼ਮੀ ਪੰਡਿਤ ਪਹਿਲੀ ਇਸਤਰੀ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਦੀ ਪ੍ਰਧਾਨ ਚੁਣੀ ਗਈ।
4. 1961 ਵਿੱਚ ਭਾਰਤ ਦੇ ਡਾ. ਲਕਸ਼ਮਣ ਸੁਆਮੀ ਮੁਦਾਲੀਅਰ ਦਿੱਲੀ ਵਿਖੇ ਹੋਏ ਵਿਸ਼ਵ ਸਿਹਤ ਸੰਘ ਦੇ ਸੰਮੇਲਨ ਦੇ ਪ੍ਰਧਾਨ ਚੁਣੇ ਗਏ।
5. ਭਾਰਤ ਦੇ ਸ੍ਰੀ ਜਗਜੀਵਨ ਰਾਮ ਅੰਤਰ-ਰਾਸ਼ਟਰੀ ਮਜਦੂਰ ਸੰਘ ਅਤੇ ਡਾ. ਰਾਧਾ ਕ੍ਰਿਸ਼ਨਨ ਯੁਨੈਸਕੋ ਦੇ ਕਾਰਜਕਾਰੀ ਬੋਰਡ ਦੇ ਪ੍ਰਧਾਨ ਰਹੇ। ਇਨ੍ਹਾਂ ਦੋਹਾਂ ਨੇਤਾਵਾਂ ਨੇ ਆਪਣੇ ਖੇਤਰਾਂ ਵਿੱਚ ਵਿਸ਼ਵ ਪ੍ਰਸਿਧ ਭੂਮਿਕਾ ਨਿਭਾਈ।
6. ਅੰਤਰ-ਰਾਸ਼ਟਰੀ (ਕੌਮਾਂਤਰੀ) ਅਦਾਲਤ ਵਿੱਚ ਸ੍ਰੀ ਨਗੇਂਦਰ ਸਿੰਘ ਅਤੇ ਸ੍ਰੀ ਆਰ.ਐਸ.ਪਾਠਕ ਜੱਜ ਰਹਿ ਚੁੱਕੇ ਹਨ।

ਭਾਰਤ ਸੰਯੁਕਤ ਰਾਸ਼ਟਰ ਦੇ ਚਾਰਟਰ ਦੇ ਉਦੇਸ਼ਾਂ ਅਤੇ ਸਿੱਧਾਂਤਾਂ ਦਾ ਪੂਰਨ ਸਤਿਕਾਰ ਕਰਦਾ ਹੈ। ਸੰਯੁਕਤ ਰਾਸ਼ਟਰ ਦੇ ਹਰੇਕ ਅੰਗ ਅਤੇ ਵਿਸ਼ੇਸ਼ ਏਜੰਸੀ ਦੇ ਕਾਰਜਾਂ ਵਿੱਚ ਭਾਰਤ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਭਾਰਤ ਸੰਯੁਕਤ ਰਾਸ਼ਟਰ ਨੂੰ ਵਿਸ਼ਵ ਸ਼ਾਂਤੀ ਦਾ ਰਖਵਾਲਾ ਮੰਨਣਾ ਹੈ। ਇਸ ਲਈ ਭਾਰਤ ਦੇ ਹਰ ਸੰਭਵ ਤਰੀਕੇ ਨਾਲ ਸੰਯੁਕਤ ਰਾਸ਼ਟਰ ਦੀ ਮਾਲੀ ਅਤੇ ਸੈਨਿਕ ਸਹਾਇਤਾ ਕੀਤੀ ਹੈ। ਭਾਰਤ ਨੇ ਹਮੇਸ਼ਾਂ ਸੰਯੁਕਤ ਰਾਸ਼ਟਰ ਵਿੱਚ ਇਸ ਗਲ 'ਤੇ ਜ਼ੋਰ ਦਿਤਾ ਹੈ ਕਿ ਰਾਜਨਿਤਿਕ ਮਾਮਲਿਆਂ ਤਕ ਹੀ ਆਪਣੇ ਆਪ ਨੂੰ ਸੀਮਿਤ ਨਾ ਕਰੇ, ਸਗੋਂ ਮਨੁੱਖਤਾ ਨੂੰ ਪੇਸ਼ ਆਉਣ ਵਾਲੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਿਕ ਸਮਸਿਆਵਾਂ ਨੂੰ ਸੁਲਝਾਉਣ ਲਈ ਵੀ ਯਤਨ ਕਰੇ। ਅਜਿਹੀਆਂ ਸਮਸਿਆਵਾਂ ਨੂੰ ਸੁਲਝਾਉਣ ਲਈ ਭਾਰਤ ਨੇ ਸੰਯੁਕਤ ਰਾਸ਼ਟਰ ਨੂੰ ਮਾਲੀ-ਸਹਾਇਤਾ ਅਤੇ ਪੂਰਨ ਸਹਿਯੋਗ ਦਿੱਤਾ ਹੈ। 22 ਦਸੰਬਰ, 1994 ਨੂੰ

ਭਾਰਤੀ ਸੰਸਦ ਦੇ ਦੋਹਾਂ ਸਦਨਾਂ ਨੇ ਇਕ ਪ੍ਰਸਤਾਵ ਪਾਸ ਕਰਕੇ ਸੰਯੁਕਤ ਰਾਸ਼ਟਰ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦੁਹਰਾਇਆ ਹੈ। ਸੰਖੇਪ ਵਿੱਚ ਭਾਰਤ ਦੀ ਸੰਯੁਕਤ ਰਾਸ਼ਟਰ, ਇਸ ਦੇ ਅੰਗਾਂ ਅਤੇ ਏਜੰਸੀਆਂ ਵਿੱਚ ਨਿਭਾਈ ਗਈ ਸ਼ਲਾਘਾਯੋਗ ਭੂਮਿਕਾ, ਵਿਸ਼ਵ ਪ੍ਰਸਿੱਧ ਹੈ।

## ਭਾਰਤ ਦੇ ਵਿਦੇਸ਼ੀ ਸੰਬੰਧ

## (India's Relations with Other Countries)

**ਸੰਯੁਕਤ ਰਾਜ ਅਮਰੀਕਾ (United States of America)**

ਸੰਸਾਰ ਦੀਆਂ ਮਹਾਨ ਸ਼ਕਤੀਆਂ ਵਿੱਚੋਂ ਸੰਯੁਕਤ ਰਾਜ ਅਮਰੀਕਾ ਸਰਵਸ਼੍ਰੇਸ਼ਟ ਹੈ। ਭਾਰਤ ਨਾਲ ਇਸ ਦੇ ਸੰਬੰਧ ਕਿਸੇ ਸਮੇਂ ਵੀ ਸਮਾਨ ਅਤੇ ਸਧਾਰਨ ਨਹੀਂ ਰਹੇ ਹਨ। ਕਿਸੇ ਸਮੇਂ ਮਾੜੇ ਅਤੇ ਕਦੇ ਚੰਗੇ। ਭਾਰਤ ਦੀ ਅਜਾਦੀ ਮਗਰੋਂ ਕਸ਼ਮੀਰ ਅਤੇ ਹੋਰ ਕਈ ਕਾਰਨਾਂ ਕਰਕੇ ਇਨ੍ਹਾਂ ਦੋਹਾਂ ਦੇਸਾਂ ਦੇ ਮਾੜੇ ਸੰਬੰਧਾਂ ਦਾ ਆਰੰਭ ਹੋਇਆ। ਹੇਠ ਲਿਖੇ ਕਾਰਨਾਂ ਇਨ੍ਹਾਂ ਦੇ ਆਪਸੀ ਸੰਬੰਧ ਵਿਗੜੇ ਰਹੇ:

1. ਸੰਯੁਕਤ ਰਾਜ ਵੱਲੋਂ ਬਣਾਏ ਸੈਨਿਕ ਗੁਟਾਂ ਦਾ ਪਾਕਿਸਤਾਨ ਮੈਂਬਰ ਬਣਿਆ ਪਰ ਭਾਰਤ ਨੇ ਇਨ੍ਹਾਂ ਗੁਟਾਂ ਵਿੱਚ ਸ਼ਾਮਿਲ ਹੋਣ ਤੋਂ ਇਨਕਾਰ ਕਰ ਦਿੱਤਾ।
2. ਸੰਯੁਕਤ ਰਾਜ ਨੇ ਪਾਕਿਸਤਾਨ ਨੂੰ ਲੋੜ ਤੋਂ ਵੱਧ ਸੈਨਿਕ ਸਹਾਇਤਾ ਦੇਣੀ ਆਰੰਭ ਕਰ ਦਿੱਤੀ। ਭਾਰਤ ਨੇ ਇਸ ਦਾ ਕਰੜਾ ਵਿਰੋਧ ਕੀਤਾ, ਪਰ ਸੰਯੁਕਤ ਰਾਜ ਨੇ ਇਸ ਦੀ ਕੋਈ ਪਰਵਾਹ ਨਾ ਕੀਤੀ।
3. ਜਦੋਂ ਭਾਰਤ-ਪਾਕ ਯੁੱਧ 1971 ਵਿੱਚ ਹੋਇਆ ਅਤੇ ਬੰਗਲਾ ਦੇਸ਼ ਹੋਂਦ ਵਿੱਚ ਆਉਣ ਲੱਗਾ ਤਾਂ ਸੰਯੁਕਤ ਰਾਜ ਨੇ ਯੁੱਧ ਦੌਰਾਨ ਪਾਕਿਸਤਾਨ ਦੇ ਹੱਕ ਵਿੱਚ ਦਖਲ ਦੇਣ ਦਾ ਯਤਨ ਕੀਤਾ ਜਿਸ ਦਾ ਭਾਰਤ ਨੇ ਬਹੁਤ ਬੁਰਾ ਮਨਾਇਆ।
4. ਸੰਯੁਕਤ ਰਾਜ ਨੇ ਪਾਕਿਸਤਾਨ ਵਿੱਚ ਸੈਨਿਕ ਅੱਡੇ ਸਥਾਪਿਤ ਕੀਤੇ ਹਨ। ਹਿੰਦ ਮਹਾਂਸਗਾਰ ਵਿੱਚ ਡੀਗੋ-ਗਾਰਸ਼ੀਆਂ ਟਾਪੂ 'ਤੇ ਸੰਯੁਕਤ ਰਾਜ ਨੇ ਸੈਨਿਕ ਅੱਡੇ ਬਣਾ ਰੱਖੇ ਹਨ। ਭਾਰਤ ਆਪਣੀ ਸੁਰਖਿਆ ਕਾਰਨ ਇਨ੍ਹਾਂ ਅੱਡਿਆਂ ਦਾ ਸਖਤ ਵਿਰੋਧ ਕਰਦਾ ਹੈ।
5. ਭਾਰਤ ਅਤੇ ਸੰਯੁਕਤ ਰਾਜ ਦੇ ਪਰਮਾਣੂ ਸ਼ਕਤੀ ਬਾਰੇ ਮੂਲ ਮਤਭੇਦ ਹਨ। ਭਾਰਤ ਪਰਮਾਣੂ ਸ਼ਕਤੀ ਦ ਵਿਕਾਸ ਕਰ ਰਿਹਾ ਹੈ ਅਤੇ ਸੰਯੁਕਤ ਰਾਜ ਇਸ ਦਾ ਵਿਰੋਧ ਕਰਦਾ ਹੈ। ਸੰਯੁਕਤ ਰਾਜ ਨੇ ਭਾਰਤ ਨੂੰ ਪਰਮਾਣੂ ਈਂਧਨ ਦੇਣਾ ਬੰਦ ਕਰ ਦਿਤਾ ਹੈ।

ਭਾਰਤ ਨੇ ਪਰਮਾਣੂ ਗੈਰ-ਪਸਰਨ ਸੰਧੀ (Nuclear Non-Proliferation Treaty) 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਇਹ ਨੈਤਿਕਤਾ ਦੇ ਸਿਧਾਂਤਾਂ 'ਤੇ ਅਧਾਰਿਤ ਨਹੀਂ ਹੈ। ਇਹ ਸੰਧੀ ਵਿਤਕਰਾ ਕਰਦੀ ਹੈ। ਇਹ ਸੰਧੀ ਉਨ੍ਹਾਂ ਦੇਸਾਂ ਨੂੰ ਪਰਮਾਣੂ ਸ਼ਕਤੀ ਬਨਾਉਣ ਲਈ ਮਨਾਹੀ ਕਰਦੀ ਹੈ ਜਿਨ੍ਹਾਂ ਪਾਸ ਪਰਮਾਣੂ ਸ਼ਕਤੀ ਨਹੀਂ ਹੈ। ਇਸ ਦੇ ਉੱਲਟ ਪਰਮਾਣੂ ਸ਼ਕਤੀ ਵਾਲੇ ਦੇਸਾਂ ਨੂੰ ਕੋਈ ਪਾਬੰਧੀ ਨਹੀਂ ਲਗਾਈ ਜਾਂਦੀ।

ਨਿਰਸੰਦੇਹ ਉਪਰੋਕਤ ਤਥਾਂ ਤੇ ਪ੍ਰਸਥਿਤੀਆਂ ਨੇ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਆਪਸੀ ਸੰਬੰਧ ਵਿੱਚ ਖਿਚੋਤਾਣ ਪੈਦਾ ਕੀਤੀ ਹੈਂ ਪਰ ਇਸ ਦੇ ਬਾਵਜੂਦ ਦੋਹਾਂ ਦੇਸਾਂ ਦੇ ਸੰਬੰਧ ਲੋੜ ਤੋਂ ਵੱਧ ਖਰਾਬ ਨਹੀਂ ਹੋਏ। ਆਰਥਿਕ, ਤਕਨੀਕੀ, ਵਿਗਿਆਨਿਕ ਅਤੇ ਸਭਿਆਚਾਰਿਕ ਖੇਤਰਾਂ ਵਿੱਚ ਇੱਕ ਦੂਜੇ ਨੂੰ ਭਾਰੀ ਸਹਿਯੋਗ ਦਿਤਾ ਹੈ। 1991 ਵਿੱਚ ਭਾਰਤ ਨੂੰ ਵਿਸ਼ਵ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਰਾਹੀਂ ਰਿਣ ਦੇ ਰੂਪ ਵਿੱਚ

ਬਹੁਤ ਧੰਨ ਮਿਲਿਆ ਹੈ। 1993 ਵਿੱਚ ਬਿਲ ਕਲਿੰਟਨ ਦੇ ਰਾਸ਼ਟਰਪਤੀ ਬਣਨ ਨਾਲ ਭਾਰਤ ਅਤੇ ਸੰਯੁਕਤ ਰਾਜ ਦੇ ਆਪਸੀ ਸੰਬੰਧ ਵਿੱਚ ਸਕਾਰਾਤਮਕ ਸੁਧਾਰ ਹੋਇਆ। ਭਾਰਤ ਨੂੰ ਸਭ ਤੋਂ ਵਧੇਰੇ ਆਰਥਿਕ ਸਹਾਇਤਾ ਸੰਯੁਕਤ ਰਾਜ ਕਰਦਾ ਆ ਰਿਹਾ ਹੈ। ਵਰਤਮਾਨ ਸਮੇਂ ਵਿੱਚ ਸੰਯੁਕਤ ਰਾਜ ਨਾਲ ਸਰਕਾਰ ਅਤੇ ਵਪਾਰਿਕ ਪੱਧਰ ਤੇ ਬਹੁਤ ਚੰਗੇ ਸੰਬੰਧ ਚਲ ਰਹੇ ਹਨ। ਸੰਯੁਕਤ ਰਾਜ ਸਰਕਾਰ ਅਤੇ ਇਸ ਦੇ ਆਰਥਿਕ ਅਦਾਰੇ ਭਾਰਤ ਦੀ ਆਰਥਿਕ ਅਤੇ ਵਿੱਤੀ ਪ੍ਰਣਾਲੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਸਾਨੂੰ ਨਿਕਟ ਭਵਿੱਖ ਵਿੱਚ ਹੋਰ ਵੀ ਚੰਗੇ ਸੰਬੰਧਾਂ ਦੀ ਆਸ ਹੈ।

## ਭਾਰਤ ਅਤੇ ਚੀਨ
## (India and China)

ਭਾਰਤ ਦਾ ਸਭ ਤੋਂ ਸ਼ਕਤੀਸ਼ਾਲੀ ਤੇ ਵੱਡਾ ਗਵਾਂਢੀ ਦੇਸ ਚੀਨ ਹੈ। ਪ੍ਰਾਚੀਨ ਸਮੇਂ ਤੋਂ ਹੀ ਭਾਰਤ ਤੇ ਚੀਨ ਦੇ ਸੰਬੰਧ ਚਲੇ ਆ ਰਹੇ ਹਨ। ਆਧੁਨਿਕ ਕਾਲ ਵਿੱਚ ਭਾਰਤ ਤੇ ਚੀਨ ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਚੀਨ ਭਾਰਤ ਵਾਂਗ ਕਿਸੇ ਦੇਸ ਦੀ ਬਸਤੀ ਤਾਂ ਨਹੀਂ ਰਿਹਾ, ਪਰ ਯੂਰਪੀਅਨ ਦੇਸਾਂ ਨੇ ਇਸ ਨੂੰ ਅਰਧ ਬਸਤੀ ਬਣਾ ਕੇ ਇਸ ਦਾ ਭਾਰੀ ਸ਼ੋਸ਼ਣ ਕੀਤਾ ਹੈ। ਭਾਰਤੀ ਰਾਸ਼ਟਰੀ ਕਾਂਗਰਸ ਨੇ ਚੀਨ ਦੇ ਸੁਤੰਤਰਤਾ ਸੰਗਰਾਮ ਵਿੱਚ ਪੂਰਾ ਸਹਿਯੋਗ ਤੇ ਸਮਰਥਨ ਦਿੱਤਾ। ਭਾਰਤ 1947 ਵਿੱਚ ਅਜਾਦ ਹੋਇਆ ਅਤੇ ਚੀਨ ਵਿੱਚ 1949 ਵਿੱਚ ਸਾਮਵਾਦੀ ਦਲ ਦੇ ਸ਼ਾਸਨ ਦੀ ਸਥਾਪਨਾ ਹੋਈ।

ਅਜਾਦੀ ਤੋਂ ਤੁਰੰਤ ਬਾਅਦ ਭਾਰਤ ਤੇ ਚੀਨ ਵਿੱਚ ਬੜੇ ਦੋਸਤਾਨਾ ਤੇ ਭਾਈਚਾਰਕ ਸੰਬੰਧ ਸਥਾਪਿਤ ਹੋਏ। ਚੀਨ ਦੇ ਪ੍ਰਧਾਨ ਮੰਤਰੀ ਚੋ-ਇਨ-ਲਾਈ ਨੇ 1954 ਵਿੱਚ ਦਿੱਲੀ ਵਿਖੇ ਹਿੰਦੀ-ਚੀਨੀ ਭਾਈ ਭਾਈ ਦਾ ਨਾਹਰਾ ਲਾਇਆ। ਪੰਡਿਤ ਨਹਿਰੂ ਅਤੇ ਚੌ-ਇਨ-ਲਾਈ ਦੁਆਰਾ ਇਸ ਸਮਝੌਤੇ ਦੁਆਰਾ ਪੰਚ ਸ਼ੀਲ ਸਿਰਲੇਖ ਅਧੀਨ ਪੰਜ ਸਿਧਾਂਤ ਸਥਾਪਿਤ ਕੀਤੇ ਗਏ। ਇਹ ਸਿਧਾਂਤ ਹਨ: ਹਰੇਕ ਦੇਸ ਨੂੰ ਦੂਜੇ ਦੇਸ ਦੀ ਪ੍ਰਭੂਸੱਤਾ ਅਤੇ ਏਕਤਾ ਦਾ ਸਨਮਾਨ ਕਰਨਾ, ਪ੍ਰਸਪਰ ਹਮਲਾ ਨਾ ਕਰਨਾ, ਇਕ ਦੂਜੇ ਦੇ ਮਾਮਲਿਆਂ ਵਿੱਚ ਸਹਿਹੋਂਦ ਨੂੰ ਸਵੀਕਾਰ ਕਰਨਾ। ਇਸ ਸਮਝੌਤੇ ਤੋਂ ਸਿੱਧ ਹੁੰਦਾ ਹੈ ਕਿ ਭਾਰਤੀ ਅਤੇ ਚੀਨੀ ਸਮਾਜਿਕ ਪ੍ਰਣਾਲੀ ਇਕ ਦੂਜੇ ਤੋਂ ਭਿੰਨ ਹੁੰਦੇ ਹੋਏ ਵੀ ਇਕ ਦੂਜੇ ਨੂੰ ਸਹਿਨ ਕਰ ਸਕਦੀਆਂ ਹਨ ਅਤੇ ਇਕ ਦੂਜੇ ਦੀ ਭਲਾਈ ਲਈ ਕੰਮ ਕਰ ਸਕਦੀਆਂ ਹਨ।

ਪੰਚਸ਼ੀਲ ਦੇ ਸਮਝੌਤੇ ਦੇ ਬਾਵਜੂਦ ਭਾਰਤ ਤੇ ਚੀਨ ਦੇ ਸੰਬੰਧ ਵਿਗੜਦੇ ਗਏ। ਸੰਬੰਧ ਵਿਗੜਨ ਤੋਂ ਪਹਿਲਾਂ ਇਨ੍ਹਾਂ ਦੀਆਂ ਸਰਹੱਦਾਂ ਤੇ ਝੜਪਾਂ ਹੋਇਆਂ ਅਤੇ ਬਾਅਦ ਵਿੱਚ 1962 ਵਿੱਚ ਦੋਹਾਂ ਦੇਸਾਂ ਵਿੱਚ ਭਿਆਨਕ ਯੁੱਧ ਹੋਇਆ। ਲੰਮੇ ਸਮੇਂ ਤਕ ਇਨ੍ਹਾਂ ਦੇ ਸੰਬੰਧ ਵਿਗੜੇ ਰਹੇ। ਥੋੜ੍ਹਾ ਸਮਾਂ ਪਹਿਲਾਂ ਦੋਹਾਂ ਦੇਸਾਂ ਵਲੋਂ ਆਪਸੀ ਸੰਬੰਧ ਸੁਧਾਰਨ ਲਈ ਉਪਰਾਲੇ ਆਰੰਭ ਹੋਏ। ਦੋਵੇਂ ਦੀਆਂ ਸਰਕਾਰਾਂ ਨੇ ਸਰਹੱਦੀ ਮਤਭੇਦਾਂ ਨੂੰ ਦੂਰ ਕਰਨ ਲਈ ਸੁਹਿਦਰਤਾ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ। 1992 ਵਿੱਚ ਭਾਰਤੀ ਰਾਸ਼ਟਪਤੀ ਦੀ ਚੀਨ ਦੀ ਯਾਤਰਾ ਦੌਰਾਨ ਕੁਝ ਹੇਠ ਲਿਖੇ ਮਹਤੱਵਪੂਰਨ ਫੈਸਲੇ ਲਏ ਗਏ:-

1. ਦੋਹਾਂ ਦੇਸਾਂ ਦੇ ਨੇਤਾਵਾਂ ਨੇ ਮਹਿਸੂਸ ਕੀਤਾ ਕਿ ਸ਼ਾਂਤੀ ਤੇ ਸੁਰਖਿਆ ਲਈ ਆਪਸੀ ਦੋਸਤੀ ਦੇ ਸੰਬੰਧ ਸਥਾਪਿਤ ਕਰਨੇ ਜ਼ਰੂਰੀ ਹਨ।
2. ਦੋਵੇਂ ਦੇਸਾਂ ਦਾ ਇਕ ਸਾਝਾਂ ਗਰੁਪ ਬਣਾਇਆ ਗਿਆ ਜੋ ਸਰਹੱਦ ਦੇ ਮਾਮਲੇ ਉੱਤੇ ਦੋਹਾਂ ਦੇਸਾਂ ਨੂੰ ਪ੍ਰਵਾਨਯੋਗ ਹੱਲ ਕੱਢਣ ਲਈ ਕੰਮ ਕਰੇਗਾ।
3. ਇਨ੍ਹਾਂ ਦੋਵੇਂ ਦੇਸਾਂ ਦੀਆਂ ਸਰਹੱਦਾਂ ਵਪਾਰ ਲਈ ਖੋਲੀਆਂ ਜਾਣਗੀਆਂ।

4. ਸ਼ੰਘਾਈ ਵਿਖੇ ਭਾਰਤ ਦੀ ਅਤੇ ਮੁਬੰਈ ਵਿਖੇ ਚੀਨ ਦੇ ਵਣਜ ਦੂਤ ਦੇ ਦਫ਼ਤਰ ਖੋਲੇ ਜਾਣਗੇ।
5. ਦੋਵੇ ਦੇਸਾਂ ਵਿੱਚ ਆਰਥਿਕ ਸਹਿਯੋਗ 'ਤੇ ਵਪਾਰ ਤੇ ਜ਼ੋਰ ਦਿੱਤਾ ਜਾਵੇਗਾ।

7 ਸਤੰਬਰ, 1993 ਨੂੰ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਦੀ ਚੀਨ ਯਾਤਰਾ ਭਾਰਤੀ-ਚੀਨੀ ਸੰਬੰਧਾਂ ਨੂੰ ਸੁਧਾਰਨ ਅਤੇ ਦੋਹਾਂ ਦੇਸਾਂ ਵਿੱਚ ਲੰਮੇ ਸਮੇਂ ਤੋਂ ਚਲੇ ਰਹੇ ਸਰਹੱਦੀ ਮਸਲੇ ਨੂੰ ਸੁਲਝਾਉਣ ਵੱਲ ਕਾਰਗਰ (effective) ਕਦਮ ਸਿੱਧ ਹੋਇਆ। ਇਨ੍ਹਾਂ ਦੋਵੇ ਦੇਸਾਂ ਨੂੰ ਇਕ ਸਮਝੋਤੇ ਦੁਆਰਾ ਅਜਿਹੇ ਕਦਮ ਚੁੱਕਣ ਲਈ ਕਿਹਾ ਗਿਆ ਜਿਨਾਂ ਦੁਆਰਾ ਦੋਵੇਂ ਦੇਸ ਬੜੇ ਦੋਸਤਾਨੇ ਅਤੇ ਸ਼ਾਂਤਮਈ ਤਰੀਕੇ ਨਾਲ ਸਰਹੱਦਾਂ ਸਬੰਧੀ ਆਪਸੀ ਮਤਭੇਦਾਂ ਨੂੰ ਦੂਰ ਕਰ ਸਕਣ। ਭਾਰਤ ਤੇ ਚੀਨ ਦੇ ਸਾਂਝੇ ਵਰਕਿੰਗ ਗਰੁਪ ਦੀ 10 ਵੀਂ ਬੈਠਕ ਵਿੱਚ 5 ਅਗਸਤ 1997 ਨੂੰ ਆਪਣੇ ਪ੍ਰਸ਼ਟੀ ਦਸਤਾਵੇਜ਼ ਰਾਹੀਂ 21 ਵੀਂ ਸ਼ਤਾਬਦੀ ਵਲ ਸਰਹੱਦੀ ਪ੍ਰਸ਼ਨ ਨੂੰ ਸੁਲਝਾਉਣ ਲਈ ਦੋਹਾਂ ਦੇਸਾਂ ਨੇ ਵਿਦੇਸ ਮੰਤਰਾਲਿਆਂ ਦੁਆਰਾ ਪੁਰਵਲਿਖਤ ਸੰਧੀ (Protocol) 'ਤੇ ਸਮਝੋਤੇ ਕੀਤਾ। ਨੰਵਬਰ, 1996 ਵਿੱਚ ਚੀਨੀ (ਪ੍ਰਧਾਨ) ਰਾਸ਼ਟਪਤੀ ਜਿਆਂਗ ਜੇਮਿਨ ਦੁਆਰਾ ਕੀਤੇ ਸਰਹੱਦੀ ਸਮਝੋਤੇ ਨੂੰ ਲਾਗੂ ਕਰਨ ਲਈ ਵੀ ਵਿਚਾਰਿਆ ਗਿਆ। ਭਾਰਤ ਦੀ ਅਗਵਾਈ ਵਿਦੇਸ਼ ਸਕੱਤਰ ਸ੍ਰੀ ਰਘੁਨਾਥਨ ਨੇ ਅਤੇ ਚੀਨ ਦੀ ਅਗਵਾਈ ਉਪ ਵਿਦੇਸ ਮੰਤਰੀ ਟੈਂਗ ਜਿਆਨ ਸੁਮਾਨ ਨੇ ਕੀਤੀ। ਭਾਰਤ ਤੇ ਚੀਨ ਦੀਆਂ ਸਰਕਾਰਾਂ ਦੇ ਯਤਨਾਂ ਦੇ ਬਾਵਜੂਦ ਅਜ ਤਕ ਸਰਹੱਦੀ ਮਤਭੇਦ ਦੂਰ ਨਹੀਂ ਕੀਤੇ ਜਾ ਸਕੇ। ਇਹ ਹੀ ਇਕ ਵੱਡਾ ਕਾਰਨ ਹੈ ਕਿ ਭਾਰਤ ਤੇ ਚੀਨ ਦੇ ਸੱਬੰਧ ਅੱਜ ਵੀ ਸਮਾਨ ਨਹੀਂ ਹੋ ਸਕੇ। ਆਸ਼ਾ ਕੀਤੀ ਜਾਂਦੀ ਹੈ ਕਿ ਭਾਰਤ ਤੇ ਚੀਨ ਲੋਕ ਤੇ ਸਰਕਾਰਾਂ ਭੂਤਕਾਲ ਦੀਆਂ ਘਟਨਾਵਾਂ ਨੂੰ ਭੁਲਕੇ ਅਤੇ ਕੁਝ ਲੈ ਕੇ ਤੇ ਕੁਝ ਦੇ ਕੇ ਛੇਤੀ ਹੀ ਆਪਣੇ ਚੰਗੇ ਸੰਬੰਧ ਸਥਾਪਿਤ ਕਰਨ ਉਪਰੰਤ, ਚੰਗੇ ਗੁਆਂਢੀਆਂ ਵਾਂਗ ਰਹਿਣ ਦਾ ਯਤਨ ਕਰਨਗੇ।

## ਭਾਰਤ ਅਤੇ ਪਾਕਿਸਤਾਨ
## (India and Pakistan)

14 ਅਗਸਤ, 1947 ਨੂੰ ਭਾਰਤ ਉਪ-ਮਹਾਂਦੀਪ ਦੀ ਵੰਡ ਹੋਣ ਉਪਰੰਤ ਨਵੇਂ ਰਾਜ ਪਾਕਿਸਤਾਨ ਦਾ ਜਨਮ ਹੋਇਆ। ਅੰਗਰੇਜ਼ੀ ਨੀਤੀਆਂ ਕਾਰਨ ਭਾਰਤ ਦੀ ਵੰਡ ਨੇ ਇਹਨਾਂ ਦੋਹਾਂ ਰਾਜਾਂ ਵਿੱਚ ਬਹੁਤ ਹੀ ਕੁੜਤੱਣ ਅਤੇ ਦੁਸ਼ਮਣੀ ਵਾਲਾ ਵਾਤਾਵਰਨ ਪੈਦਾ ਕੀਤਾ। ਭਾਰਤ ਦੀ ਅਜ਼ਾਦੀ ਲਈ ਕੀਤੇ ਸੰਘਰਸ਼ ਦੌਰਾਨ ਦੋ ਰਾਸ਼ਟਰ ਸਿਧਾਂਤ ਉਤੇ ਹਿੰਦੂ ਅਤੇ ਮੁਸਲਿਮ ਆਗੂਆਂ ਵਿੱਚ ਜਬਰਦਸਤ ਮਤ-ਭੇਦ ਰਹੇ ਹਨ। ਪਾਕਿਸਤਾਨ ਦੀ ਸਥਾਪਨਾ ਧਰਮ ਦੇ ਆਧਾਰ 'ਤੇ ਹੋਈ ਸੀ, ਜਿਸ ਦਾ ਵਿਰੋਧ ਭਾਰਤ ਅੰਤਿਮ ਸਮੇਂ ਤਕ ਡਟਕੇ ਕਰਦਾ ਰਿਹਾ। ਪਾਕਿਸਤਾਨੀ ਆਗੂਆਂ ਦਾ ਵਿਸ਼ਵਾਸ ਸੀ ਕਿ ਭਾਰਤ ਪਾਕਿਸਤਾਨ ਦੀ ਸਥਾਪਨਾ ਨੂੰ ਸਵੀਕਾਰਿਆ ਨਹੀਂ ਅਤੇ ਮੌਕਾ ਮਿਲਣ ਤੇ ਭਾਰਤ ਇਸ ਨੂੰ ਮਿਟਾਕੇ ਆਪਣੇ ਵਿੱਚ ਮਿਲਾ ਲਵੇਗਾ। ਇਸ ਪਿਛੋਕੜ ਅਤੇ ਹੋਰ ਕਈ ਕਾਰਨਾਂ ਕਰਕੇ ਭਾਰਤ ਪਾਕਿਸਤਾਨ ਦੇ ਆਪਸੀ ਸੰਬੰਧ ਆਰੰਭ ਤੋਂ ਹੀ ਖਿਚੋਤਾਣ ਅਤੇ ਵੈਰ ਵਿਰੋਧ ਵਾਲੇ ਰਹੇ ਹਨ।

ਕਸ਼ਮੀਰ ਦੇ ਝਗੜੇ ਕਾਰਨ ਭਾਰਤ ਪਾਕਿਸਤਾਨ ਸੱਬੰਧ ਹਮੇਸ਼ਾ ਉਲਝੇ ਰਹੇ ਹਨ ਅਤੇ ਇਨ੍ਹਾਂ ਦੋਹਾਂ ਵਿੱਚ ਸ਼ੁਰੂ ਤੋਂ ਹੀ ਆਮਦਨੀ ਅਤੇ ਕਰਜੇ ਦੀ ਵੰਡ, ਪਾਣੀ ਦੀ ਵੰਡ, ਕਸ਼ਮੀਰ ਕਾਰਨ ਹੀ ਲੋਕਾਂ ਦੀ ਜਾਇਦਾਦ ਦੀ ਵੰਡ ਆਦਿ ਕਾਰਨ ਮਤਭੇਦ ਪੈਦਾ ਹੋ ਗਿਆ। ਪਾਕਿਸਤਾਨ ਨੇ 1947-48 ਦੋਰਾਨ ਹਜ਼ਾਰਾਂ ਚੀਨੀ ਸਿਖਿਅਤ, ਪਾਕਿਸਤਾਨੀ ਘੁਸਪੈਠੀਆਂ ਦੇ ਰੂਪ ਵਿੱਚ ਭੇਜੇ। 1999 ਵਿੱਚ ਵੀ ਪਾਕਿਸਤਾਨ

ਨੇ ਅਫ਼ਗਾਨ ਗੁਜਬੁਦੀਨ ਪਾਕ ਸੈਨਿਕ ਅਤੇ ਸਿਖਿਅਤ ਦਹਿਸ਼ਤਗਰਦ ਭੇਜ ਕੇ ਕਾਰਗਿਲ ਦੇ ਇਲਾਕੇ ਤੇ ਕਬਜ਼ਾ ਕਰ ਲਿਆ। ਭਾਰਤ ਦੀ ਬਹਾਦਰ ਸੈਨਾ ਨੇ ਇਹਨਾਂ ਸਭ ਦੁਸ਼ਮਣਾਂ ਨੂੰ ਮਾਰ ਭਜਾਇਆ ਅਤੇ ਆਪਣੇ ਇਲਾਕੇ 'ਤੇ ਫਿਰ ਕਬਜ਼ਾ ਕਰ ਲਿਆ। ਭਾਰਤ ਨੇ ਪਾਕਿਸਤਾਨ ਦੀਆਂ ਇਹਨਾਂ ਨੀਤੀਆਂ ਦਾ ਆਰੰਭ ਤੋਂ ਹੀ ਡਟਕੇ ਵਿਰੋਧ ਕੀਤਾ ਅਤੇ ਅੱਜ ਵੀ ਕਰ ਰਿਹਾ ਹੈ। ਭਾਰਤ ਕਸ਼ਮੀਰ ਨੂੰ ਆਪਣਾ ਅਨਿਖੜਵਾਂ ਅੰਗ ਸਮਝਦਾ ਹੈ ਅਤੇ ਇਸ ਦੀ ਸੁਰਖਿਆ ਕਰਨਾ ਆਪਣਾ ਧਰਮ ਸਮਝਦਾ ਹੈ।

ਭਾਰਤ ਪਾਕਿਸਤਾਨ ਦੀਆਂ ਆਪਸੀ ਸਮਸਿਆਵਾਂ ਨੂੰ ਸੁਲਝਾਉਣ ਅਤੇ ਖਿਚੋਤਾਣ ਘਟਾਉਣ ਲਈ 1950 ਵਿੱਚ ਨਹਿਰੂ-ਲਿਆਕਤ ਅਲੀ ਸਮਝੌਤਾ ਹੋਇਆ। ਪੰਡਤ ਨਹਿਰੂ ਨੇ ਪਾਕਿਸਤਾਨ ਦੇ ਸਾਹਮਣੇ ਯੁੱਧ ਨਾ ਕਰਨ ਦੇ ਐਲਾਨ ਦਾ ਪ੍ਰਸਤਾਵ ਰਖਿਆ ਪਰ ਪਾਕਿਸਤਾਨ ਉਸ ਸਮੇਂ ਤੋਂ ਲੈ ਕੇ ਅੱਜ ਤੱਕ ਅਜਿਹੇ ਪ੍ਰਸਤਾਵ ਨੂੰ ਪ੍ਰਵਾਨ ਕਰਨ ਲਈ ਕਦੇ ਵੀ ਤਿਆਰ ਨਹੀਂ ਹੋਇਆ। ਪਾਕਿਸਤਾਨ ਨੇ 1965 ਅਤੇ 1971 ਵਿੱਚ ਆਪਣੀ ਪੂਰੀ ਸ਼ਕਤੀ ਨਾਲ ਭਾਰਤ 'ਤੇ ਹਮਲੇ ਕੀਤੇ ਪਰ ਦੋਵੇਂ ਵਾਰੀ ਪਾਕਿਸਤਾਨ ਨੂੰ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ।

ਭਾਰਤ ਪਾਕਿਸਤਾਨ ਸੰਬੰਧਾਂ ਨੂੰ ਸੁਧਾਰਨ ਅਤੇ ਆਪਸੀ ਸਮਸਿਆਵਾਂ ਦਾ ਹਲ ਕਰਨ ਲਈ ਸਮੇਂ ਸਮੇਂ ਤੇ ਇਹਨਾਂ ਦੇਸਾਂ ਦੇ ਉਚ ਅਧਿਕਾਰੀਆਂ ਅਤੇ ਰਾਜ ਨੇਤਾਵਾਂ ਵਿਚਾਲੇ ਗੱਲਬਾਤ ਅਤੇ ਮੀਟਿੰਗਾਂ ਹੁੰਦੀਆਂ ਰਹਿੰਦੀਆਂ ਹਨ। ਵਰਤਮਾਨ ਸਮੇਂ ਵਿੱਚ ਗੁਜਰਾਲ ਡਾਕਟ੍ਰਿਨ ਦੁਆਰਾ ਪਾਕਿ ਦੀਆਂ ਲੰਬੇ ਸਮੇਂ ਤੋਂ ਚਲ ਰਹੀਆਂ ਸਮਸਿਆਵਾਂ ਨੂੰ ਹਲ ਕਰਨ ਦੇ ਉਪਰਾਲੇ ਵੀ ਅਸਫਲ ਸਿਧ ਹੋਏ ਹਨ।

ਸਾਡੇ ਵਿਚਾਰ ਅਨੁਸਾਰ ਯੁੱਧ ਕਿਸੇ ਵੀ ਸਮਸਿਆ ਦਾ ਹਲ ਨਹੀਂ ਹੁੰਦੇ। ਭਾਰਤ ਅਤੇ ਪਾਕਿਸਤਾਨ ਦੇ ਝਗੜਿਆਂ ਦਾ ਹਲ ਵੀ ਯੁੱਧ ਨਹੀਂ ਹੈ। ਭਾਰਤ ਅਤੇ ਪਾਕਿਸਤਾਨ ਦੇ ਆਪਣੇ ਰਾਜਾਂ ਦੀਆਂ ਆਪਣੀਆਂ ਸਮਸਿਆਵਾਂ ਸੰਬੰਧੀ ਵਖਰੇ ਅਤੇ ਵਿਰੋਧੀ ਦ੍ਰਿਸ਼ਟੀਕੋਣ ਹੋ ਸਕਦੇ ਹਨ ਪਰ ਭਾਰਤ ਅਤੇ ਪਾਕਿਸਤਾਨੀ ਸਮਾਜਾਂ ਅਤੇ ਲੋਕਾਂ ਦੇ ਵਿਚਾਰ ਅਤੇ ਦ੍ਰਿਸ਼ਟੀਕੋਣ ਇਕ ਹਨ: ਭਾਈਚਾਰੇ ਅਤੇ ਸਾਂਝੇ ਹਿਤਾਂ ਦੀ ਰਖਿਆ ਅਤੇ ਵਿਕਾਸ। ਦੋਹਾਂ ਦੇਸਾਂ ਦੇ ਵਧੇਰੇ ਲੋਕ ਆਪਸੀ ਦੋਸਤੀ, ਸਹਿਯੋਗ ਅਤੇ ਮਿਲਵਰਤਨ ਦੇ ਚਾਹਵਾਨ ਹਨ।

## ਅਭਿਆਸ

**(ੳ) ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਲਗ-ਪਗ ਇੱਕ ਸ਼ਬਦ (1-15 ਸ਼ਬਦਾਂ) ਵਿੱਚ ਦਿਓ:-**

1. ਭਾਰਤੀ ਵਿਦੇਸ਼ ਨੀਤੀ ਦੇ ਚਾਰ ਬੁਨਿਆਦੀ ਸਿਧਾਂਤ ਲਿਖੋ।
2. ਪੰਚਸ਼ੀਲ ਤੋਂ ਤੁਹਾਡਾ ਕੀ ਭਾਵ ਹੈ?
3. ਗੁਟ-ਨਿਰਲੇਪਤਾ (**non-alignment**) ਨੀਤੀ ਤੋਂ ਤੁਸੀ ਕੀ ਸਮਝਦੇ ਹੋ?
4. ਭਾਰਤ ਦੀ ਪਰਮਾਣੂ ਨੀਤੀ ਕੀ ਹੈ?
5. ਸੁਰੱਖਿਆ ਪਰਿਸ਼ਦ ਵਿੱਚ ਕਿੰਨੇ ਸਥਾਈ ਅਤੇ ਕਿੰਨੇ ਅਸਥਾਈ ਮੈਂਬਰ ਹਨ?
6. ਸੰਯੁਕਤ ਰਾਸ਼ਟਰ ਦਾ ਜਨਮ ਕਦੋਂ ਹੋਇਆ ਅਤੇ ਕਿਤਨੇ ਦੇਸ ਇਸ ਦੇ ਮੂਲ ਮੈਂਬਰ ਸਨ?

**(ਅ) ਹੇਠ ਲਿਖਿਆਂ ਦੀ ਵਿਆਖਿਆ ਕਰੋ:**

(i) ਵਿਸ਼ਵਸ਼ਾਂਤੀ ਲਈ ਭਾਰਤ ਦੀ ਭੂਮਿਕਾ

(ii) ਅੰਤਰ ਰਾਸ਼ਟਰੀ ਨਿਆਂ ਅਦਾਲਤ (International Court of Justice)

(iii) ਨਿਸ਼ਸਤਰੀਕਰਨ (Disarmament)

(iv) ਮਹਾਂਸਭਾ (General Assembly)

(v) ਭਾਰਤ ਅਤੇ ਚੀਨ ਦੇ ਸੰਬੰਧਾਂ ਵਿੱਚ ਤਨਾਅ ਦਾ ਮੂਲ ਕਾਰਨ

**(ੲ) ਹੇਠ ਲਿਖੇ ਹਰ ਪ੍ਰਸ਼ਨਾਂ ਦਾ ਉੱਤਰ ਲਗਪਗ 50-60 ਸ਼ਬਦਾਂ ਵਿੱਚ ਦਿਓ:**

1. ਪੰਚਸ਼ੀਲ ਦੇ ਸਿਧਾਂਤਾਂ ਦਾ ਵਰਣਨ ਕਰੋ।
2. ਗੁਟ-ਨਿਰਲੇਪਤਾ ਦੀ ਨੀਤੀ ਦਾ ਅਰਥ ਅਤੇ ਭਾਰਤ ਦੁਆਰਾ ਇਸ ਨੂੰ ਅਪਨਾਏ ਜਾਣ ਦੇ ਕਾਰਨ ਦਸੋ।
3. ਸੰਯੁਕਤ ਰਾਸ਼ਟਰ ਦੀ ਸੁਰਖਿਆ ਪਰਿਸ਼ਦ ਦੇ ਸੰਖੇਪ ਨੋਟ ਲਿਖੋ।
4. ਸੰਯੁਕਤ ਰਾਸ਼ਟਰ ਵਿੱਚ ਭਾਰਤ ਦੀ ਭੂਮਿਕਾ ਦਾ ਸੰਖੇਪ ਵਰਣਨ ਕਰੋ।
5. ਭਾਰਤ ਤੇ ਸੰਯੁਕਤ ਰਾਜ ਅਮਰੀਕਾ ਦੇ ਸੰਬੰਧਾਂ ਦਾ ਸੰਖੇਪ ਵਰਣਨ ਕਰੋ।
6. ਭਾਰਤ-ਪਾਕ ਸੰਬੰਧ ਅਤੇ ਇਨ੍ਹਾਂ ਵਿੱਚ ਤਨਾਅ ਦਾ ਮੁੱਖ ਕਾਰਨ, ਬਾਰੇ ਸੰਖੇਪ ਨੋਟ ਲਿਖੋ।

*****